ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

A Critical Study of Varan Bhai Gurdas

BY

GURBAKHSH SINGH SHANT

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਡਾ. ਗੁਰਬਖਸ਼ ਸਿੰਘ ਸ਼ਾਂਤ

(ਪੰਜਾਬ ਯੂਨੀਵਰਸਿਟੀ ਵਲੋਂ ਪੀ. ਐਚ. ਡੀ. ਦੀ ਡਿਗਰੀ ਲਈ ਪਰਵਾਨ ਹੋਇਆ ਖੋਜ-ਪ੍ਰਬੰਧ)

ਮੁੱਲ ਰੁ: 13-15 ਪੈ:

ਪਹਿਲੀ ਵਾਰ 1984

ਕਾਪੀਆਂ 1500

ਪ੍ਰਕਾਸ਼ਕ :- ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ।

ਛਾਪਕ :- ਪਬਲਿਕ ਸਟੀਮ ਪ੍ਰੈਸ ਫ਼ਿਰੋਜ਼ਪੁਰ ਸ਼ਹਿਰ ।

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ।

ਦੋ ਸ਼ਬਦ

ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਆਪ ਨੇ ਆਪਣੀਆਂ ਵਾਰਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਦੀਵੀ ਅਤੇ ਮਹਾਨ ਸੰਦੇਸ਼ ਨੂੰ ਲੋਕਾਂ ਤਕ ਲੋਕ ਭਾਸ਼ਾ ਵਿਚ ਪਹੁੰਚਾਇਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਭਾਈ ਗੁਰਦਾਸ ਜੀ ਦਾ ਵਿਸ਼ੇਸ਼ ਸਥਾਨ ਹੈ।

ਭਾਈ ਗੁਰਦਾਸ ਜੀ ਨੇ 39 ਵਾਰਾਂ ਰਚੀਆਂ ਹਨ। ਇੰਨੀਆਂ ਵਾਰਾਂ ਪੰਜਾਬੀ ਸਾਹਿਤ ਵਿਚ ਕਿਸੇ ਵੀ ਹੋਰ ਕਵੀ ਨੇ ਨਹੀਂ ਰਚੀਆਂ। ਇਨ੍ਹਾਂ ਵਾਰਾਂ ਦਾ ਆਲੋਚਨਾਤਮਕ ਅਧਿਐਨ ਇਸ ਖੋਜ ਪ੍ਰਬੰਧ ਦਾ ਵਿਸ਼ਾ ਹੈ। ਇਸ ਗ੍ਰੰਥ ਵਿਚ ਭਾਈ ਸਾਹਿਬ ਦੀਆਂ ਵਾਰਾਂ ਬਾਰੇ ਸਰਬ-ਪੱਖੀ ਅਤੇ ਸਮੂਹਕ ਰੂਪ ਵਿਚ ਵਿਚਾਰ ਕੀਤਾ ਗਿਆ ਹੈ। ਸਮੇਂ ਦੀਆਂ ਰਾਜਸੀ ਅਤੇ ਸਮਾਜਕ ਸਥਿਤੀਆਂ, ਸਾਹਿਤਕ ਪਰੰਪਰਾਵਾਂ ਅਤੇ ਸਮੁੱਚੇ ਇਤਿਹਾਸ ਨੂੰ ਆਪਣੀ ਦ੍ਰਿਸ਼ਟੀ ਵਿਚ ਰਖਦੇ ਹੋਏ ਭਾਈ ਸਾਹਿਬ ਨੇ ਇਨ੍ਹਾਂ ਵਾਰਾਂ ਦੀ ਰਚਨਾ ਕੀਤੀ ਹੈ। ਸ਼ਾਇਦ ਹੀ ਕਿਸੇ ਹੋਰ ਕਵੀ ਦੀ ਰਚਨਾ ਵਿਚ ਸਾਹਿਤ, ਧਰਮ, ਸਮਾਜ ਅਤੇ ਇਤਿਹਾਸ ਦਾ ਇਤਨਾ ਸੁੰਦਰ ਅਤੇ ਸੰਤੁਲਤ ਸੁਮੇਲ ਹੋਵੇ। ਇਸ ਖੋਜ-ਪ੍ਰਬੰਧ ਵਿਚ ਭਾਈ ਸਾਹਿਬ ਦੀਆਂ ਵਾਰਾਂ ਵਿਚਲੇ ਇਨ੍ਹਾਂ ਸਾਰੇ ਤੱਥਾਂ ਦਾ ਨਿਰਪੱਖ ਅਤੇ ਵਿਦਵਤਾ ਭਰਪੂਰ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਸ ਸਬੰਧ ਵਿਚ ਹੁਣ ਤਕ ਕੀਤੀ ਗਈ ਵਿਦਵਤਾ ਪੂਰਨ ਖੋਜ ਨੂੰ ਪਿਠ ਭੂਮੀ ਵਿਚ ਰਖਕੇ ਭਾਈ ਸਾਹਿਬ ਦੀਆਂ ਵਾਰਾਂ ਦੀ ਸਾਹਿਤਕ, ਧਾਰਮਕ ਅਤੇ ਇਤਿਹਾਸਕ ਮਹਾਨਤਾ ਦਾ ਮੁਲਅੰਕਣ ਕੀਤਾ ਗਿਆ ਹੈ।

ਵੱਖ ਵੱਖ ਯੂਨੀਵਰਸਿਟੀਆਂ ਦੁਆਰਾ ਪੀ-ਐਚ. ਡੀ. ਦੀ ਡਿਗਰੀ ਲਈ ਪਰਵਾਨ ਕੀਤੇ ਖੋਜ-ਪ੍ਰਬੰਧਾਂ ਨੂੰ ਪ੍ਰਕਾਸ਼ਿਤ ਕਰਕੇ ਅਸੀਂ ਪੰਜਾਬੀ ਸਾਹਿਤ ਦੇ ਪੁਰਾਤਨ ਅਤੇ ਆਧੁਨਿਕ ਸਾਹਿਤ

ਦੇ ਵਧੀ ਅਤੇ ਉਤਲੇ ਤਕਾਂ ਨੂੰ ਪੰਜਾਬੀ ਭਾਸ਼ਾ ਦੇ ਵਿਦਵਾਨਾਂ, ਸਾਹਿਤਕਾਰਾਂ ਅਤੇ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰ ਰਹੇ ਹਾਂ। ਇਸੇ ਲੜੀ ਵਿਚ ਇਹ ਖੋਜ ਪ੍ਰਬੰਧ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਸਾਨੂੰ ਆਸ ਹੈ ਕਿ ਭਾਈ ਗੁਰਦਾਸ ਜੀ ਦੇ ਜੀਵਨ ਅਤੇ ਸਾਹਿਤ ਬਾਰੇ ਇਹ ਖੋਜ-ਪ੍ਰਬੰਧ ਪੰਜਾਬੀ ਵਿਦਵਾਨਾਂ ਅਤੇ ਪਾਠਕਾਂ ਵਾਸਤੇ ਲਾਹੇਵੰਦ ਸਿਧ ਹੋਵੇਗਾ।

ਪਟਿਆਲਾ
6 ਅਕਤੂਬਰ 1983

ਕਪੂਰ ਸਿੰਘ ਘੁੰਮਣ
ਡਾਇਰੈਕਟਰ,
ਭਾਸ਼ਾ ਵਿਭਾਗ ਪੰਜਾਬ।

ਤਤਕਰਾ

ਭੂਮਿਕਾ

ਪੰਜਾਬੀ ਕਾਵਿ ਦੇ ਇਤਿਹਾਸ ਵਿਚ ਭਾਈ ਗੁਰਦਾਸ ਦਾ ਵਿਸ਼ੇਸ਼ ਸਥਾਨ ਹੈ । ਪੰਜਾਬੀ ਵਿਚ ਭਾਈ ਸਾਹਿਬ ਦੀ ਰਚਨਾ ਕੇਵਲ 'ਵਾਰਾਂ' ਹੀ ਪ੍ਰਾਪਤ ਹੈ । ਇਸ ਰਚਨਾ ਨੂੰ ਵਿਸ਼ੇ ਵਸਤੂ ਤੇ ਬੋਲੀ ਕਾਰਨ ਆਪਣਾ ਨਵੇਕਲਾ ਮਾਣ ਮਿਲਿਆ ਹੈ । ਵਿਚਾਰ, ਸ਼ਰਧਾ, ਵਿਸ਼ਵਾਸ, ਸ਼ੈਲੀ, ਕਾਵਿ-ਰੂਪ ਦੀ ਚੋਣ ਤੇ ਖ਼ਾਸ ਖ਼ਾਸ ਟੁਕੜਿਆਂ ਉੱਤੇ ਜ਼ੋਰ ਦੇਣ ਕਰ ਕੇ, ਆਪਣੇ ਸਮੇਂ ਦੇ ਕਵੀਆਂ ਵਿਚ, ਭਾਈ ਸਾਹਿਬ ਦੀ ਪ੍ਰਾਪਤੀ ਮੌਲਿਕ ਤੇ ਨਵੇਕਲੀ ਹੈ । ਪਰਵਰਤੀ ਵਾਰ-ਕਾਰਾਂ ਉੱਤੇ ਬੋਲੀ, ਸ਼ੈਲੀ ਤੇ ਅਲੰਕਾਰਾਂ ਆਦਿ ਦੇ ਪੱਖ ਤੋਂ ਆਪ ਦਾ ਪ੍ਰਭਾਵ ਪਿਆ ਹੈ ।

ਆਪਣੇ ਸਮੇਂ ਦੇ ਗਿਆਨ ਤੇ ਕਲਾ-ਚੇਤਨਾ ਨਾਲ ਭਰਪੂਰ ਇਹ ਵਾਰਾਂ ਪੰਜਾਬੀ ਲੋਕ-ਜੀਵਨ ਸੰਸਕ੍ਰਿਤੀ ਤੇ ਲੋਕ-ਪ੍ਰਤਿਭਾ ਦੀ ਸੁਯੋਗ ਅਗਵਾਈ ਕਰਦੀਆਂ ਹਨ । ਇਹਨਾਂ ਵਿਚ ਨਵੀਨ ਆਚਰਣਕ-ਆਦਰਸ਼ਾਂ, ਕਲਾ-ਦ੍ਰਿਸ਼ਟੀਆਂ ਤੇ ਸੁਹਜ-ਸੁੰਦਰਤਾ ਦੇ ਨਵੇਂ ਮਿਆਰਾਂ ਦੀ ਸਥਾਪਨਾ ਹੋਈ ਹੈ । ਇਹਨਾਂ ਵਾਰਾਂ ਵਿਚ ਸਮਾਜਕ ਉਲਾਰਾਂ, ਸੰਪ੍ਰਦਾਇਕ ਰੁਚੀਆਂ ਧਾਰਮਕ ਹਦ-ਬੰਦੀਆਂ ਜਾਤੀ ਵਿਤਕਰਿਆਂ, ਚੁਗਲਖੋਰਾਂ ਨਿੰਦਕਾਂ, ਲੂਣ-ਹਰਾਮੀਆਂ, ਮਨਮੁਖਾਂ ਦੀ ਪ੍ਰਤੱਖ ਤੇ ਕਰੜੀ ਆਲੋਚਨਾ ਕੀਤੀ ਗਈ ਹੈ ਜਿਸ ਕਾਰਨ ਢਾਹੂ ਤੇ ਮਾਰੂ ਸ਼ਕਤੀਆਂ ਮਾਂਦ ਪੈਂਦੀਆਂ ਦਿਸਦੀਆਂ ਹਨ ਤੇ ਜੀਵਨ ਦੇ ਉਸਾਰੂ ਤੱਤਾਂ ਨੂੰ ਪ੍ਰੇਰਨਾ ਮਿਲਦੀ ਜਾਪਦੀ ਹੈ ।

ਭਾਈ ਗੁਰਦਾਸ ਨੇ ਪੰਜਾਬੀ ਵਿਚ 39 ਵਾਰਾਂ ਲਿਖੀਆਂ ਹਨ । ਵਾਰਾਂ ਦੀ ਗਿਣਤੀ, ਕਲਾ ਤੇ ਸ਼ੈਲੀ ਆਦਿ ਦੇ ਪੱਖ ਤੋਂ ਪੰਜਾਬੀ ਸਾਹਿਤ ਵਿਚ ਆਪ ਵਾਰਾਂ ਦੇ ਪ੍ਰਮੁੱਖ ਰਚਨਹਾਰ ਹਨ । ਇੰਨੀਆਂ ਵਾਰਾਂ ਪੰਜਾਬੀ ਦੇ ਕਿਸੇ ਹੋਰ ਵਾਰ-ਲੇਖਕ ਨੇ ਹੁਣ ਤਕ ਵੀ ਨਹੀਂ ਰਚੀਆਂ । ਭਾਈ ਸਾਹਿਬ ਨੇ ਪੰਜਾਬੀਆਂ ਨੂੰ ਗੁਰਸਿਖੀ ਦੇ ਅਸੂਲਾਂ ਤੇ ਗੁਰਮਤ ਦੇ ਰਹੱਸਾਂ ਤੋਂ ਜਾਣੂ ਕਰਾਇਆ ਹੈ, ਗੁਰਬਾਣੀ ਦੀ ਵਿਆਖਿਆ ਕੀਤੀ ਹੈ ਤੇ ਗੁਰ-ਸੰਦੇਸ਼ ਨੂੰ ਸੌਖੀ, ਸਰਲ, ਸਪਸ਼ਟ, ਭਰਵੀਂ ਤੇ ਬਲਵਾਨ ਬੋਲੀ ਰਾਹੀਂ ਲੋਕਾਂ ਤਕ ਪੁਚਾਇਆ ਹੈ ਤੇ ਲੋਕਾਂ ਨੂੰ ਜਾਬਰ ਹਾਕਮਾਂ, ਜ਼ਾਲਮਾਂ,

ਮੂਰਖਾਂ, ਨਿੰਦਕਾਂ, ਅਕ੍ਰਿਤਘਣਾਂ, ਮੀਣਿਆਂ ਵਿਰੁਧ ਡਟ ਜਾਣ ਦਾ ਸਾਹਸ ਦਿੱਤਾ ਹੈ ।

ਪੰਜਾਬੀ ਸਾਹਿਤ ਨੂੰ ਆਪ ਦੀ ਦੇਣ ਇੰਨੀ ਮਹਾਨ ਹੈ ਕਿ ਪੰਜਾਬੀ ਸਾਹਿਤ ਵਿਚ ਹੁਣ ਤਕ ਵੀ ਕੋਈ ਦੂਜਾ ਭਾਈ ਗੁਰਦਾਸ ਨਹੀਂ ਹੋ ਸਕਿਆ ।

ਪੰਜਾਬੀ ਸਾਹਿਤ ਦੇ ਅਜਿਹੇ ਉਚ-ਕੋਟੀ ਦੇ ਲੇਖਕ ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ ਇਸ ਸੋਧ-ਪ੍ਰਬੰਧ ਦਾ ਪ੍ਰਮੁਖ ਉਦੇਸ਼ ਹੈ । ਇਹ ਅਧਿਐਨ ਆਪਣੇ ਭਰਵੇਂ ਰੂਪ ਵਿਚ ਇਸ ਪਾਸੇ ਪਹਿਲਾ ਜਤਨ ਹੈ । ਇਸ ਤੋਂ ਪਹਿਲਾਂ ਭਾਈ ਸਾਹਿਬ ਦੀਆਂ ਵਾਰਾਂ ਬਾਰੇ ਸੰਕੋਚਵੇਂ ਰੂਪ ਵਿਚ ਕੁਝ ਕੁ ਜਤਨ ਜ਼ਰੂਰ ਹੋਏ ਹਨ ਤੇ ਇਹਨਾਂ ਵਿਚੋਂ ਕਈ ਜਤਨ ਸ਼ਲਾਘਾ ਯੋਗ ਹਨ, ਪਰ ਇਹ ਜਤਨ ਆਪੋ ਆਪਣੇ ਦਾਇਰਿਆਂ ਤੇ ਖੋਜ-ਸੀਮਾਵਾਂ ਵਿਚ ਸੀਮਤ ਰਹਿਣ ਕਰ ਕੇ ਇਸ ਸਬੰਧ ਵਿਚ ਇਕ ਦੋ ਪੱਖਾਂ ਜਾਂ ਵਿਕੋਲਿਤਰੇ ਵਿਚਾਰਾਂ ਉਤੇ ਹੀ ਚਾਨਣਾ ਪਾਉਂਦੇ ਹਨ । ਇਹਨਾਂ ਮੁਢਲੇ ਜਤਨਾਂ ਪ੍ਰਤੀ ਅਸੀਂ ਆਪਣੀ ਸਨਿਮਰ ਕ੍ਰਿਤਗਿਅਤਾ ਪ੍ਰਗਟਾਂਦੇ ਹੋਏ ਵੀ ਮਹਿਸੂਸ ਕਰਦੇ ਹਾਂ ਕਿ ਇਹ ਜਤਨ ਭਾਈ ਸਾਹਿਬ ਦੀ ਰਚਨਾ 'ਵਾਰਾਂ ਦੇ ਸਮੂਹਕ, ਸਰਬੰਗੀ ਤੇ ਸਰਬਪੱਖੀ ਅਧਿਐਨ ਨੂੰ ਕਿਸੇ ਤਰਤੀਬ ਵਿਚ ਪੇਸ਼ ਨਹੀਂ ਕਰ ਸਕੇ ।

ਸਾਡੇ ਇਸ ਸੋਧ-ਪ੍ਰਬੰਧ ਦੇ ਵਿਸ਼ੇ ਨਾਲ ਮਿਲਦੇ-ਜੁਲਦੇ ਜਿਹੜੇ ਜਤਨ ਪਹਿਲਾਂ ਹੋ ਚੁਕੇ ਹਨ, ਉਹਨਾਂ ਦਾ ਸੰਖੇਪ ਜਿਹਾ ਸਰਵੇਖਣ ਦਿੱਤਾ ਜਾਂਦਾ ਹੈ ।

ਇਸ ਪਾਸੇ ਸਭ ਤੋਂ ਪਹਿਲਾ ਜਤਨ ਗਿਆਨੀ ਹਰਿੰਦਰ ਸਿੰਘ ਰੂਪ ਦੀ ਪੁਸਤਕ 'ਭਾਈ ਗੁਰਦਾਸ' ਹੈ । ਰੂਪ, ਚਿਤਰਕਾਰ ਵੀ ਸੀ ਤੇ ਕਵੀ ਵੀ । ਇਸ ਵਿਦਵਾਨ ਲੇਖਕ ਨੇ ਭਾਈ ਸਾਹਿਬ ਦੀਆਂ ਵਾਰਾਂ ਨੂੰ ਇਕ ਕਲਾਕਾਰ ਦੀ ਜਜ਼ਬਾਤੀ ਨਜ਼ਰ ਨਾਲ ਵੇਖਿਆ ਹੈ ਤੇ ਲੋੜੀਂਦੀਆਂ ਟੂਕਾਂ ਦੇ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ । ਭਾਈ ਸਾਹਿਬ ਦੇ ਜੀਵਨ, ਬਹੁਮੁੱਖੀ ਗਿਆਨ ਸ਼ੈਲੀ, ਚਿਤਰਕਾਰੀ ਆਦਿ ਬਾਰੇ ਵਿਚਾਰ ਦਿੱਤੇ ਹੋਏ ਹਨ । ਇਹ ਪੁਸਤਕ ਸਮੁੱਚਾ ਆਲੋਚਨਾਤਮਕ ਅਧਿਐਨ ਪੇਸ਼ ਨਹੀਂ ਕਰਦੀ, ਹਾਂ, ਇਸ ਪਾਸੇ ਝਾਤ ਜ਼ਰੂਰ ਪੁਆਉਂਦੀ ਹੈ । ਫਿਰ ਵੀ ਇਹ ਜਤਨ ਮਹੱਤਵ-ਪੂਰਣ ਹੈ ਤੇ ਖੋਜਕਾਰਾਂ ਨੂੰ ਪ੍ਰੇਰਣਾ ਦੇਂਦਾ ਹੈ ।

1961 ਈ: ਵਿਚ ਪ੍ਰੋ: ਸਰਦੂਲ ਸਿੰਘ ਦੀ ਪੁਸਤਕ 'ਭਾਈ ਗੁਰਦਾਸ' ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਹੋਈ । ਇਹ ਪੁਸਤਕ ਆਪਣੇ ਆਪ ਵਿਚ ਇਕ ਚੰਗਾ ਜਤਨ ਹੈ । ਇਸ ਵਿਚ ਭਾਈ ਗੁਰਦਾਸ ਦੀ ਵਿਚਾਰ-ਧਾਰਾ ਤੇ ਕਾਵਿ-ਧਾਰਾ ਸਬੰਧੀ ਸੰਖੇਪ ਜਿਹੀ ਵਿਚਾਰ ਕੀਤੀ ਹੋਈ ਹੈ । ਵਾਰਾਂ ਵਿਚ ਪ੍ਰਸਤੁਤ ਵੱਖ ਵੱਖ ਖ਼ਿਆਲਾਂ ਨੂੰ ਇਕ ਦੋ ਟੂਕਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ । ਇਹ ਪੁਸਤਕ ਇਕ ਲੰਮੇ ਨਿਬੰਧ ਦਾ ਰੂਪ ਧਾਰਦੀ ਪ੍ਰਤੀਤ ਹੁੰਦੀ ਹੈ । ਖੋਜੀ ਇਸ ਤੋਂ ਅਗਵਾਈ ਲੈ ਸਕਦੇ ਹਨ ।

ਭਾਸ਼ਾ ਵਿਭਾਗ, ਪੰਜਾਬ ਵਲੋਂ 1952 ਤੇ 1968 ਈ: ਵਿਚ ਮਾਸਿਕ ਪੱਤਰ ਪੰਜਾਬੀ ਦੁਨੀਆ ਦੇ 'ਭਾਈ ਗੁਰਦਾਸ' ਅੰਕ ਛਾਪੇ ਗਏ। ਇਹਨਾਂ ਅੰਕਾਂ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦੇ ਵੱਖ ਵੱਖ ਪਹਿਲੂਆਂ ਉੱਤੇ ਵਿਦਵਾਨ ਲੇਖਕਾਂ ਦੇ ਵਿਦਵਤਾ-ਪੂਰਣ ਲੇਖ ਛਾਪੇ ਗਏ ਹਨ। ਇਹ ਭਾਈ ਗੁਰਦਾਸ ਦੀਆਂ ਵਾਰਾਂ ਸਬੰਧੀ ਖੋਜ ਲਈ ਇਕ ਸੁੰਦਰ ਜਤਨ ਹੈ ਤੇ ਵਧੇਰੀ ਖੋਜ ਲਈ ਸਹਾਈ ਹੋ ਸਕਦਾ ਹੈ।

ਮਈ, 1971 ਈ: ਵਿਚ ਬੀਬੀ ਰਾਜਿੰਦਰ ਕੌਰ ਨੇ ਆਪਣੇ ਐਮ.ਏ.ਦੇ ਖੋਜ-ਪਤਰ ਨੂੰ ਥੋੜਾ ਬਹੁਤ ਸੋਧ ਕੇ ਭਾਈ ਗੁਰਦਾਸ ਦੀਆਂ ਵਾਰਾਂ ਇਕ ਸਾਹਿਤਕ ਅਧਿਐਨ ਨਾਂ ਹੇਠ ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਵਿਚ ਭਾਈ ਸਾਹਿਬ ਦੇ ਜੀਵਨ ਤੇ ਰਚਨਾ ਬਾਰੇ ਇਕ ਵਿਦਿਆਰਥੀ ਦੇ ਪੱਧਰ ਤੇ ਝਾਤ ਪਾਈ ਗਈ ਹੈ ਤੇ ਵਾਰਾਂ ਸਬੰਧੀ ਖੋਜ ਦੀ ਦਿਸ਼ਾ ਵਲ ਇਕ ਸਫਲ ਜਤਨ ਹੈ।

ਡਾ: ਦਲੀਪ ਸਿੰਘ ਦੀਪ ਨੇ ,ਜੁਲਾਈ, 1971 ਵਿਚ 'ਵਾਰਾਂ ਭਾਈ ਗੁਰਦਾਸ 29ਵੀਂ, 32ਵੀਂ ਤੇ 35ਵੀਂ ਵਾਰ ਦਾ ਸਾਹਿਤਕ ਅਧਿਐਨ' ਨਾਂ ਦੀ ਇਕ ਪੁਸਤਕ ਛਪਵਾਈ। ਇਸ ਪੁਸਤਕ ਵਿਚ ਐਮ.ਏ. ਪੰਜਾਬੀ ਦੇ ਕੋਰਸ ਵਿਚ ਨਿਯਤ ਤਿੰਨਾਂ ਵਾਰਾਂ ਨੂੰ ਹੀ ਜਾਚਿਆ ਗਿਆ ਹੈ ਤੇ ਲੇਖਕ ਦੇ ਆਪਣੇ ਕਥਨ ਅਨੁਸਾਰ ਇਹਨਾਂ ਵਾਰਾਂ ਦਾ ਮੁਲਾਂਕਣ ਵਧੇਰੇ ਕਰ ਕੇ ਐਮ. ਏ. ਦੇ ਵਿਦਿਆਰਥੀਆਂ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ।

ਇਸੇ ਖੋਜ-ਪਰੰਪਰਾ ਵਿਚ ਡਾ: ਜਗਜੀਤ ਸਿੰਘ ਦੀ ਪੁਸਤਕ "ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਲੋਚਨਾਤਮਕ ਅਧਿਐਨ" ਜਨਵਰੀ, 1974 ਵਿਚ ਪ੍ਰਕਾਸ਼ਿਤ ਹੋਈ ਹੈ। ਇਹ ਜਤਨ ਭਾਈ ਸਾਹਿਬ ਦੀ ਪਹਿਲੀ ਵਾਰ ਤਕ ਹੀ ਸੀਮਤ ਹੈ। ਇਸ ਪੁਸਤਕ ਦੇ ਵਧੇਰੇ ਭਾਗ ਵਿਚ ਵਾਰ ਦਾ ਟੀਕਾ ਤੇ ਗੁਰੂ ਦੇਵ ਦੀਆਂ ਜੀਵਨ-ਸਾਖੀਆਂ ਦਿੱਤੀਆਂ ਗਈਆਂ ਹਨ। ਇਸ ਵਿਚ ਭਾਈ ਗੁਰਦਾਸ ਦੀ ਸਮੁੱਚੀ ਵਿਚਾਰ-ਧਾਰਾ ਤੇ ਕਾਵਿ-ਕਲਾ ਆਦਿ ਪੱਖਾਂ ਨੂੰ ਨਾ ਲਿਆ ਜਾ ਸਕਦਾ ਸੀ ਤੇ ਨਾ ਹੀ ਲਿਆ ਗਿਆ ਹੈ।

ਸਾਲ 1974 ਈ: ਵਿਚ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਉੱਚ-ਕੋਟੀ ਦੇ ਖੋਜੀ ਡਾ: ਰਤਨ ਸਿੰਘ ਜੱਗੀ, ਡੀ.ਲਿਟ, ਦੀ ਪੁਸਤਕ "ਭਾਈ ਗੁਰਦਾਸ, ਜੀਵਨ ਤੇ ਰਚਨਾ' ਪ੍ਰਕਾਸ਼ਿਤ ਕੀਤੀ ਹੈ। ਡਾ: ਜੱਗੀ ਨੇ ਇਸ ਪੁਸਤਕ ਵਿਚ ਭਾਈ ਗੁਰਦਾਸ ਦੇ ਜੀਵਨ, ਵਿਅਕਤਿਤਵ ਤੇ ਰਚਨਾ ਉੱਤੇ ਭਰਪੂਰ ਰੌਸ਼ਨੀ ਪਾਈ ਹੈ ਤੇ ਇਕ ਪਾਰਖੂ ਦ੍ਰਿਸ਼ਟੀ ਤੋਂ ਭਾਈ ਸਾਹਿਬ ਦੀ ਸਾਹਿਤਕ ਪ੍ਰਤਿਭਾ ਦਾ ਮੁਲਾਂਕਣ ਕੀਤਾ ਹੈ। ਇਹ ਪੁਸਤਕ ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਜਨ-ਸਧਾਰਨ ਨੂੰ ਭਾਈ ਸਾਹਿਬ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਰਚੀ ਗਈ ਹੈ। ਪਰ ਸਾਡੇ ਵਿਚਾਰ ਵਿਚ ਖੋਜ ਦੇ ਪੱਖ ਤੋਂ ਇਹ ਪੁਸਤਕ ਇਕ ਬਹੁਤ ਵਡੇ ਘਾਟੇ ਨੂੰ ਪੂਰਾ ਕਰਦੀ ਹੈ।

ਇਹਨਾਂ ਉਦਮਾਂ ਤੋਂ ਇਲਾਵਾ ਪੰਜਾਬੀ ਦੁਨੀਆ, ਸਾਹਿਤ ਸਮਾਚਾਰ, ਆਲੋਚਨਾ ਆਦਿ ਮਾਸਿਕ ਪੱਤਰਾਂ ਵਿਚ ਸਮੇਂ ਸਮੇਂ ਵਿਦਵਾਨ ਲੇਖਕਾਂ ਦੇ ਅਜਿਹੇ ਲੇਖ ਛਪਦੇ ਰਹੇ ਹਨ ਜਿਨ੍ਹਾਂ ਵਿਚ ਭਾਈ ਸਾਹਿਬ ਦੇ ਜੀਵਨ ਤੇ ਰਚਨਾ ਸਬੰਧੀ ਵਿਚਾਰ ਪ੍ਰਗਟ ਕੀਤੇ ਗਏ ਹਨ।

ਉਦੇਸ਼ :

ਇਸ ਉਪਰੋਕਤ ਸਰਵੇਖਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਪੱਖ ਵਿਚ ਪਹਿਲਾਂ ਹੋਏ ਸਾਰੇ ਯਤਨ ਜਾਂ ਤਾਂ ਸੀਮਤ ਘੇਰੇ ਵਿਚ ਰਹੇ ਹਨ ਤੇ ਇਕ ਪੱਖੀ ਅਧਿਐਨ ਦੀ ਮਨੋਰਥ ਪੂਰਤੀ ਲਈ ਕੀਤੇ ਗਏ ਹਨ। ਇਸ ਲਈ ਇਹਨਾਂ ਯਤਨਾਂ ਦੇ ਹੁੰਦੇ ਹੋਏ ਵੀ ਭਾਈ ਗੁਰਦਾਸ ਦੀਆਂ ਵਾਰਾਂ ਦੇ ਆਲੋਚਨਾਤਮਕ ਅਧਿਐਨ ਦੀ ਬੜੀ ਲੋੜ ਭਾਸਦੀ ਰਹੀ ਹੈ। ਇਸ ਲੋੜ ਨੂੰ ਨਿਮਰਤਾ ਸਹਿਤ ਪੂਰਾ ਕਰਨ ਲਈ ਤੇ ਭਾਈ ਸਾਹਿਬ ਦੀਆਂ ਵਾਰਾਂ ਦੇ ਸਮੁੱਚੇ ਆਲੋਚਨਾਤਮਕ ਰੂਪ ਨੂੰ ਪ੍ਰਗਟ ਕਰਨ ਦੇ ਮਨੋਰਥ ਨੂੰ ਸਾਹਮਣੇ ਰਖ ਕੇ ਇਹ ਸ਼ੋਧ-ਪ੍ਰਬੰਧ ਪ੍ਰਸਤੁਤ ਕੀਤਾ ਗਿਆ ਹੈ।

ਅਸਾਂ ਇਸ ਸ਼ੋਧ-ਪ੍ਰਬੰਧ ਨੂੰ ਸਤ ਅਧਿਆਵਾਂ ਵਿਚ ਵੰਡਿਆ ਹੈ।

ਪਹਿਲੇ ਅਧਿਆਇ ਵਿਚ ਭਾਈ ਸਾਹਿਬ ਦੇ ਜਨਮ ਵੰਸ਼ ਸਬੰਧੀ ਵਿਚਾਰ ਕਰ ਕੇ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਝਾਤ ਪਾਈ ਗਈ ਹੈ। ਆਪ ਦੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ ਦੇ ਕੇ, ਆਪ ਦੇ ਜੀਵਨ ਬਾਰੇ ਪਾਏ ਗਏ ਭੁਲੇਖਿਆਂ ਦਾ ਨਿਪਟਾਰਾ ਕਰਕੇ, ਅਸਲੀਅਤ ਨੂੰ ਪਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਈ ਸਾਹਿਬ ਦੀ ਸਾਹਿਤਕ ਦੇਣ ਤੇ ਸਿੱਖੀ-ਪ੍ਰਚਾਰ ਸਬੰਧੀ ਜਾਣਕਾਰੀ ਕਰਾਈ ਗਈ ਹੈ।

ਦੂਜੇ ਅਧਿਆਇ ਵਿਚ ਭਾਈ ਸਾਹਿਬ ਦੇ ਸਮੇਂ ਦੀਆਂ ਪਰਿਸਥਿਤੀਆਂ ਤੇ ਪਰੰਪਰਾ ਦਾ ਬਿਓਰਾ ਦਿਤਾ ਗਿਆ ਹੈ। ਸਾਹਿਤ ਦਾ ਕਰਤਵ ਦਸ ਕੇ ਤੇ ਇਤਿਹਾਸਕ ਪਿਛੋਕੜ ਦੇ ਕੇ ਭਾਈ ਸਾਹਿਬ ਦੇ ਸਮੇਂ ਦੀਆਂ ਤੇ ਵਾਰਾਂ ਵਿਚੋਂ ਉਜਾਗਰ ਹੁੰਦੀਆਂ ਰਾਜਸੀ, ਸਮਾਜਕ ਤੇ ਧਾਰਮਕ ਪਰਿਸਥਿਤੀਆਂ ਤੇ ਚਾਨਣਾ ਪਾਇਆ ਗਿਆ ਹੈ। ਇਸ ਦੇ ਨਾਲ ਹੀ ਚਲ ਰਹੀ ਸਾਹਿਤਕ ਪਰੰਪਰਾ ਨਾਲ ਭਾਈ ਸਾਹਿਬ ਦੀ ਕਵਿਤਾ ਦਾ ਸਬੰਧ ਵੀ ਸਥਾਪਿਤ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ ਵਾਰਾਂ ਦੇ ਵਿਸ਼ਾ ਵਸਤੂ ਸਬੰਧੀ ਸਵਿਸਥਾਰ ਵਿਚਾਰ ਪ੍ਰਸਤੁਤ ਕੀਤੀ ਗਈ ਹੈ। ਵਿਸ਼ੇ ਅਤੇ ਅਨੁਭਵ ਦੇ ਪੱਖੋਂ ਸੁਜੇਕਤਾ, ਅਧਿਆਤਮਵਾਦ, ਆਚਾਰ ਨੀਤੀ ਰਹੱਸਵਾਦ ਤੇ ਗੁਰਦਾਸ-ਬਾਣੀ ਦੀ ਗੁਰਬਾਣੀ ਨਾਲ ਸਮਰੂਪਤਾ ਆਦਿ ਇਸ ਅਧਿਆਇ ਵਿਚ ਉਜਾਗਰ ਹੋਏ ਹਨ। ਬ੍ਰਹਮ, ਸਤਿਗੁਰ, ਗੁਰਮੁਖ, ਮਨਮੁਖ ਆਦਿ ਬਾਰੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ, ਵਾਰਾਂ ਵਿਚ ਮਿਲਦੀ, ਇਤਿਹਾਸਿਕਤਾ ਤੇ ਪੌਰਾਣਿਕਤਾ ਨੂੰ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਹੈ । ਗੁਰੂ ਸਾਹਿਬਾਨ ਦਾ ਸਰੂਪ, ਗੁਰੂ ਸਾਹਿਬਾਨ ਦੀਆਂ ਸੰਖੇਪ ਜੀਵਨੀਆਂ, ਭਗਤਾਂ ਦੇ ਹਾਲ ਤੇ ਪ੍ਰਸਿਧ ਗੁਰਸਿੱਖਾਂ ਬਾਰੇ ਮਿਲਦੀ ਜਾਣਕਾਰੀ ਪੇਸ਼ ਕੀਤੀ ਗਈ ਹੈ ਇਸ ਦੇ ਨਾਲ ਹੀ ਪੌਰਾਣਿਕ ਕਥਾਵਾਂ ਵੱਲ ਵੀ ਸੰਕੇਤ ਕੀਤਾ ਗਿਆ ਹੈ ।

ਪੰਜਵੇਂ ਅਧਿਆਇ ਵਿਚ ਭਾਈ ਗੁਰਦਾਸ ਦੀ ਸੌਂਦਰਜ ਚੇਤਨਾ ਦਾ ਉਲੇਖ ਕੀਤਾ ਗਿਆ ਹੈ । ਸੌਂਦਰਜ ਦੇ ਸੰਕਲਪ ਦੀ ਸੰਖੇਪ ਜਿਹੀ ਗੱਲ ਕਰ ਕੇ ਭਾਈ ਸਾਹਿਬ ਦੀਆਂ ਵਾਰਾਂ ਵਿਚ ਮਿਲਦੇ ਰਸ, ਅਲੰਕਾਰ, ਸ਼ਬਦ ਸ਼ਕਤੀਆਂ, ਕਾਵਿ-ਗੁਣ ਆਦਿ ਸੁਹਜ-ਸੁਆਦੀ ਤੱਤਾਂ ਦੇ ਭਾਲ ਪਾਈ ਗਈ ਹੈ ।

ਛੇਵੇਂ ਅਧਿਆਇ ਵਿਚ ਭਾਈ ਗੁਰਦਾਸ ਦੀ ਕਲਾ ਪ੍ਰਬੀਨਤਾ ਤੇ ਚਾਨਣਾ ਪਾਇਆ ਗਿਆ ਹੈ । ਭਾਈ ਸਾਹਿਬ ਦੀਆਂ ਵਾਰਾਂ ਦੀ ਕਵਿਤਾ ਦਾ ਵਰਗੀਕਰਣ ਕਰਕੇ, ਵਾਰਾਂ ਵਿਚਲੇ ਬਿੰਬ, ਸ਼ਬਦ ਚਿੱਤਰ, ਪ੍ਰਤੀਕ ਤੇ ਵਾਰਾਂ ਦੇ ਛੰਦ ਪ੍ਰਬੰਧ ਉਤੇ ਵਿਚਾਰ ਕੀਤੀ ਗਈ ਹੈ ।

ਸਤਵੇਂ ਅਧਿਆਇ ਵਿਚ ਭਾਈ ਸਾਹਿਬ ਦੀਆਂ ਵਾਰਾਂ ਦੀ ਬੋਲੀ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਹੈ । ਇਸ ਵਿਸ਼ਲੇਸ਼ਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ । ਪਹਿਲੇ ਹਿੱਸੇ ਵਿਚ ਉਨ੍ਹਾਂ ਦੀਆਂ ਵਾਰਾਂ ਦਾ ਕੋਸ਼ ਅਤੇ ਸੂਚਕ ਦਿੱਤੇ ਗਏ ਹਨ । ਕੋਸ਼ ਵਾਲੇ ਭਾਗ ਵਿਚ ਪੂਰਵ ਕਾਲੀਨ, ਸਮਕਾਲੀਨ ਤੇ ਵਿਦੇਸ਼ੀ ਬੋਲੀਆਂ ਵਿਚੋਂ ਲੈ ਕੇ ਵਰਤੇ ਗਏ ਸ਼ਬਦਾਂ ਨਾਲ ਜਾਣਕਾਰੀ ਕਰਾਈ ਗਈ ਹੈ । ਦੂਜੇ ਹਿੱਸੇ ਵਿਚ ਧੁਨੀ ਵਿਚਾਰ ਤੇ ਧੁਨੀ-ਪਰਿਵਰਤਨ ਪ੍ਰਸਤੁਤ ਕੀਤਾ ਗਿਆ ਹੈ । ਅਤੇ ਤੀਜੇ ਹਿੱਸੇ ਵਿਚ ਭਾਈ ਸਾਹਿਬ ਦੀ ਬੋਲੀ ਦਾ ਵਿਆਕਰਣ ਪੱਖ ਉਜਾਗਰ ਕੀਤਾ ਗਿਆ ਹੈ ।

ਇਸ ਅਧਿਐਨ ਵਿਚ ਵਾਰਾਂ ਦੇ ਕਈ ਨਵੇਂ ਤੱਥ ਸਾਹਮਣੇ ਆਏ ਹਨ । ਇਸ ਜਤਨ ਸਮੇਂ ਪਹਿਲਾਂ ਹੋ ਚੁਕੀਆਂ ਖੋਜਾਂ ਤੋਂ ਵੀ ਲੋੜ ਅਨੁਸਾਰ ਤੇ ਨਿਮਰਤਾ ਸਹਿਤ ਸਹਾਇਤਾ ਲੈ ਕੇ ਪੇਸ਼ ਕੀਤੇ ਗਏ ਵਿਚਾਰਾਂ ਦੀ ਮੌਲਿਕ ਵਿਆਖਿਆ ਕੀਤੀ ਹੈ ਤੇ ਨਵੇਂ ਤੱਥ ਉਜਾਗਰ ਕੀਤੇ ਹਨ । ਕਈ ਅਣਛੋਹੇ ਵਿਸ਼ਿਆਂ ਨੂੰ ਪਹਿਲੀ ਵਾਰ ਇਸ ਸ਼ੋਧ-ਪ੍ਰਬੰਧ ਵਿਚ ਛੋਹਿਆ ਗਿਆ ਹੈ ।

ਪ੍ਰਸੰਗ ਵੱਸ ਕੁਝ ਤੁਕਾਂ ਜਾਂ ਪਉੜੀਆਂ ਨੂੰ ਦੁਹਰਾਉਣਾ ਪਿਆ ਹੈ ।

ਧੰਨਵਾਦ :

ਮੈਂ ਉਹਨਾਂ ਸਤਿਕਾਰ ਯੋਗ ਵਿਦਵਾਨਾਂ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਮਹਾਨ ਖੋਜਾਂ ਤੇ ਰਚਨਾਵਾਂ ਤੋਂ ਭਰਪੂਰ ਪ੍ਰੇਰਣਾ ਤੇ ਨਿੱਗਰ ਸਹਾਇਤਾ ਪ੍ਰਾਪਤ ਕੀਤੀ ਹੈ । ਮੈਂ ਆਪਣੇ ਸੁਪਰਵਾਈਜ਼ਰ, ਪਰਮ ਪੂਜਨੀਕ ਡਾ: ਸੁਰਿੰਦਰ ਸਿੰਘ ਕੋਹਲੀ ਜੀ ਦਾ ਹਾਰਦਿਕ ਧੰਨਵਾਦ

ਕਰਦਾ ਹਾਂ ਜਿਨ੍ਹਾਂ ਦੀ ਸੁਯੋਗ ਤੇ ਵਿਦਵਤਾ-ਭਰਪੂਰ ਅਗਵਾਈ ਤੇ ਹਰ ਸਮੇਂ ਹਮਦਰਦੀ ਭਰੀ ਪ੍ਰੇਰਣਾ ਮੈਨੂੰ ਅੱਗੇ ਹੀ ਅੱਗੇ ਵਧਣ ਲਈ ਉਤੇਜਿਤ ਕਰਦੀ ਰਹੀ ਹੈ। ਇਹ ਨਿਮਾਣਾ ਜਿਹਾ ਜਤਨ ਉਨ੍ਹਾਂ ਦੀ ਅਪਾਰ ਕਿਰਪਾ ਦਾ ਫਲ ਹੈ।

ਅਰਪਣ :

ਇਹ ਤੁੱਛ ਭੇਟਾ ਗੁਰੂ ਰਾਮ ਦਾਸ ਜੀ ਦੇ ਇਸ ਮਹਾਂਵਾਕ ਨੂੰ ਅਰਪਿਤ ਹੈ :
"ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ।
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ।
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।"

ਗੁਰਬਖਸ਼ ਸਿੰਘ 'ਸ਼ਾਂਤ'

ਭਾਈ ਗੁਰਦਾਸ ਦਾ ਜੀਵਨ

(ੳ) ਜਨਮ ਤੇ ਵੰਸ਼

(ਅ) ਮੁਢਲਾ ਜੀਵਨ ਤੇ ਵਿਦਿਆ ਪ੍ਰਾਪਤੀ

(ੲ) ਵਿਸ਼ੇਸ਼ ਜੀਵਨ-ਘਟਨਾਵਾਂ

(ਸ) ਭਾਈ ਸਾਹਿਬ ਦੀ ਸਾਹਿਤਕ ਦੇਣ

(ਹ) ਬੀੜ ਲਿਖਣ ਦੀ ਸੇਵਾ

(ਕ) ਭਾਈ ਸਾਹਿਬ ਇਕ ਪਰਚਾਰਕ ਦੇ ਰੂਪ ਵਿਚ

(ਖ) ਭਾਈ ਸਾਹਿਬ ਦਾ ਦੇਹਾਂਤ

ਅਧਿਆਇ ਪਹਿਲਾ

ਭਾਈ ਗੁਰਦਾਸ ਦਾ ਜੀਵਨ

(ੳ) ਜਨਮ ਤੇ ਵੰਸ਼

ਭਾਈ ਗੁਰਦਾਸ ਦੀਆਂ 'ਵਾਰਾਂ' ਅਤੇ 'ਕਬਿਤ ਸਵੱਯੇ' ਦੇ ਆਧਾਰ ਤੇ ਵਿਦਵਾਨਾਂ ਨੇ ਆਪ ਨੂੰ ਵੇਦ ਵਿਆਸ, ਸੇਂਟ ਪਾਲ[1], ਅਮਾਮ ਆਜ਼ਮ ਤੇ ਮਿਲਟਨ ਆਦਿ ਆਖ ਕੇ ਸਨਮਾਨਿਤ ਕੀਤਾ ਹੈ[2], ਤੇ ਕਈ ਵਾਰ ਕਈ ਵਿਦਵਾਨਾਂ ਨੇ ਜਜ਼ਬਾਤੀ ਹੋ ਕੇ ਭਾਈ ਸਾਹਿਬ ਦੇ ਮਹੱਤਵ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਪਰਗਟਾਂਦਿਆਂ ਲਿਖਿਆ ਹੈ ਕਿ :–

> "ਵੇਦ ਨੂੰ ਸਮਝ ਗੋਚਰਾ ਕਰਨ ਲਈ ਰਿਸ਼ੀ ਵੇਦ ਵਿਆਸ ਨੇ ਵਿਸਥਾਰ ਕੀਤਾ। ਅੰਜੀਲ ਦੀ ਵਿਆਖਿਆ ਸੇਂਟ ਪਾਲ ਤੇ ਸੇਂਟ ਪੀਟਰ ਨੇ ਕੀਤੀ ਅਤੇ ਕੁਰਾਨ ਦੀਆਂ ਹਦੀਸਾਂ ਅਬੂ ਹਰੈਰਾ ਤੇ ਹਜ਼ਰਤ ਐਸ਼ਾਂ ਨੇ ਲਿਖੀਆਂ। ਜੋ ਮਾਣ ਤੇ ਸਥਾਨ ਇਨ੍ਹਾਂ ਵਿਅਕਤੀਆਂ ਨੂੰ ਪੁਰਾਣੇ ਸਾਹਿਤ ਦੀ ਵਿਆਖਿਆ ਤੋਂ ਪ੍ਰਾਪਤ ਹੋਇਆ ਹੈ ਉਹੋ ਹੀ ਮਾਣ ਤੇ ਸਥਾਨ ਗੁਰਮਤ ਸਾਹਿਤ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ"[3]।

ਦੁੱਖ ਦੀ ਗੱਲ ਇਹ ਹੈ ਕਿ ਭਾਈ ਸਾਹਿਬ ਦੇ ਮੁਢਲੇ ਜੀਵਨ ਬਾਰੇ ਕੋਈ ਭਰੋਸੇਯੋਗ ਜਾਣਕਾਰੀ ਪ੍ਰਾਪਤ ਨਹੀਂ। ਇਹੀ ਗੱਲ ਪੰਜਾਬੀ ਦੇ ਲਗ ਭਗ ਸਾਰੇ ਪੁਰਾਤਨ ਸਾਹਿਤਕਾਰਾਂ ਬਾਰੇ, ਗੁਰੂ ਸਾਹਿਬਾਨ ਨੂੰ ਛੱਡ ਕੇ, ਕਹੀ ਜਾ ਸਕਦੀ ਹੈ। ਪੰਜਾਬੀ ਬੋਲੀ ਦੇ ਮਹਾਨ ਸਾਹਿਤਕਾਰਾਂ ਦੇ ਸਬੰਧ ਵਿਚ ਅਜਿਹੀ ਅਣਗਹਿਲੀ ਦੇ ਕਈ ਕਾਰਨ ਹੋ ਸਕਦੇ ਹਨ, ਪਰ ਕਾਰਨਾਂ ਦੀ ਗਿਣਤੀ

---

1. ਹੰਸ ਚੋਗ, ਬਾਵਾ ਬੁਧ ਸਿੰਘ, ਪੰਨਾ 221
2. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 71
3. ਉਹੀ, ਸੰਪਾਦਕੀ ਪੰਨਾ 'ੳ'

ਕਰਨ ਨਾਲ ਇਹ ਘਾਟ ਪੂਰੀ ਨਹੀਂ ਹੋ ਸਕਦੀ।

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਦੇ ਜਨਮ, ਵੰਸ਼ ਤੇ ਮੁਢਲੇ ਜੀਵਨ ਆਦਿ ਬਾਰੇ ਇਤਿਹਾਸ ਵਿਚੋਂ ਕੋਈ ਬਹੁਤਾ ਮਸਾਲਾ ਨਹੀਂ ਮਿਲਦਾ, ਸਿਖ-ਇਤਿਹਾਸ ਵੀ ਕੋਈ ਖਾਸ ਰੋਸ਼ਨੀ ਨਹੀਂ ਪਾਂਦਾ ਤੇ ਭਾਈ ਗੁਰਦਾਸ ਨੇ ਵੀ ਆਪਣੇ ਬਾਰੇ ਕਿਤੇ ਕੋਈ ਟੂਕ ਨਹੀਂ ਦਿੱਤੀ। ਭਾਈ ਸਾਹਿਬ ਦੀ ਰਚਨਾ ਇਸ ਪੱਖ ਵਿਚ ਪੂਰਨ ਚੁੱਪ ਸਾਧੀ ਬੈਠੀ ਹੈ। ਅਜਿਹੀ ਸਥਿਤੀ ਵਿਚ ਸਿਵਾਏ ਅਨੁਮਾਨ ਲਗਾਉਣ ਦੇ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਤੇ ਜਦੋਂ ਕੇਵਲ ਅੰਦਾਜ਼ੇ ਲਗਾ ਕੇ ਹੀ ਘਰ ਪੂਰਾ ਕਰਨਾ ਪਵੇ ਤਾਂ ਇਹਨਾਂ ਅੰਦਾਜ਼ਿਆਂ, ਅਨੁਮਾਨਾਂ ਵਿਚ ਫ਼ਰਕ ਪੈ ਜਾਣਾ ਇਕ ਕੁਦਰਤੀ ਗੱਲ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਦੇ ਜਨਮ-ਸੰਮਤ, ਜਨਮ-ਸਥਾਨ ਅਤੇ ਪਰਿਵਾਰ ਬਾਰੇ ਕੋਈ ਸੰਤੋਖ–ਜਨਕ ਜਾਣਕਾਰੀ ਨਹੀਂ ਮਿਲਦੀ। ਹਾਂ, ਇਕ ਤੱਥ ਜਿਸ ਉੱਤੇ ਸਭ ਵਿਦਵਾਨ ਸਹਿਮਤ ਹਨ ਉਹ ਇਹ ਹੈ ਕਿ ਭਾਈ ਸਾਹਿਬ ਤੀਜੇ ਗੁਰੂ, ਗੁਰੂ ਅਮਰਦਾਸ ਦੇ ਭਤੀਜੇ ਤੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਦੇ, ਨੇੜ ਦੇ ਰਿਸ਼ਤੇ ਵਜੋਂ, ਮਾਮੇ ਸਨ। ਗੁਰੂ ਅਮਰ ਦਾਸ ਖਤਰੀ ਜਾਤੀ ਦੀ ਭੱਲਾ ਗੋਤ ਵਿਚੋਂ ਸਨ, ਇਸ ਲਈ ਭਾਈ ਗੁਰਦਾਸ ਨੂੰ ਵੀ ਭਾਈ ਗੁਰਦਾਸ ਭੱਲਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਭਾਈ ਸਾਹਿਬ ਦੇ ਜਨਮ-ਸੰਮਤ, ਵੰਸ਼ ਤੇ ਮੁਢਲੇ ਜੀਵਨ ਸਬੰਧੀ ਕਿਸੇ ਸਿੱਟੇ ਤੇ ਪੁੱਜਣ ਲਈ, ਇਸ ਸਬੰਧ ਵਿਚ ਵਿਦਵਾਨ ਖੋਜੀਆਂ ਦੇ ਵਿਚਾਰਾਂ ਦੀ ਜਾਣਕਾਰੀ ਜ਼ਰੂਰੀ ਹੈ।

ਡਾ: ਭਾਈ ਵੀਰ ਸਿੰਘ ਜੀ ਨੇ ਭਾਈ ਗੁਰਦਾਸ ਦੇ ਜਨਮ-ਸੰਮਤ ਬਾਰੇ ਕੁਝ ਅਨੁਮਾਨ ਇੰਜ ਲਗਾਇਆ ਹੈ ਕਿ ਗੁਰੂ ਅਰਜਨ ਦੇਵ ਦੇ ਗੁਰਗੱਦੀ ਧਾਰਣ ਕਰਨ ਉਪਰੰਤ ਭਾਈ ਸਾਹਿਬ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਗੁਰੂ ਅਰਜਨ ਦੀ ਮਾਤਾ ਭਾਨੀ ਨੂੰ, ਜੋ ਰਿਸ਼ਤੇ ਵਿੱਚ ਉਨ੍ਹਾਂ ਦੀ ਭੈਣ ਸੀ, ਮੱਥਾ ਟੇਕਿਆ। ਇਸ ਤੋਂ ਇਹ ਸਿਧ ਹੋਇਆ ਕਿ ਉਹ ਬੀਬੀ ਭਾਨੀ ਤੋਂ ਛੋਟੇ ਸਨ। ਬੀਬੀ ਭਾਨੀ ਜੀ ਦਾ ਜਨਮ 1590–91 ਬਿ: ਦਾ ਪਤਾ ਲਗਦਾ ਹੈ, ਇਸ ਲਈ ਭਾਈ ਜੀ ਦਾ ਜਨਮ 1590-91 ਬਿ: ਤੋਂ ਬਾਦ ਦਾ ਹੈ। ਦੂਜੀ ਗੱਲ ਇਹ ਹੈ ਕਿ ਭਾਈ ਗੁਰਦਾਸ ਦੇ ਵੱਡੇ ਵਡੇਰੇ ਗੁਰੂ-ਭਗਤ ਨਹੀਂ ਸਨ। ਸਭ ਤੋਂ ਪਹਿਲਾਂ ਸੰ: 1597 ਬਿ: ਵਿੱਚ ਅਮਰ ਦਾਸ ਭੱਲਾ ਗੁਰੂ ਅੰਗਦ ਦੀ ਸ਼ਰਨ ਵਿਚ ਆਏ ਸਨ। ਇਸ ਤੋਂ ਪਿਛੋਂ ਹੀ ਇਸ ਭੱਲਾ ਪਰਿਵਾਰ ਵਿਚ ਗੁਰੂ ਨਾਨਕ ਸਾਹਿਬ ਲਈ ਸ਼ਰਧਾ ਦੀ ਅਥਾਹ ਭਾਵਨਾ ਪੈਦਾ ਹੋਈ ਸੀ। ਅਮਰਦਾਸ ਦੀ ਅਨਿੰਨ ਭਗਤੀ, ਸੇਵਾ-ਸਾਧਨਾ ਤੇ ਅਗਾਧ ਸ਼ਰਧਾ ਨੇ ਉਨ੍ਹਾਂ ਨੂੰ ਗੁਰੂ-ਪਦਵੀ ਦੇ ਯੋਗ ਬਣਾ ਦਿੱਤਾ, ਜੋ 1609 ਬਿ: ਦੀ ਘਟਨਾ ਹੈ। ਇਹੋ ਜਿਹੀ ਸ਼ਰਧਾ-ਭਰਪੂਰ ਅਵਸਥਾ ਵਿਚ ਪੈਦਾ ਹੋਏ ਬੱਚੇ ਦਾ ਨਾਂ ਹੀ ਗੁਰਦਾਸ (ਗੁਰੂ ਦਾ ਦਾਸ) ਰਖਿਆ ਜਾ ਸਕਦਾ ਹੈ। ਇਸ ਤਰ੍ਹਾਂ ਭਾਈ ਸਾਹਿਬ ਦਾ ਜਨਮ 1600 ਬਿ: ਤੋਂ 1610 ਬਿ: ਦੇ

ਵਿਚਾਲੇ ਕਿਸੇ ਸਮੇਂ ਹੋਇਆ ਪ੍ਰਤੀਤ ਹੁੰਦਾ ਹੈ ।[1]

ਗਿਆਨੀ ਹਰਿੰਦਰ ਸਿੰਘ ਰੂਪ ਅਨੁਸਾਰ, "ਭਾਈ ਦਾਤਾਰ ਚੰਦ ਦੇ ਘਰ ਲਾਲ ਹੋਇਆ ਜਿਸ ਦੀ ਚਮਕ ਦਮਕ ਨੇ ਗੁਰੂ ਅਮਰਦਾਸ ਨੂੰ ਖਿਚਿਆ ਤੇ ਆਪ ਜੀ ਨੇ ਬਾਲਕ ਨੂੰ ਆਪਣੀ ਨਿਗਰਾਨੀ ਹੇਠ ਰਖਿਆ । ਏਸ ਬਾਲਕ ਦੇ ਪਰਗਟਣ ਦਾ ਕੋਈ ਸੰਨ ਸੰਮਤ ਨਹੀਂ ਮਿਲਦਾ ਪਰ 1600 ਤੋਂ 1610 ਬਿਕਰਮੀ ਦੇ ਵਿਚ ਵਿਚ ਮਿਥਿਆ ਜਾਣ ਲੱਗਾ ਹੈ ।"[2]

ਡਾ: ਗੋਪਾਲ ਸਿੰਘ ਦਰਦੀ[3] ਤੇ ਪ੍ਰੋ: ਸਰਦੂਲ ਸਿੰਘ ਨੇ ਭਾਈ ਗੁਰਦਾਸ ਦਾ ਜਨਮ ਸੰਮਤ 1615 ਬਿਕਰਮੀ ਲਿਖਿਆ ਹੈ । ਪ੍ਰੋ: ਸਰਦੂਲ ਸਿੰਘ ਦੀ ਲਿਖਤ ਅਨੁਸਾਰ ਗੁਰੂ ਅਮਰ ਦਾਸ ਨੇ ਆਪਣੇ ਭਰਾ ਦਾਤਾਰ ਚੰਦ ਅਤੇ ਭਰਜਾਈ ਦੀ ਅਦੁੱਤੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਇਹ ਵਿਚਾਰਿਆ ਕਿ ਅਜਿਹੀ ਉਚ-ਆਤਮਾ ਦੰਪਤੀ ਦੇ ਘਰ ਕਿਸੇ ਮਹਾਨ ਰੂਹ ਦਾ ਪਰਕਾਸ਼ ਹੋਣਾ ਚਾਹੀਦਾ ਹੈ । ਇਸ ਫੁਰਨੇ ਤੋਂ ਇਕ ਸਾਲ ਪਿਛੋਂ ਸੰਮਤ 1615 ਬਿ: ਨੂੰ ਮਾਤਾ ਜੀਵਣੀ ਦੀ ਕੁੱਖੋਂ ਗੋਇੰਦਵਾਲ ਵਿਖੇ ਬਾਲਕ ਨੇ ਜਨਮ ਲਿਆ । ਸਿਖ ਪਰਿਵਾਰ ਨੇ ਆਪਣੀ ਸਰਧਾ ਦੇ ਮੁਤਾਬਿਕ ਸਤਿਗੁਰੂ ਅਤੇ ਸੰਗਤ ਦੀ ਹਜ਼ੂਰੀ ਵਿੱਚ ਉਸ ਬਾਲਕ ਦਾ ਨਾਂ ਗੁਰਦਾਸ ਰਖਿਆ, ਕਿਉਂਕਿ ਇਸ ਦੈਵੀ ਬਾਲਕ ਦਾ ਜਨਮ ਗੁਰਦੇਵ ਦੀ ਬਖ਼ਸ਼ਿਸ਼ ਦਾ ਸਦਕਾ ਹੈ ।[4]

ਡਾ: ਮੋਹਨ ਸਿੰਘ ਦੀਵਾਨਾ[5] ਤੇ ਡਾ: ਸੁਰਿੰਦਰ ਸਿੰਘ ਕੋਹਲੀ[6] ਅਨੁਸਾਰ ਭਾਈ ਗੁਰਦਾਸ ਦਾ ਜਨਮ ਸੰਮਤ 1616 ਬਿ: ਮੰਨਿਆ ਗਿਆ ਹੈ ।

ਪ੍ਰੋ: ਦੀਵਾਨ ਸਿੰਘ ਵੀ ਇਹੀ ਰਾਏ ਰਖਦੇ ਹੋਏ ਲਿਖਦੇ ਹਨ, "ਆਪ ਦੇ ਜਨਮ ਸਬੰਧੀ ਭਾਵੇਂ ਸਿਖ ਇਤਿਹਾਸ ਦੇ ਪੁਰਾਤਨ ਗ੍ਰੰਥ ਕੁਝ ਨਹੀਂ ਦਸਦੇ ਫਿਰ ਵੀ ਅਨੁਮਾਨ ਲਾਇਆ ਜਾਂਦਾ ਹੈ ਕਿ ਆਪ ਦਾ ਜਨਮ ਸੰਨ 1559 ਈ: ਵਿਚ ਹੋਇਆ । ਪਿਤਾ ਦਾ ਨਾਉਂ ਦਾਤਾਰ ਚੰਦ ਸੀ ।[7]

ਡਾ: ਗੰਡਾ ਸਿੰਘ ਅਨੁਸਾਰ ਭਾਈ ਗੁਰਦਾਸ ਦਾ ਜਨਮ ਸੰਨ 1559 ਈ: ਵਿੱਚ ਹੋਇਆ ।[8]


---

1. ਕਬਿੱਤ ਭਾਈ ਗੁਰਦਾਸ, ਦੂਸਰਾ ਸੈਂਚ, ਪੰਨਾ 26.
2. ਭਾਈ ਗੁਰਦਾਸ, ਪੰਨਾ 9.
3. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 95.
4. ਭਾਈ ਗੁਰਦਾਸ, ਪੰਨਾ 5
5. ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼, ਪੰਨਾ 71
6. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 149
7. ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ ਪੰਨਾ 86
8. ਪੰਜਾਬ ਦੀਆਂ ਵਾਰਾਂ, ਭੂਮਿਕਾ ।

ਸ: ਜਗਤ ਸਿੰਘ[1] ਨੇ ਭਾਈ ਸਾਹਿਬ ਦਾ ਜਨਮ ਸੰਮਤ 1608 ਬਿ: ਮੰਨਿਆ ਹੈ। ਸ: ਉਜਾਗਰ ਸਿੰਘ 'ਸਦਾ ਅਨੰਦ' ਨੇ ਵੀ ਭਾਈ ਗੁਰਦਾਸ ਦਾ ਜਨਮ 1608 ਬਿ: ਵਿਚ ਹੋਇਆ ਦਸਿਆ ਹੈ।[2]

ਭਾਈ ਰਣਧੀਰ ਸਿੰਘ ਨੇ 'ਭਾਈ ਗੁਰਦਾਸ ਭੱਲੇ ਦਾ ਜੀਵਨ' ਲੇਖ ਵਿਚ ਭਾਈ ਸਾਹਿਬ ਦੇ ਜਨਮ ਤੇ ਵੰਸ਼ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਲਿਖਿਆ ਹੈ ਕਿ ਭਾਈ ਸਾਹਿਬ ਦਾ ਜਨਮ ਭੱਲਾ ਪਰਿਵਾਰ ਦੇ ਸਿਖ ਧਰਮ ਧਾਰਣ ਕਰਨ ਤੇ ਗੋਇੰਦਵਾਲ ਆ ਵੱਸਣ ਤੋਂ ਪਿਛੋਂ ਸੰਮਤ 1608 ਬਿ: ਵਿਚ, ਅਰਥਾਤ ਗੁਰੂ ਅਰਜਨ ਦੇਵ ਦੇ ਜਨਮ ਤੋਂ ਦੋ ਵਰ੍ਹੇ ਪਹਿਲਾਂ ਹੋਇਆ।[3]

ਭਾਈ ਕੇਸਰ ਸਿੰਘ ਜੀ ਛਿਬਰ ਦੇ ਕਥਨ ਅਨੁਸਾਰ ਆਪ ਦਾ ਜਨਮ ਸੰਮਤ 1608 ਦਾ ਹੈ ਅਤੇ ਪਿਤਾ ਦਾ ਨਾਂ ਸ੍ਰੀ ਈਸ਼ਰ ਦਾਸ ਜੀ ਹੈ। "ਇਹਨਾਂ ਦੇ ਵਡਿੱਕੇ ਬਿਸ਼ਨ ਦਾਸ ਜੀ ਹੋਏ ਹਨ ਜਿਨ੍ਹਾਂ ਦੀ ਬੰਸਾਵਲੀ ਹੇਠ ਲਿਖੇ ਅਨੁਸਾਰ ਮਿਲਦੀ ਹੈ :—



1. ਜੀਵਨ ਭਾਈ ਗੁਰਦਾਸ,
2. ਖਾਲਸਾ ਜੀ ਦੇ ਪੰਜ ਹੀਰੇ,
3. ਪੰਜਾਬੀ ਦੁਨੀਆਂ-ਭਾਈ ਗੁਰਦਾਸ ਅੰਕ, 1968, ਪੰਨਾ 1-2
4. ਬੰਸਾਵਲੀ ਨਾਮਾ, ਭਾਈ ਕੇਸਰ ਸਿੰਘ ਛਿਬਰ

ਇਸ ਬੰਸਾਵਲੀ ਨੂੰ ਵੇਖਦਿਆਂ ਹੋਇਆਂ, ਭਾਈ ਸਾਹਿਬ ਦੇ ਜਨਮ ਬਾਰੇ ਪ੍ਰੋ: ਸਰਦੂਲ ਸਿੰਘ ਦੀ ਬਿਆਨ ਕੀਤੀ ਘਟਨਾ ਸੱਚੀ ਨਹੀਂ ਜਾਪਦੀ।

ਇਸ ਸਮੱਸਤ ਵਿਚਾਰ ਦੇ ਆਧਾਰ ਤੇ ਭਾਈ ਗੁਰਦਾਸ ਦੇ ਜਨਮ-ਸੰਮਤ ਆਦਿ ਬਾਰੇ ਸਪੱਸ਼ਟ ਭਾਂਤ ਕੋਈ ਨਿਰਣਾ-ਜਨਕ ਗੱਲ ਨਹੀਂ ਆਖੀ ਜਾ ਸਕਦੀ। ਵਿਦਵਾਨਾਂ ਨੇ ਕੇਵਲ ਅਨੁਮਾਨ ਹੀ ਲਗਾਏ ਹਨ ਤੇ ਅਨੁਮਾਨ ਲਗਾਉਣ ਦੇ ਕੋਈ ਖ਼ਾਸ ਆਧਾਰ ਨਾ ਹੋਣ ਕਰਕੇ ਵੱਖ ਵੱਖ ਮਤ ਬਣ ਜਾਣੇ ਕੁਦਰਤੀ ਗੱਲ ਸੀ। ਭਾਈ ਸਾਹਿਬ ਦਾ ਕੋਈ ਜਨਮ ਸੰਮਤ ਵਿਸ਼ੇਸ਼ ਮੰਨਦਿਆਂ ਹੋਇਆਂ ਵਿਦਵਾਨਾਂ ਨੇ ਕਿਸੇ ਪ੍ਰਮਾਣ ਜਾਂ ਆਧਾਰ ਦਾ ਜ਼ਿਕਰ ਨਹੀਂ ਕੀਤਾ। ਅਜਿਹੀ ਹਾਲਤ ਵਿਚ ਭਾਈ ਸਾਹਿਬ ਦੇ ਜਨਮ ਸੰਮਤ ਸਬੰਧੀ ਨਿਰਣਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਤਵਾਰੀਖ਼ ਗੁਰੂ ਖ਼ਾਲਸਾ ਵਿਚ ਜ਼ਿਕਰ ਆਇਆ ਹੈ ਕਿ ਸ੍ਰੀ ਗੁਰੂ ਅਮਰਦਾਸ ਨੇ ਸੰਮਤ 1627 ਬਿ: ਵਿਚ ਭਾਈ ਜੇਠਾ ਨੂੰ ਅੰਮ੍ਰਿਤ ਸਰੋਵਰ ਦੇ ਨੇੜੇ ਤੁੰਗ ਪਾਈ ਪਿੰਡ ਦੀ ਜੂਹ ਵਿਚੋਂ ਕੁਝ ਜ਼ਮੀਨ ਮੁੱਲ ਲੈ ਕੇ ਨਵਾਂ ਨਗਰ ਵਸਾਉਣ ਦਾ ਆਦੇਸ਼ ਦਿੱਤਾ ਸੀ। ਇਸ ਕੰਮ ਨੂੰ ਭਲੀ ਭਾਂਤ ਨੇਪਰੇ ਚਾੜ੍ਹਨ ਖ਼ਾਤਰ ਸਲਾਹ ਮਸ਼ਵਰੇ ਲਈ ਭਾਈ ਸਾਲੋ, ਰੂਪ ਰਾਮ, ਗੁਰੀਆ, ਗੁਰਦਾਸ[1], ਉਦਮ, ਆਦਿ ਨਾਲ ਘੱਲਿ। ਇਸ ਬਿਰਤਾਂਤ ਤੋਂ ਇਹ ਸਿਧ ਹੁੰਦਾ ਹੈ ਕਿ ਭਾਈ ਗੁਰਦਾਸ, ਗੁਰੂ ਅਮਰਦਾਸ ਦੇ ਸਮੇਂ, ਕੁਝ ਕੁ ਚੋਣਵੇਂ ਤੇ ਨਿਕਟ-ਵਰਤੀ ਸਿੱਖਾਂ ਵਿਚੋਂ ਸਨ ਜਿਨ੍ਹਾਂ ਦੇ ਸਲਾਹ-ਮਸ਼ਵਰੇ ਦੀ ਕਦਰ ਕੀਤੀ ਜਾਂਦੀ ਸੀ।

ਹੁਣ ਜੇ ਭਾਈ ਗੁਰਦਾਸ ਦਾ ਜਨਮ ਸੰਮਤ 1615 ਬਿ: ਜਾਂ 1616 ਬਿ: ਮੰਨ ਲਿਆ ਜਾਏ ਤਾਂ 1627 ਬਿ: ਵਿਚ ਭਾਈ ਸਾਹਿਬ ਦੀ ਉਮਰ ਕੁਲ 12 ਕੁ ਸਾਲ ਬਣਦੀ ਹੈ। ਇਹ ਛੋਟੀ ਉਮਰ ਸੁਲਝਿਆ ਹੋਇਆ ਸਲਾਹ-ਮਸ਼ਵਰਾ ਦੇਣ ਵਾਲੀ ਨਹੀਂ ਮੰਨੀ ਜਾ ਸਕਦੀ। ਇਸੇ ਤਰ੍ਹਾਂ ਸੰਮਤ 1612 ਬਿ: ਵੀ ਠੀਕ ਨਹੀਂ ਜਚਦਾ। ਕੁਝ ਸਿਆਣੀ ਉਮਰ ਦਾ ਮਨੁੱਖ ਹੀ ਸਲਾਹ-ਮਸ਼ਵਰਾ ਦੇਣ ਦੇ ਯੋਗ ਹੋ ਸਕਦਾ ਹੈ।

ਭਾਈ ਵੀਰ ਸਿੰਘ ਨੇ ਬੀਬੀ ਭਾਨੀ ਦਾ ਜਨਮ 1590-91 ਬਿ: ਦਸਦਿਆਂ[2] ਸ੍ਰੀ ਅਮਰਦਾਸ ਦਾ ਗੁਰੂ ਅੰਗਦ ਦੇਵ ਦੀ ਸ਼ਰਨ ਵਿਚ ਆਉਣ ਦਾ ਸੰਮਤ 1597 ਬਿ: ਲਿਖਿਆ ਹੈ

1. ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 344
2. ਜੋਤੀ ਚਮਤਕਾਰ (ਤਰਲੋਕ ਸਿੰਘ) ਪੰਨਾ 24 : (ਬੀਬੀ ਭਾਨੀ ਜੀ ਬਾਰੇ ਲਿਖਿਆ ਹੈ) 22 ਫੱਗਣ ਸੰਮਤ 1610 ਬਿ: ਦਾ ਵਿਹਾਤਾ ਵਿਆਹ ਦਾ ਮਿਥਿਆ ਹੈ। ਪੰਨਾ 26 ਤੇ ਲਿਖਿਆ ਹੈ-ਉਸ ਵੇਲੇ ਆਪ ਜੀ ਆਯੂ 19 ਸਾਲ ਦੀ ਸੀ।

ਅਤੇ ਗੁਰੂ ਅਰਜਨ ਦੇਵ ਦੀ ਗੱਦੀ ਨਸ਼ੀਨੀ ਮਗਰੋਂ, ਭਾਈ ਗੁਰਦਾਸ ਦੇ ਅੰਮ੍ਰਿਤਸਰ ਆ ਕੇ, ਬੀਬੀ ਭਾਨੀ ਨੂੰ ਮੱਥਾ ਟੇਕਣ ਦਾ ਜ਼ਿਕਰ ਕਰ ਕੇ ਇਹ ਨਿਰਣਾ ਕੀਤਾ ਹੈ ਕਿ ਭਾਈ ਸਾਹਿਬ ਬੀਬੀ ਭਾਨੀ ਤੋਂ ਛੋਟੇ ਸਨ ਤੇ 'ਭਾਈ ਸਾਹਿਬ ਜੀ ਦਾ ਜਨਮ ਸੰਮਤ 1602 ਵਿਕ੍ਰਮੀ ਦੇ ਲਗ ਭਗ ਜਾ ਟਿਕਦਾ ਹੈ।"[1] ਗੋਇੰਦਵਾਲ ਵੀ 1603[2] ਬਿ: ਵਿਚ ਵਸਿਆ ਲਿਖਿਆ ਹੈ ਤੇ ਗੁਰਪ੍ਰਤਾਪ ਸੂਰਜ ਦੇ ਹਿਸਾਬ ਵੀ ਗੁਰੂ ਅਮਰਦਾਸ ਨੂੰ ਗੱਦੀ ਮਿਲਣ (1609 ਬਿ:) ਤੋਂ ਪਹਿਲੋਂ ਗੋਇੰਦਵਾਲ ਵਸ ਚੁਕਾ ਸੀ।[3]

ਇਸ ਤਰ੍ਹਾਂ ਸੰਮਤ 1602 ਬਿ: ਜਨਮ ਸੰਮਤ ਮੰਨ ਲੈਣ ਨਾਲ ਬਹੁਤ ਸਾਰੀ ਸਮੱਸਿਆ ਹੱਲ ਹੋ ਜਾਂਦੀ ਹੈ। ਇਕ ਤਾਂ ਇਹ ਕਿ ਤੁੰਗ ਪਾਈ ਦੇ ਨੇੜੇ ਨਗਰ ਵਸਾਉਣ ਸਮੇਂ ਭਾਈ ਸਾਹਿਬ ਦੀ ਆਯੂ 25 ਸਾਲ ਦੀ ਸੀ ਤੇ ਉਹ ਸਲਾਹ ਮਸ਼ਵਰੇ ਲਈ ਯੋਗ ਸਮਝੇ ਜਾ ਸਕਦੇ ਸਨ ਅਤੇ ਦੂਜਾ ਇਹ ਕਿ ਜਦੋਂ 1603 ਬਿ: ਵਿਚ ਗੋਇੰਦਵਾਲ ਵਸ ਚੁਕਾ ਸੀ ਤਾਂ ਭਾਈ ਗੁਰਦਾਸ ਦੇ ਪਿਤਾ (ਈਸ਼ਰ ਦਾਸ ਜੀ)[4] ਆਪਣੇ ਭਰਾ ਸ੍ਰੀ ਅਮਰਦਾਸ ਪਾਸ ਆ ਗਏ। ਇੱਥੇ ਹੀ ਭਾਈ ਸਾਹਿਬ ਦਾ ਬਚਪਨ ਬੀਤਿਆ ਤੇ ਜਵਾਨੀ ਦੇ ਨਾਲ ਨਾਲ ਸਿਆਣਪ ਤੇ ਸੂਝ-ਬੂਝ ਵੀ ਆਈ। ਆਪ ਨੇ ਗੁਰੂ ਅਮਰਦਾਸ ਦੇ ਖੁਲ੍ਹੇ ਦਰਸ਼ਨ ਕੀਤੇ, ਸੰਗਤ ਦਾ ਰਸ ਮਾਣਿਆ ਤੇ ਗੁਰੂ ਅਮਰ ਦਾਸ ਦੇ ਦਰਬਾਰ ਵਿਚ ਨਾਮ ਦੀ ਅਤੁੱਟ ਦਾਤ ਵੰਡੀ ਜਾਂਦੀ ਵੇਖੀ। ਜੋਤਿ ਤੋਂ ਜੋਤਿ ਜਗਦੀ ਡਿੱਠੀ ਤੇ ਇਸ ਨਜ਼ਾਰੇ ਨੂੰ ਵਾਰਾਂ ਵਿਚ ਅੰਕਿਤ ਕੀਤਾ :–

ਸਤਿਗੁਰ ਹੋਆ ਸਤਿਗੁਰਹੁੰ ਅਚਰਜ ਅਮਰ ਅਮਰ ਵਰਤਾਯਾ।
ਸੋ ਟਿਕਾ ਸੋ ਬੈਹਣਾ ਸੋਈ ਸੱਚਾ ਹੁਕਮ ਚਲਾਯਾ।
ਖੋਲ੍ਹ ਖ਼ਜ਼ਾਨਾ ਸ਼ਬਦ ਦਾ ਸਾਧ ਸੰਗਤ ਸਚ ਮੇਲ ਮਿਲਾਯਾ।
ਗੁਰ ਚੇਲਾ ਪਰਵਾਣੁ ਕਰ ਚਾਰ ਵਰਣ ਲੈ ਪੈਰੀਂ ਪਾਯਾ।
ਗੁਰਮੁਖਿ ਇੱਕ ਧਿਆਈਐ ਦੁਰਮਤ ਦੂਜਾ ਭਾਉ ਮਿਟਾਯਾ।
ਕੁਲਾ ਧਰਮ ਗੁਰਸਿਖ ਸਭ ਮਾਇਆ ਵਿਚ ਉਦਾਸ ਰਹਾਯਾ।

---

1. ਕਬਿੱਤ ਭਾਈ ਗੁਰਦਾਸ, ਦੂਸਰਾ ਸਰੂਪ, ਪੰਨਾ 26
2. "ਸੋ ਇਸਦੇ ਇਸ ਦੀ (ਗੋਇੰਦਵਾਲ ਦੀ) ਉਸਾਰੀ 1546 ਈ: ਵਿਚ ਅਰੰਭ ਹੋਈ।" ਪੰਜਾਬ ਦਾ ਇਤਿਹਾਸ, ਕਿਰਪਾਲ ਸਿੰਘ ਨਾਰੰਗ, ਪੰਨਾ 87
3. ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 315
4. ਭਾਈ ਗੁਰਦਾਸ ਈਸ਼ਰ ਭੱਲੇ ਦਾ ਬੇਟਾ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ ਚਰਣ ਪੰਜਵਾਂ/100

ਪੂਰ ਪੂਰਾ ਥਾਟ ਬਣਾਯਾ ।[1]

(ਅ) ਮੁਢਲਾ ਜੀਵਨ ਤੇ ਵਿਦਿਆ ਪ੍ਰਾਪਤੀ

ਗੁਰੂ ਅੰਗਦ ਦੇਵ ਦੇ ਹੁਕਮ ਅਨੁਸਾਰ ਸ੍ਰੀ ਅਮਰਦਾਸ ਨੇ ਗੋਇੰਦਵਾਲ ਵਸਾਇਆ ਤੇ ਆਪਣੇ ਸਾਰੇ ਪਰਿਵਾਰ ਨੂੰ ਗੋਇੰਦਵਾਲ ਹੀ ਲੈ ਆਏ । ਗੁਰੂ ਅੰਗਦ ਦੇਵ, ਸ੍ਰੀ ਅਮਰਦਾਸ ਦੀ ਨਿਸ਼ਕਾਮ ਸੇਵਾ ਦੇ ਸਦਕੇ ਆਪ ਨੂੰ ਗੁਰਗੱਦੀ ਸੌਂਪ ਕੇ, 1609 ਬਿ: ਵਿਚ ਜੋਤੀ ਜੋਤਿ ਸਮਾ ਗਏ । ਭਾਈ ਗੁਰਦਾਸ ਦਾ ਮੁਢਲਾ ਜੀਵਨ ਗੋਇੰਦਵਾਲ ਵਿਚ ਹੀ ਬੀਤਿਆ । ਭਾਵੇਂ ਆਪ ਦੇ ਮੁਢਲੇ ਜੀਵਨ ਦੇ ਹਾਲਾਤ ਬਾਰੇ ਇਤਿਹਾਸ ਵਿਚੋਂ ਕੁਝ ਨਹੀਂ ਲਭਦਾ, ਪਰ ਇਕ ਗੱਲ ਤਾਂ ਸਪੱਸ਼ਟ ਹੈ ਕਿ ਆਪ ਦੇ ਮੁਢਲੇ ਜੀਵਨ ਦਾ ਇਹ ਸਮਾਂ ਗੁਰੂ ਅਮਰ ਦਾਸ ਦੀ ਪਾਵਨ-ਪਵਿਤਰ ਸੰਗਤ ਵਿਚ ਬੀਤਿਆ ਤੇ ਆਪ ਨੇ ਗੁਰੂ ਜੀ ਤੋਂ ਧਾਰਮਕ ਪ੍ਰਭਾਵ ਗ੍ਰਹਿਣ ਕੀਤਾ ।

ਆਪ ਦੀ ਰਚਨਾ ਵਾਰਾਂ ਤੇ ਕਬਿੱਤ ਸਵੱਯੇ ਪੜ੍ਹਨ ਤੋਂ ਇਹ ਗੱਲ ਭਲੀ ਭਾਂਤ ਸਿਧ ਹੋ ਜਾਂਦੀ ਹੈ ਕਿ ਆਪ ਨੂੰ ਸੰਸਕ੍ਰਿਤ, ਫ਼ਾਰਸੀ, ਬ੍ਰਜੀ ਤੇ ਪੰਜਾਬੀ ਉੱਤੇ ਅਧਿਕਾਰ ਪ੍ਰਾਪਤ ਸੀ । ਡਾ: ਜੱਗੀ ਅਨੁਸਾਰ ਭਾਈ ਸਾਹਿਬ ਸੱਤ ਜ਼ਬਾਨਾਂ ਦੇ ਮਾਹਿਰ ਸਨ ।[2] ਗੁਰਮਤ ਤੋਂ ਇਲਾਵਾ ਆਪ ਨੇ ਹਿੰਦੂ ਧਰਮ, ਦਰਸ਼ਨ. ਇਤਿਹਾਸ ਮਿਥਿਹਾਸ ਦਾ ਚੰਗਾ ਡੂੰਘਾ ਅਧਿਐਨ ਕੀਤਾ । ਇਸਲਾਮ ਤੇ ਹੋਰ ਧਰਮਾਂ ਬਾਰੇ ਵੀ ਆਪ ਦੀ ਜਾਣਕਾਰੀ ਦਾ ਘੇਰਾ ਕੋਈ ਘਟ ਵਿਸ਼ਾਲ ਨਹੀਂ । ਆਪ ਇਕ ਚੰਗੇ ਪੜ੍ਹੇ ਲਿਖੇ ਤੇ ਸੁਘੜ ਵਿਦਵਾਨ ਸਨ ।

ਭਾਈ ਸਾਹਿਬ ਦੀ ਮੁਢਲੀ ਵਿਦਿਆ ਦਾ ਪ੍ਰਬੰਧ ਗੋਇੰਦਵਾਲ ਵਿਚ ਹੀ ਹੋਇਆ ਜਿਥੇ ਕਿ ਉਹ ਪਹਿਲਾਂ ਸ੍ਰੀ ਅਮਰਦਾਸ ਤੇ ਫੇਰ ਗੁਰੂ ਅਮਰਦਾਸ ਦੀ ਛਤਰ ਛਾਇਆ ਹੇਠ ਵਧੇ ਫੁਲੇ ਤੇ ਪਰਵਾਨ ਚੜ੍ਹੇ । ਗੋਇੰਦਵਾਲ ਇਕ ਨਵਾਂ ਵਸਿਆ ਨਗਰ ਸੀ ਤੇ ਨਾਲ ਹੀ ਗੁਰ-ਨਿਵਾਸ ਸਥਾਨ ਸੀ । ਇਸ ਕਰਕੇ ਉਥੇ ਆਲਿਮ ਲੋਕ ਆਉਂਦੇ ਜਾਂਦੇ ਰਹਿੰਦੇ ਸਨ, ਹਰ ਮਤ ਦੇ ਵਿਦਵਾਨ ਤੇ ਹਰ ਵਿਦਿਆ ਦੇ ਜਾਣਕਾਰ ਸੰਤ ਮਹਾਤਮਾ ਗੁਰਮਤ ਬਾਰੇ ਜਾਣਨ ਤੇ ਗੁਰ-ਦਰਸ਼ਨਾਂ ਲਈ ਆ ਜਾਇਆ ਕਰਦੇ ਸਨ । ਫਿਰ ਉਸ ਸਮੇਂ ਗੋਇੰਦਵਾਲ ਦਿੱਲੀ ਤੋਂ ਲਾਹੌਰ ਜਾਣ ਵਾਲੀ ਜਰਨੈਲੀ ਸੜਕ ਤੇ ਹੋਣ ਕਰਕੇ ਲੋਕਾਂ ਦੀ ਆਵਾ ਜਾਈ ਆਮ ਲੱਗੀ ਰਹਿੰਦੀ ਸੀ, ਗੁਣੀ ਗਿਆਨੀ ਤੇ ਵਿਚਾਰਕ ਲੋਕ ਵੀ ਆਉਂਦੇ ਜਾਂਦੇ ਬਸੇਰਾ ਕਰ ਲਿਆ ਕਰਦੇ ਸਨ । ਇਉਂ ਸਾਧੂਆਂ ਸੰਤਾਂ ਦੇ

---

1. ਵਾਰਾਂ ਭਾਈ ਗੁਰਦਾਸ, ਵਾਰ 24 ਪਉੜੀ 12, ਇਸ ਵਾਰ ਦੀ ਪਉੜੀ 9, 10, 11 ਅਤੇ 13 ਵਿਚ ਵੀ ਗੁਰੂ ਅਮਰਦਾਸ ਦਾ ਜਸ ਗਾਇਆ ਗਿਆ ਹੈ ।
2. ਭਾਈ ਗੁਰਦਾਸ, ਜੀਵਨੀ ਤੇ ਰਚਨਾ, ਪੰਨਾ 26

ਮੇਲ ਮਿਲਾਪ ਤੇ ਇਹਨਾਂ ਦੇ ਗੁਰੂ ਅਮਰਦਾਸ ਨਾਲ ਵਿਚਾਰ ਵਟਾਂਦਰੇ ਤੋਂ ਭਾਈ ਸਾਹਿਬ ਦੇ ਗਿਆਨ ਭੰਡਾਰ ਵਿਚ ਚੋਖ ਵਾਧਾ ਹੋਇਆ। ਭਾਈ ਸਾਹਿਬ ਨੇ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਪੁਰਾਣਾਂ ਆਦਿ ਦੀ ਚੰਗੀ ਜਾਣਕਾਰੀ ਪ੍ਰਾਪਤ ਕੀਤੀ।

ਉਸ ਸਮੇਂ ਸ੍ਰੀ ਗੁਰੂ ਅਮਰਦਾਸ ਨੇ ਗੋਇੰਦਵਾਲ ਨੂੰ ਇਕ ਚੰਗੇ ਵਿਦਿਅਕ ਕੇਂਦਰ ਦਾ ਰੂਪ ਦਿੱਤਾ। ਦੇਸ਼ ਦੇ ਵੱਖ ਵੱਖ ਭਾਗਾਂ ਵਿਚੋਂ ਚੰਗੇ ਵਿਦਵਾਨ ਆਉਣ ਲੱਗੇ ਜਿਨ੍ਹਾਂ ਦੀ ਸੰਗਤ ਤੋਂ ਭਾਈ ਗੁਰਦਾਸ ਨੇ ਲਾਭ ਉਠਾਇਆ।

ਭਾਈ ਗੁਰਦਾਸ ਦੀ ਵਿਦਿਆ ਪ੍ਰਾਪਤੀ ਬਾਰੇ ਪ੍ਰੋ: ਸਰਦੂਲ ਸਿੰਘ ਲਿਖਦੇ ਹਨ :-

> "ਭਾਈ ਗੁਰਦਾਸ ਜੀ ਗੋਇੰਦਵਾਲ ਵੀ ਵਿਦਿਆ ਪ੍ਰਾਪਤ ਕਰਦੇ ਸਨ ਤੇ ਕਾਸ਼ੀ ਵੀ ਚਲੇ ਜਾਂਦੇ ਸਨ। ਚੋਟੀ ਦੇ ਵਿਦਵਾਨ ਕੇਸ਼ੋ ਗੋਪਾਲ ਪੰਡਤ ਨੇ (ਜਿਸ ਦੇ ਖਿਆਲ ਗੁਰਸਿਖੀ ਵਾਲੇ ਹੋ ਚੁਕੇ ਸਨ) ਆਪ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਕਾਫੀ ਸਮਾਂ ਦਿੱਤਾ। ਆਪ ਦੀ ਬੁਧ ਉੱਜਲ ਸੀ ਇਸ ਲਈ ਸੰਸਕ੍ਰਿਤ ਵਿਦਿਆ ਬਹੁਤ ਹੀ ਜਲਦੀ ਗ੍ਰਹਿਣ ਕੀਤੀ। ਜੋ ਇਕ ਵਾਰੀ ਪੜ੍ਹਨਾ ਜਾਂ ਸੁਣਨਾ ਉਸ ਨੂੰ ਕੇਵਲ ਯਾਦ ਹੀ ਨਾ ਰਖਣਾ ਸਗੋਂ ਉਸ ਦੇ ਗੂੜ੍ਹ ਭਾਵਾਂ ਨੂੰ ਸਪੱਸ਼ਟ ਕਰ ਕੇ ਪਰਗਟਾ ਦੇਣਾ ਆਪ ਦਾ ਮਾਮੂਲੀ ਕਰਤਬ ਸੀ।" [1]

ਭਾਈ ਸਾਹਿਬ ਦੀ ਵਿਦਿਆ ਪ੍ਰਾਪਤੀ ਸਬੰਧੀ ਸ: ਰਣਧੀਰ ਸਿੰਘ ਲਿਖਦੇ ਹਨ :-

> "ਸੁਰਤ ਸੰਭਾਲਣ ਪੁਰ ਆਪ ਨੂੰ, ਗੁਰੂ-ਵੰਸ਼ ਦੇ ਹੋਰਨਾਂ ਹਾਣੀ ਬਾਲਕਾਂ ਨਾਲ ਹੀ ਚਟਸਾਲੇ ਪਾਇਆ ਗਿਆ ਅਤੇ ਟਾਕਰੀ, ਦੇਵਨਾਗਰੀ, ਗੁਰਮੁਖੀ ਆਦਿ ਅੱਖਰਾਂ ਦੀ ਜਾਣ ਪਛਾਣ ਕਰਾਈ ਗਈ; ਫਿਰ ਸੰਸਕ੍ਰਿਤ ਪ੍ਰਾਕ੍ਰਿਤ ਭੀ ਪੜ੍ਹਾਈ ਗਈ। ਉਸ ਵਕਤ ਗੋਇੰਦਵਾਲ ਦੇ ਨੇੜੇ ਹੀ ਬਿਆਸ ਨਦੀਓਂ ਪਾਰ 'ਸੁਲਤਾਨਪੁਰ ਲੋਧੀ' ਵਿਚ ਇਸਲਾਮੀ ਵਿਦਿਆਪੀਠ ਭੀ ਕਾਇਮ ਸੀ। ਜਿਸ ਵਿਚ ਬਾਦਸ਼ਾਹਜ਼ਾਦੇ, ਖ਼ਾਨਜ਼ਾਦੇ ਤੇ ਹੋਰ ਸਾਹਿਬਜ਼ਾਦੇ ਵੀ ਉੱਚ ਵਿਦਿਆ ਪ੍ਰਾਪਤ ਕਰ ਰਹੇ ਸਨ। ਸ਼ਾਹ ਜਹਾਨ ਬਾਦਸ਼ਾਹ ਦੇ ਪੁਤਰ-ਪੋਤਰੇ ਇਸੇ ਯੂਨੀਵਰਸਿਟੀ ਵਿਚ ਸੁਸਿਖਤ ਹੋਏ ਸਨ। ਹੋ ਸਕਦਾ ਹੈ ਸੰਮਤ 1623 ਬਿ. (1566 ਈ.) ਤਕ ਭਾਈ ਸਾਹਿਬ ਨੇ ਭੀ ਅਰਬੀ ਫ਼ਾਰਸੀ ਇਸੇ ਵਿਦਿਆ-ਪੀਠ ਵਿਚ ਸਿਖੀ ਤੇ ਇਸਲਾਮ ਸੰਬੰਧੀ ਮੁਢਲੀ ਵਾਕਫੀਅਤ ਹਾਸਲ ਕੀਤੀ ਹੋਵੇ।" [2]

---

1 ਭਾਈ ਗੁਰਦਾਸ, ਪੰਨਾ 7

2 ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1965, ਪੰਨਾ 2

ਇਕ ਵਿਚਾਰ ਇਹ ਵੀ ਹੈ ਕਿ ਅਕਬਰ ਬਾਦਸ਼ਾਹ ਸਿਖ-ਧਰਮ ਸਬੰਧੀ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰੀ ਈਸ਼ਰ ਦਾਸ ਭੱਲੇ ਨੂੰ ਗੁਰੂ ਅਮਰਦਾਸ ਦੀ ਇਜਾਜ਼ਤ ਨਾਲ, ਆਪਣੇ ਕੋਲ ਲੈ ਗਿਆ। ਇਉਂ ਭਾਈ ਗੁਰਦਾਸ ਨੂੰ ਬਚਪਨ ਤੋਂ ਸ਼ਾਹੀ ਦਰਬਾਰ ਦੇ ਨੇੜੇ ਰਹਿਣ ਦਾ ਮੌਕਾ ਮਿਲ ਗਿਆ ਤੇ "ਮੁਗ਼ਲਈ ਮਿਜ਼ਾਜਾਂ ਤੇ ਰਾਜ-ਪ੍ਰਬੰਧ ਦਾ ਵਿਸ਼ਾਲ ਗਿਆਨ, ਆਪ ਨੇ ਇਸੇ ਨੇੜ ਵਿਚ 'ਲਾਹੌਰ' ਤੇ 'ਆਗਰੇ' ਰਹਿ ਕੇ ਪ੍ਰਾਪਤ ਕੀਤਾ।"[1]

ਇਸ ਉਪਰੋਕਤ ਵਿਚਾਰ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਜਿੱਥੇ ਭਾਈ ਸਾਹਿਬ ਨੂੰ ਬਚਪਨ ਵਿਚ ਹੀ ਪੜ੍ਹਨ ਲਿਖਣ ਦਾ ਸ਼ੌਕ ਸੀ ਉੱਥੇ ਵਿਦਿਆ ਪ੍ਰਾਪਤੀ ਲਈ ਸਭ ਸਹੂਲਤਾਂ ਵੀ ਮਿਲਦੀਆਂ ਰਹੀਆਂ। ਇਉਂ 'ਸੋਨੇ ਤੇ ਸੁਹਾਗੇ' ਵਾਂਗ ਭਾਈ ਸਾਹਿਬ ਜੋ ਬਾਲ ਅਵੱਸਥਾ ਵਿਚ ਹੀ 'ਹੋਣਹਾਰ ਬਿਰਵਾਨ ਕੇ ਹੋਤ ਚੀਕਣੇ ਪਾਤ' ਸਨ, ਭਾਂਤ ਭਾਂਤ ਦੀ ਵਿਦਿਆ ਤੇ ਗਿਆਨ ਪ੍ਰਾਪਤ ਕਰ ਕੇ ਛੇਤੀ ਹੀ ਮਹਾਨ ਵਿਦਵਾਨ ਬਣ ਗਏ।

ਸੰਸਾਰਕ ਵਿਦਿਆ ਪ੍ਰਾਪਤੀ ਦੇ ਨਾਲ ਨਾਲ ਸਤਿਗੁਰਾਂ ਦੇ ਹਜ਼ੂਰ ਬਹੁਤ ਸਮਾਂ ਰਹਿਣ ਕਰਕੇ ਆਪ ਆਤਮਕ ਵਿਦਿਆ ਵਿਚ ਵੀ ਨਿਪੁੰਨ ਹੋ ਗਏ। ਗੁਰੂ ਅਮਰਦਾਸ ਦੀ ਮਹਾਨ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੇ ਸਿੱਧੀ ਅਗਵਾਈ ਦੇ ਫਲ-ਸਰੂਪ ਭਾਈ ਸਾਹਿਬ ਗੁਰਮਤ ਦੇ ਵਿਦਵਾਨ ਅਤੇ ਵਿਸ਼ੇਸ਼ੱਗ ਦੇ ਰੂਪ ਵਿਚ ਨਿਖਰੇ। ਮਨੁੱਖਾ ਜੀਵਨ ਨੂੰ, ਆਪਣੀ ਤੀਖਣ ਬੁੱਧੀ ਦੇ ਬਲ ਨਾਲ ਏਨਾ ਨੇੜਿਉਂ ਘੋਖਿਆ ਕਿ ਉਹਨਾਂ ਨੂੰ ਜੀਵਨ ਦਾ ਬਹੁ-ਪੱਖੀ ਗਿਆਨ ਪ੍ਰਾਪਤ ਹੋ ਗਿਆ। ਇਸ ਉੱਚ ਵਿਦਵਤਾ ਦਾ ਅੰਦਾਜ਼ਾ ਆਪ ਦੀ ਰਚਨਾ 'ਵਾਰਾਂ' ਤੋਂ ਭਲੀ ਭਾਂਤ ਲਾਇਆ ਜਾ ਸਕਦਾ ਹੈ। ਬਚਪਨ ਤੋਂ ਹੀ ਗੁਰ-ਚਰਨ-ਛੋਹ ਦਾ ਸਦਕਾ ਆਪ ਸਿਖ ਧਰਮ ਦੇ ਲਾਸਾਨੀ ਪਰਚਾਰਕ ਦੇ ਰੂਪ ਵਿਚ ਹੁਣ ਤਕ ਸਤਿਕਾਰੇ ਜਾ ਰਹੇ ਹਨ ਤੇ ਇਹ ਸਤਿਕਾਰ ਸਿਖ ਸੰਗਤਾਂ ਵਲੋਂ ਸਦਾ ਹੀ ਆਪ ਨੂੰ ਮਿਲਦਾ ਰਹੇਗਾ।

(ੲ) ਵਿਸ਼ੇਸ਼ ਜੀਵਨ-ਘਟਨਾਵਾਂ

ਤੀਜੇ ਪਾਤਸ਼ਾਹ, ਗੁਰੂ ਅਮਰਦਾਸ ਤੋਂ ਲੈ ਕੇ ਛੇਵੇਂ ਸਤਿਗੁਰੂ, ਗੁਰੂ ਹਰਗੋਬਿੰਦ ਸਾਹਿਬ ਤਕ ਭਾਈ ਗੁਰਦਾਸ ਨੂੰ ਜੋ ਵੀ ਸੇਵਾ ਸੌਂਪੀ ਗਈ, ਭਾਈ ਸਾਹਿਬ ਨੇ ਬੜੀ ਸੁਘੜਤਾ ਨਾਲ ਨਿਭਾਈ। ਇਉਂ ਆਪ ਨੇ ਹਰੇਕ ਕੰਮ ਨੂੰ ਸਫਲਤਾ ਸਹਿਤ ਪੂਰਾ ਕਰਨ ਦੀ ਯੋਗਤਾ

---

1 ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 3

ਦਾ ਸਬੂਤ ਦਿਤਾ। ਭਾਈ ਸਾਹਿਬ ਇਹਨਾਂ ਸਾਰੇ ਗੁਰੂ ਸਾਹਿਬਾਨ ਦੇ ਨਿਕਟ ਸੰਬੰਧੀ ਸਨ ਤੇ ਸਭ ਕੁਝ ਗੁਰੂ-ਘਰ ਤੋਂ ਸਦਕੇ ਕੀਤਾ ਹੋਇਆ ਸੀ, ਘਰ-ਬਾਰ, ਪਰਿਵਾਰ ਸਭ ਕੁਝ ਗੁਰੂ ਹੀ ਸੀ। ਸਿਵਾਏ ਗੁਰੂ ਅਮਰਦਾਸ ਦੇ ਬਾਕੀ ਗੁਰੂ ਸਾਹਿਬਾਨ ਉਮਰ ਵਿਚ ਭਾਈ ਸਾਹਿਬ ਤੋਂ ਛੋਟੇ ਸਨ ਇਸ ਲਈ ਸਤਿਗੁਰਾਂ ਦੇ ਘਰੇਲੂ ਕੰਮਾਂ ਕਾਜਾਂ ਦਾ ਪ੍ਰਬੰਧ ਕੁਦਰਤੀ ਤੌਰ ਤੇ ਆਪ ਦੇ ਜ਼ਿੰਮੇ ਰਿਹਾ। ਆਪ ਹਰ ਕਾਰਜ ਵਿਚ ਸ਼ਾਮਲ ਹੁੰਦੇ ਸਨ। ਬਾਬਾ ਸੂਰਜ ਮਲ ਦੇ ਵਿਆਹ ਸਮੇਂ ਭਾਈ ਸਾਹਿਬ ਨਾਲ ਗਏ ਤੇ ਬਾਬਾ ਗੁਰਦਿੱਤਾ ਦੇ ਵਿਆਹ ਸਮੇਂ ਆਪ ਨੇ ਹੀ ਅਰਦਾਸ ਕੀਤੀ। ਮਾਤਾ ਗੰਗਾ ਜੀ ਦੇ ਚਲਾਣੇ ਸਮੇਂ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ, ਭੋਗ ਪਾਇਆ ਤੇ ਫਿਰ ਅਰਦਾਸ ਕੀਤੀ।[1]

ਜਦੋਂ ਜਦੋਂ ਵੀ ਕਿਸੇ ਕਾਰਜ ਲਈ ਸਤਿਗੁਰੂ ਜੀ ਨੂੰ ਬਾਹਰ ਜਾਣ ਦੀ ਲੋੜ ਪਈ ਤਾਂ ਪਿਛੋਂ ਮੁਖ ਪ੍ਰਬੰਧਕ ਭਾਈ ਸਾਹਿਬ ਹੀ ਥਾਪੇ ਜਾਂਦੇ ਰਹੇ। ਜਦੋਂ ਬਾਬਾ ਬੁੱਢਾ ਜੀ ਦਾ ਦੇਹਾਂਤ ਹੋਇਆ ਤਾਂ ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਭਾਈ ਸਾਹਿਬ ਨੇ ਕੀਤਾ ਤੇ ਅਰਦਾਸਾ ਵੀ ਸੋਧਿਆ।

ਬਾਬਾ ਬੁੱਢਾ ਜੀ ਦੇ ਗੁਰਪੁਰੀ ਸਿਧਾਰਨ ਪਿਛੋਂ ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਪਦਵੀ ਸੌਂਪੀ ਗਈ। ਇਸ ਸਮੇਂ ਭਾਈ ਸਾਹਿਬ ਨੇ ਆਪਣੀਆਂ ਕਈ ਵਾਰਾਂ ਦੀ ਰਚਨਾ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਦਾ ਜ਼ਿਕਰ ਜਿਨ੍ਹਾਂ ਵਾਰਾਂ ਵਿਚ ਹੈ ਉਹ ਗੁਰੂ ਜੀ ਦੇ ਜੰਗਾਂ ਜੁੱਧਾਂ ਦੇ ਸਮੇਂ ਜਾਂ ਬਾਅਦ ਵਿਚ ਲਿਖੀਆਂ ਗਈਆਂ। ਕੁਝ ਕੁ ਰਚਨਾ ਗੁਰੂ ਅਰਜਨ ਦੇਵ ਦੇ ਸਮੇਂ ਤਕ ਵੀ ਕੀਤੀ ਜਾ ਚੁਕੀ ਸੀ ਜਿਸ ਵਿਚ ਗੁਰਮਤ ਦੇ ਮਾਰਗ ਨੂੰ ਸੌਖੇ ਢੰਗ ਤੇ ਸੌਖੀ ਬੋਲੀ ਵਿਚ ਸਮਝਾਉਣ ਦਾ ਜਤਨ ਕੀਤਾ ਗਿਆ ਸੀ ਤੇ ਇਸੇ ਕਾਰਨ ਗੁਰੂ ਅਰਜਨ ਦੇਵ ਨੇ ਕਿਹਾ ਜਾਪਦਾ ਹੈ ਕਿ ਆਪ ਦੀ ਰਚਨਾ 'ਗੁਰਬਾਣੀ ਦੀ ਕੁੰਜੀ' ਹੋਵੇਗੀ। ਗੁਰੂ ਪੰਚਮ ਪਾਤਸ਼ਾਹ ਨੇ ਭਾਈ ਸਾਹਿਬ ਦੀ ਉਸ ਸਮੇਂ ਤਕ ਦੀ ਰਚੀ ਬਾਣੀ ਦੇ ਵਿਚਾਰ ਤੇ ਕਲਾ ਪੱਖ ਤੋਂ ਅਨੁਮਾਨ ਲਾ ਕੇ ਇਹ ਭਵਿਖਤ ਵਾਕ ਕਹੇ ਜਾਪਦੇ ਹਨ।

ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਗੁਰੂ-ਅਰਪਨ ਕੀਤਾ ਹੋਇਆ ਸੀ ਤੇ ਗੁਰੂ ਸਾਹਿਬਾਨ ਦੀ ਆਗਿਆ ਵਿਚ ਰਹਿੰਦੇ ਹੋਏ ਸਭ ਕਾਰਜ ਕਰਦੇ ਰਹੇ। ਆਪ ਦਾ ਮੁਖ ਨਿਸ਼ਾਨਾ ਗੁਰਸਿਖੀ ਦਾ ਪਰਚਾਰ ਰਿਹਾ ਤੇ ਇਸ ਵਿਚ ਉਹ ਇੰਨੇ ਮਗਨ ਰਹੇ ਕਿ ਹੋਰ ਕਿਸੇ ਗੱਲ ਵੱਲ

---

1. ਗੁਰ ਪ੍ਰਤਾਪ ਸੂਰਜ, ਰਾਸ 5 ਅੰਸੂ 63, ਅੰਕ 45

ਧਿਆਨ ਹੀ ਨਹੀਂ ਗਿਆ ਜਾਪਦਾ। ਇਥੋਂ ਤਕ ਕਿ ਆਪ ਨੇ, ਲਗਦਾ ਹੈ, ਵਿਆਹ ਵੀ ਨਹੀਂ ਕਰਵਾਇਆ। ਭਾਈ ਸਾਹਿਬ ਦੇ ਜੀਵਨ ਸਬੰਧੀ ਜੋ ਕੁਝ ਵੀ ਲਿਖਿਆ ਹੋਇਆ ਮਿਲਦਾ ਹੈ, ਉਸ ਵਿਚ ਭਾਈ ਸਾਹਿਬ ਦੇ ਵਿਆਹ ਕਰਨ ਦਾ ਜ਼ਿਕਰ ਤਕ ਨਹੀਂ ਮਿਲਦਾ। ਜੇ ਇਹ ਗੱਲ ਹੋਈ ਹੁੰਦੀ ਤਾਂ ਕਿਤੇ ਨਾ ਕਿਤੇ ਤਾਂ ਜ਼ਿਕਰ ਪੈ ਹੀ ਜਾਂਦੀ।

ਗੁਰਬਾਣੀ ਦੀ ਕੁੰਜੀ :-

ਇੱਥੇ ਇਕ ਹੋਰ ਗੱਲ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ। ਉਹ ਇਹ ਕਿ ਭਾਈ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਨਹੀਂ ਚੜ੍ਹਾਈ ਗਈ। ਇਸ ਸਬੰਧ ਵਿਚ ਹੋਰ ਸਾਰੀਆਂ ਵਿਚਾਰਾਂ ਨੂੰ ਛੱਡ ਕੇ ਇਕੋ ਹੀ ਵਿਚਾਰ ਤੇ ਮਨ ਟਿਕਦਾ ਹੈ ਕਿ (ਪਰਚਾਰ ਸਾਹਿਤ ਹੋਣ ਕਰ ਕੇ) ਭਾਈ ਗੁਰਦਾਸ ਨੇ ਆਪ ਹੀ ਆਪਣੀ ਰਚਨਾ ਨੂੰ ਗੁਰਬਾਣੀ ਦੇ ਤੁਲ ਰਖਣਾ ਠੀਕ ਨਹੀਂ ਸਮਝਿਆ।[1] ਪਰ ਗੁਰੂ ਜੀ ਨੇ ਆਪ ਦੀ ਰਚਨਾ ਦਾ ਸਤਿਕਾਰ ਕਰਦਿਆਂ, ਜਿਵੇਂ ਕਿ ਉਪਰ ਕਿਹਾ ਗਿਆ ਹੈ, 'ਗੁਰਬਾਣੀ ਦੀ ਕੁੰਜੀ' ਹੋਣ ਦੀ ਭਵਿਖ ਬਾਣੀ ਕੀਤੀ।

ਸਿਖ ਸਿਦਕ ਨਾ ਹਾਰੇ:-

ਇਕ ਹੋਰ ਘਟਨਾ ਜਿਸ ਬਾਰੇ ਲਗ ਭਗ ਸਾਰੀਆਂ ਪੁਸਤਕਾਂ ਵਿਚ ਜ਼ਿਕਰ ਮਿਲਦਾ ਹੈ ਉਹ ਹੈ ਭਾਈ ਸਾਹਿਬ ਦੇ ਸਿਦਕ ਤੋਂ ਥਿੜਕ ਜਾਣ ਦੀ ਘਟਨਾ। ਇਸ ਘਟਨਾ ਦਾ ਆਧਾਰ "ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ"[2] ਅਤੇ "ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ"[3] ਤੁਕਾਂ ਤੇ ਮਿਥਿਆ ਗਿਆ ਹੈ। ਇਸ ਘਟਨਾ ਅਨੁਸਾਰ ਭਾਈ ਗੁਰਦਾਸ ਘੋੜੇ ਖਰੀਦਣ ਲਈ ਕਾਬਲ ਗਏ, ਸਿਦਕ ਡੋਲ ਗਿਆ ਤੇ ਰੁਪਏ ਠੀਕਰੀਆਂ ਦੇ ਰੂਪ ਵਿਚ ਨਜ਼ਰ ਆਏ।

ਜਿਵੇਂ ਹੋਰ ਕਈ ਗੱਲਾਂ ਬਾਰੇ ਵਿਦਵਾਨਾਂ ਵਿਚ ਇਤਫ਼ਾਕ-ਰਾਏ ਨਹੀਂ, ਇਸ ਘਟਨਾ ਬਾਰੇ ਵੀ ਉਹੀ ਹਾਲ ਹੈ। ਭਾਈ ਰਣਧੀਰ ਸਿੰਘ ਇਹ ਘਟਨਾ ਸੰਮਤ 1667 ਬਿ: ਵਿਚ ਹੋਈ ਲਿਖਦੇ ਹਨ ਤੇ ਘਟਨਾ-ਸਥਲ ਅੰਮ੍ਰਿਤਸਰ ਦਸਦੇ ਹਨ। ਨਾਲ ਹੀ ਇਹ, ਕਿ ਜਦੋਂ ਗੁਰੂ ਜੀ ਖ਼ਜ਼ਾਨਚੀ ਕੋਲੋਂ ਰੁਪਏ ਗਿਣਵਾ ਕੇ ਭਾਈ ਸਾਹਿਬ ਨੂੰ ਦੇ ਰਹੇ ਸਨ ਓਦੋਂ ਹੀ ਉਹ ਠੀਕਰੀਆਂ ਨਜ਼ਰ ਆਏ।[4] ਗਿਆਨੀ ਤਰਲੋਕ ਸਿੰਘ ਅਨੁਸਾਰ ਇਹ ਘਟਨਾ ਕਾਬਲ ਵਿਚ

1. ਕਬਿੱਤ ਭਾਈ ਗੁਰਦਾਸ, ਦੂਸਰਾ ਸਕੈਂਚ, ਪੰਨਾ 44
2. ਵਾਰ 35, ਪਉੜੀ 20, ਤੁਕ 6
3. ਵਾਰ 35, ਪਉੜੀ 22, ਤੁਕ 6
4. ਪੰਜਾਬੀ ਦੁਨੀਆਂ-ਭਾਈ ਗੁਰਦਾਸ ਅੰਕ, 1968, ਪੰਨਾ 12

ਵਾਪਰੀ ਤੇ "ਸੰਦੂਕ ਵਿਚ ਕੋਲੇ ਨਜ਼ਰ ਆਏ।"[1] ਇਸੇ ਤਰ੍ਹਾਂ "ਸੂਰਜ ਪ੍ਰਕਾਸ਼ ਤੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਭਾਈ ਗੁਰਦਾਸ ਦਾ ਕਾਬਲ ਘੋੜੇ ਖ਼ਰੀਦਣ ਜਾਣਾ ਦਸਿਆ ਹੈ, ਪਰ ਮਹਿਮਾ ਪ੍ਰਕਾਸ਼ ਵਾਰਤਕ ਤੇ ਮਹਿਮਾ ਪ੍ਰਕਾਸ਼ ਵੱਡਾ, ਦੋਹਾਂ ਵਿਚ ਘੋੜੇ ਖ਼ਰੀਦਣ ਦਾ ਪ੍ਰਸੰਗ ਅੰਮ੍ਰਿਤਸਰ (ਰਾਮਦਾਸਪੁਰੇ) ਵਰਤਿਆ ਹੀ ਦਸਿਆ ਹੈ।"[2] ਜੇ ਕਿਸੇ ਨੇ ਇਸ ਘਟਨਾ ਦਾ ਸੰਮਤ 1667 ਬਿ: ਦਸਿਆ ਹੈ ਤਾਂ ਕਿਸੇ ਹੋਰ ਨੇ ਸੰਮਤ 1686 ਬਿ:[3] ਲਿਖਿਆ ਹੈ। ਆਮ ਵਿਚਾਰ ਅਨੁਸਾਰ ਭਾਈ ਸਾਹਿਬ ਕਾਬਲ ਤੋਂ ਜਾਂ ਅੰਮ੍ਰਿਤਸਰ ਤੋਂ ਕਾਸ਼ੀ ਗਏ।

"ਗੁਰ ਬਿਲਾਸ" ਵਿਚ ਲਿਖਿਆ ਹੈ ਕਿ ਭਾਈ ਜੀ ਵੱਲੋਂ ਮਾਫ਼ੀ ਦੀ ਚਿੱਠੀ ਲਿਖਣ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਸਦਵਾਇਆ। ਫਿਰ ਆਪ ਹੀ ਲਿਖਦੇ ਹਨ ਕਿ ਗੁਰੂ ਜੀ ਨੇ ਕਾਸ਼ੀ ਦੇ ਰਾਜਾ ਨੂੰ ਲਿਖਿਆ ਕਿ ਸਾਡਾ ਚੋਰ ਤੁਹਾਡੇ ਪਾਸ ਹੈ, ਬੰਨ੍ਹ ਕੇ ਘੱਲੋ।[4]

ਭਾਈ ਵੀਰ ਸਿੰਘ ਲਿਖਦੇ ਹਨ:-

> "ਸੂਰਜ ਪ੍ਰਕਾਸ਼ ਆਦਿ ਸਾਰਿਆਂ ਨੇ ਭਾਈ ਗੁਰਦਾਸ ਜੀ ਦਾ ਘੋੜੇ ਖ਼ਰੀਦਣਾ, ਨਸ ਜਾਣਾ ਤੇ ਵਾਪਸ ਸੱਦੇ ਜਾਣਾ-ਦੋਵੇਂ ਪ੍ਰਸੰਗ ਛੇਵੇਂ ਸਤਿਗੁਰਾਂ ਦੇ ਵੇਲੇ ਲਿਖੇ ਹਨ। ਪਰ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਘੋੜਿਆਂ ਵਾਲਾ ਤੇ ਨਸ ਜਾਣ ਵਾਲਾ ਪ੍ਰਸੰਗ ਪੰਜਵੇਂ ਸਤਿਗੁਰਾਂ ਦੇ ਵੇਲੇ ਹੋਇਆ ਤੇ ਵਾਪਸ ਛੇਵੇਂ ਸਤਿਗੁਰਾਂ ਨੇ ਸਦਿਆ। ਇਹ ਗੱਲ ਵੀ ਠੀਕ ਸਹੀ ਨਹੀਂ ਹੁੰਦੀ। ਇਤਿਹਾਸਕਾਰਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਛੇਵੇਂ ਗੁਰੂ ਜੀ ਦੀ ਗੱਦੀ-ਨਸ਼ੀਨੀ ਸਮੇਂ ਭਾਈ ਗੁਰਦਾਸ ਜੀ ਅੰਮ੍ਰਿਤਸਰ ਦੱਸੇ ਹਨ ਅਤੇ ਇਹ ਸੰਭਵ ਵੀ ਨਹੀਂ ਕਿ ਗੁਰੂ ਅਰਜਨ ਦੇਵ ਜੀ ਦਾ ਹਿਰਦੇ ਵੇਧਕ ਸਾਕਾ ਵਰਤ ਜਾਏ ਤੇ ਪਰਮ ਪ੍ਰੇਮੀ ਭਾਈ ਗੁਰਦਾਸ ਜੀ ਲੁਕੇ ਬੈਠੇ ਰਹਿਣ ਤੇ ਅੰਮ੍ਰਿਤਸਰ ਆਪੇ ਨਾ ਆ ਜਾਣ।"[5]

ਢੂੰਡ ਭਰੀ ਇਸ ਸਾਰੀ ਚਰਚਾ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਸਾਖੀ ਮਨਘੜਤ ਹੈ। ਇਹ ਸਾਖੀ ਲਿਖਣ ਵਾਲਿਆਂ ਦੀ ਲਿਖਤ ਵਿਚ ਇਕ ਹੋਰ ਵਖੇਵਾਂ ਵੀ ਹੈ; ਕਿਸੇ ਨੇ ਪੰਜਾਹ

---

1 ਜੀਵਨ ਭਾਈ ਗੁਰਦਾਸ, ਪੰਨਾ 125
2. ਕਬਿੱਤ ਭਾਈਗੁਰਦਾਸ, ਦੂਸਰਾ ਸਚੈਂਪ, ਪੰਨਾ 64, ਫੁਟਨੋਟ
3. ਗੁਰਦਾਸ ਦਰਸ਼ਨ, ਲਾਲ ਸਿੰਘ, ਪੰਨਾ 28
4. ਕਬਿੱਤ ਭਾਈ ਗੁਰਦਾਸ, ਦੂਸਰਾ ਸਚੈਂਪ, ਪੰਨਾ 73, ਫੁਟ ਨੋਟ
5. ਕਬਿੱਤ ਭਾਈ ਗੁਰਦਾਸ, ਦੂਸਰਾ ਸਚੈਂਪ, ਪੰਨਾ 73-74 ਫੁਟ ਨੋਟ

ਹਜ਼ਾਰ 'ਮੋਹਰਾਂ' ਤੇ ਕਿਸੇ ਨੇ 'ਰੁਪਏ' ਲਿਜਾਣੇ ਲਿਖੇ ਹਨ ; ਕਿਸੇ ਨੇ ਸਾਥੀ ਦੁਨੀ ਚੰਦ ਪਸ਼ੌਰੀ ਤੇ ਭਾਈ ਹਰਾ ਕਾਬਲੀ ਲਿਖਿਆ ਹੈ ਤੇ ਕਿਸੇ ਨੇ ਭਾਈ ਭਾਨਾ (ਬਾਬਾ ਬੁੱਢਾ ਜੀ ਦਾ ਪੁੱਤਰ) ਤੇ ਭਾਈ ਗੁਰਦਿੱਤਾ ਆਦਿ ।[1]

ਇੰਜ ਜਾਪਦਾ ਹੈ ਕਿ ਮਸੰਦ ਪਾਰਟੀ ਵਲੋਂ ਭਾਈ ਸਾਹਿਬ ਤੇ ਦੂਸ਼ਨ ਲਾਉਣ ਦਾ ਜਤਨ ਕੀਤਾ ਗਿਆ ਸੀ। ਗੁਰੂ ਜੀ ਕਿਸੇ ਸਿਖ ਨੂੰ ਭਰੋਸੇ ਤੋਂ ਡੁਲਾਉਂਦੇ ਨਹੀਂ, ਸਗੋਂ ਹੌਸ ਦੇ ਕੇ ਡੋਲਣ ਤੋਂ ਬਚਾਉਂਦੇ ਹਨ, ਲੋੜ ਪਵੇ ਤਾਂ ਪਹਿਰਾ ਵੀ ਦੇਂਦੇ ਹਨ ।

ਅਸਲ ਗੱਲ ਇਉਂ ਜਾਪਦੀ ਹੈ ਕਿ ਗੁਰੂ ਹਰਿ ਗੋਬਿੰਦ ਦਾ ਰਾਜਸੀ ਠਾਠ ਬਾਠ ਦੇਖ ਕੇ ਕੁਝ ਵਿਚਾਰਾਂ ਟੁਰ ਪਈਆਂ ਜਿਨ੍ਹਾਂ ਵਿਚੋਂ ਨਿੰਦਾ ਦੀ ਝਲਕ ਪੈਂਦੀ ਸੀ। ਭਾਈ ਸਾਹਿਬ ਨੇ ਇਸ ਲੋਕ-ਚਰਚਾ ਦਾ ਜ਼ਿਕਰ ਇਕ ਪਉੜੀ ਵਿਚ ਕੀਤਾ ਹੈ :—

ਧਰਮ ਸਾਲ ਕਰ ਬਹੀਦਾ, ਇਕਤ ਥਾਂ ਨ ਟਿਕੈ ਟਿਕਾਯਾ ।
ਪਾਤਸ਼ਾਹ ਘਰਿ ਆਂਵਦੇ ਗੜ੍ਹ ਚੜ੍ਹਿਆ ਪਾਤਿਸ਼ਾਹ ਚੜ੍ਹਾਯਾ ।
ਉੱਮਤ ਮਹਿਲ ਨਾ ਪਾਂਵਦੀ ਨਠੇ ਫਿਰੈ ਨ ਡਰੈ ਡਰਾਯਾ ।
ਮੰਜੀ ਬਹਿ ਸੰਤੋਖਦਾ ਕੁੱਤੇ ਰਖ ਸਿਕਾਰ ਖਿਲਾਯਾ ।
ਬਾਣੀ ਕਰ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਵ ਸੁਣਾਯਾ ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਯਾ ।
ਸੱਚ ਨ ਲੁਕੈ ਲੁਕਾਇਆ ਚਰਨ ਕਵਲ ਸਿਖ ਭਵਰ ਲੁਭਾਯਾ ।
ਅਜਰ ਜਰੇ ਨ ਆਪ ਜਣਾਯਾ [2]

ਇਸ ਕਿਸਮ ਦੀ ਚਰਚਾ ਨੂੰ ਸਾਮ੍ਹਣੇ ਰਖ ਕੇ ਭਾਈ ਗੁਰਦਾਸ ਨੇ ਸਿਖਾਂ ਨੂੰ ਛੇਵੇਂ ਗੁਰੂ ਜੀ ਦੇ ਸਾਂਗ ਵਰਤਾਉਣ ਉਤੇ ਵੀ ਅਡੋਲ ਰਹਿਣ ਦਾ ਠੀਕ ਉਪਦੇਸ਼ ਦਿਤਾ ਤੇ ਇਹ ਗੱਲ ਦ੍ਰਿੜ੍ਹ ਕਰਾਈ ਕਿ

"ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ ।"

ਇਸ ਉਪਰਲੀ ਪਉੜੀ (ਵਾਰ 26 ਪਉੜੀ 24) ਵਿਚ ਨਿੰਦਕ ਲੋਕਾਂ ਦੀਆਂ ਸ਼ਿਕਾਵਾਂ ਦਾ ਜ਼ਿਕਰ ਕਰ ਕੇ ਅਖੀਰਲੀਆਂ ਤੁਕਾਂ ਵਿਚ ਦਸਿਆ ਕਿ ਸੱਚ ਲੁਕਦਾ ਨਹੀਂ ਤੇ ਗੁਰਸਿਖ ਚਰਨ ਕੰਵਲਾਂ ਦੇ ਭੌਰੇ ਹਨ। ਇਸੇ ਵਾਰ ਦੀ ਪਉੜੀ ਨੰ: 21 ਵਿਚ ਪਰਗਟ ਕੀਤਾ ਹੈ ਕਿ ਗੁਰੂ ਸਾਹਿਬ

1. ਗੁਰਦਾਸ ਦਰਸ਼ਨ, ਪੰਨਾ 30
2. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 24

ਇਹ ਸਭ ਕੁਝ ਸੰਗਤਾਂ ਦੀ ਰਖਿਆ ਲਈ ਹੀ ਕਰ ਰਹੇ ਹਨ, ਉਵੇਂ ਹੀ ਜਿਵੇਂ ਖੇਤ ਦੀ ਰਖਵਾਲੀ ਲਈ ਵਾੜ ਲਾਈਦੀ ਹੈ ।

ਗੁਰੂ ਹਰਿ ਗੋਬਿੰਦ ਸਾਹਿਬ ਬਾਰੇ ਭਾਈ ਸਾਹਿਬ ਦੀ ਬੜੀ ਸਪੱਸ਼ਟ ਰਾਏ ਹੈ.–

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥ ਸਹੰਦਾ ।
ਰਸ ਕਸ ਰੂਪ ਨ ਰੇਖ ਵਿਚ ਰਾਗ ਰੰਗ ਨਿਰਲੇਪ ਰਹੰਦਾ ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ ।
ਗੁਰ ਗੋਵਿੰਦ ਗੋਵਿੰਦ ਗੁਰ ਹਰਿ ਗੋਬਿੰਦ ਸਦਾ ਵਿਗਸੰਦਾ ।
ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲੰਦਾ ।
ਗੁਰਮੁਖ ਮਾਰਗ ਚਲਣਾ ਖੰਡੇ ਧਾਰ ਕਾਰ ਨਿਬਹੰਦਾ ।
ਗੁਰਸਿਖ ਲੈ ਗੁਰ ਸਿਖ ਚਲੰਦਾ ।[1]

ਹੋਰ ਵੇਖੋ–

ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਆਪੇ ਆਪ ਉਪਾਯਾ ।
ਗੁਰ ਗੋਬਿੰਦ ਗੋਵਿੰਦ ਗੁਰ ਜੋਤਿ ਇਕ ਦੁਇ ਨਾਂਵ ਧਰਾਯਾ ।
ਪੁਤ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦ ਸੁਣਾਯਾ ।
ਬਿਰਖਹੁ ਫਲ ਫਲ ਤੇ ਬਿਰਖ ਆਚਰਜਹੁ ਆਚਰਜ ਸੁਹਾਯਾ ।
ਨਦੀ ਕਿਨਾਰੇ ਆਖੀਅਨਿ ਪੁਛੇ ਪਾਰਾ ਵਾਰ ਨ ਪਾਯਾ ।
ਹੋਰਨਿ ਅਲਖ ਨ ਲਖੀਐ ਗੁਰ ਚੇਲੇ ਮਿਲ ਅਲਖ ਲਖਾਯਾ ।
ਹਰਿ ਗੋਵਿੰਦ ਗੁਰੂ ਗੁਰ ਭਾਯਾ ।[2]

ਅਜਿਹੇ ਸਤਿਗੁਰੂ ਜੀ ਬਾਰੇ ਇਹ ਕਹਿਣਾ ਕਿ ਉਹ ਸਿਖ ਨੂੰ ਭੁਲਾ ਦੇਣਗੇ, ਅਨੁਚਿਤ ਹੈ ।

ਭਾਈ ਗੁਰਦਾਸ, ਤੀਜੇ ਗੁਰੂ, ਗੁਰੂ ਅਮਰਦਾਸ ਤੋਂ ਲੈ ਕੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਤਕ ਸਤਿਗੁਰ–ਦੀਦਾਰ ਦਾ ਰਸ ਮਾਣਦੇ ਰਹੇ ਤੇ ਗੁਰੂ-ਘਰ ਦੀ ਸੇਵਾ ਵਿਚ ਜੁਟੇ ਰਹੇ । ਇਹ ਸਾਰਾ ਸਮਾਂ ਗੁਰੂ–ਘਰ ਦੇ ਵੱਖ–ਵੱਖ ਕੰਮਾਂ ਕਾਜਾਂ ਵਿਚ ਬੀਤਿਆ । ਸੋ ਭਾਈ ਸਾਹਿਬ ਦਾ ਸਾਰਾ ਜੀਵਨ ਸੰਘਰਸ਼ਮਈ ਤੇ ਪ੍ਰਭਾਵਸ਼ਾਲੀ ਜੀਵਨ ਹੈ । ਭਾਈ ਸਾਹਿਬ ਜਿਥੇ ਗੁਰੂ ਸਾਹਿਬਾਨ ਦੇ ਅਨਿੰਨ ਸੇਵਕ ਸਨ ਉਥੇ ਜ਼ਿਮੇਵਾਰ ਪ੍ਰਬੰਧਕ ਦੇ ਨਾਤੇ ਗੁਰੂ–ਘਰ ਦੇ ਪ੍ਰਬੰਧ ਦੀ ਸੰਭਾਲ ਵੀ ਕੀਤੀ । ਉਨ੍ਹਾਂ ਦੇ ਜੀਵਨ ਤੇ ਝਾਤ ਪਾਇਆਂ ਪਤਾ ਲਗਦਾ ਹੈ ਕਿ ਆਪ ਗੁਰੂ–ਘਰ ਦੀ ਹਰ ਮਹੱਤਵ ਪੂਰਨ ਸਰਗਰਮੀ ਵਿਚ ਸ਼ਾਮਲ ਰਹੇ ।

---

1. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 21
2. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 24

ਰਾਮਦਾਸ ਪੁਰ ਦੀ ਉਸਾਰੀ :-

ਸੰਮਤ 1627 ਬਿ: ਵਿਚ ਜਦੋਂ ਗੁਰੂ ਅਮਰ ਦਾਸ ਦੇ ਆਦੇਸ ਅਨੁਸਾਰ ਨਵੇਂ ਨਗਰ, ਜਿਸ ਦਾ ਨਾਂ ਬਾਦ ਵਿਚ ਰਾਮਦਾਸ ਪੁਰ ਅਥਵਾ ਅੰਮ੍ਰਿਤਸਰ ਰਖਿਆ ਗਿਆ, ਦੀ ਨੀਂਹ ਰੱਖੀ ਗਈ ਤਾਂ ਭਾਈ ਜੇਠਾ (ਗੁਰੂ ਰਾਮਦਾਸ) ਨਾਲ ਭਾਈ ਗੁਰਦਾਸ ਨੂੰ ਵੀ ਸਲਾਹ-ਮਸ਼ਵਰੇ ਲਈ ਭੇਜਿਆ ਗਿਆ। ਭਾਈ ਸਾਹਿਬ ਨੇ ਇਸ ਨਗਰ ਦੀ ਉਸਾਰੀ ਵਿਚ ਬੜਾ ਵੱਡਾ ਹਿੱਸਾ ਪਾਇਆ। ਆਪ ਦੇ ਜਤਨਾਂ ਨਾਲ 52 ਜਾਤਾਂ ਦੇ ਲੋਕ ਇਸ ਨਗਰ ਵਿਚ ਵਸ ਗਏ[1] ਤੇ ਇਹ ਇਕ ਮਹਾਨ ਵਪਾਰਕ ਕੇਂਦਰ ਦਾ ਰੂਪ ਧਾਰਣ ਲੱਗਾ।

ਬਾਉਲੀ ਦੀ ਸੇਵਾ :-

ਗੋਇੰਦਵਾਲ ਵਿਚ ਗੁਰੂ ਅਮਰਦਾਸ ਨੇ ਬਾਉਲੀ ਦੀ ਸੇਵਾ ਅਰੰਭ ਕਰਵਾਈ। ਭਾਈ ਸਾਹਿਬ ਨੂੰ ਇਸ ਕੰਮ ਵਿਚ ਵੀ ਸੇਵਾ ਕਰਨ ਦਾ ਮੌਕਾ ਮਿਲਿਆ।

ਅੰਮ੍ਰਿਤ ਸਰੋਵਰ ਦੀ ਸੇਵਾ :-

ਸੰਮਤ 1634 ਬਿ: ਵਿਚ ਗੁਰੂ ਰਾਮ ਦਾਸ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਅਰੰਭ ਕਰਵਾਈ ਤਾਂ ਕੰਮ ਨੂੰ ਸਿਰੇ ਚੜ੍ਹਾਉਣ ਲਈ ਇਕ 'ਕੰਮ-ਕਰਨੀ' ਕਮੇਟੀ ਬਣਾਈ ਗਈ। "ਭਾਈ ਗੁਰਦਾਸ ਜੀ ਭੀ ਇਸ ਪੰਚਾਇਤ ਵਿੱਚ ਸਨ।"[2]

ਲੰਗਰ ਦੀ ਸੇਵਾ :-

ਸ੍ਰੀ ਗੁਰੂ ਰਾਮਦਾਸ ਸੰਮਤ 1638 ਬਿ: ਵਿਚ ਜੋਤੀ ਜੋਤਿ ਸਮਾ ਗਏ। ਭਾਈ ਗੁਰਦਾਸ ਆਗਰੇ ਤੋਂ ਵਾਪਸ ਆਏ, ਗੁਰੂ ਅਰਜਨ ਦੇਵ ਦੇ ਦਰਬਾਰ ਵਿੱਚ ਹਾਜ਼ਰ ਹੋਏ ਤੇ ਚਰਨ ਪਰਸੇ। ਦਰਸ਼ਨ ਕਰਨ ਉਪਰੰਤ ਪਰਸਾਦ ਛਕਣ ਲਈ ਲੰਗਰ ਵਿੱਚ ਗਏ। ਉਥੇ ਮਿੱਸੇ ਪਰਸ਼ਾਦੇ ਤੇ ਛੋਲੇ ਮਿਲੇ। ਇਹ ਵੇਖ ਕੇ ਆਪ ਬੜੇ ਹੈਰਾਨ ਹੋਏ ਕਿ ਗੁਰੂ ਕੇ ਲੰਗਰ ਵਿਚ ਤਾਂ ਕੜਾਹ ਪਰਸ਼ਾਦ ਤੇ ਖੀਰ ਆਦਿਕ ਕਈ ਤਰ੍ਹਾਂ ਦੇ ਸੁੰਦਰ ਪਦਾਰਥ ਸੰਗਤਾਂ ਵਿਚ ਵਰਤੀਂਦੇ ਸਨ, ਅਜ ਇਹ ਕੀ ਭਾਣਾ ਵਰਤਿਆ। ਸਤਿਗੁਰੂ ਜੀ ਪਾਸ, ਇਸ ਦਾ ਕਾਰਨ ਦੱਸਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਫ਼ਰਮਾਇਆ ਕਿ ਲੰਗਰ ਦੀ ਜ਼ਿਮੇਵਾਰੀ ਮਾਤਾ ਭਾਨੀ ਜੀ ਦੀ ਹੈ ਤੇ ਉਹੀ ਦਸ ਸਕਦੇ ਹਨ। ਭਾਈ ਸਾਹਿਬ ਨੂੰ ਆਪਣੀ ਵੱਡੀ ਭੈਣ ਮਾਤਾ ਭਾਨੀ ਜੀ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਕਪਟ ਤੇ ਧੋਖੇ ਨਾਲ ਸੰਗਤਾਂ ਨੂੰ ਵਰਗਲਾ ਕੇ ਆਪਣੇ ਆਪ ਗੁਰੂ ਬਣ ਬੈਠਾ

1. ਤਵਾਰੀਖ਼ ਗੁਰੂ ਖ਼ਾਲਸਾ, ਗਿਆਨੀ ਗਿਆਨ ਸਿੰਘ, ਪੰਨਾ 344
2. ਪੰਜਾਬੀ ਦੁਨੀਆ-ਭਾਈ ਗੁਰਦਾਸ ਅੰਕ, 1968, ਪੰਨਾ 4

ਹੈ ਤੇ ਇਉਂ ਸੰਗਤਾਂ ਕੋਲੋਂ ਕਾਰ-ਭੇਟ ਆਪ ਲੈ ਰਿਹਾ ਹੈ ਤੇ ਪਰਸ਼ਾਦ ਛਕਣ ਲਈ ਉਹਨਾਂ ਹੀ ਸੰਗਤਾਂ ਨੂੰ ਗੁਰੂ ਕੇ ਲੰਗਰ ਵਿਚ ਭੇਜ ਛਡਦਾ ਹੈ, ਬਾਹਰਲੇ ਇਲਾਕਿਆਂ ਵਿਚ ਵੀ ਆਪਣੇ ਕਾਰਿੰਦੇ ਭੇਜ ਕੇ ਕਾਰ-ਭੇਟ ਉਗਰਾਹ ਲੈਂਦਾ ਹੈ। ਇਹੀ ਕਾਰਨ ਹੈ ਕਿ ਲੰਗਰ ਵਿਚ ਮਿੱਸੇ ਪਰਸ਼ਾਦੇ ਪਕਦੇ ਹਨ ਤੇ ਕਈ ਵਾਰ ਲੰਗਰ ਮਸਤਾਨੇ ਵੀ ਹੋ ਜਾਂਦੇ ਹਨ।

ਇਹ ਸਭ ਕੁਝ ਜਾਣ ਕੇ ਭਾਈ ਸਾਹਿਬ ਨੂੰ ਬਹੁਤ ਦੁਖ ਹੋਇਆ। ਆਪ ਨੇ ਬਾਬਾ ਬੁੱਢਾ ਜੀ ਤੇ ਹੋਰ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਾਉਣਾ ਸ਼ੁਰੂ ਕੀਤਾ। ਪ੍ਰਿਥੀ ਚੰਦ ਦੇ ਕੂੜ ਕਪਟ ਤੇ ਧੋਖੇ ਭਰੇ ਵਤੀਰੇ ਦਾ ਪਾਜ ਖੋਲ੍ਹਿਆ। ਸੋ ਭਾਈ ਸਾਹਿਬ ਦੇ ਉਦੱਮ ਤੇ ਪਰਚਾਰ ਦਾ ਸਿੱਟਾ ਇਹ ਨਿਕਲਿਆ ਕਿ ਸੰਗਤਾਂ ਨੂੰ ਸੱਚ ਦੀ ਸੋਝੀ ਹੋਈ। ਸੰਗਤਾਂ ਗੁਰੂ ਕੇ ਦਰਬਾਰ ਹਾਜ਼ਰ ਹੋਣ ਲਗੀਆਂ ਤੇ ਲੰਗਰ ਵਿਚ ਫਿਰ ਪਹਿਲਾਂ ਵਰਗੀ ਹੀ ਰੌਣਕ ਬਣ ਗਈ। ਇਸ ਸੰਬੰਧ ਵਿਚ ਭਾਈ ਸਾਹਿਬ ਨੇ ਆਪ ਵੀ ਦੂਰ ਨੇੜੇ ਦੇ ਇਲਾਕੇ ਦਾ ਦੌਰਾ ਕੀਤਾ ਤੇ ਹੋਰ ਮੁਖੀ ਸਿੱਖਾਂ ਨੂੰ ਵੀ ਭੇਜਿਆ ਤਾਂ ਜੁ ਸੰਗਤਾਂ ਨੂੰ ਠੀਕ ਪਤਾ ਦਿੱਤਾ ਜਾਵੇ ਕਿ ਗੁਰ-ਗੱਦੀ ਦੇ ਮਾਲਕ ਗੁਰੂ ਅਰਜਨ ਦੇਵ ਹੀ ਹਨ। ਗੁਰੂ ਕੇ ਸਿੱਖਾਂ ਨੇ ਅੰਮ੍ਰਿਤਸਰ ਨੂੰ ਆਉਂਦੇ ਵੱਖ ਵੱਖ ਰਾਹਾਂ ਤੇ ਬੈਠ ਕੇ ਵੀ ਇਹ ਪਰਚਾਰ ਕੀਤਾ। ਭਾਈ ਸਾਹਿਬ ਆਪ ਵੀ ਪਿਪਲੀ ਸਾਹਿਬ ਡੇਰਾ ਬਣਾ ਕੇ ਬੈਠ ਗਏ ਤੇ ਸੰਗਤਾਂ ਨੂੰ ਖ਼ਬਰਦਾਰ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਲੰਗਰ ਦੀ ਹਾਲਤ ਪਹਿਲਾਂ ਨਾਲੋਂ ਵੀ ਦੂਣੀ ਚੌਣੀ ਚੰਗੀ ਹੋ ਗਈ।

ਅਕਬਰ ਬਾਦਸ਼ਾਹ ਨੂੰ ਗੁਰਬਾਣੀ ਦਾ ਪਾਠ ਸੁਣਾਉਣਾ :-

ਸਤਿਗੁਰੂ ਗੁਰੂ ਅਰਜਨ ਦੇਵ ਦਾ ਵੱਡਾ ਭਰਾ ਪ੍ਰਿਥੀ ਚੰਦ ਗੁਰੂ-ਘਰ ਦਾ ਵਿਰੋਧ ਕਰ ਰਿਹਾ ਸੀ। ਭਾਈ ਸਾਹਿਬ ਦੇ ਸਮਝਾਉਣ ਤੇ ਵੀ ਸਿੱਧੇ ਰਸਤੇ ਨਾ ਪਿਆ ਤੇ ਜਦੋਂ ਭਾਈ ਸਾਹਿਬ ਨੇ ਉਸ ਦਾ ਪਖੰਡ ਤੇ ਕੂੜ ਕਪਟ ਉਜਾਗਰ ਕਰ ਦਿੱਤਾ ਤਾਂ ਉਸ ਦੀ ਈਰਖਾ ਹੋਰ ਵੀ ਵੱਧ ਗਈ। ਉਹ ਗੁਰੂ-ਘਰ ਦੇ ਵਿਰੁਧ ਗੋਂਦਾਂ ਗੁੰਦਣ ਲਗ ਪਿਆ ਤੇ ਨੁਕਸਾਨ ਪੁਚਾਉਣ ਲਈ ਕਿਸੇ ਮੌਕੇ ਦੀ ਉਡੀਕ ਕਰਨ ਲੱਗਾ।

ਸਤਿਗੁਰੂ ਜੀ ਨੇ 21 ਮੱਘਰ ਸੰਮਤ 1650 ਬਿ: ਨੂੰ ਕਰਤਾਰਪੁਰ ਦੀ ਨੀਂਹ ਰੱਖੀ। ਆਦਿ ਬੀੜ ਦੀ ਤਿਆਰੀ ਹੋ ਰਹੀ ਸੀ। ਗੁਰਬਾਣੀ ਦੀ ਇਕ ਪੋਥੀ ਜਿਸ ਵਿੱਚ ਪੰਚਮ ਪਾਤਸ਼ਾਹ ਦੀ ਬਾਣੀ ਸ਼ਾਮਲ ਸੀ, ਮੁਕੰਮਲ ਹੋ ਚੁਕੀ ਸੀ।[1]

ਪ੍ਰਿਥੀ ਚੰਦ ਕਿਸੇ ਅਜਿਹੇ ਮੌਕੇ ਦੀ ਹੀ ਤਾਕ ਵਿਚ ਸੀ। ਉਸ ਨੇ ਕੁਝ ਮੌਲਵੀਆਂ ਮੁਲਾਣਿਆਂ

1. ਭਾਈ ਗੁਰਦਾਸ ਸ਼ਰਹੂਕ ਸਿੰਘ, ਪੰਨਾ 17.

ਨੂੰ ਆਪਣੇ ਨਾਲ ਗੰਢ ਲਿਆ ਤੇ ਅਕਬਰ ਬਾਦਸ਼ਾਹ ਪਾਸ ਚੁਗਲੀ ਕਰ ਭੇਜੀ ਕਿ ਗੁਰੂ ਅਰਜਨ ਦੇਵ ਬਦਅਮਨੀ ਫੈਲਾਉਣ ਵਾਲੀ ਬਾਣੀ ਉਚਾਰ ਰਿਹਾ ਹੈ ਜਿਸ ਵਿਚ ਅਵਤਾਰਾਂ ਪੈਗੰਬਰਾਂ ਤੇ ਹੁਕਮਰਾਨਾਂ ਦੀ ਨਿੰਦਿਆ ਅਤੇ ਮੁਖਾਲਫ਼ਤ ਕੀਤੀ ਗਈ ਹੈ। ਇਸ ਲਈ ਇਸ ਵਿਰੁਧ ਕਾਰਵਾਈ ਕੀਤੀ ਜਾਵੇ।

ਅਕਬਰ ਬਾਦਸ਼ਾਹ ਉਸ ਵੇਲੇ ਸਰਹੰਦ ਦੀ ਮੁਹਿੰਮ ਤ ਜਾ ਰਿਹਾ ਸੀ। ਸੰਮਤ 1653[1] ਬਿ: ਨੂੰ ਲਾਹੌਰ ਤੋਂ ਵਾਪਸ ਆਗਰੇ ਨੂੰ ਮੁੜਿਆ। ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਅਤਿਅੰਤ ਖ਼ੁਸ਼ ਹੋਇਆ। ਇਸ ਸਮੇਂ ਗੁਰੂ ਅਰਜਨ ਦੇਵ, ਬਾਬਾ ਬੁੱਢਾ ਤੇ ਭਾਈ ਗੁਰਦਾਸ ਸਮੇਤ, ਕਰਤਾਰ ਪੁਰ ਗਏ ਹੋਏ ਸਨ। ਫ਼ਾਰਸੀ ਇਤਿਹਾਸ 'ਖ਼ੁਲਾਸਹਤੁੱਤਵਾਰੀਖ਼' ਵਿਚ ਲਿਖਿਆ ਹੈ ਕਿ "ਅਕਬਰ ਬਾਦਸ਼ਾਹ ਸਰਹੰਦ ਦੀ ਮੁਹਿੰਮ ਤੋਂ ਵਾਪਸੀ ਤੇ ਵਟਾਲਿਉਂ ਹੋ ਕੇ ਦਰਿਆ ਬਿਆਸਾ ਲੰਘ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ। ਗੁਰਬਾਣੀ ਦੇ ਸ਼ਬਦ ਵੀ ਸੁਣੇ ਅਤੇ ਮਹਾਰਾਜ ਦੇ ਕਹਿਣ ਤੇ ਮਾਮਲੇ ਦਾ $\frac{10}{12}$ ਹਿੱਸਾ ਪਰਜਾ ਨੂੰ ਮਾਫ਼ ਕੀਤਾ।" ਇਸ ਲੇਖਕ ਨੇ ਇਸ ਘਟਨਾ ਦਾ ਸੰਨ ਸੰਮਤ ਕੋਈ ਨਹੀਂ ਲਿਖਿਆ ਪਰ ਹੋਰ ਇਤਿਹਾਸਾਂ ਵਿਚ ਅਕਬਰ ਦੇ ਇਸ ਦੌਰੇ ਦਾ ਸਮਾਂ 1653–54 ਬਿ: ਦਾ ਹੈ। ਗਿਆਨੀ ਗਿਆਨ ਸਿੰਘ ਤੇ ਹੋਰ ਇਤਿਹਾਸਕਾਰਾਂ ਨੇ ਇਹ ਮੁਲਾਕਾਤ, ਕਿਸੇ ਉਕਾਈ ਨਾਲ, ਸੰਮਤ 1662 ਵਿਚ ਹੋਈ ਲਿਖੀ ਹੈ। ਅਕਬਰ ਸੰਮਤ 1661 ਜਾਂ 1662 ਵਿਚ ਪੰਜਾਬ ਵਲ ਆਇਆ ਹੀ ਨਹੀਂ।

ਹੁਣ ਬਿਆਸ ਪਾਰ ਕਰ ਕੇ ਅਕਬਰ ਜਿੱਥੇ ਗੁਰੂ ਜੀ ਨੂੰ ਮਿਲਿਆ ਉਹ ਥਾਂ ਕਰਤਾਰ ਪੁਰ ਹੀ ਹੋ ਸਕਦੀ ਹੈ। ਸੋ ਭਾਈ ਸਾਹਿਬ ਬੀੜ ਲੈ ਕੇ ਵਟਾਲੇ ਨਹੀਂ ਗਏ। ਅਕਬਰ ਆਪ ਕਰਤਾਰ ਪੁਰ ਗੁਰੂ ਜੀ ਨੂੰ ਮਿਲਿਆ ਜਾਪਦਾ ਹੈ। ਇਥੇ ਹੀ ਭਾਈ ਗੁਰਦਾਸ ਤੋਂ ਬਾਣੀ ਸੁਣੀ ਤਾਂ ਬਹੁਤ ਪ੍ਰਸੰਨ ਹੋਇਆ। ਜਿਹੜੇ ਨਿੰਦਕ ਤਮਾਸ਼ਬੀਨ ਗੁਰੂ-ਘਰ ਦੇ ਅਪ-ਜਸ ਦੀ ਆਸ ਲਾਈ ਬੈਠੇ ਸਨ ਉਹਨਾਂ ਦਾ ਮੂੰਹ ਕਾਲਾ ਹੋਇਆ। ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ ਪਹਿਲਾਂ ਇਹ ਸ਼ਬਦ ਨਿਕਲਿਆ :–

---

1. "In the year 1596, — —... Akbar returned from Lahore to Agra".

ਹਿਸਟਰੀ ਆਫ਼ ਦੀ ਪੰਜਾਬ ਮੁਹੰਮਦ ਲਤੀਫ਼, ਪੰਨਾ 142.

ੴ ਸਤਿਗੁਰ ਪ੍ਰਸਾਦਿ

ਖਾਕ ਨੂਰ ਕਰਦੰ ਆਲਮ ਦੁਨੀਆਇ
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ । ੧ ।
ਬੰਦੇ ਚਸਮ ਦੀਦੰ ਫਨਾਇ ।
ਦੁਨੀਆਂ ਮੁਰਦਾਰ ਖੁਰਦਨੀ ਗਾਫਲ ਹਵਾਇ । ਰਹਾਉ ।
ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ।
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ । ੨ ।
ਵਲੀ ਨਿਆਮਤ ਬਿਰਾਦਰਾਂ ਦਰਬਾਰ ਮਿਲਕ ਖਾਨਾਇ ।
ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ । ੩ ।
ਹਵਾਲ ਮਾਲੂਮ ਕਰਦੰ ਪਾਕ ਅਲਹ ।
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ । ੪ ।[1]

ਬਾਦਸ਼ਾਹ ਤਾਂ ਭਾਵੇਂ ਬਹੁਤ ਖ਼ੁਸ਼ ਹੋਇਆ ਪਰ ਪ੍ਰਿਥੀ ਚੰਦ ਤੇ ਉਸ ਦੇ ਸਾਥੀ ਚੁਗਲਖੋਰਾਂ ਨੂੰ ਚੈਨ ਕਿੱਥੇ । ਉਹ ਝਟ ਬੋਲ ਪਏ ਕਿ ਇਹ ਤਾਂ ਪਹਿਲਾਂ ਹੀ ਨਿਸ਼ਾਨੀ ਲਾ ਕੇ ਰਖਿਆ ਹੋਇਆ ਸੀ । ਫਿਰ ਇਕ ਹੋਰ ਸ਼ਬਦ ਪੜ੍ਹਿਆ ਗਿਆ :-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ।
ਕੋਈ ਸੇਵੈ ਗੁਸਈਆ ਕੋਈ ਅਲਾਹਿ । ੧ ।
ਕਾਰਣ ਕਰਣ ਕਰੀਮ । ਕਿਰਪਾ ਧਾਰਿ ਰਹੀਮ । ੧ । ਰਹਾਉ ।
ਕੋਈ ਨਾਵੈ ਤੀਰਥਿ ਕੋਈ ਹਜ ਜਾਇ ।
ਕੋਈ ਕਰੈ ਪੂਜਾ, ਕੋਈ ਸਿਰ ਨਿਵਾਇ । ੨ ।
ਕੋਈ ਪੜੈ ਬੇਦ, ਕੋਈ ਕਤੇਬ ।
ਕੋਈ ਓਢੈ ਨੀਲ, ਕੋਈ ਸੁਪੇਦ । ੩ ।
ਕੋਈ ਕਹੈ ਤੁਰਕ, ਕੋਈ ਕਹੈ ਹਿੰਦੂ ।
ਕੋਈ ਬਾਛੈ ਭਿਸਤੁ, ਕੋਈ ਸੁਰਗਿੰਦੂ । ੪ ।
ਕਹੁ ਨਾਨਕ ਜਿਨਿ ਹੁਕਮ ਪਛਾਤਾ ।

1. ਆਦਿ ਗ੍ਰੰਥ, ਤਿਲੰਗ ਮਹਲਾ ੫ ਘਰ ੧, ਪੰਨਾ 723

ਧੁਰ ਸਾਹਿਬ ਕਾ ਤਿਨਿ ਭੇਦੁ ਜਾਤਾ । ੫ ੯ ।[1]

'ਤਵਾਰੀਖ ਗੁਰੂ ਖਾਲਸਾ' ਅਨੁਸਾਰ ਤਾਂ ਦੋ ਵਾਰੀ ਹੁਕਮ ਲੈਣ ਦਾ ਜ਼ਿਕਰ ਆਉਂਦਾ ਹੈ । ਪਰ ਗਿਆਨੀ ਹਰਿੰਦਰ ਸਿੰਘ ਰੂਪ, ਤੇ ਗਿਆਨੀ ਤਰਲੋਕ ਸਿੰਘ ਤੇ ਭਾਈ ਵੀਰ ਸਿੰਘ ਨੇ ਇਹਨਾਂ ਦੋਹਾਂ ਸ਼ਬਦਾਂ ਦੇ ਪੜ੍ਹੇ ਜਾਣ ਦੇ ਵਿਚਕਾਰ ਇਕ ਹੋਰ ਸ਼ਬਦ ਦੇ ਪੜ੍ਹੇ ਜਾਣ ਦਾ ਜ਼ਿਕਰ ਵੀ ਕੀਤਾ ਹੈ । ਉਹ ਲਿਖਦੇ ਹਨ ਕਿ ਚੁਗਲ ਖੋਰਾਂ ਦੀਆਂ ਚੁਗਲੀਆਂ ਸੁਣ ਕੇ ਅਕਬਰ ਨੇ ਆਪ ਪਤਰੇ ਉਲਟੇ ਤੇ ਇਕ ਪੰਨੇ ਤੋਂ ਪੜ੍ਹਨ ਲਈ ਕਿਹਾ[2] ਤਾਂ ਹੁਕਮ ਆਇਆ :–

ਅਲਹ ਅਗਮ ਖੁਦਾਈ ਬੰਦੇ । ਛੋਡਿ ਖਿਆਲ ਦੁਨੀਆ ਕੇ ਧੰਧੇ ।
ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ । ੧ ।
ਸਚੁ ਨਿਵਾਜ ਯਕੀਨ ਮੁਸਲਾ । ਮਨਸਾ ਮਰਿ ਨਿਵਰਹਿ ਆਸਾ ।
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ । ੨ ।
ਸਰਾ ਸਰੀਅਤਿ ਲੇ ਕੰਮਾਵਹੁ । ਤਰੀਕਤਿ ਤਰਕ ਖੋਜਿ ਟੋਲਾਵਹੁ ।
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ । ੩ ।
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ । ਦਸ ਅਉਰਾਤ ਰਖਹੁ ਬਦਰਾਹੀ ।
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ । ੪ ।
ਮਕਾ ਮਿਹਰ ਰੋਜਾ ਪੈ ਖਾਕਾ । ਭਿਸਤੁ ਪੀਰ ਲਫਜ ਕਮਾਇ ਅੰਦਾਜਾ ।
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾਹੁ ਜਰਾ । ੫ ।
ਸਚੁ ਕਮਾਵੈ ਸੋਈ ਕਾਜੀ । ਜੋ ਦਿਲੁ ਸੋਧੈ ਸੋਈ ਹਾਜੀ ।
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ । ੬ ।
ਸਭੇ ਵਖਤ ਸਭੇ ਕਰਿ ਵੇਲਾ । ਖਾਲਕੁ ਯਾਦਿ ਦਿਲੈ ਮਹਿ ਮਉਲਾ ।
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ । ੭ ।
ਦਿਲ ਮਹਿ ਜਾਨਹੁ ਸਭ ਫਿਲ ਹਾਲਾ । ਖਿਲਖਾਨਾ ਬਿਰਾਦਰ ਹਮੂ ਜੰਜਾਲਾ ।
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ । ੮ ।
ਅਵਲਿ ਸਿਫਤਿ ਦੂਜੀ ਸਾਬੂਰੀ । ਤੀਜੈ ਹਲੇਮੀ ਚਉਥੈ ਖੈਰੀ ।
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰ ਪਰਾ । ੯ ।

1. ਆਦਿ ਗ੍ਰੰਥ, ਰਾਮਕਲੀ ਮਹਲਾ ੫, ਪੰਨਾ 885

2. ਭਾਈ ਗੁਰਦਾਸ, ਪੰਨਾ 16-17 ਤੇ ਜੀਵਨ ਭਾਈ ਗੁਰਦਾਸ, ਪੰਨਾ 106-107, ਕਬਿੱਤ ਭਾਈ ਗੁਰਦਾਸ, ਦੂਸਰਾ ਸਰੂਪ, ਪੰਨਾ 45.

ਸਗਲੀ ਜਾਨਿ ਕਰਹੁ ਮਉਦੀਫਾ। ਬਦ ਅਮਲ ਛੋਡਿ ਕਰਹੁ ਹਥਿ ਕੂਜਾ।
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ। ੧੦।
ਹਕੁ ਹਲਾਲੁ ਬਖੋਰਹੁ ਖਾਣਾ। ਦਿਲ ਦਰੀਆਉ ਧੋਵਹੁ ਮੈਲਾਣਾ।
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ। ੧੧।
ਕਾਇਆ ਕਿਰਦਾਰ ਅਉਰਤ ਯਕੀਨਾ। ਰੰਗ ਤਮਾਸੇ ਮਾਣਿ ਹਕੀਨਾ।
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ। ੧੨।
ਮੁਸਲਮਾਣੁ ਮੋਮ ਦਿਲਿ ਹੋਵੈ। ਅੰਤਰ ਕੀ ਮਲੁ ਦਿਲ ਤੇ ਧੋਵੈ।
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ। ੧੩।
ਜਾ ਕਉ ਮਿਹਰ ਮਿਹਰ ਮਿਹਰਵਾਨਾ। ਸੋਈ ਮਰਦੁ ਮਰਦੁ ਮਰਦਾਨਾ।
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ। ੧੪।
ਕੁਦਰਤਿ ਕਾਦਰ ਕਰਣ ਕਰੀਮਾ। ਸਿਫਤਿ ਮੁਹਬਤਿ ਅਥਾਹ ਰਹੀਮਾ।
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ। ੧੫।[1]

ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਅਜਿਹੇ ਸ਼ਬਦ ਹੁਕਮ ਵਜੋਂ ਆਏ ਕਿ ਬਾਦਸ਼ਾਹ ਤੇ ਉਸ ਦੇ ਅਮੀਰਾਂ ਵਜ਼ੀਰਾਂ ਦੀ ਤਸੱਲੀ ਹੋ ਗਈ। ਪਰ ਸ਼ਿਕਾਇਤੀਆਂ ਤੇ ਚੁਗਲਖੋਰਾਂ ਦੀ ਅਜੇ ਨਿਸ਼ਾ ਨਾ ਹੋਈ। ਉਹਨਾਂ ਨੇ ਹੋਰ ਕਈ ਤਰ੍ਹਾਂ ਦੇ ਦੋਸ਼ ਲਾਉਣ ਦਾ ਜਤਨ ਕੀਤਾ। ਭਾਈ ਸਾਹਿਬ ਨੇ ਨਿਡਰ ਹੋ ਕੇ ਬੜੇ ਠਰੰਮੇ ਨਾਲ ਹਰ ਗੱਲ ਦਾ ਉੱਤਰ ਦਿੱਤਾ। ਬਾਦਸ਼ਾਹ ਨੇ ਪ੍ਰਸੰਨ ਹੋ ਕੇ 51 ਮੋਹਰਾਂ ਭੇਟ ਕੀਤੀਆਂ[2] ਤੇ ਹੋਰ ਵੀ ਕਈ ਬਹੁ ਮੁਲੀਆਂ ਚੀਜ਼ਾਂ ਨਜ਼ਰਾਨੇ ਵਜੋਂ ਪੇਸ਼ ਕੀਤੀਆਂ। ਇਸ ਘਟਨਾ ਨਾਲ ਮੀਣਿਆਂ ਦੇ ਥੰਮ ਖਿਸਕ ਗਏ। ਉਹ ਨਿਰਾਸ਼ ਹੋ ਕੇ ਬੈਠ ਗਏ। ਮਾਹੌਲ ਵਿਚ ਕੁਝ ਸ਼ਾਂਤੀ ਆਈ।

(ਸ) ਭਾਈ ਸਾਹਿਬ ਦੀ ਸਾਹਿਤਕ ਦੇਣ

ਭਾਈ ਗੁਰਦਾਸ ਰਚਿਤ ਜੋ ਰਚਨਾ ਪ੍ਰਾਪਤ ਹੈ, ਉਹ ਦੋ ਭਾਸ਼ਾਵਾਂ ਵਿਚ ਹੈ, ਕਬਿੱਤ ਸਵੱਯੇ, ਬ੍ਰਿਜ ਭਾਸ਼ਾ ਵਿਚ ਤੇ ਵਾਰਾਂ, ਪੰਜਾਬੀ ਵਿਚ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਕਬਿੱਤ ਸਵੱਯੇ ਗਿਣਤੀ ਵਿਚ 556[3] ਹਨ ਤੇ ਭਾਈ

1. ਆਦਿ ਗ੍ਰੰਥ, ਮਾਰੂ ਸੋਲਹੇ ਮਹਲਾ ੫, ਪੰਨਾ 1083
2. ਤਵਾਰੀਖ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ, ਪੰਨਾ 409
3. ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ 311

ਵੀਰ ਸਿੰਘ ਦੀ ਖੋਜ ਅਨੁਸਾਰ ਇਹਨਾਂ ਦੀ ਗਿਣਤੀ 675[1] ਹੈ। ਡਾ: ਤਾਰਨ ਸਿੰਘ ਲਿਖਦੇ ਹਨ 'ਕਬਿੱਤ ਤੇ ਸਵੱਯੇ ਬ੍ਰਜ ਬੋਲੀ ਵਿਚ ਪੂਰੇ ਪਰੰਪਰਾਈ, ਤੋਲਾਂ ਛੰਦਾਂ ਦੇ ਰੂਪ ਵਿਚ ਕੀਤੀ ਰਚਨਾ ਹੈ।"[2]

ਭਾਈ ਸਾਹਿਬ ਦੀਆਂ ਵਾਰਾਂ, ਜੋ ਕਿ ਇਸ ਸੋਧ ਪ੍ਰਬੰਧ ਦਾ ਵਿਸ਼ਾ ਹਨ, ਦੀ ਗਿਣਤੀ ਬਾਰੇ ਵਿਦਵਾਨਾਂ ਵਿਚ ਮਤ ਭੇਦ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੇ ਜਿਹੜੇ ਸੰਗ੍ਰਹਿ ਮਿਲਦੇ ਹਨ ਉਹਨਾਂ ਵਿਚ 41 ਵਾਰਾਂ ਦਿੱਤੀਆਂ ਹੋਈਆਂ ਹਨ। ਟੀਕਾ ਕਾਰਾਂ ਨੇ ਵੀ 41 ਵਾਰਾਂ ਦੇ ਟੀਕੇ ਕੀਤੇ ਤੇ ਛਾਪੇ ਹਨ। ਇਹਨਾਂ ਵਿਚੋਂ 41 ਵੀਂ ਵਾਰ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ਹੈ। ਇਸ ਵਾਰ ਦੀਆਂ ਪਹਿਲੀਆਂ 20 ਪਉੜੀਆਂ ਦੀ ਅੰਤਲੀ ਤੁਕ,

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰਚੇਲਾ"

ਅਤੇ ਪਉੜੀ ਨੰ: 24 ਦੀ ਪਹਿਲੀ ਤੁਕ,

"ਗੁਰੂ ਗੋਬਿੰਦ ਦਸਵਾਂ ਅਵਤਾਰਾ"

ਇਸੇ ਗੱਲ ਨੂੰ ਸਿਧ ਕਰਦੀ ਹੈ। ਇਹ ਵਾਰ ਭਾਈ ਗੁਰਦਾਸ ਦੂਜੇ ਦੀ ਹੈ ਜੋ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸੇਵਕ ਤੇ ਕਵੀ ਦਸਿਆ ਜਾਂਦਾ ਹੈ।[3] ਭਾਈ ਕਾਹਨ ਸਿੰਘ ਨਾਭਾ[4] ਅਨੁਸਾਰ ਵਾਰਾਂ ਦੀ ਗਿਣਤੀ 40 ਹੈ : ਵਾਰਾਂ ਦੀ ਗਿਣਤੀ ਬਾਰੇ ਮੈਕਾਲਿਫ ਲਿਖਦਾ[5] ਹੈ :-

"ਗੁਰਦਾਸ ਦੀਆਂ ਵਾਰਾਂ ਗਿਣਤੀ ਵਿਚ 40 ਹਨ।"

ਪ੍ਰੋ: ਸਰਦੂਲ ਸਿੰਘ ਨੇ ਵੀ ਲਿਖਿਆ ਹੈ :-

"ਵਾਰਾਂ ਕੁਲ 40 ਹਨ।"

ਇਸ ਉਪਰੋਕਤ ਵਿਚਾਰ ਦੇ ਟਾਕਰੇ ਤੇ ਕੁਝ ਵਿਦਵਾਨਾਂ ਦੀ ਰਾਏ ਹੈ ਕਿ ਵਾਰਾਂ ਦੀ ਗਿਣਤੀ 39 ਹੈ। ਪ੍ਰੋ: ਪਿਆਰਾ ਸਿੰਘ ਪਦਮ ਲਿਖਦੇ ਹਨ, "ਉਨ੍ਹਾਂ ਦੀ ਪੰਜਾਬੀ ਰਚਨਾ 39 ਵਾਰਾਂ ਦੀ ਖਾਸ ਪਰਸਿੱਧੀ ਰਖਦੀਆਂ ਹਨ।"[7] ਡਾ: ਗੋਪਾਲ ਸਿੰਘ ਦਰਦੀ ਅਨੁਸਾਰ "ਆਪ ਨੇ ਪੰਜਾਬੀ ਵਿਚ

1. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰਨਾ 6
2. ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 342
3. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 311
4. ਉਹੀ ,, ,, ,, ,,
5. ਦੀ ਸਿਖ ਰਿਲਿਜਨ, ਜਿਲਦ ਨੰ: 4, ਪੰਨਾ 241
6. ਭਾਈ ਗੁਰਦਾਸ, ਪੰਨਾ 8
7. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 718

ਉਨਤਾਲੀ ਵਾਰਾਂ ਰਚੀਆਂ ।"[1] ਇਸ ਸੰਬੰਧ ਵਿਚ ਗਿਆਨੀ ਹਰਿੰਦਰ ਸਿੰਘ ਰੂਪ ਦੀ ਲਿਖਤ ਬੜੀ ਦਿਲਚਸਪ ਹੈ । ਆਪ ਲਿਖਦੇ ਹਨ,

"ਭਾਈ ਸਾਹਿਬ ਦੀਆਂ ਉਨਤਾਲੀ ਵਾਰਾਂ ਮੰਨੀਆਂ ਜਾਂਦੀਆਂ ਹਨ । ਇਕ ਵਾਰ ਹੂ ਬ-ਹੂ ਏਸੇ ਤਰ੍ਹਾਂ ਦੀ ਪਰਚਲਤ ਹੈ ਤੇ ਉਹ ਵਾਰਾਂ ਨਾਲ ਛਪੀਣ ਲਗ ਪਈ ਹੈ । ਮਜ਼ਮੂਨ, ਢਬ, ਬੋਲੀ ਭਾਈ ਸਾਹਿਬ ਦੀ ਹੀ ਜਾਪਦੀ ਹੈ...,................ਭਾਈ ਸਾਹਿਬ ਦੇ ਖ਼ਿਆਲ ਤੇ ਉਸੇ ਤਰ੍ਹਾਂ ਦਾ ਹੀ ਬੰਦੇਜ ਹੈ । ਸਾਰੀ ਵਾਰ ਵਿਚ ਇਹੋ ਰੰਗ ਹੈ । ਏਥੋਂ ਤਕ ਕਿ ਜਿਸ ਤਰ੍ਹਾਂ ਕਦੇ ਕਦੇ ਭਾਈ ਸਾਹਿਬ ਕਾਫ਼ੀਏ ਮਨ ਮਰਜ਼ੀ ਦੀ ਚਾਬਕ ਮਾਰ ਕੇ ਭਜਾਣਾ ਚਾਹੁੰਦੇ ਹਨ, ਉਸੇ ਤਰ੍ਹਾਂ ਏਥੇ ਵੀ ਕਾਫ਼ੀਆਂ ਦੇ ਦੀਦਾਰ ਹੋ ਰਹੇ ਹਨ । ਮੈਂ ਦੋ ਸੌ ਸਾਲ ਦੀਆਂ ਪੁਰਾਣੀਆਂ ਪੋਥੀਆਂ ਵੇਖੀਆਂ ਹਨ । ਇਹ ਵਾਰ ਦਿਸਦੀ ਨਹੀਂ ।.................... ਏਸੇ ਲਈ ਜੇ ਇਹ ਭਾਈ ਜੀ ਦੀ ਨਕਲ ਮੰਨੀ ਜਾਵੇ ਤਾਂ ਮੰਨਣਾ ਹੀ ਪਏਗਾ ਕਿ ਉਸਤਾਦੀ ਹੈ, ਕਿ ਨਕਲੀਏ ਵੀ ਗ਼ਜ਼ਬ ਦੇ ਹੁੰਦੇ ਹਨ ।[2]

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਭਾਈ ਗੁਰਦਾਸ ਦੀਆਂ ਵਾਰਾਂ ਦਾ ਜੋ ਸੰਸਕਰਣ ਛਪਿਆ ਮਿਲਦਾ ਹੈ, ਉਸਦੀ ਭੂਮਿਕਾ ਵਿਚ ਗਿਆਨੀ ਅਮਰ ਸਿੰਘ ਚਾਕਰ ਲਿਖਦੇ ਹਨ,

"ਕੁਝ ਕੁ ਪ੍ਰਾਚੀਨ ਹੱਥ-ਲਿਖਤ 'ਵਾਰਾਂ ਭਾਈ ਗੁਰਦਾਸ ਜੀ' ਗ੍ਰੰਥ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਪਹਿਲਾਂ ਉਨਤਾਲੀ ਵਾਰਾਂ ਹੀ ਲਿਖੀਆਂ ਸਨ, ਇਨ੍ਹਾਂ ਵਿਚ 40 ਵੀਂ ਵਾਰ ਨਹੀਂ ਲਿਖੀ ਹੋਈ, ਉਕਤ 41 ਵੀਂ ਵਾਰ ਬਾਅਦ ਵਿਚ ਲਿਖ ਕੇ ਕਿਸੇ ਨੇ ਨਾਲ ਲਗਾਈ ਹੈ । ਇਕ ਹੋਰ ਪ੍ਰਾਚੀਨ ਜਿਲਦ ਵਿਚ ਇਹ ਦੋਵੇਂ ਵਾਰਾਂ ਪਿਛੋਂ ਲਿਖ ਕੇ ਨਾਲ ਜੋੜੀਆਂ ਗਈਆਂ ਹਨ ।"[3]

ਡਾ. ਤਾਰਨ ਸਿੰਘ ਲਿਖਦੇ ਹਨ,

"ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਿੱਤੀ 40 ਵੀਂ ਵਾਰ ਕਿਸੇ ਹੋਰ ਵਿਦਵਾਨ ਗੁਰਸਿੱਖ ਦੀ ਰਚਨਾ ਮੰਨੀ ਗਈ ਹੈ, ਜਿਸ ਦਾ ਨਾਂ ਪਤਾ ਪਰਾਪਤ ਨਹੀਂ ਹੈ । ਇਸ

---

1. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 93
2. ਭਾਈ ਗੁਰਦਾਸ, ਪੰਨਾ 40-41
3. ਵਾਰਾਂ ਭਾਈ ਗੁਰਦਾਸ ਜੀ, ਭੂਮਿਕਾ

ਵਾਰ ਦੀ ਸਮਿਗਰੀ ਤੇ ਸ਼ੈਲੀ ਦੀ ਸਾਰੀ ਪਰੇਰਨਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਹੀ ਲਈ ਗਈ ਹੈ ਅਤੇ ਰਚਨਾ ਇਸੇ ਭਾਈ ਗੁਰਦਾਸ ਦੇ ਪੱਧਰ ਦੇ ਤੁਲ ਪੁਜ ਗਈ ਹੈ ਕਿ ਇਹ ਪਹਿਲੇ ਭਾਈ ਗੁਰਦਾਸ ਦੀ ਰਚਨਾ ਮੰਨੀ ਜਾ ਸਕਦੀ ਹੈ। ਪਰ ਕਈ ਕਾਰਨਾਂ ਤੋਂ ਪ੍ਰਗਟ ਹੈ ਕਿ ਇਹ ਕਿਸੇ ਹੋਰ ਵਿਦਵਾਨ ਦੀ ਹੀ ਹੋ ਸਕਦੀ ਹੈ, ਭਾਈ ਗੁਰਦਾਸ ਦੀ ਨਹੀਂ।"[1]

ਭਾਈ ਗੁਰਦਾਸ ਦੀ 39 ਵੀਂ ਤੇ 40 ਵੀਂ ਵਾਰ ਦਾ ਅਧਿਐਨ ਬੜਾ ਦਿਲਚਸਪ ਹੋਵੇਗਾ। ਵਾਰ ਨੰ: 39 ਵਿਚ ਭਾਈ ਸਾਹਿਬ ਨੇ ਪਹਿਲੀਆਂ 12 ਵਾਰਾਂ ਵਿਚ ਬਿਆਨ ਕੀਤੇ ਵਿਚਾਰਾਂ ਨੂੰ ਸਾਰਾਂਸ਼ ਰੂਪ ਵਿਚ ਦੁਹਰਾਇਆ ਜਾਪਦਾ ਹੈ, ਜਿਵੇਂ ਕਿ,

1. ਛੇ ਗੁਰੂ ਸਾਹਿਬਾਨ ਇਕੋ ਜੋਤਿ ਹਨ। ਪਉੜੀ ਨੰ: 2, 3, 4,
2. ਸੱਚ ਸਭ ਤੋਂ ਉੱਚਾ ਹੈ। ਪਉੜੀ ਨੰ: 6.
3. ਸਤਿਗੁਰ ਸਾਧ ਸੰਗਤ ਵਿਚ ਵਿਆਪਕ ਹੈ। ਪਉੜੀ ਨੰ: 12.
4. ਸਤਿ ਸੰਗ ਸਚ ਖੰਡ ਹੈ। ਪਉੜੀ ਨੰ: 13.
5. ਮੁਕਤੀ ਦਾ ਰਾਹ ਸੱਚੀ ਮਰਯਾਦਾ ਹੈ। ਪਉੜੀ ਨੰ: 17.
6. ਗੁਰਸਿਖੀ ਦਾ ਸਾਕ ਸੱਚਾ ਹੈ। ਪਉੜੀ ਨੰ: 19.
7. ਸਤਿਗੁਰੂ ਦੇ ਬਰਾਬਰ ਕੋਈ ਕਿਰਪਾਲੂ ਨਹੀਂ ਹੈ। ਪਉੜੀ ਨੰ: 20.

ਇਤਿਆਦਿ।

ਇਸ ਤਰ੍ਹਾਂ ਇਹ ਵਾਰ ਨੰ: 39, ਮੁੰਦਾਵਣੀ ਦੇ ਤੌਰ ਤੇ ਲਿਖੀ ਹੋਈ ਜਾਪਦੀ ਹੈ। ਇਹ ਤਾਂ ਸਮੁੱਚੀ ਲਿਖਤ ਦੇ ਅੰਤ ਉਤੇ ਮੋਹਰ ਦੇ ਰੂਪ ਵਿਚ ਪ੍ਰਤੀਤ ਹੁੰਦੀ ਹੈ। ਇਸ ਤੋਂ ਮਗਰੋਂ ਕਿਸੇ ਹੋਰ ਵਾਰ ਦਾ ਲਿਖਿਆ ਜਾਣਾ ਠੀਕ ਨਹੀਂ ਲਗਦਾ। ਵਾਰ ਨੰ: 40 ਅੰਤਕਾ ਦਾ ਰੂਪ ਧਾਰਦੀ ਨਜ਼ਰ ਨਹੀਂ ਆਉਂਦੀ।

ਫਿਰ, ਇਸ ਵਾਰ ਵਿਚ ਮਜ਼ਮੂਨ ਦੀ ਉਸਾਰੀ ਤੇ ਮਜ਼ਮੂਨ ਦਾ ਨਿਭਾ ਭਾਈ ਗੁਰਦਾਸ ਵਾਲਾ ਨਹੀਂ। ਇਸ ਵਾਰ ਵਿਚ ਗੁਰੂ ਦੀ ਮਹਾਨਤਾ ਦਾ ਮਜ਼ਮੂਨ ਛੋਹ ਕੇ ਅਗੋਂ ਗੁਰਮਤ ਸੰਬੰਧੀ ਹੋਰ ਵਕੋਲਿਤਰੇ ਵਿਚਾਰ ਦਿੱਤੇ ਹਨ ਜਿਸ ਕਾਰਨ ਛੋਹੇ ਗਏ ਮਜ਼ਮੂਨ ਦਾ ਪ੍ਰਭਾਵ ਸਾਰੀ ਵਾਰ ਵਿਚੋਂ ਉਹੋ ਜਿਹਾ ਬਝਵਾਂ ਨਹੀਂ ਪੈਂਦਾ ਜਿਹੋ ਜਿਹਾ ਭਾਈ ਗੁਰਦਾਸ ਦੇ ਹੱਥਾਂ ਵਿਚ ਬਣਦਾ ਹੈ। ਇਸ ਵਾਰ ਨੂੰ ਉਸ ਕਲਾਕਾਰ ਦੀ ਛੋਹ ਪ੍ਰਾਪਤ ਹੋਈ ਨਹੀਂ ਲਗਦੀ।

---

1. ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 345

ਡਾ. ਤਾਰਨ ਸਿੰਘ ਲਿਖਦੇ ਹਨ "ਇਸ ਵਾਰ ਵਿਚ ਕਈ ਤੁਕਾਂ ਭਾਈ ਗੁਰਦਾਸ ਜੀ ਦੀਆਂ ਦੁਹਰਾਈਆਂ ਗਈਆਂ ਹਨ, ਪਰ ਇਹ ਤੇ ਭਾਈ ਸਾਹਿਬ ਆਪ ਵੀ ਕਰਦੇ ਸਨ ਕਿ ਆਪਣੀ ਇਕ ਤੁਕ ਨੂੰ ਕਈ ਕਈ ਵਾਰਾਂ ਵਿਚ ਦੁਹਰਾਂਦੇ ਸਨ। ਪਰ ਦੁਹਰਾਣ ਵਿਚ ਇਹੋ ਜਿਹੇ ਸ਼ਬਦਾਵਲੀ ਦੇ ਭੇਦ ਦਿਸਦੇ ਹਨ, ਜਿਹਨਾਂ ਤੋਂ ਪਤਾ ਲਗਦਾ ਹੈ ਕਿ ਇਹ ਵਾਰ ਕਿਸੇ ਹੋਰ ਦੀ ਹੀ ਰਚਨਾ ਹੈ।[1]

ਬਾਵਾ ਬੁਧ ਸਿੰਘ ਨੇ ਵੀ ਲਿਖਿਆ ਹੈ, "ਭਾਈ ਜੀ ਨੇ 39 ਵਾਰਾਂ ਅਰ 556 ਕਬਿੱਤ ਸਵੱਈਏ ਰਚੇ ਹਨ।"[2]

ਪ੍ਰੋ: ਤੇਜਾ ਸਿੰਘ ਨੇ ਵੀ ਭਾਈ ਸਾਹਿਬ ਦੀਆਂ ਵਾਰਾਂ ਦੀ ਗਿਣਤੀ 39 ਹੀ ਮੰਨੀ ਹੈ।[3]
ਡਾ. ਮੋਹਨ ਸਿੰਘ ਦੀਵਾਨਾ ਵੀ 39 ਵਾਰਾਂ ਦਾ ਹੀ ਜ਼ਿਕਰ ਕਰਦੇ ਹਨ।[4]
ਫੇਰ, ਸਾਰੇ ਟਕਸਾਲੀ ਤੇ ਪੁਰਾਤਨ ਗਿਆਨੀ ਭਾਈ ਸਾਹਿਬ ਦੀ ਰਚਨਾ 39 ਵਾਰਾਂ ਹੀ ਮੰਨਦੇ ਆਏ ਹਨ–ਇਹ ਪਰੰਪਰਾਈ ਵਿਚਾਰ ਨਿਰਮੂਲ ਨਹੀਂ ਹੋਣਾ[5] (ਡਾ: ਤਾਰਨ ਸਿੰਘ)

ਜਿਨ੍ਹਾਂ ਵਿਦਵਾਨਾਂ ਨੇ ਵਾਰ ਨੰ: 40 ਨੂੰ ਭਾਈ ਗੁਰਦਾਸ ਦੀ ਰਚਨਾ ਮੰਨਿਆ ਹੈ, ਉਨ੍ਹਾਂ ਨੇ ਇਸ ਸੰਬੰਧ ਵਿਚ ਕੋਈ ਠੋਸ ਸਬੂਤ ਨਹੀਂ ਦਿੱਤਾ।

ਇਸ ਉਪਰੋਕਤ ਵਿਚਾਰ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਭਾਈ ਸਾਹਿਬ ਦੀਆਂ ਵਾਰਾਂ ਉਨਤਾਲੀ ਹੀ ਹਨ, ਚਾਲ੍ਹੀ ਨਹੀਂ।

> ਗਿਆਨੀ ਲਾਲ ਸਿੰਘ ਸੰਗਰੂਰ ਵਾਲੇ ਨੇ ਦਸਵੀਂ ਵਾਰ ਤੇ ਕਿੰਤੂ ਕੀਤਾ ਹੈ ਕਿ "ਦਸਵੀਂ ਵਾਰ ਗੁਰਮਤ ਵਿਰੁਧ ਹੈ ਜੋ ਕਿ ਗੁਰਮਤ ਵਿਰੋਧੀਆਂ ਨੇ ਸਿਖ ਧਰਮ ਨੂੰ ਹਿੰਦੂ ਫਿਰਕਾ ਸਾਬਤ ਕਰਨ ਅਤੇ ਨੁਕਸਾਨ ਪਹੁੰਚਾਉਣ ਵਾਸਤੇ ਲਿਖ ਕੇ ਪਾਈ ਹੈ।[6]

ਦਸਵੀਂ ਵਾਰ ਸੰਬੰਧੀ ਗਿਆਨੀ ਲਾਲ ਸਿੰਘ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਇਹ ਠੀਕ ਹੈ ਕਿ ਇਸ ਵਿਚ ਹਿੰਦੂ ਮਿਥਿਹਾਸ ਦਾ ਬਿਆਨ ਹੈ। ਅਜਿਹੇ ਮਿਥਿਹਾਸ ਦਾ ਬਿਆਨ ਤਾਂ ਗੁਰਬਾਣੀ ਵਿਚ ਵੀ ਹੈ। ਭਾਈ ਸਾਹਿਬ ਨੇ ਇਸ ਵਾਰ ਵਿਚ, ਉਸ ਸਮੇਂ ਪਰਚਲਤ ਕਥਾਵਾਂ ਦੀ ਸਹਾਇਤਾ ਨਾਲ, ਗੁਰਮਤ ਦਾ ਪਰਚਾਰ ਕੀਤਾ ਹੈ। ਹਰੇਕ ਪਉੜੀ ਵਿਚ ਦਿੱਤੀ ਗਈ ਅੰਤਲੀ ਤੁਕ ਵਿਚ ਗੁਰਮਤ ਦੀ ਗੱਲ ਆਖੀ ਗਈ ਹੈ। ਸੋ ਇਹ ਕਿੰਤੂ ਨਿਰਮੂਲ ਹੈ।

---

1. ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 345
2. ਹੰਸ ਚੋਗ, ਪੰਨਾ 221
3. ਸਾਹਿਤ ਦਰਸ਼ਨ, ਪੰਨਾ 133
4. ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼, ਪੰਨਾ 71
5. ਪੰਜਾਬ ਯੂਨੀਵਰਸਿਟੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 345-46
6. ਗੁਰਦਾਸ ਦਰਸ਼ਨ, ਪੰਨਾ 20

(ਹ) ਬੀੜ ਲਿਖਣ ਦੀ ਸੇਵਾ

ਭਾਈ ਰਣਧੀਰ ਸਿੰਘ ਨੇ ਬੰਸਾਵਲੀ ਨਾਮਾ–ਚਰਨ 4 ਦਾ ਹਵਾਲਾ ਦੇ ਕੇ ਲਿਖਿਆ ਹੈ :- "ਸੰਮਤ 1646 ਵਿਚ ਸਤਿਗੁਰ ਨਾਨਕ ਦੇਵ ਦੇ ਪੋਤੇ ਧਰਮ ਚੰਦ ਦਾ ਦੇਹਾਂਤ ਹੋਇਆ, ਤਾਂ ਰਾਮਦਾਸ ਪੁਰੇ ਤੋਂ ਸਤਿਗੁਰੂ ਅਰਜਨ ਦੇਵ ਪ੍ਰਚਾਉਣੀ (ਮੁਕਾਣ) ਵਾਸਤੇ ਡੇਹਰਾ ਬਾਬਾ ਨਾਨਕ ਪਧਾਰੇ, ਤੇ ਹੇਰਮ (ਲਾਹੌਰ) ਤੋਂ ਮੀਣੇ ਵੀ ਪਹੁੰਚੇ । ਉਥੇ ਕਿਸੇ ਸਿਖ ਨੇ ਮੀਣਿਆਂ ਦਾ ਰਚਿਆ ਕੋਈ ਸ਼ਬਦ, ਸਲੋਕ ਪੜ੍ਹਿਆ । ਉਸ ਵਿਚ 'ਨਾਨਕ' ਨਾਮ ਆਇਆ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੰਨ ਖੜੇ ਹੋ ਗਏ । ਮੁਕਾਣੋਂ ਮੁੜ ਕੇ, ਆਪ ਨੇ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਆਦਿ ਗੁਰਮੁਖਾਂ ਨਾਲ ਇਸ ਬਾਰੇ ਵਿਚਾਰ ਕਰ ਕੇ ਫ਼ੈਸਲਾ ਕਰ ਲਿਆ ਕਿ ਅਕਾਲੀ ਬਾਣੀ ਵਿਚ ਵਿਉਂ ਰਲਾ ਪੈਣ ਦੀ ਰੋਕ ਥਾਮ ਜ਼ਰੂਰੀ ਕਰਨੀ ਹੈ ।"[1]

ਜਦੋਂ ਇਹ ਫ਼ੈਸਲਾ ਹੋ ਗਿਆ ਤਾਂ ਫਿਰ ਬਾਣੀ ਇਕੱਤਰ ਕਰਨ ਦੀ ਵਿਉਂਤ ਬਣਾਈ ਗਈ । ਦੇਸਾਂ ਪਰਦੇਸਾਂ ਵਿਚ ਸਿਖਾਂ ਨੂੰ ਹੁਕਮਨਾਮੇ ਭੇਜੇ ਗਏ ਕਿ ਜਿਸ ਕਿਸੇ ਕੋਲ ਗੁਰਬਾਣੀ ਦਾ ਕੋਈ ਸ਼ਬਦ ਸਲੋਕ ਹੋਵੇ ਉਹ ਲੈ ਕੇ ਸਤਿਗੁਰੂ ਜੀ ਪਾਸ ਪੁਜ ਜਾਵੇ । ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਇਕ ਸਿਖ ਭਾਈ ਬਖ਼ਤਾ ਬਾਰੇ ਲਿਖਦੇ ਹਨ,

> "ਭਾਈ ਬਖ਼ਤਾ ਜੀ ਅਰੋੜਾ ਗੁਰੂ ਕਾ ਸਿਖ ਜਲਾਲਪੁਰ ਪ੍ਰਗਣੇ ਹਸਨ ਅਬਦਾਲ ਵਾਲਾ ਇਕ ਬੜੀ ਭਾਰੀ ਪੁਸਤਕ, ਜੋ ਉਸ ਨੇ ਆਦਿ ਗੁਰੂ ਥੀਂ ਲੈ ਕੇ ਚੌਹਾਂ ਗੁਰੂਆਂ ਪਾਸ ਰਹਿ ਕੇ ਲਿਖੀ ਸੀ ਸੋ ਹੁਣ ਪੰਜਵੇਂ ਗੁਰੂ ਜੀ ਪਾਸ ਲੈ ਆਇਆ । ਉਸ ਕੋਲੋਂ ਜੋ ਬਾਣੀ ਗੁਰੂ ਜੀ ਦੀ ਠਿੱਕ ਹੋਈ ਉਹ ਲਿਖ ਲਈ ਤੇ ਪੁਸਤਕ ਮੋੜ ਦਿਤੀ ।[2] ਇਸ ਤਰ੍ਹਾਂ ਦੂਰ ਦੁਰਾਡਿਉਂ ਗੁਰਬਾਣੀ ਇਕੱਠੀ ਹੋਣ ਲਗੀ । ਇਹ ਬੀੜ ਪਾਕਿਸਤਾਨ ਬਣਨ ਤੋਂ ਪਹਿਲਾ ਭਾਈ ਬੂਟੇ ਵਾਲੀ ਧਰਮਸਾਲ ਵਿੱਚ ਪਈ ਸੀ ਤੇ ਹੁਣ ਉਹ ਉਸ ਦੇ ਵਾਰਸਾਂ ਪਾਸ ਦਿੱਲੀ ਪਈ ਹੈ ।

ਉਂਜ ਗੁਰੂ ਅਰਜਨ ਦੇਵ ਨੂੰ ਗੁਰਬਾਣੀ ਆਪਣੇ ਪਿਤਾ ਗੁਰੂ ਰਾਮ ਦਾਸ ਤੋਂ ਵੀ ਮਿਲੀ ਸੀ । ਅਸਲ ਗੱਲ ਇਹ ਹੈ ਕਿ ਸਤਿਗੁਰਾਂ ਦੀ ਆਪ ਲਿਖੀ ਬਾਣੀ, ਪੁਸਤਕ ਦੇ ਰੂਪ ਵਿਚ, ਚੋਲਾ ਬਦਲਣ ਸਮੇਂ ਅਗਲੇ ਜਾਨਸ਼ੀਨ ਗੁਰੂ ਨੂੰ ਗੁਰਿਆਈ ਦੇ ਲਾਜ਼ਮੀ ਨਿਸ਼ਾਨ ਵਜੋਂ ਸੌਂਪੀ ਜਾਂਦੀ ਸੀ । ਇਸ ਤਰੀਕੇ ਨਾਲ ਸੰਚਿਤ ਹੁੰਦੀ ਹੋਈ ਗੁਰਬਾਣੀ ਗੁਰੂ ਅਰਜਨ ਸਾਹਿਬ ਤਕ ਪੁਜ ਗਈ ਸੀ । ਇਹ ਗੱਲ ਕਿ ਗੁਰੂ ਸਾਹਿਬ ਬਾਣੀ ਲਿਖਦੇ ਤੇ ਪੁਸਤਕ ਦੇ ਰੂਪ ਵਿਚ ਸਾਂਭੀ ਜਾਂਦੇ ਸਨ, ਪੁਰਾਤਨ ਜਨਮ ਸਾਖੀ ਦੀ ਸਾਖੀ ਨੰ: 57 "ਜੋਤੀ ਜੋਤ ਸਮਾਉਣਾ" ਤੋਂ ਸਾਬਤ ਹੁੰਦੀ ਹੈ । ਇਸ ਸਾਖੀ ਵਿਚ ਕਿਹਾ

---

1. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 9–10.
2. ਤਵਾਰੀਖ਼ ਗੁਰੂ ਖ਼ਾਲਸਾ–ਪੰਨਾ 393, ਫੁਟ ਨੋਟ ।

ਗਿਆ ਹੈ ਕਿ ਜੋਤੀ ਜੋਤ ਸਮਾਉਣ ਸਮੇਂ ਗੁਰੂ ਨਾਨਕ ਦੇਵ ਨੇ ਇਕ ਸ਼ਬਦ ਰਾਗ ਵਡਹੰਸ ਮਹਲਾ ਪਹਿਲਾ ਤੇ ਤੁਖਾਰੀ ਛੰਤ ਮਹਲਾ ਪਹਿਲਾ ਬਾਰਹ ਮਾਹਾ ਉਚਾਰਨ ਕੀਤੇ । ਫਿਰ ਲਿਖਿਆ ਹੈ :-
"ਤਿਤ ਮਹਲ ਜੋ ਸਬਦੁ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ ।"[1]

ਬਾਣੀ ਦੀਆਂ ਕੁਝ ਪੋਥੀਆਂ ਗੁਰੂ ਅਮਰ ਦਾਸ ਦੇ ਸਪੁੱਤਰ ਬਾਬਾ ਮੋਹਨ ਪਾਸ ਵੀ ਦਸੀਆਂ ਜਾਂਦੀਆ ਸਨ । ਮੋਹਨ ਨੇ ਭਾਈ ਗੁਰਦਾਸ ਤੇ ਬਾਬਾ ਬੁੱਢਾ ਨੂੰ ਤਾਂ ਪੋਥੀਆ ਨਾ ਦਿਤੀਆਂ ਪਰ ਗੁਰੂ ਅਰਜਨ ਦੇਵ ਆਪ ਜਾ ਕੇ ਲੈ ਆਏ ।[2] ਪ੍ਰੋ: ਸਾਹਿਬ ਸਿੰਘ ਅਨੁਸਾਰ ਬਾਬਾ ਮੋਹਨ ਪਾਸੋਂ ਗੁਰੂ ਅਰਜਨ ਦੇਵ ਦੇ ਪੋਥੀਆਂ ਲੈ ਜਾਣ ਦੀ ਘਟਣਾ ਗਲਤ ਹੈ ।[3] ਪਰ ਇਸ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ । ਜੇ ਕਰ ਗੁਰੂ ਕੀ ਬਾਣੀ ਦੂਰ ਦੁਰੇਡੇ ਵਸਦੇ ਸਿਖ ਉਤਾਰੇ ਕਰ ਕੇ ਲੈ ਜਾਂਦੇ ਰਹੇ ਤਾਂ ਗੁਰੂ-ਘਰ ਦੇ ਨਿਕਟ ਵਰਤੀਆਂ, ਸੰਬੰਧੀਆ ਕੋਲ ਵੀ ਕੁਝ ਪੋਥੀਆਂ ਦਾ ਹੋਣਾ ਕੋਈ ਵੱਡੀ ਗੱਲ ਨਹੀਂ । ਹਾਂ, ਇਹ ਠੀਕ ਹੈ ਕਿ "ਮੋਹਨ ਤੇਰੇ ਊਚੇ ਮੰਦਰ" ਸ਼ਬਦ ਦਾ ਇਸ ਘਟਨਾ ਨਾਲ ਕੋਈ ਸੰਬੰਧ ਨਹੀਂ ।

ਇਉਂ ਬਾਣੀ ਇਕੱਤਰ ਹੋਈ ਤੇ ਬੀੜ ਦੀ ਤਿਆਰੀ ਅਰੰਭ ਦਿੱਤੀ ਗਈ । ਭਾਈ ਗੁਰਦਾਸ ਬੀੜ ਦੇ ਲਿਖਾਰੀ (Scribe) ਵਜੋਂ ਚੁਣੇ ਗਏ । ਇਸ ਪਵਿੱਤਰ ਕਾਰਜ ਲਈ ਅੰਮ੍ਰਿਤਸਰ ਤੋਂ ਦਖਣ ਵਾਲੇ ਪਾਸੇ ਇਕਾਂਤ ਥਾਂ ਚੁਣ ਕੇ, ਜਿਥੇ ਹੁਣ ਗੁਰਦਵਾਰਾ ਰਾਮ ਸਰ ਹੈ, ਤੰਬੂ ਕਨਾਤਾਂ ਲਾ ਕੇ ਜੰਗਲ ਵਿਚ ਮੰਗਲ ਕਰ ਦਿੱਤਾ । ਵਧੀਆ ਕਾਗ਼ਜ਼ ਤੇ ਸਿਆਹੀ ਦਾ ਪ੍ਰਬੰਧ ਕੀਤਾ ਗਿਆ । ਸਿਖ ਸੰਗਤਾਂ ਨੂੰ ਦਸਿਆ ਗਿਆ ਕਿ ਬੀੜ ਤਿਆਰ ਹੋ ਰਹੀ ਹੈ ਇਸ ਲਈ ਬਿਨਾਂ ਆਗਿਆ ਉਧਰ ਕੋਈ ਨਾ ਆਵੇ । ਇਸ ਥਾਂ ਕੇਵਲ ਗੁਰੂ ਅਰਜਨ ਦੇਵ ਤੇ ਭਾਈ ਗੁਰਦਾਸ ਹੀ ਰਹਿਣ ਲਗੇ-

ਰਹੇ ਦੋਏ ਸ੍ਰੀ ਗੁਰ, ਗੁਰਦਾਸ ।
ਔਰ ਸਿਖ ਨਹਿ ਆਵੈ ਪਾਸ ।
ਸੇਵਕ ਦੂਰ ਕਿਨਾਤ ਬਿਠਾਏ ।
ਸ੍ਰੀ ਗੁਰੂ ਨਿਕਟ ਨ ਕੋਈ ਜਾਏ ।[4]

ਸੰਮਤ 1660 ਬਿ: ਵਿਸਾਖੀ ਵਾਲੇ ਦਿਨ ਅਰਦਾਸ ਕਰ ਕੇ ਭਾਈ ਗੁਰਦਾਸ ਨੇ ਬੀੜ ਲਿਖਣ ਵਾਸਤੇ ਕਲਮ ਫੜੀ । ਗੁਰੂ ਅਰਜਨ ਦੇਵ ਆਪਣੀ ਮਿਥੀ ਤਰਤੀਬ ਅਨੁਸਾਰ ਗੁਰਬਾਣੀ

1. ਪੁਰਾਤਨ ਜਨਮ ਸਾਖੀ, ਸੰਪਾਦਿਤ ਭਾਈ ਵੀਰ ਸਿੰਘ, ਪੰਨਾ 132
2. ਕਬਿੱਤ ਭਾਈ ਗੁਰਦਾਸ-ਦੂਸਰਾ ਸਟੇਪ, ਪੰਨਾ 42-43
3. 'ਗੁਰਬਾਣੀ ਤੇ ਇਤਿਹਾਸ ਬਾਰੇ, ਦਾ ਪਹਿਲਾ ਲੇਖ ("ਸਤਿਗੁਰ ਨਾਨਕ ਦੇਵ ਜੀ ਨੇ ਆਪਣੀ ਬਾਣੀ ਆਪ ਲਿਖੀ ਕੀਤੀ-ਸੀ ")
4. ਗੁਰ ਬਿਲਾਸ ਪਾਤਸ਼ਾਹੀ ਛੇਵੀਂ ।

ਤੇ ਭਗਤਾਂ ਦੀ ਬਾਣੀ ਲਿਖਵਾਂਦੇ ਰਹੇ ਤੇ ਭਾਈ ਸਾਹਿਬ ਇਕ ਮਨ, ਇਕ-ਚਿਤ ਹੋ ਕੇ ਲਿਖਦੇ ਰਹੇ ।

ਅਖੀਰ ਸੰਮਤ 1661 ਬਿ: ਭਾਦਰੋਂ ਸੁਦੀ ਏਕਮ ਨੂੰ 'ਆਦਿ ਗ੍ਰੰਥ' ਦੀ ਬੀੜ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਹੋਇਆ । ਇਸ ਅਲੌਕਿਕ ਸਮਾਗਮ ਸਮੇਂ ਬੜਾ ਭਾਰੀ ਇੱਕਠ ਹੋਇਆ । ਪ੍ਰਕਾਸ਼ ਉਤਸਵ ਵਾਲੇ ਦਿਨ, ਰਾਤ ਨੂੰ ਇਕ ਕਵੀ-ਦਰਬਾਰ ਵੀ ਹੋਇਆ ਕਿਹਾ ਜਾਂਦਾ ਹੈ ਜਿਸ ਦੀ ਪ੍ਰਧਾਨਗੀ ਭਾਈ ਗੁਰਦਾਸ ਨੇ ਕੀਤੀ ।[1] । ਭਾਈ ਗੁਰਦਾਸ ਨੇ ਉਸ ਸਮੇਂ ਗੁਰਬਾਣੀ ਦੀ ਮਹਿਮਾ ਵਿਚ ਹੇਠ ਲਿਖਿਆ ਛੰਦ ਰਚਿਆ ਦਸਿਆ ਜਾਂਦਾ ਹੈ :-

ਸਿੰਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ ਭਾਗਵਤ ਬੇਦ ਬਯਾਕਰਨ ਗੀਤਾ ।
ਸੇਸ ਮਰਜੇਸ ਅਖਲੇਸ ਸੁਰ ਮਹੇਸ ਮੁਨਿ ਜਗਤ ਅਰੁ ਭਗਤ ਸੁਰ ਨਰ ਅਤੀਤਾ ।
ਗਯਾਨ ਅਰ ਧਯਾਨ ਉਨਮਾਨ ਉਨਮਨ ਉਕਤਿ ਰਾਗ ਨਾਦਾਦਿ ਜਸ ਰਮਤ ਕੀਤਾ ।
ਅਰਧ ਲਗ ਮਾਤ੍ਰ ਗੁਰ ਸਬਦ ਅਖਰ ਮੇਕ ਅਗਮ ਅਤਿ ਅਗਮ ਅਗਾਧਿ ਮੀਤਾ (540)

ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਥਾਪਤ ਕੀਤੀ ਗਈ ਤੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ । ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਮਗਰੋਂ ਇਹ ਉਚ ਪਦਵੀ ਭਾਈ ਗੁਰਦਾਸ ਨੂੰ ਸੌਂਪੀ ਗਈ ।[2]

(ਕ) ਭਾਈ ਸਾਹਿਬ-ਇਕ ਪਰਚਾਰਕ ਦੇ ਰੂਪ ਵਿਚ

ਭਾਈ ਸਾਹਿਬ ਨੂੰ ਸੰਸਾਰਕ ਤੇ ਆਤਮਕ ਸੂਝ-ਬੂਝ ਵਿਚ ਪਰਪਕ ਵੇਖ ਕੇ ਤੀਜੇ ਗੁਰੂ ਜੀ ਨੇ ਆਪ ਨੂੰ ਗੁਰਮਤ ਦੇ ਪਰਚਾਰ ਲਈ ਦੇਸ ਦੇ ਵੱਖ ਵੱਖ ਭਾਗਾਂ ਵਿਚ ਭੇਜਣ ਦਾ ਫੈਸਲਾ ਕੀਤਾ । ਭਾਈ ਸਾਹਿਬ ਨੂੰ ਜੰਮੂ ਦੇ ਪਹਾੜੀ ਦੇਸ ਵਲ ਪਰਚਾਰ ਕਰਨ ਲਈ ਭੇਜਿਆ ਗਿਆ ।

ਇਸ ਸੰਬੰਧ ਵਿਚ ਪ੍ਰੋ: ਕਰਤਾਰ ਸਿੰਘ ਲਿਖਦੇ ਹਨ,

"ਭਾਈ ਸਾਹਿਬ ਨੂੰ ਗੁਰਸਿਖੀ ਦਾਨ ਮਿਲਿਆ ਤੇ ਆਪ ਚੋਖੇ, ਜੰਮੂ ਆਦਿ ਪਹਾੜੀ ਇਲਾਕਿਆਂ ਵਿਚ ਗੁਰਸਿਖੀ ਦੇ ਪਰਚਾਰ ਲਈ ਘੱਲੇ ਗਏ । ਜਦ ਤੀਸਰੇ ਪਾਤਸ਼ਾਹ ਜੋਤੀ ਜੋਤਿ ਸਮਾ ਗਏ ਤਾਂ ਭਾਈ ਗੁਰਦਾਸ ਜੀ ਉਧਰੋਂ ਵਾਪਸ ਆਏ............।"[3]

ਪ੍ਰੋ: ਸਰਦੂਲ ਸਿੰਘ ਦਾ ਵਿਚਾਰ ਹੈ ਕਿ,

1. ਭਾਈ ਗੁਰਦਾਸ, ਪ੍ਰੋ: ਸਰਦੂਲ ਸਿੰਘ, ਪੰਨਾ 22
2. ਵਾਰਾਂ ਭਾਈ ਗੁਰਦਾਸ ਜੀ ਦਾ ਤੁਕ ਤਤਕਰਾ, ਪੰਨਾ 40
   ਭਾਈ ਗੁਰਦਾਸ, ਸਰਦੂਲ ਸਿੰਘ, ਪੰਨਾ 31
3. ਸਿਖ ਇਤਿਹਾਸ, ਭਾਗ ਦੂਜਾ, ਪੰਨਾ 16

"ਜਦੋਂ ਸ੍ਰੀ ਗੁਰੂ ਅਮਰ ਦੇਵ[1] ਸੰਮਤ 1631 ਬਿਕ੍ਰਮੀ ਨੂੰ ਗੋਇੰਦਵਾਲ ਜੋਤੀ ਜੋਤਿ ਸਮਾਏ ਤਾਂ ਉਦੋਂ ਆਪ ਆਗਰੇ ਸਨ। ਪਤਾ ਤਾਂ ਲਗ ਗਿਆ ਸੀ ਪਰ ਆਗਰਿਉਂ ਗੋਇੰਦਵਾਲ ਤਕ ਪਹੁੰਚਦਿਆਂ ਦੇਰ ਲਗ ਗਈ।" 2

ਇਸੇ ਸੰਬੰਧ ਵਿਚ ਭਾਈ ਵੀਰ ਸਿੰਘ ਦੀ ਲਿਖਤ ਵੀ ਵੇਖਣ ਜੋਗ ਹੈ,

"ਆਪ ਗੁਰੂ ਅਮਰ ਦਾਸ ਜੀ ਦੇ ਹੁਕਮ ਨਾਲ ਕ੍ਰਿਤ ਕ੍ਰਿਤ ਹੋ ਗਏ ਸੀ ਤੇ ਫੇਰ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਭੀ ਘਲੇ ਗਏ..............................ਸ੍ਰੀ ਗੁਰੂ ਅਮਰ ਦਾਸ ਜੀ 1631 ਵਿਚ 'ਗੁਰ ਜਾਵੈ ਹਰਿ ਪ੍ਰਭ ਪਾਸਿ ਜੀਉ' ਦਾ ਖੇਲ ਵਰਤਾ ਗਏ।............ਤਦੋਂ ਜਾਪਦਾ ਹੈ ਕਿ ਭਾਈ ਗੁਰਦਾਸ ਜੀ ਬਾਹਰ ਗਏ ਹੋਏ ਸਨ, ਚਾਹੇ ਪ੍ਰਚਾਰ ਲਈ ਜੰਮੂ ਵਲ ਤੇ ਚਾਹੇ ਕਿਸੇ ਹੋਰ ਥਾਂ ਕਿਸੇ ਹੋਰ ਕੰਮ।"[3]

ਗੁਰੂ ਅਮਰ ਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਭਾਈ ਸਾਹਿਬ ਕਿਤੋਂ ਬਾਹਰੋਂ ਆਏ ਸਨ। ਇਸ ਗੱਲ ਦੀ ਗਵਾਹੀ ਸੂਰਜ ਪ੍ਰਕਾਸ਼ ਵਿਚੋਂ ਵੀ ਕੁਝ ਇਉਂ ਹੀ ਮਿਲਦੀ ਹੈ।[4]

ਕੁਝ ਵੀ ਹੋਵੇ, ਇਕ ਗੱਲ ਤਾਂ ਸਾਫ਼ ਹੈ ਕਿ ਭਾਈ ਸਾਹਿਬ ਨੇ ਤੀਜੇ ਗੁਰੂ ਦੇ ਸਮੇਂ ਗੁਰਮਤ ਦਾ ਪਰਚਾਰ ਦੂਰ ਦੂਰ ਤਕ ਕਰਨਾ ਅਰੰਭ ਦਿਤਾ। ਪ੍ਰੋ: ਸਰਦੂਲ ਸਿੰਘ ਅਨੁਸਾਰ ਬਾਦਸ਼ਾਹ ਅਕਬਰ ਵੀ ਭਾਈ ਸਾਹਿਬ ਕੋਲੋਂ ਗੁਰਬਾਣੀ ਦੀ ਵਿਆਖਿਆ ਸੁਣ ਕੇ ਰਸ ਪ੍ਰਾਪਤ ਕਰਦਾ ਸੀ।[5]

ਗੁਰੂ ਰਾਮ ਦਾਸ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਭਾਈ ਗੁਰਦਾਸ ਬਾਹਰੋਂ ਆਏ ਸਨ। ਰਾਮਦਾਸ ਪੁਰ ਵਸਾਉਣ ਤੇ ਗੋਇੰਦਵਾਲ ਵਿਚ ਬਾਉਲੀ ਦੀ ਉਸਾਰੀ ਸਮੇਂ ਦੋਹਾਂ ਨੇ ਇਕੱਠੇ ਰਹਿ ਕੇ ਸੇਵਾ ਕੀਤੀ ਸੀ, ਸਾਂਝ ਦੋਹਰੀ ਸੀ–ਰਿਸ਼ਤੇ ਦੀ ਵੀ ਤੇ ਗੁਰਭਾਈ ਹੋਣ ਦੀ ਵੀ, ਤੇ ਹੁਣ ਗੁਰੂ ਰਾਮ ਦਾਸ ਵਿਚ ਤੀਜੇ ਗੁਰੂ ਦੀ ਪਾਵਨ ਜੋਤਿ ਦੇ ਦੀਦਾਰ ਕਰ ਕੇ ਭਾਈ ਸਾਹਿਬ ਨੇ ਆਪਣੇ ਜਜ਼ਬਾਤ ਨੂੰ ਇਉਂ ਅੱਖਰੀ ਜਾਮਾ ਪਹਿਨਾਇਆ :–

ਰਾਗ ਦੋਖ ਨਿਰਦੋਖ ਹੈ, ਰਾਜ ਜੋਗ ਵਰਤੇ ਵਰਤਾਰਾ।
ਮਨਸਾ ਵਾਚਾ ਕਰਮਨਾ ਮਰਮ ਨ ਜਾਪੇ ਅਪਰ ਅਪਾਰਾ।
ਦਾਤਾ ਭੁਗਤਾ ਦਇਆ ਦਾਨਿ, ਵੇਦ ਸਬਲ ਸਤ ਸੰਗ ਉਧਾਰਾ।
ਸਹਜ ਸਮਾਧਿ ਅਗਾਧਿ ਬੋਧ ਸਤਿਗੁਰ ਸਚ ਸਵਾਰਣ ਹਾਰਾ।
ਗੁਰ ਅਮਰਹੁੰ ਗੁਰ ਰਾਮਦਾਸ ਜੋਤੀ ਜੋਤਿ ਜਗਾਇ ਜੁਹਾਰਾ।

---

1. ਕਈਆਂ ਨੇ ਗੁਰੂ ਅਮਰਦਾਸ ਦਾ ਨਾਂ ਗੁਰੂ ਅਮਰਦੇਵ ਕਰ ਕੇ ਵੀ ਲਿਖਿਆ ਹੈ।
2. ਭਾਈ ਗੁਰਦਾਸ, ਪੰਨਾ 9
3. ਕਬਿੱਤ ਭਾਈ ਗੁਰਦਾਸ, ਦੂਸਰਾ ਸੰਚੈਪ, ਪੰਨਾ 28, 29, 30
4. "ਭਈ ਗੁਰਦਾਸ ਸੁ ਪ੍ਰੇਮ ਬਿਸਾਲੂ"
5. ਭਾਈ ਗੁਰਦਾਸ, ਪੰਨਾ 8-9.

ਸ਼ਬਦ ਸੁਰਤਿ ਗੁਰਸਿਖ ਹੋਇ ਅਨਹਦ ਬਾਣੀ ਨਿੱਝਰ ਧਾਰਾ ।
ਤਖਤ ਬਖਤ ਪਰਗਟ ਪਾਹਾਰਾ ।[1]

ਪ੍ਰੋ: ਕਰਤਾਰ ਸਿੰਘ ਲਿਖਦੇ ਹਨ, "ਜਦ ਤੀਸਰੇ ਪਾਤਸ਼ਾਹ ਜੋਤੀ ਜੋਤ ਸਮਾ ਗਏ ਤਾਂ ਭਾਈ ਗੁਰਦਾਸ ਜੀ ਉਧਰੋਂ ਵਾਪਸ ਆਏ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੀ ਚਰਨ ਸ਼ਰਨ ਵਿਚ ਆ ਹਾਜ਼ਰ ਹੋਏ । ਗੁਰੂ ਜੀ ਨੇ ਹੋਰ ਮਿਹਰ ਕੀਤੀ ਅਤੇ ਇਨ੍ਹਾਂ ਨੂੰ ਪੂਰਨ ਗੁਰਸਿਖ ਬਣਾ ਦਿੱਤਾ । ਫਿਰ ਗੁਰੂ ਜੀ ਨੇ ਆਗਿਆ ਕੀਤੀ ਕਿ ਜਾਓ ਆਗਰੇ ਅਤੇ ਪੂਰਬ ਵਲ ਸਿੱਖੀ ਦੀ ਸੰਭਾਲ ਕਰੋ । ਇਸ ਤਰ੍ਹਾਂ ਆਪ ਗੁਰਸਿਖੀ ਦੇ ਪਰਚਾਰਕ ਹੋ ਕੇ ਆਗਰੇ ਚਲੇ ਗਏ ।"[2]

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਦੋਂ ਭਾਈ ਗੁਰਦਾਸ ਗੁਰੂ ਰਾਮਦਾਸ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਬਿਨੈ ਕੀਤੀ :—

ਮੋਂ ਕਉ ਸਿਖੀ ਦੇਹੁ ਮਹਾਨੀ ।[3]

ਤੇ ਅਗੋਂ ਸਾਹਿਬਾਂ ਨੇ ਫ਼ਰਮਾਇਆ

ਸਿਮਰਹੁ ਵਾਹਿਗੁਰੂ ਸਤਿਨਾਮ ।
ਜਾ ਤੇ ਪਾਵਹੁ ਸੁਖ ਬਿਸਰਾਮੁ ।
ਅਬ ਤੁਮ ਆਗ੍ਰੇ ਮਾਹਿ ਸਿਧਾਵਹੁ ।[4]

'ਮੋਂ ਕਉ ਸਿਖੀ ਦੇਹੁ ਮਹਾਨੀ" ਤੁਕ ਨੇ ਕਈ ਵਿਦਵਾਨਾਂ ਨੂੰ ਇਸ ਭੁਲੇਖੇ ਵਿਚ ਪਾ ਦਿੱਤਾ ਹੈ ਕਿ ਭਾਈ ਗੁਰਦਾਸ ਨੇ ਚੌਥੇ ਗੁਰੂ ਜੀ ਤੋਂ ਸਿਖੀ ਦੀ ਦਾਤ ਮੰਗੀ, ਭਾਵ ਇਹ ਕਿ ਇਸ ਤੋਂ ਪਹਿਲਾਂ ਭਾਈ ਗੁਰਦਾਸ ਨੂੰ ਇਹ ਦਾਤ ਅਜੇ ਪ੍ਰਾਪਤ ਨਹੀਂ ਸੀ ਹੋਈ ।

ਪਰ ਉਸ ਸਮੇਂ ਗੁਰੂ ਰਾਮ ਦਾਸ ਦਾ ਇਹ ਹੁਕਮ ਕਿ "ਅਬ ਤੁਮ ਆਗ੍ਰੇ ਮਾਹਿ ਸਿਧਾਵਹੁ" ਸਿਧ ਕਰਦਾ ਹੈ ਕਿ ਭਾਈ ਸਾਹਿਬ ਨੂੰ, ਗੁਰਮਤ ਵਿਚ ਪਕ ਗਏ ਹੋਣ ਕਰ ਕੇ ਹੀ ਇਹ ਸੇਵਾ ਬਖ਼ਸ਼ੀ ਗਈ ਸੀ । ਪ੍ਰੋ: ਕਰਤਾਰ ਸਿੰਘ ਦੀ ਲਿਖਤ "ਗੁਰੂ ਜੀ ਨੇ ਹੋਰ ਮਿਹਰ ਕੀਤੀ" ਵੀ ਇਹੀ ਸਾਬਤ ਕਰਦੀ ਹੈ ਕਿ ਭਾਈ ਸਾਹਿਬ ਸਿਖ ਤਾਂ ਪਹਿਲਾਂ ਹੀ ਸਨ, ਹੁਣ ਗੁਰੂ ਰਾਮ ਦਾਸ ਨੇ ਵੀ ਆਪ ਨੂੰ ਆਪਣਾ ਸਿਖ ਸਵੀਕਾਰ ਕਰ ਲਿਆ ।

ਭਾਈ ਵੀਰ ਸਿੰਘ ਨੇ ਵੀ ਇਸ ਫ਼ੈਸਲੇ ਦਾ ਨਿਰਣਾ ਕਰਦਿਆ ਲਿਖਿਆ ਹੈ, "ਸਗੋਂ ਉਸੇ ਵੇਲੇ ਪ੍ਰਚਾਰ ਲਈ ਟੋਰਿਆ ਜਾਣਾ ਦਲੀਲ ਹੈ ਇਸ ਗੱਲ ਦੀ ਕਿ ਉਨ੍ਹਾਂ ਦੀ ਸਿਖੀ ਤੇ ਪ੍ਰਚਾਰ ਦੇ

1. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 14
2. ਸਿਖ ਇਤਿਹਾਸ, ਭਾਗ ਦੂਜਾ, ਪੰਨਾ 16
3. ਗੁਰ ਪ੍ਰਤਾਪ ਸੂਰਜ, ਰਾਸ 2, ਅੰਸ 14, ਅੰਕ 68
4. ਉਹੀ — — — ਅੰਕ 69-70

ਗੁਣ ਦੀ ਪ੍ਰਬੀਨਤਾ ਮੰਨੀ ਪਰਮੰਨੀ ਗੱਲ ਸੀ । ਤਦੇ ਹੀ ਗੁਰੂ ਜੀ ਉਸੇ ਦਮ ਭਾਈ ਜੀ ਨੂੰ ਆਗਰੇ ਤੋਰ ਦੇਂਦੇ ਹਨ ।"[1]

ਇਉਂ ਗੁਰੂ ਰਾਮ ਦਾਸ ਦੀ ਆਗਿਆ ਨੂੰ ਸਿਰ ਮੱਥੇ ਮੰਨ ਕੇ ਭਾਈ ਸਾਹਿਬ ਕੁਝ ਹੋਰ ਸਿੱਖਾਂ ਨੂੰ ਨਾਲ ਲੈ ਕੇ ਆਗਰੇ ਵਲ ਚਲ ਪਏ । ਭਾਈ ਸਾਹਿਬ ਆਗਰੇ ਜਾਂਦਿਆਂ ਰਸਤੇ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੇ ਹਰਦਵਾਰ, ਦਿਲੀ, ਮਥਰਾ ਆਦਿ ਨਗਰਾਂ ਵਿਚ ਭੀ ਪਰਚਾਰ ਕਰਦੇ ਗਏ, ਜਿਥੇ ਜਿਥੇ ਵੀ ਪੜਾ ਕੀਤਾ ਉਥੇ ਹੀ 'ਸਵੇਰੇ ਵਾਰ ਲਾਉਣੀ, ਭੋਗ ਪਾ ਕੇ ਕਥਾ ਕਰਨੀ, ਸੰਝ ਨੂੰ ਸੋਦਰ ਦੀ ਚੌਕੀ ਤੇ ਰਾਤ ਨੂੰ ਕੀਰਤਨ ਸੋਹਿਲਾ ਦੀ ਚੌਕੀ ਹੋਣੀ ।"[2] ਆਗਰੇ ਪਹੁੰਚ ਕੇ ਭਾਈ ਸਾਹਿਬ ਨੇ ਪੱਕੀ ਰਿਹਾਇਸ਼ ਕਰ ਲਈ ਤੇ ਆਗਰੇ ਨੂੰ ਸਿੱਖੀ ਪਰਚਾਰ ਲਈ ਆਪਣਾ ਕੇਂਦਰ ਬਣਾ ਲਿਆ । ਇਥੋਂ ਹੀ ਸਮਾਂ ਕਢ ਕੇ ਵਿਚ-ਵਿਚਾਲੇ ਦੇਸ ਦੇ ਹੋਰ ਇਲਾਕਿਆਂ ਵਿਚ ਪਰਚਾਰ ਕਰਨ ਲਈ ਜਾਇਆ ਕਰਦੇ ਸਨ । ਰਾਜਸਥਾਨ ਤੇ ਬਿਹਾਰ ਦੇ ਇਲਾਕਿਆਂ ਵਿਚ ਵੀ ਸਿੱਖੀ ਦੀ ਦਾਤ ਵੰਡੀ; ਬੁਰਹਾਨਪੁਰ ਤੇ ਲਖਨਊ[3] ਵਿਚ ਕਈ ਲੋਕਾਂ ਨੂੰ ਸਿੱਖੀ ਵੱਲ ਪ੍ਰੇਰਿਆ ।

ਸੰਮਤ 1631 ਬਿ: ਤੋਂ ਸੰਮਤ 1638 ਬਿ: ਤਕ ਭਾਈ ਗੁਰਦਾਸ ਆਗਰੇ ਰਹਿ ਕੇ ਉਸ ਇਲਾਕੇ ਵਿਚ ਗੁਰਮਤ ਦਾ ਚਾਨਣ ਫੈਲਾਉਂਦੇ ਰਹੇ । ਸੰਮਤ 1638 ਬਿ: ਦੇ ਭਾਦਰੋਂ ਵਿਚ ਗੁਰੂ ਰਾਮ ਦਾਸ ਜੋਤੀ ਜੋਤਿ ਸਮਾ ਗਏ ਤਾਂ ਬਾਬਾ ਬੁੱਢਾ ਦੇ ਭੇਜੇ ਹੋਏ ਸੁਨੇਹੇ ਅਨੁਸਾਰ ਭਾਈ ਸਾਹਿਬ ਆਗਰੇ ਤੋਂ ਅੰਮ੍ਰਿਤਸਰ ਆਏ । ਇਸ ਸੱਤ ਸਾਲ ਦੇ ਪਰਚਾਰ ਸਮੇਂ ਭਾਈ ਗੁਰਦਾਸ ਕਦੇ ਪੰਜਾਬ ਆਏ ਕਿ ਨਹੀਂ ? ਠੀਕ ਪਤਾ ਨਹੀਂ ਚਲਦਾ ।"[4] ਪਰ ਗੁਰੂ-ਚਰਨਾਂ ਦੇ ਭੌਰੇ ਭਾਈ ਸਾਹਿਬ ਦਾ ਏਨਾ ਲੰਮਾ ਸਮਾਂ ਗੁਰ-ਦਰਸ਼ਨਾਂ ਤੋਂ ਬਿਨਾ ਰਹਿਣਾ ਵੀ ਜਚਦਾ ਨਹੀਂ । ਕਿਆਸ ਕੀਤਾ ਜਾ ਸਕਦਾ ਹੈ ਕਿ ਇਸ ਦੌਰਾਨ ਉਹ ਕਦੇ ਕਦਾਈਂ ਆ ਕੇ ਆਪਣੇ ਪਰਚਾਰ ਬਾਰੇ ਗੁਰੂ ਜੀ ਨੂੰ ਜਾਣ-ਕਾਰੀ ਦੇਂਦੇ ਰਹੇ ਹੋਣਗੇ । ਇਸ ਬਾਰੇ ਥੋੜਾ ਜਿਹਾ ਸੰਕੇਤ ਨਿਮਨ ਲਿਖਤ ਪਉੜੀ ਤੋਂ ਮਿਲਦਾ ਹੈ :-

ਦਿਚੇ ਪੂਰਬ ਦੇਵਣਾ ਜਿਸ ਦੀ ਵਸਤੁ ਤਿਸੈ ਘਰ ਆਵੈ ।
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ ।[5]

---

1. ਕਬਿੱਤ ਭਾਈ ਗੁਰਦਾਸ, ਦੂਸਰਾ ਸਰੰਪ, ਪੰਨਾ 31
2. ਕਬਿੱਤ ਭਾਈ ਗੁਰਦਾਸ, ਦੂਸਰਾ ਸਰੰਪ, ਪੰਨਾ 32
3. ਦੀ ਖਾਲਸਾ (ਲਾਈਫ਼ ਆਫ਼ ਭਾਈ ਗੁਰਦਾਸ) ਡਾ. ਗੰਡਾ ਸਿੰਘ
4. ਕਬਿੱਤ ਭਾਈ ਗੁਰਦਾਸ, ਦੂਸਰਾ ਸਰੰਪ, ਪੰਨਾ 33
5. ਵਾਰ ਪਹਿਲੀ, ਪਉੜੀ 47

ਇਹ ਅੰਮ੍ਰਿਤਸਰੋਵਰ ਦੀ ਖੁਦਾਈ ਸੰਮਤ 1634 ਬਿ: ਵਿਚ ਸ਼ੁਰੂ ਹੋਈ ਸੀ । ਇਸ ਕੰਮ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ, ਭਾਈ ਰਣਧੀਰ ਸਿੰਘ ਲਿਖਦੇ ਹਨ, ''ਪੰਜ ਦਾਨੇ-ਪਰਧਾਨੇ ਗੁਰਮੁੱਖਾਂ ਦੀ 'ਧੰਮ-ਕਰਨੀ ਕਮੇਟੀ ਬਣਾਈ ਗਈ । ਭਾਈ ਗੁਰਦਾਸ ਜੀ ਭੀ ਇਸ ਪੰਚਾਇਤ ਵਿਚ ਸਨ ।[1]

ਭਾਈ ਰਣਧੀਰ ਸਿੰਘ ਦੀ ਖੋਜ ਅਨੁਸਾਰ ਭਾਈ ਸਾਹਿਬ ਨੂੰ 1577 ਈਸਵੀ ਵਿਚ (1634 ਬਿ:) ਗੁਰੂ ਰਾਮ ਦਾਸ ਨੇ ਕਸ਼ਮੀਰ ਵਿਚ ਪਰਚਾਰ ਕਰਨ ਲਈ ਭੇਜਿਆ ।[2]

1578 ਈਸਵੀ (1635 ਬਿ:) 30 ਸਿਤੰਬਰ ਨੂੰ ਬਾਦਸ਼ਾਹ ਅਕਬਰ ਨੇ ਆਗਰੇ ਵਿਚ 'ਸਰਬ ਧਰਮ ਸੰਮੇਲਨ' ਬੁਲਾਇਆ ਸੀ, ''ਉਸ ਵਿਚ ਗੁਰੂ ਰਾਮ ਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਹੀ ਆਪਣਾ ਪ੍ਰਤੀਨਿਧ ਬਣਾ ਕੇ ਭੇਜਿਆ । ਇਸ ਗੱਲ ਦੀ ਗਵਾਹੀ ਅਕਬਰ ਦੇ ਸਰਕਾਰੀ ਕਾਗਜ਼ਾਂ ਤੋਂ ਵੀ ਮਿਲਦੀ ਹੈ ।[3]

ਇਸ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਰਾਮ ਦਾਸ ਦੀ ਗੁਰਿਆਈ ਸਮੇਂ ਭਾਈ ਸਾਹਿਬ ਸਮੇਂ ਸਮੇਂ ਗੁਰੂ ਜੀ ਪਾਸ ਆਉਂਦੇ ਵੀ ਰਹੇ ਤੇ ਹੁਕਮ ਅਨੁਸਾਰ ਵੱਖ ਵੱਖ ਇਲਾ-ਕਿਆਂ ਵਿਚ ਸਿੱਖੀ ਪਰਚਾਰ ਵੀ ਕਰਦੇ ਰਹੇ ।

ਗੁਰੂ ਰਾਮ ਦਾਸ ਨੇ 'ਤਖਤਿ ਬਹੈ ਤਖਤੈ ਕੀ ਲਾਇਕ' ਅਨੁਸਾਰ ਗੁਰਗੱਦੀ, ਇਸ ਪਦਵੀ ਦੇ ਜੋਗ ਆਪਣੇ ਸਪੁੱਤਰ ਅਰਜਨ ਦੇਵ ਨੂੰ ਸੌਂਪੀ ਤੇ ਆਪ ਜੋਤੀ ਜੋਤਿ ਸਮਾ ਗਏ । ਜਦੋਂ ਭਾਈ ਗੁਰਦਾਸ ਅੰਮ੍ਰਿਤਸਰ ਪੁਜੇ, ਗੁਰੂ ਅਰਜਨ ਦੇਵ ਦੇ ਦਰਸ਼ਨ ਕਰ ਕੇ ਨਮਸਕਾਰ ਕੀਤੀ, ਸਿਰ ਝੁਕਾਇਆ, ਗੁਰੂ ਰਾਮ ਦਾਸ ਵਾਲੀ ਜੋਤਿ ਡਿਠੀ ਤਾਂ ਪ੍ਰੇਮ ਹੁਲਾਰੇ ਵਿਚ ਬੋਲ ਗੂੰਜੇ, ਵਡਿਆਈ ਕੀਤੀ-

ਅਲਖ ਨਿਰੰਜਨ ਆਖੀਐ ਅਕਲ ਅਜੋਨਿ ਅਕਾਲ ਅਪਾਰਾ ।
ਰਵਿਸਸ ਜੋਤਿ ਉਦੋਤਿ ਲੰਘ ਪਰਮ ਜੋਤਿ ਪਰਮੇਸਰ ਪਿਆਰਾ ।
ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ ।
ਨਮਸਕਾਰ ਸੰਸਾਰ ਵਿਚ ਆਦਿ ਪੁਰਖ ਆਦੇਸ ਉਧਾਰਾ ।
ਚਾਰ ਵਰਨ ਛਿਅ ਦਰਸਨਾਂ ਗੁਰਮੁਖ ਮਾਰਗ ਸਚ ਅਚਾਰਾ ।
ਨਾਮ ਦਾਨ ਇਸ਼ਨਾਨ ਦ੍ਰਿੜ ਗੁਰਮੁਖ ਭਾਇ ਭਗਤ ਨਿਸਤਾਰਾ ।
ਗੁਰ ਅਰਜਨ ਸਚ ਸਿਰਜਣ ਹਾਰਾ ।[4]

---

1. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 4-5
2. ਉਹੀ
3. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968 ਪੰਨਾ 4-5
4. ਵਾਰ 24, ਪਉੜੀ 18

ਗੋਇੰਦਵਾਲ ਵਿਚ ਜਨਮ ਲੈ ਕੇ ਭਾਈ ਗੁਰਦਾਸ ਤੇ ਗੁਰੂ ਅਰਜਨ ਦੇਵ ਬਚਪਨ ਤੋਂ ਹੀ ਇਕ ਦੂਜੇ ਦੇ ਨੇੜੇ ਰਹੇ ਸਨ, ਫਿਰ ਇਹ ਸੰਬੰਧ ਅੰਮ੍ਰਿਤਸਰ ਵਿਚ ਵੀ ਕਾਇਮ ਰਿਹਾ। ਦੁਨਿਆਵੀ ਰਿਸ਼ਤੇਦਾਰੀ ਦਾ ਸੰਬੰਧ ਤਾਂ ਹੈ ਹੀ ਸੀ, ਆਤਮਕ ਪੱਧਰ ਤੇ ਗੁਰਮਤ ਬਾਰੇ ਵਿਚਾਰ ਵਟਾਂਦਰੇ ਹੁੰਦੇ ਰਹਿੰਦੇ ਸਨ। ਗੁਰਮਤ ਬਾਰੇ ਭਾਈ ਸਾਹਿਬ ਦੀ ਜਾਣਕਾਰੀ ਤੇ ਪਰਚਾਰ ਸੇਵਾ ਕੋਈ ਲੁਕੀ ਛੁਪੀ ਨਹੀਂ ਸੀ ਤੇ ਪਰਚਾਰ ਦੀ ਲੋੜ ਅਜੇ ਬਹੁਤ ਸੀ। ਸੋ ਗੁਰੂ ਅਰਜਨ ਦੇਵ ਨੇ ਭਾਈ ਸਾਹਿਬ ਨੂੰ ਫੇਰ ਪਰਚਾਰ ਲਈ ਭੇਜਣ ਦੀ ਯੋਜਨਾ ਬਣਾਈ। ਗੁਰੂ ਅਰਜਨ ਦੇਵ ਦੇ ਹੁਕਮ ਅਨੁਸਾਰ ਆਪ ਨੇ ਪਿਸ਼ਾਵਰ, ਕਾਬਲ, ਕੰਧਾਰ ਆਦਿ ਸਥਾਨਾਂ ਤੇ ਪੁਜ ਕੇ ਗੁਰਮਤ ਦਾ ਪਰਚਾਰ ਕੀਤਾ ਅਤੇ ਸਿੰਧ, ਕਸ਼ਮੀਰ, ਬਨਾਰਸ, ਆਗਰੇ, ਉਜੈਨ ਤੇ ਬੁਰਹਾਨਪੁਰ ਵੀ ਗਏ।

ਜਦੋਂ ਇਸ ਲੰਮੇ ਪਰਚਾਰ ਦੌਰੇ ਤੋਂ ਵਾਪਸ ਅੰਮ੍ਰਿਤਸਰ ਆਏ ਤਾਂ ਭਾਈ ਸਾਹਿਬ ਨੇ ਵੇਖਿਆ ਕਿ ਗੁਰੂ-ਘਰ ਵਿਚ ਗੁਰਗੱਦੀ ਲਈ ਸ਼ਰੀਕਾ ਪੈਦਾ ਹੋ ਚੁਕਾ ਸੀ। ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਸਾਜ਼ਸ਼ਾਂ ਸ਼ੁਰੂ ਕਰ ਦਿੱਤੀਆਂ ਸਨ। ਪ੍ਰਿਥੀ ਚੰਦ ਦੇ ਖੋਟ, ਕਪਟ ਤੇ ਮੀਣੇ-ਪਨ ਨੂੰ ਬਰਦਾਸ਼ਤ ਨਾ ਕਰਦਿਆਂ ਹੋਇਆਂ ਭਾਈ ਗੁਰਦਾਸ ਨੇ ਬਾਬਾ ਬੁੱਢਾ ਆਦਿ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਗੁਰਿਆਈ ਦੀ ਸਚਿਆਈ ਦਾ ਡੰਕਾ ਵਜਾਉਣ ਵਾਸਤੇ ਤਿਆਰੀ ਕਰ ਲਈ। ਇਸ ਮਤਲਬ ਲਈ ਭਾਈ ਸਾਹਿਬ ਨੇ ਦੋ ਢੰਗ ਵਰਤੇ—ਇਕ ਤਾਂ ਇਹ ਕਿ ਆਪਣੇ ਸਾਥੀਆਂ ਸਮੇਤ ਅੰਮ੍ਰਿਤਸਰ ਤੋਂ ਬਾਹਰ ਜਾ ਕੇ ਮੁਖ ਰਾਹਵਾਂ ਤੋਂ ਆਉਂਦੀਆਂ ਸੰਗਤਾਂ ਨੂੰ ਅਸਲੀਅਤ ਦੱਸਣ ਲੱਗੇ, ਤੇ ਦੂਜਾ, ਪ੍ਰਿਥੀ ਚੰਦ ਨੂੰ ਸਮਝਾ ਕੇ ਸਿਧੇ ਰਸਤੇ ਪਾਉਣ ਦਾ ਜਤਨ ਕੀਤਾ।

ਸਿਖ-ਸੰਗਤਾਂ ਤਾਂ ਅਸਲੀਅਤ ਤੋਂ ਜਾਣੂ ਹੋ ਗਈਆਂ, ਪ੍ਰਿਥੀ ਚੰਦ ਦੇ ਖੋਟ, ਕਪਟ ਤੇ ਝੂਠ ਦਾ ਪਾਜ ਖੁਲ੍ਹ ਗਿਆ। ਸਿੱਖ ਸੇਵਕ ਸਿਧੇ ਗੁਰਚਰਨਾਂ ਵਿਚ ਆਉਣ ਲਗ ਪਏ। ਪਰ ਪ੍ਰਿਥੀ ਚੰਦ ਦੇ ਅੰਦਰੋਂ ਦੋਵਤ-ਭਾਵਨਾ ਨਾ ਮਿਟੀ। ਗੁਰੂ ਅਰਜਨ ਦੇਵ ਦੇ ਹੁਕਮ ਅਨੁਸਾਰ ਭਾਈ ਸਾਹਿਬ ਨੇ ਗੁਰੂ ਕੇ ਬਜ਼ਾਰ ਦੇ ਕਿਰਾਏ ਦੀ ਆਮਦਨ ਤੇ ਬਜ਼ਾਰ ਦੀ ਜਗਾਤ ਦੀ ਆਮਦਨ ਪ੍ਰਿਥੀ ਚੰਦ ਦੇ ਹਵਾਲੇ ਕਰ ਕੇ[1] ਇਹ ਦ੍ਵੈਖ ਮਿਟਾਣੀ ਚਾਹੀ, ਗੁਰੂ ਸਾਹਿਬ ਦੀ ਨਿੰਦਿਆ ਕਰਨ ਤੋਂ ਹਟਾਉਣ ਦੇ ਜਤਨ ਕੀਤੇ। ਪਰ ਪ੍ਰਿਥੀ ਚੰਦ ਉਤੇ ਕਿਸੇ ਵੀ ਗੱਲ ਦਾ ਅਸਰ ਨਾ ਹੋਇਆ। ਉਹ ਸਗੋਂ ਹੋਰ ਵਿਰੋਧੀ ਹੁੰਦਾ ਗਿਆ। ਜਦੋਂ ਮੇਲ ਮਿਲਾਪ ਦੇ ਸਾਰੇ ਹੀਲੇ ਉਪਰਾਲੇ ਨਿਸਫਲ ਹੋ ਗਏ ਤੇ ਪ੍ਰਿਥੀ ਚੰਦ ਗੁਰ-ਨਿੰਦਿਆ ਤੋਂ ਬਾਜ਼ ਨਾ ਆਇਆ, ਕੂੜ ਕਪਟ ਦੀ ਖੇਡ ਜਾਰੀ ਰਖਣ ਤੇ ਤੁਲਿਆ ਰਿਹਾ,

---

1. ਗੁਰ ਪ੍ਰਤਾਪ ਸੂਰਜ, ਰਾਸ 2 ਅੰਸੂ 3
   ਕਛੁਕ ਦੁਕਾਨਨ ਕੋ ਤਹਿੰ ਭਾੜਾ।
   ਅਰ ਜਗਾਤ ਜੋ ਆਵਹਿ ਬਜ਼ਾਰਾ
   ਸੋ ਸਭ ਪ੍ਰਿਥੀਏ ਕੋ ਤਬ ਦੀਨ।

ਸਮੇਂ ਦੀ ਹਕੂਮਤ ਪਾਸ ਸਾਜਸ਼ਾਂ ਸ਼ਿਕਾਇਤਾਂ ਵੀ ਕਰਦਾ ਰਿਹਾ, ਤਾਂ ਭਾਈ ਸਾਹਿਬ ਨੇ ਉਸ ਨੂੰ 'ਮੀਣਾ' ਆਖ ਕੇ ਉਸ ਦੀਆਂ ਕਰਤੂਤਾਂ ਦਾ ਪਾਜ ਖੋਲ੍ਹਣਾ ਸ਼ੁਰੂ ਕੀਤਾ। ਇਸ ਨਾਲ ਸੰਗਤਾਂ ਵਿਚ ਉਹ ਬਹੁਤ ਬਦਨਾਮ ਹੋ ਗਿਆ। ਗੁਰੂ-ਘਰ ਦੀ ਮਹਿਮਾ ਦੂਣੀ ਚੌਣੀ ਹੋਣ ਲੱਗੀ। ਭਾਈ ਸਾਹਿਬ ਦੀ 36ਵੀਂ ਵਾਰ ਵਿਚ ਮੀਣਿਆਂ ਦੀ ਦੁਰਦਸ਼ਾ ਦਾ ਵਰਨਣ ਹੈ। ਮਨੁੱਖ ਦੇ ਜੀਵਨ ਵਿਚ ਨਿਤ ਵਰਤੀਂਦੀਆਂ ਚੀਜ਼ਾਂ ਦੇ ਦ੍ਰਿਸ਼ਟਾਂਤਾਂ ਨਾਲ ਪ੍ਰਿਥੀ ਚੰਦ ਦੇ ਮੀਣੇ ਸੁਭਾਵ ਦਾ ਚਿੱਤਰ ਉਲੀਕਿਆ ਗਿਆ ਹੈ :-

ਕੇਹਾਂ ਦਿਸੈ ਉਜੱਲਾ ਮਸੁ ਅੰਦਰ ਚਿੱਤੇ ।
ਹਰਿਆ ਤਿਲ ਬੂਆੜ ਜਿਉਂ ਫਲ ਕੰਮ ਨ ਕਿੱਤੇ ।
ਜੇਹੀ ਕਲੀ ਕਨੇਰ ਦੀ ਮਨ ਤਨ ਦੁਹ ਭਿੱਤੇ ।
ਪੇਂਝੂ ਦਿੱਸਨ ਰੰਗੁਲੇ ਮਰੀਐ ਅਕ ਫਿੱਤੇ ।
ਖਰੀ ਸੁਆਲਿਓ ਵੇਸੁਵਾ ਜੀਅ ਬੱਝਾ ਇੱਤੇ ।
ਖੋਟੀ ਸੰਗਤ ਮੀਣਿਆਂ ਦੁਖ ਦੇਂਦੀ ਮਿੱਤੇ[1]

ਇਹ ਲਫ਼ਜ਼ 'ਮੀਣਾ' ਪ੍ਰਿਥੀ ਚੰਦ ਲਈ ਵਰਤਿਆ ਤੇ ਇਸ ਦਾ ਅਰਥ ਹੈ, ਝੂਠਾ, ਕਪਟੀ, ਜੋ ਗੁਣ ਉਸ ਵਿਚ ਨਹੀਂ ਉਸਦਾ ਮਾਣ ਕਰੇ, "ਜੋ ਮਨ ਦੇ ਛਲ ਨੂੰ ਪਰਗਟ ਨਾ ਹੋਣ[2] ਦੇਵੇ"-

ਮੀਣਾ ਹੋਆ ਪਿਰਥੀਆ ਕਰ ਕਰ ਤ੍ਰੌਢਕ ਬਰਲ ਚਲਾਇਆ ।[3]

ਜਦੋਂ ਸੰਗਤਾਂ ਨੂੰ ਮੀਣਿਆਂ ਦੇ ਪਖੰਡ ਤੇ ਗੁਰੂ ਘਰ ਵਿਰੋਧੀ ਸਾਜ਼ਸ਼ਾਂ ਦਾ ਪਤਾ ਲਗ ਗਿਆ ਤਾਂ ਉਹ ਹੁਮ-ਹੁਮਾ ਕੇ ਗੁਰੂ ਅਰਜਨ ਦੇਵ ਦੇ ਹਜ਼ੂਰ ਆਉਣ ਲਗੀਆਂ ਤੇ ਅੰਮ੍ਰਿਤਸਰ ਦੀ ਮਹਿਮਾ ਚਹੁੰ ਕੂੰਟਾਂ ਵਿਚ ਫੈਲਣ ਲਗ ਪਈ ।

ਸ੍ਰੀ ਗੁਰੂ ਹਰਿਗੋਬਿੰਦ ਦੇ ਸਮੇਂ ਵੀ ਭਾਈ ਸਾਹਿਬ ਨੂੰ ਗੁਰਮਤ ਦੇ ਪਰਚਾਰ ਦਾ ਮੌਕਾ ਮਿਲਦਾ ਰਿਹਾ। ਜਦੋਂ 1669 ਬਿ:[4] ਵਿਚ ਜਹਾਂਗੀਰ ਦੇ ਸੱਦੇ ਉਤੇ ਗੁਰੂ ਜੀ ਦਿੱਲੀ ਗਏ ਤਾਂ

---

1. ਵਾਰਾਂ ਭਾਈ ਗੁਰਦਾਸ, ਵਾਰ 36, ਪਉੜੀ 5
2. ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ 729
3. ਵਾਰਾਂ ਭਾਈ ਗੁਰਦਾਸ ਵਾਰ 26, ਪਉੜੀ 33
4. **The Guru set out for Dilhi on Monday, the second day of Magh, 1669 (A.D. 1612)**
   ਦੀ ਸਿਖ ਰਿਲਿਜਨ, ਮੈਕਾਲਿਫ਼ ਜਿਲਦ ਨੰ. 4 ਪੰਨਾ 14

ਪਿਛੋਂ ਕੰਮ ਕਾਰ ਦੇ ਪ੍ਰਬੰਧਕ ਬਾਬਾ ਬੁੱਢਾ ਤੇ ਭਾਈ ਗੁਰਦਾਸ[1] ਨੂੰ ਹੀ ਥਾਪਿਆ ਗਿਆ ਸੀ ਤੇ ਇਹਨਾਂ ਬਜ਼ੁਰਗ ਸਜਣਾਂ ਦੇ ਸਲਾਹ ਮਸ਼ਵਰੇ ਨਾਲ ਹੀ ਮਾਤਾ ਜੀ ਨੇ ਗੁਰੂ ਜੀ ਨੂੰ ਦਿੱਲੀ ਜਾਣ ਦੀ ਆਗਿਆ ਦਿੱਤੀ ਸੀ। ਗੁਰੂ ਜੀ ਨੇ ਤੁਰਨ ਵੇਲੇ ਇਹਨਾਂ ਦੋਹਾਂ ਬਜ਼ੁਰਗਾਂ ਨੂੰ ਮਾਤਾ ਜੀ ਦੀ ਤਾਬਿਆ ਕੀਤਾ ਸੀ। ਭਾਈ ਸੰਤੋਖ ਸਿੰਘ ਅਨੁਸਾਰ :-

ਪਾਛੈ ਬ੍ਰਿਧ ਭਾਈ ਗੁਰਦਾਸ।
ਸਕਲ ਕਾਰ ਕਰਿ ਹੈ ਤੁਮ ਪਾਸ।
ਸਭ ਬਿਧ ਮਹਿ ਦੋਨੋ ਬਹੁ ਸਯਾਨੇ।
ਹਰਿ ਮੰਦਰ ਕੀ ਸੇਵ ਮਹਾਨੇ।[2]

ਜਦੋਂ ਸ੍ਰੀ ਗੁਰੂ ਜੀ ਟੁਰ ਪਏ ਤਾਂ ਛੇ ਕੋਹਾਂ ਤੇ ਜਾ ਕੇ ਪਹਿਲਾ ਪੜਾ ਕੀਤਾ ਤਾਂ ਬਾਬਾ ਬੁੱਢਾ ਤੇ ਭਾਈ ਗੁਰਦਾਸ ਸੰਗਤ ਸਮੇਤ ਉਥੇ ਗਏ। ਭਾਈ ਸੰਤੋਖ ਸਿੰਘ ਅਨੁਸਾਰ ਓਥੇ ਗੁਰੂ ਜੀ ਨੇ ਇਹ ਵਾਕ ਉਚਾਰੇ :-

ਬ੍ਰਿਧ ਸਾਹਿਬ ! ਭਾਈ ਗੁਰਦਾਸ। ਤੁਮ ਸਯਾਨੇ ਕਰ ਬਾਸ ਅਵਾਸ।
ਹਰਿਮੰਦਰ ਕੀ ਕਰੀਏ ਸੇਵਾ। ਪੂਜਨ ਕਰਹੁ ਸਦਾ ਗੁਰ ਦੇਵਾ।
ਸਿਖ ਸੰਗਤ ਆਦਰ ਜਿਮ ਆਗੇ। ਸਰਬ ਰੀਤਿ ਕਰਿ ਜਿਮ ਬਡਭਾਗੇ।
ਕਾਰ ਦੇਗ ਕੀ ਤਥਾ ਚਲਾਵਹੁ। ਅਵਰ ਸਰਬ ਕਾਰਜ ਸੁਧਰਾਵਹੁ।
ਕਿਤਿਕ ਸੁਭਟ ਰਹਿ ਸੰਗ ਤੁਮਾਰੇ। ਦਾਸ ਬ੍ਰਿੰਦ ਹੋਵਹਿ ਅਨੁਸਾਰੇ।
ਸਦਾ ਪ੍ਰਸੰਨ ਮਾਤ ਕੋ ਰਾਖਹੁ। ਹਮਰੀ ਦਿਸ਼ ਤੇ ਆਛੇ ਭਾਖਹੁ।
ਸੰਮਤ ਹੋਇ ਕਾਰ ਕੋ ਕਰੀਅਹਿ। ਸਭ ਦਿਸ਼ ਸਾਵਧਾਨਤਾ ਧਰੀਅਹਿ।[3]

ਇਉਂ ਭਾਈ ਸਾਹਿਬ ਨੂੰ ਪਰਚਾਰ ਦਾ ਮੌਕਾ ਫਿਰ ਮਿਲ ਗਿਆ। ਹਰਿਮੰਦਰ ਸਾਹਿਬ ਦੀ ਸੇਵਾ ਕਰਦਿਆਂ ਆਪ ਦਰਸ਼ਨਾਂ ਲਈ ਆਈਆਂ ਸਿਖ ਸੰਗਤਾਂ ਨੂੰ ਸਿੱਖੀ ਮਾਰਗ ਦਰਸਾਉਂਦੇ ਰਹੇ। ਦੂਰ ਦੂਰ ਤੋਂ ਆਏ ਲੋਕ ਭਾਈ ਸਾਹਿਬ ਦੇ ਵਿਚਾਰਾਂ ਤੋਂ ਲਾਭ ਉਠਾਂਦੇ ਤੇ ਆਪ ਆਪਣੇ ਦੇਸ ਜਾਂਦਿਆਂ ਭਾਈ ਸਾਹਿਬ ਦੀ ਯਾਦ ਵੀ ਨਾਲ ਹੀ ਲੈ ਜਾਂਦੇ। ਹੁਣ ਕਾਬਲ ਤੇ ਕਾਸ਼ੀ ਆਦਿ ਥਾਂਵਾਂ ਤੋਂ ਭਾਈ ਸਾਹਿਬ ਦੇ ਪਰਚਾਰ ਦੀ ਮੰਗ ਹੋਣ ਲੱਗੀ।

---

1. ਦੀ ਸਿਖ ਰਿਲਿਜਨ, ਮੈਕਾਲਿਫ਼, ਪੰਨਾ 13
2. ਗੁਰ ਪ੍ਰਤਾਪ ਸੂਰਜ, ਰਾਸ 4 ਅੰਸੂ 51
3. ਗੁਰ ਪ੍ਰਤਾਪ ਸੂਰਜ, ਰਾਸ 4 ਅੰਸੂ 52

ਕਾਂਸ਼ੀ ਦੀ ਸੰਗਤ ਨੇ ਭਾਈ ਸਾਹਿਬ ਤੋਂ ਜਪੁਜੀ ਸਾਹਿਬ ਦੀਆਂ ਕੁਝ ਪਉੜੀਆਂ ਦੇ ਅਰਥ ਸੁਣੇ ਸਨ ਤੇ ਸਾਰੀਆਂ ਪਉੜੀਆਂ ਦੇ ਅਰਥ ਸੁਣਨ ਦੀ ਇੱਛਾ ਰਖਦੀ ਸੀ। ਉਥੋਂ ਕਈ ਸੱਦੇ-ਪੱਤਰ ਆਏ ਪਰ ਭਾਈ ਸਾਹਿਬ ਕਈ ਰੁਝੇਵਿਆਂ ਤੇ ਜ਼ਿੰਮੇਵਾਰੀਆਂ ਕਾਰਨ ਜਾ ਨਾ ਸਕੇ। ਕਾਫ਼ੀ ਉਡੀਕ ਮਗਰੋਂ ਉਥੋਂ ਦੀ ਸੰਗਤ ਨੇ ਦੋ ਸਿੱਖਾਂ ਨੂੰ ਉਚੇਰੇ ਤੌਰ ਤੇ ਸ੍ਰੀ ਗੁਰੂ ਹਰਗੋਬਿੰਦ ਪਾਸ, ਜੋ ਉਸ ਸਮੇਂ ਗਵਾਲੀਅਰ ਤੋਂ ਵਾਪਸ ਆ ਚੁਕੇ ਸਨ, ਅੰਮ੍ਰਿਤਸਰ ਭੇਜਿਆ। ਉਨ੍ਹਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਫ਼ਰਮਾਇਆ ਕਿ ਭਾਈ ਸਾਹਿਬ ਕਾਬਲ ਆਦਿ ਥਾਂਵਾਂ ਤੇ ਪਰਚਾਰ ਕਰ ਕੇ ਕਾਂਸ਼ੀ ਵੀ ਆਉਣਗੇ।

ਸੋ ਗੁਰੂ ਜੀ ਨੇ ਭਾਈ ਸਾਹਿਬ ਨੂੰ ਪਹਿਲਾਂ ਕਾਬਲ ਤੇ ਫੇਰ ਹੋਰਨਾਂ ਥਾਂਵਾਂ ਤੇ ਪਰਚਾਰ ਕਰਨ ਲਈ ਭੇਜਿਆ। ਕਾਬਲ ਵਿਚ ਭਾਈ ਸਾਹਿਬ ਦੇ ਪਰਚਾਰ ਦਾ ਸਦਕਾ ਉਥੋਂ ਦੀਆਂ ਸੰਗਤਾਂ ਨੇ ਆਪ ਦੇ ਨਾਂ ਤੇ ਇਕ ਗੁਰਦਵਾਰਾ ਬਣਾਇਆ।[2]

ਕਾਬਲ ਤੋਂ ਹੋ ਕੇ ਭਾਈ ਸਾਹਿਬ ਬਨਾਰਸ ਪੁਜੇ। ਬਨਾਰਸ ਦੀ ਸੰਗਤ ਭਾਈ ਸਾਹਿਬ ਦੇ ਦਰਸ਼ਨ ਕਰ ਕੇ ਬਹੁਤ ਪ੍ਰਸੰਨ ਹੋਈ। ਭਾਈ ਸਾਹਿਬ ਦੀ ਆਮਦ ਦੀ ਖ਼ਬਰ ਸਭ ਪਾਸੇ ਫਿੱਟੀ ਗਈ। ਬਨਾਰਸ ਵਿਚ ਭਾਈ ਸਾਹਿਬ ਦਾ ਪਰਚਾਰ ਬਹੁਤ ਕਾਮਯਾਬ ਤੇ ਪ੍ਰਭਾਵਸ਼ਾਲੀ ਰਿਹਾ। ਭਾਈ ਸਾਹਿਬ ਗੁਰਮਤ ਦਾ ਪਰਚਾਰ ਕਰਦਿਆਂ ਸਰੋਤਿਆਂ ਦੀ ਹਰ ਪ੍ਰਕਾਰ ਤਸੱਲੀ ਕਰਾਉਂਦੇ, ਉਨ੍ਹਾਂ ਦੇ ਮਨਾਂ ਵਿਚ ਉਪਜੇ ਸ਼ੰਕਿਆਂ ਦੀ ਨਵਿਰਤੀ ਕਰਦੇ। ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਦੀ ਗਵਾਹੀ ਵੇਖਣ ਯੋਗ ਹੈ :-

"ਭਾਈ ਗੁਰਦਾਸ ਜੀ ਨੇ ਬਨਾਰਸ ਜਾ ਕੇ ਗੁਰਸਿੱਖੀ ਦਾ ਐਥੋਂ ਤਕ ਪਰਚਾਰ ਕੀਤਾ ਕਿ ਪੰਜਾਂ ਮਹੀਨਿਆਂ ਵਿਚ ਆਪਣੀ ਈਸ਼ਵਰ ਦਾਤ ਸ਼ਕਤੀ ਦੇ ਬਲ, ਉਥੋਂ ਦੇ ਰਾਜਾ ਸਮੇਤ ਸਭ ਸੈਂ ਸਿਖ ਗੁਰੂ ਘਰ ਦੇ ਸੇਵਕ ਬਣਾ ਦਿੱਤੇ।"[3]

ਬਨਾਰਸ ਵਿਚ ਪਰਚਾਰ ਸਮੇਂ ਭਾਈ ਸਾਹਿਬ ਨੇ ਉਥੋਂ ਦੇ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਬੋਲੀ ਬ੍ਰਿਜ ਭਾਸ਼ਾ ਨੂੰ ਹੀ ਆਪਣਾ ਮਾਧਿਅਮ ਬਣਾਇਆ। ਬ੍ਰਿਜ ਭਾਸ਼ਾ ਵਿਚ ਰਚੇ ਕਬਿੱਤ ਸਵਯੇ ਗੁਰਮਤ ਮਾਰਗ ਦਰਸਾਉਣ ਲਈ ਹੀ ਰਚੇ ਗਏ ਜਾਪਦੇ ਹਨ। ਭਾਈ ਸਾਹਿਬ ਗੁਰੂ ਨਾਨਕ ਦੇਵ ਦੇ ਚਲਾਏ ਸਿੱਖੀ ਮਾਰਗ ਦੇ ਪਰਚਾਰਕ ਤੇ ਗੁਰਬਾਣੀ ਦੇ ਵਿਆਖਿਆਕਾਰ ਕਵੀ ਸਨ। ਇਸ ਲਈ ਆਪ ਦੀ ਕਵਿਤਾ ਵਿਚ ਉਹੀ ਸਿਧਾਂਤ ਅਪਨਾਏ ਗਏ ਜੋ ਗੁਰਮੱਤ ਨੇ ਸਪੱਸ਼ਟ ਕੀਤੇ ਸਨ।

---

1. ਭਾਈ ਗੁਰਦਾਸ, ਪ੍ਰੋ. ਸਰਦੂਲ ਸਿੰਘ, ਪੰਨਾ 31
2. ਅਫ਼ਗਾਨਿਸਤਾਨ ਵਿਚ ਇਕ ਮਹੀਨਾ — ਕਾਬਲ ਦੇ ਗੁਰਦਵਾਰੇ - ਡਾ: ਗੰਡਾ ਸਿੰਘ।
3. ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ਦੂਜਾ, ਪੰਨਾ 485

ਭਾਈ ਸਾਹਿਬ ਦੀ ਕਾਵਿ-ਧਾਰਾ ਦਾ ਮਾਰਗ ਆਪਣੇ ਸਮੇਂ ਦੇ ਕਵੀਆਂ, ਤੁਲਸੀ ਦਾਸ (1589-1680 ਬਿ:) ਤੇ ਕੇਸ਼ਵ ਦਾਸ (1612-1674 ਬਿ:) ਦੀ ਵਿਚਾਰ-ਧਾਰਾ ਨਾਲੋਂ ਵਖਰਾ ਹੈ। ਤੁਲਸੀ ਦਾਸ ਰਾਮ-ਭਗਤੀ ਦਾ ਮੋਢੀ ਸੀ ਪਰ ਕੇਸ਼ਵ ਦਾਸ ਸੰਸਾਰਕ ਪ੍ਰੇਮ ਦਾ ਕਵੀ ਸੀ। ਭਾਈ ਗੁਰਦਾਸ ਨੂੰ ਇਹਨਾਂ ਵਿਚੋਂ ਕਿਸੇ ਨਾਲ ਵੀ ਨਹੀਂ ਜੋੜਿਆ ਜਾ ਸਕਦਾ। ਭਾਈ ਸਾਹਿਬ ਦਾ ਉਦੇਸ਼ 'ਗੁਰਮਤ' ਹੈ। ਗੁਰਮਤ ਅਨੁਸਾਰ ਸ਼ੰਕਰ ਵਾਲਾ ਨਿਰਗੁਣ ਬ੍ਰਹਮ ਤੇ ਸੂਰ ਜਾਂ ਤੁਲਸੀ ਵਾਲਾ ਸਰਗੁਣ ਬ੍ਰਹਮ ਪਰਵਾਨ ਨਹੀਂ ਤੇ ਨਾ ਹੀ ਇਹ ਜਗਤ ਮਿਥਿਆ ਹੈ। ਗੁਰਮਤ ਨੂੰ ਇਸ ਜਗਤ ਦਾ ਤਿਆਗ ਵੀ ਮਨਜ਼ੂਰ ਨਹੀਂ। ਗੁਰਮਤ ਮਾਰਗ ਤਾਂ ਗ੍ਰਹਸਤ ਮਾਰਗ ਨੂੰ ਪ੍ਰਧਾਨਤਾ ਦੇਂਦਾ ਹੈ : ਘਰ-ਬਾਰ ਵਿਚ ਰਹਿੰਦਿਆਂ ਜੀਵਨ-ਮੁਕਤੀ ਦਾ ਰਾਹ ਵਿਖਾਂਦਾ ਹੈ। ਗ੍ਰਹਸਤ ਮਾਰਗ ਦੀ ਵਡਿਆਈ ਦਾ ਨਾਹਰਾ ਭਾਈ ਗੁਰਦਾਸ ਦੇ ਹੇਠ ਲਿਖੇ ਕਬਿੱਤ ਵਿਚ ਬੁਲੰਦ ਹੁੰਦਾ ਸੁਣੋ :-

ਜੈਸੇ ਸਰ ਸਰਿਤ ਸਕਲ ਮੈਂ ਸਮੁੰਦ ਬਡੋ, ਮੇਰ ਮੈਂ ਸੁਮੇਰ ਬਡੋ, ਜਗਤ ਬਖਾਨ ਹੈ।

ਤਰੁਵਰ ਵਿਖੇ ਜੈਸੇ ਚੰਦਨ ਬਿਰਖ ਬਡੋ, ਧਾਤੁ ਮੈ ਕਨਕ ਅਤਿ ਉਤਮ ਕੈ ਮਾਨ ਹੈ।
ਪੰਛੀਅਨ ਮਹਿ ਹੰਸ ਮ੍ਰਿਗ ਰਾਜਨ ਮੈਂ ਸਾਰਦੂਲ, ਰਾਗਨ ਮਹਿ ਸ੍ਰੀ ਰਾਗ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ, ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ। 376

ਇਹ 'ਗੁਰਮੁਖ ਗਿਰਹੀ ਮਾਹਿ ਉਦਾਸੀ' ਦਾ ਸਬਕ ਗੁਰਦੇਵ ਨੇ ਹੀ ਪੜ੍ਹਾਇਆ ਸੀ, ਇਹ ਜੁਗਤ ਉਹਨਾਂ ਹੀ ਸਿਖਾਈ ਸੀ। ਇਸ ਦਾ ਵਿਸਥਾਰ ਭਾਈ ਸਾਹਿਬ ਨੇ ਕਈ ਕਬਿੱਤਾਂ ਵਿਚ ਕੀਤਾ ਹੈ :-

1. ਕਾਟ ਮਾਇਆ ਫਾਸੀ ਗੁਟ ਗ੍ਰਿਹ ਮੈਂ ਉਦਾਸੀ ਕੀਨੇ,
   ਅਨਭੈ ਅਬਿਨਾਸੀ ਪ੍ਰਿਅ ਪ੍ਰੇਮ ਰਸ ਭੀਨ ਹੈ। 182
2. ਪੂਰਨ ਬ੍ਰਹਮ ਗੁਰਦੇਵ ਸੇਵ ਕਲੀ ਕਾਲ ਮਾਇਆ ਮੈਂ ਉਦਾਸੀ
   ਗੁਰਸਿਖਣ ਜਤਾਈ ਹੈ। 455
3. ਸਤਿਗੁਰ ਸਿਖਨ ਕਉ ਰਾਖਤ ਗ੍ਰਿਸਤ ਮੈ ਸਾਵਧਾਨ,
   ਆਨ ਦੇਵ ਸੇਵ ਭਉ ਦੁਬਿਧਾ ਨਿਵਾਰ ਹੈ। 480

ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੇ ਫੋਕਟ ਕਰਮ ਕਾਂਡ ਨੂੰ ਵੇਖ ਕੇ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਹਨੇਰੇ ਵਿਚੋਂ ਗਿਆਨ ਦੇ ਪ੍ਰਕਾਸ਼ ਵਲ ਮੋੜਿਆ। ਗੁਰਮਤਿ ਦਾ ਸਿਧਾਂਤ ਹੈ :-

ਗਿਆਨਹਿ ਕਾਰਣ ਕਰਮ ਅਭਿਆਸ।
ਗਿਆਨ ਭਇਆ ਤਹਿ ਕਰਮਹਿ ਨਾਸ।

ਭਾਈ ਸਾਹਿਬ ਨੇ ਇਸ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਵੇਖੋ ਕਿਹਾ ਸੋਹਣਾ ਕਬਿੱਤ ਰਚਿਆ ਹੈ :-

ਜੈਸੇ ਬਨਰਾਇ ਪ੍ਰਫੁਲਤ ਫਲ ਨਮਿਤ, ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ ।
ਜੈਸੇ ਤ੍ਰੀਯਾ ਰਚਤ ਸਿੰਗਾਰ ਭਰਤਾਰ ਹੇਤ, ਭੇਟਤ ਭਰਤਾਰ ਉਹ ਹਾਰ ਨ ਸੁਹਾਤ ਹੈ ।
ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ, ਸੁਚਿਤ ਚੇਤੰਨ ਭਏ ਸਭ ਬਿਸਰਾਤ ਹੈ ।
ਤੈਸੇ ਖਟ ਕਰਮ ਧਰਮ ਸਰਮ ਗਿਆਨ ਕਾਜ, ਗਿਆਨ ਭਾਨੁ ਉਦੈ ਉਡ ਕਰਮ ਉਡਾਤ ਹੈ । 405

ਇਉਂ ਭਾਈ ਸਾਹਿਬ ਨੇ ਗੁਰਮਤ ਦੇ ਪਰਚਾਰ ਹਿੱਤ ਇਹ ਕਬਿੱਤ ਸਵੱਯੇ ਰਚੇ ।

ਬਨਾਰਸ ਵਿਚ ਕਾਫ਼ੀ ਸਮਾਂ ਰਹਿਣ ਉਪਰੰਤ ਭਾਈ ਸਾਹਿਬ ਨੇ ਗੁਰ-ਦਰਸ਼ਨਾਂ ਦੀ ਅਤਿਅੰਤ ਖਿਚ ਮਹਿਸੂਸ ਕੀਤੀ ਤੇ ਗੁਰੂ ਜੀ ਪਾਸ ਬੇਨਤੀ ਕਰ ਭੇਜੀ । ਗੁਰੂ ਜੀ ਨੇ ਮੋੜਵੇਂ ਹਥ ਸੱਦਾ ਭੇਜਿਆ । ਗੁਰੂ ਜੀ ਵਲੋਂ ਸੱਦਾ ਮਿਲਣ ਤੇ ਭਾਈ ਸਾਹਿਬ ਅੰਮ੍ਰਿਤਸਰ ਲਈ ਤਿਆਰ ਹੋ ਪਏ ਤਾਂ ਨਾਲ ਹੀ ਨਵੇਂ ਸਜੇ 700 ਸਿੱਖ[1], ਰਾਜੇ ਸਮੇਤ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਨੂੰ ਆਏ । ਇਹ ਭਾਈ ਸਾਹਿਬ ਦਾ ਆਖ਼ਰੀ ਪਰਚਾਰ ਦੌਰਾ ਸੀ ।

(ਖ) ਭਾਈ ਸਾਹਿਬ ਦਾ ਦੇਹਾਂਤ

ਜਿਵੇਂ ਭਾਈ ਗੁਰਦਾਸ ਦੇ ਜਨਮ-ਸੰਮਤ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ, ਉਵੇਂ ਹੀ ਆਪ ਦੇ ਦੇਹਾਂਤ-ਸੰਮਤ ਬਾਰੇ ਵੀ ਇਕ ਰਾਏ ਨਹੀਂ ਮਿਲਦੀ । ਭਾਈ ਕਾਹਨ ਸਿੰਘ[2], ਡਾ: ਗੋਪਾਲ ਸਿੰਘ ਦਰਦੀ[3], ਡਾ: ਸੁਰਿੰਦਰ ਸਿੰਘ ਕੋਹਲੀ[4], ਭਾਈ ਰਣਧੀਰ ਸਿੰਘ[5] ਆਦਿ ਵਿਦਵਾਨਾਂ ਨੇ ਭਾਈ ਸਾਹਿਬ ਦੇ ਅੰਤਮ ਸਮੇਂ ਦਾ ਸੰਮਤ 1694 ਬਿ: ਮੰਨਿਆ ਹੈ : ਡਾ: ਮੋਹਨ ਸਿੰਘ ਦੀਵਾਨਾ[6] ਤੇ ਪ੍ਰੋ: ਸਰਦੂਲ ਸਿੰਘ[7] ਸੰਮਤ 1696 ਬਿ: ਮੰਨਦੇ ਹਨ, ਪਰ ਡਾ. ਮੋਹਨ ਸਿੰਘ ਦੀਵਾਨਾ ਨੇ ਸੰਨ 1637[8] ਈ. ਵੀ ਲਿਖਿਆ ਹੈ ਜੋ ਸੰਮਤ 1694 ਬਿ: ਬਣਦਾ ਹੈ । ਗਿਆਨੀ ਤਰਲੋਕ ਸਿੰਘ[9]

1. ਤਵਾਰੀਖ਼ ਗੁਰੂ ਖ਼ਾਲਸਾ
2. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 311
3. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 95
4. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 149
5. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 23
6. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਨਾ 113
7. ਭਾਈ ਗੁਰਦਾਸ, ਪੰਨਾ 33-36
8. ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼, ਪੰਨਾ 71
9. ਜੀਵਨ ਭਾਈ ਗੁਰਦਾਸ, ਪੰਨਾ 223

ਤੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਲਿਖਾਰੀ ਨੇ ਭਾਈ ਸਾਹਿਬ ਦੀ ਮ੍ਰਿਤੂ ਸੰਮਤ 1686 ਬਿ. ਵਿਚ ਹੋਈ ਮੰਨੀ ਹੈ । ਸੰਮਤ 1686 ਨੂੰ ਭਾਈ ਸਾਹਿਬ ਦਾ ਅੰਤਮ ਸਮਾਂ ਮੰਨਣਾ ਠੀਕ ਨਹੀਂ, ਕਿਉਂਕਿ ਭਾਈ ਸਾਹਿਬ, ਬਾਬਾ ਬੁੱਢਾ ਦੇ ਦੇਹਾਂਤ ਤੋਂ ਬਾਦ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ ਸਨ ਤੇ ਬਾਬਾ ਬੁੱਢਾ ਦਾ ਦੇਹਾਂਤ ਸੰਮਤ 1688 ਬਿ: ਵਿਚ ਹੋਇਆ ।[1] ਸੋ ਇਸ ਹਿਸਾਬ ਨਾਲ ਭਾਈ ਗੁਰਦਾਸ, ਸੰਮਤ 1688 ਬਿ: ਵਿਚ ਜਿਉਂਦੇ ਸਨ । 'ਜੀਵਨ ਬਾਬਾ ਬੁੱਢਾ ਜੀ' ਪੁਸਤਕ ਵਿਚ ਭਾਈ ਸਾਹਿਬ ਦਾ ਚਲਾਣਾ ਸੰਮਤ 1694 ਬਿ: ਵਿਚ ਹੋਇਆ ਲਿਖਿਆ ਹੈ । ਇਹ ਸੰਮਤ 1686 ਬਿ: ਇਕ ਹੋਰ ਪੱਖ ਤੋਂ ਵੀ ਗਲਤ ਸਿਧ ਹੁੰਦਾ ਹੈ ਕਿਉਂਕਿ ਸੰਮਤ 1687 ਵਿਚ ਸ੍ਰੀ ਹਰਿਗੋਬਿੰਦ ਪੁਰ ਦਾ ਯੁਧ ਹੋਇਆ ਤੇ ਉਸ ਨਗਰ ਨੂੰ ਮੁੜ ਕੇ ਵਸਾਇਆ ਗਿਆ । ਇਥੇ ਹੀ ਬਾਬਾ ਬੁੱਢਾ ਤੇ ਭਾਈ ਗੁਰਦਾਸ ਸ੍ਰੀ ਗੁਰੂ ਹਰਗੋਬਿੰਦ ਨੂੰ ਮਿਲੇ ।[2] ਗੁਰੂ ਹਰਿਗੋਬਿੰਦ ਦੇ ਸੰਮਤ 1691 ਵਾਲੇ ਕਰਤਾਰਪੁਰ ਦੇ ਜੰਗ ਵਿਚ ਵੀ ਭਾਈ ਸਾਹਿਬ ਹਾਜ਼ਰ ਦਸੇ ਜਾਂਦੇ ਸਨ । ਗੁਰੂ ਹਰਿਗੋਬਿੰਦ ਦੇ ਜੰਗ ਯੁਧ ਤੇ ਉਹਨਾ ਵਿਚ ਦਰਸਾਈ ਬਹਾਦਰੀ ਤੇ ਵੀਰਤਾ ਦੇ ਆਧਾਰ ਤੇ ਹੀ ਭਾਈ ਸਾਹਿਬ ਨੇ ਲਿਖਿਆ ਹੋਣਾ ਹੈ -

"ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।"[3]

ਗੁਰੂ ਹਰਿਗੋਬਿੰਦ, ਭਾਈ ਗੁਰਦਾਸ ਦੇ ਦੇਹਾਂਤ ਤੋਂ ਸੱਤ ਸਾਲ ਪਿਛੋਂ ਸੰਮਤ 1701 ਬਿ: ਵਿਚ ਜੋਤੀ ਜੋਤਿ ਸਮਾਏ । ਸੋ ਇਸ ਹਿਸਾਬ ਨਾਲ ਭਾਈ ਸਾਹਿਬ ਦੇ ਦੇਹਾਂਤ ਦਾ ਸੰਮਤ 1694 ਬਿ: ਬਣਦਾ ਹੈ । ਡਾ. ਰਤਨ ਸਿੰਘ ਜੱਗੀ ਵੀ ਇਸੇ ਸੰਮਤ ਨੂੰ ਵਧੇਰੇ ਠੀਕ ਮੰਨਦੇ ਹਨ ।[4]

1. ਜੀਵਨ ਬਾਬਾ ਬੁਢਾ ਜੀ, ਗਿਆਨੀ ਤਰਲੋਕ ਸਿੰਘ, ਪੰਨਾ 91
2. ਗੁਰ ਪ੍ਰਤਾਪ ਸੂਰਜ
3. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 48
4. ਭਾਈ ਗੁਰਦਾਸ, ਜੀਵਨੀ ਤੇ ਰਚਨਾ, ਪੰਨਾ 25

ਅਧਿਆਇ ਦੂਜਾ

ਸਮਕਾਲੀ ਪਰਿਸਥਿਤੀਆਂ ਅਤੇ ਪਰੰਪਰਾ

(ੳ) ਸਾਹਿਤ ਦਾ ਕਰਤਵ

(ਅ) ਇਤਿਹਾਸਕ ਪਿਛੋਕੜ

(ੲ) ਰਾਜਸੀ, ਸਮਾਜਕ ਤੇ ਧਾਰਮਕ ਪਰਿਸਥਿਤੀਆਂ

(ਸ) ਸਾਹਿਤਕ ਪਰੰਪਰਾ ਤੇ ਇਸ ਨਾਲ ਭਾਈ ਗੁਰਦਾਸ ਦੀ ਕਵਿਤਾ ਦਾ ਸੰਬੰਧ

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਅਲੰਕਾਰਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਦੂਜਾ

ਸਮਕਾਲੀ ਪਰਿਸਥਿਤੀਆਂ ਅਤੇ ਪਰੰਪਰਾ

(ੳ) ਸਾਹਿਤ ਦਾ ਕਰਤਵ

'ਸਾਹਿਤ' ਕੀ ਹੈ ? ਇਸ ਬਾਰੇ ਵਿਦਵਾਨਾਂ ਨੇ ਆਪੋ ਆਪਣੇ ਅਨੁਭਵ ਅਨੁਸਾਰ ਆਪਣੇ ਵਿਚਾਰ ਪਰਗਟ ਕੀਤੇ ਹਨ । ਪਰ ਮੋਟੇ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ 'ਸਾਹਿਤ ਜੀਵਨ ਦਾ ਦਰਪਣ ਹੈ, ਸਾਹਿਤ ਸਮਾਜ ਦਾ ਸ਼ੀਸ਼ਾ ਹੈ । ਮਨੁਖ ਨੇ ਜੀਵਨ ਵਿਚ ਜੋ ਕੁਝ ਵੇਖਿਆ, ਜੀਵਨ ਵਿਚੋਂ ਜੋ ਜੋ ਅਨੁਭਵ ਪ੍ਰਾਪਤ ਕੀਤੇ, ਜੀਵਨ ਦੇ ਉਹਨਾਂ ਵੱਖ ਵੱਖ ਪੱਖਾਂ ਬਾਰੇ ਜੋ ਕੁਝ ਸੋਚਿਆ ਤੇ ਮਹਿਸੂਸ ਕੀਤਾ ਜਿਨ੍ਹਾਂ ਪੱਖਾਂ ਦਾ ਸਾਡੇ ਜੀਵਨ ਨਾਲ ਚਿਰ-ਸਥਾਈ ਸੰਬੰਧ ਹੈ, ਸਾਹਿਤ ਇਸ ਸਭ ਕੁਝ ਦੀ ਇਕ ਜ਼ਰੂਰੀ ਸੂਚੀ ਹੈ । ਮੁਢਲੇ ਰੂਪ ਵਿਚ, ਸਾਹਿਤ ਭਾਸ਼ਾ ਦੇ ਮਾਧਿਅਮ ਰਾਹੀਂ ਜੀਵਨ ਦੀ ਵਿਆਖਿਆ ਕਰਦਾ ਹੈ ।

ਸਾਹਿਤਕਾਰ ਇਕ ਮਨੁੱਖ ਹੈ । ਮਨੁੱਖ ਸਮਾਜ ਦਾ ਇਕ ਵਿਸ਼ੇਸ਼ ਅੰਗ ਹੈ । ਆਪਣੇ ਸਮਾਜ ਵਿਚ, ਆਪਣੇ ਆਲੇ ਦੁਆਲੇ ਜੋ ਕੁਝ ਬੀਤਦਾ ਵਾਪਰਦਾ ਉਸ ਦੀ ਨਜ਼ਰ ਗੋਚਰੇ ਹੁੰਦਾ ਹੈ ਤੇ ਉਸ ਸਭ ਕੁਝ ਨੂੰ ਵੇਖ ਪਰਖ ਕੇ, ਜਾਂਚ ਕੇ, ਪਰਤਾ ਕੇ, ਜੋ ਕੁਝ ਉਹ ਅਨੁਭਵ ਕਰਦਾ ਹੈ, ਜਿਹੋ ਜਿਹੇ ਭਾਵ ਉਸ ਦੇ ਮਨ ਵਿਚ ਜਨਮ ਲੈਂਦੇ ਹਨ ਅਰਥਾਤ ਜਿਹੋ ਜਿਹਾ ਉਹ ਜੀਵਨ ਨੂੰ ਵੇਖਦਾ ਹੈ ਜਾਂ ਵੇਖਣਾ ਚਾਹੁੰਦਾ ਹੈ, ਉਸ ਦਾ ਪਰਗਟਾ ਆਪਣੀ ਲਿਖਤ ਰਾਹੀਂ ਕਰਦਾ ਹੈ । ਇਸ ਨਾਤੇ ਸਾਹਿਤ ਕਿਸੇ ਸਮੇਂ ਦੇ ਮਨੁੱਖੀ ਮਨੋਭਾਵਾਂ, ਵਿਚਾਰਾਂ, ਉਦਗਾਰਾਂ, ਤਜਰਬਿਆਂ ਤੇ ਅਨੁਭਵਾਂ ਆਦਿ ਦਾ ਖ਼ਜ਼ਾਨਾ ਹੁੰਦਾ ਹੈ । ਪਰ ਇਹ ਮਨੋਭਾਵ ਜਾਂ ਵਿਚਾਰ ਆਦਿ, ਸਮੇਂ ਦੇ ਹਾਲਾਤ ਤੋਂ ਜਨਮ ਲੈਂਦੇ ਹਨ । ਜੇ ਸਾਹਿਤ ਜੀਵਨ ਵਿਚੋਂ ਉਪਜਦਾ ਹੈ ਤਾਂ ਜੀਵਨ ਤੇ ਆਪਣਾ ਅਸਰ ਵੀ ਪਾਂਦਾ ਹੈ । ਜੀਵਨ ਵਿਚੋਂ ਉਗਮ ਕੇ ਉਚੇਰੇ ਜੀਵਨ ਲਈ ਅਗਵਾਈ ਦੇਣਾ ਸਾਹਿਤ ਦਾ ਕਰਤਵ ਹੈ । ਇਸ ਤੋਂ ਸਾਫ ਹੋ ਜਾਂਦਾ ਹੈ ਕਿ ਕਿਸੇ ਖ਼ਾਸ ਸਮੇਂ ਦੇ ਸਾਹਿਤ ਉਤੇ ਜਿਥੇ ਉਸ ਸਮੇਂ-ਵਿਸ਼ੇਸ਼ ਦੀਆਂ

ਪਰਿਸਥਿਤੀਆਂ, ਸਮਾਜਕ, ਰਾਜਨੀਤਕ ਤੇ ਧਾਰਮਕ, ਆਦਿ, ਪ੍ਰਭਾਵ ਪਾਉਂਦੀਆਂ ਹਨ ਉਥੇ ਉਨ੍ਹਾਂ ਪਰਿਸਥਿਤੀਆਂ ਨੂੰ ਨਵਾਂ ਮੋੜ ਦੇਣ ਵਿਚ ਸਾਹਿਤ ਆਪਣਾ ਕੰਮ ਕਰਦਾ ਹੈ ।

ਕਿਸੇ ਕਾਲ ਦੇ ਕਿਸੇ ਸਾਹਿਤਕਾਰ ਦੇ ਸਾਹਿਤ ਦੀ ਸਹੀ ਜਾਂਚ ਪੜਤਾਲ ਉਸ ਸਮੇਂ ਨੂੰ ਮੁੱਖ ਰਖੇ ਬਿਨਾਂ ਨਹੀਂ ਹੋ ਸਕਦੀ । ਇਸ ਲਈ ਜ਼ਰੂਰੀ ਹੈ ਕਿ ਕਿਸੇ ਸਾਹਿਤਕਾਰ ਦੀ ਰਚਨਾ ਨੂੰ ਪਰਖਣ ਤੋਂ ਪਹਿਲਾਂ ਉਸ ਦੇ ਰਚਨਾ-ਕਾਲ ਦੇ ਵੱਖ ਵੱਖ ਹਾਲਾਤ ਦਾ ਜਾਇਜ਼ਾ ਲਿਆ ਜਾਵੇ । ਤੇ ਸਾਹਿਤਕਾਰ ਦਾ ਆਪਣਾ ਸਮਾਂ ਵੀ ਉਸ ਦੀ ਰਚਨਾ ਵਿਚ ਪ੍ਰਤਿਬਿੰਬਤ ਹੁੰਦਾ ਹੈ ।

ਭਾਈ ਗੁਰਦਾਸ ਦੀਆਂ ਵਾਰਾਂ ਦਾ ਸਾਹਿਤਕ ਮੁਲਾਂਕਣ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਸਮੇਂ ਦੇ ਰਾਜਨੀਤਕ, ਸਮਾਜਕ, ਧਾਰਮਕ ਵਾਤਾਵਰਨ ਨੂੰ ਧਿਆਨ ਵਿਚ ਰਖਿਆ ਜਾਵੇ ।

(ਅ) ਇਤਿਹਾਸਕ ਪਿਛੋਕੜ

ਭਾਈ ਗੁਰਦਾਸ ਦਾ ਸਮਾਂ ਸੰਮਤ 1602 ਬਿ: ਤੋਂ ਸੰਮਤ 1694 ਬਿ: (ਸੰਨ-1545 ਈ: ਤੋਂ ਸੰਨ 1637 ਈ:) ਤਕ ਅਕਬਰ, ਜਹਾਂਗੀਰ ਤੇ ਕੁਝ ਸ਼ਾਹ ਜਹਾਨ ਦੇ ਰਾਜ ਦਾ ਸਮਾਂ ਸੀ । ਅਕਬਰ ਨੇ ਸੰਨ 1556 ਈ: ਤੋਂ ਸੰਨ 1605 ਈ: ਤਕ ਤੇ ਜਹਾਂਗੀਰ ਨੇ 1605 ਈ: ਤੋਂ 1627 ਈ: ਤਕ ਭਾਰਤ ਵਿਚ ਰਾਜ ਕੀਤਾ । ਭਾਰਤ ਦੀ ਗੁਲਾਮੀ ਦਾ ਇਤਿਹਾਸ ਬਹੁਤ ਲੰਮਾ ਹੈ । ਸੰਨ 1192 ਈ: ਵਿਚ ਸ਼ਹਾਬੁਦੀਨ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੋਹਾਨ ਨੂੰ ਹਰਾ ਕੇ ਮੁਸਲਮਾਨ ਹਕੂਮਤ ਦੀ ਨੀਂਹ ਰਖੀ ਸੀ । ਮੁਹੰਮਦ ਗੌਰੀ ਨੇ ਕੁਤਬੁਦੀਨ ਐਬਕ ਨੂੰ ਰਾਜ ਸੱਤਾ ਸੌਂਪੀ ਤੇ ਇਉਂ 1206 ਈ: ਤੋਂ 1290 ਈ: ਤਕ ਗੁਲਾਮ ਵੰਸ਼ ਨੇ ਰਾਜ ਕੀਤਾ; 1290 ਈ: ਤੋਂ 1320 ਈ: ਤਕ ਖਿਲਜੀਆਂ ਦਾ ਰਾਜ ਰਿਹਾ । ਖਿਲਜੀਆਂ ਕੋਲੋਂ ਤੁਗਲਕ ਵੰਸ਼ ਨੇ ਸੱਤਾ ਖੋਹ ਲਈ ਤੇ 1321 ਈ: ਤੋਂ 1412 ਈ: ਤਕ ਭਾਰਤ ਤੇ ਕਾਬਜ਼ ਰਹੇ ।ਇਹਨਾਂ ਪਿੱਛੋਂ ਇਕ ਸਾਲ ਲਈ ਦੌਲਤ ਖਾਂ ਲੋਧੀ ਨੇ ਰਾਜ ਸੰਭਾਲਿਆ ਤੇ ਫਿਰ ਸੱਯਦ ਵੰਸ਼ ਨੇ 1414 ਈ: ਤੋਂ ਲੈ ਕੇ 1450 ਈ: ਤਕ ਆਪਣਾ ਬੇੜਾ ਝੁਲਾਈ ਰਖਿਆ ਤੇ ਇਹਨਾਂ ਕੋਲੋਂ ਫੇਰ ਲੋਧੀ ਵੰਸ਼ ਨੇ ਰਾਜ ਸੱਤਾ ਖੋਹ ਲਈ ਤੇ 1450 ਈ: ਤੋਂ 1526 ਈ: ਤਕ ਗੱਦੀ ਤੇ ਟਿਕੇ ਰਹੇ ।

ਲੋਧੀਆਂ ਕੋਲੋਂ ਮੁਗਲ ਵੰਸ਼ ਦੇ ਬਾਦਸ਼ਾਹ ਬਾਬਰ ਨੇ ਰਾਜ ਸੰਭਾਲ ਲਿਆ ਤੇ 1526 ਈ: ਤੋਂ 1530 ਈ: ਤਕ ਰਾਜ ਕੀਤਾ ।ਉਸ ਦਾ ਪੁੱਤਰ ਹਮਾਯੂੰ, ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ 1540 ਈ: ਵਿਚ ਨਸ ਗਿਆ । 1540 ਈ: ਤੋਂ 1555 ਤਕ ਸੂਰੀ ਵੰਸ਼ ਦਾ ਰਾਜ ਰਿਹਾ ਜਦ ਕਿ

1555 ਈ: ਵਿਚ ਹਮਾਯੂੰ ਨੇ ਆਪਣਾ ਰਾਜ ਵਾਪਸ ਲੈ ਲਿਆ।

ਹਮਾਯੂੰ ਦਾ ਪੁੱਤਰ ਸੀ ਅਕਬਰ ਤੇ ਅਕਬਰ ਦਾ ਪੁੱਤਰ ਸੀ ਜਹਾਂਗੀਰ, ਜਿਨ੍ਹਾਂ ਦੇ ਸਮੇਂ ਭਾਈ ਗੁਰਦਾਸ ਜੀ ਹੋਏ, ਵਿਚਰੇ।

(ੲ) ਰਾਜਸੀ, ਸਮਾਜਕ ਤੇ ਧਾਰਮਕ ਪਰਿਸਥਿਤੀਆਂ

ਇਸ ਉਪਰੋਕਤ ਵਿਵਰੇ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਭਾਰਤ ਸਦੀਆਂ ਤੋਂ ਹੀ ਮੁਸਲਮਾਨੀ ਰਾਜ ਦੇ ਅਧੀਨ ਰਿਹਾ ਹੈ। ਇਸਲਾਮੀ ਸਭਿਅਤਾ ਤੇ ਹਿੰਦੂ ਸਭਿਅਤਾ ਦਾ ਮਿਲਾਪ ਹੋਇਆ। ਹਾਕਮ ਸ਼੍ਰੇਣੀ ਨੇ ਹਿੰਦੂ ਭਾਈਚਾਰੇ ਨੂੰ, ਜੋ ਪਹਿਲਾਂ ਹੀ ਜਾਤ-ਪਾਤ ਦਾ ਸ਼ਿਕਾਰ ਹੋਇਆ ਹੋਇਆ ਸੀ ਆਪਣੇ ਜ਼ੁਲਮ ਤਸ਼ੱਦਦ ਦਾ ਸ਼ਿਕਾਰ ਬਣਾਇਆ। ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ,

> ਧਾਰਮਕ ਪੱਖ ਤੋਂ ਮੁਸਲਮਾਨ ਹੱਦ ਦਰਜੇ ਦੇ ਤੰਗ ਦਿਲ ਤੇ ਅਸਹਿਨਸ਼ੀਲ ਸਨ। ਸੰਤ-ਕਵੀਆਂ ਦੀ ਰਚਨਾ ਵਿਚ ਇਹ ਗੱਲ ਭਲੀ ਭਾਂਤ ਸਪੱਸ਼ਟ ਹੋਈ ਹੈ। ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਇਸ ਦਸ਼ਾ ਦਾ ਭਰਪੂਰ ਚਿਤਰ ਉਲੀਕਿਆ ਹੈ:[1]

ਡਾ: ਕੋਹਲੀ ਦੇ ਉਪਰੋਕਤ ਵਿਚਾਰਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹਨਾ ਮੁਸਲਮਾਨ ਬਾਦਸ਼ਾਹਾਂ ਨੇ ਹਿੰਦੂ ਸਮਾਜ ਨੂੰ ਹਰ ਪੱਖ ਤੋਂ ਕੁਚਲਣ ਦਾ ਜਤਨ ਕੀਤਾ ਜਿਸ ਕਾਰਨ ਹਿੰਦੂਆਂ ਦੀ ਸਮਾਜਕ ਤੇ ਆਰਥਕ ਦਸ਼ਾ ਦਿਨੋ-ਦਿਨ ਵਿਗੜਦੀ ਹੀ ਗਈ। ਅਲਾਉਦੀਨ ਖ਼ਿਲਜੀ ਨੇ ਹਿੰਦੂਆਂ ਦੀ ਅੱਧੀ ਆਮਦਨ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਨ ਦਾ ਕਾਨੂੰਨ ਬਣਾਇਆ[2], ਫ਼ਿਰੋਜ਼ਸ਼ਾਹ ਤੁਗ਼ਲਕ ਦੇ ਸਮੇਂ ਹਿੰਦੂਆਂ ਨੂੰ ਖੁਲ੍ਹੇ ਮੂੰਹ ਪੂਜਾ ਪਾਠ ਦੀ ਮਨਾਹੀ ਸੀ ਤੇ ਬ੍ਰਾਹਮਣਾਂ ਕੋਲੋਂ ਜਜ਼ੀਆ ਵੀ ਲਿਆ ਜਾਣ ਲਗ ਪਿਆ ਸੀ।[3] ਲੋਧੀ ਵੰਸ਼ ਦੇ ਸਿਕੰਦਰ ਬਾਦਸ਼ਾਹ ਨੇ ਹਿੰਦੂ-ਮੰਦਰ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ ਤੇ ਹਿੰਦੂਆਂ ਨਾਲ ਹੋਏ ਧੱਕੇ ਦਾ ਇਨਸਾਫ਼ ਕਾਜ਼ੀਆਂ

---

1. There was great religious intolerance on the part of the Muslims. This has been clearly stated in their verses by the Saint-poets. Bhai Gurdas has drawn a vivid picture of the same in his first Var.

   (ਏ ਕਰਿਟੀਕਲ ਸਟਡੀ ਆਫ਼ ਆਦਿ ਗ੍ਰੰਥ, ਪੰਨਾ 162, ਫੁਟ ਨੋਟ)
2. ਮੈਡੀਵਲ ਇੰਡੀਆ-ਲੇਨਪੂਲ, ਪੰਨਾ 104-6
3. ਮੈਡੀਵਲ ਇੰਡੀਆ-ਲੇਨਪੂਲ, ਪੰਨਾ 146

ਹੱਥ ਸੌਂਪ ਦਿੱਤਾ ।[1]

ਬਾਬਰ ਨੇ 1526 ਈ: ਵਿਚ ਤਲਵਾਰ ਦੇ ਜ਼ੋਰ ਭਾਰਤ ਦਾ ਰਾਜ ਪ੍ਰਾਪਤ ਕੀਤਾ ਤੇ ਚਾਰ ਸਾਲ ਰਾਜ ਕਰਦਾ ਰਿਹਾ । ਇਸੇ ਸਮੇਂ ਗੁਰੂ ਨਾਨਕ ਦੇਵ ਹਿੰਦੂਆਂ ਦੀ ਦੁਰਦਸ਼ਾ ਵੇਖਦੇ, ਢਹਿੰਦੀ ਕਲਾ ਦੇ ਕਾਰਨ ਸਮਝਦੇ,

ਰਾਜੇ ਸੀਹ ਮੁਕਦਮ ਕੁਤੇ । ਜਾਇ ਜਗਾਇਨਿ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟ ਜਾਹੋ ।
(ਆਦਿ ਗ੍ਰੰਥ, ਮਲਾਰ ਮ: ੧ ਪੰਨਾ 1288) ਕਹਿਕੇ

ਜ਼ਾਲਮ ਰਾਜ ਨੂੰ ਤਾੜਨਾ ਕਰਦੇ, ਮਜ਼ਲੂਮ ਹਿੰਦੂ ਜਨਤਾ ਨੂੰ ਚਲੂਣਾ ਦੇ ਰਹੇ ਸਨ । ਬਾਬਰ ਸਿਆਣਾ ਸੀ, ਸਮੇਂ ਦੀ ਨਬਜ਼ ਤਾੜ ਗਿਆ । ਉਸ ਨੇ ਮਰਦੇ ਸਮੇਂ ਆਪਣੇ ਪੁੱਤਰ ਹਮਾਯੂੰ ਲਈ ਇਕ ਵਸੀਅਤ ਲਿਖੀ ਜਿਹੜੀ ਇਤਿਹਾਸਕ ਪੱਖ ਤੋਂ ਇਕ ਬਹੁਮੁੱਲੀ ਲਿਖਤ ਹੈ-ਪੁੱਤਰ, ਮਜ਼ਹਬ ਪੱਖ ਪਾਤ ਨੂੰ ਦਿਲੋਂ ਕੱਢ ਕੇ, ਹਰੇਕ ਧਰਮ ਦੇ ਲੋਕਾਂ ਨਾਲ ਨਿਯਮਾਂ ਅਨੁਸਾਰ ਇਨਸਾਫ਼ ਕਰਨਾ ਠੀਕ ਹੋਵੇਗਾ । ਗਊ ਦੇ ਕਤਲ ਦੀ ਮਨਾਹੀ ਕਰ ਕੇ ਹਿੰਦੂਆਂ ਦਾ ਦਿਲ ਜਿੱਤਿਆ ਜਾ ਸਕੇਗਾ । ਆਪਣੇ ਰਾਜ ਵਿਚ ਵੱਸਣ ਵਾਲੇ ਸਭ ਧਰਮਾਂ ਦੇ ਧਾਰਮਕ ਸਥਾਨਾਂ ਦੀ ਰਖਵਾਲੀ ਇਕ ਜ਼ਰੂਰ ਅਮਰ ਹੈ ।[2] ਬਾਬਰ ਬਾਦਸ਼ਾਹ ਦੀ ਇਸ ਵਸੀਅਤ ਤੋਂ, ਟੇਢੇ ਢੰਗ ਨਾਲ, ਇਸ ਗੱਲ ਦੀ ਗਵਾਹੀ ਮਿਲਦੀ ਦਿਸਦੀ ਹੈ ਕਿ ਸ਼ੁਰੂ ਤੋਂ ਹੀ ਮੁਸਲਮਾਨ ਹਾਕਮਾਂ ਨੇ ਹਿੰਦੂ ਜਨਤਾ ਤੇ ਗੈਰ ਮੁਸਲਿਮ ਲੋਕਾਂ ਨਾਲ ਦੁਰਵਿਵਹਾਰ ਜਾਰੀ ਰਖਿਆ ।

ਇਸਲਾਮੀ ਹਕੂਮਤ ਸਮੇਂ ਜੋ ਜਬਰ ਜ਼ੁਲਮ ਢਾਹਿਆ ਗਿਆ ਉਸ ਦੀ ਤਸਵੀਰ ਗੁਰੂ ਨਾਨਕ ਦੇਵ ਦੇ ਬਾਬਰਵਾਣੀ ਦੇ ਸ਼ਬਦਾਂ ਵਿਚੋਂ ਉਜਾਗਰ ਹੁੰਦੀ ਹੈ, ਆਸਾ ਦੀ ਵਾਰ ਵਿਚੋਂ ਸਮਾਜਕ ਅਧੋਗਤੀ ਦੇ ਘਿਨਾਉਣੇ ਦ੍ਰਿਸ਼ ਨਜ਼ਰੀਂ ਪੈਂਦੇ ਹਨ । ਉਸ ਸਮਾਜ ਵਿੱਚ ਹਰ ਕੋਈ ਖ਼ੁਦਗਰਜ਼ੀ ਦਾ ਸ਼ਿਕਾਰ ਸੀ, ਪਖੰਡ ਆਪਣੇ ਜੋਰਾਂ ਤੇ ਸੀ, ਵੱਡੇ ਵੱਡੇ ਲੋਕ ਵਿਖਾਵੇ ਦਾ ਸ਼ਿਕਾਰ ਹੋਏ ਪਏ ਸਨ, ਧਰਮ ਕਰਮ ਇਕ ਧੋਖਾ ਬਣ ਕੇ ਰਹਿ ਗਿਆ ਸੀ, ਲਹੂ ਲਗਿਆਂ ਕਪੜੇ ਦੇ ਪਲੀਤ ਹੋ ਜਾਣ ਦਾ ਡਰ ਸੀ ਪਰ ਮਨੁੱਖ ਕਤਲ ਕੀਤੇ ਜਾ ਰਹੇ ਸਨ, ਵੱਢੀ ਦਾ ਬਾਜ਼ਾਰ ਗਰਮ ਸੀ, ਹਕ ਨਿਆਂ ਦੀ ਕੋਈ ਗੱਲ ਨਹੀਂ ਸੀ ਰਹੀ, ਆਪਣੇ ਹੀ ਆਪਣਿਆਂ ਨੂੰ ਲੁੱਟੀ ਜਾ ਰਹੇ ਸਨ, ਵਾੜ ਹੀ ਖੇਤ ਨੂੰ ਖਾ ਰਹੀ ਸੀ । ਅਜਿਹੇ ਹਾਲਾਤ ਵਿਚ ਬਾਬਰ ਦਾ ਆਪਣੇ ਪੁੱਤਰ ਨੂੰ ਨਸੀਹਤ ਕਰਨਾ ਕੋਈ ਅਲੋਕਾਰ ਗੱਲ ਨਹੀਂ ।

1. ਮੁਸਲਿਮ ਰੂਲ ਇਨ ਇੰਡੀਆ—ਈਸ਼ਵਰੀ ਪਰਸ਼ਾਦ
2. ਭਾਰਤ ਦਾ ਮੁਗ਼ਲ ਇਤਿਹਾਸ

ਪਰ ਹਮਾਯੂੰ ਨੂੰ ਟਿਕ ਕੇ ਰਾਜ ਕਰਨਾ ਨਸੀਬ ਹੀ ਨਾ ਹੋਇਆ । ਹਾਂ, ਸ਼ੇਰ ਸ਼ਾਹ ਸੂਰੀ ਨੇ ਧਾਰਮਕ ਸਹਿਨਸ਼ੀਲਤਾ ਦੀ ਨੀਂਹ ਰਖੀ । ਉਹ ਪਹਿਲਾ ਮੁਸਲਮਾਨ ਬਾਦਸ਼ਾਹ ਸੀ ਜਿਸ ਨੇ ਗ਼ੈਰ-ਮੁਸਲਮਾਨਾਂ ਨਾਲ ਚੰਗਾ ਸਲੂਕ ਕੀਤਾ ਤੇ ਆਪਣੀ ਪਰਜਾ ਦੀ ਆਰਥਕ ਹਾਲਤ ਸੁਧਾਰਨ ਦੀ ਕੋਸ਼ਿਸ਼ ਕੀਤੀ ।[1]

ਅਕਬਰ ਸਮਝਦਾਰ ਨਿਕਲਿਆ । ਉਸ ਨੇ ਭਾਂਪ ਲਿਆ ਕਿ ਭਾਰਤ ਦੇ ਰਾਜਪੂਤਾਂ ਤੇ ਹਿੰਦੂਆਂ ਨਾਲ ਨਫ਼ਰਤ ਕਰ ਕੇ ਜਾਂ ਉਨ੍ਹਾਂ ਦੀ ਖ਼ੁਸ਼ੀ ਹਾਸਲ ਕੀਤੇ ਬਿਨਾਂ ਮੁਗ਼ਲ ਰਾਜ ਦੀਆਂ ਨੀਹਾਂ ਪਕੀਆਂ ਨਹੀਂ ਹੋ ਸਕਣਗੀਆਂ । ਕੋਈ ਵੀ ਬਾਦਸ਼ਾਹ ਆਪਣੇ ਹੇਠ ਵਸਦੀ ਪਰਜਾ ਨੂੰ ਸੁਤੰਤਰਤਾ ਦੀ ਭਾਵਨਾ ਰਖਦਿਆਂ ਬਰਦਾਸ਼ਤ ਨਹੀਂ ਕਰ ਸਕਦਾ ਤੇ ਅਕਬਰ ਵੀ ਤਾਂ ਇਕ ਬਾਦਸ਼ਾਹ ਹੀ ਸੀ । ਪਰ ਉਸ ਨੇ ਫਿਰ ਵੀ ਖੁਲ੍ਹ-ਦਿਲੀ ਦਾ ਵਿਵਹਾਰ ਕੀਤਾ । ਰਾਜਪੂਤਾਂ ਨੂੰ ਉਚ-ਪਦਵੀਆਂ ਤੇ ਨਿਯੁਕਤ ਕੀਤਾ ਤੇ ਰਿਸ਼ਤੇਦਾਰੀਆਂ ਦੀ ਸਾਂਝ ਵੀ ਬਣਾਈ । ਉਸ ਦੇ ਰਾਜ ਵਿਚ ਹਰੇਕ ਨੂੰ ਪੂਰਨ ਧਾਰਮਕ ਸੁਤੰਤਰਤਾ ਪ੍ਰਾਪਤ ਸੀ ।[2] ਅਕਬਰ ਨੂੰ ਗੁਰੂ-ਘਰ ਨਾਲ ਵੀ ਸ਼ਰਧਾ ਹੋ ਗਈ ਪ੍ਰਤੀਤ ਹੁੰਦੀ ਹੈ । ਗੁਰੂ ਅਮਰ ਦਾਸ ਜੀ ਦੇ ਵੇਲੇ ਅਕਬਰ ਨੇ ਗੋਇੰਦਵਾਲ ਵਿਚ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਤੇ "ਉਨ੍ਹਾਂ ਦੀ ਬਜ਼ੁਰਗੀ ਦਾ ਇਨਾ ਕਾਇਲ ਹੋਇਆ ਸੀ ਕਿ 12 ਪਿੰਡ ਪਰਗਨੇ ਝਬਾਲ ਦੇ ਅਰਪਨ ਕੀਤੇ ਸੇ, ਜੋ ਉਨ੍ਹਾਂ ਸਵੀਕਾਰ ਨਹੀਂ ਸੀ ਕੀਤੇ, ਪਰ ਉਸ ਨੇ ਉਹ ਭਾਈ ਜੇਠਾ ਜੀ (ਜੋ ਬਾਦ ਵਿਚ ਗੁਰੂ ਰਾਮਦਾਸ ਜੀ ਬਣੇ) ਨੂੰ ਅਰਪ ਦਿੱਤੇ ਸੇ ।"[3]

ਅਕਬਰ ਨੇ 'ਦੀਨੇ-ਇਲਾਹੀ' ਨਾਂ ਦਾ ਇਕ ਨਵਾਂ ਮਤ ਵੀ ਚਲਾਇਆ । ਪਰਸਪਰ ਰਵਾਦਾਰੀ ਇਸ ਮੱਤ ਦਾ ਮੂਲ-ਮੁੱਦਾ ਸੀ ।[4] ਫ਼ਤਹਿਪੁਰ ਸੀਕਰੀ ਵਿਚ ਇਕ ਇਬਾਦਤ ਗਾਹ ਬਣਵਾਈ ਜਿਸ ਵਿਚ ਹਰ ਕੋਈ ਜਾ ਸਕਦਾ ਸੀ । ਪਰਜਾ ਦੀ ਆਰਥਕ ਹਾਲਤ ਸੁਧਾਰਣ ਲਈ ਵੀ ਉਸ ਨੇ ਕਈ ਕਦਮ ਚੁੱਕੇ । ਉਸ ਦੇ ਮੰਤਰੀ ਰਾਜਾ ਟੋਡਰ ਮਲ ਨੇ ਜ਼ਮੀਨ ਦੀ ਪੈਮਾਇਸ਼ ਸੰਬੰਧੀ ਜੋ ਨਿਯਮ ਬਣਾਏ ਉਹਨਾਂ ਕਾਰਨ ਕਿਸਾਨਾਂ ਦੀ ਹਾਲਤ ਸੁਧਰ ਗਈ । ਲੋਕਾਂ ਨੂੰ ਅਮਨ ਚੈਨ ਦੀ ਜ਼ਿੰਦਗੀ ਬਿਤਾਣ ਦਾ ਮੌਕਾ ਮਿਲਿਆ ।[5]

ਜਹਾਂਗੀਰ ਦੇ ਸਮੇਂ ਪਹਿਲਾਂ ਪਹਿਲਾਂ ਅਮਨ ਚੈਨ ਹੀ ਰਿਹਾ,ਤਾਂ ਹੀ ਤਾਂ ਉਸ ਦੇ'ਅਦਲ' ਦੀਆਂ

1. ਮੈਡੀਵਲ ਇੰਡੀਆ, ਲੇਨਪੂਲ, ਪੰਨਾ 233
2. ਮੈਡੀਵਲ ਇੰਡੀਆ, ਲੇਨਪੂਲ, ਪੰਨਾ 251–52
3. ਕਬਿੱਤ ਭਾਈ ਗੁਰਦਾਸ, ਦੂਸਰਾ ਸੰਪੈ, ਪੰਨਾ 32
4. ਮੁਗ਼ਲ ਰੂਲ ਇਨ ਇੰਡੀਆ, ਐਡਵਰਡਜ਼ ਅਤੇ ਗੈਰੇਟ
5 ਮੈਡੀਵਲ ਇੰਡੀਆ, ਲੇਨਪੂਲ, ਪੰਨਾ 161-62

ਕਹਾਣੀਆਂ ਮਸ਼ਹੂਰ ਹਨ। ਹਾਂ, ਆਪਣੇ ਪਿਤਾ ਅਕਬਰ ਦੇ 'ਦੀਨੇ-ਇਲਾਹੀ' ਨੂੰ ਉਸ ਨੇ ਅੱਗੇ ਨਹੀਂ ਚਲਾਇਆ, ਸਗੋਂ ਤਖ਼ਤ ਨਸ਼ੀਨੀ ਮਗਰੋਂ ਇਸਲਾਮੀ ਸ਼ਰ੍ਹਾ ਨੂੰ ਮੁੜ ਲਾਗੂ ਕਰ ਦਿੱਤਾ।[1] ਬਾਦਸ਼ਾਹ ਕੰਨਾਂ ਦੇ ਕੱਚੇ ਤਾਂ ਹੁੰਦੇ ਹੀ ਹਨ। ਦੋਖੀਆਂ ਵੱਲੋਂ ਸ਼ਿਕਾਇਤਾਂ ਤੇ ਚੁਗਲੀਆਂ ਸੁਣ ਸੁਣ ਕੇ ਉਹ ਗੁਰੂ-ਘਰ ਦਾ ਵਿਰੋਧੀ ਹੋ ਗਿਆ। ਉਸ ਵਿਚ ਅਕਬਰ ਵਾਲੀ ਰਵਾਦਾਰੀ ਦੀ ਭਾਵਨਾ ਨਾ ਰਹੀ। ਉਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਵੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਸੀ, ਭਾਵੇਂ ਪਿਛੋਂ ਆਪਣੀ ਗ਼ਲਤੀ ਦੀ ਸਮਝ ਆਉਣ ਤੇ ਗੁਰੂ ਜੀ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਗਿਆ।[2]

ਰਾਜੇ ਮਹਾਰਾਜੇ ਤੇ ਬਾਦਸ਼ਾਹ ਆਮ ਤੌਰ ਤੇ ਵਿਲਾਸੀ ਹੋਇਆ ਕਰਦੇ ਹਨ। ਅਕਬਰ ਤੇ ਜਹਾਂਗੀਰ, ਜੋ ਭਾਈ ਸਾਹਿਬ ਦੇ ਸਮਕਾਲੀ ਸਨ, ਇਸ ਪੱਖ ਤੋਂ ਕੋਈ ਵਖਰੀ ਕਿਸਮ ਦੇ ਬਾਦਸ਼ਾਹ ਨਹੀਂ ਸਨ। ਦੋਵੇਂ ਕਾਮ ਦੇ ਪੁਜਾਰੀ ਸਨ, ਦੋਹਾਂ ਦੇ ਹਰਮ ਸੁੰਦਰ ਸੁੰਦਰ ਇਸਤਰੀਆਂ ਨਾਲ ਭਰੇ ਪਏ ਸਨ। ਜਹਾਂਗੀਰ ਦੇ ਜ਼ੁਲਮੀ ਸ਼ੌਕ ਬਾਰੇ ਕੈਪਟਨ ਹਾਕਿਨ ਲਿਖਦਾ ਹੈ,

"ਪਰਜਾ ਉਸ ਦੇ ਭੈ ਤੋਂ ਥਰ ਥਰ ਕੰਬਦੀ ਸੀ। ਇਹ ਕਾਮ ਦਾ ਪੁਜਾਰੀ ਬਾਦਸ਼ਾਹ ਮਨੁੱਖਾਂ ਨੂੰ ਜੰਗਲੀ ਤੇ ਖ਼ੂੰਖਾਰ ਜਾਨਵਰਾਂ ਅੱਗੇ ਸੁਟ ਕੇ ਟੁਕੜੇ ਟੁਕੜੇ ਕਰਵਾ ਕੇ ਖ਼ੁਸ਼ ਹੁੰਦਾ ਸੀ।[3]

ਇਹੋ ਜਿਹੇ ਰਾਜਿਆਂ ਬਾਦਸ਼ਾਹਾਂ ਦੇ ਰਾਜ ਵਿਚ ਪਰਜਾ ਸੁਖੀ ਨਹੀਂ ਰਹਿ ਸਕਦੀ। ਉਹ ਆਪ ਭਾਵੇਂ ਕੁਝ ਨਾ ਕਰਨ, ਉਨ੍ਹਾਂ ਨੂੰ ਆਪਣੀ ਐਸ਼-ਪ੍ਰਸਤੀ ਸਮੇਂ ਪਰਜਾ ਦਾ ਕੁਝ ਖ਼ਿਆਲ ਨਹੀਂ ਰਹਿੰਦਾ, ਹੇਠਲੇ ਅਹਿਲਕਾਰ ਨਿਡਰ ਹੋ ਕੇ ਹਨੇਰ ਮਚਾਈ ਰਖਦੇ ਹਨ। 'ਜਥਾ ਰਾਜਾ ਤਥਾ ਪਰਜਾ' ਅਨੁਸਾਰ ਉਸ ਸਮੇਂ ਦੀ ਪਰਜਾ, ਜਨਤਾ ਦੇ ਆਗੂ, ਕੀ ਧਾਰਮਕ ਤੇ ਕੀ ਦੂਜੇ, ਸਭ ਦਾ ਇਹੀ ਹਾਲ ਹੋ ਜਾਂਦਾ ਹੈ।

ਭਾਈ ਗੁਰਦਾਸ ਨੇ ਇਸ ਸਮੇਂ ਦੇ ਰਾਜਿਆਂ ਤੇ ਪਰਜਾ ਦਾ ਚਿਤਰ ਇਉਂ ਉਲੀਕਿਆ ਹੈ :-

ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸੱਤ ਮੁਖਹੁ ਅਲਾਈ।

---

1. He... ...restored the forms and ritual of the Mohmed n religion to their former supermacy."
ਹਿਸਟਰੀ ਆਫ਼ ਦੀ ਪੰਜਾਬ, ਮੁਹੰਮਦ ਲਤੀਫ਼, ਪੰਨਾ 150
2. ਕਬਿੱਤ ਭਾਈ ਗੁਰਦਾਸ, ਦੂਸਰਾ ਸਰੂਪ, ਪੰਨਾ 51
3. ਮੈਡੀਵਲ ਇੰਡੀਆ, ਲੇਨਪੂਲ, ਪੰਨਾ 304 (ਕੈਪਟਨ ਹਾਕਿਨ ਕੁਝ ਸਮਾਂ ਜਹਾਂਗੀਰ ਦੇ ਦਰਬਾਰ ਵਿੱਚ ਰਿਹਾ ਸੀ)

ਕਾਜ਼ੀ ਹੋਇ ਰਿਸ਼ਵਤੀ ਵੱਢੀ ਲੈ ਕੈ ਹਕ ਗਵਾਈ ।

ਇਸਤ੍ਰੀ ਪੁਰਖੈ ਦਾਮ ਹਿਤ ਭਾਵੈਂ ਆਇ ਕਿਥਾਊਂ ਜਾਈ ।[1]

ਇਸ ਸਮਾਜ ਵਿਚ ਇਸਤ੍ਰੀ ਤੇ ਪੁਰਸ਼ ਦਾ ਪਿਆਰ, ਜੋ ਆਤਮਾ-ਆਤਮਾ ਦਾ ਪਿਆਰ ਹੋਣਾ ਚਾਹੀਦਾ ਸੀ, ਕੇਵਲ ਪੈਸੇ ਦੇ ਆਧਾਰ ਤੇ ਟਿਕਣ ਲਗ ਪਿਆ ਸੀ ਤੇ ਪੈਸਾ, ਕੋਈ ਜ਼ਰੂਰੀ ਨਹੀਂ ਨੇਕ ਕਮਾਈ ਦਾ ਹੀ ਹੋਵੇ । ਇਹ ਤਾਂ "ਭਾਵੈ ਆਇ ਕਿਥਾਊਂ ਜਾਈ", ਹਕ ਦਾ ਹੋਵੇ ਕਿ ਅਣ-ਹਕ ਦਾ, ਕੋਈ ਚਿੰਤਾ ਨਹੀਂ ।

ਫਿਰ ਇਸ ਸਮਾਜ ਵਿਚ ਕੋਈ ਕਿਸੇ ਦੀ ਸੁਣਦਾ ਮੰਨਦਾ ਨਹੀਂ, ਆਪੋ-ਧਾਪੀ ਪਈ ਹੋਈ ਸੀ-

ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨ ਭਾਵੈ ।[2]

ਭਾਈ ਸਾਹਿਬ ਵੇਲੇ ਇਹੋ ਜਿਹਾ ਰਾਜਸੀ ਤੇ ਸਮਾਜਕ ਵਾਤਾਵਰਨ ਸੀ ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ, ਭਾਰਤ ਵਿਚ ਕਈ ਸਦੀਆਂ ਮੁਸਲਮਾਨਾਂ ਦਾ ਰਾਜ ਰਿਹਾ । ਗੁਰੂ ਨਾਨਕ ਦੇਵ ਤੋਂ ਪਹਿਲਾਂ ਮੁਸਲਮਾਨਾਂ ਦੇ ਕਈ ਵੰਸ਼ ਇਸ ਦੇਸ਼ ਤੇ ਰਾਜ ਕਰਦਿਆਂ ਆਪਣੀਆਂ ਮੰਨ-ਮੰਨੀਆਂ ਕਰਦੇ ਰਹੇ । ਰਾਜਸੀ ਤੇ ਸਮਾਜਕ ਖੇਤਰ ਵਿਚ ਹਿੰਦੂਆਂ ਦਾ ਕਾਫ਼ੀਆ ਤੰਗ ਕੀਤੀ ਰਖਿਆ । ਮੁਸਲਮਾਨ ਆਪਣੇ ਆਪ ਨੂੰ ਮੋਮਿਨ, ਖ਼ੁਦਾ-ਪ੍ਰਸਤ ਤੇ ਰੱਬ-ਪੂਜਕ ਮੰਨਦੇ ਸਨ ਤੇ ਹਿੰਦੂਆਂ ਨੂੰ, ਬੁਤਾਂ ਦੇ ਪੂਜਣ ਵਾਲਿਆਂ ਨੂੰ, ਕਾਫ਼ਰ ਤੇ ਨਾਸਤਕ, ਭਾਵ ਇਕ ਰੱਬ ਤੋਂ ਮਨਕਰ, ਸਮਝਦੇ ਸਨ । ਕਾਰਨ ਇਹ ਕਿ, ਹਿੰਦੂ ਵੱਖ-ਵੱਖ ਦੇਵੀਆਂ ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਪੂਜਾ ਕਰਦੇ ਸਨ, ਪਿਪਲਾਂ ਤੇ ਬੋਹੜਾਂ ਦੀ ਪੂਜਾ ਕਰਦੇ ਸਨ, ਸ਼ੇਸ਼ਨਾਗ ਆਦਿ ਸੱਪਾਂ ਤੇ ਹੋਰ ਪਸ਼ੂਆਂ ਦੀ ਪੂਜਾ ਕਰਦੇ ਸਨ । ਇਉਂ ਇਸ ਵਖੇਵੇਂ ਕਾਰਨ ਮੁਸਲਮਾਨ ਮੋਮਿਨ, ਹਿੰਦੂ ਕਾਫ਼ਰ ਨੂੰ ਕਤਲ ਕਰਨਾ ਸਵਾਬ ਭਾਵ ਪੁੰਨ ਗਿਣਦੇ ਸਨ । ਹਿੰਦੂਆਂ ਨੂੰ ਲੁਟਣਾ, ਜਬਰਦਸਤੀ ਮੁਸਲਮਾਨ ਬਣਾਉਣਾ, ਮੰਦਰ ਆਦਿ ਢਾਹ ਕੇ ਮਸਜਿਦਾਂ ਖੜੀਆਂ ਕਰ ਦੇਣਾ, ਬੁਤਾਂ ਨੂੰ ਤੋੜਨਾ, ਉਹਨਾਂ ਭਾਣੇ ਦੀਨੀ ਕੰਮ ਸਨ । ਉਹ ਹਿੰਦੂਆਂ ਨੂੰ ਬੁਤ-ਪ੍ਰਸਤ ਤੇ ਆਪਣੇ ਆਪ ਨੂੰ ਬੁਤ-ਸ਼ਿਕਨ ਭਾਵ ਬੁਤ ਤੋੜਨ ਵਾਲੇ ਦਸ ਕੇ ਹਰ ਪ੍ਰਕਾਰ ਦਾ ਜ਼ੁਲਮ ਤਸ਼ੱਦਦ ਜਾਇਜ਼ ਸਮਝਦੇ ਸਨ । ਇਖ਼ਲਾਕੀ ਪੱਖ ਬਹੁਤ ਨੀਵਾਂ ਸੀ । ਸ਼ਰਾਬ, ਮਾਸ, ਵੇਸਵਾ-ਗਮਨ ਆਦਿ ਜਿਹੇ ਨੀਚ ਕਰਮ ਕਰਦਿਆਂ ਵੀ ਧਾਰਮਕ-ਪੱਖ-ਪਾਤ ਤੇ ਕਟੜਪੁਣੇ ਦਾ ਸ਼ਿਕਾਰ ਹੋ ਕੇ ਗੈਰ-ਮੁਸਲਮਾਨ ਲੋਕਾਂ ਦਾ ਸ਼ਿਕਾਰ ਕਰਦੇ ਸਨ । ਭਾਈ ਗੁਰਦਾਸ ਨੇ ਅਜਿਹੀ ਅਵੱਸਥਾ ਬਾਰੇ ਹੀ ਲਿਖਿਆ -

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 30
2. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 18.

ਠਾਕੁਰ ਦੁਆਰੇ ਢਾਹਿ ਕੈ ਤਿਹ ਠਉੜੀ ਮਸੀਤ ਉਸਾਰਾ ।
ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ।[1]

ਹੋਰ ਧਰਮਾਂ ਵਾਲਿਆਂ ਦੀ ਅਜੀਬ ਹਾਲਤ ਸੀ, ਧਾਰਮਕ ਏਕਤਾ ਦਾ ਨਾਂ-ਨਿਸ਼ਾਨ ਨਹੀਂ ਲਭਦਾ । ਧਾਰਮਕ ਆਗੂ ਆਮ ਜਨਤਾ ਨੂੰ, ਭੋਲੀ ਭਾਲੀ ਲੋਕਾਈ ਨੂੰ ਫੋਕਟ ਧਰਮਾਂ ਦੇ ਭਰਮ ਭੁਲੇਖਿਆਂ ਵਿਚ ਰੁਲਾ ਰਹੇ ਸਨ:—

ਕਿਸੈ ਪੁਜਾਈ ਸਿਲਾ ਸੁੰਨ ਕੋਈ ਗੋਰੀਂ ਮੜ੍ਹੀ ਪੁਜਾਵੈ ।
ਤੰਤ੍ਰ ਮੰਤ੍ਰ ਪਖੰਡ ਕਰ ਕਲਹ ਕ੍ਰੋਧ ਬਹੁ ਵਾਦ ਕਰਾਵੈ ।
ਆਪੋ ਧਾਪੀ ਹੋਇ ਕੇ ਨਿਆਰੇ ਨਿਆਰੇ ਧਰਮ ਚਲਾਵੈ ।
ਕੋਈ ਪੂਜੈ ਚੰਦ ਸੂਰ ਕੋਈ ਧਰਤ ਅਕਾਸ ਮਨਾਵੈ ।
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ ।
ਫੋਕਟ ਧਰਮੀ ਭਰਮ ਭੁਲਾਵੈ ।[2]

ਸਚ ਦਾ ਰਾਹ ਵਿਖਾਉਣ ਵਾਲਾ ਸੱਚਾ ਗੁਰੂ ਕੋਈ ਨਹੀਂ ਸੀ, ਇਸੇ ਕਰ ਕੇ ਹਨੇਰ ਮਚਿਆ ਪਿਆ ਸੀ ਤੇ ਖਹਿ-ਮਖਹਿ ਦਾ ਵਰਤਾਰਾ ਸੀ:—

ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ ।
ਤ, ਥੰਮੇ ਕੋਇ ਨ ਸਾਧੁ ਬਿਨ ਸਾਧੁ ਨ ਦਿਸੈ ਜਗ ਵਿਚ ਕੋਆ ।[3]

ਹਰ ਪਾਸੇ ਲੁਟ-ਖਸੁਟ ਚਲ ਰਹੀ ਸੀ, ਰਾਜਸੀ ਆਗੂ ਜ਼ਾਲਮ ਸਨ, ਇਨਸਾਫ਼ ਰਿਹਾ ਨਹੀਂ ਸੀ, ਸਮਾਜ, ਕੀ ਹਿੰਦੂ ਤੇ ਕੀ ਮੁਸਲਮਾਨ, ਵਰਨਾ, ਆਸ਼ਰਮਾਂ ਵਿਚ ਵੰਡਿਆ ਪਿਆ ਸੀ, ਆਪਸ ਵਿਚ ਖਿਚੋ-ਤਾਣ ਵਧੀ ਹੋਈ ਸੀ:—

ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ ।[4]

ਧਰਮ ਦੇ ਖੇਤਰ ਵਿਚ ਵੀ ਚਾਨਣ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ । ਧਾਰਮਕ ਅਗਵਾਈ ਕਰਨ ਵਾਲੇ, ਜਗਤ, ਸੜਦੇ ਜਗਤ, ਨੂੰ ਪਾਰ ਉਤਾਰਨ ਵਾਲੇ ਆਪ ਭੈ ਭੀਤ ਹੋਏ ਹੋਏ ਜੰਗਲਾਂ ਪਹਾੜਾਂ ਵਿਚ ਜਾ ਲੁਕੇ ਸਨ, ਗਿਆਨ-ਦਾਤਾ ਕੋਈ ਰਿਹਾ ਨਹੀਂ ਜਾਪਦਾ -

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 20
2. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 18
3. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 22
4. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 21

ਪਾਪ ਗਿਰਾਸੀ ਪ੍ਰਿਥਮੀ ਧੌਲ ਖੜਾ ਧਰ ਹੇਠ ਪੁਕਾਰਾ ।
ਸਿਧ ਛਪ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ ।
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ ।[1]

ਅਸਲ ਗੱਲ ਤਾਂ ਇਹ ਹੈ ਕਿ

ਬਾਝ ਗੁਰੂ ਡੁੱਬਾ ਸੰਸਾਰਾ ।[2]

ਗੁਰੂ ਕੋਈ ਸੀ ਨਹੀਂ; ਮਤ-ਮਤਾਂਤਰਾਂ ਦਾ ਕੋਈ ਅੰਤ ਸ਼ੁਮਾਰ ਨਹੀਂ, ਇਹ ਵੱਖ-ਵੱਖ ਮਤਾਂ-ਮਤਾਂਤਰਾਂ ਵਾਲੇ, ਕੀ ਹਿੰਦੂ ਤੇ ਕੀ ਮੁਸਲਮਾਨ ਕਰਮਕਾਂਡ ਦੇ ਝਗੜਿਆਂ ਵਿਚ ਫਾਥੇ, ਵਾਦ-ਵਿਵਾਦ ਦੇ ਚੱਕਰ ਵਿਚ ਅਜਿਹੇ ਕਾਬੂ ਆਏ ਸਨ ਕਿ ਅਸਲ ਰਾਹ ਹੀ ਅੱਖੋਂ ਉਹਲੇ ਹੋ ਗਿਆ ਸੀ :-

"ਭਈ ਗਿਲਾਨ ਜਗਤ ਵਿਚ ਚਾਰ ਵਰਨ ਆਸ਼੍ਰਮ ਉਪਾਏ ।
ਦਸ ਨਾਮ ਸੰਨਿਆਸੀਆਂ ਜੋਗੀ ਬਾਰਹ ਪੰਥ ਚਲਾਏ ।
ਜੰਗਮ ਅਤੇ ਸ੍ਰੇਵੜੇ ਦਗੇ ਦਿਗੰਬਰ ਵਾਦ ਕਰਾਏ ।
ਬ੍ਰਹਮਣ ਬਹੁ ਪ੍ਰਕਾਰ ਕਰ ਸ਼ਾਸਤਰ ਵੇਦ ਪੁਰਾਣ ਲੜਾਏ ।
ਖਟ ਦਰਸ਼ਨ ਬਹੁ ਵੈਰ ਕਰ ਨਾਲ ਛਤੀਸ ਪਖੰਡ ਰਲਾਏ ।"[3]

ਇਸਲਾਮ ਦੇ ਅਨੁਯਾਈਆਂ ਦੀ ਦਸ਼ਾ ਵੀ ਕੋਈ ਵਖਰੀ ਨਹੀਂ ਸੀ :-

ਬਹੁ ਵਾਟੀ ਜਗ ਚਲੀਆਂ ਜਬ ਹੀ ਭਏ ਮੁਹੰਮਦ ਯਾਰਾ ।
ਕੌਮ ਬਹੱਤਰ ਸੰਗ ਕਰ ਬਹੁ ਬਿਧਿ ਵੈਰ ਵਿਰੋਧ ਪਸਾਰਾ ।
ਰੋਜ਼ੇ ਈਦ ਨਮਾਜ਼ ਕਰ ਕਰਮੀ ਬੰਦ ਕੀਆ ਸੰਸਾਰਾ ।
ਪੀਰ ਪੈਗੰਬਰ ਔਲੀਏ ਗਊਸ ਕੁਤਬ ਬਹੁ ਭੇਖ ਸਵਾਰਾ ।[4]

ਅਜਿਹੀ ਦਸ਼ਾ ਵਿਚ ਹਾਲਤ ਇਹ ਹੈ ਕਿ :-

"ਪਾਪੇ ਦਾ ਵਰਤਿਆ ਵਰਤਾਰਾ ।"[5]

ਸ੍ਰੀਮਦ ਭਗਵਤ ਗੀਤਾ ਵਿਚ ਆਉਂਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਕਿ 'ਜਦੋਂ ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਸੰਸਾਰ ਤੇ ਪਾਪ, ਉਪੱਦਰ ਵੱਧ ਜਾਂਦੇ ਹਨ ਤਾਂ

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 29
2. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 29
3. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 19
4. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 20
5 ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ ਪਉੜੀ 20

ਮੈਂ ਧਰਮ ਦੀ ਰਾਖੀ ਲਈ, ਸੰਤ ਪੁਰਸ਼ਾਂ ਦੇ ਬਚਾ ਲਈ ਜਨਮ ਲੈਂਦਾ ਹਾਂ ।"[1]

ਸ਼ਲੋਕ 7, ਅਧਿਆਇ 4

ਗੁਰੂ ਨਾਨਕ ਦੇਵ ਦੇ ਆਗਮਨ ਤੋਂ ਪਹਿਲਾਂ ਕੁਝ ਅਜਿਹੀ ਹੀ ਸਥਿਤੀ ਸੀ । ਨਿਡਰ ਤੇ ਨਿਰਵੈਰ ਅਕਾਲ ਪੁਰਖ ਦੇ ਉਪਾਸਕ ਗੁਰੂ ਨਾਨਕ ਨੇ ਨਿਡਰਤਾ ਤੇ ਨਿਰਵੈਰਤਾ ਨਾਲ ਆਪਣੇ ਸਮੇਂ ਦੇ ਸਮਾਜਕ, ਰਾਜਸੀ ਤੇ ਧਾਰਮਕ ਵਾਤਾਵਰਨ ਦੇ ਕੋਹੜ ਨੂੰ ਆਪਣੇ ਮਹਾਨ ਉਪਦੇਸ਼ਾਂ ਦੇ ਨਸ਼ਤਰਾਂ ਨਾਲ ਸਾਫ਼ ਕੀਤਾ । ਕਾਜ਼ੀਆਂ, ਮੁਲਾਣਿਆਂ, ਪੰਡਤਾਂ, ਜੋਗੀਆਂ, ਬ੍ਰਾਹਮਣਾਂ, ਰਾਜਿਆਂ ਬਾਦਸ਼ਾਹਾਂ, ਸਭ ਦੇ ਵਤੀਰੇ ਦੀ ਕਰੜੀ ਤੇ ਨਿਰਸੰਕੋਚ ਆਲੋਚਨਾ ਕੀਤੀ । ਇਸ ਆਲੋਚਨਾ ਵਿਚ ਰੋਸ ਸੀ, ਪਰ ਨਫ਼ਰਤ ਨਹੀਂ ਸੀ । ਗਲੇ ਸੜੇ ਅੰਗ ਨੂੰ ਕਟ ਕੇ ਪਰੇ ਸੁਟ ਦੇਣ ਦੀ ਥਾਂ ਉਸ ਦੇ ਇਲਾਜ ਦੀ ਭਾਵਨਾ ਸੀ, ਰੋਗੀ ਨੂੰ ਸੁਅਸਥ ਕਰਨ ਦੀ ਚਾਹ ਸੀ । ਗੁਰੂ ਜੀ ਨੇ ਸਭ ਨੂੰ ਆਪੋ ਆਪਣੇ ਧਰਮ ਵਿਚ ਰਹਿੰਦਿਆਂ ਸੱਚ ਦੀ ਭਾਲ ਲਈ ਪ੍ਰੇਰਿਆ, ਪ੍ਰੇਰਿਆ ਹੀ ਨਹੀਂ, ਸਗੋਂ ਸੱਚ ਦਾ ਰਾਹ ਲੱਭਣ ਦੀ ਜਾਚ ਦੱਸੀ; ਇਸੇ ਸੰਸਾਰ ਵਿਚ ਰਹਿ ਕੇ, ਕਾਰ ਵਿਹਾਰ ਕਰ ਕੇ, ਹਸਦਿਆਂ ਖੇਡਦਿਆਂ ਅਗੰਮੀ ਜੋਤਿ ਨਾਲ ਇਕ-ਮਿਕ ਹੋਣ ਦਾ ਢੰਗ ਦਸਿਆ ।

ਜਿਉਂ ਭਾਈ ਗੁਰਦਾਸ ਤੋਂ ਪਹਿਲਾਂ ਇਕ ਨਵੇਂ ਧਰਮ, ਸਿਖ ਧਰਮ ਦੀ ਨੀਂਹ ਰੱਖੀ ਜਾ ਚੁਕੀ ਸੀ । ਸਿਖ ਗੁਰੂ ਸਾਹਿਬਾਨ ਨੇ ਇਕ ਨਵੇਂ ਮੰਦਰ, ਮਾਨਵ ਮੰਦਰ, ਦੀ ਉਸਾਰੀ ਦੀ ਵਿਉਂਤ ਬਣਾ ਲਈ ਸੀ, ਉਸ ਤੇ ਅਮਲ ਹੋ ਰਿਹਾ ਸੀ ਤੇ ਇਸ ਦਾ ਅਸਰ ਆਲੇ ਦੁਆਲੇ ਤੇ ਪਿਆ ਤੇ ਜ਼ਰੂਰ ਪਿਆ, ਅਕਬਰ ਨੂੰ ਵੀ ਇਸ ਮੰਦਰ ਤੇ ਸ਼ਰਧਾ ਉਪਜ ਪਈ, ਉਹ ਵੀ ਇਸ ਮੰਦਰ ਦੀ ਸਰਬ-ਸਾਂਝੀਵਾਲਤਾ ਦੀ ਭਾਵਨਾ ਦਾ ਦਿਲੋਂ ਸਤਿਕਾਰ ਕਰਨ ਲੱਗਾ । ਲੋਕਾਈ ਵਿਚ ਵੀ ਜਾਗ੍ਰਤੀ ਆਉਣ ਲੱਗੀ, ਲੋਕ ਆਪਣੇ ਪੈਰਾਂ ਤੇ ਖਲੋਣ ਜੋਗੇ ਹੋਣ ਲੱਗੇ, ਸਵੈਮਾਨ ਜਾਗਣਾ ਸ਼ੁਰੂ ਹੋਇਆ ।

ਇਸ ਤਬਦੀਲੀ ਦਾ, ਇਸ ਇਨਕਲਾਬ ਦਾ ਵੀ ਇਕ ਕਾਰਨ ਸੀ । ਗੁਰੂ ਨਾਨਕ ਦੇਵ ਨੇ ਸਮੇਂ ਦੀ ਜੋ ਨਬਜ਼ ਪਛਾਣੀ, ਉਹ ਆਪ ਤੋਂ ਪਹਿਲਾਂ ਹੋਏ ਅਖੌਤੀ ਆਗੂਆਂ ਦੇ ਹਿੱਸੇ ਨਾ ਆਈ । ਉਹਨਾਂ ਆਗੂਆਂ ਨੇ ਜੀਵਨ ਦੀ ਅਸਲੀਅਤ ਨੂੰ ਅੱਖੋਂ ਉਹਲੇ ਕਰ ਦਿੱਤਾ, ਸੰਸਾਰ ਨੂੰ ਮਿਥਿਆ ਤੇ ਝੂਠਾ ਦਸ ਕੇ ਇਸ ਤੋਂ ਪੂਰਨ ਤਿਆਗ ਦਾ ਢੰਡੋਰਾ ਫੇਰਨ ਲਗ ਪਏ । ਜੇ ਹਰ ਕੋਈ ਸੰਸਾਰ-ਤਿਆਗੀ ਹੋ ਜਾਏ ਤਾਂ ਸੰਸਾਰ ਦੀ ਕਾਰ ਕਿਵੇਂ ਚੱਲੇਗੀ, ਇਸ ਗੱਲ ਵੱਲ ਉਹਨਾਂ ਦਾ

---

1 यदा यदा हि धर्मस्य ग्लानिर्भवति भारत ।
अभ्युत्थानमधर्मस्य तदाऽऽत्मानं सृजाम्यहम् ॥

ਧਿਆਨ ਨਾ ਰਿਹਾ। ਉਹ ਆਪੋ ਆਪਣੇ ਮਤਾਂ ਦੀਆਂ ਨਿਕੀਆਂ ਨਿਕੀਆਂ ਟੋਲੀਆਂ ਬਣਾ ਕੇ ਹੀ ਖੁਸ਼ ਹੋ ਗਏ। ਉਹਨਾਂ ਨੇ ਆਮ ਜਨਤਾ ਨੂੰ ਰਾਜਨੀਤਕ,ਸਮਾਜਕ ਤੇ ਧਾਰਮਕ ਗੁਲਾਮੀ ਦੇ ਬੰਧਨਾਂ ਤੋਂ ਛੁਟਕਾਰਾ ਦਿਵਾਉਣ ਵਾਲੇ ਪਾਸੇ ਕੋਈ ਜਤਨ ਨਾ ਕੀਤੇ ਤੇ ਨਾ ਹੀ ਸਮੁਚੇ ਰੂਪ ਵਿਚ ਇਕ ਕੌਮ ਦੀ ਉਸਾਰੀ ਹੋ ਸਕੀ। ਕਨਿੰਘਮ ਲਿਖਦਾ ਹੈ ਕਿ "ਉਹਨਾਂ ਦੀਆਂ ਟੋਲੀਆਂ ਅਜ ਤਕ ਉਵੇਂ ਹੀ ਹਨ ਜਿਵੇਂ ਕਿ ਉਹ ਮੁਢ ਵਿਚ ਬਣਾ ਕੇ ਛੱਡ ਗਏ।[1]

ਗੁਰੂ ਨਾਨਕ ਦੇਵ ਦਾ ਧਰਮ ਇਹਨਾਂ ਤੋਂ ਨਿਪਟ ਵਖਰਾ ਸੀ, ਇਹ ਰਾਹ ਹੀ ਨਵੇਕਲਾ ਸੀ। ਇਥੇ ਸੰਸਾਰ ਦੀਆਂ ਔਕੜਾਂ ਤੋਂ ਭਾਜ ਖਾ ਕੇ ਨਸ ਜਾਣ ਦਾ ਉਪਦੇਸ਼ ਨਹੀਂ, ਇਥੇ ਤਾਂ ਔਕੜਾਂ ਦਾ ਟਾਕਰਾ ਕਰ ਕੇ ਯੋਧਿਆਂ ਵਾਂਗ ਜੀਣ-ਥੀਣ ਦਾ ਉਪਦੇਸ਼ ਮਿਲਦਾ ਸੀ। ਗੁਰੂ ਨਾਨਕ ਦੇਵ ਦੀ ਪਾਰਖੂ ਅੱਖ ਤੇ ਸੁਜਾਗ ਬੁੱਧੀ ਨੇ ਇਹ ਜਾਣ ਲਿਆ ਸੀ ਕਿ ਕੇਵਲ ਉਹ ਧਰਮ ਹੀ ਇਕ ਜਿਉਂਦੀ ਜਾਗਦੀ ਤੇ ਸ਼ਕਤੀਸ਼ਾਲੀ ਕੌਮ ਨੂੰ ਜਨਮ ਦੇ ਸਕਦਾ ਹੈ ਜੋ ਜੀਵਨ ਦੀ ਸਹੀ ਵਰਤੋਂ ਸਿਖਾਏ, ਜੋ ਬਦੀਆਂ ਤੋਂ ਡਰ ਕੇ ਨੱਸਣ ਦੀ ਥਾਂ, ਬਦੀਆਂ ਦਾ ਟਾਕਰਾ ਕਰ ਕੇ ਉਹਨਾਂ ਤੇ ਜਿਤ ਪ੍ਰਾਪਤ ਕਰਨ ਦਾ ਢੰਗ ਦੱਸੇ।[2]

ਸੋ ਗੁਰੂ ਨਾਨਕ ਦੇਵ ਜੀ ਨੇ ਸਮਾਜਕ ਕੁਰੀਤੀਆਂ ਤੇ ਧਾਰਮਕ ਭਰਮਾਂ-ਭੁਲੇਖਿਆਂ ਨੂੰ ਆਪਣੀ ਚੋਟ ਦਾ ਨਿਸ਼ਾਨਾ ਬਣਾਇਆ। ਇਹ ਸਮਾਜਕ ਤੇ ਧਾਰਮਕ ਰੋਗ ਭਾਰਤਵਾਸੀਆਂ ਵਿਚ ਏਨਾਂ ਡੂੰਘਾ ਘਰ ਕਰ ਚੁਕਾ ਸੀ ਕਿ ਇਕ ਇਕੱਲੇ ਜੀਵਨ ਵਿਚ ਤੇ ਕਾਹਲੀ ਕਾਹਲੀ ਇਸ ਦਾ ਇਲਾਜ ਸੰਭਵ ਨਹੀਂ ਸੀ। ਗੁਰੂ ਜੀ ਨੇ ਇਸ ਦੇ ਸੁਧਾਰ ਲਈ ਇਕ ਲੰਮੀ ਯੋਜਨਾ ਬਣਾਈ ਤੇ ਰੋਗ ਦੀ ਪਛਾਣ ਕਰ ਕੇ ਬੜੇ ਠਰੰਮੇ ਤੇ ਧੀਰਜ ਨਾਲ ਇਲਾਜ ਸ਼ੁਰੂ ਕਰ ਦਿੱਤਾ।

ਸਦੀਆਂ ਦੀ ਵਿਦੇਸ਼ੀ ਗ਼ੁਲਾਮੀ ਦੇ ਕਾਰਨ ਭਾਰਤ ਦੀ ਜਨਤਾ ਇੰਨੀ ਨਿਘਰ ਚੁਕੀ ਸੀ ਕਿ ਇਸ ਕੋਲੋਂ ਯਕਦਮ ਕਿਸੇ ਇਨਕਲਾਬ ਦੀ ਆਸ ਰਖਣੀ ਅਸੰਭਵ ਸੀ। ਇਸ ਲਈ ਗੁਰੂ ਨਾਨਕ ਦੇਵ ਨੇ ਇਸ ਬਾਹਰਲੀ ਰਾਜਸੀ ਗ਼ੁਲਾਮੀ ਨਾਲੋਂ ਇਥੋਂ ਦੇ ਲੋਕਾਂ ਨੂੰ ਭਾਈਚਾਰਕ ਗ਼ੁਲਾਮੀ ਤੋਂ ਸੁਤੰਤਰ ਕਰਨ ਲਈ ਜ਼ਾਤ-ਪਾਤ ਦੇ ਭਰਮ-ਗੜ੍ਹ ਨੂੰ ਤੋੜਨ ਦਾ ਫ਼ੈਸਲਾ ਕੀਤਾ, ਵਰਨਾਂ ਆਸ਼ਰਮਾਂ ਦੀ ਅਖੌਤੀ ਵੰਡ ਦੇ ਵਿਰੁਧ ਅਵਾਜ਼ ਉਠਾਈ, ਜਨਤਾ ਦੇ ਬਹੁ-ਗਿਣਤੀ ਭਾਗ, ਨੀਵੇਂ ਨਿਤਾਣੇ ਲਿਤਾੜੇ ਜਾ ਰਹੇ ਭਾਗ, ਨੂੰ ਛਾਤੀ ਨਾਲ ਲਾ ਕੇ ਉੱਚਾ ਕੀਤਾ। ਕੀ ਉੱਚੇ ਕਹਾਉਣ ਵਾਲੇ ਤੇ ਕੀ ਨੀਵੇਂ ਕਹੇ ਜਾਣ ਵਾਲੇ, ਸਭ ਨੂੰ ਇਕ-ਬਰਾਬਰ ਦਸਿਆ:—

---

1. ਹਿਸਟਰੀ ਆਫ਼ ਦੀ ਸਿਖਸ, ਕਨਿੰਘਮ, ਪਨਾ 38
2. ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਸ, ਸੀ. ਐਚ. ਪੇਨ, ਪੰਨਾ 20

ਫਕੜ ਜਾਤੀ ਫਕੜੁ ਨਾਉ ।
ਸਭਨਾ ਜੀਆ ਇਕਾ ਛਾਉ ।[1]

ਤੇ ਆਖਿਆ

ਜਾਣਹੁ ਜੋਤਿ, ਨ ਪੂਛਹੁ ਜਾਤੀ, ਆਗੈ ਜਾਤ ਨ ਹੇ ।[2]

ਕੋਈ ਵੀ ਮਨੁੱਖ ਜਨਮ ਕਰ ਕੇ ਉੱਚਾ ਜਾ ਨੀਵਾਂ ਨਹੀਂ ਹੋ ਸਕਦਾ। ਇਕ ਹੋਰ ਬਹੁਤ ਵੱਡੀ ਗੱਲ ਜੋ ਗੁਰੂ ਨਾਨਕ ਦੇਵ ਨੇ ਕੀਤੀ, ਤੇ ਜਿਸ ਵੱਲ ਪਹਿਲਾਂ ਹੋਏ ਆਗੂਆਂ ਨੇ ਕੋਈ ਧਿਆਨ ਨਹੀਂ ਸੀ ਦਿੱਤਾ, ਉਹ ਸੀ ਇਸਤਰੀ-ਜਾਤੀ ਦਾ ਸਨਮਾਨ ਕਾਇਮ ਕਰਨਾ। ਜਿਸ ਜਾਤੀ ਜਾਂ ਕੌਮ ਵਿਚ ਇਸਤਰੀ ਦੀ ਦੁਰਦਸ਼ਾ ਕੀਤੀ ਜਾਂਦੀ ਹੋਵੇ ਉਹ ਜਾਤੀ ਜਾਂ ਕੌਮ ਕਦੇ ਉੱਚੀ ਨਹੀਂ ਉਠ ਸਕਦੀ। ਇਸਤਰੀ ਦੇ ਪੱਖ ਵਿਚ ਗੁਰੂ ਨਾਨਕ ਦੇਵ ਨੇ ਆਵਾਜ਼ ਬੁਲੰਦ ਕਰਦਿਆਂ ਆਖਿਆ:—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।[3]

ਭਾਈ ਗੁਰਦਾਸ ਨੇ ਵੀ ਲਿਖਿਆ ਹੈ:-

ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ ।[4]

ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਵਿਚ ਰਹਿੰਦਿਆਂ, ਲੋੜ ਅਨੁਸਾਰ ਲੋੜੀਂਦੇ ਪਦਾਰਥਾਂ ਦੀ ਵਰਤੋਂ ਕਰਦਿਆਂ ਜੀਵਨ ਬਤੀਤ ਕਰਨ ਦਾ ਸੁਨੇਹਾ ਦਿੱਤਾ ਤੇ ਇਹ ਦਸਿਆ ,ਕਿ ਸੰਸਾਰ ਦੇ ਪਦਾਰਥਾਂ ਵਿਚ ਖਚਿਤ ਹੋ ਕੇ ਰਹਿ ਜਾਣ ਦੀ ਲੋੜ ਨਹੀਂ। ਕਮਲ ਫੁਲ ਵਾਂਗ, ਇਹਨਾਂ ਵਿਚ ਵਿਚਰਦਿਆਂ ਇਹਨਾਂ ਤੋਂ ਉੱਚੇ ਉਠ ਕੇ ਰਹੋ, ਆਪਣੇ ਮਨ ਬੁਧੀ ਨੂੰ ਨਿਰਲੇਪ ਰਖੋ, ਸੁਤੰਤਰ ਜੀਵਨ ਬਿਤਾਉ। ਇਉਂ ਸੰਸਾਰ ਵਿਚ ਰਹਿ ਕੇ ਵੀ ਆਪਣੇ ਅਸਲੇ ਪਰਮਾਤਮਾ ਨਾਲ ਜੁੜੇ ਰਹਿ ਸਕਦੇ ਹੋ। ਪਰ ਇਕ ਚੇਤਾਵਨੀ ਵੀ ਦਿੱਤੀ ਕਿ ਸੰਸਾਰ ਦੇ ਮੋਹ-ਨਜ਼ਾਰੇ ਮਨ ਤੇ ਹਾਵੀ ਹੋ ਕੇ ਸਿਰਜਨ-ਹਾਰ ਨਾਲੋਂ ਲਿਵ ਨਾ ਤੋੜ ਦੇਣ। ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ,

"ਗੁਰੂ ਨਾਨਕ ਦੇਵ ਨੇ ਹਿੰਦੂ ਜਾਤੀ ਦਾ ਅਤਿਅੰਤ ਸੁਧਾਰ ਕੀਤਾ। ਹਿੰਦੂਆਂ ਦੇ ਨਿਸਚੇ ਤੇ ਪੂਜਾ ਵਿਚੋਂ ਵਿਖਾਵੇ ਤੇ ਪਖੰਡ ਦਾ ਅੰਤ ਜਾਂਦਾ ਰਿਹਾ ਤੇ ਪਵਿੱਤਰਤਾ ਆ ਗਈ। ਜਾਤ-ਪਾਤ ਦਾ ਬੰਧਨ ਵੀ ਓਨਾ ਕਰੜਾ ਨਾ ਰਿਹਾ। ਮਾਨਸਿਕ ਤੇ ਬੌਧਿਕ ਸੁਤੰਤਰਤਾ ਆਉਣ ਲਗੀ। ਹੁਣ ਹਿੰਦੂ ਉਸ ਕੌਮੀ ਉੱਨਤੀ ਦੇ ਰਾਹ ਤੇ ਚੱਲਣ ਦੇ ਯੋਗ ਹੋ ਗਏ

1. ਆਦਿ ਗ੍ਰੰਥ, ਵਾਰ ਸਿਰੀ ਰਾਗ ਮਃ ੧, ਪੰਨਾ 83
2. ਆਦਿ ਗ੍ਰੰਥ, ਆਸਾ ਮਃ ੧, ਪੰਨਾ 349
3. ਆਦਿ ਗ੍ਰੰਥ, ਵਾਰ ਆਸਾ ਮ: ੧, ਪੰਨਾ 473
4. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 16

ਜਿਸ ਰਾਹੇ ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ ਟੋਰਨਾ ਚਾਹੁੰਦੇ ਸਨ ।[1]

ਗੁਰੂ ਨਾਨਕ ਦੇਵ ਦੇ ਚਲਾਏ ਇਸ ਨਵੇਂ ਰਸਤੇ ਨੂੰ ਪਿਛੋਂ ਆਉਂਦੇ ਗੁਰੂ ਸਾਹਿਬਾਨ ਨੇ ਵੀ ਜਾਰੀ ਰਖਿਆ । ਗੁਰੂ ਅੰਗਦ ਦੇਵ ਨੇ ਕੌਮ ਨੂੰ ਜਥੇਬੰਦ ਕਰਨ ਲਈ ਸਮੇਂ ਦੀ ਮੰਗ ਅਨੁਸਾਰ ਕੰਮ ਕੀਤਾ । ਗੁਰੂ ਅਮਰਦਾਸ ਨੇ ਲੰਗਰ ਦੀ ਪ੍ਰਥਾ ਚਲਾ ਕੇ ਸਭ ਮਨੁੱਖਾਂ ਨੂੰ ਇਕ ਪੰਗਤ ਵਿਚ ਬੈਠਣ ਦੀ ਜਾਚ ਦੱਸੀ ਤਾਂ ਜੁ ਕੋਈ ਵੰਡ—ਵਿਤਕਰਾ ਨਾ ਰਹੇ ।[2] ਇਸਤਰੀ ਜਾਤੀ ਦਾ ਪੱਖ ਪੂਰਦੇ ਹੋਏ ਸਤੀ ਦੀ ਰਸਮ ਦੇ ਖਿਲਾਫ਼ ਅਵਾਜ਼ ਉਠਾਈ, ਤੇ ਆਖਿਆ—

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।[3]

ਸਤਿਗੁਰਾਂ ਨੇ ਗੁਰਮਤ ਦਾ ਪਰਚਾਰ ਥਾਉਂ ਥਾਈਂ ਪੁਚਾਣ ਲਈ ਵਿਦਵਾਨ ਸਿਖ ਭੇਜਣੇ ਸ਼ੁਰੂ ਕੀਤੇ, ਭਾਈ ਗੁਰਦਾਸ ਅਜਿਹੇ ਪਰਚਾਰਕਾਂ ਵਿਚੋਂ ਇਕ ਸਨ । ਗੁਰੂ ਰਾਮ ਦਾਸ ਜੀ ਨੇ ਰਾਮ-ਦਾਸ ਪੁਰ ਦੀ ਉਸਾਰੀ ਕਰਵਾਈ ਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭ ਦਿੱਤੀ । ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਰਾਹੀਂ ਇਸ ਕੰਮ ਨੂੰ ਪੂਰਨ ਕੀਤਾ । ਸ੍ਰੀ ਹਰਿਮੰਦਰ ਸਾਹਿਬ ਦੇ, ਚੌਹਾਂ ਦਿਸ਼ਾਵਾਂ ਵਿਚ, ਚਾਰ ਦਰਵਾਜ਼ੇ ਰਖੇ । ਭਾਵ ਇਹ ਸੀ, ਬਿਨਾਂ ਕਿਸੇ ਮਜ਼ਹਬ, ਧਰਮ, ਜਾਤੀ, ਰੰਗ ਨਸਲ ਦੇ ਭੇਦ ਦੇ ਹਰ ਕਿਸੇ ਨੂੰ ਇਸ ਦਰਬਾਰ ਵਿਚ ਆਉਣ ਦੀ ਖੁਲ੍ਹ ਹੈ । ਇਉਂ ਮਨੁੱਖਾਂ ਵਿਚ, ਜੋ ਕਈ ਤਰ੍ਹਾਂ ਨਾਲ ਵੰਡੇ ਹੋਏ ਸਨ, ਸਾਂਝ ਉਤਪੰਨ ਹੋਣ ਲਗੀ, ਇਕ ਦੂਜੇ ਲਈ ਪਿਆਰ ਤੇ ਸਤਿਕਾਰ ਪੈਦਾ ਹੋਣ ਲੱਗਾ ।

ਸਤਿਗੁਰਾਂ ਦੇ ਅਜਿਹੇ ਧਰਮ ਪਰਚਾਰ ਦੇ ਸਦਕੇ, ਅਖੌਤੀ ਉੱਚੀ ਜਾਤ ਵਾਲਿਆਂ ਵਿਚੋਂ ਇਹ ਗੁਮਾਨ ਜਾਂਦਾ ਰਿਹਾ ਤੇ ਨੀਵਿਆਂ ਵਿਚੋਂ ਨੀਵੇਂ ਹੋਣ ਦਾ ਭੁਲੇਖਾ ਤੇ ਸਹਿਮ ਪਰ ਲਾ ਕੇ ਉੱਡਣ ਲੱਗਾ । ਇਕ ਨਵਾਂ ਜਿਹਾ ਭਾਈਚਾਰਾ ਹੌਲੀ ਹੌਲੀ ਉਸਰਦਾ, ਜ਼ੋਰ ਤੇ ਤਾਕਤ ਫੜਦਾ ਗਿਆ । ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਤਿਆਰੀ ਤੇ ਹਰਿਮੰਦਰ ਸਾਹਿਬ ਵਿਚ ਸਥਾਪਨਾ ਇਸ ਰਾਹ ਤੇ ਇਕ

---

1. Nanak left the Hindus of the Punjab immensly better than he had found them. Their belief had been ennobled, their worship purified, the regidity of caste considerably relaxed, their minds greatly emancipated, and they were now more fit to enter on the career of national progress to which Nanak's successors were destined to lead them."

1. ਟ੍ਰਾਂਸਫ਼ਰਮੇਸ਼ਨ ਆਫ਼ ਸਿਖਿਜ਼ਮ, ਪੰਨਾ 27
2. ਤਵਾਰੀਖ਼ ਗੁਰੂ ਖ਼ਾਲਸਾ ਪੰਨਾ 318
3. ਆਦਿ ਗ੍ਰੰਥ, ਸੂਹੀ ਮ: 3, ਪੰਨਾ 787

ਮੇਲ-ਪੱਤਰ ਸੀ । ਇੱਕੋ ਇਕ ਗੁਰੂ ਗ੍ਰੰਥ ਸਾਹਿਬ ਦੇ ਪਿਆਰ ਸਤਿਕਾਰ ਨੇ ਸਿਖ ਸੇਵਕਾਂ ਨੂੰ ਇੱਕੋ ਲੜੀ ਵਿਚ ਪਰੋ ਦਿੱਤਾ । ਗੁਰੂ ਸਾਹਿਬ ਦੀ ਬਾਣੀ ਤੇ ਗੁਰੂ ਕੇ ਸਿਖਾਂ ਦੀ ਰਹਿਣੀ ਬਹਿਣੀ ਤੇ ਕਥਨੀ ਕਰਨੀ ਤੋਂ ਜਨਤਾ ਬਹੁਤ ਪ੍ਰਭਾਵਤ ਹੋਣ ਲੱਗੀ:-

ਹਉ ਤਿਸ ਘੋਲ ਘੁਮਾਇਆ ਗੁਰਮਤ ਰਿਦੈ ਗਰੀਬੀ ਆਵੈ ।
ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ।
ਹਉ ਤਿਸ ਘੋਲ ਘੁਮਾਇਆ ਪਰ ਦਰਬੈ ਨੂੰ ਹੱਥ ਨਾ ਲਾਵੈ ।
ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ।
ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ ।
ਹਉ ਤਿਸ ਘੋਲ ਘੁਮਾਇਆ ਥੋੜਾ ਸਵੈਂ ਥੋੜਾ ਹੀ ਖਾਵੈ ।
ਗੁਰਮੁਖ ਸੋਈ ਸਹਜ ਸਮਾਵੈ ।[1]

ਇਹ ਭਾਈਚਾਰਾ ਦਿਨੋਂ ਦਿਨ ਵੱਧਣ ਫੁੱਲਣ ਲਗਾ । ਦੇਸ਼ ਦੇ ਵੱਖ ਵੱਖ ਇਲਾਕਿਆਂ ਵਿਚ, ਦਿੱਲੀ, ਆਗਰਾ, ਬਨਾਰਸ, ਆਦਿ ਥਾਵਾਂ ਤੇ ਸਿਖ-ਸੰਗਤਾਂ ਕਾਇਮ ਹੋਣ ਲਗੀਆਂ । ਲੋਕਾਂ ਵਿਚ ਜੀਵਨ ਦੀ ਇਕ ਨਵੀਂ ਰੂਹ ਫੂਕੀ ਗਈ, ਜੀਵਨ ਲਈ ਨਵਾਂ ਚਾਅ ਤੇ ਉਮਾਹ ਠਾਠਾਂ ਮਾਰਨ ਲੱਗਾ ।

ਪਰ ਹਾਕਮ ਸ਼੍ਰੇਣੀ ਇਹ ਕਿਵੇਂ ਜਰ ਸਕਦੀ ਸੀ ਕਿ ਗ਼ੁਲਾਮ ਲੋਕਾਂ ਦੇ ਚਿਹਰਿਆਂ ਤੇ ਲਾਲੀ ਚਮਕੇ, ਬੁਲ੍ਹਾਂ ਤੇ ਮੁਸਕ੍ਰਾਹਟ ਆਵੇ । ਅਕਬਰ ਤਕ ਤਾਂ ਰਵਾਦਾਰੀ ਦਾ ਸਿਲਸਿਲਾ ਬਣਿਆ ਰਿਹਾ ਤੇ ਕੁਝ ਚਿਰ ਲਈ ਜਹਾਂਗੀਰ ਵੀ ਠੀਕ ਰਸਤੇ ਹੀ ਚਲਦਾ ਰਿਹਾ । ਪਰ ਅਖੀਰ ਉਹ ਜਰ ਨਾ ਸਕਿਆ । ਜਹਾਂਗੀਰ ਆਪ ਲਿਖਦਾ ਹੈ "ਦਰਿਆ ਬਿਆਸ ਦੇ ਕੰਢੇ ਗੋਇੰਦਵਾਲ ਵਿਚ ਅਰਜਨ ਨਾਮ ਦਾ ਇਕ ਹਿੰਦੂ ਫ਼ਕੀਰੀ ਤੇ ਪ੍ਰਹੇਜ਼ਗਾਰੀ ਦੇ ਲਿਬਾਸ ਵਿਚ ਰਹਿੰਦਾ ਹੈ । ਉਸ ਨੇ ਆਪਣੇ ਸਲੂਕ ਤੇ ਜ਼ਿੰਦਗੀ ਦੇ ਤਰੀਕੇ ਨਾਲ ਕਈ ਸਾਦਾ ਦਿਲ ਹਿੰਦੂਆਂ ਅਤੇ ਕਈ ਨਾਵਾਕਫ਼ ਤੇ ਬੇਅਕਲ ਮੁਸਲਮਾਨਾਂ ਨੂੰ ਵੀ ਆਪਣੇ ਪਿਛੇ ਲਾ ਲਿਆ ਹੋਇਆ ਹੈ । ਉਹ ਲੋਕ ਉਸ ਦੀ ਪਵਿੱਤਰਤਾ ਦੇ ਕਾਇਲ ਹੋ ਗਏ ਹਨ ਤੇ ਉਸ ਨੂੰ ਗੁਰੂ ਮੰਨਦੇ ਹਨ । ਇਹ ਬੇਅਕਲ ਲੋਕ ਚਾਰ ਚੁਫੇਰਿਉਂ ਆ ਕੇ ਉਸ ਅੱਗੇ ਸਿਰ ਝੁਕਾਂਦੇ ਤੇ ਪੂਰਨ ਭਰੋਸਾ ਪਰਗਟ ਕਰਦੇ ਹਨ । ਇਹ ਦੁਕਾਨ ਤਿੰਨ ਪੁਸ਼ਤਾਂ ਤੋਂ ਚਲੀ ਆ ਰਹੀ ਹੈ ।[2]

---

1. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 4.
2. ਤੋਜ਼ਕੇ ਜਹਾਂਗੀਰੀ.

ਜਹਾਂਗੀਰ ਨੇ, ਆਪਣੀ ਇਸ ਜ਼ੁਲਮੀ ਸੋਚ ਅਨੁਸਾਰ, ਗੁਰੂ ਅਰਜਨ ਦੇਵ ਨੂੰ, ਖ਼ੁਸਰੋ ਨੂੰ ਮਦਦ ਦੇਣ ਦਾ ਇਲਜ਼ਾਮ ਲਗਾ ਕੇ, ਅਨੇਕਾਂ ਪ੍ਰਕਾਰ ਦੇ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ।

ਇਸ ਕਹਿਰੀ ਸਾਕੇ ਕਾਰਨ ਪੰਜਾਬ ਦੇ ਜੀਵਨ ਵਿਚ ਇਕ ਮਹਾਨ ਤਬਦੀਲੀ ਆਈ। ਇਹ ਅਤਿ ਦੇ ਤਸੀਹੇ ਵੇਖ ਕੇ ਸਾਈਂ ਮੀਆਂ ਮੀਰ ਤਾਂ ਕੰਬ ਉਠਿਆ ਪਰ ਜ਼ਾਲਮ ਹਕੂਮਤ ਦੇ ਪੱਥਰ-ਦਿਲ ਤੇ ਕੋਈ ਅਸਰ ਨਾ ਹੋਇਆ। ਜਨਤਾ ਤਰਾਹ ਤਰਾਹ ਕਰ ਉੱਠੀ। ਅਹਿੰਸਾ ਨੂੰ ਹਿੰਸਾ ਨੇ ਖਾ ਲਿਆ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਦੀ ਸ਼ਹੀਦੀ ਵੇਖ ਕੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਭਾਂਪ ਲਿਆ ਕਿ ਜ਼ੁਲਮ ਦਾ ਟਾਕਰਾ ਚੁਪ ਸਾਧ ਕੇ ਨਹੀਂ ਹੋ ਸਕਦਾ। ਉਹਨਾਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਫ਼ੌਜਾਂ ਤਿਆਰ ਕਰਨੀਆਂ ਅਰੰਭ ਦਿੱਤੀਆਂ। ਚੰਗੇ ਚੰਗੇ ਘੋੜਿਆਂ ਦੀ ਖ਼ਰੀਦ ਹੋਣ ਲੱਗੀ, ਸ਼ਸਤ੍ਰ-ਵਿਦਿਆ ਦਾ ਪਰਬੰਧ ਹੋਣ ਲੱਗਾ। ਇਕ ਅਜਿਹੀ ਮਿਰਲੱਥ ਜਮਾਤ ਪੈਦਾ ਕੀਤੀ ਗਈ ਜੋ ਜ਼ੋਰ, ਜਬਰ, ਜ਼ੁਲਮ ਦੇ ਖ਼ਿਲਾਫ਼ ਛਾਤੀ ਤਾਣ ਸਕੇ, ਜੋ ਆਜ਼ਾਦ ਰਹਿ ਸਕੇ ਤੇ ਆਜ਼ਾਦੀ ਦੀ ਰਖਿਆ ਵੀ ਕਰ ਸਕੇ। ਇਸ ਜਮਾਤ ਦੇ ਹੱਥ ਤਲਵਾਰ ਫੜਾਈ ਗਈ। ਇਹ ਤਲਵਾਰ ਜ਼ਾਲਮਾਂ ਦਾ ਨਾਸ਼ ਕਰਨ ਲਈ ਤੇ ਗਰੀਬਾਂ ਅਨਾਥਾਂ ਦੀ ਰਖਿਆ ਲਈ ਸੀ। ਇਸ ਤਲਵਾਰ ਦਾ ਮੁੱਖ ਮਨੋਰਥ ਹਾਕਮਾਂ ਦੀ ਤਲਵਾਰ ਦੇ ਮਨੋਰਥ ਨਾਲੋਂ ਨਿਪਟ ਵਖਰਾ ਸੀ। ਇਹ ਅਤਿਆਚਾਰ ਲਈ ਜਾਂ ਇਲਾਕੇ ਜਿਤ ਕੇ ਹਕੂਮਤ ਕਾਇਮ ਕਰਨ ਲਈ ਨਹੀਂ ਸੀ ਵਰਤੀ ਜਾਂਦੀ। ਇਸ ਦੀ ਵਰਤੋਂ ਸਵੈ-ਰਖਿਆ ਤੇ ਹਕੂਮਤ ਦੇ ਅਤਿਆਚਾਰਾਂ ਤੋਂ ਬਚਣ ਲਈ ਕੀਤੀ ਜਾਣੀ ਸੀ। ਸੋ ਇਉਂ ਜੀਵਨ ਵਿਚ ਆਈ ਤਬਦੀਲੀ ਨੇ ਜੀਵਨ ਦੀ ਨੁਹਾਰ ਬਦਲ ਦਿੱਤੀ।

ਸਮਾਜ ਦਾ ਇਹ ਸਾਰਾ ਢਾਂਚਾ, ਕੀ ਰਾਜਨੀਤਕ ਤੇ ਕੀ ਧਾਰਮਕ, ਭਾਈ ਸਾਹਿਬ ਦੀਆਂ ਅੱਖਾਂ ਸਾਹਮਣੇ ਹੀ ਉਸਰਿਆ ਸੀ। ਇਸ ਸਮਾਜਕ ਵਾਤਾਵਰਨ ਦਾ ਅਸਰ ਉਨ੍ਹਾਂ ਤੇ ਪੈਣਾ ਜ਼ਰੂਰੀ ਸੀ ਤੇ ਇਸ ਦੀ ਝਲਕ ਉਨ੍ਹਾਂ ਦੀ ਰਚਨਾ ਵਿਚੋਂ ਕਿਤੇ ਕਿਤੇ ਥਾਂਹ-ਥਾਂਹ ਮਿਲਦੀ ਹੈ।

(ਸ) ਸਾਹਿਤਕ ਪਰੰਪਰਾ ਤੇ ਇਸ ਨਾਲ ਭਾਈ ਗੁਰਦਾਸ ਦੀ ਕਵਿਤਾ ਦਾ ਸੰਬੰਧ

ਭਾਈ ਗੁਰਦਾਸ ਦੀ ਰਚਨਾ ਪੰਜਾਬੀ ਸਾਹਿਤ ਦੀ ਗੁਰਮਤ-ਧਾਰਾ ਦੀ ਰਚਨਾ ਵਿਚ ਸ਼ਾਮਲ ਹੁੰਦੀ ਹੈ। ਇਹ ਗੁਰਮਤ—ਧਾਰਾ ਦੀ ਰਚਨਾ ਗੁਰੂ ਨਾਨਕ ਦੇਵ ਤੋਂ ਅਰੰਭ ਹੋਈ, ਭਾਵੇਂ ਗੁਰੂ ਸਾਹਿਬਾਨ ਨੇ ਆਪਣੀ ਵਿਚਾਰ-ਧਾਰਾ ਨਾਲ ਮੇਲ ਖਾਂਦੀ ਹੋਰ ਭਗਤਾਂ ਦੀ ਰਚਨਾ ਨੂੰ ਵੀ ਇਸ ਨਾਲ ਜੋੜ ਦਿੱਤਾ ਜਿਵੇਂ ਕਿ ਫਰੀਦ ਆਦਿ ਭਗਤਾਂ ਦੀ ਕਵਿਤਾ।

ਪੰਜਾਬੀ ਸਾਹਿਤ ਵਿਚ ਗੁਰਮਤ—ਧਾਰਾ ਤੋਂ ਪਹਿਲਾਂ ਵੀ ਕਈ ਧਾਰਾਵਾਂ ਪ੍ਰਵੇਸ਼ ਕਰ ਚੁਕੀਆਂ

ਸਨ। ਲੋਕ-ਕਾਵਿ-ਧਾਰਾ ਵਿਚ ਪੰਜਾਬੀ ਦੇ ਲੋਕ-ਗੀਤ ਆਦਿ, ਅਤਿ ਮਿੱਠੇ ਤੇ ਸੁਹਾਵਣੇ, ਪੰਜਾਬੀ ਜੀਵਨ ਦੇ ਹਰ ਪਹਿਲੂ ਦੀ ਝਲਕ ਵਿਖਾਂਦੇ ਹਨ। ਫੇਰ ਜੰਗਾਂ-ਜੁੱਧਾਂ ਦਾ ਅਖਾੜਾ ਰਹਿਣ ਕਰ ਕੇ ਬੀਰ-ਰਸ-ਕਾਵਿ-ਧਾਰਾ ਵੀ ਇਥੇ ਖੂਬ ਉਪਜੀ। ਮੁਸਲਮਾਨਾਂ ਨਾਲ ਸੂਫੀਆ ਦੀ ਆਵੰਦ ਹੋਈ। ਸੂਫੀ-ਕਾਵਿ-ਧਾਰਾਂ ਨੇ ਉੱਚ ਟੀਸੀਆ ਨੂੰ ਛੋਹਿਆ। ਡਾ: ਮੋਹਨ ਸਿੰਘ ਦੀਵਾਨਾ ਅਨੁਸਾਰ ਸਭ ਤੋਂ ਪਹਿਲਾ ਜੋਗੀ-ਕਾਵਿ-ਧਾਰਾ ਪੰਜਾਬੀ ਸਾਹਿਤ ਵਿਚ ਆਈ ਜਿਸ ਦੇ ਰਚਨਹਾਰ ਸਨ ਗੋਰਖ, ਚਰਪਟ ਆਦਿ। ਭਗਤਾਂ ਦੀ ਰਚਨਾ ਨੇ ਭਗਤੀ-ਕਾਵਿ ਨੂੰ ਜਨਮ ਦਿੱਤਾ। ਦਮੋਦਰ ਨੇ ਪੰਜਾਬੀ ਸਾਹਿਤ ਦੇ ਚਲ ਰਹੇ ਇਸ ਪ੍ਰਵਾਹ ਵਿਚੋਂ ਇਕ ਨਵੀਂ ਲਹਿਰ ਪੈਦਾ ਕਰ ਕੇ ਰੁਮਾਂਟਿਕ-ਕਾਵਿ-ਧਾਰਾ ਦੀ ਨੀਂਹ ਰਖੀ।

ਸੋ ਇਉਂ ਪੰਜਾਬੀ ਸਾਹਿਤ ਦੇ ਕਾਵਿ-ਪ੍ਰਵਾਹ ਵਿਚ ਅਨੇਕ ਭਾਂਤੀ ਕਵਿਤਾ ਵੇਖਣ ਵਿਚ ਆਉਂਦੀ ਹੈ। ਭਾਈ ਗੁਰਦਾਸ ਦਾ ਸੰਬੰਧ ਉਮਰ ਭਰ ਗੁਰੂ-ਘਰ ਨਾਲ ਰਿਹਾ, ਇਸ ਲਈ ਉਨ੍ਹਾਂ ਦੇ ਵਿਚਾਰਾਂ ਉਤੇ ਗੁਰੂ ਘਰ ਦੀ ਵਿਚਾਰ-ਪ੍ਰਣਾਲੀ ਦਾ ਅਸਰ ਪੈਣਾ ਲਾਜ਼ਮੀ ਗੱਲ ਸੀ। ਉਨ੍ਹਾਂ ਦਾ ਆਲਾ-ਦੁਆਲਾ ਸਿਖੀ ਮਾਹੌਲ ਨਾਲ ਹੀ ਰੰਗਿਆ ਹੋਇਆ ਸੀ। ਉਹ ਆਪ ਗੁਰਬਾਣੀ, ਗੁਰਮਤ ਤੇ ਸਿਖੀ ਪਰਚਾਰ ਵਿਚ ਜੁਟੇ ਰਹੇ। ਇਸ ਲਈ ਗੁਰਮਤ ਤੇ ਭਗਤੀ-ਕਾਵਿ ਦਾ ਪ੍ਰਭਾਵ ਭਾਈ ਸਾਹਿਬ ਨੇ ਕਬੂਲਿਆ। ਇਥੋਂ ਤਕ ਕਿ ਆਪ ਦੀ ਰਚਨਾ ਗੁਰਮਤ ਦੇ ਵਿਚਾਰਾਂ ਦੀ ਵਿਆਖਿਆ ਹੀ ਪ੍ਰਤੀਤ ਹੁੰਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਨ ਤੇ ਇਹ ਪਤਾ ਲਗਦਾ ਹੈ ਕਿ ਆਪ ਨੇ ਆਪਣੇ ਸਮੇਂ ਨੂੰ ਚੰਗੀ ਤਰ੍ਹਾਂ ਵੇਖਿਆ, ਪਰਖਿਆ ਤੇ ਘੋਖਿਆ ਹੈ। ਸਮੇਂ ਦੇ ਹਾਲਾਤ ਨੇ ਆਪ ਤੇ ਪ੍ਰਭਾਵ ਪਾਇਆ ਹੈ। ਅਸਲ ਵਿਚ ਗੱਲ ਇਹ ਹੈ ਕਿ ਕੋਈ ਵੀ ਸਾਹਿਤਕਾਰ ਆਪਣੇ ਸਮੇਂ ਤੇ ਸਮਾਜ ਨਾਲੋਂ ਟੁਟ ਕੇ ਉਪਯੋਗੀ ਰਚਨਾ ਨਹੀਂ ਕਰ ਸਕਦਾ। ਜਿਸ ਮਾਹੌਲ ਵਿਚ ਕੋਈ ਜੰਮਿਆ, ਪਲਿਆ ਤੇ ਰਹਿ ਰਿਹਾ ਹੈ ਉਸ ਮਾਹੌਲ ਤੋਂ ਪ੍ਰਭਾਵਤ ਹੋਣਾ ਇਕ ਕੁਦਰਤੀ ਅਮਲ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਉਨ੍ਹਾਂ ਦੇ ਸਮੇਂ ਤੇ ਸਮਾਜ ਦੇ ਰਾਜਸੀ, ਸਮਾਜਕ ਤੇ ਧਾਰਮਕ ਵਾਤਾਵਰਨ ਦੀ ਝਲਕ ਮਿਲ ਜਾਂਦੀ ਹੈ।

ਭਾਈ ਗੁਰਦਾਸ ਗੁਰ-ਚਰਨਾਂ ਵਿਚ ਰਹੇ, ਅਨੇਕ ਲੋਕਾਂ ਨਾਲ ਵਿਚਾਰ ਵਟਾਂਦਰੇ ਦਾ ਅਵਸਰ ਮਿਲਦਾ ਰਿਹਾ, ਇਹਨਾਂ ਲੋਕਾਂ ਵਿਚ ਸੰਤ ਸਾਧੂ ਵੀ ਸਨ ਤੇ ਗ੍ਰਹਸਤੀ ਵੀ ਸਨ, ਵਿਦਵਾਨ ਪੰਡਿਤ ਵੀ ਸਨ ਤੇ ਅਕਬਰ ਜਿਹਾ ਮੁਗ਼ਲ ਬਾਦਸ਼ਾਹ ਵੀ ਸੀ। ਇਉਂ ਭਾਈ ਸਾਹਿਬ ਨੂੰ ਆਪਣੇ ਆਲੇ ਦੁਆਲੇ ਵਿਚੋਂ ਹਰ ਪ੍ਰਕਾਰ ਦੇ ਜੀਵਨ ਦਾ ਗਿਆਨ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਵਿਦਿਆ, ਅਧਿਐਨ, ਤਜਰਬਾ, ਆਮ ਵਾਕਫੀ ਆਦਿ ਗੁਣਾਂ ਦੀ ਚੰਗੀ ਵਰਤੋਂ ਕੀਤੀ। ਇਹ

ਵਾਕਫ਼ੀ, ਇਹ ਤਜਰਬਾ ਕੋਈ ਇਕ ਥਾਂ ਰਹਿ ਕੇ ਨਹੀਂ ਸੀ ਪ੍ਰਾਪਤ ਹੋਇਆ, ਥਾਂ ਥਾਂ ਦੀ ਯਾਤਰਾ ਵੀ ਕੀਤੀ ਸੀ । ਕੇਵਲ ਪੰਜਾਬ ਦੇ ਹੀ ਨਹੀਂ, ਭਾਰਤ ਦੇ ਹੋਰ ਪ੍ਰਾਂਤਾਂ ਦੇ ਲੋਕਾਂ ਨਾਲ ਵੀ ਮੇਲ-ਜੋਲ ਹੋਇਆ ਸੀ । ਇਸ ਸਭ ਕੁਝ ਨੇ ਆਪ ਦੀ ਰਚਨਾ ਤੇ ਪ੍ਰਭਾਵ ਪਾਇਆ ਹੈ ।

ਸਾਹਿਤਕ ਪੱਖ ਵਿਚ ਪੰਜਾਬੀ ਸਾਹਿਤ ਦੀ ਗੁਰਮਤ-ਕਾਵਿ-ਧਾਰਾ ਦਾ ਆਪ ਤੇ ਸਭ ਤੋਂ ਜ਼ਿਆਦਾ ਅਸਰ ਹੈ । ਇਸ ਦਾ ਕਾਰਨ ਸਪੱਸ਼ਟ ਹੈ ਕਿ ਜੀਵਨ ਭਰ ਦਾ ਉਦੇਸ਼ ਗੁਰਬਾਣੀ ਦਾ ਪਰਚਾਰ, ਗੁਰਮਤ ਦੇ ਆਧਾਰ ਤੇ ਘੜੇ ਗਏ ਗੁਰਸਿਖੀ ਅਸੂਲਾਂ ਦਾ ਪਰਚਾਰ ਹੀ ਤਾਂ ਸੀ । ਪੂਰੇ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਆਪਣੇ ਹੱਥਾਂ ਨਾਲ ਕੀਤੀ ਸੀ । ਵਿਚਾਰ ਤਾਂ ਇਕ ਪਾਸੇ ਰਹੇ, ਤੁਕਾਂ ਦੀਆਂ ਤੁਕਾਂ ਗੁਰਬਾਣੀ ਵਾਲੇ ਰੰਗ ਰੂਪ ਵਿਚ ਭਾਈ ਸਾਹਿਬ ਦੀ ਰਚਨਾ ਵਿਚੋਂ ਮਿਲ ਜਾਂਦੀਆਂ ਹਨ । ਕੰਮ ਪਰਚਾਰ ਦਾ ਸੀ, ਇਸ ਲਈ ਇਕ ਪਰਚਾਰਕ ਵਾਂਗ ਹੀ ਦ੍ਰਿਸ਼ਟਾਂਤ ਦੇ ਕੇ ਗੁਰਮਤ ਦੇ ਅਸੂਲਾਂ ਦੀ ਵਿਆਖਿਆ ਕਰਦੇ ਚਲੇ ਗਏ । ਭਾਈ ਸਾਹਿਬ ਦੀ ਰਚਨਾ ਇਹ ਜ਼ਾਹਰ ਕਰਦੀ ਹੈ ਕਿ ਆਪ ਗੁਰਮਤ ਦੇ ਸਹੀ ਪਰਗਟਾਊ ਸਨ ।

ਭਾਈ ਸਾਹਿਬ ਦੀ ਰਚਨਾ ਉਤੇ ਲੋਕ-ਕਾਵਿ-ਧਾਰਾ ਦਾ ਅਸਰ ਵੀ ਵੇਖਿਆ ਜਾ ਸਕਦਾ ਹੈ । ਉਨ੍ਹਾਂ ਦੀ ਰਚਨਾ ਦੀਆਂ ਅਨੇਕ ਤੁਕਾਂ ਅਖਾਣ ਮੁਹਾਵਰੇ ਬਣ ਗਈਆਂ ਹਨ । ਲੋਕ-ਜੀਵਨ ਦੇ ਨੇੜੇ ਰਹਿਣ ਕਰਕੇ ਭਾਈ ਸਾਹਿਬ ਨੂੰ ਆਮ ਲੋਕਾਂ ਦੇ ਸੁਭਾਵ ਦੀ ਚੰਗੀ ਜਾਣਕਾਰੀ ਹੈ, ਗੁਣਵਾਨ ਮਨੁੱਖ ਦੇ ਗੁਣਾਂ ਨੂੰ ਜਾਣਦੇ ਹਨ ਤੇ ਦੁਸ਼ਟਾਂ, ਚੋਰਾਂ, ਨਿੰਦਕਾਂ, ਦੂਬਾਜਰਿਆਂ, ਅਕਿਰਤਘਣਾਂ ਆਦਿ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ । ਕਵਿਤਾ ਦਾ ਰੂਪ 'ਵਾਰ' ਵੀ ਲੋਕ-ਕਵਿਤਾ ਵਿਚੋਂ ਹੀ ਚੁਣਿਆ ਹੈ ।

ਜੋਗੀਆਂ ਦੀ ਕਵਿਤਾ ਵਿਚ ਵਿਅੰਗ ਤੇ ਟੋਕ ਹੈ, ਸੂਫ਼ੀਆਂ ਦੀ ਕਵਿਤਾ ਵਿਚ ਖੁਲ੍ਹਮ-ਖੁਲ੍ਹੀਆਂ ਕਹਿਣ ਦੀ ਵਾਦੀ ਹੈ । ਭਾਈ ਸਾਹਿਬ ਨੇ ਵਿਅੰਗ ਤੇ ਟੋਕ ਦੇ ਹਥਿਆਰ ਨੂੰ ਖੂਬ ਵਰਤਿਆ ਤੇ ਖੁਲ੍ਹਮ-ਖੁਲ੍ਹੀਆਂ ਕਹਿਣ ਲਗਿਆਂ, ਸੂਫ਼ੀਆਂ ਵਾਂਗ, ਪਰਮਾਤਮਾ ਨੂੰ ਮਿਹਣੇ ਨਹੀਂ ਦਿੱਤੇ, ਹਾਂ ਸਮਾਜ ਦੇ ਠੱਗ ਚੌਧਰੀਆਂ ਨੂੰ, ਜ਼ਾਲਮ ਹਾਕਮਾਂ ਨੂੰ, ਪਖੰਡੀ ਧਾਰਮਕ ਆਗੂਆਂ ਨੂੰ ਭੇਖਧਾਰੀਆਂ ਨੂੰ ਚੰਗੀਆਂ ਸੁਣਾਈਆਂ ਹਨ । ਪਰ ਇਹ ਅਸਰ ਵੀ ਤਾਂ ਗੁਰੂ ਨਾਨਕ ਦੇਵ ਦੀ ਨਿਡਰਤਾ ਭਰੀ ਬਾਣੀ ਦਾ ਹੀ ਹੋ ਸਕਦਾ ਹੈ । ਗੁਰੂ ਨਾਨਕ ਦੇਵ ਨੇ ਵੀ ਤਾਂ ਰਾਜਸੀ, ਸਮਾਜਕ ਤੇ ਧਾਰਮਕ ਮਾਮਲਿਆਂ ਵਿਚ ਠੱਗੀ ਕਰਨ ਵਾਲੇ ਲੋਕਾਂ ਪ੍ਰਤੀ ਖਰੇ ਖਰੇ ਤੇ ਸੱਚੇ ਬਚਨ ਕਹੇ, ਕਿਸੇ ਦਾ ਕੋਈ ਲਿਹਾਜ਼ ਨਹੀਂ ਕੀਤਾ ।

ਰੁਮਾਂਟਿਕ-ਕਾਵਿ-ਧਾਰਾ ਅਜੇ ਸ਼ੁਰੂ ਹੀ ਹੋਈ ਸੀ ਤੇ ਭਾਈ ਸਾਹਿਬ ਦਾ ਝੁਕਾ ਵਧੇਰੇ ਕਰ ਕੇ, ਨਹੀਂ ਨਹੀਂ, ਪੂਰਨ ਤੌਰ ਤੇ ਗੁਰਮਤ ਵੱਲ ਹੋਣ ਕਰ ਕੇ ਆਪ ਦੀ ਕਵਿਤਾ ਤੇ ਅਜਿਹਾ ਕੋਈ

ਅਧਿਆਇ ਤੀਜਾ

ਵਾਰਾਂ ਦਾ ਵਿਸ਼ੇ-ਵਸਤੂ

(ੳ) ਆਦਿਕਾ

(ਅ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਿਸ਼ੇ ਅਤੇ ਅਨੁਭਵ ਦੇ ਪੱਖੋਂ ਸੁਜੋਗਤਾ

(ੲ) ਵਾਰਾਂ ਵਿਚ ਮਿਲਦਾ ਅਧਿਆਤਮਵਾਦ (Metaphysics)

(1) ਬ੍ਰਹਮ ਦਾ ਸੰਕਲਪ।

(2) ਜੀਵ ਤੇ ਜਗਤ ਦਾ ਸੰਕਲਪ।

(ਸ) ਵਾਰਾਂ ਵਿਚ ਮਿਲਦੀ ਆਚਾਰ ਨੀਤੀ (Ethics)

(ਹ) ਵਾਰਾਂ ਵਿਚ ਮਿਲਦਾ ਰਹੱਸਵਾਦ (Mysticism)

(1) ਸਤਿਗੁਰ ਦਾ ਸੰਕਲਪ।

(2) ਨਾਮ ਦਾ ਸੰਕਲਪ।

(3) ਭਗਤੀ ਦਾ ਸੰਕਲਪ।

(4) ਸਾਧ ਸੰਗਤ ਦਾ ਸੰਕਲਪ।

(5) ਗੁਰਮੁਖ ਦਾ ਸੰਕਲਪ।

(6) ਭਗਤ ਦਾ ਸੰਕਲਪ।

(7) ਮਨਮੁਖ ਦਾ ਸੰਕਲਪ।

(ਕ) ਗੁਰਬਾਣੀ ਅਤੇ ਭਾਈ ਗੁਰਦਾਸ-ਬਾਣੀ ਦੀ ਸਮਰੂਪਤਾ।

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਤੀਜਾ

ਵਾਰਾਂ ਦਾ ਵਿਸ਼ੇ—ਵਸਤੂ

(ੳ) ਆਦਿਕਾ

ਇਕ ਉੱਤਮ ਸਾਹਿਤਕ ਰਚਨਾ ਲੇਖਕ ਦੇ ਹਿਰਦੇ ਦੀਆਂ ਡੂੰਘਾਣਾਂ ਤੇ ਬੁਧੀ ਦੀਆਂ ਸਿਖਰਾਂ ਤੋਂ ਜਨਮ ਲੈਂਦੀ ਹੈ । ਲੇਖਕ ਨੇ ਉਸ ਵਿਚ ਆਪਣਾ ਆਪਾ ਸਿੰਜਰਿਆ ਹੁੰਦਾ ਹੈ । ਉਹ ਰਚਨਾ ਲੇਖਕ ਦੇ ਜੀਵਨ ਦਾ ਇਕ ਅਨਿਖੜ ਅੰਗ ਬਣ ਗਈ ਹੁੰਦੀ ਹੈ, ਉਸ ਵਿਚੋਂ ਲੇਖਕ ਦੀ ਸ਼ਖਸੀਅਤ ਦੀਆਂ ਝਲਕਾਂ ਪੈਂਦੀਆਂ ਹਨ ।

ਇਹ ਠੀਕ ਹੀ ਆਖਿਆ ਗਿਆ ਹੈ ਕਿ ਅਸਲ ਸਾਹਿਤ ਦੀ ਨੀਂਹ ਨਿਜੀ ਅਨੁਭਵ ਜਾਂ ਸ਼ਖਸੀ ਤਜਰਬਾ ਹੀ ਹੈ । ਇਸ ਅਨੁਭਵ ਨੂੰ ਸੱਚ ਤੇ ਸੁਹਿਰਦਤਾ ਦੀ ਪੁੱਠ ਦੇਣੀ ਜ਼ਰੂਰੀ ਹੈ । ਅਫ਼ਲਾਤੂਨ ਨੇ ਠੀਕ ਹੀ ਆਖਿਆ ਸੀ ਕਿ ਉੱਤਮ ਤੇ ਚਿਰ ਸਥਾਈ ਸਾਹਿਤਕ ਰਚਨਾ ਦਾ ਮੂਲ ਮੁਢ ਜਾਂ ਬੁਨਿਆਦ ਹੈ ਆਪਣੇ ਆਪ ਨਾਲ ਸੱਚ, ਆਪਣੇ ਜੀਵਨ ਤਜਰਬੇ ਨਾਲ ਸੱਚ ਤੇ ਜੀਵਨ ਵਿਚ ਜੋ ਕੁਝ ਵੇਖਣ ਪਰਖਣ ਦਾ ਅਵਸਰ ਮਿਲਿਆ ਹੈ ਉਸ ਦੀ ਸੱਚਾਈ ਵੱਲ ਸੁਹਿਰਦਤਾ । ਉੱਤਮ ਸਾਹਿਤ ਦੀ ਇਹ ਨਿਸ਼ਾਨੀ ਹੈ ਕਿ ਉਸ ਵਿਚ ਸਜਰਾ ਪਨ ਤੇ ਮੌਲਿਕਤਾ ਹੋਵੇ ਤੇ ਉਸ ਦੇ ਕਹਿਣ ਦਾ ਢੰਗ ਵੀ ਸਜਰਾ ਤੇ ਸੁਤੰਤਰ ਹੋਵੇ । ਮੌਲਿਕਤਾ ਤੋਂ ਭਾਵ ਇਹ ਨਹੀਂ ਜੋ ਆਮ ਖ਼ਿਆਲ ਕੀਤਾ ਜਾਂਦਾ ਹੈ, ਕਿ ਉਸ ਵਿਚ ਨਵੀਨਤਾ ਹੋਵੇ; ਨਹੀਂ, ਮੌਲਿਕਤਾ ਤੋਂ ਭਾਵ ਹੈ ਕਿ ਉਸ ਵਿਚ ਨਿਰੋਲ ਖਰਾ-ਪਨ ਹੋਵੇ, ਉਹ ਸਚੀ ਮੁਚੀ ਦਾ ਹੋਵੇ । ਅਤੇ ਇਸ ਲਈ ਜ਼ਰੂਰੀ ਹੈ ਕਿ ਲੇਖਕ ਦੇ ਅਨੁਭਵ ਦਾ ਖੇਤਰ ਭਾਵੇਂ ਕਿਤਨਾ ਵਿਸ਼ਾਲ ਤੇ ਉਸ ਅਨੁਭਵ ਨੂੰ ਬਿਆਨ ਕਰਨ ਦੀ, ਉਸਦੀ, ਸ਼ਕਤੀ ਭਾਵੇਂ ਕਿਤਨੀ ਵੀ ਬਲ ਸ਼ਾਲੀ ਕਿਉਂ ਨਾ ਹੋਵੇ, ਸਾਹਿਤਕਾਰ ਨੂੰ ਉਸੇ ਬਾਰੇ ਲਿਖਣਾ ਚਾਹੀਦਾ ਹੈ ਜੋ ਕੁਝ ਉਸ ਦੇ ਸਾਹਮਣੇ ਖਿਲਰਿਆ ਪਿਆ ਹੈ; ਜੋ ਜੀਵਨ ਉਸ ਆਪ ਜੀਵਿਆ ਹੈ, ਜੋ ਕੁਝ ਵੇਖਿਆ ਸੋਚਿਆ, ਮਹਿਸੂਸ ਕੀਤਾ ਤੇ ਜਾਣਿਆ, ਹੈ ਉਸ ਸਭ ਕੁਝ ਨੂੰ ਸਿਦਕ-ਦਿਲੀ ਨਾਲ ਬਿਆਨ ਕਰਨਾ

ਹੀ ਉਸ ਦਾ ਮੁਖ ਕਰਤਵ ਹੋਵੇ । ਸਾਹਿਤ ਦਾ ਮੁੱਲ ਉਸ ਦੀ ਪ੍ਰਮਾਣੀਕਤਾ ਦੇ ਮਾਪ ਤੇ ਹੀ ਨਿਰਭਰ ਹੈ, ਸਾਹਿਤਕ ਰਚਨਾ ਜਿਤਨੀ ਸਹੀ ਤੇ ਅਸਲੀ ਹੋਵੇਗੀ ਓਨਾਂ ਹੀ ਉਸ ਦਾ ਮੁੱਲ ਬਹੁਤਾ ਹੋਵੇਗਾ । ਅਜਿਹਾ ਕੁਝ ਹੋਣ ਲਈ ਜ਼ਰੂਰੀ ਹੈ ਕਿ ਸਾਹਿਤਕ ਰਚਨਾ ਮਨੁੱਖਾ ਜੀਵਨ ਦੇ ਅਤਿ ਨੇੜੇ ਦੀ ਸ਼ੈ ਹੋਵੇ । ਸਾਹਿਤ-ਕਲਾ ਤਾਂ ਜੀਵਨ-ਅਨੁਭਵ ਨੂੰ ਘੋਲ ਕੇ, ਵਿਸਥਾਰ ਕੇ, ਪਰਗਟ ਕਰਨ ਦਾ ਇਕ ਢੰਗ ਹੈ ਤੇ ਨਾਲ ਹੀ ਇਹ ਅਨੁਭਵ ਆਪਣੇ ਹੋਰ ਮਨੁੱਖ ਸਾਥੀਆਂ ਨਾਲ, ਆਪਣੀਆਂ ਹੀ ਨਿਜੀ ਹੱਦਾਂ ਤੋਂ ਪਾਰ ਜਾ ਕੇ, ਸਾਂਝਾ ਕਰਨ ਦਾ ਢੰਗ ਹੈ ।

ਸਾਹਿਤਕਾਰ ਆਪਣਾ ਜੀਵਨ ਅਨੁਭਵ ਲੋਕਾਂ ਤਕ ਪਹੁੰਚਾਉਣ ਤੇ ਉਨ੍ਹਾਂ ਨਾਲ ਸਾਂਝਾ ਕਰਨ ਲਈ ਕੁਝ ਕਹਿੰਦਾ ਹੈ । ਉਹ ਜੋ ਕੁਝ ਕਹਿੰਦਾ ਹੈ ਜਾਂ ਦਸਦਾ ਹੈ ਉਹ ਉਸ ਦੀ ਸਾਹਿਤਕ ਰਚਨਾ ਦਾ ਵਿਸ਼ਾ-ਵਸਤੂ ਹੈ, ਤੇ ਜਿਸ ਤਰ੍ਹਾਂ ਉਹ ਆਪਣੀ ਗੱਲ ਆਖਦਾ ਹੈ, ਜਿਵੇਂ ਆਪਣੇ ਵਿਚਾਰਾਂ ਨੂੰ ਬਿਆਨ ਦੇਂਦਾ ਹੈ, ਜਿਸ ਮਾਧਿਅਮ ਰਾਹੀਂ ਆਪਣੇ ਨਿੱਜੀ ਅਨੁਭਵ ਨੂੰ ਹੋਰਾਂ ਲਈ ਪਰਗਟ ਕਰਦਾ ਹੈ, ਉਹ ਉਸ ਦਾ ਰੂਪ ਹੈ । ਸੋ ਸਾਹਿਤਕ ਰਚਨਾ ਦਾ ਵਿਸ਼ਾ-ਵਸਤੂ ਤੇ ਰੂਪ ਆਪਸ ਵਿਚ ਤਾਣੇ ਪੇਟੇ ਦਾ ਸੰਬੰਧ ਰਖਦੇ ਹਨ; ਇਹ ਰਿਸ਼ਤਾ ਰੂਹ ਤੇ ਜਿਸਮ ਦਾ ਰਿਸ਼ਤਾ ਹੈ, ਕੋਈ ਵੀ ਇਕ ਇਕੱਲਾ ਠੀਕ ਢੰਗ ਨਾਲ ਆਪਣੀ ਕਦਰ-ਕੀਮਤ ਨਹੀਂ ਪੁਆ ਸਕਦਾ । ਇਹਨਾਂ ਦਾ ਪਰਸਪਰ ਸੁਮੇਲ ਹੀ ਸਾਹਿਤਕ ਰਚਨਾ ਨੂੰ ਮਹਾਨ ਬਣਾਉਣ ਵਿਚ ਸਹਾਈ ਸਿਧ ਹੋ ਸਕਦਾ ਹੈ ।

ਇਸ ਉਪਰੋਕਤ ਵਿਚਾਰ ਅਨੁਸਾਰ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਵਾਚਿਆਂ ਇਹ ਗੱਲ ਭਲੀ ਭਾਂਤ ਸਿਧ ਹੋ ਜਾਂਦੀ ਹੈ ਕਿ ਭਾਈ ਸਾਹਿਬ ਨੇ ਆਪਣੀ ਰਚਨਾ ਵਿਚ, ਆਪਣੇ ਜੀਵਨ ਵਿਚ ਵੇਖੀਆਂ ਜਾਣੀਆਂ ਗੱਲਾਂ ਨੂੰ ਬਿਆਨ ਕੀਤਾ ਹੈ, ਆਪਣੇ ਜੀਵਨ ਤਜਰਬੇ ਨੂੰ ਹੋਰ ਮਨੁੱਖਾਂ ਨਾਲ ਸਾਂਝਾ ਕੀਤਾ ਹੈ, ਆਪਣੇ ਚੁਗਿਰਦੇ ਵਿਚੋਂ ਆਪਣੇ ਸਮਾਜ ਦੇ ਚਿਹਨ ਚਕਰਾਂ ਨੂੰ ਇਮਾਨਤਦਾਰੀ ਨਾਲ ਉਲੀਕਿਆ ਹੈ । ਕੋਈ ਵੀ ਸਾਹਿਤਕਾਰ ਆਪਣੇ ਸਮਾਜ ਤੋਂ ਵੱਖ ਨਹੀਂ ਹੋ ਸਕਦਾ । ਆਪਣੇ ਸਮਾਜ ਲਈ ਉਸ ਦਾ ਉਪਯੋਗੀ ਹੋਣਾ, ਪਹਿਲੀ ਸ਼ਰਤ ਹੈ । ਅਕਾਲ ਪੁਰਖ ਨੇ ਕੋਈ ਵੀ ਸ਼ੈ ਨਿਰਮੂਲ ਜਾਂ ਬਿਨਾਂ ਕਿਸੇ ਮਤਲਬ ਦੇ ਨਹੀਂ ਸਿਰਜੀ । ਨਿੱਕੀ ਤੋਂ ਨਿੱਕੀ ਕੀੜੀ ਤੇ ਵੱਡੇ ਤੋਂ ਵੱਡੇ ਹਾਥੀ ਤਕ ਪਸ਼ੂ ਪੰਛੀ, ਬਨਸਪਤੀ, ਜੜ੍ਹ ਆਦਿ ਜੋ ਵੀ ਕੁਝ ਇਸ ਬ੍ਰਹਿਮੰਡ ਵਿਚ ਹੈ, ਸਭ ਕੁਝ ਕਿਸੇ ਮਤਲਬ ਲਈ ਹੈ । ਅਕਾਲਪੁਰਖ ਸਿਰਜਨਹਾਰ ਹੈ । ਉਸ ਸਿਰਜਨਹਾਰ ਦੀ ਕੋਈ ਸ਼ੈ ਬੇ-ਮਤਲਬ ਨਹੀਂ । ਸਾਹਿਤਕਾਰ ਵੀ ਸਿਰਜਨਾ ਕਰਦਾ ਹੈ । ਜੇ ਸਿਰਜਨਹਾਰ ਪਰਮਾਤਮਾ ਦੀ ਹਰ ਸ਼ੈ ਉਪਯੋਗੀ ਹੈ ਤਾਂ ਸਾਹਿਤਕਾਰ ਦੀ ਰਚਨਾ ਕਿਵੇਂ ਉਪਯੋਗੀ ਨਹੀਂ ਹੋਵੇਗੀ । ਸਿਰਜਨ ਦਾ ਕੰਮ ਦੋਹਾਂ ਵਿਚ ਸਾਂਝਾ ਹੈ । ਦੋਹਾਂ ਵਿਚ ਸੱਚ ਤੇ ਸੁੰਦਰਤਾ ਹੋਣੀ ਜ਼ਰੂਰੀ ਹੈ । ਸਾਹਿਤਕਾਰ ਦਾ ਸੰਬੰਧ ਉਸ ਦੇ ਆਪਣੇ ਆਲੇ-ਦੁਆਲੇ ਨਾਲ, ਆਪਣੇ ਸਮਾਜ ਨਾਲ ਹੈ, ਉਹ ਉਸ ਤੋਂ ਉਵੇਂ ਹੀ

ਅਭਿਜ ਨਹੀਂ ਰਹਿ ਸਕਦਾ ਜਿਵੇਂ ਵਾਹਿਗੁਰੂ ਆਪਣੀ ਰਚਨਾ ਤੋਂ ਵੱਖ ਤੇ ਅਭਿਜ ਨਹੀਂ ਰਹਿ ਸਕਦਾ। ਭਾਈ ਸਾਹਿਬ ਦੀਆਂ ਵਾਰਾਂ ਵਿਚੋਂ ਅਜਿਹੇ ਅਣਗਿਣਤ ਪਰਮਾਣ ਮਿਲਦੇ ਹਨ ਜਿਨ੍ਹਾਂ ਤੋਂ ਇਹ ਭਲੀ ਪ੍ਰਕਾਰ ਸਿਧ ਹੋ ਜਾਂਦਾ ਹੈ ਕਿ ਭਾਈ ਸਾਹਿਬ ਆਪਣੀ ਸਾਹਿਤ-ਕਲਾ ਨੂੰ ਸਮਾਜ ਲਈ ਸਿਰਜ ਰਹੇ ਸਨ।

ਜੇ ਸਾਹਿਤ ਲਈ ਇਹ ਜ਼ਰੂਰੀ ਸ਼ਰਤ ਹੈ ਕਿ ਉਹ ਜੀਵਨ ਵਿਚੋਂ ਉਪਜ ਕੇ ਜੀਵਨ ਦੀ ਅਗਵਾਈ ਕਰੇ ਤਾਂ ਸਾਹਿਤਕਾਰ ਲਈ ਇਹ ਹੋਰ ਵੀ ਜ਼ਰੂਰੀ ਸ਼ਰਤ ਹੈ ਕਿ ਉਹ ਆਪਣੇ ਸਮੇਂ ਦੇ ਜੀਵਨ-ਘੋਲ ਵਿਚ ਅਮਲੀ ਤੇ ਸਕ੍ਰਿਅ ਹਿੱਸਾ ਲਵੇ। ਜੀਵਨ-ਘੋਲ ਵਿਚੋਂ ਨਸ ਕੇ ਜਾਂ ਆਪਣੇ ਚੁਗਿਰਦੇ ਤੋਂ ਦੂਰ ਰਹਿ ਕੇ ਸਾਹਿਤਕਾਰ ਕੋਈ ਮਹਾਨ ਰਚਨਾ ਨਹੀਂ ਸਿਰਜ ਸਕਦਾ। ਲੋਕਾਂ ਤੋਂ ਦੂਰ ਰਹਿ ਕੇ ਨਾ ਉਹ ਲੋਕਾਂ ਦੇ ਮਨੋਭਾਵ ਸਮਝ ਸਕਦਾ ਹੈ ਤੇ ਨਾ ਹੀ ਲੋਕਾਂ ਦੀ ਬੋਲੀ ਬੋਲ ਸਕਦਾ ਹੈ। ਇਸ ਤਰ੍ਹਾਂ ਉਹ ਆਪਣੇ ਯੁਗ ਵਿਸ਼ੇਸ਼ ਦੀ ਸਹੀ ਤਰਜਮਾਨੀ ਨਹੀਂ ਕਰ ਸਕਦਾ ਤੇ ਨਾ ਹੀ ਉਸ ਦੀ ਰਚਨਾ ਕੋਈ ਸਮਾਜਕ ਜਾਂ ਇਤਿਹਾਸਕ ਮਹਾਨਤਾ ਪ੍ਰਾਪਤ ਕਰ ਸਕਦੀ ਹੈ। ਬੁਨਿਆਦੀ ਤੌਰ ਤੇ ਮਨੁੱਖੀ ਜਜ਼ਬੇ ਸਰਬ-ਸਾਂਝੇ ਜਜ਼ਬੇ ਹਨ, ਦੇਸ਼ ਕਾਲ ਦੀਆਂ ਵਿੱਥਾਂ ਇਹਨਾਂ ਵਿਚ ਫ਼ਰਕ ਨਹੀਂ ਪਾ ਸਕਦੀਆਂ, ਇਹ ਨਿਰੰਤਰ ਤੇ ਸਦੀਵੀ ਹਨ। ਮਨੁੱਖਾਂ ਵਿਚ ਰਹੇ ਬਿਨਾਂ ਇਹਨਾਂ ਜਜ਼ਬਿਆਂ ਦੀ ਤਰਜਮਾਨੀ ਓਪਰੀ ਓਪਰੀ ਤੇ ਪੇਤਲੀ ਜਿਹੀ ਹੋਵੇਗੀ, ਉਸ ਵਿਚ ਚਿਰੰਜੀਵ ਜਾਂ ਸਦੀਵ ਜਾਂ ਚਿਰ ਸਥਾਈ ਹੋਣ ਦਾ ਤੱਤ ਨਹੀਂ ਆਵੇਗਾ। ਅਜਿਹੀ ਰਚਨਾ ਵਕਤੀ ਜਿਹੀ ਹੋ ਕੇ ਰਹਿ ਜਾਵੇਗੀ, ਸਦੀਵ-ਕਾਲੀ ਨਹੀਂ।

ਭਾਈ ਗੁਰਦਾਸ ਦਾ ਜੀਵਨ-ਬਿਰਤਾਂਤ ਇਸ ਗੱਲ ਦਾ ਸਾਖਸ਼ੀ ਹੈ ਕਿ ਆਪ ਦਾ ਜੀਵਨ ਅਰੰਭ ਤੋਂ ਅੰਤ ਤਕ ਸੰਘਰਸ਼-ਮਈ ਜੀਵਨ ਸੀ। ਇਕ ਪਰਚਾਰਕ ਦੇ ਰੂਪ ਵਿੱਚ ਆਪ ਨੇ ਕਈ ਇਲਾਕਿਆਂ ਦੀ ਯਾਤਰਾ ਕੀਤੀ, ਕਈ ਲੋਕਾਂ ਨੂੰ ਮਿਲੇ, ਅਨੇਕਾਂ ਮਤਾਂ ਮਤਾਂਤਰਾ ਵਾਲਿਆਂ ਨਾਲ ਵਿਚਾਰ-ਵਟਾਂਦਰਾ ਕੀਤਾ, ਗੁਰੂ-ਘਰ ਦੇ ਅਤਿ ਨਿਕਟ ਰਹਿ ਕੇ ਸਕ੍ਰਿਆ-ਜੀਵਨ ਜੀਵਿਆ। ਇਸ ਸਭ ਕੁਝ ਕਾਰਨ ਭਾਈ ਸਾਹਿਬ ਨੇ ਲੋਕਾਂ ਨੂੰ ਨੇੜਿਉਂ ਹੋ ਕੇ ਵੇਖਿਆ, ਉਹਨਾਂ ਦੇ ਬੋਲ ਸੁਣੇ, ਕੇਵਲ ਸੁਣੇ ਹੀ ਨਹੀਂ ਸਮਝੇ ਵੀ, ਸਮਾਜਕ ਢਾਂਚੇ ਨੂੰ ਪਰਖਿਆ ਜਾਂਚਿਆ, ਸਮਾਜ ਦੀਆਂ ਅਹੁਰਾਂ ਦਾ ਜਾਇਜ਼ਾ ਲਿਆ, ਗੁਣਾਂ ਅਉਗੁਣਾਂ ਨੂੰ ਜਾਣਿਆ। ਇਉਂ ਭਾਈ ਸਾਹਿਬ ਦੀ ਸਮਾਜਕ ਸੂਝ, ਸਮਾਜਕ ਗਿਆਨ ਆਦਿ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ। ਗੁਰਮਤ ਸੰਬੰਧੀ ਭਰਪੂਰ ਗਿਆਨ ਗੁਰੂ ਘਰ ਵਿਚੋਂ ਪ੍ਰਾਪਤ ਹੋਇਆ। ਭਾਈ ਸਾਹਿਬ ਨੇ ਇਹ ਸਭ ਕੁਝ ਲੋਕਾਂ ਵਿਚ ਵੰਡਿਆ ਤੇ ਮਾਤ-ਭਾਸ਼ਾ ਦੇ ਗੌਰਵ ਨੂੰ ਜਾਣਦਿਆਂ, ਆਪਣੀ ਤੇ ਲੋਕਾਂ ਦੀ ਬੋਲੀ ਵਿਚ ਲੋਕਾਂ ਦੇ ਦਿਲਾਂ ਨਾਲ ਆਪਣੀਆਂ ਧੜਕਣਾਂ ਸਾਂਝੀਆਂ ਕੀਤੀਆਂ।

ਸਦੀਆਂ ਤੋਂ ਲਿਤਾੜੇ ਜਾ ਰਹੇ ਪੰਜਾਬ ਵਿਚ ਗੁਰੂ ਨਾਨਕ ਦੇਵ ਨੇ ਇਨਕਲਾਬੀ ਰੂਹ ਫੂਕ ਦਿੱਤੀ ਸੀ। ਜੋਤਿ ਤੋਂ ਜੋਤਿ ਜਗਦੀ ਰਹੀ ਤੇ ਇਹ ਖ਼ਾਮੋਸ਼ ਇਨਕਲਾਬ ਅਗੇ ਤੋਂ ਅਗੇ ਵਧਦਾ ਰਿਹਾ। ਭਾਈ ਗੁਰਦਾਸ ਇਸ ਦੌਰ ਵਿਚ ਜੰਮੇ, ਪਲੇ ਤੇ ਪਰਵਾਨ ਚੜ੍ਹੇ। ਇਸ ਦੌਰ ਨਾਲ, ਇਸ ਦੌਰ ਦੇ ਇਨਕਲਾਬ ਨਾਲ ਆਪ ਦੀ ਬੜੀ ਨੇੜ ਦੀ ਸਾਂਝ ਹੈ। ''ਭਾਈ ਗੁਰਦਾਸ ਦੀ ਕਵਿਤਾ ਵਿਚ (ਇਸ) ਇਨਕਲਾਬੀ ਦੌਰ ਦਾ ਵਾਧੂ ਮੰਡਲ ਪ੍ਰਤੱਖ ਹੈ।''[1] ਇਹ ਇਨਕਲਾਬ, ਇਹ ਜੱਦੋ-ਜਹਿਦ ਇਕ ਲੰਮੇ ਸਮੇਂ ਤੋਂ ਜਾਰੀ ਸੀ, ਭਾਈ ਸਾਹਿਬ ਵੀ ਇਸ ਦਾ ਇਕ ਅੰਗ ਬਣੇ। ਇਸ ਜੱਦੋ-ਜਹਿਦ ਦਾ ਟਾਕਰਾ ਸਮੇਂ ਦੀ ਹਕੂਮਤ ਨਾਲ ਸੀ, ਜਾਤ-ਪਾਤ ਵਿਚ ਯਕੀਨ ਰਖਣ ਵਾਲੇ ਅਖੌਤੀ ਕਿਸਮ ਦੇ ਉਚੇ ਲੋਕਾਂ ਨਾਲ ਸੀ, ਧਰਮ ਦੇ ਭੇਖੀ ਠੇਕੇਦਾਰਾਂ ਨਾਲ ਸੀ, ਗੁਰੂ-ਘਰ ਦੇ ਆਪਣੇ ਹੀ ਵਿਰੋਧੀ ਸ਼ਰੀਕੇ ਨਾਲ ਸੀ। ਅਜਿਹੇ ਵਾਤਾਵਰਣ ਵਿਚ ਜੋ ਰਚਨਾ ਰਚੀ ਗਈ ਉਸ ਦਾ ਆਪਣੇ ਵਿਸ਼ੇ ਤੇ ਰੂਪ ਦੇ ਪੱਖ ਤੋਂ ਇਸ ਸਮੇਂ ਦੇ ਅਨੁਕੂਲ ਤੇ ਮਹਾਨ ਹੋਣਾ ਕੁਦਰਤੀ ਗੱਲ ਸੀ। ਭਾਈ ਸਾਹਿਬ ਨੇ ਆਪਣੀ ਰਚਨਾ ਲਈ ਪੰਜਾਬੀ ਕਵਿਤਾ ਦਾ ਰੂਪ 'ਵਾਰ' ਇਸੇ ਲਈ ਚੁਣਿਆ ਜਾਪਦਾ ਹੈ। ਜੋ ਕੁਝ ਉਹ ਕਹਿਣਾ ਚਾਹੁੰਦੇ ਸਨ ਉਸ ਬਾਰੇ ਉਹ ਬਹੁਤ ਸਪੱਸ਼ਟ ਜਾਪਦੇ ਹਨ, ਕਿਤੇ ਕੋਈ ਗੁੰਝਲ ਜਾਂ ਦੁਮਹਿਨੀਆਂ ਗੱਲਾਂ ਨਹੀਂ ਕੀਤੀਆਂ।

ਨਿਰੋਲ ਪ੍ਰਤਿਭਾਸ਼ਾਲੀ ਮੌਲਿਕ ਸਾਹਿਤਕਾਰ ਤਾਂ ਕੋਈ ਹੀ ਹੁੰਦਾ ਹੈ। ਹਰ ਸਾਹਿਤਕਾਰ ਆਪਣੇ ਤੋਂ ਪੂਰਵ ਜਾਂ ਆਪਣੇ ਸਮੇਂ ਵਿਚ ਚਲ ਰਹੀਆਂ ਵਿਚਾਰਧਾਰਾਵਾਂ ਤੋਂ ਪ੍ਰਭਾਵਤ ਹੁੰਦਾ ਹੈ। ਉਹ ਪਹਿਲਕਿਆਂ ਤੋਂ ਕੁਝ ਗ੍ਰਹਿਣ ਕਰਦਾ ਹੈ, ਆਪਣੇ ਸਮੇਂ ਨੂੰ ਆਪਣੀ ਐਨਕ ਵਿਚੋਂ ਵੇਖਦਾ, ਪੁਣਦਾ ਛਾਣਦਾ ਹੈ ਤੇ ਆਪਣੀ ਸ਼ਖ਼ਸੀਅਤ ਦੀ ਮੋਹਰ-ਛਾਪ ਲਾ ਕੇ ਆਪਣੇ ਢੰਗ ਨਾਲ ਲੋਕਾਂ ਸਾਹਮਣੇ ਪਰਗਟ ਕਰਦਾ ਹੈ, ਬਿਲਕੁਲ ਕੈਮਰੇ ਦੀ ਫ਼ੋਟੋ ਵਾਂਗ ਨਹੀਂ ਜਿਵੇਂ ਉਸ ਵੇਖਿਆ ਹੈ, ਸਗੋਂ ਜਿਵੇਂ ਉਹ ਵੇਖਣਾ ਲੋਚਦਾ ਹੈ। ਗੁਰੂ-ਘਰ ਨਾਲ ਨਿਕਟ ਸੰਬੰਧ ਹੋਣ ਕਾਰਣ ਭਾਈ ਸਹਿਬ ਨੇ ਗੁਰਮਤਿ-ਵਿਚਾਰਧਾਰਾ ਦਾ ਪ੍ਰਭਾਵ ਗ੍ਰਹਿਣ ਕੀਤਾ। ਇਸੇ ਵਿਚਾਰਧਾਰਾ ਨੂੰ ਅਪਣਾ ਕੇ ਗੁਰਮਤ ਦੇ ਸਿਧਾਂਤਾਂ ਨੂੰ ਸੌਖੀ ਸਰਲ ਲੋਕ-ਬੋਲੀ ਰਾਹੀਂ ਲੋਕਾਂ ਦੇ ਮਨਾਂ ਤਕ ਪੁਚਾਉਣ ਦਾ ਸਫਲ ਯਤਨ ਕੀਤਾ। ਗੁਰਮਤ ਅਨੁਸਾਰ ਨਾ ਤਾਂ ਇਹ ਜਗਤ ਹੀ ਮਿਥਿਆ ਹੈ ਤੇ ਨਾ ਹੀ ਇਸ ਦਾ ਸਿਰਜਨਹਾਰ ਰਚਨਹਾਰ ਇਸ ਤੋਂ ਬਾਹਰ ਕਿਸੇ ਸਤਵੇਂ ਅਕਾਸ਼ ਤੇ ਬਿਰਾਜਮਾਨ ਹੈ। ਗੁਰਮਤ-ਵਿਚਾਰਧਾਰਾ ਅਨੁਸਾਰ ਤਾਂ –

ਇਹ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ[2]

---

1. ਪੰਜਾਬੀ ਦੁਨੀਆ, ਭਾਈ ਗੁਰਦਾਸ ਅੰਕ, 1968, ਪੰਨਾ 25.
2. ਆਦਿ ਗ੍ਰੰਥ, ਮਹਲਾ 2 (ਵਾਰ ਆਸਾ ਮਹਲਾ ੧ ਵਿਚ) ਪੰਨਾ 463

ਉਹ ਸੱਚਾ ਇਸ ਜਗਤ ਨੂੰ ਆਪਣਾ ਨਿਵਾਸ ਅਸਥਾਨ ਬਣਾ ਕੇ ਇਸ ਵਿਚ ਵਸ ਰਿਹਾ ਹੈ । ਇਹ ਜੋ ਸੱਚਾ ਹੈ, ਅਕਾਲ ਪੁਰਖ ਹੈ, ਇਹ ਕਿਸੇ ਦਾ ਥਾਪਿਆ ਹੋਇਆ ਨਹੀਂ, ਇਹ ਕਿਸੇ ਦਾ ਬਣਾਇਆ ਹੋਇਆ ਵੀ ਨਹੀਂ, ਇਹ ਤਾਂ ਆਪਣੇ ਤੋਂ ਆਪ ਹੈ, ਮਾਇਆ ਤੋਂ ਰਹਿਤ ਹੈ ।[1]

ਅਜਿਹੇ ਮਤ ਦੇ ਸਿਧਾਂਤਾਂ ਦੀ ਵਿਆਖਿਆ ਭਾਈ ਗੁਰਦਾਸ ਦੀਆਂ ਪੰਜਾਬੀ ਵਿਚ ਲਿਖੀਆਂ ਵਾਰਾਂ ਤੇ ਬ੍ਰਜੀ ਵਿਚ ਲਿਖੇ ਕਬਿੱਤ ਸਵੱਯੇ ਵਿਚ ਅੰਕਿਤ ਹੈ । ਭਾਈ ਸਾਹਿਬ ਨੇ ਪੰਜਾਬੀਆਂ ਦੇ ਸੁਭਾਵ ਦੇ ਅਨੁਕੂਲ, ਇਹ ਸਿਧਾਂਤ, ਪੰਜਾਬੀ ਬੋਲੀ ਵਿਚ ਵਾਰਾਂ ਲਿਖ ਕੇ ਸਪੱਸ਼ਟ ਕੀਤੇ ਤੇ ਪੰਜਾਬ ਤੋਂ ਬਾਹਰ ਦਿੱਲੀ, ਆਗਰੇ, ਬਨਾਰਸ ਆਦਿ ਇਲਾਕਿਆਂ ਦੇ ਲੋਕਾਂ ਲਈ ਕਬਿੱਤ ਸਵੱਯੇ ਰਚੇ ਤੇ ਬ੍ਰਜੀ ਦੀ ਵਰਤੋਂ ਕੀਤੀ । ਗੁਰਮਤ ਦੀ ਵਿਆਖਿਆ ਹੀ ਭਾਈ ਸਾਹਿਬ ਦਾ ਮੂਲ ਉਦੇਸ਼ ਸੀ । ਗੁਰਮਤ–ਮਾਰਗ ਜੀਵਨ ਦੇ ਮੁਢਲੇ ਦੋਹਾਂ ਪੱਖਾਂ, ਅਧਿਆਤਮਕ ਤੇ ਸੰਸਾਰਕ, ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਤੇ ਭਾਈ ਸਾਹਿਬ ਨੇ ਵਾਰਾਂ ਵਿਚ ਜੀਵਨ ਦੇ ਦੋਹਾਂ ਪੱਖਾਂ ਸੰਬੰਧੀ ਗੁਰਮਤ ਤੇ ਆਧਾਰਤ ਵਿਚਾਰ ਪੇਸ਼ ਕੀਤੇ ਹਨ । ਆਪ ਦੀ ਰਚਨਾ ਕੀ ਹੈ? ਗੁਰਮਤ ਦੀ ਪੂਰਨ ਭਾਂਤ ਵਿਆਖਿਆ । ਪ੍ਰੋ: ਦੀਵਾਨ ਸਿੰਘ ਲਿਖਦੇ ਹਨ,

> "ਭਾਈ ਗੁਰਦਾਸ ਜੀ ਦੀ ਗੁਰਮਤ-ਵਿਆਖਿਆ ਪੂਰਨ ਭਾਂਤ ਗੁਰਬਾਣੀ ਦੀ ਅਨੁਕੂਲਤਾ ਰਖਦੀ ਹੈ । ਇਹ ਵਿਆਖਿਆ ਏਨੀ ਸੰਪੂਰਨ ਹੈ ਕਿ ਗੁਰਸਿਖੀ ਦਾ ਪੂਰਨ ਅਨੁਭਵ, ਪੂਰਾ ਆਦਰਸ਼ ਤੇ ਪੂਰਾ ਦਰਸ਼ਨ ਇਸ ਵਿਚ ਉਪਲਬਧ ਹੈ । ਹਰ ਇਕ ਵਾਰ ਵਿਚ, ਹਰ ਇਕ ਪਉੜੀ ਵਿਚ, ਗੁਰਮਤ ਦੇ ਸਿਧਾਂਤਾਂ ਦੀ ਵਿਆਖਿਆ ਦੇ ਖ਼ਜ਼ਾਨੇ ਭਰਪੂਰ ਹਨ ।"[2]

ਗੁਰਮਤ-ਮਾਰਗ ਸਮੁਚੇ ਜੀਵਨ ਨੂੰ ਇਕ ਨਵੇਂ ਸੱਚੇ ਵਿਚ ਢਾਲਣ ਦੀ ਜਾਚ ਦਸਦਾ ਹੈ । ਜੀਵਨ ਅਨੇਕ-ਪੱਖੀ ਅਤੇ ਬਹੁ-ਭਾਂਤੀ ਹੈ । ਭਾਈ ਗੁਰਦਾਸ ਨੇ ਗੁਰਮਤ ਦੀ ਵਿਆਖਿਆ ਕੀਤੀ ਹੈ । ਸੋ ਇਸ ਅਨੇਕ-ਪੱਖੀ ਜੀਵਨ ਨਾਲ ਸੰਬੰਧਤ ਹਰ ਗੱਲ ਨੂੰ ਭਾਈ ਸਾਹਿਬ ਦੀ ਰਚਨਾ ਵਿਚ ਥਾਂ ਮਿਲੀ ਹੈ । ਇਹੀ ਕਾਰਣ ਹੈ ਕਿ ਭਾਈ ਸਾਹਿਬ ਦੇ ਵਿਸ਼ੇ ਅਨੇਕ—ਭਾਂਤੀ ਹਨ – ਕਿਤੇ ਸਿਖ ਸਿਧਾਂਤ ਹੈ ਤੇ ਕਿਤੇ ਪੌਰਾਣਿਕ ਤੇ ਪੂਰਵ–ਕਾਲੀਨ ਦਰਸ਼ਨ. ਕਿਤੇ ਆਚਰਣਕ ਤੇ ਸਦਾਚਾਰਕ ਸਿਖਿਆ; ਕਿਤੇ ਰਹਿਤ ਮਰਯਾਦਾ, ਕਿਤੇ ਦ੍ਰਿਸ਼ਟਾਂਤਾਂ ਰਾਹੀਂ ਨਿਰਮਲ ਗੁਣਾਂ ਦਾ ਪਰਗਟਾ, ਕਿਤੇ ਦੁਬਾਜਰਿਆਂ, ਅਕ੍ਰਿਤਘਣਾਂ, ਨਿੰਦਕਾਂ, ਚੋਰਾਂ, ਲੂਣ ਹਰਾਮੀਆਂ, ਹੰਕਾਰੀਆਂ, ਮਨ-ਮੁੱਖਾਂ, ਮੀਣਿਆਂ, ਮੂਰਖਾਂ ਦੇ ਵਿਹਾਰ ਉਤੇ ਵਿਅੰਗ; ਫੇਰ ਗੁਰੂਆਂ, ਗੁਰਸਿਖਾਂ, ਭਗਤਾਂ ਦੀਆਂ ਜੀਵਨ-ਝਾਕੀਆਂ,

1. ਥਾਪਿਆ ਨ ਜਾਇ ਕੀਤਾ ਨ ਹੋਇ । ਆਪੇ ਆਪਿ ਨਿਰੰਜਨ ਸੋਇ । ਆਦਿ ਗ੍ਰੰਥ-ਪੰਨਾ 2

ਕਿਤੇ ਯੁਗ-ਫਿਲਾਸਫ਼ੀ ਤੇ ਕਿਤੇ ਅਵਤਾਰ ਫ਼ਿਲਾਸਫ਼ੀ, ਸੰਸਾਰ-ਉਤਪਤੀ, ਮਤਾਂ ਮਤਾਂਤਰਾਂ ਬਾਰੇ ਵਿਚਾਰ, ਸਮਾਜਕ ਰਾਜਨੀਤਕ ਤੇ ਧਾਰਮਕ ਹਾਲਾਤ ਦੀ ਜਾਣਕਾਰੀ, ਮਨੁੱਖੀ ਸੁਭਾਵ ਆਦਿ। ਇਹ ਸਭ ਕੁਝ ਆਪ ਦੀ ਰਚਨਾ ਵਾਰਾਂ ਦੇ ਵਿਸ਼ੇ-ਵਸਤੂ ਦੇ ਘੇਰੇ ਵਿਚ ਆਉਂਦਾ ਹੈ।

ਧਾਰਮਕ ਲਿਖਾਰੀਆਂ ਅਤੇ ਕਵੀਆਂ ਦੀ ਰਚਨਾ ਨਿਰਵਿਰੋਹ ਉਪਦੇਸ਼ਾਤਮਕ ਹੁੰਦੀ ਹੈ। ਉਸ ਵਿਚ ਧਰਮ-ਪਰਚਾਰ ਵਧੇਰੇ ਹੁੰਦਾ ਹੈ ਅਤੇ ਸਾਹਿਤਕ ਤੱਤਾਂ ਦੀ ਘਾਟ ਹੁੰਦੀ ਹੈ। ਅਜ ਦੀ ਸਾਹਿਤ-ਸਮੀਖਿਆ ਅਨੁਸਾਰ ਉਪਦੇਸ਼ਾਤਮਕ ਅਤੇ ਪਰਚਾਰਵਾਦੀ ਰਚਨਾ ਨੂੰ ਸਾਹਿਤ ਦੇ ਘੇਰੇ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਪਰ ਭਾਈ ਗੁਰਦਾਸ ਦੀ ਬਾਣੀ ਤਾਂ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਉਨ੍ਹਾਂ ਨੂੰ ਭਾਸ਼ਾ ਉਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਦਾ ਦਰਸ਼ਨ ਕਿਤੇ ਵੀ ਕਵਿਤਾ ਉੱਤੇ ਭਾਰੂ ਨਹੀਂ ਹੁੰਦਾ। ਉਸ ਵਿਚਲੀ ਬਿੰਬਾਂ ਦੀ ਬਹੁਲਤਾ ਦੇ ਕਾਰਨ ਸਜਰਾਪਨ ਕਾਇਮ ਰਹਿੰਦਾ ਹੈ।

ਭਾਈ ਸਾਹਿਬ ਨੇ ਸਿਖ-ਸਿਧਾਂਤ ਨੂੰ ਖੂਬ ਸਮਝਿਆ, ਆਪ ਸਿਖੀ-ਜੀਵਨ ਜੀਵਿਆ, ਗੁਰਮਤ-ਅਸੂਲਾਂ ਨੂੰ ਜੀਵਨ ਵਿਚ ਕਮਾਇਆ, ਤੇ ਗੁਰਮਤ-ਪਰਚਾਰ ਨੂੰ ਆਪਣਾ ਮਿਸ਼ਨ ਬਣਾ ਲਿਆ। ਇਸ ਸਿਧਾਂਤ ਨਾਲ ਸੰਬੰਧਤ ਹਰ ਗੱਲ ਤੇ ਵਿਚਾਰ ਕੀਤੀ ਹੈ ਤੇ ਹਰ ਵਿਚਾਰ ਦਾ ਆਧਾਰ ਗੁਰਬਾਣੀ ਨੂੰ ਹੀ ਬਣਾਇਆ ਹੈ। ਪਰਮਾਤਮਾ, ਸਤਿਗੁਰੂ, ਗੁਰ-ਸਿਖ, ਗੁਰਮੁਖ, ਭਗਤ ਸੰਤ, ਅਵਤਾਰ, ਪੀਰ-ਮੁਰੀਦ, ਸੰਸਾਰ-ਉਤਪਤੀ, ਸੰਗਤ, ਸਾਧਸੰਗਤ, ਭਾਣਾ, ਗਰੀਬੀ, ਨਿਮਰਤਾ, ਆਪੇ ਦਾ ਤਿਆਗ, ਇਤਿਹਾਸ, ਮਿਥਿਹਾਸ, ਕੁਦਰਤ, ਕਾਦਰ, ਪਰਉਪਕਾਰ, ਵਰਨ-ਅਵਰਨ, ਅੰਮ੍ਰਿਤ ਵੇਲਾ, ਕਲਜੁਗ, ਸ਼ਬਦ-ਨਾਮ-ਰਸ, ਵਾਹਿਗੁਰੂ ਸ਼ਬਦ, ਮਨਮੁਖ, ਨਿਗੁਰਾ, ਨਿੰਦਕ, ਪਿਰਮ ਪਿਆਲਾ, ਸਿਖ ਰਹਿਤ-ਮਰਯਾਦਾ, ਭਾਉ-ਭਗਤੀ, ਸਿੱਖੀ ਸਿਦਕ, ਹੁਕਮ, ਸੱਚ, ਰਹਿਰਾਸ, ਕਾਮਾਦਿਕ ਬੁਰਾਈਆਂ, ਹਉਮੈ ਦਾ ਤਿਆਗ, ਆਦਿ, ਬਾਰੇ ਸੌਖੀ ਤੇ ਰੋਚਕ ਸ਼ੈਲੀ ਵਿਚ ਬਚਨ ਕੀਤੇ। ਭਾਈ ਸਾਹਿਬ ਦਾ ਵਿਚਾਰ-ਪ੍ਰਸਤੁਤ-ਢੰਗ ਵੀ ਰੋਚਕ ਹੈ। ਕਈ ਗੱਲ ਸਮਝਾਉਣ ਲਗਿਆਂ ਜਾਂ ਕਿਸੇ ਵਿਚਾਰ ਨੂੰ ਸਿਧ ਕਰਨ ਲਈ, ਆਪ ਪਹਿਲਾਂ ਜੀਵਨ ਵਿਚ ਦਿਸਦੀਆਂ ਵਰਤੀਂਦੀਆਂ ਚੀਜ਼ਾਂ ਤੇ ਉਨ੍ਹਾਂ ਦੇ ਸੁਭਾਵ ਦੀਆਂ ਮਿਸਾਲਾਂ ਦੇਂਦੇ ਹਨ ਤੇ ਅਖੀਰ ਤੇ ਤੱਤ ਕਢ ਕੇ ਆਪਣੀ ਮਨੋਰਥ—ਸਿਧੀ ਕਰਦੇ ਹਨ।

ਇਹਨਾਂ ਮੁਖ ਸਿਧਾਂਤਾਂ ਸੰਬੰਧੀ ਭਾਈ ਗੁਰਦਾਸ ਦੇ ਵਿਚਾਰ ਉਨ੍ਹਾਂ ਦੀ ਰਚਨਾ ਦੇ ਆਧਾਰ ਤੇ ਪੇਸ਼ ਕਰਨ ਤੋਂ ਪਹਿਲਾਂ ਭਾਈ ਸਾਹਿਬ ਦੀਆਂ ਵਾਰਾਂ ਵਿਚ ਵਿਸ਼ੇ ਅਤੇ ਅਨੁਭਵ ਦੇ ਪੱਖੋਂ ਸੁਜੋੜਤਾ ਬਾਰੇ ਵਿਚਾਰ ਕਰਨੀ ਉਚਿਤ ਹੈ।

(ਅ) ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਿਸ਼ੇ ਅਤੇ ਅਨੁਭਵ ਦੇ ਪੱਖੋਂ ਸੁਜੋੜਤਾ

(1) ਭੂਮਿਕਾ

ਜਿਵੇਂ ਮਾਲਾ ਦੇ ਹਰ ਮਣਕੇ ਦੀ ਹੋਂਦ ਵੀ ਹੁੰਦੀ ਹੈ, ਅਗਲੇ ਅਤੇ ਪਿਛਲੇ ਮਣਕੇ ਨਾਲ ਇਸ ਦਾ ਸੰਬੰਧ ਵੀ ਹੁੰਦਾ ਹੈ, ਮਾਲਾ ਦੀ ਸੰਪੂਰਨ ਇਕਾਈ ਦਾ ਇਹ ਵਿਸ਼ੇਸ਼ ਅੰਗ ਵੀ ਹੁੰਦਾ ਹੈ, ਅਤੇ ਇਕੋ ਸੂਤ ਵਿਚ ਪਰੁਚਿਆ ਹੋਣ ਕਰ ਕੇ ਦੂਜੇ ਮਣਕਿਆਂ ਨਾਲ ਇਸ ਦਾ ਅੰਤਰੀਵ ਸੰਬੰਧ ਸਥਾਪਿਤ ਰਹਿੰਦਾ ਹੈ, ਇਵੇਂ ਹੀ ਭਾਈ ਗੁਰਦਾਸ ਦੀ ਹਰ ਵਾਰ ਦੀ ਭਿੰਨ ਭਿੰਨ ਮਣਕੇ ਵਾਂਗ ਇਕ ਵਖਰੀ ਹਸਤੀ ਰਖਦੀ ਹੈ, ਅਗਲੀ ਅਤੇ ਪਿਛਲੀ ਵਾਰ ਨਾਲ ਅਨੁਭਵ ਦੇ ਪੱਖੋਂ ਸੰਬੰਧਤ ਹੈ ਸੰਪੂਰਨ ਵਾਰਾਂ ਵਿਚ ਇਸਦਾ ਵਿਸ਼ੇਸ਼ ਸਥਾਨ ਹੈ ਅਤੇ ਇਕ ਵਿਸ਼ੇਸ਼ ਵਿਚਾਰਧਾਰਾ ਦੇ ਸੂਤਰ ਨਾਲ ਇਕ ਇਕਾਈ ਵਿਚ ਬਝੀ ਹੋਈ ਹੈ। ਭਾਈ ਗੁਰਦਾਸ ਦੀ ਸਮੁੱਚੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ, ਕਿਉਂਕਿ ਇਹਦੇ ਵਿਚ ਗੁਰੂ ਸਾਹਿਬਾਨ ਦੇ ਵਿਚਾਰਾਂ ਦੀ ਵਿਆਖਿਆ ਮਿਲਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਸ਼ੇਸ਼ ਤੌਰ ਤੇ ਵਿਆਖਿਆਤਮਕ ਸ਼ੈਲੀ ਦਾ ਸੁਚੱਜਾ ਨਮੂਨਾ ਹਨ। ਇਨ੍ਹਾਂ ਵਾਰਾਂ ਦੀ ਅੰਗੂਠੀ ਵਿਚ ਭਾਈ ਜੀ ਨੇ "ਆਦਿ ਗ੍ਰੰਥ ਦੇ ਅਨਮੋਲ ਹੀਰਿਆਂ ਨੂੰ ਜੜ ਦਿਤਾ ਹੈ ਅਤੇ ਇਸ ਦੀ ਆਰਸੀ ਦੇ ਦਰਪਣ ਵਿਚੋਂ ਪੰਜਾਬੀ-ਸਾਹਿਤ ਰਾਣੀ ਦਾ ਅਸਲ ਮੁਖੜਾ ਵਿਖਾਇਆ ਹੈ। ਕਿੱਡਾ ਮਹਾਨ ਕਾਰਜ ਸੀ ਤੇ ਕਿੰਨੀ ਸੁਚਜਤਾ ਤੇ ਕਲਾ ਨਾਲ ਇਸ ਨੂੰ ਨਿਭਾਇਆ ਹੈ ਅਤੇ ਇਸ ਤਰ੍ਹਾਂ ਸੰਸਾਰ ਸਾਹਮਣੇ ਸਹੀ ਗਾਡੀ ਰਾਹ ਨੂੰ ਖੋਲ੍ਹਿਆ ਹੈ ਜਿਹੜਾ, 'ਆਸਾ ਵਿਚ ਨਿਰਾਸ ਵਲਾਏ,' ਵਾਲਾ ਹੈ।"[1]

ਉਪਰੋਕਤ ਵਿਚਾਰ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ-ਵਸਤੂ ਸਾਰਾ ਗੁਰਬਾਣੀ ਵਾਲਾ ਹੈ, ਭਾਈ ਸਾਹਿਬ ਦੀ ਵਿਸ਼ੇਸ਼ ਦੇਣ ਕਲਾ ਦੇ ਪੱਖੋਂ ਹੈ। ਉਨ੍ਹਾਂ ਨੇ ਗੁਰਮਤ ਦੇ ਅਸੂਲਾਂ ਨੂੰ ਭਿੰਨ ਭਿੰਨ ਦ੍ਰਿਸ਼ਟਾਂਤਾਂ, ਅਲੰਕਾਰਾਂ, ਬਿੰਬਾਂ, ਚਿਤਰਾਂ, ਪ੍ਰਤੀਕਾਂ ਆਦਿ ਰਾਹੀਂ ਪਰਗਟ ਕੀਤਾ ਹੈ। ਭਾਈ ਸਾਹਿਬ ਦੀ ਕਲਾ-ਪ੍ਰਬੀਨਤਾ ਅਤੇ ਸੌਂਦਰਜ-ਚੇਤਨਾ ਨੂੰ ਇਸ ਸ਼ੋਧ-ਪ੍ਰਬੰਧ ਦੇ ਹੋਰ ਅਧਿਆਵਾਂ ਵਿਚ ਰੂਪਮਾਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਉਨ੍ਹਾਂ ਦੀਆਂ ਭਿੰਨ ਭਿੰਨ ਵਾਰਾਂ ਦੇ ਵਿਸ਼ੇ-ਵਸਤੂ ਨੂੰ ਪਰਗਟਾ ਕੇ ਉਸਦੀ ਸੁਜੋੜਤਾ ਨੂੰ ਸਿਧ ਕਰਨਾ ਹੈ। ਹਰ ਵਾਰ ਵਿਚ ਕਿਸੇ ਨਾ ਕਿਸੇ ਵਿਸ਼ੇਸ਼ ਵਿਚਾਰ ਉੱਤੇ ਬਲ ਦਿਤਾ ਗਿਆ ਹੈ, ਇਹੋ ਸਾਡਾ ਇਸ ਅਧਿਆਇ ਦਾ ਵਿਸ਼ਾ ਹੈ।

1. ਪੰਜਾਬੀ ਦੁਨੀਆ, ਭਾਈ ਗੁਰਦਾਸ ਅੰਕ 1968, ਪੰਨਾ 95.

'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ' ਭਾਗ ਪਹਿਲਾ ਵਿਚ ਵਿਸ਼ੇ ਦੇ ਪੱਖੋਂ ਭਾਈ ਗੁਰਦਾਸ ਦੀਆਂ ਵਾਰਾਂ ਦੇ ਤਿੰਨ ਭਾਗ ਮੰਨੇ ਗਏ ਹਨ। ਪਹਿਲੀਆਂ 19 ਵਾਰਾਂ ਦਾ ਵਿਸ਼ਾ ਪਾਰਬ੍ਰਹਮ, ਜਗਤ-ਉਤਪਤੀ, ਗੁਰੂ ਦੀ ਵਿਸ਼ੇਸ਼ਤਾ ਅਤੇ ਗੁਰਮੁਖ ਦਾ ਆਦਰਸ਼ਕ ਆਚਰਨ ਹੈ। ਅਗਲੀਆਂ ਦਸ ਵਾਰਾਂ ਵਿਚ ਗੁਰਸਿਖੀ ਦੀ ਵਿਸ਼ੇਸ਼ਤਾ ਅਤੇ ਬਾਕੀ ਧਰਮਾਂ ਤੋਂ ਇਸ ਦੀ ਵਿਲੱਖਣਤਾ ਪਰਗਟ ਕੀਤੀ ਗਈ ਹੈ। ਮਗਰਲੀਆਂ ਨੌਂ ਵਾਰਾਂ ਵਿਚ ਗੁਰਸਿਖੀ ਦੇ ਵਿਰੋਧੀਆਂ ਦੇ ਘਟੀਆਂ ਆਚਾਰ ਦਾ ਚਿਤਰ ਮਿਲਦਾ ਹੈ। ਅਖੀਰਲੀ ਵਾਰ ਮੁੰਦਾਵਣੀ ਸਮਾਨ ਹੈ। ਇਹ ਤਿੰਨ ਭਾਗ ਮੋਟੇ ਤੌਰ ਤੇ ਹੀ ਕੀਤੇ ਜਾ ਸਕਦੇ ਹਨ। ਜਿਸ ਕ੍ਰਮ ਵਿਚ ਵਾਰਾਂ ਰਖੀਆਂ ਗਈਆਂ ਮਿਲਦੀਆਂ ਹਨ, ਆਮ ਤੌਰ ਤੇ ਪੁਰਾਣੇ ਸਮੇਂ ਤੋਂ ਹੀ ਇਹੋ ਕ੍ਰਮ ਤੁਰਿਆ ਆਉਂਦਾ ਹੈ, ਇਥੋਂ ਤਕ ਕਿ ਭਾਈ ਮਨੀ ਸਿੰਘ ਜੀ ਦੇ ਸਮੇਂ ਵਾਰਾਂ ਆਪਣੇ ਨੰਬਰ ਕਰਕੇ ਪ੍ਰਸਿਧ ਸਨ। ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ 'ਗਿਆਨ ਰਤਨਾਵਲੀ' ਦੇ ਰੂਪ ਵਿਚ ਕੀਤਾ ਅਤੇ ਗਿਆਰਵੀਂ ਵਾਰ ਦਾ 'ਸਿਖਾਂ ਦੀ ਭਗਤ ਮਾਲ' ਦੇ ਰੂਪ ਵਿਚ। ਕੁਝ ਹਥ-ਲਿਖਤ ਨੁਸਖਿਆਂ ਵਿਚ ਵਾਰ-ਕ੍ਰਮ ਦਾ ਫ਼ਰਕ ਵੀ ਮਿਲਦਾ ਹੈ।

ਹਰ ਵਾਰ ਦੀ ਵਿਸ਼ੇ ਦੇ ਪੱਖੋਂ ਅਗਲੀ ਵਾਰ ਨਾਲ ਸੁਜੋੜਤਾ ਸਿਧ ਕਰਨ ਲਈ ਇਹ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਕ੍ਰਮਵਾਰ ਸਭ ਵਾਰਾਂ ਦੇ ਵਿਸ਼ੇ—ਵਸਤੂ ਨੂੰ ਪਰਗਟਾਇਆ ਜਾਏ, ਜੋ ਇਸ ਪ੍ਰਕਾਰ ਹੈ।

(2) ਵਾਰਾਂ ਦਾ ਵਿਸ਼ਾ—ਵਸਤੂ

ਪਹਿਲੀ ਵਾਰ:—

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਮਿਥਿਹਾਸ, ਇਤਿਹਾਸ ਤੇ ਦਰਸ਼ਨ ਨੂੰ ਪ੍ਰਭਾਵ-ਸ਼ਾਲੀ ਢੰਗ ਨਾਲ ਇਕੋ ਥਾਂ ਤੇ ਗੁੰਦਿਆ ਗਿਆ ਹੈ। 'ਭਾਈ ਸਾਹਿਬ ਦੀਆਂ ਸਾਰੀਆਂ ਵਾਰਾਂ ਵਿਚੋਂ ਕੀ ਆਕਾਰ ਅਤੇ ਕੀ ਮਹੱਤਵ ਦੇ ਪੱਖੋਂ ਇਹੀ ਵਾਰ ਪ੍ਰਮੁੱਖ ਹੈ।'[1] ਇਸ ਵਾਰ ਦੀਆਂ 49 ਪਉੜੀਆਂ ਹਨ। ਇਤਿਹਾਸਕ ਮਹੱਤਵ ਵਾਲੀ ਇਹ ਵਾਰ ਬਾਕੀ ਵਾਰਾਂ ਨਾਲੋਂ ਲੰਮੀ ਵਾਰ ਹੈ। ਭਾਈ ਸਾਹਿਬ ਦੀਆਂ ਬਾਕੀ ਵਾਰਾਂ ਵਿਚ, ਛਾਰਵੀਂ, ਛਬੀਂਵੀਂ ਤੇ ਸੈਂਤੀਵੀਂ ਵਾਰ ਨੂੰ ਛੱਡ ਕੇ (ਜਿਨ੍ਹਾਂ ਵਿਚ ਕ੍ਰਮਵਾਰ 31, 35 ਤੇ 31 ਪਉੜੀਆਂ ਹਨ), ਪਉੜੀਆਂ ਦੀ ਗਿਣਤੀ

1. ਭਾਈ ਗੁਰਦਾਸ, ਜੀਵਨੀ ਤੇ ਰਚਨਾ, ਡਾ:

20 ਤੋਂ 25 ਦੇ ਵਿਚ ਵਿਚ ਹੈ ।

ਭਾਈ ਸਾਹਿਬ ਨੇ ਪਹਿਲੀ ਵਾਰ ਨੂੰ 'ਨਮਸਕਾਰ ਗੁਰਦੇਵ ਕੋ' ਦੇ ਨਮਸਕਾਰਾਤਮਕ ਮੰਗਲਾ ਚਰਣ ਨਾਲ ਅਰੰਭ ਕਰ ਕੇ ਜਗਤ–ਉਤਪਤੀ ਬਾਰੇ ਦਸਿਆ ਹੈ। ਇਸ ਤੋਂ ਮਗਰੋਂ ਚਾਰ ਜੁਗਾਂ ਦਾ ਵਰਣਨ, ਹਰੇਕ ਜੁਗ ਦੀ ਆਪੋ ਆਪਣੀ ਵਿਸ਼ੇਸ਼ਤਾ ਸਹਿਤ, ਕੀਤਾ ਗਿਆ ਹੈ। ਛੇ ਸ਼ਾਸਤ੍ਰਾਂ ਦੇ ਦਰਸ਼ਨਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਤੋਂ ਉਪਰੰਤ ਜੁਗ ਗਰਦੀ ਦੀ ਭਿਆਨਕ ਤੇ ਕਰੁਣਾਮਈ ਅਵੱਸਥਾ ਦਾ ਅਜਿਹਾ ਪ੍ਰਭਾਵਸ਼ਾਲੀ ਚਿੱਤਰ ਉਲੀਕਿਆ ਹੈ ਕਿ ਕਿਸੇ 'ਕਾਮਿਲ ਮਰਦ' ਦੇ ਆਗਮਨ ਦੀ ਲੋੜ ਅਵੱਸ਼ ਹੀ ਭਾਸਣ ਲਗ ਪੈਂਦੀ ਹੈ। ਉਪਰੋਕਤ ਸਭ ਕੁਝ ਪਹਿਲੀਆਂ 22 ਪਉੜੀਆਂ ਵਿਚ ਅੰਕਿਤ ਕਰ ਕੇ, ਗੁਰੂ ਨਾਨਕ ਦੇਵ ਨੂੰ ਗੁਰਮੁਖ ਦੇ ਰੂਪ ਵਿਚ ਪਰਗਟ ਹੁੰਦਾ ਵਿਖਾਇਆ ਗਿਆ ਹੈ 'ਗੁਰਮੁਖਿ ਕਲਿ ਵਿਚ ਪ੍ਰਗਟ ਹੋਆ,। ਇਉਂ 23 ਤੋਂ 44 ਪਉੜੀਆਂ ਵਿਚ ਗੁਰੂ ਨਾਨਕ ਦੇਵ ਦੇ ਜੀਵਨ ਦੀਆਂ ਪ੍ਰਮੁਖ ਘਟਨਾਵਾਂ ਨੂੰ ਅਜਿਹੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਵਿਚਾਰ-ਧਾਰਾ ਵੀ ਆਪਣੇ ਆਪ ਹੀ ਸਪੱਸ਼ਟ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦੀ ਜਾਂਦੀ ਹੈ। ਫਿਰ ਅਗਲੀਆਂ ਕੁਝ ਪਉੜੀਆਂ ਵਿਚ ਸਰਵ ਗੁਰੂ ਅੰਗਦ ਦੇਵ, ਅਮਰਦਾਸ, ਰਾਮਦਾਸ, ਅਰਜਨ ਦੇਵ ਤੇ ਹਰਗੋਬਿੰਦ ਸਾਹਿਬ ਦੀ ਮਹਿਮਾ ਨੂੰ ਬਿਆਨ ਕੀਤਾ ਗਿਆ ਹੈ। ਅਖੀਰਲੀ ਪਉੜੀ, ਭਾਵ 49 ਵੀਂ ਪਉੜੀ, ਵਿਚ 'ਵਾਹਿਗੁਰੂ' ਸ਼ਬਦ ਦੀ ਵਿਆਖਿਆ ਮਿਲਦੀ ਹੈ। ਇਹ ਵਿਆਖਿਆ ਮਿਥਿਹਾਸਕ ਹੈ ਤੇ ਭਾਰਤੀ ਅਵਤਾਰ ਪਰੰਪਰਾ ਦੇ ਪ੍ਰਸੰਗ ਵਿਚ ਹੋਈ ਹੈ।

ਹਿੰਦੂ ਮਤ ਤੇ ਇਸਲਾਮ ਬਾਰੇ ਭਰਪੂਰ ਜਾਣਕਾਰੀ—ਸਯੁੰਕਤ ਇਹ ਵਾਰ ਭਾਈ ਸਾਹਿਬ ਦੇ ਗੰਭੀਰ ਤੇ ਵਿਸ਼ਾਲ ਗਿਆਨ ਦੀ ਸਾਖੀ ਭਰਦੀ ਹੈ।

ਇਹ ਵਾਰ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਹੋਣ ਕਰਕੇ ਵਧੇਰੇ ਪ੍ਰਸਿੱਧ ਹੈ। ਦਸਿਆ ਜਾਂਦਾ ਹੈ ਕਿ ਭਾਈ ਮਨੀ ਸਿੰਘ ਨੇ ਇਸ ਵਾਰ ਦੀ ਖੁਲ੍ਹੇ ਰੂਪ ਵਿਚ ਵਿਆਖਿਆ ਕੀਤੀ ਹੈ ਤੇ ਉਸ ਦਾ ਨਾਂ 'ਗਿਆਨ ਰਤਨਾਵਲੀ' ਰਖਿਆ। ਇਸ ਪੁਸਤਕ ਨੂੰ 'ਭਾਈ ਮਨੀ ਸਿੰਘ ਵਾਲੀ ਜਨਮ ਸਾਖੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਦੂਜੀ ਵਾਰ:-

ਇਸ ਵਾਰ ਵਿਚ ਕੁਲ 20 ਪਉੜੀਆਂ ਹਨ ਤੇ ਇਸ ਵਾਰ ਦਾ ਉਦੇਸ਼ ਸਰਗੁਣ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਦਰਸਾਉਣਾ ਹੈ। ਭਾਈ ਸਾਹਿਬ ਨੇ ਵਾਰ ਦੀਆਂ ਪਉੜੀਆਂ ਵਿਚ ਕੁਦਰਤ ਤੇ ਮਾਨਵ—ਜੀਵਨ ਦੇ ਬਹੁਪੱਖੀ ਦ੍ਰਿਸ਼ਟਾਂਤਾਂ ਦੀ ਵਰਤੋਂ ਕਰ ਕੇ ਤੇ ਹਰ ਪਉੜੀ ਦੀ ਅੰਤਿਮ ਤੁਕ ਵਿਚ 'ਆਪੇ ਆਪ ਵਰਤਦਾ' ਵਾਕੰਸ਼ ਨੂੰ ਦੋਹਰਾ ਕੇ ਆਪਣੇ ਵਿਚਾਰ ਦੀ ਪੁਸ਼ਟੀ

ਕੀਤੀ ਹੈ। ਭਿੰਨ ਭਿੰਨ ਰੂਪਾਂ ਸਰੂਪਾਂ ਵਿਚ ਸਰਬ-ਵਿਆਪਕਤਾ ਤੋਂ ਛੁੱਟ ਪਰਮਾਤਮਾ ਨੂੰ ਸਰਬ-ਸ਼ਕਤੀਮਾਨ ਤੇ ਕਰਤਾ ਦੇ ਰੂਪ ਵਿਚ ਵੀ ਉਜਾਗਰ ਕੀਤਾ ਗਿਆ ਹੈ। ਆਰਸੀ, ਜੰਤ੍ਰੀ ਦੇ ਜੰਤ੍ਰ, ਜਲ, ਦੀਪਕ, ਸ੍ਵਾਂਤ ਬੂੰਦ, ਸੋਇਨਾ, ਗੰਨਾ, ਸੂਤਰ, ਸੂਰਜ, ਬੈਸੰਤਰ, ਦੁੱਧ, ਪ੍ਰੇਮ, ਮਨੁੱਖੀ ਅੰਗ, ਆਦਿ ਦ੍ਰਿਸ਼ਟਾਂਤਾਂ ਦੀ ਸੁਯੋਗ ਵਰਤੋਂ ਭਾਈ ਸਾਹਿਬ ਦੇ ਵਿਸ਼ਾਲ ਜੀਵਨ-ਤਜਰਬੇ ਦੀ ਸਾਖੀ ਭਰਦੀ ਹੈ।

ਤੀਜੀ ਵਾਰ:—

ਇਸ ਵਾਰ ਦੀਆਂ ਵੀ 20 ਪਉੜੀਆਂ ਹਨ। ਪਹਿਲੀ ਪਉੜੀ ਵਿਚ ਨਮਸਕਾਰਾਤਮਕ ਮੰਗਲਾ-ਚਰਣ ਉਚਾਰ ਕੇ, ਪਹਿਲਾਂ ਗੁਰੂ ਤੇ ਚੇਲੇ ਦੇ ਅਧਿਆਤਮਕ ਸੰਬੰਧਾਂ ਦਾ ਨਿਰੂਪਣ ਕੀਤਾ ਹੈ ਤੇ ਫਿਰ ਗੁਰਮੁਖਾਂ ਦੇ ਸਰੂਪ, ਆਚਰਨ ਤੇ ਮਹੱਤਵ ਨੂੰ ਦਲੀਲਾਂ ਦੇ ਕੇ ਬਹੁਰੰਗੀ ਬੋਲੀ ਰਾਹੀਂ ਵਿਆਨਿਆ ਹੈ। ਇਸ ਦੇ ਨਾਲ ਹੀ ਸਤਿਗੁਰੂ, ਸਾਧ ਸੰਗਤ, ਮੂਲ ਮੰਤਰ ਆਦਿ ਵਿਸ਼ਿਆਂ ਤੇ ਚਾਨਣ ਪਾਇਆ ਗਿਆ ਹੈ, ਸਿਖ ਦੀ ਰਹਿਤ ਮਰਯਾਦਾ ਵਲ ਸੰਕੇਤ ਕਰ ਕੇ ਸੱਚਾ ਸਿਖ ਹੋਣ ਦੀ ਜਾਚ ਦਸੀ ਹੈ। ਗੁਰਸਿੱਖੀ ਮਾਰਗ ਦੇ ਨਿਯਮ ਦਰਸਾ ਕੇ ਆਦਰਸ਼ਕ ਸਿਖ ਦਾ ਕਲਾਮਈ ਚਿਤਰ ਉਲੀਕਿਆ ਹੈ।

ਚੌਥੀ ਵਾਰ :—

21 ਪਉੜੀਆਂ ਦੀ ਇਸ ਵਾਰ ਨੂੰ ਦੂਜੀ ਵਾਰ ਵਾਂਗ ਵਸਤੂ ਨਿਰਦੇਸ਼ ਮੰਗਲਾ-ਚਰਣ ਦੀ ਪਉੜੀ ਨਾਲ ਅਰੰਭ ਕੀਤਾ ਗਿਆ ਹੈ। ਅਗਲੀਆਂ ਪਉੜੀਆਂ ਵਿਚ ਦਸਿਆ ਹੈ ਕਿ ਗੁਰਸਿਖ ਦਾ ਪਰਮੁਖ ਗੁਣ ਨਿਮਰਤਾ ਹੈ। ਦੁਰਲਭ ਮਾਨਸ-ਜਨਮ ਨੂੰ ਸਫਲ ਬਣਾਉਣ ਲਈ ਪ੍ਰੇਰਿਆ ਗਿਆ ਹੈ ਤੇ ਮਨੁੱਖ ਨੂੰ ਸਦਾਚਾਰਕ ਗੁਣਾਂ ਦਾ ਧਾਰਨੀ ਹੋਣ ਲਈ ਕਿਹਾ ਗਿਆ ਹੈ। ਮਨੁੱਖ ਦੀ ਸਦਾਚਾਰਕ ਉਸਾਰੀ ਨਿਮਰਤਾ ਦੀ ਨੀਂਹ ਤੇ ਹੀ ਹੋ ਸਕਦੀ ਹੈ। ਇਸ 'ਨਿਵੈ ਸੁ ਗਉਰਾ ਹੋਇ' ਦੇ ਗੁਰਮਤ ਸਿਧਾਂਤ ਨੂੰ ਪੈਰ, ਚੀਚੀ ਉਂਗਲੀ, ਕੀੜੀ, ਘਾਹ, ਤਿਲ, ਵੜੇਵਾਂ, ਅਨਾਰਦਾਣਾ, ਬਰਸਾਤ ਬੂੰਦ, ਆਦਿ ਨਿਕੀਆਂ ਨਿਕੀਆਂ ਵਸਤੂਆਂ ਦੇ ਦ੍ਰਿਸ਼ਟਾਂਤਾਂ ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਹੈ। ਇਹਨਾਂ ਵਸਤੂਆਂ ਦੀ ਨਿਮਰਤਾ ਦੇ ਆਧਾਰ ਤੇ ਇਹ ਸਿੱਟਾ ਕਢਿਆ ਹੈ ਕਿ ਨਿਮਰਤਾ ਧਾਰਣ ਕਰਨ ਵਾਲੇ ਹੀ ਸਤਿਕਾਰ ਤੇ ਮਹਾਨਤਾ ਪ੍ਰਾਪਤ ਕਰਦੇ ਹਨ। ਨਿਮਰਤਾ ਸੰਬੰਧੀ ਅਜਿਹੇ ਵਿਚਾਰ ਦੇਂਦਿਆਂ ਗੁਰਸਿੱਖੀ ਤੇ ਜੀਵਨ-ਮੁਕਤੀ ਉੱਤੇ ਵੀ ਚਾਨਣ ਪਾਇਆ ਗਿਆ ਹੈ। ਇਹ ਵਾਰ ਆਪ ਦੇ ਡੂੰਘੇ ਗਿਆਨ ਦਾ ਪਤਾ ਦੇਂਦੀ ਹੈ।

ਪੰਜਵੀਂ ਵਾਰ :—

ਇਸ ਵਾਰ ਦੀਆਂ 21 ਪਉੜੀਆਂ ਹਨ। ਇਸ ਵਾਰ ਵਿਚ ਵੱਖ-ਵੱਖ ਦ੍ਰਿਸ਼ਟਾਂਤਾਂ ਰਾਹੀਂ

ਗੁਰਮੁਖ ਦੇ ਲਛਣ ਦਸ ਕੇ ਉਸ ਨੂੰ ਬਾਕੀ ਸੰਸਾਰ ਨਾਲੋਂ ਵਖਰਾ ਦਸਿਆ ਹੈ। ਗੁਰਮੁਖ, ਜਾਦੂ ਟੂਣਿਆਂ, ਸ਼ਗਨਾਂ-ਅਪਸ਼ਗਨਾਂ, ਕਰਾਮਾਤਾਂ, ਵਹਿਮਾਂ, ਭਰਮਾਂ, ਪਖੰਡਾਂ, ਕਰਮ ਕਾਂਡਾਂ ਦੇ ਚੱਕਰ ਵਿਚ ਨਹੀਂ ਪੈਂਦਾ। ਉਹ ਤਾਂ ਕੇਵਲ ਗੁਰ-ਸ਼ਬਦ ਦਾ ਆਸਰਾ ਲੈਂਦਾ ਹੈ। ਉਸ ਦਾ ਰਾਹ 'ਗਾਡੀ ਰਾਹ' ਹੈ ਤੇ ਸਾਧ-ਸੰਗਤ ਉਸ ਦੀ ਸੰਗਤ ਹੈ। ਭਾਈ ਸਾਹਿਬ ਨੇ ਗੁਰਮੁਖ ਨੂੰ ਸੁਹਾਗਣ ਅਤੇ ਮਨਮੁਖ ਨੂੰ ਵੇਸਵਾ ਦੇ ਰੂਪਕਾਂ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਤੇ ਤੁਲਨਾਇਆ ਹੈ। 21ਵੀਂ ਪਉੜੀ ਵਿਚ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਸਤਿਗੁਰੂ ਦੀ ਸਹਾਇਤਾ ਤੇ ਅਗਵਾਈ ਹੀ ਭਵ-ਸਾਗਰ ਤੋਂ ਪਾਰ ਕਰ ਸਕਦੀ ਹੈ। ਇਸੇ ਲਈ ਗੁਰਸਿਖ ਗੁਰੂ ਦਾ ਸੰਗ ਨਹੀਂ ਤਿਆਗਦੇ ਤੇ ਜਿਵੇਂ ਅਮਲੀ, ਚੋਰ, ਜੁਆਰੀਏ, ਫੱਕਟ ਧਰਮੀ ਆਦਿ ਇਕੱਠੇ ਰਹਿੰਦੇ ਹਨ, ਉਵੇਂ ਹੀ ਗੁਰਸਿਖ ਵੀ ਗੁਰੂ ਦੇ ਦੁਆਲੇ ਇਕੱਠੇ ਰਹਿੰਦੇ ਹਨ। ਗੁਰਮੁਖ ਸੰਬੰਧੀ ਹੋਣ ਕਾਰਨ ਇਸ ਵਾਰ ਨੂੰ 'ਗੁਰਮੁਖਾਂ ਦੀ ਵਾਰ' ਵੀ ਕਿਹਾ ਜਾਂਦਾ ਹੈ।

ਛੇਵੀਂ ਵਾਰ:—

20 ਪਉੜੀਆਂ ਦੀ ਇਸ ਵਾਰ ਨੂੰ ਵਸਤੂ-ਨਿਰਦੇਸ਼ ਮੰਗਲਾ-ਚਰਣ ਨਾਲ ਅਰੰਭ ਕਰਦਿਆਂ ਸਤਿਗੁਰ ਦੇ ਗੁਣਾਂ ਦਾ ਗਿਆਨ ਕਰਾਇਆ ਗਿਆ ਹੈ। ਇਸ ਤੋਂ ਮਗਰੋਂ ਗੁਰਸਿਖਾਂ ਦੀ ਰਹਿਣੀ-ਬਹਿਣੀ, ਨਿਤ-ਕਰਮ, ਸਾਧਸੰਗਤ, ਗ੍ਰਿਹਸਥ-ਧਰਮ ਨੂੰ ਨਿਭਾਂਦਿਆਂ ਹੋਇਆਂ ਅਕਾਲਪੁਰਖ ਨਾਲ ਜੁੜੇ ਰਹਿਣਾ ਆਦਿ ਗੁਰਮਤ ਸਿਧਾਂਤਾਂ ਤੇ ਚਾਨਣ ਪਾਇਆ ਗਿਆ ਹੈ। ਇਸ ਵਿਚ ਇਹ ਵੀ ਦਸਿਆ ਗਿਆ ਹੈ ਕਿ ਗੁਰੂ, ਮਨੁੱਖ ਨੂੰ ਆਤਮਕ ਤੌਰ ਤੇ ਉੱਚਾ ਕਰਦਾ ਹੈ ਪਰ ਸ਼ਰਤ ਇਹ ਹੈ ਕਿ ਮਨੁੱਖ ਦਾ ਵਤੀਰਾ ਚੌਗੁਲੀ, ਘੁੱਘੂ, ਸਿੰਬਲ, ਸੱਪ, ਚਿਚੜੀ ਤੇ ਥੋਮ ਵਾਲਾ ਨਾ ਹੋਵੇ। ਇਸ ਵਾਰ ਦੀ ਪੰਜਵੀਂ ਪਉੜੀ ਵਿਚ 'ਜਪੁ' ਬਾਣੀ ਦੇ ਅੰਤਲੇ ਸ਼ਲੋਕ ਦੀ ਵਿਆਖਿਆ ਮਿਲਦੀ ਹੈ। ਬਾਰਵੀਂ ਅਤੇ ਤੇਰਵੀਂ ਪਉੜੀਆਂ ਵਿੱਚ 'ਅਨੰਦ' ਬਾਣੀ ਵਿਚ ਦਸੇ ਗਏ ਸਰੀਰਕ ਅੰਗਾਂ ਦੇ ਕਰਤਵਾਂ ਦਾ ਵਰਣਨ ਹੈ।

ਸਤਵੀਂ ਵਾਰ:—

ਗੁਰੂ ਨਾਨਕ ਸਾਹਿਬ ਨੇ ਆਪਣੀ ਰਚਨਾ "ਥਿੰਤੀ" ਵਿਚ ਇਕ ਇਕ ਥਿਤ ਨੂੰ ਆਧਾਰ ਰਖ ਕੇ ਜਗਤ ਉਤਪਤੀ ਤੇ ਸੰਸਾਰ ਦੇ ਵਿਕਾਸ ਦਾ ਵਰਣਨ ਕੀਤਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਨੇ 20 ਪਉੜੀਆਂ ਦੀ ਇਸ ਵਾਰ ਵਿਚ ਸੰਖਿਆ—ਵਾਚੀ ਸ਼ਬਦਾਂ ਰਾਹੀਂ ਨਾ ਲੈ ਤਾਂ ਜਗਤ-ਉਤਪਤੀ ਦਾ ਸਿਲਸਿਲਾ ਦਸਿਆ ਹੈ ਤੇ ਨਾਲ ਹੀ ਗੁਰਮੁਖ ਦੇ ਵਿਅਕਤਿਤਵ ਨੂੰ ਉਸਾਰਿਆ ਹੈ। ਪਹਿਲੀ ਪਉੜੀ ਮੰਗਲਾ-ਚਰਣ ਦੀ ਹੈ। ਪਉੜੀ ਨੰ: 2 ਤੋਂ ਪਉੜੀ ਨੰ: 13 ਤਕ ਗੁਰਮੁਖ ਦੀ ਉੱਚੀ ਅਵੱਸਥਾ ਦਾ ਚਿੱਤਰ ਉਲੀਕਿਆ ਗਿਆ ਹੈ। ਚੌਧਵੀਂ ਪਉੜੀ ਵਿਚ 14, 15 ਤੇ 16 ਦੀ

ਗਿਣਤੀ ਦੁਆਰਾ ਗੁਰਮੁਖ ਦਾ ਸੰਕਲਪ ਸਾਕਾਰ ਹੋਇਆ ਹੈ । ਸੋਲ੍ਹਵੀਂ ਪਉੜੀ ਵਿਚ ਪ੍ਰਭੂ ਦੇ ਨਿਰਗੁਣ ਸਰੂਪ ਦੀ ਉਪਮਾ ਮਿਲਦੀ ਹੈ । ਪਉੜੀ ਨੰ: 19 ਵਿਚ ਦਸਿਆ ਗਿਆ ਹੈ ਕਿ ਗੁਰੂ ਸੰਗਤ ਦਾ ਕੇਂਦਰ ਹੈ ਤੇ ਬ੍ਰਹਮ ਦਾ ਸਾਖਿਆਤ ਸਰੂਪ ਹੈ, ਨਾਲ ਹੀ ਇਸ ਵਾਰ ਦੀ ਪਉੜੀ ਨੰ: 20 ਵਿਚੋਂ ਪਤਾ ਲਗਦਾ ਹੈ ਕਿ 'ਸਾਧ ਸੰਗਤ ਸਚ ਖੰਡ' ਹੈ । ਇਉਂ ਇਸ ਵਾਰ ਦੀਆਂ ਅਖੀਰਲੀਆਂ ਚਾਰ ਪਉੜੀਆਂ ਗੁਰਮੁਖ, ਗੁਰੂ ਤੇ ਗੁਰਸ਼ਬਦ ਦਾ ਜਸ ਗਾਇਨ ਕਰਦੀਆਂ ਜਾਪਦੀਆਂ ਹਨ । ਇਹ ਵਾਰ ਭਾਈ ਸਾਹਿਬ ਦੇ, ਸ਼ਾਸਤ੍ਰਾਂ, ਵੇਦਾਂ, ਪੁਰਾਣਾਂ ਤੇ ਜੋਤਿਸ਼ ਆਦਿ ਬਾਰੇ, ਬਹੁਪੱਖੀ ਗਿਆਨ ਦਾ ਪਤਾ ਦੇਂਦੀ ਹੈ ।

ਅਠਵੀਂ ਵਾਰ:—

ਇਸ ਵਾਰ ਦੀਆਂ 24 ਪਉੜੀਆਂ ਹਨ । ਗੁਰੂ ਨਾਨਕ ਸਾਹਿਬ ਨੇ 'ਜਪੁ' ਬਾਣੀ ਵਿਚ 'ਅਸੰਖ' ਦੀਆਂ ਪਉੜੀਆਂ ਰਾਹੀਂ ਜੀਵਾਂ ਦੀ ਬੇਅੰਤਤਾ ਵੱਲ ਇਸ਼ਾਰੇ ਕੀਤੇ ਹਨ । ਭਾਈ ਸਾਹਿਬ ਨੇ ਇਸ ਵਾਰ ਵਿਚ 'ਕੇਵਡ' ਤੇ 'ਕੇਤੜੇ' ਪਸਾਰੇ ਦਾ ਵਰਣਨ ਕੀਤਾ ਹੈ । ਇਸ ਪਸਾਰੇ ਦਾ ਚਿੱਤਰ ਵਸਤੂ ਨਿਰਦੇਸ਼ ਮੰਗਲਾਚਰਣ ਵਾਲੀ ਪਹਿਲੀ ਪਉੜੀ ਤੋਂ ਮਗਰੋਂ ਸਾਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਤੇਈਵੀਂ ਪਉੜੀ ਤਕ ਇਸੇ ਦਾ ਬਿਆਨ ਮਿਲਦਾ ਹੈ । ਭਾਈ ਸਾਹਿਬ ਨੇ ਪਹਿਲਾਂ ਨੇਕੀ ਤੇ ਬਦੀ ਦੀਆਂ ਸ਼ਕਤੀਆਂ ਦਾ ਜ਼ਿਕਰ ਕਰ ਕੇ ਨੇਕ ਸ਼ਕਤੀਆਂ ਧਾਰਣ ਕਰਨ ਉਤੇ ਜ਼ੋਰ ਦਿੱਤਾ ਹੈ ਤੇ ਦਸਿਆ ਹੈ ਕਿ ਇਹ ਨੇਕ ਸ਼ਕਤੀਆਂ ਸਾਧ ਸੰਗਤ ਵਿਚੋਂ ਹੀ ਪ੍ਰਾਪਤ ਹੋ ਸਕਦੀਆਂ ਹਨ । ਸਤਵੀਂ ਪਉੜੀ ਵਿਚ ਹਿੰਦੂ ਮਤ ਤੇ ਅਠਵੀਂ ਪਉੜੀ ਵਿਚ ਇਸਲਾਮ ਬਾਰੇ ਦਸਿਆ ਗਿਆ ਹੈ । ਨੌਵੀਂ ਪਉੜੀ ਵਿਚ ਬ੍ਰਾਹਮਣਾਂ ਦੀਆਂ ਜਾਤਾਂ ਦਾ ਵਰਣਨ ਹੈ । ਇਸ ਤੋਂ ਉਪਰੰਤ ਖਤਰੀਆਂ, ਵੈਸ਼ ਆਦਿ ਦੀਆਂ ਜਾਤਾਂ ਗੋਤਾਂ, ਕਿਰਤੀਆਂ, ਸਾਧਾਂ, ਅਸਾਧਾਂ, ਦਾ ਵੇਰਵਾ ਪ੍ਰਸਤੁਤ ਹੋਇਆ ਹੈ ਤੇ ਧਰਮ ਮਤਾਂ ਦਾ ਵਰਗੀਕਰਣ ਵੀ ਕੀਤਾ ਹੈ । ਜੀਵਨ ਵਿਵਹਾਰ ਦੇ ਅਨੇਕਾਂ ਪੱਖਾਂ ਤੇ ਚਾਨਣ ਪਾਂਦਿਆਂ ਸਰੀਰ ਤੇ ਮਨ ਦੀਆਂ ਵੱਖ ਵੱਖ ਹਾਲਤਾਂ ਨੂੰ ਵੀ ਦਰਸਾਇਆ ਹੈ । ਅਤੇ ਅੰਤ ਵਿੱਚ ਸਭ ਨੂੰ ਗੁਰਮੁਖ ਬਣਨ ਦੀ ਪ੍ਰੇਰਣਾ ਕੀਤੀ ਹੈ । ਇਉਂ ਭਾਈ ਸਾਹਿਬ ਨੇ ਦਸਿਆ ਹੈ ਕਿ ਇਸ ਸਾਰੇ ਪਸਾਰੇ ਵਿਚ ਗੁਰੂ ਤੇ ਗੁਰਮੁਖ ਹੀ ਮਹਾਨ ਹਨ । ਇਹ ਵਾਰ ਭਾਈ ਸਾਹਿਬ ਦੀ ਭਰਪੂਰ ਕਲਪਨਾ ਸ਼ਕਤੀ ਦਾ ਪਤਾ ਦੇਂਦੀ ਹੈ ।

ਨੌਵੀਂ ਵਾਰ:—

ਇਸ ਵਾਰ ਵਿਚ ਕੁਲ 23 ਪਉੜੀਆਂ ਹਨ । ਪਹਿਲੀ ਪਉੜੀ ਵਿਚ ਪਾਰਬ੍ਰਹਮ, ਗੁਰੂ, ਗੁਰਸ਼ਬਦ ਤੇ ਸਾਧ ਸੰਗਤ ਦੀ ਮਹਿਮਾ ਦੱਸੀ ਹੈ । ਦੂਜੀ ਪਉੜੀ ਵਿਚ ਗੁਰਸਿਖੀ ਦੇ ਖੰਡੇਧਾਰ ਤੇ ਬਿਖੜੇ ਮਾਰਗ ਦਾ ਜ਼ਿਕਰ ਹੈ । ਅਗਲੀਆਂ ਛੇ ਪਉੜੀਆਂ ਵਿਚ ਗੁਰਮੁਖ ਦੇ ਗੁਣਾਂ ਦਾ ਵਿਸ਼ਲੇਸ਼ਣ

ਕਰਦਿਆਂ ਗੁਰਸਿਖ ਦੀ ਕਰਨੀ ਕਥਨੀ, ਰਹਿਣੀ ਬਹਿਣੀ ਉੱਤੇ ਪ੍ਰਕਾਸ਼ ਪਾਇਆ ਗਿਆ ਹੈ ਅਤੇ ਸਿਖ ਤੇ ਸਤਿਗੁਰੂ ਦੇ ਸੰਬੰਧ ਨੂੰ ਸਥਾਪਿਤ ਕੀਤਾ ਹੈ। ਇਸ ਤੋਂ ਬਾਦ ਇਹ ਦਸਿਆ ਹੈ ਕਿ ਗੁਰਸਿਖ ਨੂੰ ਗੁਰੂ ਨਾਲ ਇਕ ਸੁਰ ਹੋ ਕੇ ਇਕ ਅਲੌਕਿਕ ਤੇ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ। ਤੇਰ੍ਹਵੀਂ ਪਉੜੀ ਵਿਚ 'ਵਾਹਿਗੁਰੂ ਮੰਤਰ' ਦਾ ਜਸ ਗਾਇਆ ਹੈ। ਅਖੀਰਲੀਆਂ ਨੌਂ ਪਉੜੀਆਂ ਵਿਚ ਚੰਦਨ, ਪਾਰਸ, ਮਾਨਸਰ, ਪਾਰਜਾਤ, ਕਾਮਧੇਨ ਆਦਿ ਉਪਮਾਨ ਵਰਤ ਕੇ, ਗੁਰਮੁਖ ਦੇ ਗੁਣ ਦਸ ਕੇ, ਉਸ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ। ਚਰਨਧੂੜ, ਧਰਤੀ, ਜਲ ਤੇ ਬ੍ਰਿਛ ਆਦਿ ਦ੍ਰਿਸ਼ਟਾਂਤਾਂ ਰਾਹੀਂ ਗੁਰਮੁਖ ਦੀ ਨਿਮਰਤਾ ਨੂੰ ਸਾਕਾਰ ਕੀਤਾ ਗਿਆ ਹੈ।

ਦਸਵੀਂ ਵਾਰ:-

ਇਸ ਵਾਰ ਦੀਆਂ 23 ਪਉੜੀਆਂ ਹਨ ਤੇ 23 ਹੀ ਭਗਤਾਂ ਦੇ ਜੀਵਨ-ਪ੍ਰਸੰਗ ਇਹਨਾਂ ਪਉੜੀਆਂ ਵਿਚ ਸੰਖੇਪ-ਰੂਪ, ਪਰ ਭਾਵਪੂਰਤ ਸ਼ੈਲੀ ਰਾਹੀਂ, ਬਿਆਨ ਕੀਤੇ ਗਏ ਹਨ। ਇਸੇ ਲਈ ਇਸ ਨੂੰ 'ਭਗਤਾਂ ਦੀ ਵਾਰ' ਵੀ ਆਖਿਆ ਜਾਂਦਾ ਹੈ। ਇਸ ਵਾਰ ਵਿਚ ਬਿਆਨ ਕੀਤੇ ਗਏ ਪ੍ਰਸੰਗ ਦ੍ਰਿਸ਼ਟਾਂਤ ਮਾਤਰ ਹੀ ਹਨ ਤੇ ਗੁਰਮਤ ਦੇ ਕਿਸੇ ਨਾ ਕਿਸੇ ਸਿਧਾਂਤ ਦੀ ਵਿਆਖਿਆ ਲਈ ਪ੍ਰਮਾਣ ਦੇ ਰੂਪ ਵਿਚ ਵਰਤੇ ਗਏ ਹਨ। ਇਹ ਪ੍ਰਸੰਗ ਧਰੂਹ, ਪ੍ਰਹਿਲਾਦ, ਬਲਿ-ਬਾਵਨ, ਅੰਬਰੀਕ, ਜਨਕ, ਹਰੀਚੰਦ-ਤਾਰਾ ਰਾਣੀ, ਬਿਦਰ-ਦੁਰਜੋਧਨ, ਦ੍ਰੋਪਦੀ, ਸੁਦਾਮਾ, ਜੈਦੇਉ, ਨਾਮਦੇਵ-ਤ੍ਰਿਲੋਚਨ ਧੰਨਾ-ਬ੍ਰਾਹਮਣ, ਬੇਣੀ, ਕਬੀਰ-ਰਾਮਾਨੰਦ, ਸੈਣ, ਰਵਿਦਾਸ, ਅਹੱਲਿਆ-ਗੌਤਮ, ਵਾਲਮੀਕ, ਅਜਾਮਲ ਗਨਿਕਾ, ਪੂਤਨਾ, ਬੱਧਕ ਆਦਿ ਪ੍ਰਸਿੱਧ ਪੌਰਾਣਿਕ ਅਤੇ ਇਤਿਹਾਸਕ ਭਗਤਾਂ ਨਾਲ ਸੰਬੰਧਤ ਹਨ।

ਗਿਆਰ੍ਹਵੀਂ ਵਾਰ:-

ਇਹ ਵਾਰ 31 ਪਉੜੀਆਂ ਦੀ ਹੈ। ਇਸ ਵਾਰ ਦੀਆਂ ਪਹਿਲੀਆਂ ਬਾਰਾਂ ਪਉੜੀਆਂ ਵਿਚ ਸਤਿਗੁਰ, ਗੁਰਮੁਖ, ਗੁਰਸਿਖੀ, ਗੁਰੂ-ਚਰਣ, ਗੁਰਸਿਖ-ਪ੍ਰੀਤ ਗੁਰੂ-ਸਿਖ ਮਿਲਾਪ ਆਦਿ ਵਿਸ਼ਿਆਂ ਸੰਬੰਧੀ ਵਿਚਾਰ ਪ੍ਰਸਤੁਤ ਕਰਨ ਉਪਰੰਤ ਅਗਲੀਆਂ ਪਉੜੀਆਂ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਿਖਾਂ ਦੀ ਨਾਮਾਵਲੀ ਦਿੱਤੀ ਗਈ ਹੈ। ਕਿਤੇ ਕਿਤੇ ਇਹਨਾ ਸਿਖਾਂ ਦੀਆਂ ਜਾਤਾਂ ਤੇ ਥਾਵਾਂ ਦਾ ਜ਼ਿਕਰ ਵੀ ਕੀਤਾ ਹੈ ਤੇ ਇਹ ਜਾਣਕਾਰੀ ਕੇਵਲ ਇੱਥੇ ਤਕ ਹੀ ਸੀਮਿਤ ਹੈ। ਇਤਿਹਾਸਕ ਪੱਖ ਤੋਂ ਇਸ ਵਾਰ ਦੀ ਮਹੱਤਤਾ ਪ੍ਰਤੱਖ ਹੈ। ਇਹ ਦਸਿਆ ਜਾਂਦਾ ਹੈ ਕਿ ਇਸ ਵਾਰ ਦੇ ਮਹੱਤਵ ਨੂੰ ਵੇਖ ਕੇ ਭਾਈ ਮਨੀ ਸਿੰਘ ਨੇ ਇਸ ਵਾਰ ਦਾ ਟੀਕਾ ਕੀਤਾ ਜਿਸ ਦਾ ਨਾਂ 'ਸਿਖਾਂ ਦੀ ਭਗਤ ਮਾਲ' ਜਾਂ 'ਭਗਤ ਰਤਨਾਵਲੀ' ਪ੍ਰਸਿੱਧ ਹੈ।

ਬਾਰ੍ਹਵੀਂ ਵਾਰ:–

ਇਸ ਵਾਰ ਦੀਆਂ ਕੁਲ 20 ਪਉੜੀਆਂ ਹਨ । ਭਾਈ ਸਾਹਿਬ ਨੇ ਪਹਿਲੀਆਂ ਛੇ ਪਉੜੀਆਂ ਵਿਚ ਗੁਰਸਿਖ ਦੀ ਕਰਨੀ, ਨਿਤਨੇਮ, ਰਹਿਣੀ, ਸਰੂਪ ਤੇ ਲੱਛਣ ਨੂੰ ਉਜਾਗਰ ਕੀਤਾ ਹੈ । ਇਸ ਤੋਂ ਉਪਰੰਤ ਬ੍ਰਹਮਾ, ਸ਼ਿਵਜੀ, ਵਿਸ਼ਨੂੰ ਤੇ ਉਸ ਦੇ ਦਸ ਅਵਤਾਰਾਂ ਤੇ ਹੋਰ ਪੌਰਾਣਿਕ ਪਾਤਰਾਂ ਦਾ ਜ਼ਿਕਰ ਕਰ ਕੇ ਨਾਂਹ ਵਾਚਕ ਸ਼ੈਲੀ ਨਾਲ ਗੁਰਮੁਖ ਦੇ ਆਚਰਣ ਨੂੰ ਉੱਚਾ ਦਸਿਆ ਹੈ । ਅਖੀਰਲੀਆਂ ਪਉੜੀਆਂ ਵਿਚ ਇਕ ਵਾਰ ਫਿਰ ਗੁਰਮੁਖ ਦੇ ਸੁਭਾਵ ਤੇ ਸਰੂਪ ਨੂੰ ਬਿਆਨ ਕਰ ਕੇ ਸਾਧ ਸੰਗਤ ਦੀ ਵਡਿਆਈ ਕੀਤੀ ਹੈ । ਇਸ ਦੇ ਨਾਲ ਹੀ ਵਾਹਿਗੁਰੂ ਮੰਤਰ ਦੀ ਚਰਚਾ, ਕਲਜੁਗ ਦੀ ਉੱਤਮਤਾ ਤੇ ਨੀਚ ਕੁਲਾਂ ਵਿਚ ਹੋਏ ਨਿਸ਼ਕਾਮ ਭਗਤਾਂ ਦੀ ਮਹਿਮਾ ਕੀਤੀ ਗਈ ਹੈ । ਇਸ ਵਾਰ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਕਾਫ਼ੀ ਮਾਤਰਾ ਵਿਚ ਉਪਲਬਧ ਹਨ ।

ਤੇਰ੍ਹਵੀਂ ਵਾਰ:–

25 ਪਉੜੀਆਂ ਦੀ ਇਸ ਵਾਰ ਵਿਚ ਗੁਰੂ ਤੇ ਚੇਲੇ ਦੇ ਪ੍ਰਸਪਰ ਪਿਆਰ ਤੇ ਸੰਬੰਧ ਨੂੰ ਸਾਕਾਰ ਕੀਤਾ ਗਿਆ ਹੈ ਤੇ ਦਸਿਆ ਹੈ ਕਿ 'ਗੁਰੂ ਚੇਲਾ ਚੇਲਾ ਗੁਰੂ' ਹੋ ਜਾਂਦੇ ਹਨ । ਭਾਈ ਸਾਹਿਬ ਨੇ ਇਸ ਸੰਬੰਧ ਵਿਚ ਪਿਰਮ-ਰਸ ਜਾਂ ਪ੍ਰੇਮ-ਰਸ ਦੀ ਮਹਾਨਤਾ ਨੂੰ ਪਰਗਟਾਇਆ ਹੈ, ਪ੍ਰੇਮ-ਰਸ ਦੇ ਸਰੂਪ ਨੂੰ ਨਿਖਾਰਿਆ ਹੈ ਤੇ ਇਸ ਰਸ ਨੂੰ ਸਰਵ-ਉੱਤਮ ਰਸ ਮੰਨਿਆ ਹੈ, ਪਰ ਇਸ ਅਮੋਲਕ ਦਾਤ, ਪ੍ਰੇਮ-ਰਸ, ਦੀ ਪ੍ਰਾਪਤੀ ਭਾਣੇ ਵਿਚ ਰਹਿ ਕੇ ਹੀ ਹੋ ਸਕਦੀ ਹੈ । ਪ੍ਰੇਮ-ਰਸ ਦੇ ਮਹੱਤਵ ਨੂੰ ਬਿਆਨ ਕਰਨ ਦੇ ਨਾਲ-ਨਾਲ ਪਰਮਾਤਮਾ ਦੀ ਬੇਅੰਤਤਾ, ਸਤਿਗੁਰੂ ਦਾ ਬਿਰਦ-ਪਾਲਕ ਸੁਭਾਵ, ਗੁਰਮੁਖਾਂ ਦਾ ਆਚਰਣ ਤੇ ਜੀਵਨ-ਵਿਹਾਰ, ਗੁਰੂ-ਸਿਖ ਪ੍ਰੀਤ, ਗੁਰੂ-ਉਪਮਾ, ਪ੍ਰਭੂ-ਮਹਿਮਾ ਤੇ ਨਾਮ-ਸਿਮਰਨ ਉੱਤੇ ਜ਼ੋਰ ਦਿੱਤਾ ਗਿਆ ਹੈ । ਉੱਚ-ਆਚਰਣ ਨੂੰ ਏਨਾਂ ਵਡਿਆਇਆ ਹੈ ਕਿ ਉੱਚ-ਆਚਰਣ ਵਾਲੇ ਪੰਜ ਸਿੱਖਾਂ ਨੂੰ 'ਪਰਮੇਸ਼ਰ ਦਾ ਰੂਪ' ਕਹਿ ਦਿੱਤਾ ਹੈ ।

ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ

ਚੌਧਵੀਂ ਵਾਰ:–

20 ਪਉੜੀਆਂ ਦੀ ਇਹ ਵਾਰ ਗੁਰੂ-ਜਸ ਨਾਲ ਅਰੰਭ ਕਰ ਕੇ ਸਾਧ-ਸੰਗਤ ਦੀ ਉਪਮਾ ਕੀਤੀ ਹੈ ਤੇ ਇਸ ਨੂੰ ਸਰਬ ਸ਼ੁਭ-ਗੁਣਾਂ ਦੀ ਖਾਨ ਦਸਿਆ ਹੈ । ਸਾਧ ਸੰਗਤ ਜਾਂ ਸਤਿ ਸੰਗਤ ਦੀ ਕੁਠਾਲੀ ਵਿਚੋਂ ਗੁਰਸਿਖ ਨੂੰ ਜੋ ਮਹਾਨ ਅਧਿਆਤਮਕ ਅਵਸੱਥਾ ਪ੍ਰਾਪਤ ਹੁੰਦੀ ਹੈ ਉਹ ਦੇਵਤਿਆਂ ਦੇ ਹਿਸੇ ਵਿਚ ਵੀ ਨਹੀਂ ਆਈ । ਪਰ ਗੁਰਮੁਖ ਜਾਂ ਗੁਰਸਿਖ ਦੀ ਸਾਧਨਾ ਬੜੀ ਕਰੜੀ ਹੈ । ਸਿੱਖੀ ਕਠਨ ਮਾਰਗ ਹੈ । ਆਪਣਾ ਆਪ ਗਵਾਣਾ ਪੈਂਦਾ ਹੈ । ਭਾਈ ਸਾਹਿਬ ਨੇ ਧਰਤੀ, ਜਲ, ਬ੍ਰਿਛ ਤਿਲ, ਕਪਾਹ, ਕਮਾਦ, ਲੋਹਾ, ਰਬਾਬ, ਚੰਦਨ, ਆਦਿ ਨੂੰ ਉਪਮਾਨ-ਦ੍ਰਿਸ਼ਟਾਂਤ ਰੂਪ ਵਿਚ ਵਰਤ

ਕੇ ਗੁਰਮੁਖ ਦੀ ਕਰੜੀ ਸਾਧਨਾ, ਸਦਾ ਤੇ ਉਸ ਦੇ ਉੱਚੇ ਪਰਉਪਕਾਰੀ ਆਚਰਣ ਨੂੰ ਉਘਾੜਿਆ ਹੈ। ਇਸ ਦੇ ਟਾਕਰੇ ਤੇ ਮਨਮੁਖ ਦੀ ਨਿਘਰੀ ਦਸ਼ਾ ਨੂੰ ਯਾਰ੍ਹਵੀਂ ਪਉੜੀ ਦੀ ਇਕੋ ਹੀ ਤੁਕ ਵਿਚ ਇੰਜ ਬਿਆਨ ਕੀਤਾ ਹੈ—"ਛਤੀਹ ਅੰਮ੍ਰਿਤ ਖਾਇ ਕੁਚੀਲ ਕਰਾਇਆ"। ਅਖੀਰਲੀਆਂ ਪਉੜੀਆਂ ਵਿਚ ਸੇਵਾ ਦੀ ਵਡਿਆਈ ਕਰ ਕੇ ਸੇਵਾ ਦੇ ਬੇਅੰਤ ਫਲ ਦੱਸੇ ਹਨ।

ਪੰਦਰ੍ਹਵੀਂ ਵਾਰ:-

ਇਸ ਵਾਰ ਦੀਆਂ ਕੁਲ 21 ਪਉੜੀਆਂ ਹਨ ਤੇ ਸਤਿਗੁਰੂ ਦੀ ਮਹਿਮਾ ਨੂੰ ਇਸ ਵਾਰ ਦਾ ਮੁਖ ਵਿਸ਼ਾ ਬਣਾਇਆ ਗਿਆ ਹੈ। ਇਸ ਵਾਰ ਦੀਆਂ ਚੋਦਾਂ ਪਉੜੀਆ ਵਿਚ ਸਤਿਗੁਰੂ ਦੀ ਉਪਮਾ ਕਰ ਕੇ ਇਹ ਦਸਿਆ ਹੈ ਕਿ ਸਤਿਗੁਰੂ ਹੀ ਸੱਚਾ ਸਾਕ, ਸੱਚਾ ਵੈਦ, ਸੱਚਾ ਤੀਰਥ ਹੈ ਤੇ ਕੇਵਲ ਉਹ ਹੀ ਭਵ-ਸਾਗਰ ਤੋਂ ਪਾਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਮਨੁੱਖਾ ਦੇਹੀ ਦੀ ਉੱਤਮਤਾ ਤੇ ਇਸ ਦੇ ਮਨੋਰਥ, ਕੁਦਰਤ ਦੇ ਅਨੰਤ ਪਸਾਰੇ, ਗੁਰੂ-ਚੇਲੇ ਦੇ ਸੰਬੰਧ, ਸਰੀਰਕ ਅੰਗਾਂ ਦੇ ਸ਼ੁਭ ਕਰਮਾਂ ਆਦਿ ਬਾਰੇ ਬਿਆਨ ਦਿੱਤਾ ਹੈ। ਮਨਮੁਖ ਨੂੰ ਪਸ਼ੂ ਪੰਛੀ ਤੋਂ ਵੀ ਭੈੜਾ ਕਹਿ ਕੇ ਆਖਰੀ ਦੋ ਪਉੜੀਆਂ ਵਿਚ ਦਸਿਆ ਹੈ ਕਿ ਇਸ ਜਗਤ ਵਿਚ ਗੁਰਮੁਖਾਂ ਦਾ ਆਉਣਾ ਹੀ ਸਫਲ ਹੈ।

ਸੋਲ੍ਹਵੀਂ ਵਾਰ:—

21 ਪਉੜੀਆਂ ਦੀ ਇਸ ਵਾਰ ਵਿਚ ਗੁਰਮਤ ਦੇ ਵੱਖ ਵੱਖ ਸਿਧਾਂਤਾਂ ਜਿਵੇਂ ਕਿ ਸਤਿਗੁਰੂ, ਗੁਰਮੁਖ, ਸਾਧ-ਸੰਗਤ, ਪਰਉਪਕਾਰ, ਨਿਰਲੇਪਤਾ, ਨਿਰਮਾਣਤਾ ਤੇ ਸਮਦਰਸ਼ਤਾ, ਸੇਵਾ, ਕਰਮ—ਫਲ ਆਦਿ ਦੀ ਸਵਿਸਥਾਰ ਵਿਆਖਿਆ ਕਰਦਿਆਂ ਨੀਂਵੀਂ ਧਰਤੀ, ਪਰਉਪਕਾਰੀ ਜਲ, ਅਲੇਪ ਕਮਲ, ਬ੍ਰਿਛ, ਮਲਾਹ, ਬਾਵਨ ਚੰਦਨ, ਸੂਰਜ, ਮਾਨ ਸਰੋਵਰ, ਪਾਰਸ, ਆਦਿ ਦੇ ਦ੍ਰਿਸ਼ਟਾਂਤ ਦੇ ਕੇ ਬੜੇ ਗੂੜ੍ਹ ਭਾਵ ਜਗਾਏ ਹਨ ਤੇ ਮਨੁੱਖ ਨੂੰ ਪ੍ਰਭੂ-ਭਗਤੀ ਵਿਚ ਲੀਨ ਹੋਣ ਲਈ ਉਤਸ਼ਾਹ ਦਿੱਤਾ ਹੈ।

ਸਤਾਰ੍ਹਵੀਂ ਵਾਰ:-

ਇਸ ਵਾਰ ਦੀਆਂ ਵੀ 21 ਪਉੜੀਆਂ ਹਨ। ਭਾਈ ਸਾਹਿਬ ਨੇ ਇਸ ਵਾਰ ਵਿਚ ਮਨਮੁਖ ਨੂੰ ਉਸ ਦੇ ਵੱਖ-ਵੱਖ ਰੂਪਾਂ ਵਿਚ ਚਿਤਰ ਕੇ ਉਸ ਦੇ ਘਟੀਆ ਕੰਮਾਂ ਅਨੁਸਾਰ ਉਸ ਨੂੰ ਕਪਟ-ਸਨੇਹੀ, ਹੰਕਾਰੀ, ਨਿੰਦਕ, ਬੇਮੁਖ, ਦੁਸ਼ਟ, ਧੂਤ, ਝੂਠਾ, ਹਰਾਮੀ, ਲੂਣ ਹਰਾਮੀ, ਅਕ੍ਰਿਤਘਣ, ਲਾਇਤ-ਬਾਰ, ਕੁੜਿਆਰ, ਪਖੰਡੀ, ਕਰਮਹੀਨ, ਕੁਸੰਗੀ ਤੇ ਪਤਿਤ ਆਦਿ ਨਾਂ ਦਿੱਤੇ ਹਨ। ਮਨਮੁਖ ਦੀ ਦੁਰਦਸ਼ਾ ਦਾ ਇਹ ਘਿਨਾਉਣਾ ਚਿਤਰਣ, ਸੱਪ, ਡੱਡੂ, ਬਗਲਾ, ਸਿਮਲ ਬ੍ਰਿਛ, ਅੱਕ, ਬਾਂਸ, ਉੱਲੂ, ਚਕਵਾ, ਕੜਛੀ, ਹਾਥੀ, ਤੁੰਮਾ, ਬਾਂਝ-ਇਸਤਰੀ, ਪੱਥਰ, ਕਾਂ, ਰੋਗੀ, ਗਧਾ, ਕੰਬਲ, ਤਿਲ ਬੂਆੜ,

ਕੋਹਾਂ, ਅਰਿੰਡ, ਕਨੇਰ, ਜੋਕ, ਅੱਕ ਟਿੱਡਾ, ਆਦਿ ਦੇ ਉਪਮਾਨ-ਦ੍ਰਿਸ਼ਟਾਂਤ ਰਾਹੀਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਸ ਦੇ ਨਾਲ ਹੀ ਟਾਕਰਾ—ਵਿਧੀ ਅਨੁਸਾਰ ਗੁਰਮੁਖ ਦੀ ਉਸ ਉੱਚ ਅਧਿਆਤਮਕ ਅਵੱਸਥਾ ਦਾ ਜ਼ਿਕਰ ਕੀਤਾ ਹੈ ਜੋ ਉਸ ਨੇ ਆਪਣੀ ਨਿਰਮਲ ਕਰਣੀ ਦੁਆਰਾ ਪ੍ਰਾਪਤ ਕੀਤੀ ਹੈ।

ਅਠਾਰਵੀਂ ਵਾਰ:-

ਇਸ ਵਾਰ ਦੀਆਂ 23 ਪਉੜੀਆਂ ਹਨ। ਇਸ ਦੀਆਂ ਪਹਿਲੀਆਂ ਦੋ ਪਉੜੀਆਂ ਬੇਅੰਤ ਕਾਦਰ ਦਾ ਜਸ ਗਾਉਂਦੀਆਂ ਹਨ। ਅਗਲੀਆਂ ਪਉੜੀਆਂ ਵਿਚ 'ਬਲਿਹਾਰੀ ਕੁਦਰਤ ਵਸਿਆ' ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਕੁਦਰਤ ਦਾ ਚਿਤਰਣ ਕਰ ਕੇ ਕਾਦਰ ਦੀ ਅਨੰਤਤਾ ਨੂੰ ਦਰਸਾਇਆ ਹੈ। ਫਿਰ ਮਾਇਆ ਦੀ ਉਤਪਤੀ ਤੇ ਇਸ ਦੇ ਪ੍ਰਭਾਵ ਦਾ ਜ਼ਿਕਰ ਕਰ ਕੇ ਦਸਿਆ ਹੈ ਕਿ ਮਾਇਆ ਦੀ ਲਪੇਟ ਵਿਚ ਆ ਕੇ ਮਨੁੱਖ ਆਪਣੇ ਅਸਲੇ ਨੂੰ ਭੁਲਾ ਬੈਠਾ ਹੈ। ਇਸ ਤੋਂ ਮਗਰੋਂ ਮਨੁੱਖ ਨੂੰ ਚੇਤਾਵਨੀ ਦਿਤੀ ਹੈ ਕਿ 'ਦਾਤ ਪਿਆਰੀ ਵਿਸਰਿਆ ਦਾਤਾਰਾ' ਵਾਲੀ ਗੱਲ ਨਾ ਕਰ ਕੇ, ਦਾਤਾਂ ਦੇ ਮਾਇਆਵੀ ਰੂਪ ਵਿਚ ਨਾ ਉਲਝ ਕੇ, ਦਾਤੇ ਦੇ ਧਿਆਨ ਵਿਚ ਜੁੜਨ ਨਾਲ ਹੀ ਜੀਵਨ-ਮੁਕਤੀ ਮਿਲ ਸਕਦੀ ਹੈ। ਗੁਰਮੁਖੀ-ਜੀਵਨ ਦਾ ਇਹੀ ਢੰਗ ਹੈ, ਗੁਰਮਤ ਦਾ ਇਹੀ ਗਾਡੀ ਰਾਹ ਹੈ। ਸੱਚ ਨਾਲੋਂ ਸਚ-ਆਚਾਰ ਉਚੇਰਾ ਤੇ ਵਧੇਰੇ ਮਹੱਤਵ ਵਾਲਾ ਹੁੰਦਾ ਹੈ। ਸਤਿਗੁਰੂ ਤੇ ਸਿਖ ਦਾ ਪ੍ਰੇਮ ਦਰਸਾ ਕੇ ਸਿਖ ਨੂੰ ਹੁਕਮੀ-ਬੰਦਾ, ਰਜ਼ਾ ਵਿਚ ਰਹਿਣ ਵਾਲਾ ਕਿਹਾ ਗਿਆ ਹੈ।

ਉਨੀਵੀਂ ਵਾਰ :-

21 ਪਉੜੀਆਂ ਦੀ ਇਹ ਵਾਰ ਗੁਰਮੁਖ ਦੀ ਸ਼ਖ਼ਸੀਅਤ, ਰਹਿਣੀ, ਸਰੂਪ, ਲੱਛਣ ਤੇ ਮਹਾ-ਨਤਾ ਨੂੰ ਉਜਾਗਰ ਕਰਦੀ ਹੈ। ਮੰਗਲਾ-ਚਰਣ ਨਾਲ ਅਰੰਭ ਕਰ ਕੇ ਮਨੁੱਖਾ ਜੂਨ ਦੀ ਸਰਵ ਉੱਤ-ਮਤਾ ਦੱਸੀ ਹੈ। ਫਿਰ ਸੰਸਾਰ ਨੂੰ ਗੋਇਲ ਵਾਸਾ, ਸਰਾਂ ਆਦਿ ਕਹਿ ਕੇ ਇਸ ਨੂੰ ਥੋੜ-ਚਿਰੀ ਖੇਡ ਦਸਦਿਆਂ ਇਸ ਦੀ ਨਾਸ਼ਮਾਨਤਾ ਦਾ ਜ਼ਿਕਰ ਕੀਤਾ ਹੈ ਤੇ ਇਉਂ ਨੇਕ ਜੀਵਨ-ਜੁਗਤੀ ਦਾ ਰਾਹ ਵਿਖਾਇਆ ਹੈ। ਇਹੀ ਤਾਂ ਗੁਰਮੁਖ ਦੀ ਜੀਵਨ-ਜਾਚ ਹੈ। ਅਖੀਰਲੀਆਂ ਪਉੜੀਆਂ ਵਿਚ ਗੁਰਮੁਖਾਂ ਦੇ ਸੁਭਾਵ ਤੇ ਉਹਨਾ ਦੀ ਕਰਣੀ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰ ਕੇ ਇਹ ਦ੍ਰਿੜ੍ਹ ਕਰਾਇਆ ਹੈ ਕਿ ਗੁਰਮਤ ਮਾਰਗ ਹੀ 'ਗਾਡੀ ਰਾਹ' ਹੈ ਤੇ ਇਸ ਅਨੁਸਾਰ ਜੀਵਨ ਬਿਤਾ ਕੇ ਮਨੁੱਖੀ-ਜੀਵਨ ਸਫਲ ਬਣਾਇਆ ਜਾ ਸਕਦਾ ਹੈ।

ਵੀਹਵੀਂ ਵਾਰ: —

ਇਸ ਵਾਰ ਵਿਚ ਵੀ 21 ਪਉੜੀਆਂ ਹਨ। ਪਹਿਲੀਆਂ ਦੋ ਪਉੜੀਆਂ ਵਿਚ ਪਹਿਲੇ ਛੇ

ਗੁਰੂ ਸਾਹਿਬਾਨ ਅੱਗੇ ਸਿਰ ਝੁਕਾ ਕੇ ਮੰਗਲ ਕੀਤਾ ਹੈ ਤੇ ਸਾਰੇ ਗੁਰੂਆਂ ਵਿਚ ਇੱਕੋ ਹੀ ਜੋਤਿ ਵਿਦਮਾਨ ਦੱਸੀ ਹੈ। ਇਸ ਤੋਂ ਉਪਰੰਤ ਗੁਰਮੁਖ ਦੀ ਸਦਚ ਕਰਨੀ, ਨਿਤ ਕਰਮ ਘਾਲ ਕਮਾਈ ਤੇ ਸਾਧ ਸੰਗਤ ਦੀ ਵਡਿਆਈ ਤੇ ਚਾਨਣਾ ਪਾਇਆ ਗਿਆ ਹੈ; ਪਰਉਪਕਾਰ ਦੀ ਭਾਵਨਾ ਨੂੰ ਜਗਾਇਆ ਗਿਆ ਹੈ। ਸਤਿਗੁਰੂ ਦੇ ਹੁਕਮ ਅਤੇ ਸਿਖ ਦੇ ਪ੍ਰੇਮ ਦਾ ਜ਼ਿਕਰ ਵੀ ਕੀਤਾ ਗਿਆ ਹੈ। ਫਿਰ ਯੋਗ ਮਤ ਦੇ ਟਾਕਰੇ ਤੇ ਗੁਰਮਤ ਦੇ ਸਹਿਜ ਯੋਗ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਨੂੰ ਉਜਾਗਰ ਕੀਤਾ ਗਿਆ ਹੈ। ਫਿਰ, ਸੰਸਾਰ ਨੂੰ ਚੌਪੜ ਤੇ ਸ਼ਤਰੰਜ ਦੀ ਖੇਡ ਕਹਿ ਕੇ ਗੁਰਸਿਖ ਨੂੰ ਇਸ ਖੇਡ ਵਿਚ ਜਿਤਦਾ ਵਿਖਾਇਆ ਹੈ ਤੇ ਉਸ ਦੀ ਇਸ ਜਿਤ ਦਾ ਕਾਰਨ ਪ੍ਰਭੂ ਦੇ ਭੈ ਵਿਚ ਰਹਿਣਾ ਤੇ ਗੁਰੂ-ਚਰਨਾਂ ਨਾਲ ਜੁੜਨਾ ਦਸਿਆ ਹੈ।

ਇੱਕੀਵੀਂ ਵਾਰ:—

20 ਪਉੜੀਆਂ ਦੀ ਇਸ ਵਾਰ ਵਿਚ ਮੁਖ ਤੌਰ ਤੇ ਭਾਉ-ਭਗਤੀ ਉਤੇ ਜ਼ੋਰ ਦਿੱਤਾ ਗਿਆ ਹੈ ਤੇ ਭਾਈ ਸਾਹਿਬ ਨੇ ਭਾਉ-ਭਗਤੀ ਜਾਂ ਪ੍ਰੇਮਾ-ਭਗਤੀ ਨੂੰ ਬਾਕੀ ਹਰ ਪਰਕਾਰ ਦੀ ਭਗਤੀ ਨਾਲੋਂ ਉੱਤਮ ਦ੍ਰਿੜ੍ਹ ਕਰਾਂਦਿਆਂ ਇਹ ਦਸਿਆ ਹੈ ਕਿ ਕੇਵਲ ਭਾਉ-ਭਗਤੀ ਹੀ ਸੰਸਾਰ ਸਾਗਰ ਤੋਂ ਤਰਨ ਦਾ ਸਾਧਨ ਹੈ। ਪਹਿਲੀ ਪਉੜੀ ਵਿਚ ਵਾਹਿਗੁਰੂ ਤੇ ਸਤਿਗੁਰੂ ਦੀ ਉਪਮਾ ਕਰ ਕੇ ਅਗਲੀਆਂ ਤਿੰਨ ਪਉੜੀਆਂ ਵਿਚ ਉਸ 'ਆਦਿ ਪੁਰਖ' ਦੀ ਮਹਾਨਤਾ ਦੱਸੀ ਹੈ ਤੇ ਨਾਲ ਹੀ ਇਹ ਕਿ ਪੀਰ ਪੈਗੰਬਰ, ਦੇਵੀ ਦੇਵਤੇ, ਵੇਦ ਕਤੇਬ ਸਭ ਉਸ ਦੇ ਦਰ ਦੇ ਮੰਗਤੇ ਹਨ ਤੇ ਉਸ ਦਾ ਅੰਤ ਕੋਈ ਪਾ ਨਹੀਂ ਸਕਦਾ। ਪ੍ਰਭੂ ਸਰਵ-ਵਿਆਪਕ ਹੈ ਪਰ ਮਨੁੱਖ ਪ੍ਰਭੂ ਨਾਲੋਂ ਟੁੱਟ ਕੇ ਮਾਇਆ-ਜਾਲ ਵਿਚ ਫਸ ਜਾਂਦਾ ਹੈ, ਉਸ ਤੋਂ ਦੂਰ ਹੋ ਜਾਂਦਾ ਹੈ। ਪ੍ਰੇਮਾ-ਭਗਤੀ ਹੀ ਉਹ ਸਾਧਨ ਹੈ ਜਿਸ ਰਾਹੀਂ ਪ੍ਰਭੂ ਨਾਲ ਜੁੜਕੇ ਉਸ ਵਿਚ ਸਮਾਇਆ ਜਾ ਸਕਦਾ ਹੈ। ਖ਼ੁਦੀ ਨੂੰ ਮਿਟਾਉਣ ਤੇ ਪਖੰਡ ਨੂੰ ਤਿਆਗਣ ਦਾ ਉਪਦੇਸ਼ ਵੀ ਦਿੱਤਾ ਹੈ। ਪ੍ਰਭੂ ਕੁਦਰਤ ਸਾਜ ਕੇ ਇਸ ਵਿਚ ਵੱਸਦਾ ਹੋਇਆ ਵੀ ਇਸ ਤੋਂ ਨਿਰਲੇਪ ਹੈ ਤੇ ਬੇਅੰਤ ਕਾਦਰ ਦੀ ਕੁਦਰਤ ਵੀ ਬੇਅੰਤ ਹੈ। ਪੂਰੇ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਭੂ ਤੇ ਉਸ ਦੀ ਕੁਦਰਤ ਸਮਝ ਆ ਸਕਦੀ ਹੈ, ਇਸ ਲਈ ਗੁਰ-ਕਿਰਪਾ ਬੜੀ ਮਹਾਨ ਹੈ।

ਬਾਈਵੀਂ ਵਾਰ :—

ਇਸ ਵਾਰ ਦੀਆਂ 21 ਪਉੜੀਆਂ ਹਨ। ਈਸ਼ਵਰੀ ਰਚਨਾ ਮੰਗਲਾਚਰਣ ਨਾਲ ਸ਼ੁਰੂ ਕਰ ਕੇ ਇਸ ਵਾਰ ਵਿਚ ਪਰਮਾਤਮਾਂ ਦੀ ਸਸ਼ਕਤ ਸੱਤਾ, ਉਸ ਦੀ ਅਗੰਮਤਾ ਤੇ ਜਗਤ ਰਚਨਾ ਦੇ ਨਾਲ ਨਾਲ ਗੁਰਮਤ ਦੇ ਵੱਖ-ਵੱਖ ਸਿਧਾਂਤਾਂ ਦੀ ਵਿਆਖਿਆ ਵੀ ਕੀਤੀ ਗਈ ਹੈ। ਇਥੇ ਗੁਰਮੁਖ ਤੇ ਸਾਧ ਦੇ ਲਛਣ, ਸਰੂਪ ਤੇ ਰਹਿਣੀ ਬਹਿਣੀ ਦਾ ਜ਼ਿਕਰ ਹੈ, ਗੁਰਮਤ ਦੇ ਸਹਿਜਯੋਗ ਦਾ ਵਰਣਨ ਹੈ, ਗੁਰੂ

ਤੇ ਸਿਖ ਦਾ ਪ੍ਰਸਪਰ ਸੰਬੰਧ ਜੋੜਿਆ ਹੈ। ਗੁਰਮਤ ਅਨੁਸਾਰ ਵਿਚਰਦੇ ਗੁਰਮੁਖਾਂ ਦੀ ਚਰਣਧੂੜ ਦਾ ਪ੍ਰਤਾਪ ਦਸਿਆ ਹੈ ਤੇ ਸਾਧ-ਸੰਗਤ ਨੂੰ ਸੱਚ-ਖੰਡ ਕਿਹਾ ਹੈ। ਇਸ ਵਾਰ ਵਿਚ ਭਾਈ ਲਹਿਣੇ ਦੀ ਅਦੁੱਤੀ ਗੁਰੂ–ਭਗਤੀ ਦਾ ਜ਼ਿਕਰ ਕਰਦਿਆਂ ਗੁਰੂ ਦੇ ਸਿਖ ਨੂੰ ਗੁਰੂ-ਪਦਵੀ ਪ੍ਰਾਪਤ ਕਰਦਾ ਵੀ ਵਿਖਾਇਆ ਹੈ।

ਤੇਈਵੀਂ ਵਾਰ:—

21 ਪਉੜੀਆਂ ਦੀ ਇਸ ਵਾਰ ਵਿਚ ਪਹਿਲੀ ਵਾਰ ਵਾਂਗ ਮਿਥਿਹਾਸ, ਇਤਿਹਾਸ ਤੇ ਭਾਰਤੀ ਫਲਸਫੇ ਆਦਿ ਦੇ ਪਿਛੋਕੜ ਵਿਚ ਗੁਰਮਤ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਪਹਿਲੀ ਪਉੜੀ ਵਿਚ ਗੁਰੂ–ਚਰਣਾਂ ਦੀ ਮਹਾਨਤਾ ਦਰਸਾ ਕੇ ਭਾਈ ਸਾਹਿਬ ਨੇ ਸਾਧੂ ਦੀ ਚਰਨ ਧੂੜੀ ਦਾ ਮਹੱਤਵ ਉਜਾਗਰ ਕੀਤਾ ਹੈ, ਗੁਰਮੁਖ ਦੇ ਸਫਲ ਜੀਵਨ ਦਾ ਜਸ ਗਾਇਆ ਹੈ। ਵੱਖ-ਵੱਖ ਅਵਤਾਰਾਂ ਦੇ ਪ੍ਰਸੰਗ ਵਿਚ ਗੁਰਮੁਖਾਂ ਦੀ ਚਰਨਧੂੜ ਨੂੰ ਕਲਿਆਣਕਾਰੀ ਸਿਧ ਕੀਤਾ ਹੈ, ਗੁਰੂ ਦੇ ਚਰਣ-ਕਮਲਾਂ ਦੀ ਛੋਹ ਦਾ ਮਹਾਤਮ ਦਸਿਆ ਹੈ। ਮਨੁੱਖਾ ਦੇਹੀ, ਹਿੰਦੂਆਂ ਮੁਸਲਮਾਨਾਂ ਦੇ ਵਿਅਰਥ ਧਾਰਮਕ ਵਿਤਕਰੇ, ਜੁਗਾਂ ਦੇ ਧਰਮਾਂ ਦਾ ਰੂਪ, ਆਦਿ ਦਸ ਕੇ ਗੁਰਮੁਖ ਪੰਥ ਨੂੰ ਸਰਵ–ਉੱਤਮ ਮੰਨਿਆ ਹੈ ਤੇ ਹਉਮੈ ਮਿਟਾ ਕੇ ਨਿਮਰਤਾ ਧਾਰਣ ਕਰਨ ਉੱਤੇ ਵੀ ਜ਼ੋਰ ਦਿਤਾ ਹੈ।

ਚੌਵ੍ਹੀਵੀਂ ਵਾਰ :—

25 ਪਉੜੀਆਂ ਦੀ ਇਹ ਵਾਰ ਇਤਿਹਾਸਕ ਪੱਖ ਤੋਂ ਮਹਾਨਤਾ ਰਖਦੀ ਹੈ। ਇਸ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦਾ ਕੀਰਤੀ-ਗਾਇਨ ਹੋਇਆ ਹੈ ਤੇ ਉਹਨਾਂ ਦੇ ਮਹਾਨ ਕੰਮਾਂ ਦਾ ਸੰਖੇਪ-ਰੂਪ ਵਰਨਣ ਕੀਤਾ ਗਿਆ ਹੈ। ਪਹਿਲੀ ਵਾਰ ਤੋਂ ਮਗਰੋਂ ਇਸ ਵਾਰ ਵਿਚ ਹੀ ਗੁਰੂ ਸਾ ਹਿਬਾਨ ਦੀ ਸ਼ਖਸੀਅਤ ਦਾ ਵਿਸਥਾਰ ਸਹਿਤ ਚਿਤਰਣ ਹੋਇਆ ਹੈ। ਭਾਈ ਸਾਹਿਬ ਨੇ ਗੁਰੂ ਨਾਨਕ ਦੀ ਅਧਿਆਤਮਕ ਪੀੜ੍ਹੀ ਦਾ ਬਿਉਰਾ ਦੇਂਦਿਆਂ ਸਰਵ-ਗੁਰੂਆਂ ਵਿਚ ਇਕੋ ਜੋਤਿ ਹੀ ਵਿਦਮਾਨ ਦਰਸਾਈ ਹੈ। ਪਹਿਲੀਆਂ ਚਾਰ ਪਉੜੀਆਂ ਵਿਚ ਗੁਰੂ ਨਾਨਕ ਨੂੰ ਕਰਤਾਰ ਪੁਰ ਵਿਚ ਧਰਮਸਾਲ ਬੰਨ੍ਹ ਕੇ ਸੱਚਖੰਡ ਰੂਪੀ ਸਾਧ ਸੰਗਤ ਵਿਚ 'ਵਾਹਿਗੁਰੂ' ਸ਼ਬਦ ਸੁਣਾਂਦੇ ਵਿਖਾਇਆ ਹੈ ਤੇ ਨਾਲ ਹੀ ਗੁਰੂ ਨਾਨਕ ਨੂੰ ਜਗਤ ਗੁਰੂ, ਸੱਚਾ ਪਾਤਸ਼ਾਹ, ਜ਼ਾਹਰ ਪੀਰ,ਗਰੀਬ–ਨਿਵਾਜ ਤੇ ਭਗਤ-ਵਛਲ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ। ਫਿਰ ਗੁਰੂ ਨਾਨਕ ਦੀ ਜੋਤਿ ਨੇ, ਕ੍ਰਮਵਾਰ ਭਾਈ ਲਹਿਣੇ, ਅਮਰ ਦਾਸ, ਰਾਮ ਦਾਸ (ਭਾਈ ਜੇਠਾ) ਅਰਜਨ ਦੇਵ ਤੇ ਹਰਗੋਬਿੰਦ ਵਿਚ ਪ੍ਰਵੇਸ਼ ਹੁੰਦੀ ਵਿਖਾ ਕੇ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਦਾ ਰੂਪ ਧਾਰਦੀ ਦੱਸਿਆ ਹੈ।

ਪੰਝੀਵੀਂ ਵਾਰ:—

20 ਪਉੜੀਆਂ ਦੀ ਇਹ ਵਾਰ ਵਾਹਿਗੁਰੂ-ਗੁਰੂ-ਮੰਗਲਾਚਰਣ ਨਾਲ ਅਰੰਭ ਕਰ ਕੇ ਭਾਈ

ਸਾਹਿਬ ਨੇ ਗੁਰਮੁਖਾਂ ਦੇ ਜੀਵਨ-ਮਾਰਗ ਤੇ ਜੀਵਨ-ਜਾਚ ਦਾ ਜ਼ਿਕਰ ਕਰ ਕੇ ਦਸਿਆ ਹੈ ਕਿ ਭਗਤੀ ਨਾਲ ਉੱਚੀ ਜਾਂ ਨੀਵੀਂ ਜਾਤ ਦਾ ਕੋਈ ਸੰਬੰਧ ਨਹੀਂ ਕਿਉਂਕਿ "ਭਗਤਾ ਜਾਤਿ ਸਨਾਤਿ ਨ ਕਾਈ"। ਨੀਵੀਂ ਜਾਤਿ ਵਿਚ ਜਨਮ ਲੈ ਕੇ ਵੀ ਮਨੁੱਖ ਮਹਾਨ ਭਗਤ ਬਣ ਸਕਦਾ ਹੈ। ਮਹਾਨਤਾ ਦੀ ਨੀਂਹ, ਜਾਤਿ ਉੱਤੇ ਨਾ ਹੋ ਕੇ, ਸਦਗੁਣਾਂ, ਨੇਕ ਕਰਮਾਂ ਤੇ ਚੰਗੇ ਗੁਣਾਂ ਉੱਤੇ ਹੈ ਤੇ ਇਸ ਵਿਚਾਰ ਦੇ ਸਬੂਤ ਵਜੋਂ ਨਾਮਦੇਵ, ਬਿਭੀਖਣ, ਧੰਨਾ, ਕਬੀਰ, ਰਵੀਦਾਸ, ਬਲਿ, ਸੁਕਦੇਵ ਆਦਿ ਭਗਤਾਂ ਦੀਆਂ ਮਿਸਾਲਾਂ ਪੇਸ਼ ਕੀਤੀਆਂ ਹਨ। ਇਸ ਤੋਂ ਇਲਾਵਾ ਸਤਿ ਸੰਗਤ, ਸਿਖੀ ਦੇ ਰਾਜ ਜੋਗ, ਚਰਨੋਦਕ ਆਦਿ ਦੀ ਮਹਾਨਤਾ ਦਰਸਾਈ ਹੈ ਤੇ ਫ਼ਕੀਰੀ ਜੀਵਨ ਨੂੰ ਸ਼ਾਹੀ ਠਾਠ-ਬਾਠ ਤੋਂ ਉੱਤਮ ਮੰਨਿਆ ਹੈ।

ਛਬੀਵੀਂ ਵਾਰ:-

ਇਸ ਵਾਰ ਦੀਆਂ 35 ਪਉੜੀਆਂ ਹਨ। ਸਤਿਗੁਰੂ ਤੇ ਅਕਾਲ ਪੁਰਖ ਪ੍ਰਤੀ ਮੰਗਲਾਚਰਨ ਨਾਲ ਸ਼ੁਰੂ ਕਰ ਕੇ ਇਸ ਵਾਰ ਵਿਚ ਸਤਿਗੁਰੂ ਦੇ ਉਪਕਾਰਾਂ ਨੂੰ ਬਿਆਨ ਕੀਤਾ ਗਿਆ ਹੈ। ਇਸ ਵਾਰ ਦੀਆਂ ਵਧੇਰੀਆਂ ਪਉੜੀਆਂ ਗੁਰੂ-ਜਸ ਨਾਲ ਭਰਪੂਰ ਹਨ। ਪਰ ਇਸ ਤੋਂ ਬਿਨਾਂ, ਚੌਹਾਂ ਜੁਗਾਂ ਦੇ ਧਰਮਾਂ, ਭਾਵਨਾ ਅਨੁਸਾਰ ਫਲ ਦੀ ਪ੍ਰਾਪਤੀ, ਵਾਹਿਗੁਰੂ ਦੀ ਬੇਅੰਤਤਾ, ਨਿਮਰਤਾ ਦੇ ਗੁਣਾਂ, ਪ੍ਰੇਮ-ਰਸ, ਗੁਰਸਿਖ ਵੰਸ, ਨਿਗੁਰੇ ਦੀ ਦੁਰਦਸ਼ਾ ਆਦਿ ਬਾਰੇ ਵੀ ਵਿਚਾਰ ਦਿਤੇ ਗਏ ਹਨ। ਅੰਤਲੀਆਂ ਪਉੜੀਆਂ ਵਿਚ ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ ਦੀ ਸੰਤਾਨ ਦੇ ਸੰਖਿਪ ਵਰਣਨ ਦੇ ਨਾਲ ਨਾਲ ਉਹਨਾਂ ਦੀ ਅਧਿਆਤਮਕ ਪੀੜ੍ਹੀ ਬਾਰੇ ਵੀ ਦਸਿਆ ਗਿਆ ਹੈ।

ਸਤਾਈਵੀਂ ਵਾਰ:-

23 ਪਉੜੀਆਂ ਦੀ ਇਸ ਵਾਰ ਵਿਚ ਗੁਰੂ ਤੇ ਸਿਖ ਦੀ ਪ੍ਰੀਤ ਨੂੰ ਪਰਗਟ ਕੀਤਾ ਗਿਆ ਹੈ। ਪੀਰ ਮੁਰੀਦਾਂ ਦੀ ਇਸ ਪਿਰਹੜੀ ਨੂੰ ਸਭ ਤੋਂ ਉੱਚੀ ਪੱਧਰ ਦਾ ਸਿਧ ਕੀਤਾ ਹੈ। ਭਾਈ ਸਾਹਿਬ ਨੇ ਪ੍ਰਸਿਧ ਪ੍ਰੇਮੀ ਜੋੜਿਆਂ, ਲੈਲਾ ਮਜਨੂੰ, ਸ਼ੀਰੀਂ ਫ਼ਰਹਾਦ, ਸੱਸੀ ਪੰਨੂ, ਸੋਹਣੀ ਮਹੀਂਵਾਲ ਤੇ ਹੀਰ ਰਾਂਝੇ ਦੇ ਪਿਆਰ ਰਾਹੀਂ ਸੱਚੀ ਪ੍ਰੀਤ ਦਾ ਚਿਤਰ ਉਲੀਕਿਆ ਹੈ। ਇਸ ਪੱਖ ਵਿਚ ਹੀ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਗਈਆਂ ਹਨ। ਗੁਰੂ ਤੇ ਸਿਖ ਦੀ ਇਹ ਪ੍ਰੀਤ ਨਿਸ਼ਕਾਮ ਹੈ, ਇਸ ਵਿਚ ਦਵਿਤਾ-ਪਨ ਨਹੀਂ, ਇਹ ਅਕਥ ਕਹਾਣੀ ਹੈ, ਇਹੀ ਸੱਚਾ ਸਾਕ, ਸੱਚਾ ਕੰਮ ਤੇ ਸੱਚੀ ਮਰਯਾਦਾ ਹੈ। ਇਸ ਪ੍ਰੀਤ ਕਾਰਨ ਹੀ ਹਉਮੈ ਦਾ ਨਾਸ ਹੁੰਦਾ ਹੈ ਤੇ ਸੇਵਾ ਦੀ ਭਾਵਨਾ ਜਾਗਦੀ ਹੈ। ਸਰੀਰ ਦੇ ਅੰਗਾਂ ਦੀ ਸੱਚੀ ਸਫਲਤਾ ਵੀ ਇਸੇ ਵਿਚ ਹੈ। ਇਹ ਪ੍ਰੀਤ ਇਨੀ ਉੱਤਮ ਹੈ ਕਿ ਚੇਲਾ ਗੁਰੂ ਰੂਪ ਹੀ ਹੋ ਜਾਂਦਾ ਹੈ। ਅਜਿਹਾ ਗੁਰੂ ਵੀ ਧੰਨ ਹੈ ਤੇ ਸਿਖ ਵੀ ਧੰਨ ਹੈ।

ਅਠਾਈਵੀਂ ਵਾਰ:-

ਇਸ ਵਾਰ ਦੀਆਂ 22 ਪਉੜੀਆਂ ਹਨ। ਭਾਈ ਸਾਹਿਬ ਨੇ ਇਸ ਵਾਰ ਵਿਚ ਵਧੇਰੇ ਕਰ

ਕੇ 'ਸਿੱਖੀ ਕੀ ਹੈ' ਦੇ ਪ੍ਰਸ਼ਨ ਨੂੰ ਵੱਖ-ਵੱਖ ਢੰਗਾਂ ਨਾਲ ਵਿਚਾਰ ਕੇ ਸਪੱਸ਼ਟ ਕੀਤਾ ਹੈ। ਸਿੱਖੀ ਦੀ ਮਹਾਨਤਾ ਦਰਸਾਂਦਿਆਂ ਦਸਿਆ ਹੈ ਕਿ ਸਿੱਖੀ ਦਾ ਮਾਰਗ ਬੜਾ ਬਿਖੜਾ ਹੈ ਪਰ ਇਸ ਜਿਹਾ ਹੋਰ ਕੋਈ ਮਾਰਗ ਵੀ ਨਹੀਂ। ਇਹ ਅਮੋਲਕ ਹੈ। ਸੁਭਾਵ ਵਜੋਂ ਸਿੱਖੀ ਨਿਸ਼ਕਾਮ, ਪਰਉਪਕਾਰੀ ਤੇ ਸੇਵਾ ਭਰਪੂਰ ਹੈ। ਨਾਮ, ਦਾਨ ਇਸ਼ਨਾਨ, ਨਿਮਰਤਾ, ਮਿਠਾ ਬੋਲਣਾ, ਸਿੱਖੀ ਜੀਵਨ ਦੇ ਅੰਗ ਹਨ। ਭਜਨ ਬੰਦਗੀ ਲਈ ਪਹਿਰ ਰਾਤ ਰਹਿੰਦੀ ਜਾਗਣਾ, ਦਸਾਂ ਨੌਹਾਂ ਦੀ ਕਿਰਤ ਕਰਨੀ, ਵੰਡ ਕੇ ਖਾਣਾ ਸਾਧ ਸੰਗਤ ਵਿਚ ਹਾਜ਼ਰ ਹੋ ਕੇ ਸ਼ਬਦ ਦੀ ਵਿਚਾਰ ਕਰਨੀ, ਰਜ਼ਾ ਵਿਚ ਰਾਜ਼ੀ ਰਹਿਣਾ, ਸਿਖ ਦੇ ਨਿਤ ਕਰਮ ਵਿਚ ਸ਼ਾਮਲ ਹੈ। ਇਹ ਸੱਚੇ ਸਿਖ ਦਾ ਜੀਵਨ ਹੈ ਤੇ ਅਜਿਹੇ ਸਿਖ ਵਿਰਲੇ ਹਨ। ਨਿਗੁਰੇ ਮਨੁੱਖ ਦਾ ਜੀਵਨ ਕਿਸੇ ਕੰਮ ਨਹੀਂ। ਸੱਚਾ ਸਿਖ ਬਣਨ ਲਈ ਗੁਰੂ ਨਾਨਕ ਦੀ ਸ਼ਰਨ ਵਿਚ ਜਾਣਾ ਅਤਿਅੰਤ ਜ਼ਰੂਰੀ ਦਸਿਆ ਹੈ।

ਉਂਨਤੀਵੀਂ ਵਾਰ :—

21 ਪਉੜੀਆਂ ਦੀ ਇਸ ਵਾਰ ਵਿਚ ਮੁਖ ਤੌਰ ਤੇ ਸਾਧ ਸੰਗਤ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਸਾਧ ਸੰਗਤ ਨੂੰ ਸਚ ਖੰਡ ਆਖਿਆ ਹੈ। ਇਸ ਦੇ ਨਾਲ ਹੀ ਗੁਰਸਿਖ ਜਾਂ ਗੁਰਮੁਖ ਦੀ ਕਰਣੀ ਦਾ ਬਿਓਰਾ ਵੀ ਦਿੱਤਾ ਹੈ। ਸਭ ਤੋਂ ਵੱਡੀ ਗੱਲ ਮਨ ਨੂੰ ਜਿੱਤਣ ਦੀ ਹੈ ਤੇ ਸਾਧ ਸੰਗਤ ਤੋਂ ਬਿਨਾਂ ਇਸ ਵਿਚ ਸਫਲਤਾ ਸੰਭਵ ਹੀ ਨਹੀਂ। ਇਸ ਵਾਰ ਵਿਚ ਚੰਗੇਰੀ ਜੀਵਨ-ਜਾਚ, ਭਾਵ ਆਚਾਰ-ਨੀਤੀ ਵਲ ਵੀ ਇਸ਼ਾਰੇ ਕੀਤੇ ਗਏ ਹਨ। ਸਾਧ ਸੰਗਤ ਦੀ ਉੱਤਮਤਾ ਦਰਸਾਂਦਿਆਂ ਬੜੇ ਜ਼ੋਰ ਨਾਲ ਕਿਹਾ ਹੈ ਕਿ ਸਾਧ ਸੰਗਤ ਵਿਚ ਹੀ ਗੁਰੂ ਚੇਲੇ ਦਾ ਮੇਲ ਹੋ ਸਕਦਾ ਹੈ ਤੇ ਇਹੀ ਸਭ ਤੋਂ ਵਡੀ ਪ੍ਰਾਪਤੀ ਹੈ।

ਤੀਹਵੀਂ ਵਾਰ :—

ਇਸ ਵਾਰ ਦੀਆਂ 20 ਪਉੜੀਆਂ ਵਿਚ ਸੱਚ ਤੇ ਝੂਠ ਨੂੰ ਟਾਕਰੇ ਵਿਚ ਖੜਾ ਕਰ ਕੇ ਸੱਚ ਨੂੰ ਜਿਤਦਾ ਵਿਖਾਇਆ ਹੈ। ਓੜਕ ਸੱਚ ਹੀ ਟਿਕਦਾ ਹੈ, ਝੂਠ ਨਹੀਂ ਟਿਕਦਾ। ਸੱਚ ਦੇ ਧਾਰਨੀ ਮਨੁੱਖ ਨੂੰ 'ਗੁਰਮੁਖ' ਆਖਿਆ ਹੈ ਤੇ ਝੂਠ ਦਾ ਆਸਰਾ ਲੈਣ ਵਾਲੇ ਨੂੰ 'ਮਨਮੁਖ' ਕਿਹਾ ਗਿਆ ਹੈ। ਜਿਵੇਂ ਸੱਚ ਤੇ ਝੂਠ ਆਪਸ ਵਿਚ ਮੇਲ ਨਹੀਂ ਖਾ ਸਕਦੇ ਤਿਵੇਂ ਗੁਰਮੁਖ ਤੇ ਮਨਮੁਖ ਦਾ ਰਾਹ ਵੀ ਵਖੋ ਵਖਰਾ ਹੈ। ਗੁਰਮੁਖਾਂ ਦਾ ਮਾਰਗ ਸੁਖਮਣੀ ਹੈ ਤੇ ਮਨਮੁਖਾਂ ਦਾ ਜੰਗ ਦੁੱਖਾਂ ਦਾ ਘਰ ਹੈ। ਇਸ ਵਿਚਾਰ ਨੂੰ ਕਈ ਦ੍ਰਿਸ਼ਟਾਂਤ ਦੇ ਕੇ ਸਿਧ ਕੀਤਾ ਗਿਆ ਹੈ ਤੇ ਦਸਿਆ ਹੈ ਕਿ ਅੰਤ ਵਿਚ ਸੱਚ ਦੀ ਜਿੱਤ ਹੁੰਦੀ ਹੈ ਤੇ ਝੂਠ ਸਦਾ ਹਾਰਦਾ ਹੈ। ਸੱਚ ਕਮਾਉਣ ਦੀ ਥਾਂ ਕਿਹੜੀ ਹੈ—ਸਤਿ ਸੰਗਤ। ਕੁਸੰਗਤ ਨੂੰ ਝੂਠਾ ਪਿੰਡ ਕਹਿ ਕੇ ਤ੍ਰਿਸਕਾਰਿਆ ਗਿਆ ਹੈ। ਸੱਚ ਅਮਿਟ ਹੈ। ਝੂਠ ਇਸ ਨੂੰ ਮਿਟਾ ਨਹੀਂ ਸਕਦਾ। ਝੂਠ ਦਾ ਅੰਤ ਸਦਾ ਬਹੁਤ ਮਾੜਾ ਹੁੰਦਾ ਹੈ।

ਇਕੱਤ੍ਰੀਵੀਂ ਵਾਰ:—

ਇਸ ਵਾਰ ਦੀਆਂ 20 ਪਉੜੀਆਂ ਵਿਚ ਗੁਰਮੁਖ ਤੇ ਮਨਮੁਖ ਦੇ ਸੁਭਾਵ ਦਾ ਵਰਣਨ ਕੀਤਾ ਗਿਆ ਹੈ ਤੇ ਇਉਂ ਗੁਰਮਤ ਮਾਰਗ ਦੇ ਵੱਖ-ਵੱਖ ਅੰਗਾਂ ਤੇ ਚਾਨਣਾ ਪਾਇਆ ਗਿਆ ਹੈ। ਗੁਰਮਤ ਵਿਚ ਸਦਾਚਾਰ ਨੂੰ ਬੜੀ ਮਹੱਤਤਾ ਦਿੱਤੀ ਗਈ ਹੈ ਤੇ ਇੰਜ ਇਹਨਾਂ ਪਉੜੀਆਂ ਵਿਚ ਗੁਰਮਤ ਦੇ ਸਦਾਚਾਰ ਨੂੰ ਵੀ ਨਿਖਾਰਿਆ ਗਿਆ ਹੈ। ਸਦਾਚਾਰੀ ਮਨੁੱਖ ਹੀ ਗੁਰਮੁਖ ਹੈ। ਗੁਰਮੁਖ ਨੂੰ ਗੁਣੀ, ਖੋਜੀ, ਭਲਾ ਕਹਿ ਕੇ ਸਨਮਾਨਿਆ ਗਿਆ ਹੈ। ਇਸ ਦੇ ਟਾਕਰੇ ਤੇ ਸਦਾਚਾਰ-ਹੀਣ ਮਨੁੱਖ ਨੂੰ ਮਨਮੁਖ ਕਹਿ ਕੇ ਗੁਣਹੀਣ, ਵਾਦੀ ਤੇ ਬੁਰਾ ਆਦਿ ਦਸਿਆ ਗਿਆ ਹੈ ਤੇ ਇਸੇ ਲਈ ਬੁਰੇ ਵਿਅਕਤੀ ਦੀ ਸੰਗਤ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਸ ਵਾਰ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਪੂਤਨਾ, ਗਨਿਕਾ, ਬਾਲਮੀਕ, ਬੱਧਕ, ਕਸਾਈ, ਬੁਰੇ ਕਰਮ ਕਰਦਿਆਂਵੀ ਤਰ ਗਏ ਹਨ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਬੁਰੇ ਕਰਮ ਕਰਨ ਨਾਲ ਜ਼ਰੂਰ ਹੀ ਮੁਕਤੀ ਮਿਲ ਜਾਂਦੀ ਹੈ। ਅਖੀਰਲੀਆਂ ਪਉੜੀਆਂ ਵਿਚ ਰਾਮ ਅਤੇ ਰਾਵਨ ਦੀ ਕਥਾ ਕਰਦਿਆਂ ਗੁਰਮੁਖ ਤੇ ਮਨਮੁਖ ਦਾ ਪ੍ਰਸਪਰ ਟਾਕਰਾ ਕੀਤਾ ਹੈ ਤੇ ਦਸਿਆ ਹੈ ਕਿ ਬੁਰਾ ਭਾਵੇਂ ਕਿਤਨਾ ਹੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਉਹ ਜ਼ਰੂਰ ਹਾਰਦਾ ਹੈ। ਰਾਮ ਦੀ ਜਿਤ ਅਸਲ ਵਿਚ ਗੁਰਮੁਖ ਦੀ ਜਿਤ ਹੈ।

ਬੱਤ੍ਰੀਵੀਂ ਵਾਰ:-

ਇਸ ਵਾਰ ਦੀਆਂ 20 ਪਉੜੀਆਂ ਵਿਚ ਮਨਮੁਖ ਨੂੰ ਮੂਰਖ ਦੇ ਰੂਪ ਵਿਚ ਚਿਤਰ ਕੇ ਉਸ ਦੀ ਸੰਗਤ ਤੋਂ ਬਚਣ ਦਾ ਉਪਦੇਸ਼ ਦਿਤਾ ਹੈ। ਪਹਿਲੀਆਂ ਦੋ ਪਉੜੀਆਂ ਵਿਚ ਗੁਰਮੁਖ ਦੀ ਕਰਨੀ ਦਾ ਬਿਆਨ ਹੈ। ਇਸ ਤੋਂ ਬਾਦ ਮਨਮੁਖ ਮੂਰਖ ਨੂੰ ਉੱਲੂ, ਪੱਥਰ, ਸਾਕਤ ਆਦਿ ਕਹਿ ਕੇ ਉਸ ਦੇ ਸੁਭਾਵ, ਲੱਛਣ ਤੇ ਹੀਣਤਾ ਆਦਿ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਮੂਰਖ ਨਾਲ ਕੋਈ ਸਾਥ ਨਹੀਂ ਕਰਦਾ, ਉਹ ਅਕਲ ਤੋਂ ਖ਼ਾਲੀ ਹੁੰਦਾ ਹੈ, ਉਹ ਲੁਕਿਆ ਨਹੀਂ ਰਹਿ ਸਕਦਾ, ਉਹ ਪੱਥਰ ਵਾਂਗ ਅਭਿਜ ਹੈ ਤੇ ਉਸ ਉੱਤੇ ਚੰਗੀ ਸੰਗਤ ਦਾ ਪ੍ਰਭਾਵ ਵੀ ਨਹੀਂ ਪੈਂਦਾ। ਮੂਰਖ ਔਗੁਣਾਂ ਨਾਲ ਭਰਿਆ ਹੁੰਦਾ ਹੈ ਤੇ ਸੱਚ ਉਸ ਨੂੰ ਭਾਉਂਦਾ ਨਹੀਂ, ਉਹ ਪੜ੍ਹ ਲਿਖ ਕੇ ਵੀ ਮੂਰਖ ਹੀ ਰਹਿ ਜਾਂਦਾ ਹੈ। ਇਸੇ ਲਈ ਮੂਰਖ ਨਾਲ ਕਿਸੇ ਬਹਿਸ ਵਿਚ ਨਹੀਂ ਪੈਣਾ ਚਾਹੀਦਾ ਤੇ ਉਸ ਦੀ ਦੁਖਦਾਈ ਸੰਗਤ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ ਹੈ।

ਤੇਤ੍ਰੀਵੀਂ ਵਾਰ :—

22 ਪਉੜੀਆਂ ਦੀ ਇਸ ਵਾਰ ਵਿਚ ਵੀ ਗੁਰਮੁਖ ਤੇ ਮਨਮੁਖ ਦੀ ਤੁਲਨਾ ਕਰਦਿਆਂ ਮਨਮੁਖ ਨੂੰ 'ਦੁ ਾਜਰਾ' ਕਹਿ ਕੇ ਉਸ ਦੇ ਸੁਭਾਵ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਦੁਬਾਜਰੇ ਦੇ ਸਰੂਪ ਨੂੰ ਉਘਾੜਨ ਲਈ ਤੇ ਉਸ ਦੇ ਲੱਛਣ ਦੱਸਣ ਲਈ ਭਾਈ ਸਾਹਿਬ ਨੇ ਦ੍ਰਿਸ਼ਟੀ ਆਰਸੀ,

ਚਰਖਾ, ਵਿਭਚਾਰਣ ਇਸਤ੍ਰੀ, ਦੁਮੂੰਹਾਂ ਸੱਪ, ਘੰਟਾ ਚੁਪਈਆ, ਕਾਂ, ਕਲੀ-ਕਨੇਰ, ਸੂਤਰ ਮੁਰਗ, ਰਕੂਲ ਸਮਾਧੀ, ਤਿਲ, ਸਣ, ਨਿੰਬੂ, ਧੂੰਆਂ, ਅੱਕ, ਚੀਲ ਆਦਿ ਦ੍ਰਿਸ਼ਟਾਂਤਾਂ ਦੀ ਸਹਾਇਤਾ ਲਈ ਹੈ। ਦੁਬਾਜਰਾ ਦ੍ਵੈਤ ਭਾਵਨਾ ਨਾਲ ਭਰਪੂਰ ਹੁੰਦਾ ਹੈ, ਉਹ ਬੜਾ ਘਟੀਆ ਤੇ ਖਤਰਨਾਕ ਹੈ। ਦੁਬਾਜਰੇ ਦਾ ਸੁਧਾਰ ਕਰਨਾ ਬੜਾ ਹੀ ਔਖਾ ਹੈ।। ਪਰ ਗੁਰਮਤ ਦੇ ਮਾਰਗ ਨੂੰ ਅਪਨਾ ਕੇ ਦੁਬਾਜਰਾ ਵੀ ਆਪਣੀ ਮਨਮਤ ਦਾ ਤਿਆਗ ਕਰ ਸਕਦਾ ਹੈ।

ਚੌਤੀਵੀਂ ਵਾਰ:—

21 ਪਉੜੀਆਂ ਦੀ ਇਸ ਵਾਰ ਵਿਚ ਵੀ ਮਨਮੁਖ ਦੀ ਹੀਣੀ ਦਸ਼ਾ ਨੂੰ ਚਿਤਰਿਆ ਹੈ। ਪਹਿਲੀ ਪਉੜੀ ਵਿਚ ਸਤਿਗੁਰ ਦੀ ਮਹਿਮਾ ਗਾ ਕੇ ਦਸਿਆ ਹੈ ਕਿ ਦਰਗਾਹ ਵਿਚ ਸੇਵਕ ਤਾਂ ਸੁਰਖਰੂ ਹੁੰਦੇ ਹਨ ਪਰ ਬੇਮੁਖਾਂ ਦਾ ਮੂੰਹ ਕਾਲਾ ਹੁੰਦਾ ਹੈ। ਬਾਕੀ ਦੀਆਂ ਪਉੜੀਆਂ ਵਿਚ 'ਬੇਮੁਖ' ਦੇ ਮੰਦ-ਕਰਮਾਂ, ਸੁਭਾਵ, ਲਛਣ, ਸਰੂਪ ਆਦਿ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਬੇਮੁਖ ਆਪਣੇ ਅਸਲੇ ਤੋਂ ਖੁਸ ਗਿਆ ਹੈ, ਉਹ ਉੱਤੇ ਸਾਹ ਭਰਦਾ ਹੈ, ਉਸ ਨੂੰ ਸੁਖ ਨਹੀਂ, ਉਹ ਸੁੱਕੇ ਰੁਖ ਵਾਂਗ ਹੈ। ਅਜਿਹੇ ਮਨੁੱਖ ਦੀ ਸੰਗਤ ਕਾਰਨ ਜਮਾਂ ਦਾ ਡੰਡ ਸਹਿਣਾ ਪੈਂਦਾ ਹੈ। ਇਸ ਲਈ ਬੇਮੁਖ ਦੀ ਸੰਗਤ ਤੋਂ ਬਚਣਾ ਚਾਹੀਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਭਾਈ ਸਾਹਿਬ ਨੇ ਤੇਤੀਵੀਂ ਵਾਰ ਵਾਂਗ ਬਹੁਤ ਸਾਰੇ ਦ੍ਰਿਸ਼ਟਾਂਤਾਂ ਤੇ ਉਪਮਾਨਾਂ ਦੀ ਵਰਤੋਂ ਕੀਤੀ ਹੈ। ਦੁਬਾਜਰੇ ਵਾਂਗ ਹੀ ਬੇਮੁਖ ਦਾ ਸੁਧਾਰ ਵੀ ਅਤਿਅੰਤ ਕਠਨ ਹੈ, ਇਸ ਲਈ ਉਸ ਨਾਲ ਅੜਨਾ ਠੀਕ ਨਹੀਂ।

ਪੈਂਤੀਵੀਂ ਵਾਰ:-

ਭਾਈ ਸਾਹਿਬ ਨੇ ਜਿਵੇਂ ਮਨਮੁਖ ਲਈ ਦੁਬਾਜਰਾ ਤੇ ਬੇਮੁਖ ਸ਼ਬਦ ਵਰਤੇ ਹਨ, 23 ਪਉੜੀਆਂ ਦੀ ਇਸ ਵਾਰ ਵਿਚ ਮਨਮੁਖ ਨੂੰ ਨਿੰਦਕ, ਅਕ੍ਰਿਤਘਣ, ਲੂਣ ਹਰਾਮੀ, ਅਸਾਧ, ਧਰਮਸਾਲ ਦੀ ਝਾਕ ਰਖਣ ਵਾਲਾ, ਪਖੰਡੀ, ਕਹਿ ਕੇ ਉਸ ਦੀ ਹੀਣੀ ਦਸ਼ਾ ਨੂੰ ਚਿਤਰਿਆ ਹੈ। ਨਿੰਦਕ ਆਪਣੀ ਜੜ੍ਹ ਆਪ ਪੁਟਦਾ ਹੈ, ਉਹ ਗਿਆਨ ਤੋਂ ਹੀਣਾ ਹੈ, ਉਸ ਨੂੰ ਸਤਿ ਸੰਗਤ ਚੰਗੀ ਨਹੀਂ ਲਗਦੀ, ਅਕ੍ਰਿਤਘਣ ਤੋਂ ਵੱਧ ਕੇ ਕੋਈ ਬੁਰਾ ਨਹੀਂ, ਲੂਣ ਹਰਾਮੀ ਗੁਨਾਹਗਾਰ ਹੈ, ਧਰਮਸਾਲ ਦੀ ਝਾਕ ਤਾਂ ਖੰਡ ਗਲੇਫੀ ਜ਼ਹਿਰ ਦੇ ਤੁਲ ਹੈ; ਭਾਈ ਸਾਹਿਬ ਨੇ ਕਈ ਦ੍ਰਿਸ਼ਟਾਂਤ ਦੇ ਕੇ ਮਨਮੁਖ ਦੇ ਔਗੁਣਾਂ ਨੂੰ ਜ਼ਾਹਰ ਕੀਤਾ ਹੈ, ਭੇਖੀ ਤੇ ਪਖੰਡੀ ਸਾਧੂਆਂ ਉੱਤੇ ਚੋਟ ਕੀਤੀ ਹੈ। ਅਖੀਰਲੀਆਂ ਚਾਰ ਪਉੜੀਆਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਸਿਖ ਨੂੰ ਆਪਣੇ ਗੁਰੂ ਉਪਰ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ। ਪਰ ਇਸ ਲਈ ਗੁਰੂ ਦੀ ਅਪਾਰ ਕਿਰਪਾ ਦਾ ਹੋਣਾ ਲਾਜ਼ਮੀ ਸ਼ਰਤ ਹੈ- 'ਸਾਂਗੋ ਅੰਦਰ ਸਾਬਤਾ ਜਿਸ ਗੁਰੂ । ਸਹਾਏ'।

ਛਤੀਵੀਂ ਵਾਰ:—

ਇਸ ਵਾਰ ਦੀਆਂ 21 ਪਉੜੀਆਂ ਹਨ। ਇਸ ਵਾਰ ਵਿਚ ਗੁਰੂ-ਘਰ ਦੇ ਵਿਰੋਧੀ ਪ੍ਰਿਥੀ

ਚੰਦ ਤੇ ਉਸ ਦੇ ਸਾਥੀਆਂ ਨੂੰ 'ਮੀਣੇ' ਆਖਿਆ ਗਿਆ ਹੈ । ਇਹ ਮੀਣੇ, ਖੋਟੀ ਮਤ ਵਾਲੇ ਹਨ, ਗੁਰੂ ਦੇ ਦੱਸੇ ਰਾਹ ਤੇ ਨਹੀਂ ਚਲਦੇ, ਗੁਰੂ ਨਾਲ ਈਰਖਾ ਕਰਦੇ ਹਨ, ਕਾਲੇ ਮੂੰਹ ਵਾਲੇ ਹਨ ਕੁਤੇ ਭੌਂਕਦੇ ਹਨ, ਇਹਨਾਂ ਦੀ ਖੋਟੀ ਸੰਗਤ ਦੁਖਦਾਈ ਹੈ, ਇਹ ਨਕ-ਵਢੇ ਹਨ, ਇਹ ਜਮਪੁਰ ਜਾਣਗੇ ਤੇ ਨਾਲ ਹੀ ਇਹਨਾਂ ਦਾ ਸੰਗ ਕਰਨ ਵਾਲੇ ਵੀ ਨਰਕਾਂ ਦੇ ਭਾਗੀ ਬਣਨਗੇ । ਭਾਈ ਸਾਹਿਬ ਨੇ ਮੀਣੇ ਲਈ ਨਿਗੁਰਾ, ਮੂਰਖ, ਗੰਵਾਰ ਆਦਿ ਸ਼ਬਦ ਵੀ ਵਰਤੇ ਹਨ । ਇਸ ਦੇ ਨਾਲ ਨਾਲ ਸਚੁ ਦੀ ਪ੍ਰਾਪਤੀ ਲਈ ਸੇਵਾ ਤੇ ਮੁਕਤੀ ਲਈ ਗੁਰੂ ਦਾ ਦੁਆਰਾ ਜ਼ਰੂਰੀ ਦੱਸੇ ਹਨ ਅਤੇ ਗੁਰੂ ਦੀ ਪਰਖ ਲਈ 'ਸੱਚ' ਨੂੰ ਕਸੌਟੀ ਮੰਨਿਆ ਹੈ ਤੇ ਸਤਿਗੁਰੂ ਹੀ ਬਖ਼ਸ਼ਿੰਦ ਹੈ ।

ਸੈਂਤ੍ਰੀਵੀਂ ਵਾਰ:—

31 ਪਉੜੀਆਂ ਦੀ ਇਸ ਵਾਰ ਵਿਚ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਪੇਸ਼ ਕੀਤੇ ਗਏ ਹਨ । ਪਰਮਾਤਮਾ ਦੇ ਚੋਜਾਂ ਉੱਤੇ ਅਸਚਰਜਤਾ ਪਰਗਟ ਕਰ ਕੇ ਉਸ ਦੀ ਸ਼ਕਤੀ ਤੇ ਉਸ ਵੱਲੋਂ ਸਾਜੀ ਸ੍ਰਿਸ਼ਟੀ ਦੀ ਵਿਚਿਤਰਤਾ, ਉਸ ਦੀ ਸਰਬ-ਵਿਆਪਕਤਾ ਦਾ ਵਰਣਨ ਕੀਤਾ ਹੈ । ਮਨੁੱਖਾ ਜਨਮ ਦੀ ਉੱਮਤਾ, ਪਰ ਮਾਇਆ ਜਾਲ ਵਿਚ ਫਸ ਕੇ ਅਸਲੇ ਤੋਂ ਵਿਛੜ ਜਾਣ ਦੀ ਗਲ ਵੀ ਕੀਤੀ ਹੈ । ਮਨੁੱਖ ਦੀ ਬਾਲ-ਬੁਧੀ ਤੇ ਮਾਤਾ-ਪਿਤਾ ਦੇ ਉਪਕਾਰਾਂ ਤੋਂ ਵੀ ਜਾਣੂ ਕਰਾਇਆ ਹੈ । ਖੋਟੀ ਮਤ ਵਾਲੇ ਵਿਅਕਤੀਆਂ, ਮਨਮੁਖਾਂ, ਨਿਗੁਰਿਆਂ ਦੀ ਦੁਰਦਸ਼ਾ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ ਤੇ ਦਸਿਆ ਹੈ ਕਿ ਪਰਮਾਤਮਾ ਦੀ ਦਰਗਾਹ ਵਿਚ ਇਹਨਾਂ ਲਈ ਕੋਈ ਥਾਂ ਨਹੀਂ । ਮਨਮੁਖ ਇਸ ਅਮੋਲਕ ਜੀਵਨ ਨੂੰ ਜੁਆਰੀਏ ਵਾਂਗ ਹਾਰ ਬੈਠਦੇ ਹਨ ਪਰ ਗੁਰਮੁਖ ਇਸ ਜੀਵਨ-ਚੌਪੜ ਦੀ ਖੇਡ ਵਿਚ ਸਦਾ ਵਿਜੇਤੀ ਰਹਿੰਦਾ ਹੈ । ਅੰਤ ਉੱਤੇ ਨਿਮਰਤਾ ਪਰਗਟਾ ਕੇ ਸਤਿਗੁਰੂ ਦੀ ਬਖ਼ਸ਼ਿਸ਼ ਦੀ ਮੰਗ ਕੀਤੀ ਗਈ ਹੈ ।

ਅਠੱਤ੍ਰੀਵੀਂ ਵਾਰ:—

20 ਪਉੜੀਆਂ ਦੀ ਇਸ ਵਾਰ ਵਿਚ ਮੁਖ ਤੌਰ ਤੇ ਗੁਰਸਿਖ ਦਾ ਚਿੱਤਰ ਉਲੀਕਿਆ ਗਿਆ ਹੈ । ਉਸ ਦੇ ਸੁਭਾਵ, ਕਰਨੀ, ਲਛਣ ਤੇ ਸਰੂਪ ਤੇ ਚਾਨਣਾ ਪਾਇਆ ਗਿਆ ਹੈ । ਗੁਰਮੁਖ ਵਿਸ਼ੇ-ਵਿਕਾਰਾਂ ਦੀ ਪਕੜ ਵਿਚ ਨਹੀਂ ਆਉਂਦਾ, ਉਹ ਜਤੀ ਸਤੀ ਹੈ, ਉਹ ਹੋਰ ਧਰਮਾਂ ਦੇ ਮੰਨਣ ਵਾਲਿਆਂ ਨਾਲੋਂ ਉੱਚਾ ਤੇ ਸ੍ਰੇਸ਼ਟ ਹੈ । ਉਹ ਦੁਖ ਸੁਖ ਤੋਂ ਪਰੇ ਹੈ ਤੇ ਸੁੱਚੇ ਜੀਵਨ ਕਰਕੇ ਮਹਾਨ ਆਤਮਕ ਅਨੰਦ ਪ੍ਰਾਪਤ ਕਰਦਾ ਹੈ । ਪ੍ਰੇਮ-ਰਸ ਵਿਚ ਲੀਨ ਹੋਣ ਕਰ ਕੇ ਉਹ ਸਦਾ ਹੀ ਵਿਸਮਾਦ ਦੀ ਅਵਸਥਾ ਵਿਚ ਰਹਿੰਦਾ ਹੈ । ਪਰ ਪ੍ਰੇਮ-ਰਸ ਦੀ ਪ੍ਰਾਪਤੀ ਹਉਮੈ ਨੂੰ ਤਿਆਗ ਕੇ ਗੁਰੂ ਦੇ ਲੜ ਲਗਿਆਂ, ਸਤਿ ਸੰਗਤ ਕਰਨ ਤੇ ਨਾਮ-ਸਿਮਰਣ ਨਾਲ ਹੁੰਦੀ ਹੈ । ਅਖੀਰਲੀ ਪਉੜੀ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦੀ ਮਹਿਮਾ ਗਾਈ ਗਈ ਹੈ ।

ਉਨਤਾਲ੍ਹੀਵੀਂ ਵਾਰ:-

ਇਸ ਵਾਰ ਦੀਆਂ 21 ਪਉੜੀਆਂ ਹਨ। ਭਾਈ ਸਾਹਿਬ ਨੇ ਇੱਥੇ ਪਹਿਲੀ ਪਉੜੀ ਵਿਚ 'ਜਪੁ' ਬਾਣੀ ਦੇ ਮੂਲ ਮੰਤਰ ਅਤੇ ਪਹਿਲੇ ਸ਼ਲੋਕ ਦੀ ਵਿਆਖਿਆ ਤੇ ਨਿਰਭਰ ਮੰਗਲਾਚਰਣ ਲਿਖ ਕੇ ਅਗਲੀਆਂ ਤਿੰਨ ਪਉੜੀਆਂ ਵਿਚ ਸਿਖ ਗੁਰੂਆਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ। ਫਿਰ ਪਰਉਪਕਾਰੀ ਗੁਰਮੁਖਾਂ ਦੀ ਸਿਫ਼ਤ ਕਰ ਕੇ ਸੱਚ ਨੂੰ ਸਭ ਤੋਂ ਉੱਚਾ ਮੰਨਿਆ ਹੈ। ਗੁਰਸਿੱਖਾਂ ਤੇ ਫੋਕਟ ਗਿਆਨੀਆਂ ਦੇ ਚਿੱਤਰ, ਟਾਕਰਾ-ਵਿਧੀ ਅਨੁਸਾਰ ਉਲੀਕੇ ਹਨ। ਇਸ ਦੇ ਨਾਲ ਹੀ ਸਤਿ ਸੰਗਤ ਨੂੰ 'ਸੱਚ ਖੰਡ' ਆਖ ਕੇ ਦਸਿਆ ਹੈ ਕਿ ਸਤਿਗੁਰੂ ਸਤਿਸੰਗ ਵਿਚ ਵਸਦਾ ਹੈ। ਇਸ ਤੋਂ ਬਿਨਾਂ ਤਿੰਨ ਮੁਖੀ ਦੇਵਤਿਆਂ ਦੇ ਕਰਤਵਾਂ ਤੋਂ ਜਾਣੂ ਕਰਵਾਇਆ ਗਿਆ ਹੈ। ਫਿਰ ਗੁਰਸਿੱਖਾਂ ਦੇ ਪ੍ਰਸਪਰ ਰਿਸ਼ਤੇ ਨੂੰ ਸਰਵ-ਉੱਤਮ ਦਰਸਾ ਕੇ ਦਸਿਆ ਗਿਆ ਹੈ ਕਿ ਸਤਿਗੁਰੂ ਦਾ ਪਿਆਰ ਸਾਰੇ ਪਿਆਰਾਂ ਨਾਲੋਂ ਵਧ ਉੱਚਾ ਤੇ ਸੁੱਚਾ ਹੈ।

[3] ਵਾਰਾਂ ਦੀ ਸੁਜੋੜਤਾ :—

ਵਾਰਾਂ ਦੇ ਉਪਰੋਕਤ ਵਿਸ਼ੇ-ਵਸਤੂ ਵਿਚ ਥਾਂ ਥਾਂ ਦਾਰਸ਼ਨਿਕ ਵਿਚਾਰਾਂ ਦਾ ਦੁਹਰਾਉ ਮਿਲਦਾ ਹੈ, ਪਰ ਅਸਲੋਂ ਹਰ ਵਾਰ ਦਾ ਆਪਣਾ ਇਕ ਕੇਂਦਰੀ ਵਿਚਾਰ ਹੈ ਜੋ ਇਸ ਪ੍ਰਕਾਰ ਹੈ :-

1. ਪਾਰਬ੍ਰਹਮ ਪਰਮੇਸ਼ਵਰ ਨੇ, ਨਿਰਗੁਣ ਅਵੱਸਥਾ ਵਿਚੋਂ ਨਿਕਲ, ਸਗੁਨ ਈਸ਼ਵਰ ਦਾ ਰੂਪ ਧਾਰਣ ਕਰ ਕੇ ਸੰਸਾਰ ਦੀ ਰਚਨਾ ਕੀਤੀ। ਹੌਲੇ ਹੌਲੇ ਜੀਵ ਦਾ ਵਿਕਾਸ ਹੋਇਆ। ਪ੍ਰਾਚੀਨ ਕਾਲ ਤੋਂ ਹੀ ਗੁਰੂ ਦੀ ਮਹਾਨਤਾ ਸਿਧ ਹੋ ਗਈ ਸੀ। ਕਲਿਜੁਗ ਵਿਚ ਗੁਰੂ ਨਾਨਕ ਨੇ ਅਵਤਾਰ ਧਾਰਿਆ ਅਤੇ ਗੁਰਸਿਖੀ ਦੀ ਰਹੁਰੀਤ ਸ਼ੁਰੂ ਕੀਤੀ।

2. ਗੁਰਦੇਵ ਨੇ ਇਹ ਦ੍ਰਿੜ੍ਹ ਕਰਵਾਇਆ ਕਿ ਪਾਰਬ੍ਰਹਮ ਪਰਮੇਸ਼ਵਰ ਸਰਬਵਿਆਪਕ ਹੈ ਅਤੇ ਹਰ ਰੰਗਰੂਪ ਵਿਚ ਉਹ ਆਪ ਹੀ ਵਿਚਰ ਰਿਹਾ ਹੈ।

3. ਗੁਰਮੁਖ ਅਤੇ ਸੱਚਾ ਸਿਖ ਬਣਨ ਲਈ ਗੁਰਦੇਵ ਦੇ ਉਪਦੇਸ਼ਾਂ ਦੀ ਪਾਲਣਾ ਜ਼ਰੂਰੀ ਹੈ।

4. ਗੁਰਮੁਖ ਬਣਨ ਲਈ ਸ਼੍ਰੋਮਣੀ ਗੁਣ ਨਿਮਰਤਾ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ।

5. ਗੁਰਮੁਖ ਗੁਰਦੇਵ ਦੀ ਸੰਗਤ ਵਿਚ ਇਵੇਂ ਹੀ ਰਹਿੰਦਾ ਹੈ ਜਿਵੇਂ ਹੰਸ ਮਾਨਸਰੋਵਰ ਤੇ।

6. ਗੁਰਮੁਖ ਦੀ ਆਚਰਣ-ਉਸਾਰੀ ਸਾਧ ਸੰਗਤ (ਜਾਂ ਗੁਰ ਸੰਗਤ) ਵਿਚ ਹੁੰਦੀ ਹੈ। ਉਹ ਗੁਣ ਗ੍ਰਹਿਣ ਕਰਦਾ ਹੈ ਅਤੇ ਔਗੁਣ ਕਟਦਾ ਹੈ।

7. ਸਾਧ ਸੰਗਤ ਵਿਚ ਗੁਰੂ ਅਤੇ ਪਰਮੇਸ਼ਵਰ ਦੋਹਾਂ ਦਾ ਵਾਸਾ ਹੈ। ਉਨ੍ਹਾਂ ਦੀ ਓਟ ਲੈ ਕੇ ਗੁਰਮੁਖ ਸਭ ਜਗਤ ਨੂੰ ਸਾਧ ਲੈਂਦਾ ਹੈ।

8. ਗੁਰਮੁਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਦੀ ਸਿਰਜੀ ਰਚਨਾ ਬੇਅੰਤ ਹੈ।

9. ਗੁਰਮੁਖ ਦੀ ਸਾਧਨਾ ਖੰਡੇ ਦੀ ਧਾਰ ਉੱਤੇ ਚਲਣ ਵਾਂਗ ਹੈ।

10 ਉਹ ਪ੍ਰੇਮਾ-ਭਗਤੀ ਦੇ ਮਾਰਗ ਤੇ ਚਲਦਾ ਹੈ ਜਿਸ ਉੱਤੇ ਅਗੇ ਕਈ ਭਗਤ ਚਲ ਕੇ ਪ੍ਰਭੂ ਦੀ ਬਖਸ਼ਿਸ਼ ਦੇ ਪਾਤਰ ਬਣੇ ਹਨ।

11. ਇਸ ਮਾਰਗ ਉੱਤੇ ਪਹਿਲਾਂ ਵੀ ਕਈ ਗੁਰਸਿਖ ਚਲ ਕੇ ਮਾਣ ਪ੍ਰਾਪਤ ਕਰ ਚੁਕੇ ਹਨ।

12. ਇਸ ਮਾਰਗ ਉੱਤੇ ਤੁਰਨ ਵਾਲਾ ਗੁਰਮੁਖ ਦੇਵਤਿਆਂ ਤੋਂ ਵੀ ਮਹਾਨ ਹੋ ਜਾਂਦਾ ਹੈ।

13. ਗੁਰਦੇਵ ਦੇ ਦੱਸੇ ਮਾਰਗ ਉੱਤੇ ਚਲਦਿਆਂ ਗੁਰਮੁਖ ਗੁਰੂ ਨਾਲ ਇਕ ਮਿਕ ਅਤੇ ਅਭੇਦ ਹੋ ਜਾਂਦਾ ਹੈ।

14. ਗੁਰਮੁਖ ਨੂੰ ਪਹਿਲਾਂ ਆਪਾ ਗਵਾਣਾ ਪੈਂਦਾ ਹੈ। ਉਹ ਪ੍ਰਭੂ ਦੇ ਹੁਕਮ ਅਤੇ ਭਾਣੇ ਵਿਚ ਚਲਦਾ ਹੋਇਆ ਸਦਾ ਸੇਵਾ ਲਈ ਤਤਪਰ ਰਹਿੰਦਾ ਹੈ।

15. ਗੁਰਮੁਖ ਲਈ ਗੁਰਦੇਵ ਹੀ ਸਭ ਕੁਝ ਹੈ। ਮਨਮੁਖ ਗੁਰੂ ਤੋਂ ਬੇਮੁਖ ਹੋ ਕੇ ਜੀਵਨ ਅਜਾਈਂ ਗਵਾਂਦੇ ਹਨ।

16. ਗੁਰੂ ਅਤੇ ਗੁਰਮੁਖ, ਸਰੋਵਰ ਅਤੇ ਹੰਸ ਜਾਂ ਪਾਰਸ ਅਤੇ ਧਾਤ ਵਾਂਗੂੰ ਹਨ।

17. ਗੁਰੂ ਤੋਂ ਬੇਮੁਖ ਹੋਇਆ ਮਾਨਵ ਆਪਣੇ ਔਗੁਣਾਂ ਕਾਰਨ ਡੱਡੂਆਂ ਅਤੇ ਬਗਲਿਆਂ ਦੀ ਸ਼੍ਰੇਣੀ ਵਿਚ ਸ਼ੁਮਾਰ ਹੁੰਦਾ ਹੈ।

18. ਗੁਰੂ ਹੀ ਮਾਨਵ ਨੂੰ ਮਾਇਆ ਦੇ ਪ੍ਰਭਾਵ ਤੋਂ ਮੁਕਤ ਕਰ ਕੇ ਬੇਅੰਤ ਪ੍ਰਭੂ ਨਾਲ ਜੋੜ ਦਿੰਦਾ ਹੈ।

19. ਗੁਰੂ ਦੇ ਉਪਦੇਸ਼ਾਂ ਤੇ ਚਲਦਾ ਹੋਇਆ ਗੁਰਮੁਖ ਆਪਣੇ ਆਪ ਨੂੰ ਸੰਸਾਰ ਵਿਚ ਮਹਿਮਾਨ ਸਮਝਦਾ ਹੈ।

20. ਗੁਰੂ ਦੇ ਉਪਦੇਸ਼ਾਂ ਤੇ ਚਲਦਾ ਹੋਇਆ ਗੁਰਮੁਖ ਉੱਚ--ਪਦਵੀ ਪ੍ਰਾਪਤ ਕਰਦਾ ਹੈ।

21. ਗੁਰਮੁਖ ਗੁਰੂ ਦੇ ਉਪਦੇਸ਼ਾਂ ਅਨੁਸਾਰ ਭਗਤੀ ਕਰਦਾ ਹੋਇਆ ਪ੍ਰਭੂ ਨਾਲ ਇਕ ਮਿਕ ਹੋ ਜਾਂਦਾ ਹੈ।

22. ਗੁਰਮੁਖ ਗੁਰੂ ਦੇ ਉਪਦੇਸ਼ਾਂ ਉੱਤੇ ਚਲਦਾ ਹੋਇਆ ਧਰਮ ਅਤੇ ਆਚਰਣ ਉਤੇ ਬਲ ਦਿੰਦਾ ਹੈ।

23. ਗੁਰੂ-ਸੰਗਤ ਅਤੇ ਗੁਰਮੁਖ–ਪੰਥ ਸਭ ਤੋਂ ਉੱਤਮ ਹਨ।

24. ਸਾਰੇ ਗੁਰੂਆਂ ਵਿਚ ਗੁਰੂ ਨਾਨਕ ਦੀ ਜੋਤਿ ਪਸਰੀ ਹੈ। ਗੁਰਮੁਖ ਵਿਚ ਵੀ ਗੁਰੂ ਬਣਨ ਦੀ ਸੰਭਾਵਨਾ ਹੈ।

25. ਗੁਰਮੁਖ ਦਵੈਤ ਭਾਵ ਖ਼ਤਮ ਕਰ ਕੇ ਕੇਵਲ ਇਕ ਪ੍ਰਭੂ ਨਾਲ ਪਿਆਰ ਪਾਂਦਾ ਹੈ। ਭਗਤੀ ਨਾਲ ਉਹ ਉੱਚ–ਪਦਵੀ ਪ੍ਰਾਪਤ ਕਰਦਾ ਹੈ।

26. ਪਾਰਸ ਰੂਪ ਗੁਰੂ ਦੀ ਛੁਹ ਨਾਲ ਹੀ ਗੁਰਮੁਖ ਬਣ ਸਕੀਦਾ ਹੈ। ਗੁਰੂ-ਕਿਰਪਾ ਤੋਂ ਵਾਂਝੇ ਰਹਿ ਕੇ ਗੁਰੂ-ਵੰਸ਼ ਦੇ ਕਈ ਵਿਅਕਤੀ ਜੀਵਨ ਦੀ ਬਾਜ਼ੀ ਹਾਰ ਗਏ।

27. ਭਗਤੀ ਭਾਵਨਾ ਅਤੇ ਸੇਵਾ ਨਾਲ ਹੀ ਗੁਰਸਿੱਖ ਪੂਰਨ ਗੁਰੂ ਤੋਂ ਲਾਭ ਪ੍ਰਾਪਤ ਕਰਦਾ ਹੈ ।

28. ਭਾਵੇਂ ਗੁਰਮੁਖ ਦਾ ਰਸਤਾ ਅਤੀ ਕਠਨ ਹੈ, ਪਰ ਇਸ ਵਰਗਾ ਹੋਰ ਕੋਈ ਰਸਤਾ ਵੀ ਨਹੀਂ ।

29. ਇਸ ਰਸਤੇ ਉੱਤੇ ਚਲਦਾ ਹੋਇਆ ਗੁਰਸਿਖ ਨਾਮ ਦਾਨ ਇਸ਼ਨਾਨ ਨੂੰ ਦ੍ਰਿੜ੍ਹ ਕਰਦਾ ਹੈ, ਉਹ ਪਰਉਪਕਾਰੀ ਜੀਵੜਾ ਆਸਾਮਈ ਸੰਸਾਰ ਵਿਚ ਰਹਿੰਦਾ ਹੋਇਆ ਵੀ ਉਦਾਸ ਰਹਿੰਦਾ ਹੈ, ਅਤੇ ਪਰ-ਤਨ, ਪਰ-ਨਿੰਦ ਵਿਚ ਖਚਿਤ ਨਹੀਂ ਹੁੰਦਾ ।

30. ਗੁਰਮੁਖ ਸੱਚ ਦਾ ਧਾਰਨੀ ਹੁੰਦਾ ਹੈ ਅਤੇ ਮਨਮੁਖ ਕੂੜ ਦਾ ।

31. ਗੁਰਮੁਖ ਗੁਣੀ, ਖੋਜੀ ਅਤੇ ਭਲਾ ਹੁੰਦਾ ਹੈ ਅਤੇ ਮਨਮੁਖ ਗੁਣਹੀਣ, ਵਾਦੀ ਅਤੇ ਬੁਰਾ ।

32. ਗੁਰਮੁਖ ਗਿਆਨਵਾਨ ਹੈ ਅਤੇ ਮਨਮੁਖ ਮੂਰਖ । ਮਨਮੁਖ ਗੁਰਮਤ ਨੂੰ ਗ੍ਰਹਿਣ ਨਹੀਂ ਕਰਦਾ ਅਤੇ ਉਹ ਪੱਥਰ ਵਾਂਗੂੰ ਅਭਿੱਜ ਰਹਿੰਦਾ ਹੈ ।

33. ਮਨਮੁਖ ਦੁਬਾਜਰਾ ਹੁੰਦਾ ਹੈ, ਪਰ ਗੁਰਮਤ ਨੂੰ ਗ੍ਰਹਿਣ ਕਰ ਕੇ ਉਹ ਦੁਬਾਜਰੇਪਨ ਤੋਂ ਮੁਕਤ ਹੋ ਸਕਦਾ ਹੈ ।

34 ਗੁਰਮੁਖ ਤਾਂ ਦਰਗਾਹ ਵਿਚ ਸੁਰਖਰੂ ਹਨ, ਪਰ ਬੇਮੁਖ ਦਾ ਮੂੰਹ ਕਾਲਾ ਹੁੰਦਾ ਹੈ ।

35. ਮਨਮੁਖ ਦੇ ਕਈ ਸਰੂਪ ਹਨ । ਉਹ ਨਿੰਦਕ ਵੀ ਹੁੰਦਾ ਹੈ, ਅਕ੍ਰਿਤਘਣ ਵੀ, ਲੂਣ ਹਰਾਮੀ ਵੀ, ਅਸਾਧ ਵੀ, ਪਖੰਡੀ ਵੀ ਅਤੇ ਧਰਮਸਾਲ ਦੀ ਝਾਕ ਰਖਣ ਵਾਲਾ ਵੀ ।

36. ਮੀਣਾ ਵੀ ਮਨਮੁਖ ਹੈ ਕਿਉਂਕਿ ਉਹ ਗੁਰੂ ਤੋਂ ਬੇਮੁਖ ਹੈ ।

37. ਸਰਬ-ਵਿਆਪਕ ਪ੍ਰਭੂ ਦੀ ਸਾਜੀ ਸ੍ਰਿਸ਼ਟੀ ਵਿਚ ਮਾਨਵ-ਜਨਮ ਸਭ ਤੋਂ ਉੱਤਮ ਹੈ । ਗੁਰਮੁਖ ਇਸ ਜਨਮ ਦੇ ਆਦਰਸ਼ ਨੂੰ ਪਛਾਣਦਾ ਹੋਇਆ, ਮਾਤਾ ਪਿਤਾ ਦੀ ਸੇਵਾ ਕਮਾਉਂਦਾ ਹੈ, ਗੁਰਦੇਵ ਦੀ ਬਖਸ਼ਿਸ਼ ਲਈ ਸੱਚ ਦਾ ਜੀਵਨ ਜੀਊਂਦਾ ਹੈ ਅਤੇ ਪ੍ਰਭੂ ਦੇ ਸ਼ੁਕਰਾਨੇ ਵਿਚ ਰਹਿੰਦਾ ਹੈ, ਪਰ ਮਨਮੁਖ ਭਟਕ ਜਾਂਦਾ ਹੈ ।

38. ਗੁਰਮੁਖ ਸਤਿ, ਸੰਤੋਖ, ਦਇਆ, ਧਰਮ ਦੇ ਗੁਣ ਗ੍ਰਹਿਣ ਕਰਦਾ ਹੈ ਅਤੇ ਵਿਸ਼ਿਆਂ ਵਿਕਾਰਾਂ ਅਤੇ ਹਉਮੈ ਤੋਂ ਬਹੁਤ ਉੱਚਾ ਉਠ ਜਾਂਦਾ ਹੈ ।

39 ਮੁਕਦੀ ਗੱਲ, ਗੁਰਮਤ ਵਰਗਾ ਕੋਈ ਮਾਰਗ ਨਹੀਂ, ਜਿਸ ਨੂੰ ਗ੍ਰਹਿਣ ਕਰ ਕੇ ਮਾਨਵ ਗੁਰਮੁਖ ਬਣਦੇ ਹਨ ਅਤੇ ਸਚਖੰਡ ਰੂਪੀ ਸਾਧ-ਸੰਗਤ ਵਿਚ ਵਿਚਰ ਕੇ ਗੁਰੂ ਦੇ ਪਿਆਰ ਨੂੰ ਮਾਣਦੇ ਹਨ ।

ਭਾਈ ਗੁਰਦਾਸ ਦੀਆਂ 39 ਵਾਰਾਂ ਦੇ ਉਪਰੋਕਤ ਕੇਂਦਰੀ ਵਿਚਾਰਾਂ ਨੂੰ ਜੇ ਸ਼ੁਰੂ ਤੋਂ ਲੈ ਕੇ ਅਖੀਰ ਤਕ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇਕ ਦਾਰਸ਼ਨਿਕ ਨਿਬੰਧ ਪ੍ਰਤੀਤ ਹੋਵੇਗਾ । ਹਰ

ਵਾਰ ਦਾ ਵਿਸ਼ਾ ਪਿਛਲੀ ਵਾਰ ਦੇ ਵਿਸ਼ੇ ਨੂੰ ਅਗੇ ਤੋਰਦਾ ਹੈ। ਪਾਰਬ੍ਰਹਮ ਪਰਮੇਸ਼ਵਰ ਦੀ ਜਗਤ-ਰਚਨਾ ਤੋਂ ਆਰੰਭ ਹੋ ਕੇ ਵਿਚਾਰ ਗੁਰਮਤ ਮਾਰਗ ਦੀ ਮਹਾਨਤਾ ਉੱਤੇ ਆ ਟਿਕਦਾ ਹੈ। ਗੁਰਮੁਖ ਦੇ ਜੀਵਨ ਅਤੇ ਮਨਮੁਖ ਦੇ ਜੀਵਨ ਦੀ ਤੁਲਨਾ ਕਰਦਿਆਂ ਗੁਰਮੁਖ ਦੀ ਮਹਾਨਤਾ ਨੂੰ ਉਘਾੜਿਆ ਹੈ। ਗੁਰਦੇਵ ਗੁਰੂ ਨਾਨਕ 'ਗੁਰਮੁਖ' ਦਾ ਪਹਿਲਾ ਨਮੂਨਾ ਹਨ, ਇਸੇ ਲਈ ਭਾਈ ਜੀ ਨੇ ਉਨ੍ਹਾਂ ਬਾਰੇ 'ਗੁਰਮੁਖ' ਕਲ ਵਿਚ ਪ੍ਰਗਟ ਹੋਆ,' ਲਿਖਿਆ ਹੈ। ਉਨ੍ਹਾਂ ਦੇ ਸਿਖ ਭਾਈ ਲਹਿਣਾ ਜੀ ਨੂੰ ਗੁਰਮੁਖ ਦੀ ਅਵੱਸਥਾ ਤੋਂ ਉਠ ਕੇ ਗੁਰੂ—ਪਦਵੀ ਪ੍ਰਾਪਤ ਹੋਈ, ਇਵੇਂ ਹੀ ਅਮਰਦਾਸ, ਰਾਮਦਾਸ, ਅਰਜਨ ਅਤੇ ਹਰਿਗੋਬਿੰਦ ਗੁਰੂ—ਪਦਵੀ ਨੂੰ ਪ੍ਰਾਪਤ ਹੋਏ। ਗੁਰੂ ਅਰਜਨ ਦੇਵ ਗੁਰੂ ਰਾਮਦਾਸ ਦੇ ਸਪੁੱਤਰ ਸਨ ਅਤੇ ਗੁਰੂ ਹਰਿਗੋਬਿੰਦ ਗੁਰੂ ਅਰਜਨ ਦੇਵ ਦੇ। ਉਹ ਵੀ ਪਹਿਲੋਂ ਗੁਰਮੁਖ ਸਨ ਅਤੇ ਮਗਰੋਂ ਗੁਰੂ। ਗੁਰਮੁਖ ਗੁਰਮਤ ਨੂੰ ਗ੍ਰਹਿਣ ਕਰਦਾ ਹੈ, ਉਸ ਦੇ ਆਚਰਣ ਦੀ ਉਸਾਰੀ ਗੁਰੂ-ਸੰਗਤ ਅਥਵਾ ਸਾਧ-ਸੰਗਤ ਵਿਚ ਹੁੰਦੀ ਹੈ। ਉਸ ਦਾ ਮਾਰਗ ਭਗਤੀ—ਮਾਰਗ ਹੈ ਜੋ ਭਾਵੇਂ ਅਤੀ ਕਠਨ ਹੈ, ਪਰ ਗੁਰਮੁਖ ਉਸ ਉੱਤੇ ਚਲਦਾ ਹੋਇਆ, ਗੁਣਾਂ ਨੂੰ ਗ੍ਰਹਿਣ ਕਰਦਾ ਅਤੇ ਔਗੁਣਾਂ ਨੂੰ ਦੂਰ ਕਰਦਾ ਹੋਇਆ, ਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਨਿਮਰਤਾ ਨੂੰ ਅਪਨਾਣ ਕਰਕੇ ਉਹ ਮਾਨਵ-ਸੇਵਾ ਅਤੇ ਸਮਾਜ-ਸਵਾ ਲਈ ਸਦਾ ਤਤਪਰ ਰਹਿੰਦਾ ਹੈ। ਉਹ ਮਾਇਆ ਪਿਛੇ ਨਹੀਂ ਭਜਦਾ ਅਤੇ ਨਾ ਹੀ ਧਰਮਸਾਲ ਦੀ ਝਾਕ ਰਖਦਾ ਹੈ। ਵਿਸ਼ਿਆਂ ਵਿਕਾਰਾਂ ਨੂੰ ਉਹ ਕਾਬੂ ਕਰ ਲੈਂਦਾ ਹੈ। ਉਹ ਸਤਿ, ਸੰਤੋਖ, ਦਇਆ ਅਤੇ ਧਰਮ ਨੂੰ ਕਮਾਂਦਾ ਹੋਇਆ, ਨਾਮ, ਦਾਨ, ਇਸ਼ਨਾਨ ਨੂੰ ਦ੍ਰਿੜ੍ਹ ਕਰਦਾ ਹੈ ਅਤੇ ਏਦਾਂ ਇਕ ਦਿਨ ਉਹ ਗੁਰੂ ਦੀ ਕਿਰਪਾ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ। ਜਿਹੜੇ ਮਾਨਵ ਗੁਰੂ ਤੋਂ ਬੇਮੁਖ ਹੁੰਦੇ ਹਨ, ਉਹ ਨਿੰਦਕ ਹਨ, ਪਖੰਡੀ ਹਨ, ਮੂਰਖ ਹਨ, ਦੁਭਾਜਰੇ ਹਨ, ਮੀਣੇ ਹਨ, ਅਕ੍ਰਿਤਘਣ ਹਨ, ਲੂਣ-ਹਰਾਮੀ ਹਨ, ਅਸਾਧ ਹਨ, ਗੁਣਹੀਨ ਹਨ, ਵਾਦੀ ਹਨ ਅਤੇ ਬੁਰੇ ਹਨ। ਉਹ ਮਾਇਆ ਦੇ ਪਿਛੇ ਭਜਦੇ ਹਨ, ਇਸ ਲਈ ਸਾਕਤ ਹਨ, ਹਉਮੈ ਵਿਚ ਖਚਿਤ ਰਹਿੰਦੇ ਹਨ। ਜੇ ਉਹ ਗੁਰੂ ਦੇ ਨੇੜੇ ਰਹਿੰਦੇ ਹਨ ਜਾਂ ਉਹਦੇ ਵੰਸ਼ ਵਿਚੋਂ ਹਨ, ਤਾਂ ਵੀ ਪੱਥਰ ਵਾਂਗੂ ਅਭਿਜ ਰਹਿੰਦੇ ਹਨ ਅਤੇ ਹੀਰੇ ਵਰਗਾ ਜਨਮ ਅਜਾਈਂ ਗੰਵਾ ਜਾਂਦੇ ਹਨ। ਬਸ, ਇਹੋ ਹੀ ਹੈ ਭਾਈ ਗੁਰਦਾਸ ਦੀ ਵਿਚਾਰਧਾਰਾ, ਜਿਸਦਾ ਸਰੋਤ ਸਿਖ ਗੁਰੂ ਸਾਹਿਬਾਨ ਦੀ ਬਾਣੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦੇ ਮਣਕਿਆਂ ਨੂੰ ਇਕ ਮਾਲਾ ਰੂਪ ਵਿਚ ਪਰੋਣ ਵਾਲਾ ਵਿਚਾਰ-ਸੂਤਰ ਏਦਾਂ ਪ੍ਰਗਟਾਇਆ ਜਾ ਸਕਦਾ ਹੈ :-

1. ਪਾਰਬ੍ਰਹਮ ਪਰਮੇਸ਼ਵਰ ਨੇ ਸਰੂਪ ਧਾਰ ਕੇ ਸੰਸਾਰ ਦੀ ਰਚਨਾ ਕੀਤੀ।

2. ਮਾਨਵ ਰੂਪ ਵਿਚ ਜੀਵ ਪਾਰਬ੍ਰਹਮ ਨੂੰ ਗੁਰੂ ਦੀ ਸਹਾਇਤਾ ਨਾਲ ਪ੍ਰਾਪਤ ਕਰ ਸਕਦਾ ਹੈ।

3. ਕਲਜੁਗ ਵਿਚ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਰੂਪ ਵਿਚ ਪ੍ਰਗਟ ਹੋਏ।

4. ਗੁਰੂ ਦਾ ਨਿਵਾਸ ਸਚਖੰਡ ਰੂਪੀ ਸਾਧ ਸੰਗਤ ਵਿਚ ਹੁੰਦਾ ਹੈ।

5. ਗੁਰੂ ਦੇ ਉਪਦੇਸ਼ਾਂ ਉੱਤੇ ਚਲਣ ਵਾਲੇ ਗੁਰਮੁਖ ਹੁੰਦੇ ਹਨ ਅਤੇ ਉਸ ਤੋਂ ਬੇਮੁਖ ਹੋਣ ਵਾਲੇ ਮਾਨਵ ਮਨਮੁਖ।

6. ਗੁਰੂ ਦਾ ਦਸਿਆ ਮਾਰਗ ਪ੍ਰੇਮਾ-ਭਗਤੀ ਦਾ ਮਾਰਗ ਹੈ, ਜਿਸ ਉੱਤੇ ਗੁਰਮੁਖ ਗੁਣਾਂ ਨੂੰ ਗ੍ਰਹਿਣ ਕਰ ਕੇ ਚਲਦਾ ਹੈ ਅਤੇ ਔਗੁਣਾਂ ਦਾ ਟਾਕਰਾ ਕਰ ਕੇ ਉਨ੍ਹਾਂ ਨੂੰ ਨਾਸ਼ ਕਰ ਦੇਂਦਾ ਹੈ।

7. ਮਨਮੁਖ ਅੰਦਰ ਸਭ ਐਬ ਹੁੰਦੇ ਹਨ, ਉਹ ਮੂਰਖ ਹੁੰਦਾ ਹੈ, ਦੁਬਾਜਰਾ ਹੁੰਦਾ ਹੈ, ਅਕ੍ਰਿਤਘਣ ਹੁੰਦਾ ਹੈ, ਲੂਣ ਹਰਾਮੀ ਹੁੰਦਾ ਹੈ।

8. ਗੁਰਮਤਿ ਮਾਰਗ ਉੱਤੇ ਚਲਦਿਆਂ, ਆਪਾ ਗੰਵਾ ਕੇ, ਗੁਰਮੁਖ, ਗੁਰੂ ਦੀ ਬਖਸ਼ਿਸ਼ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ।

9. ਗੁਰਮਤ ਮਾਰਗ ਹੀ ਸਭ ਤੋਂ ਉੱਤਮ ਮਾਰਗ ਹੈ।

[ੲ] ਵਾਰਾਂ ਵਿਚ ਮਿਲਦਾ ਅਧਿਆਤਮ ਵਾਦ

1. ਬ੍ਰਹਮ ਦਾ ਸੰਕਲਪ

ਮਨੁੱਖ ਨੇ ਜੇ ਕਿਸੇ ਬਾਰੇ ਸਭ ਤੋਂ ਵਧ ਸੋਚਿਆ ਵਿਚਾਰਿਆ ਜਾਂ ਚਿੰਤਨ ਕੀਤਾ ਹੈ ਤਾਂ ਉਹ ਬ੍ਰਹਮ ਹੈ, ਪਰਮਾਤਮਾ ਹੈ। ਪਤਾ ਨਹੀਂ, ਮਨੁੱਖ ਕਦੋਂ ਤੋਂ ਇਸ ਸੋਚ ਵਿਚ ਲੱਗਾ ਹੋਇਆ ਹੈ। ਇਹ ਗੁੰਝਲ ਅਜੇ ਤਕ ਹੱਲ ਨਹੀਂ ਹੋਈ। ਯੁਗਾਂ ਯੁਗਾਂ ਵਿਚ, ਵਖਰੇ ਵਖਰੇ ਰੂਪਾਂ ਵਿਚ ਇਹ ਵਿਸਮਾਦੀ ਸ਼ਕਤੀ ਮਨੁੱਖ ਦੀ ਸੋਚ ਵਿਚਾਰ ਦਾ ਵਿਸ਼ਾ ਰਹੀ ਹੈ:—

> ਵਿਸਮਾਦੀ ਵਿਸਮਾਦ ਲਖ ਵਿਸਮਾਦਹੁੰ ਵਿਸਮਾਦ ਵਿਹਾਣੇ
> ਅਬਿਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਆਖਾਣ ਵਖਾਣੇ। [1]

ਮਨੁੱਖ ਨੇ ਇਸ ਵਿਸਮਾਦ ਹਸਤੀ ਦੇ ਕਈ ਨਾਂ ਰੱਖੇ। ਕਿਸੇ ਨੇ ਬ੍ਰਹਮ, ਕਿਸੇ ਨੇ ਖ਼ੁਦਾ, ਕਿਸੇ ਨੇ ਰਾਮ, ਕ੍ਰਿਸ਼ਨ ਵਿਸ਼ਨੂੰ, ਸ਼ਿਵ ਆਦਿਕ ਆਖਿਆ, ਕਿਸੇ ਨੇ 'ਗਾਡ' ਆਖ ਕੇ ਧਿਆਨ ਕੀਤਾ ਤੇ ਕਿਸੇ ਨੇ ਵਾਹਿਗੁਰੂ। ਅਧਿਆਤਮਕ ਖੇਤਰ ਵਿਚ ਇਹ ਅਜਿਹਾ ਤੱਤ ਹੈ ਜਿਸ ਨਾਲ ਮਨੁੱਖ ਦਾ ਬਹੁਤ ਡੂੰਘਾ ਨਾਤਾ ਹੈ। ਦੁਨੀਆਂ ਦੇ ਸਾਰੇ ਧਰਮਾਂ, ਸਾਰੇ ਦਰਸ਼ਨਾਂ ਦਾ ਜੇ ਕੋਈ ਇਕ ਕੇਂਦਰੀ ਵਿਸ਼ਾ ਹੈ ਤਾਂ ਉਹ ਇਹੀ ਹੈ।

---

1. ਵਾਰਾਂ ਭਾਈ ਗੁਰਦਾਸ, ਵਾਰ 16, ਪਉੜੀ 16

ਭਾਰਤੀ ਦਰਸ਼ਨ ਪੱਧਤੀ ਦੇ ਦੋ ਧੜੇ ਹਨ। ਚਾਰਵਾਕ, ਜੈਨ ਤੇ ਬੋਧ ਇਕ ਪੱਖ ਦੀ ਮਨੌਤ ਵਾਲੇ ਹਨ ਜਦ ਕਿ ਸਾਂਖ, ਜੋਗ, ਨਿਆਇ, ਵਸ਼ੇਸ਼ਕ, ਪੂਰਵ ਮਿਮਾਂਸਾ ਤੇ ਵੇਦਾਂਤ ਸਨਾਤਨੀ ਵਿਚਾਰਾਂ ਵਾਲੇ ਮੰਨੇ ਜਾਂਦੇ ਹਨ ।

'ਚਾਰਵਾਕ' ਕੇਵਲ ਅਨੁਭਵ ਨੂੰ ਗਿਆਨ ਦਾ ਆਧਾਰ ਮੰਨਦਾ ਹੈ, ਇਸ ਲਈ ਉਹ ਬ੍ਰਹਮ ਦੇ ਵਿਚਾਰ ਨੂੰ ਨਹੀਂ ਅਪਣਾਂਦਾ। ਬੋਧ ਆਪਣੇ ਆਪ ਨੂੰ ਬ੍ਰਹਮ ਦੀ ਸਮੱਸਿਆ ਤੋਂ ਨਿਰਲੇਪ ਰਖਦਾ ਹੈ ਤੇ ਜੈਨ ਬ੍ਰਹਮ ਦੀ ਹੋਂਦ ਤੋਂ ਹੀ ਇਨਕਾਰੀ ਹੈ।

'ਸਾਂਖ' ਪੱਧਤੀ ਜੈਨ ਮਤ ਵਾਂਗ ਨਾਸਤਕੀ ਹੈ, ਪਰ ਪਤੰਜਲੀ ਦੀ ਜੋਗ ਪੱਧਤੀ ਆਸਤਕੀ ਹੈ। ਜੋਗ ਪੱਧਤੀ ਦਾ ਬ੍ਰਹਮ ਨਿਰੋਲ ਭਾਂਤ ਦਾ 'ਪੁਰਸ਼' ਹੈ ਜੋ ਸਰਬ - ਇੱਛਾ ਮੁਕਤ ਹੈ । ਇਹ 'ਪੁਰਸ਼' ਸੰਸਾਰ ਵਿਚ ਖਚਿਤ ਲੋਕਾਂ ਨੂੰ ਆਪਣੀ ਬਖਸ਼ਿਸ਼ ਦੁਆਰਾ ਉੱਚ-ਗੁਣ ਤੇ ਗਿਆਨ ਦੇ ਕੇ ਬਚਾ ਲੈਂਦਾ ਹੈ ।[1]

'ਨਿਆਇ' ਅਨੁਸਾਰ ਬ੍ਰਹਮ ਇਕ ਵਿਸ਼ੇਸ਼ ਪ੍ਰਕਾਰ ਦੀ ਆਤਮਾ ਹੈ ਜੋ ਔਗੁਣ ਤੇ ਬੱਧੇ ਗਿਆਨ ਤੋਂ ਪਰੇ ਹੈ। ਵਸ਼ੇਸ਼ਕ ਪੱਧਤੀ ਵਿਚ ਬ੍ਰਹਮ ਬਾਰੇ ਕੋਈ ਖ਼ਾਸ ਸੰਕੇਤ ਨਹੀਂ ਮਿਲਦਾ। ਪੂਰਵ ਮਿਮਾਂਸਾ ਅਨੁਸਾਰ ਬ੍ਰਹਮੰਡ ਉਤਪਤੀ ਲਈ ਸਿਰਜਨਹਾਰ ਦੀ ਕੋਈ ਲੋੜ ਹੀ ਨਹੀਂ ਤੇ ਇਸ ਦੇ ਨਾਲ ਹੀ ਇਹ ਕਿ ਧਰਮ, ਅਧਰਮ ਦਾ ਸੰਬੰਧ ਤਾਂ ਕਰਮ ਕਰਨ ਵਾਲੇ ਨਾਲ ਹੈ, ਇਸ ਲਈ ਬ੍ਰਹਮ ਨੂੰ ਇਸ ਦੀ ਜਾਣਕਾਰੀ ਹੋ ਹੀ ਨਹੀਂ ਸਕਦੀ।

ਵੇਦਾਂਤ, ਉਪਨਿਸ਼ਦਾਂ ਦੀ ਵਿਆਖਿਆ ਹੈ। ਵੇਦਾਂਤ ਸੂਤਰ ਦੀ ਵਿਆਖਿਆ ਵੀ ਭਿੰਨ ਭਿੰਨ ਪ੍ਰਕਾਰ ਦੀ ਹੈ। ਇਹਨਾਂ ਵਿਆਖਿਆਵਾਂ ਦੇ ਆਧਾਰ ਉੱਤੇ ਵੱਖ ਵੱਖ ਮਤ ਉਤਪਨ ਹੋ ਗਏ, ਜਿਵੇਂ ਕਿ ਸ਼ੰਕਰ ਦਾ ਅਦ੍ਵੈਤਵਾਦ, ਰਾਮਾ ਨੁਜ ਦਾ ਵਿਸ਼ਿਸ਼ਟ ਅਦ੍ਵੈਤਵਾਦ ਅਤੇ ਮਾਧਵ ਦਾ ਦ੍ਵੈਤਵਾਦ।

ਵੇਦਾਂਤ ਦੀਆਂ ਸਾਰੀਆਂ ਵਿਚਾਰ ਧਾਰਾਵਾਂ ਬ੍ਰਹਮ ਦੀ ਹੋਂਦ ਨੂੰ ਪਰਵਾਨ ਕਰਦੀਆਂ ਹਨ। ਬ੍ਰਹਮ ਸਰਬ-ਸਮਰੱਥ ਤੇ ਤ੍ਰਿਕਾਲ-ਦਰਸ਼ੀ ਵੀ ਹੈ, ਸਰਬ-ਸ਼ਕਤੀਮਾਨ ਵੀ ਹੈ ਤੇ ਸਰਬ-ਗਿਆਤਾ ਵੀ ਹੈ। ਸ਼ੰਕਰ ਦੇ ਮਤ ਅਨੁਸਾਰ ਬ੍ਰਹਮ ਸਰਗੁਣ ਵੀ ਹੈ ਤੇ ਨਿਰਗੁਣ ਵੀ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ

ਨਿਰਗੁਨੁ ਆਪਿ ਸਰਗੁਨੁ ਭੀ ਓਹੀ
ਕਲਾ ਧਾਰਿ ਜਿਨਿ ਸਗਲੀ ਮੋਹੀ। (ਗਉੜੀ ਸੁਖਮਨੀ ਮ: 5)

ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ ਕਿ "ਆਦਿ ਗ੍ਰੰਥ ਵਿਚ ਬ੍ਰਹਮ ਦੇ ਇਹ ਦੋਵੇਂ ਰੂਪ,ਸਰਗੁਣ

1. ਕਲਚਰਲ ਹੈਰੀਟੇਜ ਆਫ ਇੰਡੀਆ-ਭਾਗ ਤੀਜਾ, ਦੂਜੀ ਵਾਰ, ਪੰਨਾ 536

ਤੇ ਨਿਰਗੁਣ, ਮੰਨੇ ਗਏ ਹਨ[1]। ਭਾਵ ਉਹ ਅਕਾਲ ਪੁਰਖ ਆਪ ਹੀ ਨਿਰਗੁਣ ਹੈ ਤੇ ਆਪ ਹੀ ਸਰਗੁਣ ਵੀ ਹੈ। ਰਾਮਾਨੁਜ ਅਨੁਸਾਰ ਕੇਵਲ ਬ੍ਰਹਮ ਹੀ ਇਕ ਸੱਚੀ ਹੋਂਦ ਹੈ ਤੇ ਇਸ ਬ੍ਰਹਮ ਵਿਚ ਹੀ ਅਚੇਤ ਤੇ ਸੁਚੇਤ ਜਗਤ ਤੇ ਜੀਵਾਤਮਾਵਾਂ ਦਾ ਨਿਵਾਸ ਹੈ ।

ਭਾਰਤੀ ਦਰਸ਼ਨ ਵਿਚ ਅੰਤਿਮ—ਸੱਚ ਨੂੰ ਬ੍ਰਹਮ ਕਿਹਾ ਗਿਆ ਹੈ। ਗੁਰਬਾਣੀ ਇਸ ਬ੍ਰਹਮ ਦਾ ਹੀ ਕਥਨ ਕਰਦੀ ਹੈ[2]। ਇਸ ਅੰਤਿਮ ਸੱਚ ਜਾਂ ਬ੍ਰਹਮ ਦਾ ਜੋ ਸਰੂਪ ਗੁਰਬਾਣੀ ਵਿਚ ਆਇਆ ਹੈ ਉਹ ਮੂਲ ਮੰਤਰ ਵਿਚ ਅੰਕਿਤ ਹੈ—

''ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।[3]

ਬ੍ਰਹਮ ਦਾ ਇਹ ਸਰੂਪ ਗੁਰੂ ਨਾਨਕ ਦੇਵ ਨੇ ਵਰਣਨ ਕੀਤਾ ਹੈ। ਭਾਈ ਗੁਰਦਾਸ ਇਸ ਸਰੂਪ ਨੂੰ ਆਪਣੇ ਸ਼ਬਦਾਂ ਵਿਚ ਇਉਂ ਲਿਖਦੇ ਹਨ:—

ਏਕਾ ਏਕੰਕਾਰ ਲਿਖ ਦਿਖਾਲਿਆ ।
ਊੜਾ ਓਅੰਕਾਰ ਪਾਸ ਬਹਾਲਿਆ।
ਸਤਿਨਾਮ ਕਰਤਾਰ ਨਿਰਭਉ ਭਾਲਿਆ।
ਨਿਰਵੈਰਹੁ ਜੈ ਕਾਰ ਅਜੂਨਿ ਅਕਾਲਿਆ।[4]

ਪੁਨਾ: ਏਕੰਕਾਰ ਇਕਾਂਗ ਲਿਖ ਊੜਾ ਓਅੰਕਾਰ ਲਿਖਾਇਆ।
ਸਤਿਨਾਮ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰ ਸਦਾਇਆ।
ਅਕਾਲ ਮੂਰਤਿ ਪੁਰਖ ਸੋਇ ਨਾਉ ਅਜੂਨੀ ਸੈਭੌ ਭਾਇਆ।
ਗੁਰ ਪ੍ਰਸਾਦਿ ਸੁ ਆਦਿ ਸਚ ਜੁਗਹ ਜੁਗੰਤਰ ਹੋਂਦਾ ਆਇਆ।
ਹੈ ਭੀ ਹੋਸੀ ਸਚ ਨਾਇ ਸਚ ਦਰਸਨ ਸਤਿਗੁਰੂ ਦਿਖਾਇਆ।[5]

ਬ੍ਰਹਮ ਦੇ ਇਸ ਸਰੂਪ ਵਿਚ '੧' ਕੋਈ ਅੰਕ ਗਿਣਨ ਲਈ ਨਹੀਂ। ਇਹ ਉਸ ਵਾਹਿਗੁਰੂ ਲਈ ਵਾਚਕ ਸ਼ਬਦ ਹੈ। ਇਸ ਇਕ ਦਾ ਵਿਸਥਾਰ ਹੀ ਸਾਰੇ ਗੁਰਮਤ ਸਾਹਿਤ ਤੇ ਗੁਰਬਾਣੀ ਦਾ ਆਧਾਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਗੁਰੂ ਸਾਹਿਬਾਨ ਨੇ ਇਸ ਦਾ ਬਿਆਨ ਕੀਤਾ ਹੈ। ਇਸ

---

1. ਏ ਕ੍ਰਿਟੀਕਲ ਸਟੱਡੀ ਆਫ਼ ਆਦਿ-ਗ੍ਰੰਥ, ਪੰਨਾ 334
2. ਆਊਟ ਲਾਈਨਜ਼ ਆਫ਼ ਸਿਖ ਥਾਟ, ਪੰਨਾ 18
3. ਆਦਿ ਗ੍ਰੰਥ, ਪੰਨਾ 1
4. ਵਾਰਾਂ ਭਾਈ ਗੁਰਦਾਸ, ਵਾਰ 3 ਪਉੜੀ 15
5. ਉਹੀ, ਵਾਰ 39, ਪਉੜੀ 1

'ਇਕ' ਤੋਂ ਬਿਨਾਂ ਹੋਰ ਕੋਈ ਦੂਜਾ ਹੈ ਨਹੀਂ'। ਇਸੇ 'ਇਕ' ਦਾ ਹੀ ਗੁਰੂ ਨਾਨਕ ਦੇਵ ਨੇ ਕਲਿਜੁਗ ਵਿਚ ਢੰਡੋਰਾ ਫੇਰਿਆ:-

''ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ''।[1]

ਇਹ 'ਇਕ' ਹੀ ਰਚਨਾ ਦਾ ਮੂਲ ਤੇ ਸਰਬ ਵਿਆਪੀ ਕਰਤਾ ਹੈ। ੴ: ਭਾਵ ਵਾਹਿਗੁਰੂ ਵਿਆਪਕ ਹੈ, ਅੰਦਰ ਬਾਹਰ ਹੈ ਤੇ ਅਪਾਰ ਹੈ —

ਅੰਤਰਿ ਬਸੇ ਬਾਹਰਿ ਭੀ ਓਹੀ।
ਨਾਨਕ ਦਰਸਨੁ ਦੇਖਿ ਸਭ ਮੋਹੀ। (ਗਉੜੀ, ਸੁਖਮਨੀ ਮ: 5)

ਪੁਨਾ: ਪਾਰਬ੍ਰਹਮ ਪੂਰਨ ਬ੍ਰਹਮ ਘਟ ਚੰਦਰ ਆਕਾਰਾ।[2]

ਇਸੇ ਤੋਂ ਸਾਰੀ ਉਤਪਤੀ ਹੈ, ਸ੍ਰਿਸ਼ਟੀ ਰਚਨਾ ਹੈ। ਇਸ ਸੰਬੰਧ ਵਿਚ ਆਸਾ ਦੀ ਵਾਰ ਦੀ ਪਹਿਲੀ ਪਉੜੀ ਵੇਖਣ ਜੋਗ ਹੈ :-

ਆਪੀਨੈ ਆਪੁ ਸਾਜਿਓ — ੧ ਨਿਰਾਕਾਰ ਤੋਂ ਏਕੰਕਾਰ ਹੋਇਆ
ਆਪੀਨੈ ਰਚਿਓ ਨਾਉ। — ੴ
ਦੁਯੀ ਕੁਦਰਤਿ ਸਾਜੀਐ — ਸੰਸਾਰ
ਕਰਿ ਆਸਣੁ ਡਿਠੋ ਚਾਉ — ਆਪ ਹੀ ਵੇਖਣ ਵਾਲਾ ਹੈ

ਇਸ ਬਾਰੇ ਭਾਈ ਗੁਰਦਾਸ ਇਉਂ ਲਿਖਦੇ ਹਨ:-

ਗੁਰਮੁਖ ਏਕੰਕਾਰੁ ਆਪਿ ਉਪਾਇਆ — ੧ ਨਿਰਾਕਾਰ ਤੋਂ ਏਕੰਕਾਰ ਹੋਇਆ
ਓਅੰਕਾਰਿ ਆਕਾਰ ਪਰਗਟੀ ਆਇਆ। — ੴ
ਪੰਜ ਤਤ ਵਿਸਥਾਰ ਚਲਿਤ ਰਚਾਇਆ। — ਸੰਸਾਰ
ਖਾਣੀ ਬਾਣੀ ਚਾਰ ਜਗਤ ਉਪਾਇਆ।[3,4]

ਭਾਈ ਸਾਹਿਬ ਨੇ ਵਾਰ ਨੰ: 22, ਪਉੜੀ ਨੰ: 1 ਵਿਚ ਲਿਖਿਆ ਹੈ :-

ਹੋਆ ਏਕੰਕਾਰ ਆਪ ਉਪਾਇਆ।

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 23
2. ਵਾਰਾਂ ਭਾਈ ਗੁਰਦਾਸ, ਵਾਰ 2 ਪਉੜੀ 19
3. ਵਾਰਾਂ ਭਾਈ ਗੁਰਦਾਸ, ਵਾਰ 19, ਪਉੜੀ 1.
4. ਗੁਰਮਤ ਵਿਚਾਰਧਾਰਾ, ਜਗਤ ਸਿੰਘ ਜੀਰਾ, ਪੰਨਾ 85

ਓਅੰਕਾਰ ਅਕਾਰ ਚਲਿਤ ਰਚਾਇਆ । [1]

ਭਾਵ ਇਹ ਕਿ ਓਅੰਕਾਰ ਹੀ ਬ੍ਰਹਿਮੰਡ ਦੇ ਸਿਰਜਣਹਾਰ ਨਿਰੰਕਾਰ ਦਾ ਲਖਾਇਕ ਹੈ । ਇਹੀ ਗੱਲ ਗੁਰੂ ਨਾਨਕ ਦੇਵ ਪਹਿਲਾਂ ਹੀ ਕਹਿ ਚੁਕੇ ਸਨ ਕਿ,

ਓਅੰਕਾਰਿ ਬ੍ਰਹਮਾ ਉਤਪਤਿ ।
ਓਅੰਕਾਰਿ ਕੀਆ ਜਿਨਿ ਚਿਤਿ ।
ਓਅੰਕਾਰਿ ਸੈਲ ਜੁਗ ਭਏ ।
ਓਅੰਕਾਰਿ ਬੇਦ ਨਿਰਮਏ ।
ਓਅੰਕਾਰਿ ਸਬਦਿ ਉਧਰੇ ।
ਓਅੰਕਾਰਿ ਗੁਰਮੁਖ ਤਰੇ ।
ਓਨਮ ਅੱਖਰ ਸੁਣਹੁ ਬੀਚਾਰੁ ।
ਓਨਮ ਅੱਖਰ ਤ੍ਰਿਭਵਣ ਸਾਰੁ । [2]

ਇਹੀ ਗਵਾਹੀ ਕਬੀਰ ਜੀ ਨੇ ਵੀ ਦਿੱਤੀ ਸੀ :-

ਓਅੰਕਾਰ ਆਦਿ ਮੈ ਜਾਨਾ ।

ਤੇ, ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੇ ਦੀ ਸਾਖੀ ਭਰੀ ਹੈ:-

ਪ੍ਰਿਥਮ ਕਾਲ ਜਬ ਕਰਾ ਪਸਾਰਾ ।
ਓਅੰਕਾਰ ਤੇ ਸ੍ਰਿਸਟਿ ਉਪਾਰਾ । [3]

ਭਾਈ ਗੁਰਦਾਸ ਨੇ ਇਹਨਾਂ ਵਾਰਾਂ ਵਿਚ ਬਾਰ ਬਾਰ ਦੁਹਰਾ ਕੇ ਆਖਿਆ ਹੈ :-

ਓਅੰਕਾਰ ਅਕਾਰ ਕਰ ਤ੍ਰੈ ਗੁਣ ਪੰਜ ਤੱਤ ਉਪਜਾਯਾ ।
ਬ੍ਰਹਮਾ ਬਿਸ਼ਨ ਮਹੇਸ਼ ਸਾਜ ਦਸ ਅਵਤਾਰ ਚਲਿਤ ਵਰਤਾਯਾ ।
ਛਿਅ ਰੁਤਿ ਬਾਰਹ ਮਾਹ ਕਰ ਸੱਤ ਵਾਰ ਸੈਂਸਾਰ ਉਪਾਯਾ । [4]

ਇਹ 'ਇਕ' ਹੀ ਬ੍ਰਹਮੰਡ ਦਾ ਰਚਿਅਤਾ ਹੈ । ਉਹ ਆਪ ਬੇਅੰਤ ਹੈ, ਉਸ ਦੀ ਰਚਨਾ ਦਾ ਵੀ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ । ਧਰਤੀ, ਅਕਾਸ, ਚੰਨ, ਸੂਰਜ, ਤਾਰੇ, ਗ੍ਰਹਿ, ਖਾਣੀਆਂ, ਬਾਣੀਆਂ, ਚੁਰਾਸੀ ਲਖ ਜੂਨ, ਇਕ ਇਕ ਜੂਨ ਵਿਚ ਅਣਗਿਣਤ ਜੀਵ ਜੰਤੂ ਫੇਰ ਇਹ ਸਾਰਾ ਪਸਾਰਾ ਇਕ ਵੀ ਤਾਂ ਨਹੀਂ, ਜਿਸ ਤੋਂ ਲੱਖਾਂ ਦਰਯਾ ਹੋਰ ਚਲ ਪਏ :-

1. ਵਾਰਾਂ ਭਾਈ ਗੁਰਦਾਸ, ਵਾਰ 22, ਪਉੜੀ 1.
2. ਆਦਿ ਗ੍ਰੰਥ, ਪੰਨਾ 929
3. ਬਚਿੱਤਰ ਨਾਟਕ, ਦੂਜਾ ਅਧਿਆਇ, ਚੌਪਈ 10
4. ਵਾਰਾਂ ਭਾਈ ਗੁਰਦਾਸ, ਵਾਰ 39, ਪਉੜੀ 13

ਕੀਤਾ ਪਸਾਉ ਏਕੋ ਕਵਾਉ
ਤਿਸ ਤੇ ਹੋਏ ਲਖ ਦਰੀਆਉ । (ਆਦਿ ਗ੍ਰੰਥ, ਪੰਨਾ 3, ਜਪੁ, ਮ: ੧)

ਤੇ ਪਾਤਲਾ ਪਤਾਲ ਲਖ
ਅਗਾਸਾ ਆਗਾਸ । (ਆਦਿ ਗ੍ਰੰਥ, ਪੰਨਾ 5, ਜਪੁ, ਮ: ੧)

ਬ੍ਰਹਮ ਦੀ ਇਸ ਸੱਤਾ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਲਿਖਦੇ ਹਨ :—

ਓਅੰਕਾਰ ਆਕਾਰ ਕਰ ਪਵਨ ਪਾਣੀ ਬੈਸੰਤਰ ਧਾਰੇ ।
ਧਰਤਿ ਅਕਾਸ ਵਿਛੋੜਿਅਨ, ਚੰਦ ਸੂਰ ਦੋਇ ਜੋਤਿ ਸਵਾਰੇ ।
ਖਾਣੀ ਚਾਰ ਬੰਧਾਨ ਕਰ, ਲਖ ਚੁਰਾਸੀ ਜੂਨ ਦੁਆਰੇ ।
ਇਕਸੁ ਇਕਸੁ ਜੂਨ ਵਿਚ ਜੀਅ ਜੰਤ ਅਗਨਤ ਅਪਾਰੇ ।[1]

ਪੁਨਾ: ਲਖ ਕਰੋੜ ਇਵੇਹਿਆਂ ਓਅੰਕਾਰ ਆਕਾਰ ਸਵਾਰੇ ।[2]

ਅਜਿਹੇ ਬ੍ਰਹਮ ਦੀ ਹੋਂਦ ਦਾ ਖ਼ਿਆਲ ਮਨੁੱਖ ਨੂੰ ਕਦੋਂ ਆਇਆ ? ਜਦੋਂ ਉਸ ਨੂੰ ਆਪਣੇ ਆਲੇ–ਦੁਆਲੇ ਪਸਰੀ ਅਸਚਰਜ ਕੁਦਰਤ ਦਾ ਗਿਆਨ ਹੋਇਆ, ਇਸ ਦੇ ਰਚਨਹਾਰ ਬਾਰੇ ਸੋਚਾਂ ਜਾਗੀਆਂ । ਬਸ ਇਹ ਸੋਚਾਂ ਹੀ ਕਿਸੇ ਅਦਿਖ ਹਸਤੀ, ਕਿਸੇ ਅਦ੍ਰਿਸ਼ਟ ਸ਼ਕਤੀ ਦੀ ਹੋਂਦ ਦਾ ਮੁਢ ਬਣ ਗਈਆਂ । ਉਸ ਦੀ ਪੂਜਾ ਸ਼ੁਰੂ ਹੋ ਗਈ । ਪਰ ਇਹ ਪੂਜਾ ਕ੍ਰਿਤਮ ਰੂਪ ਵਿਚ ਸੀ ਜਿਵੇਂ ਪ੍ਰਕ੍ਰਿਤੀ ਪੂਜਾ, ਦੇਵ ਪੂਜਾ, ਅਵਤਾਰ ਪੂਜਾ ਤੇ ਮੂਰਤੀ ਪੂਜਾ । ਇਸ ਅਭਿਆਸ ਵਿਚ ਮਨੁੱਖ ਰਚਨਹਾਰ ਨੂੰ ਭੁੱਲ ਕੇ ਉਸ ਦੀ ਰਚਨਾ ਦੇ ਵੱਖ-ਵੱਖ ਅੰਗਾਂ, ਸੂਰਜ, ਚੰਨ, ਧਰਤੀ, ਅੱਗ, ਪਾਣੀ, ਹਵਾ, ਪਸ਼ੂ, ਪੰਛੀ, ਰੁਖ ਬਿਰਖ, ਸ਼ੇਸ਼ ਨਾਗ ਆਦਿ, ਦੀ ਪੂਜਾ ਵਿਚ ਰੁਝ ਗਿਆ । ਕਰਨਹਾਰ ਬ੍ਰਹਮ ਨੂੰ ਤਾਂ ਸਿਮਰਦਾ ਨਹੀਂ, ਉਸ ਦੀ ਰਚੀ, ਬਣਾਈ ਸ੍ਰਿਸ਼ਟੀ ਨੂੰ ਹੀ ਕਰਨਹਾਰ ਸਮਝਣ ਲਗ ਗਿਆ ।[3] ਇਉਂ ਮਨੁੱਖ ਗ਼ਲਤ ਰਾਹ ਤੇ ਚਲ ਪਿਆ । ਗੁਰਮਤ ਅਨੁਸਾਰ ਇਕ ਅਕਾਲ ਪੁਰਖ, ਪਾਰਬ੍ਰਹਮ ਦਾ ਸਿਮਰਨ ਹੀ ਸਹੀ ਮੰਨਿਆ ਗਿਆ ਹੈ, ਕਿਉਂਕਿ ਉਸ ਬਿਨਾਂ ਦੂਜਾ ਕੋਈ ਹੋਰ ਹੈ ਹੀ ਨਹੀਂ:—

ਸਾਹਿਬ ਮੇਰਾ ਏਕੋ ਹੈ ।
ਏਕੋ ਹੈ, ਭਾਈ ਏਕੋ ਹੈ । (ਆਸਾ ਮ: ੧ ਘਰ ੨)

ਇੱਥੇ ਤਾਂ ਉਸ 'ਇਕ' ਸਰਬ ਵਿਆਪਕ ਦੀ ਯਾਦ ਨੂੰ ਹੀ ਹਿਰਦੇ ਵਿਚ ਵਸਾਉਣ ਦਾ ਉਪਦੇਸ਼ ਹੈ । ਭਾਈ ਗੁਰਦਾਸ ਦਾ ਜ਼ੋਰ ਵੀ ਇਸੇ ਤੱਤ ਤੇ ਹੈ ਕਿ :—

"ਗੁਰਮੁਖ ਇਕ ਅਰਾਧਣਾ ਇਕ ਮਨ ਹੋਇ ਨ ਹੋਇ ਦੁਚਿੱਤਾ ।[4]

---

1. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 1
2. ਉਹੀ ,, ,, ਵਾਰ 23, ਪਉੜੀ 10
3. ਕਰਤਾ ਪੁਰਖ, ਨ ਚੇਤਿਓ ਕੀਤੇ ਨੋ ਕਰਤਾ ਕਰ ਜਾਣੇ । ਵਾਰ 15, ਪਉੜੀ 7
4. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 2

ਇਹ 'ਇਕ', ਇਹ 'ਬ੍ਰਹਮ', ਸਰਬ ਵਿਆਪਕ ਹੈ, ਹਰ ਸ਼ੈ ਵਿਚ ਮੌਜੂਦ ਹੈ, ਆਪਣੀ ਰਚਾਈ ਰਚਨਾ ਨੂੰ ਵੇਖਦਾ ਹੈ, ਮਾਣਦਾ ਹੈ। ਇਹ ਆਪ ਹੀ ਰਸ ਹੈ, ਰਸੀਆ ਵੀ ਤੇ ਰਸ ਲੈਣ ਵਾਲਾ ਵੀ।[1] ਅਜਿਹੇ ਗੁਣਾਂ ਵਾਲੇ ਇਕ ਅਕਾਲ ਪੁਰਖ ਦੇ ਸਰਬ ਵਿਆਪਕਤਾ ਦੇ ਗੁਣ ਨੂੰ ਭਾਈ ਗੁਰਦਾਸ ਨੇ ਦੂਜੀ ਵਾਰ ਵਿਚ ਅਨੇਕਾਂ ਦ੍ਰਿਸ਼ਟਾਂਤਾਂ ਰਾਹੀਂ ਸਿਧ ਕੀਤਾ ਹੈ। ਉਹ ਆਪ ਹੀ ਇਕ ਤੋਂ ਅਨੇਕ ਹੋ ਕੇ ਅਨੇਕਾਂ ਵਿਚ ਵਿਆਪਕ ਹੈ।[2] ਬ੍ਰਹਮ ਜੋ 'ਆਪੇ ਆਪ ਵਰਤਦਾ' ਹੈ ਕੇਵਲ ਗੁਰਮੁੱਖਾਂ ਦੇ ਵਿਚਾਰ ਵਿਚ ਆਉਂਦਾ ਹੈ ਤੇ ਗੁਰਮੁਖਾਂ ਨੇ ਇਸ ਗੱਲ ਨੂੰ ਪਰਵਾਨ ਕੀਤਾ ਹੈ:-

"ਆਪੇ ਆਪ ਵਰਤਦਾ ਗੁਰਮੁਖ ਪਰਵਾਣਾ ।"[3]

ਹਰ ਸ਼ੈ ਵਿਚ ਅਕਾਲ ਪੁਰਖ ਵਰਤ ਰਿਹਾ ਹੈ। ਪਰ ਹਰ ਸ਼ੈ ਨੂੰ ਉਸ ਦੇ ਤੁੱਲ ਸਮਝ ਲੈਣਾ ਭੁੱਲ ਹੈ। ਹਰ ਵਸਤੂ ਉਸ ਦਾ ਖ਼ਾਸ ਜੁਜ਼ ਹੈ ਪਰ ਜੁਜ਼ ਤਾਂ ਜੁਜ਼ ਹੀ ਹੈ, ਪੂਰਨ ਸ਼ੈ ਨਹੀਂ। ਵਾਹਿਗੁਰੂ ਸਰਬ-ਗੁਣ ਸੰਪੰਨ ਹੈ। ਮਨੁੱਖ ਵਿਚ ਵੀ ਕਈ ਈਸ਼ਵਰੀ ਗੁਣ ਹੋ ਸਕਦੇ ਹਨ, ਪਰ ਇਹ ਗੁਣ ਸੀਮਤ ਹਨ। ਵਾਹਿਗੁਰੂ ਦੇ ਗੁਣ ਗਿਣਤੀ-ਮਿਣਤੀ ਵਿਚ ਨਹੀਂ, ਬੇਅੰਤ ਹਨ। ਅਕਾਲ ਪੁਰਖ ਦੀ ਬੇਅੰਤਤਾ ਦੇ ਗੁਣ ਨੂੰ ਭਾਈ ਸਾਹਿਬ ਹੇਠ ਲਿਖੀਆਂ ਪਉੜੀਆਂ ਵਿਚ ਦਰਸਾਂਦੇ ਹਨ :-

ਇਕ ਕਵਾਉ ਪਸਾਉ ਕਰਿ ਓਅੰਕਾਰ ਸੁਣਾਇਆ।
ਓਅੰਕਾਰ ਅਕਾਲ ਲਖ ਬ੍ਰਹਮੰਡ ਬਣਾਇਆ।
ਪੰਜ ਤਤ ਉਤਪਤਿ ਲਖ ਤ੍ਰੈ ਲੋਅ ਸੁਹਾਇਆ।
ਜਲ ਥਲ ਗਿਰ ਤਰਵਰ ਸਫਲ ਦਰੀਆਉ ਚਲਾਇਆ।
ਲਖ ਦਰੀਆਉ ਸਮਾਉ ਕਰ ਤਿਲ ਤੁਲ ਨ ਤੁਲਾਇਆ।
ਕੁਦਰਤ ਇਕ ਅਤੋਲਵੀਂ ਲੇਖਾ ਨ ਲਿਖਾਇਆ।
ਕੁਦਰਤ ਕੀਮ ਨ ਜਾਣੀਐ ਕਾਦਰ ਕਿਨ ਪਾਇਆ[4]

ਪੁਨਾ: ਇਕ ਕਵਾਉ ਪਸਾਉ ਕਰ ਓਅੰਕਾਰ ਅਨੇਕ ਅਕਾਰਾ।
ਪਉਣ ਪਾਣੀ ਬੈਸੰਤਰੋ ਧਰਤਿ ਅਕਾਸ ਨਿਵਾਸ ਵਿਥਾਰਾ।
ਜਲ ਥਲ ਤਰਵਰ ਪਰਬਤਾਂ ਜੀਅ ਜੰਤ ਅਗਣਤ ਅਪਾਰਾ।
ਇਕ ਵਰਭੰਡ ਅਖੰਡ ਹੈ ਲਖ ਵਰਭੰਡ ਪਲਕ ਪਰਵਾਰਾ।
ਕੁਦਰਤ ਕੀਮ ਨ ਜਾਣੀਐ ਕੇਵਲ ਕਾਦਰ ਸਿਰਜਣਹਾਰਾ।

---

1. 'ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ'। (ਆਦਿ ਗ੍ਰੰਥ ਪੰਨਾ 23)
2. ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 9, 10.
3. ਉਹੀ ,, ਵਾਰ 2, ਪਉੜੀ 20.
4. ਉਹੀ ,, ਵਾਰ 13, ਪਉੜੀ 11.

ਅੰਤ ਬਿਅੰਤ ਨ ਪਾਰਾਵਾਰਾ । [1]

ਅਗਮ ਅਗੋਚਰ ਬੇਅੰਤ ਪਰਮਾਤਮਾ ਦੀ, ਉਪਰੋਕਤ ਪਉੜੀਆਂ ਵਿਚ ਵਰਣਨ ਕੀਤੀ, ਰਚਨਾ ਵੀ ਬੇਅੰਤ ਹੈ। ਪਰ ਇਸ ਰਚਨਾ ਤੋਂ ਪਹਿਲਾਂ ਉਹ ਅਫੁਰ ਅਵੱਸਥਾ ਵਿਚ ਸੀ ਤੇ ਬਾਕੀ ਸਿਵਾਏ ਧੁੰਧੂਕਾਰ ਤੋਂ ਹੋਰ ਕੁਝ ਵੀ ਨਹੀਂ ਸੀ:-

ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕੁਛ ਖਬਰ ਨ ਪਾਈ। [2]

ਇਸ ਅਫੁਰ ਅਵੱਸਥਾ ਵਿਚੋਂ ਹੀ, ਇਸ ਧੁੰਧੂਕਾਰ ਵਿਚੋਂ ਹੀ :-

"ਕੀਤਾ ਪਸਾਉ ਏਕੋ ਕਵਾਉ" (ਜਪੁ)

ਅਨੁਸਾਰ ਸ੍ਰਿਸਟੀ ਦੀ ਰਚਨਾ ਹੋਈ। ਭਾਈ ਸਾਹਿਬ ਇਸ ਸੰਬੰਧ ਵਿਚ ਲਿਖਦੇ ਹਨ :-

ਓਅੰਕਾਰ ਅਕਾਰ ਕਰ ਏਕ ਕਵਾਉ ਪਸਾਉ ਪਸਾਰਾ। [3]

ਸੋ, ਬ੍ਰਹਮ ਨੇ ਫੁਰਨੇ ਦੀ ਸ਼ਕਤੀ ਨਾਲ ਸ੍ਰਿਸ਼ਟੀ ਰਚ ਦਿੱਤੀ। ਭਾਈ ਗੁਰਦਾਸ ਸੰਸਾਰ ਨੂੰ ਅਨਾਦੀ ਨਹੀਂ ਮੰਨਦੇ। ਆਪ ਪ੍ਰਕਿਰਤੀ ਤੇ ਸ਼ਕਤੀ ਦੀ ਹੋਂਦ ਤੋਂ ਇਨਕਾਰ ਨਹੀਂ ਕਰਦੇ ਪਰ ਇਹ ਵੀ ਤਾਂ ਅਕਾਲ ਪੁਰਖ ਨੇ ਹੀ ਹੋਂਦ ਵਿਚ ਲਿਆਂਦੀਆਂ ਹਨ। ਭਾਰਤੀ ਵਿਚਾਰ ਧਾਰਾ ਅਨੁਸਾਰ ਸੰਸਾਰ ਉਤਪਤੀ ਵਿਚ ਪੰਜ ਤੱਤਾਂ ਪੌਣ, ਪਾਣੀ, ਅਗ, ਧਰਤੀ ਤੇ ਅਕਾਸ਼, ਦਾ ਸੰਜੋਗ ਹੈ। ਪਰ ਅਸਚਰਜ ਦੀ ਗੱਲ ਇਹ ਹੈ ਕਿ ਇਹ ਤੱਤ ਵਿਰੋਧੀ ਗੁਣ ਰਖਦਿਆਂ ਹੋਇਆਂ ਵੀ ਮਿਲੇ ਹੋਏ ਹਨ। ਇਹ ਕੈਸੀ ਚੋਜ ਹੈ, ਚਮਤਕਾਰ ਹੈ :-

ਇਕ ਕਵਾਉ ਪਸਾਉ ਕਰ ਓਅੰਕਾਰ ਆਕਾਰ ਬਣਾਯਾ।
ਅੰਬਰ ਧਰਤਿ ਵਿਛੋੜ ਕੈ ਵਿਣ ਥੰਮਾ ਆਕਾਸ਼ ਰਹਾਯਾ।
ਜਲ ਵਿਚ ਧਰਤੀ ਰਖੀਅਨ ਧਰਤੀ ਅੰਦਰ ਨੀਰ ਧਰਾਯਾ।
ਕਾਠੈ ਅੰਦਰਿ ਅੱਗ ਧਰ ਅਗੀਂ ਹੋਂਦੀ ਸਫਲ ਫਲਾਯਾ।
ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲ ਮਿਲਾਯਾ।
ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨ ਮਹੇਸ ਉਪਾਯਾ।
ਚੋਜ ਵਿਡਾਣ ਚਲਿੱਤ ਵਰਤਾਯਾ। [4]

ਤੇ ਪ੍ਰਕਿਰਤੀ ਦਾ ਇਹ ਪਸਾਰਾ ਸ਼ਿਵ ਸ਼ਕਤੀ ਦੇ ਖੇਲ ਮੇਲ ਤੋਂ ਹੀ ਹੋਇਆ ਹੈ। [5]

---

1. ਵਾਰਾਂ ਭਾਈ ਗੁਰਦਾਸ, ਵਾਰ 18, ਪਉੜੀ 1.
2. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 2.
3. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 4.
4. ਵਾਰਾਂ ਭਾਈ ਗੁਰਦਾਸ, ਵਾਰ 37, ਪਉੜੀ 1.
5. ਸ਼ਿਵ ਸ਼ਕਤੀ ਦਾ ਖੇਲ ਮੇਲ ਪਰਕਿਰਤ ਪਸਾਰਾ (ਵਾਰ 2, ਪਉੜੀ 19, ਪੰਗਤੀ 4)

ਇਸ ਸਮੱਸਤ ਬ੍ਰਹਿਮੰਡ ਵਿਚ ਵਿਆਪਕ ਇਸ ਰਚਨਹਾਰ ਬ੍ਰਹਮ ਨੇ ਆਪ ਹੀ ਗੁਰੂ ਨਾਨਕ ਦੇਵ ਦੇ ਰੂਪ ਵਿਚ ਆਕਾਰ ਧਾਰਿਆ [1], ਆਪ ਹੀ ਗੋਬਿੰਦ ਨਾਉਂ ਸਦਵਾਇਆ ਤੇ ਨਿਰਗੁਣ ਸਰਗੁਣ ਵੀ ਆਪ ਹੀ ਹੋਇਆ। [2] ਸੋ ਉਪਰੋਕਤ ਵਿਚਾਰ ਤੋਂ ਸਿਧ ਹੋਇਆ ਕਿ ਬ੍ਰਹਮ ਆਪ ਹੀ ਹਰ ਸ਼ੈ ਦਾ ਕਾਰਨ ਹੈ। ਇਹ ਜੋ ਹਰ ਸ਼ੈ ਦਾ ਕਾਰਨ ਹੈ ਇਸੇ ਨੂੰ ਦ੍ਰਿੜ ਕਰਾਉਣਾ ਹੀ ਭਾਈ ਸਾਹਿਬ ਦਾ ਨਿਸ਼ਾਨਾ ਹੈ, ਮਨੁੱਖ ਦੇ ਮਨ ਵਿਚ ਇਸੇ ਦਾ ਪ੍ਰੇਮ ਜਗਾਉਣਾ ਹੀ ਮੁੱਖ-ਮਨੋਰਥ ਹੈ।

ਭਾਈ ਸਾਹਿਬ ਨੇ ਇਸ ਬ੍ਰਹਮ ਦਾ ਜਸ ਗਾਇਆ ਹੈ। ਦੂਜੀ, ਅਠਵੀਂ ਤੇ ਅਠਾਰਵੀਂ ਵਾਰ ਬ੍ਰਹਮ ਦੀ ਉਸਤਤੀ ਨਾਲ ਭਰੀ ਪਈ ਹੈ। ਇਸ ਬ੍ਰਹਮ ਦੀ ਪ੍ਰਾਪਤੀ ਦਾ ਰਾਹ ਵੀ ਭਾਈ ਸਾਹਿਬ ਨੇ ਵਿਖਾਇਆ ਹੈ। ਨੌਂਵੀ ਵਾਰ ਦੀ ਤੇਰ੍ਹਵੀਂ ਪਉੜੀ ਵਿਚ ਦਸਦੇ ਹਨ ਬ੍ਰਹਮ ਅਬਿਗੱਤ ਹੈ। ਉਸ ਦਾ ਗਿਆਨ ਪ੍ਰਾਪਤ ਕਰਨਾ ਕਠਨ ਹੈ; ਉਹ ਅਕੱਥ ਹੈ, ਉਸ ਦਾ ਬਿਆਨ ਆਖਿਆ ਨਹੀਂ ਜਾ ਸਕਦਾ ਤੇ ਨਾ ਹੀ ਉਸ ਅਲੱਖ ਨੂੰ ਲਖਿਆ ਜਾ ਸਕਦਾ ਹੈ; ਉਹ ਅਤਿ ਅਸਚਰਜ ਹੈ, ਉਸ ਦੇ ਮਿਲਾਪ ਦੀ ਇੱਛਾ ਜਿਗਿਆਸੂ ਨੂੰ ਹੈਰਾਨ ਕਰਦੀ ਹੈ; ਉਸ ਵਿਸਮਾਦ ਵਿਚ ਸਮਾਉਣ ਲਈ ਵਿਸਮਾਦ ਹੋਣਾ ਜ਼ਰੂਰੀ ਹੈ; ਪਰ ਇਹ ਕਿਵੇਂ ਹੋਵੇ, ਉਸ ਦਾ ਪਾਰਾਵਾਰ, ਉਸ ਦਾ ਭੇਦ ਤੇ ਗਿਆਨ ਤਾਂ ਵੇਦ ਨੇ ਵੀ ਨਹੀਂ ਜਾਣਿਆ, ਹਜ਼ਾਰਾਂ ਜੀਭਾਂ ਵਾਲੇ ਸ਼ੇਸ਼ ਨਾਗ ਨੇ ਭੀ ਕੋਈ ਅੰਤ ਨਹੀਂ ਪਾਇਆ। ਫੇਰ ਬੜੀ ਔਖੀ ਘਾਟੀ ਹੈ ਕਿ ਅਜਿਹੇ ਬ੍ਰਹਮ ਦੀ ਪ੍ਰਾਪਤੀ ਕਿਵੇਂ ਹੋਵੇ, ਭਾਈ ਗੁਰਦਾਸ ਦਸਦੇ ਹਨ:—

ਵਾਹਿਗੁਰੂ ਸਾਲਾਹਣਾ ਗੁਰੂ ਸਬਦ ਅਲਾਏ। 9/13/6

ਭਾਵ ਗੁਰੂ ਦੇ ਸ਼ਬਦ ਦੁਆਰਾ ਬ੍ਰਹਮ ਦੀ ਸਿਫਤ ਸਲਾਹ ਕੀਤਿਆਂ ਉਸ ਦੀ ਪ੍ਰਾਪਤੀ ਹੋ ਸਕਦੀ ਹੈ। ਕੋਈ ਦੇਵੀ ਦੇਵਤਾ ਜਾਂ ਪੀਰ ਪੈਗੰਬਰ ਉਸ ਦੀ ਥਾਂ ਨਹੀਂ ਲੈ ਸਕਦਾ। ਇਹ ਤਾਂ ਆਪ ਉਸ ਬ੍ਰਹਮ ਦੇ ਸੇਵਾਦਾਰ ਤੇ ਸੰਦੇਸ਼—ਵਾਹਕ ਹਨ, ਇਹ ਆਪ ਉਸ ਦੇ ਦਰ ਤੇ ਖੜੇ ਉਸ ਦੀ ਸਿਫਤ ਸਲਾਹ ਕਰਦੇ ਥਕਦੇ ਨਹੀਂ। ਉਸ ਪਾਤਸ਼ਾਹਾਂ ਦੇ ਪਾਤਸ਼ਾਹ, ਵੱਡੇ ਬੇਪਰਵਾਹ, ਜਿਸ ਦੀ ਲਉਬਾਲੀ ਦਰਗਾਹ ਤੇ ਕੁਦਰਤ ਅਗਮ ਅਥਾਹ ਹੈ, ਦੀ ਕਹਾਣੀ ਕਥੀ ਨਹੀਂ ਜਾ ਸਕਦੀ। [3] ਬ੍ਰਹਮਾ, ਵਿਸ਼ਨੂੰ, ਸਿਵਜੀ, ਨਾਰਦ, ਸਾਰਦ, ਸ਼ੇਸ਼ ਨਾਗ, ਗਣ ਗੰਧਰਬ, ਗਨੇਸ਼, ਛੇ ਦਰਸ਼ਨਾਂ ਦਾ ਭੇਸ ਕਰ ਕੇ ਸਾਂਗ ਉਤਾਰਨ ਵਾਲੇ, ਗੁਰੂ, ਚੇਲੇ, ਤੇ ਹੋਰ ਅਨੇਕਾਂ ਕਰਮ ਕਰਨ ਵਾਲੇ

1. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 25, ਪੰਗਤੀ ਪਹਿਲੀ.
2. ਉਹੀ ,, ,, ਵਾਰ 25, ਪਉੜੀ ਪਹਿਲੀ, ਪੰਗਤੀ 2, 3.
3 ਉਹੀ ,, ,, ਵਾਰ 21, ਪਉੜੀ ਪਹਿਲੀ.

ਉਸ ਦੀ ਕੀਰਤ ਗਾਉਂਦੇ ਹਨ, ਪਰ ਉਸ ਅਪਰੰਪਰ ਦਾ ਪਾਰਾਵਾਰ ਨਹੀਂ ਪਾ ਸਕਦੇ ।[1] ਉਸ ਦੇ ਦਰ ਤੇ ਹਰ ਕੋਈ ਬੰਦਗੀ ਕਰ ਰਿਹਾ ਹੈ। ਪੀਰ, ਪੈਗੰਬਰ, ਸ਼ੇਖ, ਮਸਾਇਕ, ਗਉਸ, ਕੁਤਬ, ਉਸ ਦੇ ਦਰ ਤੋਂ ਬਖ਼ਸ਼ਿਸ਼ ਦੀ ਮੰਗ ਕਰ ਰਹੇ ਹਨ, ਉਸ ਦੇ ਦਰ ਦੇ ਦਰਵੇਸ਼ ਬਣੇ ਖੜੇ ਹਨ ।[2] ਜਿਵੇਂ ਕਿ ਅਰੰਭ ਵਿਚ ਦਸਿਆ ਗਿਆ ਹੈ ਕਿ ਅਨੇਕਾਂ ਮਤਾਂ ਵਾਲਿਆਂ ਨੇ ਬ੍ਰਹਮ ਦੇ ਅਨੇਕਾਂ ਹੀ ਨਾਂ ਰਖੇ ਹੋਏ ਹਨ, ਗੁਰਬਾਣੀ ਵਿਚ—

"ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿ ਨਾਮ ਤੇਰਾ ਪਰਾ ਪੂਰਬਲਾ" (ਮਾਰੂ ਮ: 5)

ਦਾ ਸੁਨੇਹਾ ਦਿੱਤਾ ਗਿਆ ਹੈ। ਇਹ 'ਸਤਿਨਾਮ' ਹੀ ਬ੍ਰਹਮ ਦੀ ਸਦੀਵੀ ਹੋਂਦ ਦਾ ਪ੍ਰਤੀਕ ਹੈ। ਬ੍ਰਹਮ ਨੇ ਭਾਵੇਂ ਕਈ ਰੂਪ ਧਾਰੇ ਤੇ ਕਈ ਨਾਂ ਅਪਣਾਏ ਹਨ ਪਰ ਉਸ ਦਾ 'ਸਤਿਰੂਪ' 'ਸਤਿਨਾਮ' ਹੀ ਹੈ:-

ਨਾਰਾਇਣ ਨਿਜ ਰੂਪ ਧਰ ਨਾਥਾਂ ਨਾਥ ਸਨਾਥ ਕਰਾਇਆ ।
ਨਰਪਤ ਨਰਹਿ ਨਰਿੰਦ ਹੈ ਨਿਰੰਕਾਰ ਆਕਾਰ ਬਣਾਇਆ ।
ਕਰਤਾ ਪੁਰਖ ਵਖਾਣੀਐ ਕਾਰਣ ਕਰਣ ਬਿਰਦ ਬਿਰਦਾਇਆ ।
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖ ਲਖਾਇਆ ।
ਸਤਿਰੂਪ ਸਤਿਨਾਮ ਕਰ ਸਤਿਗੁਰ ਨਾਨਕ ਦੇਉ ਜਪਾਇਆ ।[3]

ਗੁਰਮਤ ਵਿਚ 'ਵਾਹਿਗੁਰੂ' ਸ਼ਬਦ ਵੀ ਬ੍ਰਹਮ ਲਈ ਵਰਤਿਆ ਗਿਆ ਹੈ। ਇਸ ਸ਼ਬਦ ਤੋਂ ਵੀ ਬ੍ਰਹਮ ਦੀ ਪਛਾਣ ਹੁੰਦੀ ਹੈ, ਕੇਵਲ ਰਟਣ ਨਾਲ ਨਹੀਂ, ਸਗੋਂ ਇਸ ਪਿੱਛੇ ਖਲੋਤੀ ਸਿਰਜਨ-ਸ਼ਕਤੀ ਨੂੰ ਅਨੁਭਵ ਕਰਨ ਨਾਲ । ਭਾਈ ਗੁਰਦਾਸ ਅਨੁਸਾਰ 'ਵਾਹਿਗੁਰੂ' ਸ਼ਬਦ ਗੁਰੂ ਨੇ ਹੀ ਸੁਣਾਇਆ ਹੈ:-

ਸਤਿਰੂਪ ਸਤਿਨਾਮ ਕਰ ਸਤਿਗੁਰ ਨਾਨਕ ਦੇਉ ਜਪਾਇਆ ।
ਧਰਮ ਸਾਲ ਕਰਤਾਰਪੁਰ ਸਾਧ ਸੰਗਤ ਸਚਖੰਡ ਵਸਾਇਆ ।
ਵਾਹਿਗੁਰੂ ਗੁਰ ਸਬਦ ਸੁਣਾਇਆ ।[4]

ਇਹ ਬ੍ਰਹਮ, ਜਿਸ ਨੂੰ ਗੁਰਬਾਣੀ ਵਿਚ 'ਸਤਿਨਾਮ' ਜਾਂ 'ਵਾਹਿਗੁਰੂ' ਕਿਹਾ ਗਿਆ ਹੈ,

1. ਵਾਰਾਂ ਭਾਈ ਗੁਰਦਾਸ, ਵਾਰ 21, ਪਉੜੀ ਦੂਜੀ.
2. ਵਾਰਾਂ ਭਾਈ ਗੁਰਦਾਸ, ਵਾਰ 21, ਪਉੜੀ ਤੀਜੀ.
3. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ ਪਹਿਲੀ.
4. ਉਹੀ . . . . .

ਕੁਦਰਤ ਸਾਜ ਕੇ ਆਪ ਉਸ ਕੁਦਰਤ ਵਿਚੋਂ ਦੀਦਾਰ ਦੇਂਦਾ ਪ੍ਰਤੀਤ ਹੁੰਦਾ ਹੈ। ਭਾਈ ਸਾਹਿਬ ਇਸ ਅਪਾਰ ਕੁਦਰਤ ਵਿਚੋਂ 'ਬਲਿਹਾਰੀ ਕੁਦਰਤ ਵਸਿਆ' ਦਾ ਜਲਵਾ ਵੇਖਦੇ ਕੁਰਬਾਨ ਪਏ ਹੁੰਦੇ ਹਨ :—

ਅੰਬਰ ਨਦਰੀ ਆਵਦਾ ਕੇਵਡ ਚੌੜਾ ਕੋਇ ਨਾ ਜਾਣੇ।
ਉੱਚਾ ਕੇਵਲ ਆਖੀਐ ਸੁੰਨ ਸਰੂਪ ਨ ਆਖ ਵਖਾਣੇ।
ਲੈਣ ਉਡਾਰੀ ਪੰਖਣੂੰ ਅਨਲ ਮਨਲ ਉੱਤ ਖਬਰ ਨ ਆਣੇ।
ਓੜਕ ਮੂਲ ਨ ਲਭਈ ਸਭੇ ਹੋਇ ਫਿਰਨ ਹੈਰਾਣੇ।
ਲਖ ਅਗਾਸ ਨ ਅੱਪੜਨ ਕੁਦਰਤ ਕਾਦਰ ਨੋ ਕੁਰਬਾਣੇ।[1]

ਕੁਦਰਤ ਵਿਚ ਵਸਦੇ ਬ੍ਰਹਮ ਦੀ ਪਛਾਣ ਕਿਵੇਂ ਹੋਵੇ ? ਭਾਈ ਸਾਹਿਬ ਇਹ ਵੀ ਦਸਦੇ ਹਨ :—

ਪਾਰਬ੍ਰਹਮ ਸਤਿਗੁਰ ਪੁਰਖ ਸਾਧ ਸੰਗਤ ਵਾਸਾ ਨਿਰਬਾਣੇ।
ਮੁਰਦਾ ਹੋਇ ਮੁਰੀਦ ਸਿਞਾਣੇ।

ਇਹ ਬ੍ਰਹਮ ਜਾਂ ਪਾਰਬ੍ਰਹਮ ਗੁਰੂ ਰੂਪ ਹੋ ਕੇ ਸਾਧ ਸੰਗਤ ਵਿਚ ਤੇ ਗੁਰੂ ਦੇ ਸ਼ਬਦ ਵਿਚ ਸਮਾਇਆ ਹੋਇਆ ਹੈ।[3] ਇਕ ਹੋਰ ਥਾਂ ਲਿਖਿਆ ਹੈ :-

ਪਾਰਬ੍ਰਹਮ ਗੁਰ ਸ਼ਬਦ ਹੈ ਸਤਿ ਸੰਗ ਨਿਵਾਸੀ।[4]

ਜਦੋਂ ਬ੍ਰਹਮ ਗੁਰੂ ਰੂਪ ਹੋ ਕੇ ਗੁਰੂ ਦੇ ਸ਼ਬਦ ਵਿਚ ਵਸ ਰਿਹਾ ਹੈ ਤੇ ਨਾਲੇ ਆਪ ਹੀ ਗੁਰੂ ਦਾ ਸ਼ਬਦ ਵੀ ਹੈ ਤਾਂ ਜਿਸ ਗੁਰੂ ਦੇ ਸ਼ਬਦ ਵਿਚ ਉਹ ਵਸ ਰਿਹਾ ਹੈ ਜਾਂ ਜਿਸ ਗੁਰੂ ਦਾ ਉਹ ਆਪ ਸ਼ਬਦ ਰੂਪ ਹੈ, ਉਸ ਗੁਰੂ ਦੀ ਸ਼ਖਸੀਅਤ ਦਾ ਗਿਆਨ ਹੋਣਾ ਜ਼ਰੂਰੀ ਹੈ। ਉਸ ਗੁਰੂ ਦੇ ਸ਼ਬਦ ਵਿਚੋਂ ਬ੍ਰਹਮ ਦੇ ਦੀਦਾਰ ਹੋ ਸਕਦੇ ਹਨ। ਭਾਈ ਗੁਰਦਾਸ ਜੀ ਨੇ ਉਸ ਗੁਰੂ, ਸਤਿਗੁਰੂ ਬਾਰੇ ਜੋ ਬਚਨ ਉਚਾਰੇ ਹਨ ਉਹਨਾਂ ਦੀ ਵਿਚਾਰ ਕਰ ਕੇ ਉਸ ਗੁਰੂ ਨੂੰ ਜਾਣਿਆ ਜਾ ਸਕਦਾ ਹੈ। ਜੇ ਇਉਂ ਗੁਰੂ ਦੀ ਪ੍ਰਾਪਤੀ ਹੋ ਜਾਵੇ ਤਾਂ ਬ੍ਰਹਮ ਜਾਂ ਵਾਹਿਗੁਰੂ ਦੀ ਪ੍ਰਾਪਤੀ, ਜੋ ਮਨੁੱਖ ਦਾ ਅਸਲ ਮਨੋਰਥ ਹੈ, ਸਹਿਜੇ ਹੀ ਹੋ ਸਕਦੀ ਹੈ। ਪੂਰੇ ਗੁਰੂ ਦੀ ਪ੍ਰਾਪਤੀ ਬਿਨਾਂ ਤਾਂ ਮਨੁੱਖ ਮਨੁੱਖਤਾ ਤੋਂ ਡਿਗ ਕੇ ਸ਼ੈਤਾਨ ਦੇ ਕਾਬੂ ਆ ਜਾਂਦਾ ਹੈ:-

ਬਿਨ ਪੂਰੇ ਗੁਰਦੇਵ ਫਿਰੈ ਸੈਤਾਨਿਆ।[5]

ਤੇ ਪੂਰੇ ਗੁਰੂ ਦੀ ਪ੍ਰਾਪਤੀ ਬਿਨਾਂ ਗਿਆਨ ਦਾ ਚਾਨਣ ਵੀ ਨਹੀਂ ਮਿਲਦਾ:-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।

---

1. ਵਾਰਾਂ ਭਾਈ ਗੁਰਦਾਸ, ਵਾਰ 7, ਪਉੜੀ 18.
2. ਉਹੀ „ ਵਾਰ 7, ਪਉੜੀ 18.
3. ਉਹੀ „ ਵਾਰ 6, ਪਉੜੀ 2, ਪੰਗਤੀ 3.
4. ਉਹੀ „ ਵਾਰ 9, ਪਉੜੀ ਪਹਿਲੀ, ਪੰਗਤੀ 2.
5. ਆਦਿ ਗ੍ਰੰਥ, ਪੰਨਾ 708.

ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ । (ਵਾਰ ਆਸਾ ਮ: ੧)

ਸੋ ਪੂਰੇ ਸਤਿਗੁਰੂ ਦੀ ਪਛਾਣ, ਪੂਰੇ ਸਤਿਗੁਰੂ ਦੀ ਪ੍ਰਾਪਤੀ, ਬ੍ਰਹਮ ਦੀ ਪਛਾਣ ਤੇ ਪ੍ਰਾਪਤੀ ਲਈ ਇਕ ਜ਼ਰੂਰੀ ਸ਼ਰਤ ਹੈ ।

ਭਾਈ ਗੁਰਦਾਸ ਨੇ ਪਾਰਬ੍ਰਹਮ ਦੇ ਸਰੂਪ ਤੇ ਸੁਭਾਵ ਨੂੰ ਨਿਮਨ ਲਿਖਤ ਤੁਕਾਂ ਵਿੱਚ ਬੜੇ ਸੰਕੋਚਵੇਂ ਢੰਗ ਨਾਲ ਚਿਤਰਿਆ ਹੈ । ਇਹ ਤੁਕਾਂ ਨਮੂਨੇ ਮਾਤਰ ਹੀ ਦਿੱਤੀਆਂ ਜਾ ਰਹੀਆਂ ਹਨ, ਵੈਸੇ ਅਜਿਹੀਆਂ ਤੁਕਾਂ ਦੀ ਗਿਣਤੀ ਬਹੁਤ ਹੈ ।

1 ਉਹ ਪਾਰਬ੍ਰਹਮ ਸਿਰਜਣਹਾਰ ਨਾ-ਦਿਸਦਾ ਹੈ ।
ਕੁਦਰਤ ਕੀਮ ਨ ਜਾਣੀਐ
ਕੇਵਡੁ ਆਖਾ ਸਿਰਜਣਹਾਰਾ । (ਵਾਰ 18, ਪਉੜੀ 1)

2 ਉਸ ਦੀ ਬਣਾਈ ਧਰਤੀ, ਅਕਾਸ਼, ਪਉਣ, ਪਾਣੀ ਅੱਗ ਦਾ ਤਾਂ ਅੰਤ ਨਹੀਂ ਪਾਇਆ ਜਾਂਦਾ, ਤਾਂ ਉਸ ਰਚਨਹਾਰ ਨੂੰ
ਕੇਵਡੁ ਆਖਾਂ ਸਿਰਜਣਹਾਰਾ । (ਵਾਰ 8, ਪਉੜੀ 1)

3 ਪਾਰਬ੍ਰਹਮ ਪੂਰਨ ਬ੍ਰਹਮ
ਅਗਮ ਅਗੋਚਰ ਅਲਖ ਅਪਾਰਾ । (ਵਾਰ 6, ਪਉੜੀ 4)

4 ਉਹ, ਪ੍ਰੇਮ ਪਿਆਲੇ ਵਸ ਹੋਇ
ਭਗਤ ਵਛਲ ਹੋਇ ਸਿਰਜਣਹਾਰਾ । (ਵਾਰ 6 ਪਉੜੀ 4)

5 ਭਗਤ ਵਛਲ ਪਰਵੇਸ ਮਾਨ ਨਿਮਾਣਿਆ । (ਵਾਰ 3, ਪਉੜੀ 1)

6 ਉਹ, ਸਾਸ ਗਿਰਾਸ ਸਮਾਲਦਾ
ਕਰ ਬ੍ਰਹਮੰਡ ਕਰੋੜ ਸੁਮਾਰਾ । (ਵਾਰ 8, ਪਉੜੀ 2)

7 ਪਾਰਬ੍ਰਹਮ ਗੁਰਸ਼ਬਦ ਹੈ ਸਤਿਸੰਗ ਨਿਵਾਸੀ (ਵਾਰ 9, ਪਉੜੀ 1)

8 ਉਹ ਸਰਬ-ਵਿਆਪਕ ਹੈ :-
ਪੂਰਨ ਬ੍ਰਹਮ ਜਗਤ੍ਰ ਵਿਚ,
ਗੁਰਮੁਖ ਸਾਧ ਸੰਗ ਨਿਰੰਕਾਰੀ । (ਵਾਰ 7, ਪਉੜੀ 17)

9 ਘਟਿ ਘਟਿ ਪੂਰਨ ਬ੍ਰਹਮ ਹੈ ਗੁਰਮੁਖ ਵੇਖਾਲੇ । (ਵਾਰ 9, ਪਉੜੀ 6)

10 ਉਹ
(1) ਗੋਬਿੰਦ ਭਾਉ ਭਗਤਿ ਦਾ ਭੁੱਖਾ (ਵਾਰ 10, ਪਉੜੀ 7)
(2) ਨਾਥ ਅਨਾਥਾਂ ਬਾਣ ਧੁਰਾਂ ਦੀ (ਵਾਰ 10, ਪਉੜੀ 8)
(3) ਭਗਤ ਜਨਾ ਹਰਿ ਮਾ ਪਿਉ ਬੇਟਾ (ਵਾਰ 10, ਪਉੜੀ 17)

11 ਪਾਰਬ੍ਰਹਮ ਪੂਰਨ ਬ੍ਰਹਮ
ਨਿਰਗੁਣ ਸਰਗੁਣ ਅਲਖ ਲਖਾਇਆ । (ਵਾਰ 25, ਪਉੜੀ 1)

12 ਓਅੰਕਾਰ ਅਕਾਰ, ਜਿਸ
ਪਰਵਦਗਾਰ ਅਪਾਰ ਅਲਾਹਾ (ਵਾਰ 37, ਪਉੜੀ 2)

2. ਜੀਵ ਤੇ ਜਗਤ ਦਾ ਸੰਕਲਪ

ਭਾਈ ਗੁਰਦਾਸ ਜੀ ਦੀ ਰਚਨਾ ਦਾ ਮੁਖ ਉਦੇਸ਼ ਗੁਰਮਤ ਪਰਚਾਰ ਤੇ ਸਦਾਚਾਰ ਪ੍ਰਸਾਰ ਹੋਣ ਕਰ ਕੇ ਵਾਰਾਂ ਵਿਚ ਜੀਵ, ਜਗਤ ਤੇ ਪ੍ਰਕਿਰਤੀ ਬਾਰੇ ਐਵੇਂ ਇਸ਼ਾਰੇ ਮਾਤਰ ਹੀ ਕੁਝ ਵਿਚਾਰ ਉਪਲਬਧ ਹਨ।

ਜੀਵ :– 'ਜੀਵ' ਸ਼ਬਦ, ਆਤਮਾ ਵਾਸਤੇ ਵਰਤਿਆ ਜਾਂਦਾ ਹੈ। ਪਰ ਮਜ਼ੇਦਾਰ ਗੱਲ ਇਹ ਹੈ ਕਿ ਇਹ ਸ਼ਬਦ ਇਸ ਰੂਪ ਵਿਚ ਜਾਂ ਸ਼ਬਦ 'ਆਤਮਾ' ਜਾਂ 'ਪ੍ਰਮਾਤਮਾ' ਇਹਨਾਂ ਵਾਰਾਂ ਵਿਚ ਇਕ ਵਾਰੀ ਵੀ ਨਹੀਂ ਵਰਤਿਆ ਗਿਆ। ਹਾਂ, ਕੇਵਲ ਇਕ ਥਾਂ 'ਆਤਮ' ਸ਼ਬਦ ਦੀ ਵਰਤੋਂ ਹੋਈ ਹੈ ਤੇ ਉਥੇ ਇਸ ਤੋਂ 'ਮਨ'[1] ਦਾ ਅਰਥ ਲਿਆ ਗਿਆ ਹੈ:

"ਆਤਮ ਅਗਹ ਅਗਹੇਉ ਸ਼ਬਦ ਪਰੋਇਆ।" (ਵਾਰ 3, ਪਉੜੀ 12)

ਭਾਵ "ਨਾ ਪਕੜੇ ਜਾਣ ਵਾਲੇ ਮਨ ਨੂੰ ਪਕੜ ਕੇ ਸ਼ਬਦ ਵਿਚ ਪਰੋ ਦਿਤਾ ਹੈ"[2]। ਆਤਮਾ ਦਾ ਭਾਵ ਇਥੇ ਵੀ ਨਹੀਂ ਨਿਕਲਦਾ।

ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ ਬ੍ਰਹਮ ਅਸੀਮ ਹੈ ਤੇ 'ਜੀਵ' ਸਸੀਮ ਹੈ। ਪ੍ਰਕਿਰਤੀ ਦੀ ਪਿਠ ਭੂਮੀ ਵਿਚ ਬ੍ਰਹਮ ਤੇ ਜੀਵ, ਦੋਵੇਂ, 'ਪੁਰਸ਼' ਹਨ। ਪਰ ਜਿਥੇ ਬ੍ਰਹਮ ਜਾਂ ਸਰਵੁਚ ਪੁਰਸ਼ ਪ੍ਰਕਿਰਤੀ ਦਾ ਸਿਰਜਨਹਾਰ ਹੈ ਤੇ ਪ੍ਰਕਿਰਤੀ ਦੇ ਪ੍ਰਭਾਵ ਤੋਂ ਮੁਕਤ ਹੈ, ਉਥੇ ਜੀਵ ਜਾਂ ਪੁਰਸ਼ ਕਾਰਜ—ਖੇਤਰ ਜਾਂ ਪ੍ਰਕਿਰਤੀ ਵਿਚ ਲਿਪਤ ਰਹਿੰਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ।[3] 'ਜੀਵ' ਦੇ ਇਸ ਆਵਾਗਉਨ ਵਾਲੇ ਚੱਕਰ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ:–

ਜੁਗ ਜੁਗ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
ਫਿਰ ਫਿਰ ਫੇਰ ਵਟਾਈਐ ਗਿਆਨੀ ਹੋਇ ਮਰਮ ਕਉ ਪਾਵੈ। (ਵਾਰ 1, ਪਉੜੀ 15)

ਇਥੇ 'ਮੇਰੁ' ਤੋਂ ਭਾਵ ਭ੍ਰਿਮਣੀ ਜੀਵ ਹੈ ਜੋ ਭਿੰਨਾਂ ਜੁਗਾਂ ਦੇ ਵਖਰੇ ਵਖਰੇ ਕਰਮ ਕਰਦਾ ਹੋਇਆ ਇਕ ਜੁਗ ਤੋਂ ਦੂਜੇ ਵਿਚ ਪ੍ਰਵੇਸ਼ ਕਰਦਾ ਹੈ ਪਰ ਜਨਮ ਮਰਨ ਦਾ ਸੰਸਾ ਦੂਰ ਨਾ ਹੋਣ ਕਰਕੇ

"ਫਿਰ ਕਲਜੁਗ ਅੰਦਰ ਦੇਹ ਧਰ ਕਰਮਾਂ ਅੰਦਰ ਫੇਰ ਸਮਾਵੈ (ਵਾਰ 1 ਪਉੜੀ 15)

---

1. ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਤੇ ਕੋਸ਼, ਪੰਨਾ 52.
2. ਵਾਰਾਂ ਭਾਈ ਗੁਰਦਾਸ ਜੀ, ਸਟੀਕ, ਪੰਡਤ ਨਰੈਣ ਸਿੰਘ ਗਿਆਨੀ ਪੰਨਾ 81–82.
3. ਆਊਟਲਾਈਨਜ਼ ਆਫ਼ ਸਿਖ ਥਾਟ, ਪੰਨਾ 27.

'ਦੇਹ' ਇਸ 'ਜੀਵ' ਦਾ ਟਿਕਾਣਾ ਹੈ, ਦੇਹ ਵਿਚ ਇਸ ਦਾ ਵਾਸ ਹੁੰਦਾ ਹੈ। ਇਸ ਅਰਥ ਵਿਚ 'ਜੀਵ' ਸ਼ਬਦ 'ਜੀਉ' ਰੂਪ ਵਿਚ ਤਿੰਨ ਵਾਰ ਇਹਨਾਂ ਵਾਰਾਂ ਵਿਚ ਵਰਤਿਆ ਮਿਲਦਾ ਹੈ :—

1 ਰਕਤ ਬਿੰਦ ਕਰ ਨਿੰਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਸੁਣਾਯਾ।
ਗਰਭ ਕੁੰਡ ਵਿਚ ਰਖਿਆ ਜੀਉ ਪਾਇ ਤਨ ਸਾਜ ਸੁਹਾਯਾ।[1]

2 ਜੀਉ ਪਾਇ ਤਨ ਸਾਜਿਆ ਮੁਹ ਅਖੀਂ ਨਕ ਕੰਨ ਸਵਾਰੇ।[2]

3 ਜੀਉ ਪਿੰਡ ਦੇ ਸਾਜਿਆ ਸਾਸ ਮਾਸ ਦੇ ਜਿਨੇ ਕਿਸੇ।[3]

ਜਗਤ:—ਗੁਰੂ ਨਾਨਕ ਦੇਵ ਦੀ ਬਾਣੀ 'ਜਪੁ' ਦੇ ਅਰੰਭ ਵਿਚ ਇਕ ਸ਼ਲੋਕ ਲਿਖਿਆ ਹੋਇਆ ਹੈ ਜਿਸ ਨੂੰ 'ਮੂਲ ਮੰਤਰ' ਕਿਹਾ ਜਾਂਦਾ ਹੈ। ਇਸ ਮੂਲ ਮੰਤਰ ਵਿਚ ਸਦੀਵੀ ਹੋਣ ਵਾਲੇ ਅਕਾਲ ਨੂੰ 'ਕਰਤਾ ਪੁਰਖੁ', ਭਾਵ ਉਹ 'ਪੁਰਸ਼' ਜੋ ਜਗਤ ਦਾ ਰਚਨਹਾਰ ਹੈ, ਕਿਹਾ ਗਿਆ ਹੈ। ਉਹ ਆਪਣੀ ਇੱਛਾ ਅਨੁਸਾਰ ਜਗਤ ਉਤਪਤੀ ਤੇ ਜਗਤ ਪਰਲੋ ਕਰਦਾ ਹੈ। ਜਗਤ ਰਚਨਾ ਤੋਂ ਪਹਿਲਾਂ 'ਸੁੰਨ' ਅਵਸਥਾ ਦਾ ਵਰਣਨ, ਰਿਗ ਵੇਦ ਦੇ 'ਨਾਸਦੀਆ ਸੂਤਰ' ਵਿਚ ਅੰਕਿਤ ਹੈ। ਉਸ 'ਸੁੰਨ' ਨੂੰ ਤੋੜ ਕੇ ਹੀ ਕਰਤਾ ਪੁਰਖ ਨੇ ਜਗਤ ਦੀ ਰਚਨਾ ਕੀਤੀ ਹੈ। ਇਸ ਲਈ ਇਹ ਕੋਈ ਨਹੀਂ ਕਹਿ ਸਕਦਾ ਕਿ ਇਹ ਰਚਨਾ ਕਦੋਂ ਹੋਈ। ਇਹੋ ਜਿਹੇ ਵਿਚਾਰ ਗੁਰੂ ਦੇਵ ਨੇ ਵੀ ਬਿਆਨ ਕੀਤੇ ਹਨ:—

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ *ਲਗਾਇਦਾ।
....
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ।[4]

ਗੁਰੂ ਅਰਜਨ ਦੇਵ ਨੇ ਇਸੇ ਤਰ੍ਹਾਂ ਦੇ ਵਿਚਾਰ 'ਸੁਖਮਨੀ' ਵਿਚ ਪਰਗਟ ਕੀਤੇ ਹਨ:—

ਜਬ ਆਕਾਰੁ ਇਹੁ ਕਛੁ ਨ ਦ੍ਰਿਸਟੇਤਾ। ਪਾਪ ਪੁੰਨ ਤਬ ਕਹ ਤੇ ਹੋਤਾ।
ਜਬ ਧਾਰੀ ਆਪਨ ਸੁੰਨ ਸਮਾਧਿ। ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ।[5]
....
ਜਹ ਆਪਿ ਰਚਿਓ ਪਰਪੰਚੁ ਅਕਾਰੁ। ਤਿਹੁ ਗੁਣ ਮਹਿ ਕੀਨੋ ਬਿਸਥਾਰੁ।[6]

---

1. ਵਾਰਾਂ ਭਾਈ ਗੁਰਦਾਸ, ਵਾਰ 15, ਪਉੜੀ 18.
2. ਵਾਰਾਂ ਭਾਈ ਗੁਰਦਾਸ, ਵਾਰ 18, ਪਉੜੀ 3.
3. ਉਹੀ , , ਵਾਰ 37, ਪਉੜੀ 14.
4. ਆਦਿ ਗ੍ਰੰਥ, ਮਾਰੂ ਸੋਲਹੇ ਮ: ੧, ਪੰਨਾ 1035.
5. ਆਦਿ ਗ੍ਰੰਥ, ਗਉੜੀ ਸੁਖਮਨੀ ਮ: 5, ਪੰਨਾ 290.
6. ... ਉਹੀ, ਪੰਨਾ 291-92.

ਗੁਰ ਚਰਨਾਂ ਦੇ ਭੌਰੇ, ਭਾਈ ਗੁਰਦਾਸ ਜਗਤ ਉਤਪਤੀ ਦੇ ਇਸ ਵਿਚਾਰ ਨੂੰ ਇਹਨਾਂ ਸ਼ਬਦਾਂ ਵਿਚ ਜ਼ਾਹਰ ਕਰਦੇ ਹਨ:

ਪ੍ਰਿਥਮੇ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ ।
ਰਕਤ ਬਿੰਦ ਕੀ ਦੇਹ ਰਚ ਪਾਂਚ ਤਤ ਕੀ ਜੜਤ ਜੜਾਈ ।
ਪਉਣ ਪਾਣੀ ਬੈਸੰਤਰੋ ਚੌਥੀ ਧਰਤੀ ਸੰਗ ਮਿਲਾਈ ।
ਪੰਚਮ ਵਿਚ ਅਕਾਸ਼ ਕਰ ਕਰਤਾ ਛਟਮ ਅਦ੍ਰਿਸ਼ਟ ਸਮਾਈ ।
ਪੰਚ ਤਤ ਪਚੀਸ ਗੁਣ ਸ਼ਤ੍ਰ ਮਿਤ੍ਰ ਮਿਲ ਦੇਹ ਬਣਾਈ ।
ਖਾਣੀ ਬਾਣੀ ਚਲਿਤ ਕਰ ਆਵਾਗਉਣ ਚਰਿਤ੍ਰ ਦਿਖਾਈ ।
ਚੌਰਾਸੀ ਲਖ ਜੋਨਿ ਉਪਾਈ । (ਵਾਰ 1, ਪਉੜੀ 2)

'ਜਪੁ' ਬਾਣੀ ਵਿਚ ਗੁਰੂ ਨਾਨਕ ਦੇਵ ਨੇ ਕਰਤਾ ਪੁਰਖ ਦੇ ਜਗਤ ਰਚਨ ਸੰਬੰਧੀ ਲਿਖਿਆ ਹੈ :-

ਕੀਤਾ ਪਸਾਉ ਏਕੋ ਕਵਾਉ ।
ਤਿਸ ਤੇ ਹੋਏ ਲਖ ਦਰੀਆਉ ।

ਕਈ ਵਿਚਾਰਕ ਗੁਰੂ ਜੀ ਦੇ ਇਸ ਵਿਚਾਰ ਦਾ ਆਧਾਰ, ਇਸਲਾਮ ਸਮਝਦੇ ਹਨ । ਪਰ ਇਹ ਵਿਚਾਰ ਇਸਲਾਮ ਦੇ ਉਦੇ ਹੋਣ ਤੋਂ ਢੇਰ ਪਹਿਲਾਂ ਰਿਗ ਵੇਦ ਦੇ ਨਾਸਦੀਆ ਸੂਕਤ ਵਿਚ ਲਿਖਿਆ ਹੋਣ ਕਰ ਕੇ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਗੁਰੂ ਜੀ ਨੇ ਰਿਗ ਵੇਦ ਦੀ ਲੀਹ ਨੂੰ ਅਪਣਾਇਆ ਹੈ । ਗੁਰੂ ਜੀ ਦਾ ਇਹ ਵਿਚਾਰ ਸਾਂਖਯ ਸ਼ਾਸਤਰ ਤੇ ਪੁਰਾਣਾਂ ਵਿਚ ਵੀ ਮਿਲਦਾ ਹੈ ।

ਭਾਈ ਗੁਰਦਾਸ ਇਸੇ ਵਿਚਾਰ ਨੂੰ ਇਉਂ ਬਿਆਨ ਕਰਦੇ ਹਨ: —

ਓਅੰਕਾਰ ਅਕਾਰ ਕਰ ਇਕ ਕਵਾਉ ਪਸਾਉ ਪਸਾਰਾ ।
ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸਮਾਰਾ ।[1]

ਪੁਨਾ: ਓਅੰਕਾਰ ਅਕਾਰ ਕਰ ਏਕ ਕਵਾਉ ਪਸਾਉ ਪਸਾਰਾ ।
ਪੰਚ ਤਤ ਪਰਵਾਨ ਕਰ ਘਟ ਘਟ ਅੰਦਰ ਤ੍ਰਿਭਵਣ ਸਾਰਾ ।
ਕਾਦਰ ਕਿਨੇ ਨ ਲਖਿਆ ਕੁਦਰਤ ਸਾਜ ਕੀਆ ਅਵਤਾਰਾ ।
ਇਕ ਦੂ ਕੁਦਰਤ ਲਖ ਕਰ ਲਖ ਬਿਅੰਤ ਅਸੰਖ ਅਪਾਰਾ ।
ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸਮਾਰਾ ।
ਇਕਸ ਇਕਸ ਬ੍ਰਹਮੰਡ ਵਿਚ ਦਸ ਦਸ ਕਰ ਅਵਤਾਰ ਉਤਾਰਾ ।

1. ਵਾਰਾਂ ਭਾਈ ਗੁਰਦਾਸ, ਵਾਰ 25, ਪਉੜੀ 1.

ਕੇਤੇ ਬੇਦ ਬਿਆਸ ਕਰ ਕਈ ਕਤੇਬ ਮੁਹੰਮਦ ਯਾਰਾ ।
ਕੁਦਰਤ ਇਕ ਏਤਾ ਪਸਾਰਾ ।[1]

ਇਹ ਗੱਲ ਵੇਖਣ ਵਾਲੀ ਹੈ ਕਿ ਭਾਈ ਸਾਹਿਬ ਨੇ ਕੇਵਲ ਉਹ ਵਿਚਾਰ ਹੀ ਨਹੀਂ ਅੰਕਿਤ ਕੀਤਾ, ਉਸ ਦੀ ਪੂਰੀ ਪੂਰੀ ਵਿਆਖਿਆ ਵੀ ਕਰ ਦਿੱਤੀ ਹੈ ।

ਈਸਾਈ ਮਤ ਤੇ ਇਸਲਾਮ ਅਨੁਸਾਰ ਜਗਤ ਦੇ ਚੌਦਾਂ ਤਬਕ ਹਨ, ਭਾਵ ਸਤ ਅਕਾਸ਼ ਤੇ ਸਤ ਪਤਾਲ । ਹਜ਼ਰਤ ਮੁਹੰਮਦ ਸਾਹਿਬ ਸ਼ਬੇਮਿਅਰਾਜ ਨੂੰ ਅਲਬੁਰਾਕ ਊਠ ਤੇ ਸਵਾਰ ਹੋ ਕੇ ਅੱਲ੍ਹਾ ਮੀਆਂ ਨੂੰ ਸਤਵੇਂ ਅਕਾਸ਼ ਤੇ ਜਾ ਮਿਲੇ ਦੱਸੇ ਜਾਂਦੇ ਹਨ । ਹਿੰਦੂ ਮਤ ਵਿਚ ਵੀ ਇਸੇ ਤਰ੍ਹਾਂ ਚੌਦਾਂ ਲੋਕ, ਸਤ ਉਪਰਲੇ–ਭੂ ਲੋਕ, ਭੁਵਰ ਲੋਕ, ਸਵੱਰ ਲੋਕ, ਮਹੱਰ ਲੋਕ, ਜਨ ਲੋਕ, ਤਪ ਲੋਕ ਤੇ ਸਤ ਲੋਕ ਜਾਂ ਬ੍ਰਹਮ ਲੋਕ ਅਤੇ ਸਤ ਹੇਠਲੇ—ਅਤਲ, ਵਿਤਲ ਤਲਾਤਲ, ਗਭਸਤੀਮਤ, ਮਹਾਤਲ, ਸੁਤਲ ਤੇ ਪਾਤਾਲ, ਮੰਨੇ ਜਾਂਦੇ ਹਨ । ਕਈ ਵਾਰ ਹਿੰਦੂ ਮਤ ਅਨੁਸਾਰ ਤ੍ਰਿਲੋਕ ਜਾਂ ਤਿੰਨ ਲੋਕਾਂ-ਸਵਰਗ ਲੋਕ, ਮਾਤ ਲੋਕ ਤੇ ਪਾਤਾਲ ਲੋਕ ਦਾ ਵਿਚਾਰ ਦਿੱਤਾ ਜਾਂਦਾ ਹੈ । ਮਾਤਲੋਕ ਜਾਂ ਧਰਤ ਲੋਕ ਨੂੰ ਫੇਰ ਨੌਂ ਖੰਡਾਂ ਵਿਚ ਵੰਡਿਆ ਜਾਂਦਾ ਹੈ ।

ਗੁਰਬਾਣੀ ਵਿਚ ਤ੍ਰਿਲੋਕ, ਨੌਖੰਡ ਤੇ ਚੌਦਾਂ ਭਵਨਾਂ ਦਾ ਜ਼ਿਕਰ ਆਇਆ ਹੈ, ਜਗਤ ਦੀਆਂ ਚਾਰ ਖਾਣੀਆਂ ਅੰਡਜ, ਜੇਰਜ, ਸੇਤਜ, ਉਤਭੁਜ, ਦਾ ਵਿਚਾਰ ਵੀ ਮਿਲਦਾ ਹੈ । ਪਰ ਇਹ ਸਭ ਸ਼ਬਦ ਸੰਕੇਤ ਰੂਪ ਵਿਚ ਹੀ ਵਰਤੇ ਹਨ, ਨਿਸਚੇ ਰੂਪ ਵਿਚ ਨਹੀਂ ਵਰਤੇ ਗਏ । ਗੁਰਬਾਣੀ ਅਨੁਸਾਰ ਇਹਨਾਂ ਭਵਨਾਂ, ਲੋਕਾਂ, ਖੰਡਾਂ, ਬ੍ਰਹਮੰਡਾਂ, ਖਾਣੀਆਂ ਆਦਿ ਦੀ ਗਿਣਤੀ ਹੀ ਕੋਈ ਨਹੀਂ । ਗੁਰੂ ਨਾਨਕ ਦੇਵ ਕਹਿੰਦੇ ਹਨ :-

ਪਾਤਾਲਾ ਪਾਤਾਲ ਲਖ ਆਗਾਸਾਂ ਆਗਾਸ ।[2]

ਗੁਰੂ ਅਰਜਨ ਦੇਵ ਕਹਿੰਦੇ ਹਨ:

ਕਈ ਕੋਟਿ ਖਾਣੀ ਅਰੁ ਖੰਡ ।
ਕਈ ਕੋਟਿ ਅਕਾਸ ਬ੍ਰਹਮੰਡ ।[3]

ਇਸੇ ਤਰ੍ਹਾਂ ਭਾਈ ਗੁਰਦਾਸ ਲਿਖਦੇ ਹਨ ਕਿ ਗੁਰੂ ਨਾਨਕ ਨੇ

"ਪਾਤਾਲਾ ਆਕਾਸ ਲਖ ਜਿਤੀ ਧਰਤੀ ਜਗਤ ਸਬਾਯਾ ।" (ਵਾਰ 1, ਪਉੜੀ 37)

ਤੇ ਕਰਤਾ ਪੁਰਖ ਨੇ

ਖਾਣੀ ਚਾਰ ਬੰਧਾਨ ਕਰ ਲਖ ਚੁਰਾਸੀ ਜੂਨ ਦੁਆਰ ।
ਇਕਸ ਇਕਸ ਜੂਨ ਵਿਚ ਜੀਅ ਜੰਤ ਅਨਗਿਣਤ ਅਪਾਰੇ । (ਵਾਰ 3, ਪਉੜੀ 1)

---

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 4
2. ਆਦਿ ਗ੍ਰੰਥ–ਜਪੁ, ਪੰਨਾ 5.
3. ਆਦਿ ਗ੍ਰੰਥ–ਗਉੜੀ ਸੁਖਮਨੀ ਮ: 5, ਪੰਨਾ 276.

ਜੁਗਾਂ ਜੁਗਾਂ ਵਿਚ, ਸਮੇਂ ਸਮੇਂ ਕਈ ਵਿਚਾਰਕਾਂ ਨੇ ਜਗਤ-ਰਚਨਾ ਦੇ ਕਾਲ ਬਾਬਤ ਅੰਦਾਜ਼ੇ ਲਾਉਣ ਦਾ ਜਤਨ ਕੀਤਾ ਹੈ।[1] ਪਰ ਗੁਰੂ ਨਾਨਕ ਦੇਵ ਨੇ ਇਹ ਕਹਿ ਕੇ, ਕਿ

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ। (ਜਪੁ ਬਾਣੀ)

ਉਹਨਾਂ ਦੇ ਵਿਚਾਰਾਂ ਨੂੰ ਰਦ ਕਿੱਤਾ ਕਿਉਂਕਿ ਪੈਦਾ ਕੀਤਾ ਹੋਇਆ, ਪੈਦਾ ਕਰਨ ਵਾਲੇ ਦਾ ਅੰਤ ਨਹੀਂ ਪਾ ਸਕਦਾ, ਉਸ ਨੂੰ ਜਾਣ ਨਹੀਂ ਸਕਦਾ। ਇਸ ਸੰਬੰਧ ਵਿਚ ਭਾਈ ਗੁਰਦਾਸ ਦਾ ਵਿਚਾਰ ਵੀ ਇਹੀ ਹੈ :-

ਸਿਰਠਿ ਸਿਰਜਣਹਾਰ ਲੇਖ ਲਿਖਾਇਆ
ਸਰਮੈ ਦੇ ਆਧਾਰ ਨ ਤੋਲ ਤੁਲਾਇਆ।
ਲਿਖਿਆ ਥਿਤ ਨ ਵਾਰ ਨ ਮਾਹ ਜਣਾਇਆ।
ਵੇਦ ਕਤੇਬ ਵੀਚਾਰ ਨ ਆਖ ਸੁਣਾਇਆ। (ਵਾਰ 22, ਪਉੜੀ 1)

ਕੁਦਰਤ:— ਜਿਵੇਂ ਕਰਤਾ ਪੁਰਖ ਦੀ ਜਗਤ ਰਚਨਾ ਬੇਅੰਤ ਹੈ ਇਵੇਂ ਤਰ੍ਹਾਂ ਉਸ ਦੀ ਕੁਦਰਤ ਵੀ ਬੇਅੰਤ ਹੈ। ਕੁਦਰਤ ਸੰਬੰਧੀ ਭਾਈ ਸਾਹਿਬ ਦੇ ਵਿਚਾਰ ਨਿਮਨ ਲਿਖਤ ਤੁਕਾਂ ਤੋਂ ਸਪੱਸ਼ਟ ਹੁੰਦੇ ਹਨ :-

1. ਕੁਦਰਤ ਅਗਮ ਅਪਾਰ ਅੰਤ ਨ ਪਾਇਆ। (ਵਾਰ 19, ਪਉੜੀ 1)
2. ਕੁਦਰਤ ਇਕ ਅਤੋਲਵੀਂ ਲੇਖਾ ਨ ਲਿਖਾਯਾ (ਵਾਰ 13, ਪਉੜੀ 11)
3. ਕੁਦਰਤ ਅਗਮ ਅਥਾਹ ਚੋਜ ਵਿਡਾਣੀਐ। (ਵਾਰ 21, ਪਉੜੀ 1)
4. ਕੁਦਰਤ ਲਖ ਜਹਾਨ ਹੋਇ ਹੈਰਾਣਿਆ। (ਵਾਰ 22, ਪਉੜੀ 15)
5. ਕੁਦਰਤ ਨੋਂ ਕੁਰਬਾਨ ਕਾਦਰ ਜਾਣੀਐ। (ਵਾਰ 3, ਪਉੜੀ 3)
6. ਕੁਦਰਤ ਕੀਮ ਨ ਜਾਣੀਐ ਕਾਦਰ ਕਿਨ ਪਾਯਾ (ਵਾਰ 13, ਪਉੜੀ 11)

(ਸ) ਵਾਰਾਂ ਵਿਚ ਮਿਲਦੀ ਆਚਾਰ ਨੀਤੀ

ਭਾਈ ਗੁਰਦਾਸ ਦੀਆਂ ਵਾਰਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਜਿਥੇ ਇਹਨਾਂ ਵਿਚ ਗੁਰਮਤ ਦੇ ਵਿਚਾਰਾਂ ਦੀ ਵਿਆਖਿਆ ਕੀਤੀ ਗਈ ਹੈ, ਉਥੇ ਗੁਰਮਤ ਅਨੁਸਾਰ ਆਤਮਕ ਉਸਾਰੀ ਵੱਲ ਵੀ ਪ੍ਰੇਰਨਾ ਦਿੱਤੀ ਗਈ ਹੈ। ਭਾਈ ਸਾਹਿਬ ਆਤਮਕ ਉਸਾਰੀ ਦੀ ਬੁਨਿਆਦ ਸੁਭ ਗੁਣਾਂ ਨੂੰ

1. ਆਤੂਟ ਲਾਈਨਜ਼ ਆਫ਼ ਸਿਖ ਧਾਰ, ਪੰਨਾ 38

ਮੰਨਦੇ ਹਨ। ਇਸੇ ਲਈ ਉਹ ਸ਼ੁਭ ਗੁਣਾਂ, ਅਥਵਾ ਸਦਾਚਾਰਕ ਗੁਣ ਧਾਰਨ ਕਰਨ ਉੱਤੇ ਬਹੁਤ ਜ਼ੋਰ ਦਿੰਦੇ ਹਨ। ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਉਹੀ ਇਨਸਾਨ ਉੱਤਮ ਹੈ ਜੋ ਸਦਾਚਾਰਕ ਤੌਰ ਤੇ ਉੱਤਮ ਹੈ। ਸਦਾਚਾਰਕ ਗੁਣਾਂ ਵਾਲੇ ਮਨੁੱਖ ਨੂੰ ਹੀ ਭਾਈ ਸਾਹਿਬ ਅਸਲ ਵਿਚ ਗੁਰਸਿਖ ਜਾਂ ਗੁਰਮੁਖ ਮੰਨਦੇ ਹਨ। ਗੁਰਸਿਖ ਜਾਂ ਗੁਰਮੁਖ ਦੀ ਰਹੁਰੀਤ ਬਾਰੇ ਕਈ ਪਉੜੀਆਂ ਵਿਚ ਬਿਆਨ ਮਿਲਦਾ ਹੈ। ਗੁਰਮੁਖ ਦੀ ਰਹਿਣੀ ਬਹਿਣੀ, ਕੰਮ ਕਾਜ, ਸੁਭਾਵ ਆਦਿ ਬਾਰੇ ਭਰਪੂਰ ਇਸ਼ਾਰੇ ਦਿੱਤੇ ਗਏ ਹਨ। ਇਸ ਦੇ ਉਲਟ ਸਦਾਚਾਰਕ ਗੁਣਾਂ ਤੋਂ ਹੀਣੇ ਮਨੁੱਖ ਨੂੰ ਭਾਈ ਸਾਹਿਬ ਨੇ ਮਨਮੁਖ ਕਿਹਾ ਹੈ, ਦੁਬਾਜਰਾ, ਅਕ੍ਰਿਤਘਣ, ਦੁਸ਼ਟ, ਪਾਪੀ, ਮੀਣਾ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਅਸਲ ਵਿਚ ਗੱਲ ਇਹ ਹੈ ਕਿ ਮਨੁੱਖ ਦਾ ਧਰਮ ਭਾਵੇਂ ਕੋਈ ਵੀ ਹੋਵੇ, ਉਸ ਲਈ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ, ਇਹੋ ਅਸਲੀ ਧਰਮ ਹੈ।

ਗੁਰੂ ਨਾਨਕ ਦੇਵ ਨੇ 'ਸਚ ਆਚਾਰ' ਨੂੰ ਸੱਚ ਤੋਂ ਵੀ ਉੱਚਾ ਕਿਹਾ ਹੈ:—

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।[1]

ਗੁਰੂ ਜੀ ਅਮਲੀ ਤੇ ਸੱਚੇ ਜੀਵਨ ਨੂੰ ਸਭ ਤੋਂ ਉਪਰ ਮੰਨਦੇ ਹਨ।

ਭਾਈ ਗੁਰਦਾਸ ਨੇ ਵੀ ਇਸੇ ਸੁਰ ਨਾਲ ਆਪਣੀ ਸੁਰ ਰਲਾ ਕੇ 'ਸਚ ਆਚਾਰ' ਨੂੰ ਸਭ ਤੋਂ ਉਪਰ ਦਸਿਆ ਹੈ ਤੇ ਅਜਿਹੇ ਆਚਾਰ ਵਾਲੇ ਮਨੁਖ ਲਈ 'ਗੁਰਮੁਖ' ਸ਼ਬਦ ਵਰਤਿਆ ਹੈ:-

ਸਚਹੁ ਓਰੈ ਸਭ ਕਿਹੁ ਉਪਰ ਗੁਰਮੁਖਿ ਸਚ ਅਚਾਰਾ।[2]

ਇਸ 'ਸਚ ਆਚਾਰ' ਲਈ ਸਚ ਉਤੇ ਆਗ੍ਰਹਿ ਦੇ ਨਾਲ ਹੋਰ ਗੁਣ ਵੀ ਹੋਣੇ ਚਾਹੀਦੇ ਹਨ। ਮਨੁੱਖ ਨੂੰ ਜੀਵਨ ਜੁਗਤੀ ਦਾ ਪਤਾ ਹੋਣਾ ਚਾਹੀਦਾ ਹੈ। ''ਜਿਨ ਮਨਿ ਭਉ ਤਿਨਾ ਮਨਿ ਭਾਉ'' ਅਨੁਸਾਰ ਉਸ ਦੇ ਮਨ ਵਿਚ ਪ੍ਰਭੂ ਦਾ ਸਤਿਕਾਰ ਭਰਿਆ ਭੈ ਹੋਣਾ ਚਾਹੀਦਾ ਹੈ। ਉਸ ਦੇ ਅੰਦਰ ਦਇਆ ਭਾਵ ਦਾ ਹੋਣਾ ਜ਼ਰੂਰੀ ਹੈ, ਉਹ ਪਰਉਪਕਾਰੀ ਹੋਵੇ।

ਗੁਰਮੁਖ ਭੈ ਵਿਚ ਜੰਮਣਾ ਭੈ ਵਿਚ ਰਹਿਆ ਭੈ ਵਿਚ ਚਲਣਾ।
ਸਾਧ ਸੰਗਤਿ ਭੈ ਭਾਇ ਵਿਚ ਭਗਤ ਵਛਲ ਕਰ ਅਚਲ ਛਲਣਾ।

.... — ... — —

ਪਰਉਪਕਾਰ ਵੀਚਾਰ ਵਿਚ ਜੀਅ ਦਇਆ ਮੋਮ ਵਾਂਗੀ ਢਲਣਾ। (ਵਾਰ 18, ਪਉੜੀ 16)

ਗੁਰਸਿਖਾਂ ਵਿਚ ਸੰਤੋਖ ਹੁੰਦਾ ਹੈ। ਉਹ ਮਿਠਾ ਬੋਲਦੇ ਤੇ ਨਿਮਰਤਾ ਵਿਚ ਰਹਿੰਦੇ ਹਨ। ਉਹ ਥੋੜਾ ਖਾਂਦੇ ਹਨ ਅਤੇ ਸੰਜਮ ਵਿਚ ਰਹਿੰਦੇ ਹਨ। ਵਡੇ ਬਣ ਕੇ ਵੀ ਹੰਕਾਰ ਨਹੀਂ ਕਰਦੇ।

ਪਿਛਲ ਰਾਤੀ ਜਾਗਣਾ ਨਾਮ ਦਾਨ ਇਸਨਾਨ ਦ੍ਰਿੜਾਏ।

---

1. ਆਦਿ ਗ੍ਰੰਥ, ਸਿਰੀ ਰਾਗੁ ਮ: ੧, ਪੰਨਾ 62.
2. ਵਾਰਾਂ ਭਾਈ ਗੁਰਦਾਸ, ਵਾਰ 39, ਪਉੜੀ 6.

ਮਿੱਠਾ ਬੋਲਣ ਨਿਵ ਚਲਣ ਹਥਹੁੰ ਦੇ ਕੇ ਭਲਾ ਮਨਾਵੇ ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤ ਪਾਏ ।
ਘਾਲਿ ਖਾਇ ਸੁਕ੍ਰਿਤ ਕਰੇ ਵੱਡਾ ਹੋਇ ਨ ਆਪ ਗਣਾਏ ॥ (ਵਾਰ 28, ਪਉੜੀ 15)

ਗੁਰਸਿਖ ਨਿਮਰਤਾ ਤੇ ਸੇਵਾ ਆਦਿ ਗੁਣ ਗ੍ਰਹਿਣ ਕਰਕੇ ਉਦਾਰ–ਚਿਤ ਹੋ ਜਾਂਦਾ ਹੈ । ਉਹ ਨੇਕ-ਕਮਾਈ ਕਰਦਾ ਹੈ ਤੇ ਆਪਣੀ ਨੇਕ ਕਮਾਈ ਵਿਚੋਂ ਦੂਜਿਆਂ ਦੀ ਸਹਾਇਤਾ ਕਰ ਕੇ ਉਹਨਾਂ ਤੋਂ ਧੰਨਵਾਦ ਨਹੀਂ ਮੰਗਦਾ, ਸਗੋਂ ਆਪ ਉਹਨਾਂ ਦਾ ਧੰਨਵਾਦ ਕਰਦਾ ਹੈ ।

ਵਾਰ ਨੰ: 12 ਦੀਆਂ ਪਹਿਲੀਆਂ ਛੇ ਪਉੜੀਆਂ ਵਿਚ ਭਾਈ ਸਾਹਿਬ ਨੇ ਆਚਾਰ ਨੀਤੀ ਦੇ ਨੇਮ ਦਸਦਿਆਂ ਅਜਿਹੇ ਆਚਰਣ ਵਾਲੇ ਗੁਰਸਿਖਾਂ ਦੀ ਬੜੀ ਮਹਿਮਾ ਕੀਤੀ ਹੈ । ਆਪ ਉਹਨਾਂ ਤੋਂ ਬਲਿਹਾਰ ਜਾਂਦੇ ਹਨ, ਕੁਰਬਾਣ ਜਾਂਦੇ ਹਨ, ਵਾਰੇ ਤੇ ਸਦਕੇ ਹੁੰਦੇ ਹਨ, ਆਪਣਾ ਆਪ ਘੋਲ ਘੁਮਾਂਦੇ ਹਨ, ਚੌਖੰਨੀਏ ਹੁੰਦੇ ਹਨ । ਨਿਮਨ ਲਿਖਤ ਪਦਾਂ ਨੂੰ ਵਾਰ ਵਾਰ ਦੁਹਰਾਂਦੇ ਥਕਦੇ ਨਹੀਂ:-

ਬਲਿਹਾਰੀ ਤਿੰਨ ਗੁਰਸਿਖਾਂ, ਕੁਰਬਾਣੀ ਤਿਨ ਗੁਰਸਿਖਾਂ, ਹਉ ਤਿਸ ਵਿਟਹੁ ਵਾਰਿਆ, ਹਉ ਤਿਸ ਘੋਲ ਘੁਮਾਇਆ, ਹਉ ਤਿਸ ਦੇ ਚੌਖੰਨੀਐ, ਹਉ ਸਦਕੇ ਤਿਨ ਗੁਰਸਿਖਾਂ ।

ਵੰਨਗੀ ਮਾਤਰ ਇਕ ਪਉੜੀ ਵੇਖੋ, ਕਿਵੇਂ ਸੰਖੇਪ ਵਿਚ ਆਚਾਰ ਨੀਤੀ ਸਮਝਾ ਰਹੇ ਹਨ :-

ਹਉ ਤਿਸ ਘੋਲ ਘੁਮਾਇਆ ਗੁਰਮਤ ਰਿਦੇ ਗਰੀਬੀ ਆਵੈ ।
ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ।
ਹਉ ਤਿਸ ਘੋਲ ਘੁਮਾਇਆ ਪਰ ਦਰਬੈ ਨੂੰ ਹੱਥ ਨ ਲਾਵੈ ।
ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ।
ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ ।
ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ।
ਗੁਰਮੁਖ ਸੋਈ ਸਹਜ ਸਮਾਵੈ । (ਵਾਰ 12, ਪਉੜੀ 4)

ਹੇਠਾਂ ਅਸੀਂ ਭਾਈ ਸਾਹਿਬ ਦੀ ਆਚਾਰ ਨੀਤੀ ਦੇ ਕੁਝ ਹੋਰ ਉਦਾਹਰਣ ਦਿੰਦੇ ਹਾਂ :—

(1) ਗੁਰਮੁਖ ਹੋਵੈ ਸਾਧ ਸੰਗ ਹੋਰਤ ਸੰਗ ਕੁਸੰਗ ਨ ਰੱਚੇ । (ਵਾਰ 5, ਪਉੜੀ 1)

(2) ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ।
ਪਰ ਧਨ ਸੂਅਰ ਗਾਇ ਜਿਉ ਮਕਰੂ ਹਿੰਦੂ ਮੁਸਲਮਾਣੈ । (ਵਾਰ 6, ਪਉੜੀ 8)

(3) ਪਰਉਪਕਾਰ ਸਰੱਬ ਭਗਤ ਨੀਸਾਣੀਐ । (ਵਾਰ 14, ਪਉੜੀ 7)

(4) ਸਿਦਕ ਸਬੂਰੀ ਸਾਬਤਾ ਸਾਕਰ ਸੁਕਰ ਨ ਦੇਣਾ ਲਹਿਣਾ । (ਵਾਰ 18, ਪਉੜੀ 22)

(5) ਕਰੇ ਨ ਗਰਬ ਗੁਮਾਨ ਨ ਹਸੇ ਹਸਾਇਆ। (ਵਾਰ 19, ਪਉੜੀ 3)

(6) ਗੁਰਮੁਖ ਸਤ ਸੰਤੋਖ ਸਹਜ ਸਮਾਇਆ।
ਗੁਰਮੁਖ ਹੋਂਦੇ ਤਾਣ ਰਹੇ ਨਿਤਾਣਿਆ। (ਵਾਰ 19, ਪਉੜੀ 13)

(7) ਗੁਰਮੁਖ ਹੈ ਨਿਰਵੈਰ ਨ ਵੈਰ ਵਿਰੋਧੀਐ। (ਵਾਰ 19, ਪਉੜੀ 18)

(8) ਗੁਰਮੁਖ ਦਾਸਨ ਦਾਸ ਸੇਵ ਸੁਚਾਰਿਆ। (ਵਾਰ 22, ਪਉੜੀ 19)

(9) ਪਰ ਤਨ, ਪਰ ਧਨ, ਪਰ ਨਿੰਦ ਮੇਟ
ਨਾਮ ਦਾਨ ਇਸਨਾਨ ਦ੍ਰਿੜਾਇਆ। (ਵਾਰ 29, ਪਉੜੀ 2)

(10) ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ।
ਉਸ ਸੂਅਰ ਉਸ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
ਪੁਤ੍ਰ ਕਲਤ੍ਰ ਕੁਟੰਬ ਦੇਖ ਮੋਹੇ ਮੋਹਿ ਨ ਧੋਹਿ ਧਿਙਾਣੈ।
ਉਸਤਤਿ ਨਿੰਦਾ ਕੰਨ ਸੁਣ ਆਪਹੁ ਬੁਰਾ ਨ ਆਖ ਵਖਾਣੈ।
ਵਡ ਪ੍ਰਤਾਪ ਨ ਆਪ ਗਣ ਕਰ ਅਹੰਮੇਉ ਨ ਕਿਸੇ ਰਵਾਣੈ।
(ਵਾਰ 29, ਪਉੜੀ 11)

ਆਚਾਰ ਨੀਤੀ ਦੀਆਂ ਅਜਿਹੀਆਂ ਹੋਰ ਅਨੇਕਾਂ ਉਦਾਹਰਣਾਂ ਭਾਈ ਸਾਹਿਬ ਦੀਆਂ ਵਾਰਾਂ ਵਿਚ ਅੰਕਿਤ ਹਨ। ਇਹਨਾਂ ਦਾ ਬਹੁਤ ਸਾਰਾ ਵੇਰਵਾ 'ਗੁਰਮੁਖ' ਵਾਲੇ ਕਾਂਡ ਵਿਚ ਵੀ ਦਿੱਤਾ ਗਿਆ ਹੈ, ਹੋਰ ਵਿਸਥਾਰ ਦੀ ਲੋੜ ਨਹੀਂ। ਆਚਾਰ ਨੀਤੀ ਸੰਬੰਧੀ ਇਹਨਾਂ ਤੁਕਾਂ ਨੂੰ ਪੜ੍ਹ ਕੇ ਇਹ ਭਲੀ ਭਾਂਤ ਸਮਝਿਆ ਜਾ ਸਕਦਾ ਹੈ ਕਿ ਭਾਈ ਸਾਹਿਬ ਇਸ ਮਨੁੱਖਾ ਜਨਮ ਦੀ ਸਫਲਤਾ ਵਾਸਤੇ ਗੁਣ ਗ੍ਰਹਿਣ ਕਰਨ ਉੱਤੇ ਜ਼ੋਰ ਦਿੰਦੇ ਹਨ।

(ਚ) ਵਾਰਾਂ ਵਿਚ ਮਿਲਦਾ ਰਹੱਸਵਾਦ

(1) ਸਤਿਗੁਰ ਦਾ ਸੰਕਲਪ :— ਗੁਰੂ ਨਾਨਕ ਦੇਵ ਨੇ ਮੂਲ ਮੰਤਰ ਵਿਚ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ ਤੇ ਉਸ ਦੀ ਪ੍ਰਾਪਤੀ ਲਈ ਜੋ ਗੱਲ ਆਖੀ ਹੈ ਉਹ ਹੈ "ਗੁਰ ਪ੍ਰਸਾਦਿ"। ਭਾਵ ਪਾਰਬ੍ਰਹਮ ਪ੍ਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ। ਪ੍ਰਭੂ ਪ੍ਰਾਪਤੀ ਲਈ ਗੁਰੂ ਦੀ ਲੋੜ ਦਾ ਸੁਨੇਹਾ, ਗੁਰਮਤ ਦਾ ਇਕ ਮੁਢਲਾ ਸੁਨੇਹਾ ਹੈ। ਗੁਰੂ ਹੀ ਇਕ ਅਜਿਹਾ ਵਿਚੋਲਾ ਹੈ ਜਿਸ ਤੋਂ ਪ੍ਰਭੂ ਦਾ ਗਿਆਨ ਲੈ ਕੇ ਪ੍ਰਭੂ ਦਾ ਅਨੁਭਵ ਪ੍ਰਾਪਤ ਕਰਨਾ ਹੈ। ਗੁਰੂ ਨੇ ਹੀ ਗਿਆਨ ਦੇ ਚਾਨਣ ਨਾਲ ਮਨ ਨੂੰ ਰੋਸ਼ਨ ਕਰਨਾ ਹੈ ਤੇ ਇਸ ਰੋਸ਼ਨੀ ਨੇ ਅਗਿਆਨਤਾ ਦਾ ਹਨੇਰਾ ਦੂਰ ਕਰਨਾ ਹੈ।[1] ਚੰਚਲ ਮਨ ਗਿਆਨ ਰਾਹੀਂ ਹੀ ਰੋਕਿਆ ਜਾ ਸਕਦਾ

1. ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।
ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨਿ ਪਰਗਾਸੁ। ਆਦਿ ਗ੍ਰੰਥ, ਪੰਨਾ 293.

ਹੈ ਤੇ ਗੁਰੂ ਤੋਂ ਬਿਨਾ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।

ਗਿਆਨ ਕਾ ਬਧਾ ਮਨ ਰਹੈ।
ਗੁਰ ਬਿਨੁ ਗਿਆਨ ਨ ਹੋਇ। (ਵਾਰ ਆਸਾ ਮ: ੧)

ਪ੍ਰਭੂ ਨੂੰ ਸਦਾ ਆਪਣੇ ਚੇਤੇ ਵਿਚ ਰਖਣ ਲਈ ਗੁਰੂ ਨਾਨਕ ਦੇਵ ਇਕ ਜਿਗਿਆਸੂ ਵਾਂਗ ਗੁਰੂ-ਚਰਨਾਂ ਵਿਚ ਬੇਨਤੀ ਕਰਦੇ ਹਨ :–

ਗੁਰਾ ਇਕ ਦੇਹਿ ਬੁਝਾਈ।
ਸਭਨਾ ਜੀਆ ਕਾ ਇਕੁ ਦਾਤਾ,
ਸੋ ਮੈ ਵਿਸਰਿ ਨ ਜਾਈ।[1]

ਸੋ ਗੁਰੂ ਤੋਂ ਗਿਆਨ ਦੀ ਪ੍ਰਾਪਤੀ ਬਿਨਾ ਬ੍ਰਹਮ ਦੀ ਲਖਤਾ ਸੰਭਵ ਨਹੀਂ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਤਿਗੁਰੂ ਦੀ ਮਹਿਮਾ ਦਾ ਅਨੇਕ ਭਾਂਤੀ ਵਰਣਨ ਮਿਲਦਾ ਹੈ। ਭਾਈ ਸਾਹਿਬ ਦੀ ਨਜ਼ਰ ਵਿਚ ਸਤਿਗੁਰੂ ਦਾ ਦਰਜਾ ਸਭ ਤੋਂ ਉੱਚਾ ਹੈ। ਆਪ ਦੀ ਪਹਿਲੀ ਵਾਰ ਦੀ ਪਹਿਲੀ ਪਉੜੀ ਗੁਰਦੇਵ ਅੱਗੇ ਨਮਸਕਾਰ ਕਰਨ ਨਾਲ ਅਰੰਭ ਹੁੰਦੀ ਹੈ। ਇਸ ਪਉੜੀ ਵਿਚ ਗੁਰੂ ਦੇ ਉਪਕਾਰ ਦਾ ਵਰਣਨ ਹੈ, ਜਿਸ ਨੇ ਸੱਚੇ ਨਾਮ ਦੀ ਸੂਝ ਦਿੱਤੀ ਹੈ, ਜਨਮ ਮਰਨ ਦੇ ਗੇੜ ਵਿਚੋਂ ਕਢ ਲਿਆ ਹੈ, ਜਿਸ ਦੀ ਚਰਨ-ਛੋਹ ਨੇ 'ਸਤਿ ਸ਼ਬਦ' ਦਾ ਗਿਆਨ ਦਿੱਤਾ ਹੈ। ਆਪ ਲਿਖਦੇ ਹਨ :–

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ।
ਭਵਜਲ ਵਿਚੋਂ ਕਢ ਕੈ ਮੁਕਤਿ ਪਦਾਰਥ ਮਾਹਿ ਸਮਾਇਆ।
ਜਨਮ ਮਰਨ ਭਉ ਕਟਿਆ ਸੰਸਾ ਰੋਗ ਵਿਜੋਗ ਮਿਟਾਇਆ।
ਸੰਸਾ ਇਹੁ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਇਆ।
ਜਮਦੰਡ ਸਿਰੋਂ ਨ ਉਤਰੈ ਸਾਕਤ ਦੁਰਜਨ ਜਨਮ ਗਵਾਇਆ।
ਚਰਣ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤ ਕਰਾਇਆ।
ਭਾਉ ਭਗਤਿ ਗੁਰਪੁਰਬ ਕਰ ਨਾਮੁ ਦਾਨੁ ਇਸਨਾਨ ਦ੍ਰਿੜਾਇਆ।
ਜੇਹਾ ਬੀਉ ਤੇਹਾ ਫਲ ਪਾਇਆ।[2]

ਇਸ ਪ੍ਰਸੰਗ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ, ਸਾਰੇ ਗੁਰੂ ਸਾਹਿਬਾਨ ਨੂੰ, ਇਕ ਜੋਤਿ ਮੰਨਦਿਆਂ, ਜੀਵਨ ਦਾਤੇ ਤੇ ਮੁਕਤੀ ਦਾਤੇ ਦੇ

1. ਆਦਿ ਗ੍ਰੰਥ, ਪੰਨਾ 2.
2. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ਪਹਿਲੀ.

ਰੂਪ ਵਿਚ ਜਾਣਿਆ ਹੈ। ਇਹ ਸਤਿਨਾਮ ਦਾ ਮੰਤਰ ਗੁਰਦੇਵ ਗੁਰੂ ਨਾਨਕ ਨੇ ਹੀ ਸੁਣਾਇਆ ਸੀ। ਭਾਈ ਗੁਰਦਾਸ ਅਨੁਸਾਰ, ਅਕਾਲ ਪੁਰਖ ਨੇ ਜਗਤ ਜਲੰਦੇ ਦੀ ਪੁਕਾਰ ਸੁਣ ਕੇ ਇਸ ਨੂੰ ਤਾਰਨ ਲਈ ਹੀ ਗੁਰੂ ਨਾਨਕ ਦੇਵ ਨੂੰ ਜਗਤ-ਗੁਰੂ ਬਣਾ ਕੇ ਭੇਜਿਆ ਸੀ :-

ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ ।[1]

ਗੁਰੂ ਨਾਨਕ ਦੇਵ ਨੇ ਅਨੁਭਵ ਕੀਤਾ ਕਿ

ਬਾਝਹੁ ਗੁਰੂ ਗੁਬਾਰ ਹੈ,

ਤੇ ਇਸ ਕਾਰਨ ਗੁਰੂ ਨਾਨਕ ਨੇ

ਹੈ ਹੈ ਕਰਦੀ ਸੁਣੀ ਲੁਕਾਈ ।[2]

ਅਜਿਹੇ ਅੰਧ-ਗੁਬਾਰ ਨੂੰ, ਹਾਹਾਕਾਰ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਗੁਰਮਤ ਅਨੁਸਾਰ ਗੁਰੂ ਹੀ ਹੈ ਜੋ ਇਹ ਸ਼ਕਤੀ ਰਖਦਾ ਹੈ :-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ
ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ ।[3]

ਸੋ ਮਾਨਵ-ਜੀਵਨ ਲਈ ਗੁਰੂ ਦੀ ਹੋਂਦ ਅਤਿ-ਅਵੱਸ਼ਕ ਹੈ।

ਭਾਈ ਗੁਰਦਾਸ ਨੇ ਸਤਿਗੁਰੂ ਦਾ ਜੋ ਚਿੱਤਰ ਉਲੀਕਿਆ ਹੈ ਉਹ ਬਹੁਤ ਸੁੰਦਰ ਤੇ ਉੱਤਮ ਹੈ। ਗੁਰੂ ਦੀ ਮਹਾਨਤਾ ਨੂੰ ਬੜੀ ਦ੍ਰਿੜ੍ਹਤਾ ਨਾਲ ਦਰਸਾਇਆ ਹੈ। ਗੁਰੂ ਆਪ ਬ੍ਰਹਮ ਰੂਪ ਹੈ, ਇਸ ਲਈ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਗੁਰੂ ਲਾਸਾਨੀ ਹੈ। ਗੁਰੂ, ਸਤਿਗੁਰੂ ਕਿਹੋ ਜਿਹਾ ਹੈ, ਭਾਈ ਗੁਰਦਾਸ ਦਸਦੇ ਹਨ :-

ਸਤਿਗੁਰ ਸੱਚਾ ਪਾਤਿਸ਼ਾਹ ਕੂੜੇ ਬਾਦਸ਼ਾਹ ਦੁਨੀਆਵੇ।
ਸਤਿਗੁਰ ਨਾਥਾਂ ਨਾਥ ਹੈ ਹੋਇ ਨਵੇ ਨਾਥ ਅਨਾਥ ਨਿਥਾਵੇ।
ਸਤਿਗੁਰ ਸਚੁ ਦਾਤਾਰ ਹੈ ਹੋਰ ਦਾਤੇ ਫਿਰਦੇ ਪਾਛਾਵੇ।
ਸਤਿਗੁਰ ਕਰਤਾ ਪੁਰਖੁ ਹੈ ਕਰ ਕਰਤੂਤ ਨ ਨਾਵਨ ਨਾਵੇ।
ਸਤਿਗੁਰ ਸੱਚਾ ਸ਼ਾਹ ਹੈ, ਹੋਰ ਸ਼ਾਹ ਬੇਸਾਹ ਉਚਾਵੇ।
ਸਤਿਗੁਰ ਸੱਚਾ ਵੈਦ ਹੈ, ਹੋਰ ਵੈਦ ਸਭ ਕੈਦ ਕੂੜਾਵੇ।
ਵਿਣ ਸਤਿਗੁਰ ਸਭ ਨਿਗੋਸਾਵੇ।[4]

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ ਪਉੜੀ 23.
2. ਉਹੀ ,, ਉਹੀ ਪਉੜੀ 24.
3. ਆਦਿ ਗ੍ਰੰਥ, ਪੰਨਾ 462.
4. ਵਾਰਾਂ ਭਾਈ ਗੁਰਦਾਸ, ਵਾਰ 15, ਪਉੜੀ ਪਹਿਲੀ.

ਤੇ ਸਤਿਗੁਰ ਪਾਰਸ ਪਰਸਿਐ ਕੰਚਨ ਕਰੈ ਮਨੂਰ ਮਲੀਣਾ ।
ਸਤਿਗੁਰ ਬਾਵਨ ਚੰਦਨੋ ਵਾਸ ਸੁਵਾਸ ਕਰੈ ਲਾਖੀਣਾ ।
ਸਤਿਗੁਰ ਪਾਰਜਾਤ ਸਿਮਲ ਸਫਲ ਕਰੈ ਸੰਗ ਲੀਣਾ ।
ਮਾਨ ਸਰੋਵਰ ਸਤਿਗੁਰੂ ਕਾਗਹੁ ਹੰਸ ਜਲਹੁ ਦੁਧ ਪੀਣਾ ।
ਗੁਰ ਤੀਰਥ ਦਰਿਆਉ ਹੈ ਪਸੂ ਪਰੇਤ ਕਰੈ ਪਰਬੀਣਾ ।
ਸਤਿਗੁਰ ਬੰਦੀਛੋੜ ਹੈ ਜੀਵਨ ਮੁਕਤਿ ਕਰੈ ਓਡੀਣਾ ।
ਗੁਰਮੁਖ ਮਨ ਅਪਤੀਜ ਪਤੀਣਾ ।[1]

ਇਹ ਹੈ ਸਤਿਗੁਰੂ ਦਾ ਰੂਪ ਸਰੂਪ ਤੇ ਉਸਦੇ ਕੌਤਕ । ਸਤਿਗੁਰੂ ਪਾਰਸ ਹੈ, ਬਾਵਨ-ਚੰਦਨ ਹੈ, ਪਾਰਜਾਤ ਹੈ, ਮਾਨ-ਸਰੋਵਰ ਹੈ, ਬੰਦੀ-ਛੋੜ ਹੈ, ਮੁਕਤੀ-ਦਾਤਾ ਹੈ । ਜਗਿਆਸੂ ਨੂੰ ਅਜਿਹੇ ਸਤਿਗੁਰੂ ਦੀ ਲੋੜ ਹੈ ਜੋ ਅਗਿਆਨਤਾ ਦੇ ਹਨੇਰੇ ਵਿਚੋਂ ਗਿਆਨ ਦੇ ਚਾਨਣ ਵਿਚ ਲੈ ਆਵੇ ।

ਪਰ ਸੁਆਲ ਇਹ ਹੈ ਕਿ ਪ੍ਰਭੂ ਨੇ ਮਨੁੱਖ ਨੂੰ ਜੋ ਵਿਚਾਰ ਸ਼ਕਤੀ ਦਿੱਤੀ ਹੈ, ਉਸ ਸ਼ਕਤੀ ਦਾ ਪ੍ਰਯੋਗ ਕਰਕੇ, ਗਲਤ ਰਾਹ ਤਿਆਗ ਕੇ ਮਨੁੱਖ ਸਿੱਧੇ ਰਸਤੇ ਕਿਉਂ ਨਹੀਂ ਆ ਜਾਂਦਾ ? ਅਸਲ ਵਿਚ ਇਹ ਵੀ ਇਕ ਭੁਲੇਖਾ ਹੈ ਕਿ ਮਨੁੱਖ ਹਰ ਕੰਮ ਕਰਨ ਲਗਿਆਂ ਵਿਚਾਰ ਦੇ ਆਸਰੇ ਤੁਰਦਾ ਹੈ । ਅਜਕਲ ਦੀ ਮਾਨਸਿਕ ਖੋਜ ਇਸ ਸਿੱਟੇ ਤੇ ਪੁੱਜੀ ਹੈ ਕਿ ਇਹ ਮਨੌਤ ਉੱਕਾ ਹੀ ਗ਼ਲਤ ਹੈ ।[2] ਮਨੁੱਖ ਸੁਭਾਵ ਦੇ ਆਸਰੇ ਤੁਰਦਾ ਹੈ । ਜਿਸ ਮਨੁੱਖ ਦਾ ਸੁਭਾਵ ਹੀ ਵਿਕਾਰੀ ਹੋ ਗਿਆ ਹੈ ਉਹ ਵਿਚਾਰ ਹੁੰਦਿਆਂ ਹੋਇਆਂ ਵੀ ਸੁਭਾਵ ਦੇ ਪਿੱਛੇ ਲਗ ਕੇ ਮਾੜੇ ਪਾਸੇ ਜਾਵੇਗਾ । ਸ਼ਰਾਬੀ ਨੂੰ ਵਿਚਾਰ ਤਾਂ ਆਉਂਦੀ ਹੈ ਕਿ ਸ਼ਰਾਬ ਚੰਗੀ ਚੀਜ਼ ਨਹੀਂ, ਪਰ ਸੁਭਾਵ ਬਣ ਚੁੱਕਾ ਹੈ, ਇਸ ਲਈ ਉਹ ਸ਼ਰਾਬ ਪੀਣੋਂ ਰਹਿ ਨਹੀਂ ਸਕਦਾ । ਇਕ ਹੋਰ ਗੱਲ ਇਹ ਵੀ ਹੈ ਕਿ ਮਨੁੱਖ ਦੀ ਵਿਚਾਰ ਦਾ ਘੇਰਾ ਉਸ ਦੇ ਆਪਣੇ ਜੀਵਨ-ਤਜਰਬਿਆਂ ਤੋਂ ਅੱਗੇ ਨਹੀਂ ਵਧ ਸਕਦਾ । ਮਨੁੱਖ ਜਿਹੋ ਜਿਹੇ ਵਾਤਾਵਰਣ ਵਿਚ ਤੇ ਜਿਹੋ ਜਿਹੀਆਂ ਪ੍ਰਸਥਿਤੀਆਂ ਵਿਚ ਜੀਵਨ ਗੁਜ਼ਾਰਦਾ ਹੈ, ਮਨ ਵੀ ਉਹੋ ਜਿਹਾ ਹੀ ਬਣਦਾ ਚਲਾ ਜਾਂਦਾ ਹੈ ਤੇ ਆਪਣੀਆਂ ਪਾਈਆਂ ਹੋਈਆਂ ਲੀਹਾਂ[3] ਤੋਂ ਬਾਹਰ ਨਹੀਂ ਨਿਕਲ ਸਕਦਾ । ਅਜਿਹੀ ਹਾਲਤ ਵਿਚ ਜ਼ਰੂਰੀ ਹੈ ਕਿ ਮਨੁੱਖ ਦੇ ਸਾਹਮਣੇ ਕਿਸੇ ਅਜਿਹੇ ਮਹਾਂ ਪੁਰਸ਼ ਦੀ ਮਿਸਾਲ ਹੋਵੇ ਜਿਸ ਨੇ ਆਪ ਆਤਮਕ-ਰਸ ਮਾਣਿਆ ਹੋਵੇ, ਮਨੁੱਖ ਉਸ ਤੇ ਸ਼ਰਧਾ ਲਿਆ ਕੇ ਆਪਣੇ ਆਪ ਨੂੰ ਉਸ ਦੇ ਅਰਪਣ ਕਰੇ ਤੇ ਉਸ ਦੇ ਦੱਸੇ ਹੋਏ ਮਾਰਗ ਨੂੰ ਅਪਣਾ ਕੇ

1. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 20.
2. ਗੁਰਮਤ ਨਿਰਣਯ, ਭਾਈ ਜੋਧ ਸਿੰਘ, ਪੰਨਾ 11 , ਛਾਪ ਸਤਵੀਂ.
3. ਗੁਰਮਤ ਨਿਰਣਯ, ਭਾਈ ਜੋਧ ਸਿੰਘ, ਪੰਨਾ 111--12, ਛਾਪ ਸਤਵੀਂ.

ਜੀਵਨ ਵਿਚ ਇਕ ਨਵਾਂ ਤੇ ਉਸਾਰੂ ਮੋੜ ਲੈ ਆਵੇ। ਭਾਈ ਗੁਰਦਾਸ ਦੇ ਵਿਚਾਰ ਮੁਤਾਬਿਕ ਇਹ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਮਨ-ਮਤ ਨੂੰ ਛੱਡ ਕੇ ਗੁਰਮਤ ਨੂੰ ਆਪਣੇ ਜੀਵਨ ਦਾ ਆਧਾਰ ਬਣਾਵੇ। ਹੌਲੀ ਹੌਲੀ, ਪਿਛਲੇ ਸੰਸਕਾਰਾਂ ਅਨੁਸਾਰ ਬਣਿਆ ਸੁਭਾਅ ਬਦਲਦਾ ਜਾਏਗਾ ਤੇ ਨਵਾਂ ਸੁਭਾਅ ਪਕੜਦਾ ਜਾਏਗਾ।

ਪਰ ਤਨ ਪਰ ਧਨ ਪਰ ਨਿੰਦ ਮੇਟ ਨਾਮ ਦਾਨ ਇਸਨਾਨ ਦ੍ਰਿੜਾਯਾ।
ਗੁਰਮਤਿ ਮਨ ਸਮਝਾਇ ਕੈ ਬਾਹਰ ਜਾਂਦਾ ਵਰਜ ਰਹਾਯਾ।
ਮਨ ਜਿਤੈ ਜਗ ਜਿਣ ਲਇਆ ਅਸਟ ਧਾਤ ਇਕ ਧਾਤ ਕਰਾਯਾ।
ਪਾਰਸ ਹੋਏ ਪਾਰਸਹੁੰ ਗੁਰਉਪਦੇਸ ਅਵੇਸ ਦਿਖਾਯਾ।
ਜੋਗ ਭੋਗ ਜਿਣ ਜੁਗਤ ਕਰ ਭਾਇ ਭਗਤਿ ਭੈ ਆਪ ਗਵਾਯਾ।
ਆਪ ਗਿਆ ਆਪ ਵਰਤਿਆ ਭਗਤ ਵਛਲ ਹੋਇ ਵਸਗਤਿ ਆਯਾ।
ਸਾਧ ਸੰਗਤ ਵਿਚ ਅਲਖ ਲਖਾਯਾ। [1]

ਭਾਈ ਗੁਰਦਾਸ ਨੇ ਅਜਿਹੇ ਮਹਾਂਪੁਰਸ਼ ਨੂੰ, ਜਿਸ ਦੀ ਛੋਹ ਨਾਲ ਕਾਇਆਂ ਕਲਪ ਹੋ ਜਾਵੇ, ਗੁਰੂ, ਸਤਿਗੁਰੂ ਕਹਿ ਕੇ ਚਿਤਰਿਆ ਹੈ। ਇਸ ਸਤਿਗੁਰੂ ਨੇ ਮਨੁੱਖ ਨੂੰ ਉਸ ਦੇ ਅਸਲੇ ਜਾਂ ਮੂਲ ਦਾ ਗਿਆਨ ਦੇ ਕੇ ਵਾਹਿਗੁਰੂ ਨਾਲ ਜੋੜਨਾ ਹੈ। ਇਸੇ ਆਦਰਸ਼ ਦੀ ਪੂਰਤੀ ਲਈ ਗੁਰੂ ਦੀ ਲੋੜ ਹੈ। ਪਰ ਨਿਰੰਕਾਰ ਨਾਲ ਜਿਸ ਗੁਰੂ ਨੇ ਮਨੁੱਖ ਨੂੰ ਅਭੇਦ ਕਰਨਾ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਗੁਰੂ ਆਪ ਪਹਿਲਾਂ ਪਾਰਬ੍ਰਹਮ ਪਰਮਾਤਮਾ ਨਾਲ ਜੁੜ ਕੇ, ਉਸ ਵਿਚ ਲੀਨ ਹੋ ਕੇ ਉਸ ਦਾ ਹੀ ਰੂਪ ਹੋ ਗਿਆ ਹੋਵੇ। ਸੱਚੇ ਗੁਰੂ ਦਾ ਇਹ ਪਹਿਲਾ ਗੁਣ ਹੈ। ਭਾਵ ਇਹ ਕਿ ਗੁਰੂ ਤੇ ਨਿਰੰਕਾਰ ਵਿਚ ਕੋਈ ਭੇਦ ਨਾ ਹੋਵੇ, ਉਹ ਇਕੋ ਰੂਪ ਹੋਣ।

ਪਾਰਬ੍ਰਹਮ ਸਤਿਗੁਰ ਪੁਰਖ ਸਾਧ ਸੰਗਤ ਵਾਸਾ ਨਿਰਬਾਣੈ। [2]
ਗੁਰ ਪਰਮੇਸਰ ਜਾਣੀਐ ਸੱਚੇ ਸੱਚਾ ਨਾਉ ਧਰਾਯਾ। [3]
ਗੁਰ ਪਰਮੇਸਰ ਇਕ ਹੈ ਸੱਚਾ ਸਾਹ ਜਗਤ ਵਣਜਾਰਾ। [4]

ਤੇ ਪਾਰਬ੍ਰਹਮ ਦੇ ਰੂਪ ਨਾਲ ਇਕ-ਮਿਕ ਹੋਇਆ ਇਹ ਗੁਰੂ ਕੌਣ ਹੈ :-

ਪਾਰਬ੍ਰਹਮ ਪੂਰਨ ਬ੍ਰਹਮ ਗੁਰ ਨਾਨਕ ਦੇਉ। [5]

---

1. ਵਾਰਾਂ ਭਾਈ ਗੁਰਦਾਸ, ਵਾਰ 29, ਪਉੜੀ 2.
2. ਉਹੀ , ਵਾਰ 7, ਪਉੜੀ 18
3. ਉਹੀ , ਵਾਰ 26, ਪਉੜੀ 2.
4. ਉਹੀ , ਵਾਰ ਪਹਿਲੀ, ਪਉੜੀ 17.
5. ਉਹੀ , ਵਾਰ 26, ਪਉੜੀ 19.

ਅਜਿਹਾ ਪੂਰਨ ਗੁਰੂ ਹੀ ਸਿਖ ਨੂੰ ਲੋੜੀਂਦਾ ਹੈ ਤੇ ਇਹ ਸਤਿਗੁਰੂ ਅਨੇਕਾਂ ਗੁਣ ਸੰਪੰਨ ਹੈ— ਗੁਣਾਂ ਦਾ ਖਜ਼ਾਨਾ ਹੈ, ਔਗਣਹਾਰਿਆਂ ਲਈ ਬਖ਼ਸ਼ਿੰਦ ਹੈ, ਅਸਾਧ ਰੋਗਾਂ ਨੂੰ ਨਿਵਾਰਨ ਵਾਲਾ ਵੈਦ ਹੈ, ਸੁੱਖਾਂ ਦਾ ਸਾਗਰ ਹੋਣ ਕਰ ਕੇ ਦੁਖਿਆਰਿਆਂ ਨੂੰ ਆਪਣੇ ਨਾਲ ਮਿਲਾ ਕੇ ਸੁਖ ਦੇਂਦਾ ਹੈ, ਉਹ ਆਪ ਨਿਰਭਉ ਹੈ ਅਤੇ ਜਨਮ ਮਰਨ ਤੇ ਜਮਾਂ ਆਦਿ ਦਾ ਡਰ ਦੂਰ ਕਰਦਾ ਹੈ, ਆਪ ਸੁਜਾਣ ਹੈ, ਅਣਜਾਣ ਤੇ ਮੂੜ ਮਨੁੱਖਾਂ ਨੂੰ ਤਾਰ ਦੇਂਦਾ ਹੈ, ਉਹ ਅਜਿਹਾ ਆਗੂ ਹੈ ਜੋ ਬਾਂਹ ਫੜ ਕੇ ਅੰਨ੍ਹਿਆਂ ਦਾ ਵੀ ਉਧਾਰ ਕਰਦਾ ਹੈ ।[1] ਅਜਿਹੇ ਨਿਮਾਣਿਆਂ ਦੇ ਮਾਣ ਸਤਿਗੁਰੂ ਤੋਂ ਸਦਕੇ ਜਾਈਏ ।

ਮਨੁੱਖ ਆਪਣੀ "ਹਉਮੈ" ਕਾਰਨ ਹੀ ਆਪਣੇ ਮੂਲ ਪਰਮਾਤਮਾ ਤੋਂ ਵਿਛੜ ਕੇ ਚੋਟਾਂ ਖਾਂਦਾ ਹੈ । "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ" ਗੁਰ ਵਾਕ ਅਨੁਸਾਰ ਹਉਮੈ ਰੋਗ ਦਾ ਰੋਗੀ ਮਨੁੱਖ ਨਾਮ ਤੋਂ ਸਖਣਾ ਕਿਤੇ ਵੀ ਥਾਂ ਨਹੀਂ ਪਾਉਂਦਾ । ਹਉਮੈਂ ਤਾਂ ਦੁਰਮਤ ਦਾ ਮੂਲ ਹੈ, ਇਕ ਬੜਾ ਵਡਾ ਭਾਰ ਹੈ:-

ਹਉਮੈ ਅੰਦਰ ਵਰਤਣਾ ਦਰ ਢਾਇ ਨ ਪਾਈ ।[2]
ਹਉਮੈ ਬਜਰ ਭਾਰ ਹੈ, ਦੁਰਮਤ ਦੁਰਾਲਾ ।[3]

ਇਸ ਹਉਮੈਂ ਦੇ ਰੋਗ ਨੂੰ ਸੱਚਾ ਗੁਰੂ ਹੀ ਕਟ ਸਕਦਾ ਹੈ, ਇਸ ਰੋਗ ਦੀ ਹਿਕਮਤ ਉਹੀ ਜਾਣਦਾ ਹੈ:—

ਹਉਮੈਂ ਰੋਗ ਮਿਟਾਇਦਾ ਸਤਿਗੁਰੂ ਪੂਰਾ ਕਰੇ ਤਬੀਬੀ ।[4]

ਭਾਈ ਗੁਰਦਾਸ ਦੇ ਸੰਕਲਪ ਦਾ ਸਤਿਗੁਰੂ ਅਜਿਹਾ ਹੈ ਜੋ ਕੇਵਲ ਹਉਮੈ ਰੋਗ ਹੀ ਨਹੀਂ ਕਟਦਾ ਸਗੋਂ ਹਉਮੈ ਤੋਂ ਉਪਜੇ ਹੋਰ ਵਿਕਾਰਾਂ ਤੋਂ ਵੀ ਛੁਟਕਾਰਾ ਦਿਵਾ ਦੇਂਦਾ ਹੈ । ਕਾਮ ਕ੍ਰੋਧ, ਲੋਭ, ਮੋਹ, ਦੁਬਿਧਾ, ਆਧੀਆਂ ਬਿਆਧੀਆਂ ਉਪਾਧੀਆਂ, ਆਵਾਗਉਣ, ਆਸਾ ਤ੍ਰਿਸਨਾ, ਆਦਿ ਤੋਂ

ਗੁਰ ਪੂਰੇ ਵਿਣ ਕਉਣ ਛੁਡਾਵੇ ।[5]

ਤੇ, ਸਤਿਗੁਰ ਸੱਚਾ ਪਾਤਿਸਾਹ ਦੁਬਿਧਾ ਮਾਰ ਮਿਵਾਸਾ ਗੋਈ ;[6] ਸਤਿਗੁਰੂ ਜੋ ਸੱਚਾ ਪਾਤਸਾਹ ਹੈ ਦੁਬਿਧਾ ਆਦਿ ਨੂੰ ਖ਼ਤਮ ਕਰ ਕੇ ਹਿਤ ਦੇ ਸ਼ਬਦ ਕਹਿੰਦਾ ਹੈ ।

---

1. ਵਾਰਾਂ ਭਾਈ ਗੁਰਦਾਸ, ਵਾਰ, 26, ਪਉੜੀ 19.
2. ਉਹੀ ,, ਵਾਰ 38, ਪਉੜੀ 15.
3. ਉਹੀ ,, ਵਾਰ 13, ਪਉੜੀ 17.
4. ਉਹੀ ,, ਵਾਰ 4, ਪਉੜੀ 3.
5. ਉਹੀ ,, ਵਾਰ 15, ਪਉੜੀ 9.
6. ਉਹੀ ,, ਵਾਰ 5, ਪਉੜੀ 12.

ਸਿਖ ਦਾ ਸਤਿਗੁਰ ਮਿਹਰਵਾਨ ਹੈ, ਇਸ ਤੋਂ ਵਧ ਕੇ ਹੋਰ ਕੋਈ ਕਿਰਪਾਲੂ ਨਹੀਂ। ਸਿਖ ਨੂੰ ਆਪਣੇ ਗੁਰੂ ਤੋਂ ਜੋ ਪਿਆਰ ਪ੍ਰਾਪਤ ਹੁੰਦਾ ਹੈ ਉਸ ਦੇ ਬਰਾਬਰ ਹੋਰ ਕੋਈ ਪਿਆਰ ਨਹੀ:-

ਸਤਿਗੁਰ ਤੁਲ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।
ਡਿਠੇ ਸਭੇ ਠੋਕ ਵਜਾਏ।[1]

ਅਜਿਹੇ ਗੁਰੂ ਦੀ ਵਡਿਆਈ ਦਾ ਕਥਨ ਨਹੀਂ ਕੀਤਾ ਜਾ ਸਕਦਾ। ਜੀਵਨ ਦੇ ਹਰ ਖੇਤਰ ਵਿਚ ਉਹ ਸਭ ਤੋਂ ਵੱਡਾ ਤੇ ਸਭ ਤੋਂ ਸ੍ਰੇਸ਼ਟ ਹੈ। "ਗੁਰੂ ਦੇ ਸੁਚੇਰ ਹਿਤ ਦੇ ਟਾਕਰੇ ਤੇ ਮਾਪਿਆਂ ਦਾ ਹਿੱਤ ਟਿਕ ਨਹੀਂ ਸਕਦਾ, ਜਿਤਨਾ ਅਥਾਹ ਵਿਸਾਹ ਗੁਰੂ ਕਰਦਾ ਹੈ ਕੋਈ ਦੁਨਿਆਵੀ ਸ਼ਾਹ ਨਹੀਂ ਕਰ ਸਕਦਾ, ਗੁਰੂ ਸੱਚਾ ਸਾਹਿਬ ਹੈ, ਉਸ ਦੇ ਬਰਾਬਰ ਹੋਰ ਕੋਈ ਸਾਹਿਬ ਨਹੀਂ, ਸਤਿਗੁਰੂ ਦਾਤੇ ਦੇ ਤੁੱਲ ਕੋਈ ਦਾਤਾ ਨਹੀਂ, ਉਸ ਜਿਹਾ ਕੋਈ ਵੈਦ ਨਹੀਂ, ਗੁਰੂ ਦੇ ਸ਼ਬਦ ਰੂਪੀ ਰਤਨਾ ਦੀ ਬਰਾਬਰੀ ਸਮੁੰਦਰ ਵਿਚੋਂ ਨਿਕਲੇ ਰਤਨ ਨਹੀਂ ਕਰ ਸਕਦੇ"। ਗੁਰੂ ਅਜਿਹਾ ਹੈ ਜਿਸਦੀ

ਅਕਥ ਕਥਾ ਵਡੀ ਵਡਿਆਈ।[2]

ਭਾਈ ਗੁਰਦਾਸ ਹਿੰਦੂ ਧਰਮ ਦੀਆਂ ਮਨੌਤਾਂ ਨੂੰ ਸਾਹਮਣੇ ਰਖ ਕੇ ਕਹਿੰਦੇ ਹਨ ਕਿ ਸਤਿਗੁਰੂ ਅਠਾਹਠ ਤੀਰਥਾਂ ਤੋਂ ਵੀ ਵੱਡਾ ਤੀਰਥ ਹੈ, ਸਤਿਗੁਰੂ ਪਾਰਸ ਹੈ, ਪਾਰਜਾਤ ਹੈ, ਸੁਖ ਸਾਗਰ ਹੈ, ਚਿੰਤਾਮਣਿ ਹੈ[3]। ਐਸੇ ਗੁਰੂ ਦੀ ਦਰਗਾਹ ਵਿਚੋਂ ਚਾਰ ਪਦਾਰਥ, ਰਿਧੀਆਂ ਸਿਧੀਆਂ ਨਿਧੀਆਂ, ਕਾਮਧੇਨ, ਰਤਨ ਰਤਨਾਕਰਾਂ ਦੀ ਪ੍ਰਾਪਤੀ ਹੁੰਦੀ ਹੈ।[4] ਅਜਿਹਾ ਸਤਿਗੁਰੂ ਸੱਚਾ ਪਾਤਿਸ਼ਾਹ ਹੈ, ਬੇਪਰਵਾਹ ਹੈ, ਉਸ ਦੀ ਸਾਹਿਬੀ ਅਥਾਹ ਹੈ, ਉਹ ਗਰੀਬ ਨਿਵਾਜ ਹੈ, ਬੇਮੁਹਤਾਜ[5] ਹੈ। ਉਸ ਦੀ ਵਡਿਆਈ ਦੀ ਮਹਿਮਾ ਗਾਉਂਦਿਆਂ ਭਾਈ ਗੁਰਦਾਸ ਕਥਨ ਕਰਦੇ ਹਨ:—

ਸਤਿਗੁਰ ਪੂਰਾ ਸ਼ਾਹ ਹੈ ਤ੍ਰਿਭਵਣ ਜਗ ਜਿਸਦਾ ਵਣਜਾਰਾ।
ਰਤਨ ਪਦਾਰਥ ਬੇ ਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ।
ਪਾਰਜਾਤ ਲਖ ਬਾਗ ਵਿਚ ਕਾਮਧੇਨ ਦੇ ਵਗ ਹਜਾਰਾ।
ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤ ਅਪਾਰਾ।
ਲਖ ਅੰਮ੍ਰਿਤ ਲਖ ਇੰਦ੍ਰ ਲੈ ਹੋਇ ਸੱਕੇ ਛਿੜਕਨ ਦਰਬਾਰਾ।

---

1. ਵਾਰਾਂ ਭਾਈ ਗੁਰਦਾਸ, ਵਾਰ 39 ਪਉੜੀ 20.
2. ਉਹੀ ,, ਵਾਰ 29, ਪਉੜੀ 21.
3. ਉਹੀ ,, ਵਾਰ 15, ਪਉੜੀ 2.
4. ਉਹੀ ,, ਵਾਰ 16, ਪਉੜੀ 21.

ਸੂਰਜ ਚੰਦ ਕਰੋੜ ਲਖ ਰਿਧ ਸਿਧ ਨਿਧ ਬੋਹਲ ਅੰਬਾਰਾ ।
ਸਭੇ ਦੇਂਦ ਦੇਂਦ ਭਿਖਿਓਨ, ਭਾਏ ਭਗਤਿ ਕਰ ਮੋਹ ਪਿਆਰਾ ।
ਭਗਤ ਵਛਲ ਸਤਿਗੁਰੂ ਨਿਰੰਕਾਰਾ ।[1]

ਸਤਿਗੁਰੂ ਦੇ ਹੋਰ ਗੁਣਾਂ ਦਾ ਵਰਣਨ ਕਰਦਿਆਂ ਭਾਈ ਸਾਹਿਬ ਦਸਦੇ ਹਨ ਕਿ ਸਤਿਗੁਰੂ ਨਿਰਵੈਰ ਹੈ, ਨਿਰਾਲਾ ਹੈ, ਧਰਮ ਦੀ ਧਰਤੀ ਹੈ; ਉਹ ਤਾਂ ਨਿਰਮਲ ਸ਼ੀਸ਼ੇ ਵਾਂਗ ਹੈ, ਜਿਹੋ ਜਿਹਾ ਕੋਈ ਵਰਤੇਗਾ ਉਹੋ ਜਿਹਾ ਫਲ ਪਾ ਲਵੇਗਾ ।

ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ ।
ਜਾਣਹੁ ਧਰਤੀ ਧਰਮ ਕੀ ਸੱਚੀ ਧਰਮਸਾਲਾ ।
ਜੇਹਾ ਬੀਜੇ ਸੋ ਲੁਣੈ, ਫਲ ਕਰਮ ਸਮਾਲਾ ।
ਜਿਉ ਕਰ ਨਿਰਮਲ ਆਰਸੀ ਜਗ ਵੇਖਣ ਵਾਲਾ ।
ਜੇਹਾ ਮੁਹ ਕਰ ਭਾਲੀਐ ਤੇਹੋ ਵੇਖਾਲਾ ।
ਸੇਵਕ ਦਰਗਹ ਸੁਰਖਰੂ, ਵੇਮੁਖ ਮੁਹ ਕਾਲਾ ।[2]

ਸਤਿਗੁਰੂ ਦੀ ਸ਼ਕਤੀ ਦਾ ਵਰਣਨ ਕਰਦਿਆਂ ਭਾਈ ਸਾਹਿਬ ਹੋਰ ਗੁਣਾਂ ਵੱਲ ਇਸ਼ਾਰਾ ਕਰਦੇ ਹਨ ਕਿ ਸਤਿਗੁਰੂ ਪਸ਼ੂ ਪਰੇਤ ਤੋਂ ਦੇਵਤਾ ਬਣਾ ਦੇਂਦਾ ਹੈ, ਪਤਿਤਾਂ ਦਾ ਉਧਾਰ ਕਰਦਾ ਹੈ, ਭਗਤਾਂ ਦਾ ਪਿਆਰਾ ਹੈ, ਬੁਰਿਆਂ ਨਾਲ ਵੀ ਭਲਾਈ ਕਰਦਾ ਹੈ । ਸਮੁੱਚੇ ਤੌਰ ਤੇ, ਗੁਰੂ ਪਰਉਪਕਾਰੀ ਹੈ :-

ਵਾਸੂ ਸੁਵਾਸ ਨਿਵਾਸ ਕਰ ਸਿੰਮਲ ਗੁਰਮੁਖਿ ਸੁਖ ਫਲ ਲਾਏ ।
ਸੋਇਨਾ ਹੋਇ ਮਨੂਰ ਮਲ ਕਾਗਹੁੰ ਪਰਮਹੰਸ ਕਰਵਾਏ ।
ਪਸੂ ਪਰੇਤਹੁੰ ਦੇਵ ਕਰ ਸਤਿਗੁਰ ਦੇਵ ਸੇਵ ਭੈ ਭਾਏ ।
ਸਭ ਨਿਧਾਨ ਦਸ ਸੰਖ ਵਿਚ ਹਰ ਜੀ ਨੌ ਲੈ ਹਥ ਵਜਾਏ ।
ਪਤਿਤ ਉਧਾਰਣ ਆਖੀਐ ਭਗਤ ਵਛਲ ਹੋਇ ਆਪ ਛਲਾਏ ।
ਗੁਣ ਕੀਤੇ ਗੁਣ ਕਰੇ ਜਗ ਅਵਗੁਣ ਕੀਤੇ ਗੁਣ ਗੁਰਭਾਏ ।
ਪਰਉਪਕਾਰੀ ਜਗ ਵਿਚ ਆਏ ।[3]

ਸਤਿਗੁਰੂ ਦੇ ਦੋ ਮੁੱਖ ਕਾਰਜ ਹਨ :—

---

1. ਵਾਰਾਂ ਭਾਈ ਗੁਰਦਾਸ, ਵਾਰ 26 ਪਉੜੀ 22
2. ਉਹੀ ਵਾਰ 34, ਪਉੜੀ ਪਹਿਲੀ.
3. ਉਹੀ ਵਾਰ 28, ਪਉੜੀ 11.

1. ਆਪਣੇ ਸਿਖ ਨੂੰ ਗੁਰਮੰਤਰ ਜਾਂ ਸ਼ਬਦ ਜਾਂ ਅਕਾਲ ਪੁਰਖ ਦੇ ਨਾਮ ਦੀ ਦਾਤ ਦਣੀ,
ਤੇ

2. ਅਕਾਲ ਪੁਰਖ ਬਾਰੇ ਗਿਆਨ ਦਾ ਦਾਨ ਦੇਣਾ ।

ਗੁਰੂ ਦਾ ਮੰਤਰ ਜਾਂ ਸ਼ਬਦ ਹੀ ਗੁਰੂ ਹੈ, ਇਸ ਲਈ ਗੁਰ-ਸ਼ਬਦ ਦਾ ਬਾਰਬਾਰ ਸ਼ਰਧਾ ਸਹਿਤ ਸਿਮਰਣ ਹੀ ਗੁਰੂ ਦੀ ਵੱਡੀ ਤੋਂ ਵੱਡੀ ਸੇਵਾ ਹੈ ।[1]

ਗੁਰਬਾਣੀ ਵਿਚ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹ ਗੱਲ ਸਪੱਸ਼ਟ ਭਾਂਤ ਕਹੀ ਗਈ ਹੈ ਕਿ ਗੁਰੂ ਦਾ ਸ਼ਬਦ ਹੀ ਗੁਰੂ ਹੈ ਤੇ ਇਸ ਸ਼ਬਦ ਵਿਚੋਂ ਹੀ ਅੰਮ੍ਰਿਤ ਤੇ ਗੁਰ-ਦਰਸ਼ਨ ਦੀ ਪ੍ਰਾਪਤੀ ਹੋਵੇਗੀ ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।[2]

ਪੁਨਾ : ਸਬਦੁ ਗੁਰੂ ਸੁਰਤਿ ਧੁਨਿ ਚੇਲਾ । ....।[3]

ਇਹ ਗੁਰ-ਸ਼ਬਦ ਸਾਧ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ—

ਗੁਰ ਮੂਰਤ ਗੁਰਸਬਦ ਸੁਣ ਸਾਧ ਸੰਗਤਿ ਆਸਣ ਨਿਰੰਕਾਰੀ ।[4]
ਗੁਰ ਮੂਰਤ ਗੁਰ ਸ਼ਬਦ ਹੈ ਸਾਧ ਸੰਗਤਿ ਮਿਲ ਅੰਮ੍ਰਿਤ ਵੇਲਾ ।[5]
ਗੁਰ ਮੂਰਤ ਗੁਰ ਸ਼ਬਦ ਹੈ ਸਾਧ ਸੰਗਤਿ ਵਿਚ ਪ੍ਰਗਟੀ ਆਇਆ ।[6]
ਗੁਰ ਮੂਰਤ ਗੁਰ ਸ਼ਬਦ ਹੈ ਸਾਧ ਸੰਗਤਿ ਸਮਸਰ ਪਰਵਾਣਾ ।[7]

ਸੋ, ਗੁਰੂ ਦੇ ਸ਼ਬਦ ਦੀ ਕਮਾਈ ਕਰ ਕੇ, ਭਾਵ ਗੁਰੂ ਦੇ ਦੱਸੇ ਰਾਹ ਤੇ ਚਲ ਕੇ, ਗੁਰੂ ਦੇ ਹੁਕਮ ਅਨੁਸਾਰ ਜੀਵਨ ਬਿਤਾ ਕੇ ਹੀ ਗੁਰੂ ਦੀ ਰਾਹੀਂ ਵਾਹਿਗੁਰੂ, ਅਕਾਲ ਪੁਰਖ ਨਾਲ ਮਿਲਿਆ ਜਾ ਸਕਦਾ ਹੈ ।

ਇਸ ਸ਼ਬਦ ਦੀ ਕਥਾ ਵੀ ਅਕਥ ਹੈ, ਇਹ ਵੇਦਾਂ ਕਤੇਬਾਂ ਤੋਂ ਬਾਹਰਾ ਹੈ । ਗੁਰੂ ਦਾ ਸੁਣਾਇਆ ਇਹ ਸ਼ਬਦ ਸਾਧ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ :—

---

1. ਆਊਟ ਲਾਈਨਜ਼ ਆਫ਼ ਸਿਖ ਥਾਟ, ਪੰਨਾ 91.
2. ਆਦਿ ਗ੍ਰੰਥ, ਪੰਨਾ 982. ਨਟ ਅਸ਼ਟਪਦੀ ਮ: 4
3. ਰਾਮਕਲੀ ਮਹ ੧ ਆਦਿ ਗ੍ਰੰਥ, ਪੰਨਾ 943
4. ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 5 .
5. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 11.
6. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ125.
7. ਵਾਰਾਂ ਭਾਈ ਗੁਰਦਾਸ, ਵਾਰ 32, ਪਉੜੀ 2.

ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ ।[1]

ਵੇਦ ਕਤੇਬਹੁੰ ਬਾਹਰਾ ਅਕਥ ਕਥਾ ਗੁਰ ਸਬਦ ਸੁਣਾਇਆ ।[2]

ਵੇਦ ਕਤੇਬ ਅਗੋਚਰਾ ਗੁਰਮੁਖ ਸ਼ਬਦ ਸਾਧ ਸੰਗ ਸੰਤਾ ।[3]

ਹੁਣ ਗੁਰ-ਸ਼ਬਦ ਜਾਂ ਗੁਰਮੰਤਰ ਜਾਂ ਨਾਮ ਸੰਬਧੀ ਵਿਚਾਰ ਜ਼ਰੂਰੀ ਹੈ ਤੇ ਫਿਰ ਸਾਧ ਸੰਗਤ ਬਾਰੇ ਵੀ ਜਿਥੋਂ ਕਿ ਨਾਮ ਮਿਲਦਾ ਹੈ ।

(2) ਨਾਮ ਦਾ ਸੰਕਲਪ :— ਗੁਰੂ ਦਾ ਸ਼ਬਦ ਹਉਮੈਂ ਦਾ ਨਾਸ਼ ਕਰਦਾ ਹੈ ਤੇ ਗੁਰੂ ਦੇ ਦਿੱਤੇ ਗਿਆਨ ਨਾਲ 'ਮਾਇਆ' ਨਾਗਨੀ ਦੇ ਜ਼ਹਿਰੀਲੇ ਦੰਦ ਟੁੱਟ ਭੱਜ ਜਾਂਦੇ ਹਨ । ਗੁਰੂ ਦੀ ਸੰਗਤ ਕਰਨ ਨਾਲ ਪੰਜੇ ਮਹਾਂ ਵਿਕਾਰ ਦੂਰ ਹੋ ਜਾਂਦੇ ਹਨ ਤੇ ਪਾਰਬ੍ਰਹਮ ਦੀ ਲਖਤਾ ਹੁੰਦੀ ਹੈ । ਇਹ ਕਰਾਮਾਤ ਗੁਰ-ਮੰਤਰ ਰਾਹੀਂ ਹੁੰਦੀ ਹੈ, ਇਸ ਲਈ ਸੱਚਾ ਗੁਰੂ ਇਹ ਗੁਰ-ਮੰਤਰ ਹੀ ਹੈ ਤੇ ਇਸ ਮੰਤਰ ਦੇ ਦੇਣ ਵਾਲਾ ਆਦਿ-ਪੁਰਖ ਤੋਂ ਸਿਵਾ ਹੋਰ ਕੋਈ ਨਹੀਂ ਹੈ । ਮਨੁੱਖੀ ਜਾਮੇ ਵਿਚ ਆਇਆ ਗੁਰੂ ਅਕਾਲ ਪੁਰਖ ਦਾ ਭੇਜਿਆ ਹੋਇਆ ਹੈ । ਦੂਜੇ ਸ਼ਬਦਾਂ ਵਿਚ ਵਾਹਿਗੁਰੂ ਨੇ ਆਪ ਹੀ ਇਹ ਮਨੁੱਖਾ ਰੂਪ ਧਾਰਨ ਕੀਤਾ ਹੈ ।[4]

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ" ।[5]

ਤਾਂਤਰਿਕ ਮੱਤ ਵਿਚ ਵੀ ਗੁਰੂ ਸੰਬੰਧੀ ਕੁਝ ਅਜਿਹੇ ਵਿਚਾਰ ਹੀ ਮਿਲਦੇ ਹਨ । ਯੋਗਿਨੀ ਤੰਤਰ ਵਿਚ ਲਿਖਿਆ ਹੈ :—

"ਹੇ ਦੇਵੀ । ਉਹ ਜਿਹੜਾ ਆਦਿ ਪੁਰਖ ਹੈ ਤੇ ਮਹਾਂਕਾਲ ਅਖਵਾਉਂਦਾ ਹੈ, ਉਹੀ ਗੁਰੂ ਹੈ । ਹੋਰ ਕੋਈ ਗੁਰੂ ਨਹੀਂ । ਉਹ ਠੀਕ ਹੀ ਸ਼ੈਵਾਂ, ਸ਼ਾਕਤਾਂ, ਵੈਸ਼ਨਵਾਂ, ਗਣਪਤੀਆਂ, ਚੰਦ੍ਰ-ਉਪਾਸ਼ਕਾਂ, ਮਹਾਂ ਸ਼ੈਵਾਂ ਤੇ ਸ਼ੌਰਾਂ ਦਾ ਗੁਰੂ ਹੈ । ਉਹੀ ਤੇ ਕੇਵਲ ਉਹੀ ਮੰਤਰ ਦਾ ਦੇਣ ਵਾਲਾ ਹੈ । ਹੇ ਪਰਬਤ ਪੁੱਤਰੀ, ਮੰਤਰ ਦੀ ਦਾਤ ਦੇਣ ਸਮੇਂ ਉਹ ਅਕਾਲ ਪੁਰਖ ਮੰਤਰ ਦੇਣ ਵਾਲੇ ਦੇ ਰੂਪ ਵਿਚ ਆਉਂਦਾ ਹੈ । ਇਸ ਲਈ ਹੇ ਦੇਵੀ, ਮਨੁੱਖ ਵਿਚ ਗੁਰਤਾ ਨਹੀਂ......... ਕਿਉਂਕਿ ਪਰਮਾਤਮਾ ਆਪ ਮਾਨਵ-ਗੁਰੂ ਵਿਚ ਪਰਗਟ ਹੁੰਦਾ ਹੈ । ਇਸੇ ਲਈ ਸਾਰੇ ਸ਼ਾਸਤਰਾਂ ਵਿਚ ਗੁਰੂ ਦੀ ਵਡਿਆਈ ਬਿਆਨ ਕੀਤੀ ਗਈ ਹੈ ।"[6]

---

1. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 7.
2. ਉਹੀ , 18, ਪਉੜੀ 14.
3. ਉਹੀ , 24, ਪਉੜੀ 20.
4. ਆਊਟ ਲਾਈਨਜ਼ ਆਫ ਸਿਖ ਥਾਟ, ਪੰਨਾ 92-93.
5. ਆਦਿ ਗ੍ਰੰਥ, ਪੰਨਾ 1395.
6. ਸਟੱਡੀਜ਼ ਇਨ ਦੀ ਤੰਤਰ ਰਾਜ ਐਂਡ ਦੀ ਵੇਦਾ— ਐਮ. ਪੀ. ਪੰਡਿਤ.

ਵਿਸ਼ਵਸਾਰ ਤੰਤਰ ਵਿਚ ਗੁਰੂ ਬਾਰੇ ਹੇਠ ਲਿਖੇ ਸ਼ਬਦ ਵਰਣਨ ਯੋਗ ਹਨ :—

"ਗੁਰੂ ਦੀ ਮੂਰਤ ਧਿਆਨ ਦਾ ਮੂਲ ਹੈ, ਗੁਰੂ ਦੇ ਚਰਨ-ਕੰਵਲ ਪੂਜਾ ਦੀ ਥਾਂ ਹਨ, ਗੁਰੂ ਦਾ ਸ਼ਬਦ ਮੰਤਰ ਦਾ ਮੂਲ ਹੈ ਅਤੇ ਗੁਰੂ ਦੀ ਬਖ਼ਸ਼ਿਸ਼ ਸਿੱਧੀ ਦਾ ਕਾਰਨ ਹੈ।" [1]

ਇਸ ਉਪਰੋਕਤ ਵਿਚਾਰ ਨੂੰ ਗੁਰੂ ਅਰਜਨ ਦੇਵ ਦੇ ਇਕ ਸ਼ਬਦ ਵਿਚ ਵੇਖੋ :—

ਗੁਰ ਕੀ ਮੂਰਤਿ ਮਨ ਮਹਿ ਧਿਆਨੁ । ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ।
ਗੁਰ ਕੇ ਚਰਨ ਰਿਦੈ ਲੈ ਧਾਰਉ । ਗੁਰੁ ਪਾਰਬ੍ਰਹਮ ਸਦਾ ਨਮਸਕਾਰਉ ।੧।
.... (ਗੋਂਡ ਮ: 5, ਪੰਨਾ 864)

ਸਿਖ ਧਰਮ ਦਾ ਮਹਾਨ ਮੰਤਰ, ਮੂਲ ਮੰਤਰ ਹੈ ਜੋ ਆਦਿ ਗ੍ਰੰਥ ਦੇ ਅਰੰਭ ਵਿਚ ਦਿੱਤਾ ਹੋਇਆ ਹੈ। ਦੂਜਾ ਕੁਝ ਅਖਰਾਂ ਦੇ ਜੋੜ ਨਾਲ ਬਣਿਆ ਬੀਜ-ਮੰਤਰ ਹੈ, ਤੇ ਇਹ ਵਾਹਗੁਰੂ ਸ਼ਬਦ ਹੈ। ਇਸ ਬੀਜ-ਮੰਤਰ 'ਵਾਹੁ ਗੁਰੂ' ਵਿਚ 'ਗੁਰੂ' ਸ਼ਬਦ ਪਾਰਬ੍ਰਹਮ ਵਾਸਤੇ ਹੈ ਤੇ 'ਵਾਹੁ' ਸ਼ਬਦ ਅਪਾਰ ਅਸਚਰਜਤਾ ਦਾ ਸੂਚਕ ਹੈ। ਇਹ 'ਵਾਹੁ' ਸ਼ਬਦ 'ਵਾ' ਤੇ 'ਹ' ਦੇ ਸੰਜੋਗ ਨਾਲ ਬਣਿਆ ਹੈ। 'ਵਾ' ਤੇ 'ਹ' ਦਾ ਇਹ ਜੋੜ ਤੈਤ੍ਰੀਯ ਉਪਨਿਸ਼ਦ ਦੇ ਦਸਵੇਂ ਅਧਿਆਯ ਵਿਚ ਇਸ ਪ੍ਰਕਾਰ ਆਇਆ ਹੈ 'ਹਾ ਵੁ ਹਾ ਵੁ ਹਾ ਵੁ" ਤੇ ਇਸ ਦਾ ਅਰਥ ਹੈ "ਅਸਚਰਜ, ਅਸਚਰਜ, ਅਸਚਰਜ।"[2]

'ਵਾਹਿਗੁਰੂ' ਸ਼ਬਦ ਦੀ ਬਣਤਰ ਬਾਰੇ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਅਖ਼ੀਰਲੀ ਪਉੜੀ ਵਿਚ ਜੋ ਵਿਚਾਰ ਮਿਲਦਾ ਹੈ, ਉਹ ਵਿਵਾਦ ਗ੍ਰਸਤ ਹੈ।

'ਵਾਹਿਗੁਰੂ ਸ਼ਬਦ ਦਾ ਅਰਥ ਭਾਈ ਕਾਹਨ ਸਿੰਘ ਨੇ "ਮਨ ਬੁੱਧੀ ਤੋਂ ਪਰੇ ਸਭ ਤੋਂ ਵੱਡਾ ਪਾਰਬ੍ਰਹਮ ਕੀਤਾ ਹੈ।[3] ਭਾਈ ਸੰਤੋਖ ਸਿੰਘ ਨੇ ਇਸ ਪ੍ਰਕਾਰ ਅਰਥ ਕੀਤਾ ਹੈ—

ਵਾਹ (ਅਸਚਰਜ ਰੂਪ), ਗੁ(ਅੰਧਕਾਰ ਵਿਚ) ਰੂ (ਪ੍ਰਕਾਸ਼ ਕਰਨ ਵਾਲਾ)

ਵਾਹ ਨਾਮ ਅਚਰਜ ਕੇ ਹੋਈ। ਅਚਰਜ ਤੇ ਪਰ ਉਕਤਿ ਨ ਕੋਈ।
ਗੁ ਤਮ ਤਨ ਅਗਯਾਨ ਅਨੰਤ। ਰੂ ਪਰਕਾਸ਼ ਕਿਯੋ ਜਿਨ ਚਿੰਤ।[4]

ਇਸ ਸੰਬੰਧ ਵਿਚ ਭੱਟਾਂ ਨੇ ਲਿਖਿਆ ਹੈ :—

ਆਦਿ ਪੁਰਖ ਸਦਾ ਤੁਹੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਵਾਹਿ ਜੀਉ।
(ਸਵੈਯੇ ਮ: 4 ਕੇ)

---

1. ਸਟਡੀਜ਼ ਇਨ ਦੀ ਤੰਤਰਾਸ ਐਂਡ ਦੀ ਵੇਦਾ, ਐਮ. ਪੀ. ਪੰਡਿਤ
2. ਆਊਟ ਲਾਈਨਜ਼ ਆਫ਼ ਸਿਖ ਥਾਟ, ਪੰਨਾ 95.
3. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 814, ਛਾਪ 1960.
4. ਗੁਰੂ ਨਾਨਕ ਪ੍ਰਕਾਸ਼

ਭਾਈ ਗੁਰਦਾਸ ਨੇ ਵੀ ਦਸਿਆ ਹੈ ਕਿ ਗੁਰ ਸ਼ਬਦ, ਗੁਰਮੰਤਰ ਜਾਂ ਨਾਮ, ਵਾਹਿਗੁਰੂ ਹੀ ਹੈ। ਇਹ ਗੁਪਤ ਨਹੀਂ, ਪਰਗਟ ਹੈ। ਨਾਮ ਗੁਰੂ ਪਾਸੋਂ ਮਿਲਦਾ ਹੈ। ਇਸ ਤੱਥ ਦਾ ਵਰਣਨ ਭਾਈ ਸਾਹਿਬ ਦੀਆਂ ਵਾਰਾਂ ਵਿਚ ਆਈਆਂ ਅਨੇਕਾਂ ਤੁਕਾਂ ਵਿਚ ਮਿਲਦਾ ਹੈ :-

ਚਰਨ ਗਹੇ ਗੁਰਦੇਵ ਕੇ ਸਤਿ ਸ਼ਬਦ ਦੇ ਮੁਕਤ ਕਰਾਯਾ ।[1]
ਸ਼ਬਦ ਗੁਰੂ ਗੁਰਵਾਹ ਗੁਰਮੁਖ ਪਾਇਆ ।[2]
ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪ ਚਬੋਲਾ ।[3]
ਪਉਣ ਗੁਰੂ ਗੁਰ ਸ਼ਬਦ ਹੈ ਵਾਹਿਗੁਰੂ ਗੁਰ ਸ਼ਬਦ ਸੁਣਾਯਾ ।[4]
ਸਤਿਗੁਰੂ ਪੁਰਖ ਦਇਆਲ ਹੋਇ ਵਾਹਿਗੁਰੂ ਸਚ ਮੰਤ੍ਰ ਸੁਣਾਯਾ ।[5]

ਵਾਰਾਂ ਵਿਚੋਂ ਅਜਿਹੀਆਂ ਹੋਰ ਕਈ ਤੁਕਾਂ ਵੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਭਾਈ ਗੁਰਦਾਸ ਨੇ ਵਾਹਿਗੁਰੂ ਸ਼ਬਦ ਦਾ ਕਥਨ ਕੀਤਾ ਹੈ। ਕਿਉਂਕਿ ਵਾਹਿਗੁਰੂ ਅੰਧਕਾਰ ਵਿਚ ਪ੍ਰਕਾਸ਼ ਕਰਨ ਵਾਲਾ ਅਸਚਰਜ ਰੂਪ ਹੈ ਤੇ ਹਉਮੈ ਤੋਂ ਵਧ ਕੇ ਹੋਰ ਕੋਈ ਅੰਧਕਾਰ ਹੈ ਨਹੀਂ, ਇਸ ਲਈ ਭਾਈ ਸਾਹਿਬ ਨੇ ਵਾਹਿਗੁਰੂ ਸ਼ਬਦ ਦੀ ਕਮਾਈ ਤੇ ਜ਼ੋਰ ਦਿਤਾ ਹੈ। ਇਸ ਨਾਲ ਹੀ ਮਨੁੱਖ ਦੇ ਅੰਦਰੋਂ ਹਉਮੈ ਦਾ ਨਾਸ ਹੋ ਸਕਦਾ ਹੈ :-

ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ ।[6]

ਭਾਈ ਸਾਹਿਬ ਨੇ ਪੰਜਵੀਂ ਵਾਰ ਵਿਚ ਜਾਦੂ ਟੂਣਿਆਂ, ਕਰਾਮਾਤਾਂ ਤੇ ਹੋਰ ਵਹਿਮਾਂ ਭਰਮਾਂ ਨੂੰ ਛਡ ਕੇ ਗੁਰਸ਼ਬਦ ਦੀ ਓਟ ਲੈਣ ਦਾ ਉਪਦੇਸ਼ ਦਿਤਾ ਹੈ:-

ਜਤ ਸਤ ਸੰਜਮ ਹੋਮ ਜਗ ਜਪ ਤਪ ਦਾਨ ਪੁੰਨ ਬਹੁਤੇਰੇ ।
ਰਿਧ ਸਿਧ ਨਿਧ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ ।
ਵੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ ।
ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ ।
ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ ।
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ ।
ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤ ਲਵੇਰੇ ।

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ਪਹਿਲੀ.
2. ਉਹੀ , ਵਾਰ 3, ਪਉੜੀ 1.
3. ਉਹੀ , ਵਾਰ 4, ਪਉੜੀ 17.
4. ਉਹੀ , ਵਾਰ 6, ਪਉੜੀ 5.
5 ਉਹੀ , ਵਾਰ 11, ਪਉੜੀ 3.
6. ਉਹੀ , ਵਾਰ 13, ਪਉੜੀ 2

ਸਾਧ ਸੰਗਤ ਗੁਰ ਸਬਦ ਵਿਣ ਥਾਉ ਨ ਪਾਇਨ ਭਲੇ ਭਲੇਰੇ ।
ਕੂੜ ਇਕ ਗੰਢੀ ਸੌ ਫੇਰੇ ।[1]

ਇਹ ਸਤਿਨਾਮ ਵਾਹਿਗੁਰੂ ਮੰਤਰ ਐਸਾ ਹੈ ਜਿਸ ਦੇ ਆਸਰੇ ਬਾਬੇ ਨਾਨਕ ਨੇ ਕਲਜੁਗ ਦੇ ਜੀਵਾਂ ਨੂੰ ਤਾਰਿਆ ।[2] ਇਹ ਗੁਰ ਉਪਦੇਸ਼, ਇਹ ਗੁਰਮੰਤਰ ਹਰ ਪਰਾਣੀ ਲਈ ਅਤਿਅੰਤ ਜ਼ਰੂਰੀ ਹੈ, ਨਹੀਂ ਤਾਂ,

ਗੁਰਮੰਤ੍ਰ ਹੀਣਸ੍ਯ, ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ।
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ।[3]

(3) ਭਗਤੀ ਦਾ ਸੰਕਲਪ:—ਭਾਰਤ ਵਿਚ ਭਗਤੀ ਦੇ ਅੰਸ਼ ਬਹੁਤ ਪੁਰਾਣੇ ਹਨ ।

ਪਰਮ-ਸਚ, ਪ੍ਰਭੂ ਦੀ ਪ੍ਰਾਪਤੀ ਲਈ ਭਗਤੀ ਮਾਰਗ ਨੂੰ ਇਕ ਉੱਤਮ ਮਾਰਗ ਗਿਣਿਆ ਗਿਆ ਹੈ । ਭਾਗਵਤ ਪੁਰਾਣ ਦੇ ਗਿਆਰ੍ਹਵੇਂ ਸਕੰਧ ਵਿਚ ਲਿਖਿਆ ਹੈ, "ਭਗਵਾਨ ਊਧੋ ਨੂੰ ਕਹਿੰਦੇ ਹਨ ਕਿ ਮੈਂ ਨਾ ਹੀ ਯੋਗ ਦੁਆਰਾ ਅਤੇ ਨਾ ਹੀ ਸਾਂਖ ਦੁਆਰਾ ਪ੍ਰਾਪਤ ਹੋ ਸਕਦਾ ਹਾਂ । ਮੇਰੀ ਪ੍ਰਾਪਤੀ ਦਾ ਸਹਿਜ ਸਾਧਨ ਤਾਂ ਭਗਤੀ ਹੈ । ਇਕਾਗਰ-ਚਿਤ ਹੋ ਕੇ ਕੀਤੀ ਗਈ ਮੇਰੀ ਭਗਤੀ ਚੰਡਾਲਤਾ ਨੂੰ ਪਵਿੱਤਰ ਕਰ ਦੇਂਦੀ ਹੈ" । ਗੀਤਾ ਦੇ ਬਾਰ੍ਹਵੇਂ ਅਧਿਆਇ ਵਿਚ ਵੀ ਇਹੋ ਜਿਹਾ ਵਿਚਾਰ ਉਪਲਬਧ ਹੈ । ਪ੍ਰਾਚੀਨ ਗ੍ਰੰਥਾਂ ਵਿਚ ਭਗਤੀ ਦੀ ਮਹਿਮਾ ਦਾ ਵਰਣਨ ਹੈ ।

ਭਾਗਵਤ ਪੁਰਾਣ ਤੋਂ ਪਹਿਲਾਂ ਸ਼ਾਂਡਿਲਯ ਤੇ ਨਾਰਦ ਦੇ ਭਗਤੀ-ਸੂਤਰ ਰਚੇ ਜਾ ਚੁਕੇ ਸਨ ਜਿਨ੍ਹਾਂ ਅਨੁਸਾਰ ਪ੍ਰਭੂ ਲਈ ਪਰਮ ਪ੍ਰੇਮ ਨੂੰ ਭਗਤੀ ਕਿਹਾ ਗਿਆ ਹੈ ।[4] ਨਾਰਦ ਭਗਤੀ-ਸੂਤਰ ਦੇ ਇਕ ਸੂਤਰ ਵਿਚ ਤਾਂ ਭਗਤੀ ਨੂੰ ਕਰਮ—ਗਿਆਨ-ਯੋਗ ਤੋਂ ਵੀ ਵਧ ਕੇ ਮੰਨਿਆ ਗਿਆ ਹੈ "ਸਾਤੁ ਕਰਮ-ਗਯਾਨ—ਯੋਗੇ ਭਯੋ ਅਧਿਕਤਰਾ ।"[5]

ਭਗਤੀ ਦੇ ਕਈ ਪ੍ਰਕਾਰ ਮੰਨੇ ਜਾਂਦੇ ਹਨ । ਭਾਗਵਤ ਵਿਚ ਨੌਂ ਪ੍ਰਕਾਰ ਦੀ ਭਗਤੀ ਦਾ ਵਰਣਨ ਹੈ ਜਿਸ ਕਾਰਣ ਇਸ ਨੂੰ 'ਨਵਧਾ ਭਗਤੀ' ਕਿਹਾ ਜਾਂਦਾ ਹੈ । ਇਹ ਨੌਂ ਪ੍ਰਕਾਰ ਹਨ : ਸ੍ਰਵਣ, ਕੀਰਤਨ, ਸਿਮਰਣ, ਪਾਦਸੇਵਨ, ਅਰਚਨ, ਵੰਦਨਾ, ਦਾਸ ਭਾਵ, ਸਖਾ ਭਾਵ ਅਤੇ ਆਤਮ ਨਿਵੇਦਨ । ਭਗਤੀ ਦੇ ਦੋ ਪੱਖ ਹਨ । ਇਕ, ਲੌਕਿਕ ਤੇ ਦੂਜਾ, ਅਨੁਰਾਗ । ਲੌਕਿਕ ਰੂਪ ਭਗਤੀ

---

1. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 7.
2. ਉਹੀ , ਵਾਰ ਪਹਿਲੀ, ਪਉੜੀ 23.
3. ਆਦਿ ਗ੍ਰੰਥ ਪੰਨਾ 1356-57, ਸਹਸਕ੍ਰਿਤੀ ਸਲੋਕ ਮ: 5.
4. ਨਾਰਦ ਭਗਤੀ-ਸੂਤਰ 2 ਤੇ ਸ਼ਾਂਡਿਲਯ ਭਗਤੀ-ਸੂਤਰ 2.
5. ਨਾਰਦ ਭਗਤੀ ਸੂਤਰ 25.

ਨੂੰ ਨਵਧਾ ਭਗਤੀ ਕਹਿੰਦੇ ਹਨ ਅਤੇ ਅਨੁਰਾਗ ਰੂਪ ਭਗਤੀ ਨੂੰ ਪ੍ਰੇਮਾ ਭਗਤੀ ਕਿਹਾ ਜਾਂਦਾ ਹੈ। ਪਹਿਲੀ ਕਿਸਮ ਦੀ ਭਗਤੀ ਵਿਚ ਕਈ ਤਰ੍ਹਾਂ ਦੀਆਂ ਪੂਜਾ ਵਿਧੀਆਂ ਤੇ ਜ਼ੋਰ ਦਿੱਤਾ ਜਾਂਦਾ ਹੈ ਪਰ ਦੂਜੀ ਕਿਸਮ ਦੀ ਭਗਤੀ ਵਿਚ ਪ੍ਰੇਮ-ਭਾਵ ਦੀ ਅਧਿਕਤਾ ਹੁੰਦੀ ਹੈ।

ਭਾਈ ਗੁਰਦਾਸ ਗੁਰੂ ਨਾਨਕ ਦੇ ਸਿਖ ਤੇ ਗੁਰਮਤ ਦੇ ਪਰਚਾਰਕ ਸਨ ਇਸ ਲਈ ਉਨ੍ਹਾਂ ਦੀ ਭਗਤੀ ਦਾ ਸਰੂਪ ਉਹੀ ਹੈ ਜਿਹੜਾ ਗੁਰੂ ਨਾਨਕ ਦੀ ਭਗਤੀ ਦਾ ਹੈ। ਗੁਰੂ ਨਾਨਕ ਦੀ ਭਗਤੀ ਦਾ ਸਰੂਪ ਪ੍ਰੇਮਾਭਗਤੀ ਹੀ ਹੈ, ਪੂਜਾ-ਵਿਧੀਆਂ ਵਾਲੀ ਭਗਤੀ ਵਿਚ ਉਨ੍ਹਾਂ ਨੂੰ ਕੋਈ ਵਿਸ਼ਵਾਸ ਨਹੀਂ ।[1] ਅਜਿਹੀ ਭਗਤੀ ਦੇ ਢੰਗਾਂ ਤਰੀਕਿਆਂ, ਕ੍ਰਿਆਚਾਰਾਂ ਤੇ ਰਵਾਇਤੀ ਚਿਹਨਾਂ ਆਦਿ ਨੂੰ ਉਹ 'ਫੋਕਟ ਕਰਮ' ਦਸਦੇ ਹਨ। [1] ਗੁਰੂ ਨਾਨਕ ਦੀ ਭਗਤੀ ਦਾ ਸਰੂਪ ਇਕ ਨਿਵੇਕਲਾ ਰੂਪ ਹੈ। ਇਸ ਵਿਚ ਨਾ ਤਾਂ ਭਾਰਤੀ ਪਰੰਪਰਾ ਵਾਲੀ ਦੇਹ-ਸਾਧਨਾ ਨੂੰ ਪਰਵਾਨਗੀ ਪ੍ਰਾਪਤ ਹੈ ਤੇ ਨਾ ਹੀ ਸੂਫ਼ੀ ਫ਼ਕੀਰਾਂ ਵਾਲੇ ਬਰਾਬਰੀ ਦੇ ਇਸ਼ਕ ਤੇ ਮਾਦਕਤਾ ਲਈ ਕੋਈ ਥਾਂ ਹੈ। ਇਸ ਭਗਤੀ ਵਿਚ ਤਾਂ ਦੀਨਤਾ, ਨਿਮਰਤਾ, ਵਿਸ਼ਵਾਸ, ਪ੍ਰੇਮ ਤੇ ਵੈਰਾਗ ਦੀ ਪ੍ਰਧਾਨਤਾ ਹੈ। [2]

ਜਿਸ ਤਰ੍ਹਾਂ ਗੁਰੂ ਨਾਨਕ ਦੇਵ ਬਾਹਰੀ ਪੂਜਾ-ਵਿਧੀਆਂ ਨੂੰ ਫੋਕਟ ਕਰਮ ਦਸਦੇ ਹਨ, ਭਾਈ ਗੁਰਦਾਸ ਵੀ ਉਸੇ ਸੁਰ ਵਿਚ ਆਖਦੇ ਹਨ :-

ਮਿਲੇ ਜੇ ਤੀਰਥ ਨਾਤਿਆਂ ਡੱਡਾਂ ਜਲ ਵਾਸੀ ।
ਵਾਲ ਵਧਾਇਐਂ ਪਾਈਐ ਬੜ ਜਟਾਂ ਪਲਾਸੀ ।
ਨੰਗੇ ਰਹਿਆਂ ਜੇ ਮਿਲੇ ਵਣ ਮਿਰਗ ਉਦਾਸੀ ।

ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ । [3]

ਪੁਨਾ :

ਸਤਿਗੁਰ ਤੀਰਥ ਛਡਕੇ ਅਠਸਠਿ ਤੀਰਥ ਨਾਵਣ ਜਾਹੀਂ ।
ਬਗਲ ਸਮਾਧ ਲਗਾਇਕੇ ਜਿਉਂ ਜਲਜੰਤਾ ਘੁਟ ਘੁਟ ਖਾਹੀਂ ।
....
ਮਨਮੁਖ ਭਰਮ ਨ ਉਤਰੇ ਭੈਭਲਭੂਸੇ ਖਾਇ ਭੁਲਾਹੀਂ । [4]

---

1. ਪੜ੍ਹ ਪੁਸਤਕ ਸੰਧਿਆ ਬਾਦੰ, ਸਿਲ ਪੂਜਸਿ ਬਗੁਲ ਸਮਾਧੰ ।
ਜੇ ਜਾਣਸਿ ਬ੍ਰਹਮੰ ਕਰਮੰ । ਸਭਿ ਫੋਕਟ ਨਿਸਚਉ ਕਰਮੰ । ਆਸਿ ਦੀ ਵਾਰ ਮ: ੧ ਪੰਨਾ 470
2. ਦੇ ਕ੍ਰਿਟੀਕਲ ਸਟਡੀ ਆਫ ਨਿਰਗੁਣ ਸਕੂਲ ਆਫ ਪੰਜਾਬੀ ਪੋਇਟਰੀ, ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਥੀਸਿਸ ।
3. ਵਾਰਾਂ ਭਾਈ ਗੁਰਦਾਸ, ਵਾਰ 36, ਪਉੜੀ 14
ਉਹੀ , ਵਾਰ 15, ਪਉੜੀ 10

ਅਤੇ ਨੌਂ ਪ੍ਰਕਾਰ ਦੀ ਨਵਧਾ ਭਗਤੀ ਦੀ ਥਾਂ ਪ੍ਰੇਮਾ-ਭਗਤੀ ਉਤੇ ਜ਼ੋਰ ਦਿੰਦੇ ਹਨ :-

ਨੌ ਭਗਤੀ ਨੌ ਭਗਤਿ ਕਰ ਗੁਰਮੁਖ ਪ੍ਰੇਮਭਗਤਿ ਲਿਵਲਾਈ । [1]

ਜਿਸ ਪ੍ਰੇਮਾ-ਭਗਤੀ ਕਰ ਕੇ ਗੁਰਮੁਖ ਦਾ ਪਾਰ-ਉਤਾਰਾ ਹੁੰਦਾ ਹੈ --

ਭਾਇ ਭਗਤਿ ਗੁਰਮੁਖ ਨਿਸਤਾਰਾ । (ਵਾਰ 6, ਪਉੜੀ 4)

ਇਹ ਭਾਉ-ਭਗਤੀ ਹੀ ਗੁਰੂ ਦੀ ਸਿਖਿਆ ਜਾਂ ਗੁਰਮਤ ਹੈ --

ਭਾਉ ਭਗਤਿ ਗੁਰਮਤ ਹੈ .... । (ਵਾਰ 31, ਪਉੜੀ 10)

ਅਤੇ ਕਲਜੁਗ ਦੇ ਸਮੇਂ ਵਿਚ ਭਾਉ ਭਗਤੀ ਤੋਂ ਬਿਨਾਂ ਕੋਈ ਆਸਰਾ ਜਾਂ ਸਹਾਰਾ ਨਹੀਂ :-

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੇ ਨ ਕਾਈ ।
ਬਿਨਾ ਭਜਨ ਭਗਵਾਨ ਕੇ ਭਾਉ-ਭਗਤਿ ਬਿਨ ਠਉੜਿ ਨ ਪਾਈ ।

....

ਭਾਉ ਭਗਤਿ ਪਰਵਾਨ ਹੈ ਜਗ ਹੋਮ ਤੇ ਪੁਰਬ ਕਮਾਈ । [2]

ਕਲਜੁਗ ਵਿਚ ਪ੍ਰੇਮਾ-ਭਗਤੀ ਹੀ ਪਰਵਾਨ ਹੈ, ਹੋਮ ਜਗ ਆਦਿ ਪੂਜਾ-ਵਿਧੀਆਂ ਤਾਂ ਪੁਰਬਲੇ ਜੁਗਾਂ ਦੀ ਹੀ ਕਮਾਈ ਸੀ । ਹਜ਼ਾਰਾਂ ਸਿਆਣਪਾਂ, ਲੱਖਾਂ ਚਤਰਾਈਆਂ ਤੇ ਗਿਆਨ ਧਿਆਨ ਆਦਿ ਨਾਲ ਵੀ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਨਾ ਹੀ ਉਸ ਦਾ ਅੰਤ ਪਾਇਆ ਜਾ ਸਕਦਾ ਹੈ, [3] ਕੇਵਲ ਪ੍ਰੇਮਾ-ਭਗਤੀ ਦੁਆਰਾ ਹੀ ਸੱਚ-ਸਰੂਪ ਪਰਮਾਤਮਾ ਵਿਚ ਸਮਾਈ ਹੋ ਸਕਦੀ ਹੈ ਤੇ ਉਸ ਦਰ ਤੇ ਪੁਜੀਦਾ ਹੈ :-

ਭਾਉ ਭਗਤਿ ਭਗਵਾਨ ਸੱਚ ਸਮਾਵਹੀਂ । [4]
ਪ੍ਰੇਮ ਭਗਤਿ ਆਦੇਸ ਸਹਜ ਸੁਖਾਣਿਆ । [5]

ਭਾਈ ਗੁਰਦਾਸ ਨੇ ਪ੍ਰਭੂ-ਪ੍ਰਾਪਤੀ ਲਈ ਗਿਆਨ ਮਾਰਗ ਜਾਂ ਕਰਮ ਮਾਰਗ ਦੀ ਥਾਂ ਪ੍ਰੇਮ-ਮਾਰਗ ਦੀ ਮਹਾਨਤਾ ਦਰਸਾਈ ਹੈ; ਅਨੁਭਵ-ਕਰਨ ਯੋਗ ਤੇ ਸ਼ਰਧਾ ਸਹਿਤ ਪਿਆਰ-ਕਰਨਯੋਗ ਪਰਮ-ਸੱਚ ਵਾਸਤੇ ਗਿਆਨ ਜਾਂ ਕਰਮ ਕਾਂਡ ਦੇ ਦਾਇਰੇ ਤੋਂ ਭਾਵਨਾ-ਖੇਤਰ ਦੀ ਬਹੁਲਤਾ

1. ਵਾਰਾਂ ਭਾਈ ਗੁਰਦਾਸ, ਵਾਰ 7, ਪਉੜੀ 9.
2. ਉਹੀ ,, ਵਾਰ 1, ਪਉੜੀ 16.
3. ਉਹੀ ,, ਵਾਰ 21, ਪਉੜੀ 7.
4. ਉਹੀ ,, ਵਾਰ 21 ਪਉੜੀ 7.
5. ਉਹੀ ,, ਵਾਰ 3 ਪਉੜੀ. 1

ਪਰਗਟ ਕੀਤੀ ਹੈ ਤੇ ਇਸ ਨੂੰ ਭਾਉ-ਭਗਤਿ, [1] ਪ੍ਰੇਮ ਭਗਤਿ [2], ਭਾਇ ਭਗਤਿ [3] ਆਦਿ ਕਾਵਿ-ਸ਼ਬਦ ਪ੍ਰਯੋਗਾਂ ਦੁਆਰਾ ਉਜਾਗਰ ਕੀਤਾ ਹੈ।

ਇਹ ਭਗਤੀ ਉਹ ਨਹੀਂ ਜਿਸ ਨੂੰ ਪਰੰਪਰਾ ਰੂਪ ਭਗਤੀ ਸਮਝਿਆ ਜਾਂਦਾ ਹੈ। ਉਸ ਭਗਤੀ ਦਾ ਸਿੱਧਾ ਸੰਬੰਧ ਅਵਤਾਰਵਾਦੀ ਧਾਰਾ ਨਾਲ ਹੈ ਜਿਸ ਵਿਚ ਪ੍ਰਭੂ ਦਾ ਸਰਗੁਣ ਰੂਪ ਹੀ ਵੇਖਿਆ ਤੇ ਮੰਨਿਆ ਗਿਆ ਹੈ। ਇਸ ਭਗਤੀ ਦਾ ਟੀਚਾ ਅਵਤਾਰੀ ਰੂਪ ਨਹੀਂ, ਸਗੋਂ ਅਰੂਪ ਹਸਤੀ ਹੈ। ਇਹ ਹਸਤੀ ਅਰੂਪ ਹੈ, ਨਿਰਾਕਾਰ ਹੈ ਤੇ ਸਿਧਾਂਤਕ ਸ਼ਬਦਾਵਲੀ ਵਿਚ ਇਸ ਨੂੰ ਨਿਰਗੁਣ ਕਿਹਾ ਗਿਆ ਹੈ। ਦੂਜੇ ਸ਼ਬਦਾਂ ਵਿਚ ਇਹ ਨਿਰਗੁਣ ਬ੍ਰਹਮ ਦੀ ਭਗਤੀ ਹੈ, ਨਿਰਗੁਣ-ਭਗਤੀ ਹੈ। ਇਹ ਭਗਤੀ ਸੰਪਰਦਾਇ ਦੀ 'ਵੈਧੀ' ਭਗਤੀ ਤੋਂ ਉਲਟ ਹੈ। ਰਾਮ ਦਾਸ ਨੇ ਲਿਖਿਆ ਹੈ, "ਭਗਤੀ ਦੇ ਦੋ ਪੱਖ ਹਨ; ਇਕ ਹੈ ਨਿਰਗੁਣ ਭਗਤੀ ਜਾਂ 'ਪਰਾ ਭਗਤੀ' ਤੇ ਦੂਜੀ ਹੈ ਸਗੁਣ ਭਗਤੀ ਜਾਂ 'ਅਪਰਾ ਭਗਤੀ'" [4]। ਪਰਾ-ਭਗਤੀ (ਇੰਦਰੀਆਂ ਦੀ ਪਹੁੰਚ ਤੋਂ ਪਰੇ ਦੀ ਭਗਤੀ) ਨੂੰ ਬਹਿਰੰਗ (Outward) ਦੇ ਮੁਕਾਬਲੇ ਤੇ ਅੰਤਰੰਗ '**Inward**) ਆਖਿਆ ਜਾ ਸਕਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ, ਕਿ ਸਿਖ ਗੁਰੂ ਸਾਹਿਬਾਨ ਨੇ ਬਹਿਰੰਗ ਰੂਪ ਭਗਤੀ ਦਾ ਤਿਆਗ ਕੀਤਾ ਹੈ ਪਰ ਅੰਤਰੰਗ ਰੂਪ ਭਾਵ ਸੁੱਚੀ ਪ੍ਰੀਤ ਉਤੇ ਬਹੁਤ ਅਧਿਕ ਜ਼ੋਰ ਦਿੱਤਾ ਹੈ। [5] ਇਹੋ ਗੱਲ ਭਾਈ ਗੁਰਦਾਸ ਬਾਰੇ ਕਹੀ ਜਾ ਸਕਦੀ ਹੈ ਕਿ ਆਪ ਗੁਰਮਤ ਵਿਚਾਰ-ਧਾਰਾ ਅਨੁਸਾਰ ਪ੍ਰੇਮਾ-ਭਗਤੀ ਅਰਥਾਤ ਭਾਉ-ਭਗਤੀ ਵਿਚ ਵਿਸ਼ਵਾਸ ਰਖਦੇ ਹਨ।

ਭਾਈ ਸਾਹਿਬ ਦੀਆਂ ਵਾਰਾਂ ਵਿਚ ਭਾਉ-ਭਗਤੀ, ਦੇ ਕੁਝ ਅਧਿਆਤਮਿਕ ਤੱਤ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਕਿ ਅਧਿਆਤਮਿਕ ਆਸਤਿਕਤਾ, ਅਧਿਆਤਮਿਕ ਪ੍ਰੇਮ, ਮਨੁੱਖੀ ਸਰੀਰ ਦੀ ਅਧਿਆਤਮਿਕ ਮਹਾਨਤਾ ਆਦਿ।

ਅਧਿਆਤਮਿਕ ਆਸਤਿਕਤਾ :— ਭਾਉ-ਭਗਤੀ, ਆਸਤਿਕਤਾ ਉਤੇ ਹੀ ਆਧਾਰਿਤ ਹੈ। ਆਸਤਿਕਤਾ ਦੀ ਨੀਂਹ ਉਤੇ ਹੀ ਭਗਤੀ ਦਾ ਮਹੱਲ ਉਸਾਰਿਆ ਜਾ ਸਕਦਾ ਹੈ। ਆਸਤਕ ਹੋ ਕੇ ਭਗਤ ਪਰਮਾਤਮਾ ਦੀ ਹੋਂਦ ਨੂੰ ਜ਼ੱਰੇ ਜ਼ੱਰੇ ਵਿਚ ਮਹਿਸੂਸ ਕਰਦਾ ਹੈ। ਭਾਈ ਗੁਰਦਾਸ ਜਗਤ ਉਤਪਤੀ ਉਤੇ ਵਿਚਾਰ ਕਰਦੇ ਹੋਏ ਕਹਿੰਦੇ ਹਨ ਕਿ "ਪੰਜਾਂ ਤੱਤਾਂ ਦੀ ਰਚਨਾ ਕਰਕੇ

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 1.
2. ਉਹੀ , ਵਾਰ 3, ਪਉੜੀ 1.
3. ਉਹੀ , ਵਾਰ 4, ਪਉੜੀ 1
4. ਗਾਡ ਇੰਕਸਪੀਰੀਐਂਸ, ਰਾਮ ਦਾਸ ਪੰਨਾ 172.
5. ਆਊਟ ਲਾਈਨਜ਼ ਆਫ ਸਿਖ ਥਾਟ, ਪੰਨਾ 85.

"ਕਰਤਾ ਛਰਮ ਅਦ੍ਰਿਸਟ ਸਮਾਈ"। (ਵਾਰ 1, ਪਉੜੀ 2)

ਕਰਤਾ ਪਰਮਾਤਮਾ ਅਦ੍ਰਿਸ਼ਟ ਰੂਪ ਹੋ ਕੇ ਇਸ ਵਿਚ ਸਮਾ ਰਿਹਾ ਹੈ।

ਇਸੇ ਤਰ੍ਹਾਂ ਵਾਰ ਨੰ: 2, ਸਾਰੀ ਦੀ ਸਾਰੀ, ਪਰਮਾਤਮਾ ਦੇ ਸਰਬ-ਵਿਆਪਕ ਹੋਣ ਦੀ ਗਵਾਹੀ ਦੇਂਦੀ ਹੈ ਅਤੇ ਭਾਈ ਸਾਹਿਬ

ਪਾਰਬ੍ਰਹਮ ਪੂਰਨ ਬ੍ਰਹਮ ਘਟ ਚੰਦੁ ਅਕਾਰਾ। (ਵਾਰ 2, ਪਉੜੀ 19)

ਆਖ ਕੇ ਬਲਿਹਾਰ ਪਏ ਹੁੰਦੇ ਹਨ।

ਅਧਿਆਤਮਿਕ ਪ੍ਰੇਮ :— ਸ਼ਬਦ 'ਭਾਉ' ਪ੍ਰੇਮ ਦਾ ਵਾਚਕ ਹੈ। 'ਪ੍ਰੇਮ, ਭਾਉ' 'ਪ੍ਰੇਮ' ਭਗਤੀ ਜਾਂ ਪ੍ਰੇਮਾ-ਭਗਤੀ ਦੀ ਜਿੰਦ ਜਾਨ ਹੈ। ਅਸਲ ਵਿਚ ਹਰ ਪ੍ਰਕਾਰ ਦੀ ਭਗਤੀ ਵਿਚ ਪ੍ਰੇਮ ਉਤੇ ਹੀ ਜ਼ੋਰ ਹੈ। ਸੂਫ਼ੀ ਇਸੇ ਪ੍ਰੇਮ ਨੂੰ ਇਸ਼ਕ ਕਹਿ ਲੈਂਦੇ ਹਨ। ਭਾਉ-ਭਗਤੀ ਦਾ ਇਹ ਪ੍ਰੇਮ ਤੱਤ ਬੜਾ ਮਿੱਠਾ, ਸੁਆਦਲਾ ਤੇ ਦਿਲਚਸਪ ਹੈ। ਇਸ ਪ੍ਰੇਮ ਕਰਕੇ ਉਹ ਪਰਮਾਤਮਾ ਵਸ ਵਿਚ ਆ ਜਾਂਦਾ ਹੈ—

ਪਿਰਮ ਪਿਆਲੇ ਵਸ ਹੋਇ ਭਗਤ ਵਛਲ ਹੋਇ ਸਿਰਜਣਹਾਰਾ (ਵਾਰ 6, ਪਉੜੀ 4)

ਭਾਈ ਸਾਹਿਬ ਨੇ 'ਪ੍ਰੇਮ' ਨੂੰ 'ਪਿਰਹੜੀ' ਕਹਿ ਕੇ ਪੀਰ-ਮੁਰੀਦ, ਗੁਰੂ-ਸਿਖ ਦੀ ਪ੍ਰੀਤ ਨੂੰ ਵਾਰ ਨੰ: 27 ਵਿਚ ਬੜੇ ਵਿਸਥਾਰ ਸਹਿਤ ਬਿਆਨ ਕੀਤਾ ਹੈ। ਇਹ ਪਿਰਹੜੀ ਪ੍ਰਭੂ-ਮਿਲਾਪ ਦਾ ਸਾਧਨ ਹੈ :—

ਪੀਰ ਮੁਰੀਦਾਂ ਪਿਰਹੜੀ ਸਚ ਸਚ ਮਿਲੰਦਾ। (ਵਾਰ 27, ਪਉੜੀ 1)

ਮਨੁੱਖੀ ਸਰੀਰ ਦੀ ਅਧਿਆਤਮਿਕ ਮਹਾਨਤਾ :— ਇਹ ਮਨੁੱਖੀ ਸਰੀਰ ਛੋਟੇ ਅਕਾਰ ਵਿਚ 'ਬ੍ਰਹਿਮੰਡ' ਹੈ।[1] ਪਰਮਾਤਮਾ, ਬ੍ਰਹਮੰਡ ਨੂੰ ਸਾਜ ਕੇ ਬ੍ਰਹਮੰਡ ਵਿਚ ਵਸਦਾ ਹੈ ਤੇ ਉਹ ਇਸ ਅਲਪ ਬ੍ਰਹਮੰਡ, ਮਨੁੱਖੀ ਸਰੀਰ ਵਿਚ ਵੀ ਵਸ ਰਿਹਾ ਹੈ। ਇਹ ਉਸ ਦਾ ਨਿਵਾਸ-ਅਸਥਾਨ ਹੈ। ਫਿਰ ਤਾਂ ਇਹ ਸਰੀਰ ਉੱਤਮ ਹੈ, ਇਹ ਦੇਹੀ ਦੁਰਲਭ ਹੈ, ਜੁਗਾਂ ਜੁਗਾਂ ਮਗਰੋਂ ਇਸ ਦੇਹੀ ਦੀ ਵਾਰੀ ਆਉਂਦੀ ਹੈ।[2] ਇਸ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਇਸ ਦੇਹੀ ਰਾਹੀਂ ਹੀ ਤਾਂ ਸ਼ੁਭ ਕਰਮ ਕਰ ਸਕੀਦੇ ਹਨ। ਇਸ ਦੇਹੀ ਨਾਲ ਹੀ ਤਾਂ ਭਗਤੀ ਕੀਤੀ ਜਾ ਸਕਦੀ ਹੈ। ਇਸ ਦੇਹੀ ਵਿਚ ਤਾਂ "ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ"[3] ਵਸਦਾ ਹੈ। ਇਸ ਦੇਹੀ ਰਾਹੀਂ

---

1. The Universe is found in the body.
   ਆਊਟ ਲਾਈਨਜ਼ ਆਫ਼ ਸਿਖ ਥਾਟ ਪੰਨਾ 47.
2. ਵਾਰਾਂ ਭਾਈ ਗੁਰਦਾਸ, ਵਾਰ 37, ਪਉੜੀ 26.
3. ਆਦਿ ਗ੍ਰੰਥ, ਮ:5, ਪੰਨਾ 293.

ਸਾਹਬ ਕਹਿੰਦੇ ਹਨ:-

ਚੌਰਾਸੀ ਲਖ ਜੋਨਿ ਵਿਚ ਉੱਤਮ ਜਨਮ ਸੁ ਮਾਨਸ ਦੇਹੀ ।[1]

ਭਾਈ ਸਾਹਿਬ ਦੀਆਂ ਵਾਰਾਂ ਵਿਚ, ਗੁਰੂ ਦੀ ਕਿਰਪਾ, ਨਾਮ, ਸਾਧ-ਸੰਗਤ, ਹੁਕਮ, ਆਤਮ-ਸਮਰਪਣ, ਦ੍ਰਿੜ ਵਿਸ਼ਵਾਸ਼ ਆਦਿ, ਭਾਉ-ਭਗਤੀ ਦੇ ਸਾਧਨਾਂ ਦਾ ਉਲੇਖ ਪ੍ਰਾਪਤ ਹੈ । ਫਿਰ ਨਵਧਾ-ਭਗਤੀ ਦੇ ਸ੍ਰਵਣ, ਕੀਰਤਨ, ਸਿਮਰਣ, ਆਦਿ ਅੰਗ ਸਾਧਨ-ਰੂਪ ਵਿਚ ਭਾਉ-ਭਗਤੀ ਦੇ ਅੰਗ ਵੀ ਹਨ । ਨਵਧਾ ਭਗਤੀ ਦੇ ਇਹ ਅੰਗ ਬਿੰਬ-ਪ੍ਰਧਾਨ ਹਨ ਕਿਉਂਕਿ ਇਹਨਾਂ ਦੀ ਪ੍ਰੇਰਕ ਵਸਤੂ ਕੋਈ ਮੂਰਤੀ-ਬਿੰਬ ਹੁੰਦੀ ਹੈ, ਪਰ ਭਾਉ-ਭਗਤੀ ਵਿਚ ਇਹ ਚਿੰਨ੍ਹ-ਰੂਪ ਵਿਚ ਹਨ । ਭਾਈ ਸਾਹਿਬ ਦੀਆਂ ਵਾਰਾਂ ਸ੍ਰਵਣ, ਕੀਰਤਨ ਸਿਮਰਣ ਆਦਿ ਉਤੇ ਵੀ ਜ਼ੋਰ ਦੇਂਦੀਆਂ ਹਨ ।

ਸ੍ਰਵਣ :—ਗੁਰੂ ਨਾਨਕ ਦੇਵ ਨੇ 'ਜਪੁ' ਬਾਣੀ ਵਿਚ 'ਸੁਣਿਐ' ਦੀਆਂ ਚਾਰ ਪਉੜੀਆਂ ਰਾਹੀਂ ਪ੍ਰਭੂ-ਨਾਮ ਦੇ ਸੁਣਨ ਦੀ ਮਹਿਮਾ ਗਾਈ ਹੈ । ਪਰਮਾਤਮਾ ਦਾ ਜਸ ਸੁਣਨਾ, ਉਸ ਦੇ ਗੁਣਾਂ ਨੂੰ ਸਵਛ ਹਿਰਦੇ ਨਾਲ ਸੁਣਨਾ ਵੀ ਇਕ ਪ੍ਰਕਾਰ ਦੀ ਭਗਤੀ ਹੈ । ਭਾਈ ਸਾਹਿਬ ਲਿਖਦੇ ਹਨ ਕਿ ਸਤਿਗੁਰੂ ਦੇ ਸਿਖ :—

ਸਬਦ ਸੁਰਤਿ ਲਿਵਲੀਨ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ । (ਵਾਰ 6, ਪਉੜੀ 3)

ਹਰੀ ਚੰਦ ਰਾਜੇ ਦੀ ਰਾਣੀ ਵੀ

ਸਾਧ ਸੰਗਤਿ ਮਿਲ ਗਾਂਵਦੇ ਰਾਤੀ ਜਾਇ ਸੁਣੇ ਗੁਰਬਾਣੀ (ਵਾਰ 10, ਪਉੜੀ 6)

ਜਸ ਸੁਣਕੇ ਪ੍ਰਭੂ ਨੂੰ ਅੰਦਰ ਵਸਾ ਲਈਦਾ ਹੈ ।

ਸਬਦ ਸੁਰਤਿ ਸੁਣ ਗਾਉ ਅੰਦਰ ਆਣੀਐ । (ਵਾਰ 14, ਪਉੜੀ 1)

ਕੀਰਤਨ :- ਜਿਵੇਂ ਸ੍ਰਵਣ ਤੋਂ ਭਾਵ ਪ੍ਰਭੂ ਦਾ ਜਸ ਸੁਣਨਾ ਹੈ, ਇਸੇ ਤਰ੍ਹਾਂ ਕੀਰਤਨ ਤੋਂ ਭਾਵ ਪ੍ਰਭੂ ਦਾ ਜਸ ਗਾਉਣਾ ਹੈ । ਜਸ ਗਾਉਣਾ ਵੀ ਭਗਤੀ ਹੈ । ਜਸ ਗਾਉਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ । ਭਾਈ ਸਾਹਿਬ ਨੇ ਕੀਰਤਨ ਦੀ ਵਡਿਆਈ ਕੀਤੀ ਹੈ ਕਿ ਲੱਖਾਂ ਵੇਦਾਂ ਤੇ ਪੁਰਾਣਾਂ ਦਾ ਪਾਠ ਵੀ ਕੀਰਤਨ ਸਾਹਮਣੇ ਤੁਛ ਹੈ[2] ਕੀਰਤਨ ਗਾਉਣ ਦੇ ਬਰਾਬਰ ਤਾਂ ਗੰਨੇ ਤੇ ਅੰਮ੍ਰਿਤ ਦੀ ਮਿਠਾਸ ਵੀ ਨਹੀਂ ਪੁਜਦੀ ।[3] ਅਤੇ,

ਰਤਨ ਪਦਾਰਥ ਗੁਰ ਸਬਦ ਕਰ ਕੀਰਤਨ ਖਾਹੁ । (ਵਾਰ 9, ਪਉੜੀ 14)

---

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 9.
2. ਲੱਖ ਲੱਖ ਵੇਦ ਪੁਰਾਣ ਕੀਰਤਨ ਚੂਰ ਹੈ । ਵਾਰ 3, ਪਉੜੀ 10.
3. "ਤੁਲ ਨ ਅੰਮ੍ਰਿਤ ਇਖ ਕੀਰਤਨ ਗਾਵਣਾ ।" ਵਾਰ 14, ਪਉੜੀ 2.

ਮੂਨਾ : ਸੱਚੀ ਭਗਤਿ ਭੰਡਾਰ ਸਭ ਰਾਗ ਰਤਨ ਕੀਰਤਨ ਭਾਵੰਦਾ । (ਵਾਰ 26, ਪਉੜੀ 1)

ਇਹ ਕੀਰਤਨ ਤਾਂ 'ਸੱਚ' ਪਰਮਾਤਮਾ ਨਾਲ ਮਿਲਾ ਦੇਂਦਾ ਹੈ :—

ਸ਼ਬਦ ਸੁਰਤਿ ਲਿਵ ਕੀਰਤਨ ਸਚ ਮੇਲ ਮਿਲਾਏ । (ਵਾਰ 9, ਪਉੜੀ 17)

ਸਿਮਰਨ :— ਸਿਮਰਨ ਦਾ ਸ਼ਬਦੀ ਅਰਥ ਹੈ 'ਯਾਦ', ਕਿਰਿਆ ਰੂਪ ਵਿਚ ਹੈ ਯਾਦ ਕਰਨਾ। ਪ੍ਰਭੂ ਦਾ ਸਿਮਰਨ ਕਰਨਾ ਹੈ ਪ੍ਰਭੂ ਨੂੰ ਯਾਦ ਕਰਨਾ, ਉਸ ਦਾ ਨਾਮ ਜਪਣਾ, ਉਸ ਨੂੰ ਧਿਆਉਣਾ, ਉਸ ਦਾ ਭਜਨ ਕਰਨਾ। ਗੁਰਬਾਣੀ ਵਿਚ ਸਿਮਰਨ ਦੀ ਅਤਿਅੰਤ ਮਹੱਤਤਾ ਦਰਸਾਈ ਗਈ ਹੈ। ਗੁਰੂ ਅਰਜਨ ਦੇਵ ਨੇ 'ਸੁਖਮਨੀ' ਬਾਣੀ ਵਿਚ ਕਿਹਾ ਹੈ :—

ਪ੍ਰਭ ਕੈ ਸਿਮਰਨਿ ਜਪੁ ਤਪੁ ਪੂਜਾ ।
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ । (ਆ: ਗ੍ਰੰ: ਮ: 5, ਪੰਨਾ 292)

ਭਾਈ ਗੁਰਦਾਸ ਲਿਖਦੇ ਹਨ ਕਿ ਗੁਰਮੁਖ ਸਦਾ ਸਿਮਰਨ ਵਿਚ ਜੁੜੇ ਰਹਿੰਦੇ ਹਨ :—

ਗਿਆਨ ਧਿਆਨ ਸਿਮਰਨ ਸਦਾ ਗੁਰਮੁਖ ਸ਼ਬਦ ਸੁਰਤਿ ਲਿਵ ਲਾਈ ।[1]

ਅਤੇ ਗੁਰਮੁਖ ਨੂੰ ਕਿਹੜੀ ਸ਼ੈ ਸਭ ਤੋਂ ਵਧੀਕ ਚੰਗੀ ਲਗਦੀ ਹੈ :—

ਸੱਚੀ ਭਗਤਿ ਭੰਡਾਰ ਸਭ ਰਾਗ ਰਤਨ ਕੀਰਤਨ ਭਾਵੰਦਾ ।[2]

ਇਉਂ ਸਿਮਰਨ ਵੀ ਭਾਉ-ਭਗਤੀ ਦਾ ਇਕ ਸਾਧਨ ਹੈ ਜਿਸ ਰਾਹੀਂ ਇਸ਼ਟ ਦੀ ਪ੍ਰਾਪਤੀ ਹੁੰਦੀ ਹੈ।

ਸਤਿਨਾਮ ਕਰਤਾ ਪੁਰਖ ਮੂਲ ਮੰਤ੍ਰ ਸਿਮਰਣ ਪਰਵਾਣੈ ।[3]

ਭਾਉ-ਭਗਤੀ ਵਿਚ ਹੁਕਮ ਮੰਨਣਾ ਤੇ ਭਾਣੇ ਵਿਚ ਰਹਿਣਾ ਬਹੁਤ ਜ਼ਰੂਰੀ ਹੈ, ਇਸ ਬਿਨਾ ਭਗਤੀ ਹੋ ਹੀ ਨਹੀਂ ਸਕਦੀ। ਕੋਈ ਸ਼ੈ ਵੀ ਪਰਮਾਤਮਾ ਦੇ ਹੁਕਮ ਤੋਂ ਬਾਹਰ ਨਹੀਂ।[4]

ਭਾਈ ਸਾਹਿਬ ਲਿਖਦੇ ਹਨ :—

ਹੁਕਮੈ ਅੰਦਰਿ ਸਭੁ ਕੋ ਮੰਨੇ ਹੁਕਮੁ ਸੁ ਸੱਚ ਸਮਾਇਆ । (ਵਾਰ 7, ਪਉੜੀ 1)

ਇਹ ਹੁਕਮ ਹੈ ਕਿਹੋ ਜਿਹਾ :

ਸਦਾ ਹੁਕਮ ਵਰਤਦਾ ਸੱਚਾ ਅਮਰ ਸਚੋ ਰਸ ਕੇਲਾ । (ਵਾਰ 18, ਪਉੜੀ 20)

ਇਹ ਹੁਕਮ ਉਤੇ ਟੁਰਨਾ, ਰਜ਼ਾ ਵਿਚ ਰਹਿਣਾ ਹੀ ਪ੍ਰਭੂ ਪ੍ਰਾਪਤੀ ਦਾ ਰਸਤਾ ਹੈ :—

---

1. ਵਾਰਾਂ ਭਾਈ ਗੁਰਦਾਸ, ਵਾਰ 25, ਪਉੜੀ 14.
2. ਉਹੀ , ਵਾਰ 26, ਪਉੜੀ 1.
3. ਉਹੀ , ਵਾਰ 6, ਪਉੜੀ 19.
4. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ । ਆ. ਗ੍ਰੰਥ ਮ 1 ਪੰਨਾ 1.

ਹੁਕਮ ਰਜਾਈ ਚਲਣਾ ਗੁਰਮੁਖ ਗਾਡੀ ਰਾਹ ਚਲਾਇਆ। (ਵਾਰ 12, ਪਉੜੀ 17)

ਇਸੇ ਤਰ੍ਹਾਂ

ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸ ਭਾਣਾ ਭਾਵੈ। (ਵਾਰ 29, ਪਉੜੀ 13)

ਭਾਈ ਗੁਰਦਾਸ ਭਾਉ-ਭਗਤੀ ਵਾਲੇ ਬੰਦੇ ਸਨ। ਆਪ ਨੇ ਆਪਣੀਆਂ ਵਾਰਾਂ ਵਿਚ ਸਤਿ-ਗੁਰੂ ਦੀ ਮਹਿਮਾ ਗਾਈ ਹੈ, ਨਾਮ ਦੀ ਵਡਿਆਈ ਕੀਤੀ ਹੈ, ਸਤਿ ਸੰਗਤਿ ਦਾ ਮਹਾਤਮ ਦਸਿਆ ਹੈ, ਕਰਮ ਕਾਂਡ ਦੇ ਅਡੰਬਰ ਦੀ ਨਿਖੇਧੀ ਕੀਤੀ ਹੈ, ਗੁਰੂ ਦੀ ਕਿਰਪਾ ਉਤੇ ਦ੍ਰਿੜ੍ਹ ਵਿਸ਼ਵਾਸ਼ ਪਰਗਟ ਕੀਤਾ ਹੈ। ਭਾਈ ਸਾਹਿਬ ਦੀ ਭਗਤੀ ਦਾ ਇਹੀ ਸਰੂਪ ਸਾਡੇ ਸਾਹਮਣੇ ਆਉਂਦਾ ਹੈ।

(4) ਸਾਧ ਸੰਗਤਿ ਦਾ ਸੰਕਲਪ :- ਪੰਜਾਬੀ ਵਿਚ ਦੋ ਬੜੇ ਮਸ਼ਹੂਰ ਅਖਾਣ ਹਨ- 1. ਮਨੁੱਖ ਆਪਣੇ ਸੰਗ ਤੋਂ ਪਛਾਣਿਆ ਜਾਂਦਾ ਹੈ, ਤੇ 2. ਸੰਗ ਲਗ ਤਰੇ, ਕੁਸੰਗ ਲਗ ਡੁੱਬੇ। ਇਹਨਾਂ ਦੋਹਾਂ ਅਖਾਣਾ ਤੋਂ ਸਿਧ ਹੁੰਦਾ ਹੈ ਕਿ ਚੰਗੇ ਲੋਕਾਂ ਦੇ ਸੰਗ ਵਿਚ ਰਹਿਣ ਵਾਲਾ ਬੰਦਾ ਚੰਗਾ ਤੇ ਮੰਦੇ ਲੋਕਾਂ ਦੀ ਸੰਗਤ ਕਰਨ ਵਾਲਾ ਮੰਦਾ, ਇਸ ਦੇ ਨਾਲ ਹੀ ਚੰਗੀ ਸੰਗਤ ਵਿਚ ਰਹਿਣ ਵਾਲਾ ਸੁਖ ਪਾਉਂਦਾ ਹੈ ਤੇ ਬੁਰਿਆਂ ਦਾ ਸੰਗ ਕਰਨ ਵਾਲਾ ਦੁਖੀ ਰਹਿੰਦਾ ਹੈ। ਚੰਗੀ ਸੰਗਤ ਦਾ ਅਸਰ ਚੰਗਾ ਤੇ ਮਾੜੀ ਸੰਗਤ ਦਾ ਅਸਰ ਮਾੜਾ ਹੀ ਹੁੰਦਾ ਹੈ। ਇਹੀ ਕਾਰਨ ਹੈ ਕਿ ਚੰਗੇ ਪੁਰਸ਼ਾਂ ਦੇ ਸੰਗ ਸਾਥ ਕਰਕੇ ਮਨੁੱਖ ਚੰਗਾ ਬਣਦਾ ਜਾਂਦਾ ਹੈ ਤੇ ਬੁਰਿਆਂ ਸੰਗ ਰਲ ਕੇ ਬੁਰਾ ਬਣ ਜਾਂਦਾ ਹੈ। ਇਸੇ ਲਈ ਹਰੇਕ ਧਰਮ ਵਿਚ ਚੰਗੇ ਪੁਰਸ਼ਾਂ, ਸਤਿ-ਪੁਰਸ਼ਾਂ, ਮਹਾਂ ਪੁਰਸ਼ਾਂ ਦੀ ਸੰਗਤ ਤੇ ਬੜਾ ਜ਼ੋਰ ਦਿੱਤਾ ਗਿਆ ਹੈ ਤੇ ਬੁਰਾ ਕੰਮ ਕਰਨ ਵਾਲਿਆਂ ਦੀ ਸੰਗਤ ਤੋਂ ਬਚ ਕੇ ਰਹਿਣ ਦੀ ਤਾਕੀਦ ਕੀਤੀ ਗਈ ਹੈ।

ਸਿਖ ਧਰਮ ਵਿਚ ਸਤਿ-ਸੰਗਤ ਦੀ ਬੜੀ ਮਹਾਨਤਾ ਹੈ। ਇਥੋਂ ਤਕ ਵੀ ਕਿਹਾ ਗਿਆ ਹੈ ਕਿ ਗੁਰੂ ਵੀਹ ਵਿਸਵੇ ਤੇ ਗੁਰਸਿਖਾਂ ਦੀ ਸੰਗਤ ਇੱਕੀ ਵਿਸਵੇ ਹੈ। ਗੁਰਮਤ ਅਨੁਸਾਰ ਚਲਣ ਵਾਲੇ ਚੰਗੇ ਵਿਅਕਤੀਆਂ, ਗੁਰਮੁਖਾਂ, ਸਾਧੂ ਸੰਤਾਂ ਦੀ ਬੜੀ ਮਹਾਨਤਾ ਦੱਸੀ ਗਈ ਹੈ। ਸਿਖ ਧਰਮ ਵਿਅਕਤੀਗਤ ਭਜਨ ਬੰਦਗੀ ਤੇ ਏਨਾ ਜ਼ੋਰ ਨਹੀਂ ਦੇਂਦਾ ਜਿਤਨਾ ਸਤਿ-ਸੰਗਤ ਵਿਚ ਸ਼ਾਮਲ ਹੋ ਕੇ ਪ੍ਰਭੂ-ਜਸ ਗਾਉਣ ਤੇ ਸੁਣਨ ਉਤੇ ਜ਼ੋਰ ਦੇਂਦਾ ਹੈ। ਸਿਖ ਧਰਮ ਕੇਵਲ ਗਿਆਨ ਉਤੇ ਆਧਾਰਿਤ ਨਹੀਂ, ਇਹ ਅਮਲੀ ਧਰਮ ਹੈ, ਇਹ "ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ" ਅਨੁਸਾਰ ਕਿਰਤ ਦਾ ਧਰਮ ਹੈ। ਸਤਿ-ਸੰਗਤ ਜਾਂ ਸਾਧ-ਸੰਗਤ ਬਾਰੇ ਬੜਾ ਸਪੱਸ਼ਟ ਦਸਿਆ ਗਿਆ ਹੈ :-

ਸਤਿ-ਸੰਗਤਿ ਕੈਸੀ ਜਾਣੀਐ।

ਜਿਥੈ ਏਕੋ ਨਾਮ ਵਖਾਣੀਐ ।[1]

ਗੁਰੂ ਅਰਜਨ ਦੇਵ ਤਾਂ ਇਥੋਂ ਤਕ ਵਡਿਆਈ ਕਰਦੇ ਹਨ ਕਿ :-

ਮੇਰੇ ਮਾਧਉ ਜੀ,
ਸਤਿ ਸੰਗਤਿ ਮਿਲੇ ਸੁ ਤਰਿਆ ।[2]

ਸਤਿ-ਸੰਗਤ ਤਾਂ ਉਹ ਸੰਗਤ ਹੈ ਜਿਸ ਵਿਚ ਇਕ ਪ੍ਰਭੂ ਦਾ ਨਾਮ ਜਪਿਆ ਜਾਏ, ਜਿਥੇ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਸੋਚਿਆ ਜਾਏ । ਗੁਰਮਤ ਦੇ ਪਰਚਾਰਕ ਭਾਈ ਗੁਰਦਾਸ ਨੇ ਤਾਂ ਸਾਧ ਸੰਗਤ, ਸਤਿ ਸੰਗਤ ਨੂੰ ਸਚ ਖੰਡ ਕਰਕੇ ਜਾਣਿਆ, ਮੰਨਿਆ ਤੇ ਦਰਸਾਇਆ ਹੈ ।[3] ਸਾਧ ਸੰਗਤ ਵਿਚੋਂ ਹੀ ਅਲੱਖ ਪ੍ਰਭੂ ਦਾ ਗਿਆਨ ਹੁੰਦਾ ਹੈ[4] ਸਾਧ ਸੰਗਤ ਵੱਡੇ ਵੱਡੇ ਦੁਸ਼ਟਾਂ ਨੂੰ ਵੀ ਸਾਧ ਦੇਂਦੀ ਹੈ ।[5] ਸਾਧ ਸੰਗਤ ਵਿਚ ਮਿਲ ਕੇ ਮਨ ਵਸ ਵਿਚ ਆ ਜਾਂਦਾ ਹੈ[6], ਤੇ ਸਭ ਤੋਂ ਵੱਡੀ ਗੱਲ ਇਹ ਕਿ ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਉਪਦੇਸ਼ ਦੀ ਸੰਭਾਲ ਹੁੰਦੀ ਹੈ :-

ਸਾਧ ਸੰਗਤ ਗੁਰ ਸਬਦ ਸਮਾਲਾ ।[7]

ਸਾਧਸੰਗਤ, ਸਤਿ-ਸੰਗਤ ਵਿਚ ਜੁੜ ਕੇ ਬੈਠਿਆਂ ਵੈਰ ਵਿਰੋਧ, ਕਾਮਾਦਿਕ ਵਿਸ਼ੇ ਵਾਸ਼ਨਾ, ਸਭੇ ਬੁਰਾਈਆਂ ਦੂਰ ਹੋ ਜਾਂਦੀਆਂ ਹਨ । ਹੋਰ ਤਾਂ ਹੋਰ, ਮੁਕਤੀ ਵੀ ਇਥੋਂ ਹੀ ਮਿਲਦੀ ਹੈ :-

"ਸਾਧ ਸੰਗ ਮਿਲ ਬੰਦ ਖਲਾਸੀ ।"[8]

ਸਾਧ ਸੰਗਤ ਜਾਂ ਸਤਿ ਸੰਗਤ ਤੋਂ ਭਾਵ ਉਸ ਸੰਗਤ ਤੋਂ ਹੈ ਜਿਥੇ ਪ੍ਰਭੂ ਦੇ ਪ੍ਰੇਮੀ ਜੁੜ ਬੈਠਦੇ ਹਨ ਤੇ ਇਕ ਅਕਾਲਪੁਰਖ ਦਾ ਨਾਮ ਸਿਮਰਦੇ ਹਨ । ਬਾਣੀ ਸਾਹਿਬ ਨੇ ਅਜਿਹੀ ਸੰਗਤ ਦੀ ਹੀ ਸਿਫ਼ਤ ਸਲਾਹ ਕੀਤੀ ਹੈ । ਜੀਵਨ ਵਿਚ ਇਕੋ ਜਿਹੇ ਕਿੱਤਿਆਂ, ਇਕੋ ਜਿਹੇ ਸੁਭਾਆਂ, ਇਕੋ ਜਿਹੇ ਵਿਚਾਰਾਂ ਵਾਲੇ ਲੋਕ ਆਪਸ ਵਿਚ ਮਿਲ ਬੈਠਦੇ ਹਨ ਜਿਵੇਂ ਅਮਲੀ ਅਮਲੀਆਂ ਨਾਲ, ਸੋਫ਼ੀ ਸੋਫ਼ੀਆਂ ਨਾਲ, ਜੁਆਰੀ ਜੁਆਰੀਆਂ ਨਾਲ, ਚੋਰ ਚੋਰਾਂ ਨਾਲ, ਠੱਗ ਠੱਗਾਂ ਨਾਲ, ਚੁਗਲਖੋਰ ਚੁਗਲਖੋਰਾਂ

---

1 ਆਦਿ ਗ੍ਰੰਥ, ਪੰਨਾ 72
2. ਆਦਿ ਗ੍ਰੰਥ, ਪੰਨਾ 10.
3. ਵਾਰਾਂ ਭਾਈ ਗੁਰਦਾਸ, ਵਾਰ 29 ਪਉੜੀ 1.
4. ਉਹੀ , ਵਾਰ 29, ਪਉੜੀ 2
5. ਉਹੀ , ਵਾਰ 29, ਪਉੜੀ 3.
6. ਉਹੀ , ਵਾਰ 29, ਪਉੜੀ 9.
7. ਉਹੀ , ਵਾਰ 29, ਪਉੜੀ 8.
8. ਉਹੀ , ਵਾਰ 39, ਪਉੜੀ 17.

ਨਾਲ, ਇਸ ਤਰ੍ਹਾਂ ਜੋ ਗੁਰਸਿਖ ਹਨ ਉਹ ਸਾਧ ਸੰਗਤ ਵਿਚ ਵਸਦੇ ਹਨ ।[1] ਇਸ ਵਿਚਾਰ ਨੂੰ ਭਾਈ ਸਾਹਿਬ ਇਕ ਪਉੜੀ ਵਿਚ ਇਉਂ ਬਿਆਨ ਕਰਦੇ ਹਨ :—

ਅਪਣੇ ਅਪਣੇ ਵਰਨ ਵਿਚ ਚਾਰ ਵਰਨ ਕੁਲ ਧਰਮ ਧਰੰਦੇ ।
ਛਿਅ ਦਰਸਨ ਛਿਅ ਸਾਸਤ੍ਰਾਂ ਗੁਰ ਗੁਰਮਤ ਖਟ ਕਰਮ ਕਰੰਦੇ ।
ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ ਜੁੜੰਦੇ ।
ਅਪਣੇ ਅਪਣੇ ਵਣਜ ਵਿਚ ਵਾਪਾਰੀ ਵਾਪਾਰ ਮਚੰਦੇ ।
ਅਪਣੇ ਅਪਣੇ ਖੇਤ ਵਿਚ ਬੀਉ ਸਭ ਕਿਰਸਾਨ ਬੀਜੰਦੇ ।
ਕਾਰੀਗਰ ਕਾਰੀਗਰਾਂ ਕਾਰਖਾਨੇ ਵਿਚ ਜਾਇ ਮਿਲੰਦੇ ।
ਸਾਧ ਸੰਗਤ ਗੁਰਸਿਖ ਪੂਜੰਦੇ ।[2]

ਇਸ ਸੰਗਤ ਨੂੰ ਗੁਰੂ ਨੇ ਆਪਣਾ ਲਾ ਸਲਿਕ ਰੂਪ ਦਿੱਤਾ ਹੈ, ਇਸੇ ਲਈ ਇਸ ਨੂੰ 'ਗੁਰੂ ਰੂਪ' ਸਾਧਸੰਗਤ ਵੀ ਕਿਹਾ ਜਾਂਦਾ ਹੈ । ਇਸ ਸੰਗਤ ਵਿਚ, ਜੋ ਸਚਖੰਡ ਦਾ ਦਰਜਾ ਰਖਦੀ ਹੈ, ਸਤਿਗੁਰੂ ਵਸਦਾ ਹੈ, ਨਿਰੰਕਾਰ ਪੁਰਖ ਵਸਦਾ ਹੈ :—

ਸਾਧ ਸੰਗਤ ਸਚ ਖੰਡ ਵਿਚ, ਸਤਿਗੁਰ ਪੁਰਖ ਵਸੈ ਨਿਰੰਕਾਰਾ ।[3]

ਸਾਧ-ਸੰਗਤ ਦੀ ਸਰਬ-ਪੱਖੀ ਮਹਾਨਤਾ ਦਾ ਚਿਤਰ ਵੇਖੋ :-

ਕਰਣ ਕਾਰਣ ਸਮਰਥ ਹੈ ਸਾਧ ਸੰਗਤਿ ਤ ਦਾ ਕਰੈ ਕਰਾਇਆ ।
ਭਰੇ ਭੰਡਾਰ ਦਾਤਾਰ ਹੈ ਸਾਧ ਸੰਗਤਿ ਦਾ ਦੇਇ ਦਿਵਾਇਆ ।
ਪਾਰ ਬ੍ਰਹਮ ਗੁਰ ਰੂਪ ਹੋਇ ਸਾਧ ਸੰਗਤਿ ਗੁਰ ਸਬਦ ਸਮਾਇਆ ।
ਜੋਗ ਭੋਗ ਜੋਗ ਧਿਆਨ ਕਰ ਪੂਰਾ ਪ ਤੇ ਨ ਦਰਸ਼ਨ ਪਾਇਆ ।
ਸਾਧ ਸੰਗਤਿ ਪਿਓ ਪੁਤ ਹੋਇ ਖਿੱਤਾ ਾਇ ਪਹਿਨੇ ਪੈਨਾਇਆ ।
ਘਰਬਾਰੀ ਹੋਇ ਵਰਤਿਆ ਘਰ ਬਾਰੀ ਸਿਖ ਪੈਰੀ ਪਾਇਆ ।
ਮਾਇਆ ਵਿਚ ਉਦਾਸ ਰਖਾਇਆ ।[4]

ਇਹ ਸਾਧ ਸੰਗਤ ਸੁਖਾਂ ਦਾ ਸਾਗਰ ਹੈ ਇਸ ਵਿਚੋਂ ਗੁਰ ਉਪਦੇਸ਼ ਰੂਪੀ ਮਾਣਕ ਮੋਤੀ, ਰਿਧੀਆਂ ਸਿਧੀਆਂ ਨਿਧੀਆਂ, ਚਾਰੇ ਪਦਾਰਥ, ਕਾ ਧੇਨ, ਪਾਰਜਾਤ ਆਦਿ ਸਭ ਕੁਝ ਪ੍ਰਾਪਤ ਹੁੰਦਾ

---

1. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 4.
2. ਉਹੀ , ਵਾਰ 5, ਪਉੜੀ 3.
3. ਉਹੀ , ਵਾਰ 6, ਪਉੜੀ 4.
4. ਉਹੀ , ਵਾਰ 6, ਪਉੜੀ 2.

ਹੈ।[1] ਜੋ ਅਕਾਲ ਪੁਰਖ, ਸ਼ਬਦ ਤੇ ਸੁਆਦ ਤੋਂ ਪਰੇ ਹੈ, ਜਿਸ ਦੀ ਕਥਾ ਇਹ ਜੀਭ ਨਹੀਂ ਕਹਿ ਸਕਦੀ ਜੋ ਉਸਤਤੀ ਤੇ ਨਿੰਦਾ ਤੋਂ ਬਾਹਰ ਹੈ, ਵਰਨਾਂ ਚਿਹਨਾਂ ਵਿਚ ਨਹੀਂ ਆਉਂਦਾ, ਉਹ ਅਕਾਲ ਪੁਰਖ, ਵਾਹਿਗੁਰੂ

ਸਾਧ ਸੰਗਤ ਸਚਖੰਡ ਹੈ ਨਿਰੰਕਾਰ ਗੁਰ ਸ਼ਬਦ ਸਿਞਾਣੈ ।[2]

ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਦੀ ਰਾਹੀਂ ਪਛਾਣਿਆ ਜਾ ਸਕਦਾ ਹੈ,

ਪਰ ਜੇ ਕੋਈ ਮਨੁੱਖ

ਸਾਧ ਸੰਗਤਿ ਗੁਰ ਸ਼ਬਦ ਸੁਣ ਗੁਰ ਉਪਦੇਸ਼ ਨ ਰਿਦੇ ਵਸਾਏ ।[3]

ਤਾਂ ਉਸ ਨੂੰ ਪ੍ਰਭੂ ਦੀ ਪਛਾਣ ਤਾਂ ਹੋ ਨਹੀਂ ਸਕਦੀ, ਹਾਂ, ਸੰਗਤ ਵਿਚ ਜਾਣ ਦਾ ਪਖੰਡ ਤੇ ਵਿਖਾਵਾ ਕਰਨ ਕਰ ਕੇ ਉਹ

ਨਿਹਫਲ ਅਹਿਲਾ ਜਨਮ ਗਵਾਏ ।[4]

ਇਹੋ ਜਿਹੇ ਮਨਮੁਖਾਂ, ਕਪਟ ਸਨੇਹੀਆਂ, ਹੰਕਾਰੀਆਂ, ਖੋਟੀ ਮਤ ਵਾਲਿਆਂ, ਕਪਟੀਆਂ, ਨੂੰ ਸਾਧ ਸੰਗਤ ਦਾ ਕੋਈ ਲਾਭ ਨਹੀਂ ਹੁੰਦਾ ਕਿਉਂਕਿ ਉਹ—:

ਸਾਧ ਸੰਗਤਿ ਗੁਰ ਸ਼ਬਦ ਸੁਣ ਗੁਰਉਪਦੇਸ਼ ਰਹਿਤ ਨ ਰਹੰਦੇ ।[5]
ਸਾਧ ਸੰਗਤਿ ਗੁਰ ਸ਼ਬਦ ਸੁਣ ਗੁਰਮੁਖ ਪੰਥ ਨ ਚਾਲ ਚਲੰਦੇ[6]
ਸਾਧ ਸੰਗਤਿ ਗੁਰ ਸ਼ਬਦ ਸੁਣ ਰਿਦੇ ਨ ਵਸੇਅ ਭਾਗ ਪਰਾਣੀ।
ਹਉਮੈ ਅੰਦਰ ਭਰਮ ਭੁਲਾਣੀ[7]
ਸਾਧ ਸੰਗਤਿ ਗੁਰ ਸ਼ਬਦ ਸੁਣ ਕਪਟ ਸਨੇਹੀ ਗਲਾਂ ਗੋਵੈ ।[8]

ਸਤਾਰਵੀਂ ਵਾਰ ਦੀਆਂ ਪਉੜੀਆਂ ਵਿਚ ਭਾਈ ਸਾਹਿਬ ਡੱਡੂ, ਬਗਲੇ, ਸਿੰਮਲ, ਬਾਂਸ, ਉਲੂ, ਚਿਲ-ਚੁਆੜ, ਰੇਂਹ, ਆਦਿ ਦਾ ਦ੍ਰਿਸ਼ਟਾਂਤ ਦੇ ਕੇ ਇਸ ਗੱਲ ਨੂੰ ਸਿਧ ਕਰਦੇ ਹਨ ਕਿ ਮਨਮੁਖ

1. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 20.
2. ਉਹੀ , ਵਾਰ 16, ਪਉੜੀ 12.
3. ਉਹੀ , ਵਾਰ 17, ਪਉੜੀ 1.
4. ਉਹੀ , ਵਾਰ 17, ਪਉੜੀ 1.
5. ਉਹੀ , ਵਾਰ 17, ਪਉੜੀ ਦੂਜੀ.
6. ਉਹੀ , ਵਾਰ 17, ਪਉੜੀ 3.
7. ਉਹੀ , ਵਾਰ 17, ਪਉੜੀ 5.
8. ਉਹੀ , ਵਾਰ 17, ਪਉੜੀ 17.

ਬੰਦੇ ਸਾਧ ਸੰਗਤ ਵਿਚ ਜਾ ਕੇ ਵੀ ਅਭਾਗੇ ਹੀ ਰਹਿੰਦੇ ਹਨ, ਅਜਿਹੇ ਲੋਕਾਂ ਦੇ ਜੀਵਨ ਨੂੰ ਧਿੱਕਾਰ ਹੈ:—

ਡੱਡੂ ਬਗੁਲੇ ਸੰਖ ਲਖ ਅੱਕ ਜਵਾਹੇ ਬਿਸੀਅਰ ਕਾਲੇ ।
ਸਿੰਬਲ ਘੁੱਘੂ ਚਕਵੀਆਂ ਕੜਛ ਹਸਤ ਲਖ ਸੰਢੀ ਨਾਲੇ ।
ਪੱਥਰ ਕਾਂਵ ਰੋਗੀ ਘਣੇ ਗਦਹਾ ਕਾਲੇ ਕੰਬਲ ਭੌਲੇ ।
ਕੈਹੈ ਤਿਲ ਬੂਆੜ ਲਖ ਅਕ ਟਿੱਡਾ ਇਰਿੰਡ ਤੁੰਮੇ ਚਿਤੱਰਾਲੇ ।
ਕਲੀ ਕਨੇਰ ਵਖਾਣੀਐ ਸਭ ਅਵਗੁਣ ਮੈਂ ਤਨ ਹੀ ਹਾਲੇ ।
ਸਾਧ ਸੰਗਤਿ ਗੁਰ ਸ਼ਬਦ ਸੁਣ ਗੁਰ ਉਪਦੇਸ਼ ਨ ਰਿਦੇ ਸਮਾਲੇ ।
ਧ੍ਰਿਗ ਜੀਵਨ ਬੇਮੁਖ ਬੇਤਾਲੇ । [1]

ਭਾਈ ਸਾਹਿਬ ਦੇ ਇਹ ਵਿਚਾਰ ਉਹਨਾਂ ਲੋਕਾਂ ਪ੍ਰਤੀ ਹਨ ਜੋ ਸੱਚੇ ਦਿਲੋਂ ਸਾਧ ਸੰਗਤ ਵਿਚ ਨਹੀਂ ਜਾਂਦੇ, ਸਾਧ ਸੰਗਤ ਵਿਚ ਜਾ ਕੇ ਵੀ ਹੰਕਾਰ ਨਹੀਂ ਤਿਆਗਦੇ । ਉਹ ਕੇਵਲ ਸਰੀਰ ਕਰ ਕੇ ਹੀ ਸਾਧ ਸੰਗਤ ਵਿਚ ਬੈਠੇ ਦਿਸਦੇ ਹਨ, ਮਨ ਕਰ ਕੇ ਨਹੀਂ । ਹਾਜ਼ਰੀ ਤਾਂ ਮਨ ਕਰ ਕੇ ਹੋਣੀ ਹੈ, ਕੇਵਲ ਤਨ ਕਰ ਕੇ ਨਹੀਂ । ਨਹੀਂ ਤਾਂ ਸਾਧ ਸੰਗਤ ਤਾਂ ਪਤਿਤ ਉਧਾਰਨ ਹੈ, ਸਾਧ ਸੰਗਤ ਦੀ ਬਰਕਤ ਵਿਚ ਕੋਈ ਸ਼ਕ ਨਹੀਂ, ਇਹ ਚੰਦਨ, ਪਾਰਸ ਤੇ ਗੰਗਾ ਵਾਂਗੂ ਆਪਣੇ ਨਾਲ ਛੋਹਣ ਵਾਲਿਆਂ ਨੂੰ ਆਪਣਾ ਰੂਪ ਦੇ ਦੇਂਦੀ ਹੈ:—

ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ ।
ਅਸਟ ਧਾਤ ਇਕ ਧਾਤ ਹੋਇ ਸੰਗ ਪਾਰਸ ਛੋਵੈ ।
ਨਦੀਆਂ ਨਾਲੇ ਵਾਹੜੇ ਮਿਲ ਗੰਗ ਗੰਗੋਵੈ ।
ਪਤਿਤ ਉਧਾਰਨ ਸਾਧ ਸੰਗ ਪਾਪਾਂ ਮਲ ਧੋਵੈ ।
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ ।
ਆਪੇ ਆਪ ਵਰਤਦਾ ਗੁਰਮੁਖ ਅਲੋਵੈ । [2]

ਪਾਪਾਂ ਦੀ ਮੈਲ ਧੋ ਦੇਣ ਵਾਲੀ, ਪਤਿਤਾਂ ਨੂੰ ਪੁਨੀਤ ਕਰਨ ਵਾਲੀ ਸਾਧ ਸੰਗਤ ਵਿਚ ਵਿਚਰਿਆਂ ਮਨੁੱਖ ਦੀ ਆਤਮਕ ਉੱਨਤੀ ਤਾਂ ਹੁੰਦੀ ਹੀ ਹੈ, ਇਸ ਦੇ ਨਾਲ ਨਾਲ ਆਚਰਨਕ ਉੱਨਤੀ ਵੱਲ ਵੀ ਵਾਧਾ ਹੁੰਦਾ ਹੈ । ਜੋ ਸਾਧ ਸੰਗਤ ਕਰਦਾ ਹੈ ਉਸ ਦਾ ਮਨ ਅਡੋਲ ਤੇ ਸਥਿਰ ਹੋ ਜਾਂਦਾ ਹੈ, ਉਹ ਪਰਾਈਆਂ ਇਸਤਰੀਆਂ ਨੂੰ ਮਾਵਾਂ ਭੈਣਾਂ ਤੇ ਧੀਆਂ ਕਰ ਜਾਣਦਾ ਹੈ, ਉਸ ਨੂੰ

1. ਵਾਰਾਂ ਭਾਈ ਗੁਰਦਾਸ, ਵਾਰ 17, ਪਉੜੀ 20.
2. ਉਹੀ „ ਵਾਰ 2, ਪਉੜੀ 15.

ਹਕ ਤੇ ਅਨ-ਹਕ ਦੀ ਪਛਾਣ ਹੋ ਜਾਂਦੀ ਹੈ। ਉਹ ਉਸਤਤੀ ਜਾਂ ਨਿੰਦਿਆ ਸੁਣ ਕੇ ਕਿਸੇ ਨੂੰ ਆਪਣੇ ਤੋਂ ਬੁਰਾ ਨਹੀਂ ਆਖਦਾ, ਆਪਣੀ ਵਡਿਆਈ ਦਾ ਢੰਡੋਰਾ ਫੇਰ ਕੇ ਹੰਕਾਰ ਵੀ ਨਹੀਂ ਕਰਦਾ[1]। ਮਨੁੱਖ ਦਾ ਅਜਿਹਾ ਸੁੰਦਰ ਸੁਭਾਵ ਸਾਧ-ਸੰਗਤ ਦੀ ਕੁਠਾਲੀ ਵਿਚ ਹੀ ਘੜੀਂਦਾ ਹੈ।

ਕਿਉਂਕਿ ਸਾਧ ਸੰਗਤ ਵਿਚ ਜਾ ਕੇ ਮਨ ਜੋੜਨ ਨਾਲ ਅੰਦਰੋਂ ਹਉਮੈ ਦੀ ਨਵਿਰਤੀ ਹੁੰਦੀ ਹੈ, ਮਨੁੱਖ ਆਪਣੇ ਆਪ ਨੂੰ ਹੋਰ ਸਤਿ-ਸੰਗੀਆਂ ਨਾਲੋਂ ਸ੍ਰੇਸ਼ਠ ਜਾਂ ਉੱਚਾ ਨਹੀਂ ਗਿਣਦਾ, ਉਸ ਨੂੰ 'ਪਰਾਈ ਤਾਤ' ਵਿਸਰ ਜਾਂਦੀ ਹੈ, ਉਸ ਦਾ ਨਾ ਕੋਈ ਵੈਰੀ ਰਹਿੰਦਾ ਹੈ ਤੇ ਨਾ ਹੀ ਕੋਈ ਬਿਗਾਨਾ ਹੁੰਦਾ ਹੈ, ਉਸ ਦੀ ਸਾਰਿਆਂ ਨਾਲ ਬਣ ਆਉਂਦੀ ਹੈ, [2] ਇਸ ਲਈ ਸਮਾਜਕ ਪੱਖ ਵਿਚ ਉੱਨਤੀ ਹੁੰਦੀ ਰਹਿੰਦੀ ਹੈ। ਉਸ ਵਿਚ ਬਰਾਬਰੀ ਦੇ ਭਾਵ ਪਰਗਟ ਹੋਣ ਲਗਦੇ ਹਨ। ਉਂਜ ਵੀ, ਸਾਧ ਸੰਗਤ ਵਿਚ ਸਭ ਜਿਗਿਆਸੂਆਂ ਦਾ ਦਰਜਾ ਬਰਾਬਰ ਹੈ, ਕਿਸੇ ਰਾਜੇ ਮਹਾਰਾਜੇ ਦੀ ਕੋਈ ਖ਼ਾਸ ਥਾਂ ਨਿਯਤ ਨਹੀਂ ਹੁੰਦੀ, ਸਾਰੇ ਸਤਿ ਸੰਗੀ ਇੱਕੋ ਥਾਂ ਇਕ ਦੂਜੇ ਨਾਲ ਬੈਠਦੇ ਹਨ। ਕੋਈ ਆਰਥਕ ਨਾ-ਬਰਾਬਰੀ ਦਾ ਵਿਖਾਲਾ ਉਥੇ ਨਹੀਂ ਹੁੰਦਾ, ਕੋਈ ਜਾਤ-ਪਾਤ ਦੀ ਵਿਚਾਰ ਨਹੀਂ ਹੁੰਦੀ। ਜੇ ਸਮਾਜਵਾਦ ਦਾ, ਬਰਾਬਰੀਵਾਦ ਦਾ ਨਜ਼ਾਰਾ ਵੇਖਣਾ ਹੋਵੇ ਤਾਂ ਸਾਧ-ਸੰਗਤ ਵਿਚ ਵੇਖੋ, ਸਭੇ ਵੱਡੇ ਛੋਟੇ, ਅਮੀਰ ਗਰੀਬ, ਅਖੌਤੀ ਉਚੀਆਂ ਨੀਵੀਆਂ ਜਾਤਾਂ ਵਾਲੇ, ਕਿਰਤੀ, ਕਾਮੇ, ਕਿਸਾਨ ਜਾਂ ਉਚੀਆਂ ਉਚੀਆਂ ਪਦਵੀਆਂ ਵਾਲੇ ਨੇਹ ਪਿਆਰ ਵਿਚ ਬੈਠੇ ਹਰਿ-ਕੀਰਤਿ ਕਰ ਰਹੇ ਸੁਭਾਏ-ਮਾਨ ਹੋ ਰਹੇ ਹੁੰਦੇ ਹਨ। ਜਿਸ ਸਮਾਜਵਾਦ ਦਾ ਢੰਡੋਰਾ ਕੁਝ ਦੇਸ਼ਾਂ ਨੇ ਹੁਣ ਦੇ ਜ਼ਮਾਨੇ ਵਿਚ ਦੇਣਾ ਅਰੰਭਿਆ ਹੈ, ਗੁਰਮਤ ਨੇ ਕਈ ਸਦੀਆਂ ਪਹਿਲਾਂ ਇਸ ਤੇ ਜ਼ੋਰ ਦਿੱਤਾ, ਸੰਗਤ ਤੇ ਪੰਗਤ ਦੀ ਨੀਂਹ ਪਾਈ।

ਸੰਤ, ਸਤਿ ਜਾਂ ਸਾਧ ਸ਼ਬਦ, ਜੋ 'ਸੰਗਤ' ਸ਼ਬਦ ਨਾਲ ਜੁੜ ਕੇ 'ਸੰਤ ਸੰਗਤ', 'ਸਤਿ ਸੰਗਤ' ਜਾਂ 'ਸਾਧ ਸੰਗਤ' ਰੂਪ ਧਾਰਦੇ ਹਨ, ਸੰਤਤਾਈ, ਸਭਿਅਤਾ ਤੇ ਸੰਜਮ ਉਤੇ ਜ਼ੋਰ ਦੇਂਦੇ ਹਨ। ਸਤਿ ਸੰਗਤ ਸੱਚੇ ਗੁਰੂ ਦੀ ਜਮਾਤ ਹੈ ਜਿਥੇ ਸਿਖ ਸੇਵਕ ਨੂੰ ਕੇਵਲ ਹਰੀ ਪਰਮਾਤਮਾ ਦੇ ਗੁਣਾ ਦੀ ਗਿਆਤ ਹੁੰਦੀ ਹੈ ਜਿਨ੍ਹਾਂ ਗੁਣਾ ਨੂੰ ਕਿ ਉਸ ਨੇ ਆਪਣੇ ਅੰਦਰ ਧਾਰਨ ਕਰਨਾ ਹੈ, [3] ਹਿਰਦੇ ਦੀਆਂ ਡੂੰਘਾਣਾਂ ਵਿਚ ਵਸਾਣਾ ਹੈ। ਪਰ ਇਹ ਸਾਧ-ਸੰਗਤ ਮਿਲਦੀ ਵਡੇ ਭਾਗਾਂ ਨਾਲ ਹੈ।

1. ਵਾਰਾਂ ਭਾਈ ਗੁਰਦਾਸ, ਵਾਰ 29 ਪਉੜੀ 11.
2. ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧ ਸੰਗਤਿ ਮੋਹਿ ਪਾਈ।
ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।
(ਆਦਿ ਗ੍ਰੰਥ, ਕਾਨੜਾ ਮ: 5, ਪੰਨਾ 1299)
3. ਆਉਟ ਲਾਈਨਜ਼ ਆਫ ਸਿਖ ਥਾਟ, ਪੰਨਾ 101.

ਸਾਧ-ਸੰਗਤ ਵਿਚ ਜਾ ਕੇ ਪ੍ਰਭੂ-ਜਸ ਗਾਉਣ ਜਿਹਾ ਹੋਰ ਕੋਈ ਕਰਮ ਨਹੀਂ ਪਰ ਇਹ ਮਿਲਦਾ ਪੂਰਬਲੇ ਕਰਮਾਂ ਨਾਲ ਹੀ ਹੈ :

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਨਾ ।
ਕਹੁ ਨਾਨਕ ਤਿਸੁ ਭਇਓ ਪ੍ਰਾਪਤਿ ਜਿਸੁ ਪੁਰਬ ਲਿਖੇ ਕਾ ਲਹਿਨਾ ।[1]

ਸਾਧ-ਸੰਗਤ ਵਿਚ ਜਾਣ ਵਾਲੇ ਸਾਧ ਪੁਰਸ਼ਾਂ ਦੀ ਚਰਨ ਧੂੜ ਅਮੋਲਕ ਹੈ । ਇਸ ਚਰਨ ਧੂੜ ਨੂੰ ਗੰਗਾ, ਗੋਮਤੀ, ਗੋਦਾਵਰੀ, ਲੋਚ ਰਹੀਆਂ ਹਨ । ਇਸ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੁੰਦੀ ਹੈ :—

ਮਸਤਕ ਲੱਗੀ ਸਾਧ ਧੂੜ ਵਡਭਾਗ ਜਿਨ੍ਹਾ ਦੇ ।[2]

ਕਾਰਨ ਇਹ ਹੈ ਕਿ

"ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ।
ਨਾਮੁ ਪ੍ਰਭੂ ਕਾ ਲਾਗਾ ਮੀਠਾ ।[3]

5 ਗੁਰਮੁਖ ਦਾ ਸੰਕਲਪ.— "ਸਤਿ ਸੰਗਤਿ ਸਤਿਗੁਰ ਚਾਟਸਾਲ ਹੈ ਜਿਤੁ ਹਰਿ ਗੁਣ ਸਿਖਾ।"
[ਵਾਰ ਕਾਨੜਾ ਮਹਲਾ 4 ਆਦਿ ਗ੍ਰੰਥ-ਪੰਨਾ 1316]

ਸਤਿਗੁਰੂ ਦੀ ਪਾਠਸ਼ਾਲਾ ਸਤਿ-ਸੰਗਤ ਹੈ ਜਿਥੇ ਹਰੀ ਪਰਮਾਤਮਾ ਦੇ ਗੁਣ ਸਿਖਾਏ ਜਾਂਦੇ ਹਨ । ਪਰ ਇਹ ਗੁਣ ਸਿਖਦੇ ਉਹ ਲੋਕ ਹਨ ਜਿਹੜੇ ਸਤਿ-ਸੰਗਤ ਵਿਚ ਜਾ ਕੇ ਸਤਿਗੁਰੂ ਦੇ ਬਚਨ ਸੁਣਦੇ ਤੇ ਮੰਨਦੇ ਹਨ, ਜੋ ਗੁਰੂ ਦੇ ਦੱਸੇ ਹੋਏ ਰਸਤੇ ਤੇ ਚਲਦੇ ਹਨ, ਗੁਰਮਤ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ । ਅਜਿਹੇ ਲੋਕਾਂ ਨੂੰ ਗੁਰਮਤ ਦੀ ਸ਼ਬਦਾਵਲੀ ਵਿਚ "ਗੁਰਮੁਖ" ਕਿਹਾ ਗਿਆ ਹੈ । ਇਹ ਲੋਕ ਸਦਾ ਹੀ ਗੁਰੂ ਦੇ ਸਨਮੁਖ ਰਹਿੰਦੇ ਹਨ, ਕਦੀ ਵੀ ਵਿਮੁੱਖ ਨਹੀਂ ਹੁੰਦੇ ।[4]

ਸਤਿ-ਸੰਗਤ ਜਾਂ ਸਾਧ-ਸੰਗਤ ਅਸਲ ਵਿਚ ਗੁਰਮੁਖਾਂ ਦੀ ਸੰਗਤ ਹੀ ਹੈ । ਗੁਰਮੁਖਾਂ ਦੀ ਜਮਾਤ ਇਕ ਆਦਰਸ਼ਕ ਜਮਾਤ ਹੈ । ਇਸ ਜਮਾਤ ਦੇ ਹਰੇਕ ਜਮਾਤੀ ਲਈ ਆਦਰਸ਼ ਮਨੁੱਖ ਜਾਂ ਸੱਚਾ ਸਿੱਖ ਹੋਣਾ ਲਾਜ਼ਮੀ ਗੱਲ ਹੈ । ਇਸ ਜਮਾਤ ਵਿਚ ਕੇਵਲ ਮਰਦ ਹੀ ਨਹੀਂ ਇਸਤਰੀ ਵੀ ਸ਼ਾਮਲ ਹੋ ਸਕਦੀ ਹੈ ਤੇ ਗੁਰਸਿਖੀ ਦੇ ਸੱਚ ਵਿਚ ਢਲ ਸਕਦੀ ਹੈ । ਆਦਿ ਗ੍ਰੰਥ ਵਿਚ ਸੱਚੇ ਸਿੱਖ ਨੂੰ ਗੁਰਮੁਖ ਕਿਹਾ ਗਿਆ ਹੈ—ਗੁਰਮੁਖ ਉਹ ਹੈ ਜੋ ਸੱਚੇ ਗੁਰੂ ਦੀ ਸਿਖਿਆ

1. ਆਦਿ ਗ੍ਰੰਥ, ਪੰਨਾ 647/
2. ਵਾਰਾਂ ਭਾਈ ਗੁਰਦਾਸ, ਵਾਰ 9, ਪਉੜੀ 18.
3. ਗਉੜੀ ਸੁਖਮਨੀ ਮ: 5, ਆਦਿ ਗ੍ਰੰਥ ਪੰਨਾ 293.
4. ਗੁਰ ਸ਼ਬਦ ਰਤਨਾਕਰ, ਮਹਾਨ-ਕੋਸ਼ ਪੰਨਾ 313.

ਨੂੰ ਪੂਰਨ-ਭਾਂਤ ਗ੍ਰਹਿਣ ਕਰੇ ਤੇ ਉਸ ਅਨੁਸਾਰ ਜੀਵਨ ਜੀਵੇ।[1] ਅਜਿਹੇ ਸੱਚੇ ਸਿਖ ਜਾਂ ਗੁਰਮੁਖ ਬਾਰੇ ਗੁਰੂ ਰਾਮ ਦਾਸ ਜੀ ਫ਼ਰਮਾਂਦੇ ਹਨ :—

ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।[2]

ਭਾਈ ਗੁਰਦਾਸ ਵੀ ਇਸੇ ਰੰਗ ਵਿਚ ਗੁਰਸਿਖ ਜਾਂ ਗੁਰਮਖ ਦਾ ਨਿਤ ਨੇਮ ਦਸਦੇ ਹਨ ਤੇ ਕੁਰਬਾਨ ਪਏ ਹੁੰਦੇ ਹਨ :—

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨ ਮੇਲੀ ਕਰ ਮੇਲ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ।
ਗੁਰ ਸੇਵਾ ਫਲ ਸੁਫਲ ਫਲੰਦੇ।[3]

ਭਾਈ ਸਾਹਿਬ ਨੇ ਵਾਰਾਂ ਵਿਚ ਗੁਰਮੁਖ ਦੀ ਬੜੀ ਮਹਿਮਾ ਕੀਤੀ ਹੈ। ਗੁਰਮੁਖ ਦਾ ਵਾਸ ਸਾਧ ਸੰਗਤ ਵਿਚ ਹੁੰਦਾ ਹੈ। ਸਾਧ ਸੰਗਤ ਹਉਮੈ ਦਾ ਰੋਗ ਕਟਦੀ ਹੈ। ਜਿਸ ਵਿਚੋਂ ਹਉਮੈ ਦੂਰ ਹੋ ਜਾਏ ਉਸ ਵਿਚ ਨਿਮਰਤਾ ਪ੍ਰਵੇਸ਼ ਕਰਦੀ ਹੈ। ਸੋ, ਗੁਰਮੁਖ ਦੇ ਸੁਭਾਵ ਵਿਚ ਨਿਮਰਤਾ ਦਾ ਅੰਸ਼ ਆਪਣੇ ਆਪ ਆ ਟਿਕਦਾ ਹੈ। ਭਾਈ ਗੁਰਦਾਸ ਨੇ ਗੁਰਮੁਖਾਂ ਦੇ ਸੁਭਾਵ ਦੇ ਇਸ ਪੱਖ ਨੂੰ ਅਨੇਕਾਂ ਦ੍ਰਿਸ਼ਟਾਂਤ ਦੇ ਕੇ ਸਾਕਾਰ ਕੀਤਾ ਹੈ ਤੇ ਦਸਿਆ ਹੈ ਕਿ ਨਿਮਰਤਾ ਦਾ ਗੁਣ ਵਡਿਆਈ ਦਾ ਕਾਰਨ ਬਣ ਜਾਂਦਾ ਪਰ ਗੁਰਮੁਖ ਇਹ ਵਡਿਆਈ ਪਾ ਕੇ ਆਪਣੇ ਆਪ ਨੂੰ ਨਾ ਵੱਡਾ ਗਿਣਦੇ

1. ਆਊਟ ਲਾਈਨਜ਼ ਆਫ਼ ਸਿਖ ਥਾਟ, ਪੰਨਾ 108,
2. ਆਦਿ ਗ੍ਰੰਥ, ਗਉੜੀ ਕੀ ਵਾਰ, ਪੰਨਾ 305-6.
3. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 2.

ਹਨ, ਨਾ ਕਿਣਾਉਂਦੇ ਹਨ। ਧਰਤੀ ਦੀ ਨਿਮਰਤਾ, ਸਰੀਰਕ ਅੰਗਾਂ ਵਿਚੋਂ ਚਰਨਾਂ ਦੀ ਪੂਜਾ, ਚੀਚੀ ਉਂਗਲੀ, ਮੀਂਹ ਦੀ ਬੂੰਦ, ਕੇਸਰ ਦੀ ਬੂਟੀ, ਪਾਰਸ, ਮਣੀ ਆਦਿ ਦੇ ਨਿੱਕੇ ਹੋਣ ਦੇ ਬਾਵਜੂਦ ਇਹਨਾਂ ਦੀ ਵਡਿਆਈ ਕਰਕੇ ਗੁਰਮੁਖ ਦੇ ਲਛਣ ਦੱਸੇ ਹਨ।[1] ਅੱਗ ਤੇ ਪਾਣੀ ਦੇ ਸੁਭਾਅ ਦਾ ਫਰਕ ਦਸ ਕੇ ਨਿਮਰਤਾ ਵਾਲੇ ਗੁਰਮੁਖ ਦਾ ਪਰਉਪਕਾਰੀ ਰੂਪ ਉਜਾਗਰ ਕੀਤਾ ਹੈ ਤੇ ਦਸਿਆ ਹੈ ਕਿ :-

ਨਿਵ ਚਲੈ ਸੋ ਗੁਰੂ ਪਿਆਰਾ।[2]

ਇਸੇ ਤਰ੍ਹਾਂ ਮਜੀਠ ਤੇ ਕਸੁੰਭੇ ਵਿਚਲੇ ਭੇਦ ਦਾ ਗਿਆਨ ਦੇ ਕੇ ਸਿਧ ਕੀਤਾ ਹੈ ਕਿ :-

ਨੀਵਾਂ ਜਿਣੈ ਉਚੇਰਾ ਹਾਰੇ।[3]

ਗੁਰਮੁਖ ਦਾ ਮਨ ਨੀਵਾਂ ਹੁੰਦਾ ਹੈ। ਉਸ ਵਿਚ ਹੰਕਾਰ ਦੀ ਬੋ ਨਹੀਂ ਹੁੰਦੀ। ਇਸੇ ਕਰਕੇ ਉਹ ਸਹਿਜ ਸੁਭਾ ਪਰਉਪਕਾਰ ਕਰਦਾ ਹੈ ਤੇ ਉਸ ਦਾ ਜਨਮ ਸਫਲ ਹੈ। ਅਜਿਹੇ ਗੁਰਮੁਖ ਨੂੰ ਜਨਮ ਦੇਣ ਵਾਲੀ ਮਾਂ ਵੀ ਧੰਨ ਹੈ।

ਭਾਈ ਸਾਹਿਬ ਨੇ ਤੀਜੀ ਵਾਰ ਵਿਚ ਗੁਰਸਿਖ ਅਥਵਾ ਗੁਰਮੁਖ ਦੇ ਆਚਰਨ ਬਾਰੇ ਦਸਿਆ ਹੈ ਤੇ ਗੁਰਸਿਖੀ ਮਾਰਗ ਦੇ ਨਿਯਮਾਂ ਤੇ ਚਾਨਣ ਪਾਇਆ ਹੈ। ਇਸੇ ਤਰ੍ਹਾਂ ਪੰਜਵੀਂ ਵਾਰ ਵਿਚ ਗੁਰਮੁਖ ਦੇ ਗੁਣਾਂ ਨੂੰ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ ਉਜਾਗਰ ਕੀਤਾ ਹੈ। ਗੁਰਮੁਖ ਸਾਧ ਸੰਗਤ ਤੋਂ ਸਿਵਾ ਹੋਰ ਕਿਸੇ ਸੰਗ ਵਿਚ ਨਹੀਂ ਰਲਦਾ, ਗੁਰਮੁਖ ਇਕ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ਤੇ ਕਿਸੇ ਦੁਚਿਤੀ ਵਿਚ ਨਹੀਂ ਪੈਂਦਾ; ਗੁਰ-ਸ਼ਬਦ ਵਿਚ ਜੁੜ ਕੇ ਦੁਬਿਧਾ ਨੂੰ ਦੂਰ ਕਰਦਾ ਹੈ, ਉਸ ਦੀ ਮਤ ਸਥਿਰ ਹੈ, ਕਿਸੇ ਲੋਭ ਲਾਲਚ ਤੇ ਦ੍ਵੈਤ ਭਾਵ ਵਿਚ ਨਹੀਂ ਵਰਤਦਾ, ਗੁਰਮੁਖਾਂ ਦਾ ਰਸਤਾ ਪਵਿੱਤਰ ਹੈ। ਉਹ ਇਕ ਦੀ ਅਰਾਧਨਾ ਕਰਦੇ ਹਨ ਤੇ ਇਉਂ ਦੁਬਿਧਾ ਦਾ ਨਾਸ ਹੋ ਜਾਂਦਾ ਹੈ।

ਗੁਰਮੁਖ ਮਾਰਗ ਦੁਬਿਧਾ ਖੋਈ।
ਇਕ ਮਨ ਇਕ ਅਰਾਧਨ ਓਈ।[4]

ਜਿਥੇ ਗੁਰਮੁਖ ਸਾਧ ਸੰਗਤ ਕਰਦਾ ਹੈ, ਉਥੇ ਉਸ ਦੇ ਸੁਭਾਵ ਦਾ ਇਕ ਵੱਡਾ ਗੁਣ ਸੇਵਾ ਹੈ। ਗੁਰਮੁਖ ਦੇ ਹੱਥ ਸਫਲ ਹਨ ਕਿਉਂਕਿ ਉਹ ਸਦਾ ਸੇਵਾ ਵਿਚ ਲੱਗੇ ਰਹਿੰਦੇ ਹਨ, ਗੁਰੂ ਦੀ ਕਾਰ ਕਮਾਂਦੇ ਹਨ, ਪਾਣੀ ਢੋਂਦੇ, ਪੱਖਾ ਝਲਦੇ, ਆਟਾ ਪੀਂਹਦੇ ਹਨ, ਗੁਰਬਾਣੀ ਦੀਆਂ

---

1. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 2,3,4.
2. ਉਹੀ , ਵਾਰ 4, ਪਉੜੀ 5
3. ਉਹੀ , ਵਾਰ 4, ਪਉੜੀ 6.
4. ਉਹੀ , ਵਾਰ 5, ਪਉੜੀ 9.

ਪੋਥੀਆਂ ਲਿਖਦੇ ਤੇ ਧਰਮ ਦੀ ਕਿਰਤ ਕਰਦੇ ਹਨ। ਗੁਰਮੁਖ ਦੇ ਪੈਰ ਵੀ ਸਫਲ ਹਨ ਕਿਉਂਕਿ ਪਰਉਪਕਾਰ ਕਰਨ ਵਲ ਧਾਉਂਦੇ ਹਨ।[1]

ਇਹ ਗੁਰਮੁਖ ਘਰ-ਬਾਰੀ ਸਿਖ ਹੈ। ਗੁਰਮੁਖ ਦਾ ਜੋ ਚਿੱਤਰ ਇਸ ਰੂਪ ਵਿਚ ਭਾਈ ਸਾਹਿਬ ਨੇ ਉਲੀਕਿਆ ਹੈ ਉਹ ਖ਼ਾਸ ਵਰਣਨ ਜੋਗ ਹੈ, ਗੁਰਮੁਖ ਦੀ ਪੂਰੀ ਦੀ ਪੂਰੀ ਤਸਵੀਰ ਅੱਖਾਂ ਸਾਹਮਣੇ ਆ ਖਲੋਂਦੀ ਹੈ। ਇਹ ਗੁਰਮੁਖ ਗ੍ਰਿਹਸਤੀ ਹੈ। ਮਿਠਾ ਬੋਲਦਾ ਹੈ। ਬ੍ਰਹਮ ਦਾ ਧਿਆਨ ਧਰਦਾ ਹੈ, ਕਿਰਤ ਕਮਾਈ ਕਰਦਾ ਹੈ, ਇਸ ਦਾ ਖਾਣਾ, ਪੀਣਾ, ਪਹਿਨਣਾ ਜੋਗੀਆਂ ਵਾਂਗ ਹੈ, ਜੋਗ ਵਿਚ ਭੋਗ ਤੇ ਭੋਗ ਵਿਚ ਜੋਗ ਦੀ ਵਿਧੀ ਹੈ, ਇਸ ਦਾ ਸੌਣਾ ਵੀ ਸਮਾਧੀ ਲਗਾਉਣ ਦੇ ਬਰਾਬਰ ਹੈ, ਲਬ ਲੋਭ ਦੀ ਲਹਿਰ ਇਸ ਨੂੰ ਨਹੀਂ ਵਿਆਪਦੀ, ਇਹ ਘਰ-ਬਾਰੀ ਜੀਵਨ ਬਿਤਾਂਦਾ ਹੀ ਮੁਕਤੀ ਦਾ ਰਾਹ ਲਭ ਲੈਂਦਾ ਹੈ।–

ਗੁਰਮੁਖ ਮਿਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ।
ਗੁਰਮੁਖ ਅਖੀਂ ਦੇਖਣਾ ਬ੍ਰਹਮ ਧਿਆਨ ਧਰਿ ਆਪ ਸੁ ਆਪੈ।
ਗੁਰਮੁਖ ਸੁਨਣਾ ਸੁਰਤ ਕਰ ਪੰਜ ਸ਼ਬਦ ਗੁਰ ਸ਼ਬਦ ਅਲਾਪੈ।
ਗੁਰਮੁਖ ਕਿਰਤ ਕਮਾਵਣੀ ਨਮਸਕਾਰ ਡੰਡਉਤ ਸਿਞਾਪੈ।
ਗੁਰਮੁਖ ਮਾਰਗ ਚਲਣਾ ਪਰਦਖਣਾ ਪੂਰਨ ਪਰਤਾਪੈ।
ਗੁਰਮੁਖ ਖਾਣਾ ਪੈਨਣਾ ਜੋਗ ਭੋਗ ਸੰਜੋਗ ਪਛਾਪੈ।
ਗੁਰਮੁਖ ਸਵਣ ਸਮਾਧਿ ਹੈ ਆਪੇ ਆਪ ਨ ਥਾਪ ਉਥਾਪੈ।
ਘਰ ਬਾਰੀ ਜੀਵਨ ਮੁਕਤਿ ਲਹਿਰ ਨਹੀਂ ਲਬ ਲੋਭ ਵਿਆਪੈ।
ਪਾਰ ਪਵੈ ਲੰਘ ਵਰੈ ਸਰਾਪੈ।[2]

ਗੁਰਮੁਖ ਦੀ ਰਹਿਣੀ ਬਹਿਣੀ ਕੈਸੀ ਹੈ? ਉਸ ਦੇ ਜੀਵਨ ਦੇ ਅਸੂਲ ਕੀ ਹਨ? ਕਿਹੜੇ ਗੁਣਾਂ ਕਰਕੇ ਗੁਰਮੁਖ ਦੀ ਪਛਾਣ ਹੋਵੇਗੀ?

ਗੁਰਮੁਖ ਗੁਰਮਤ ਧਾਰਣ ਕਰਦਾ ਹੈ, ਇਉਂ ਉਸ ਦੇ ਹਿਰਦੇ ਵਿਚ ਗਰੀਬੀ, ਭਾਵ ਨਿਮਰਤਾ ਆਉਂਦੀ ਹੈ, ਉਹ ਪਰਾਈ ਇਸਤਰੀ ਦੇ ਨੇੜੇ ਨਹੀਂ ਜਾਂਦਾ, ਮੈਂਦੀ ਨਜ਼ਰ ਨਹੀਂ ਵੇਖਦਾ, ਪਰਾਈ ਦੌਲਤ ਨੂੰ ਹਥ ਨਹੀਂ ਲਾਉਂਦਾ, ਕਿਸੇ ਦੀ ਨਿੰਦਿਆ ਨਹੀਂ ਸੁਣਦਾ, ਜੇ ਕਿਤੇ ਨਿੰਦਿਆ ਹੋ ਰਹੀ ਹੋਵੇ ਤਾਂ ਉਥੋਂ ਆਪ ਹਟ ਜਾਂਦਾ ਹੈ, ਥੋੜਾ ਸੌਂਦਾ ਤੇ ਥੋੜਾ ਖਾਂਦਾ ਹੈ ਤੇ ਸਤਿਗੁਰੂ ਦੇ ਉਪਦੇਸ਼ ਦੀ ਕਮਾਈ ਕਰਦਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਅਜਿਹਾ ਜੀਵਨ ਜਿਊਂਦਿਆਂ ਉਹ ਸਹਿਜ ਅਵੱਸਥਾ ਵਿਚ ਸਮਾਈ ਕਰਦਾ ਹੈ:-

1. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 12, 13.
2. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 18.

ਗੁਰਮੁਖ ਸੋਈ ਸਹਜ ਸਮਾਵੈ ।[1]

ਗੁਰਮੁਖ ਹੁਕਮੀ ਬੰਦਾ ਹੈ ਤੇ ਸਾਹਿਬ ਦੇ ਹੁਕਮ ਵਿਚ ਰਹਿੰਦਾ ਹੈ, ਸਿਦਕ ਸਬੂਰੀ ਵਾਲਾ ਹੈ ਤੇ ਸ਼ਾਕਰ ਹੈ ।[2] ਉਹ ਹਉਮੈ ਤਿਆਗ ਕੇ ਖ਼ਸਮ ਪਰਮਾਤਮਾ ਦੇ ਭਾਣੇ ਵਿਚ ਵਿਚਰਦਾ ਹੈ, ਰਜ਼ਾ ਵਿਚ ਰਾਜ਼ੀ ਹੈ ਤੇ ਸੰਸਾਰ ਵਿਚ ਇਕ ਪਰਾਹੁਣੇ ਵਾਂਗ ਜੀਵਨ ਬਤੀਤ ਕਰਦਾ ਹੈ ।[3] ਗੁਰਮੁਖ ਦਾ ਤੋਲ ਤੇ ਬੋਲ ਪੂਰਾ ਹੈ, ਉਸ ਦੀ ਮਤ ਅਡੋਲ ਹੈ ।[4] ਭਾਈ ਗੁਰਦਾਸ ਨੇ ਅਜਿਹੇ ਗੁਰਮੁਖ ਲਈ ਪਾਰਸ, ਬਾਵਨ ਚੰਦਨ, ਹੰਸ, ਕੋਇਲ ਆਦਿ ਸ਼ਬਦ ਵਰਤੇ ਹਨ ਤਾਂ ਜੁ ਗੁਰਮੁਖ ਦਾ ਸੁਭਾਵ ਹੋਰ ਸਪੱਸ਼ਟ ਹੋ ਜਾਵੇ । ਗੁਰਮੁਖ ਨੂੰ ਸੂਰਜ ਵਾਂਗ ਚਮਕਦਾ ਤੇ ਸਭ ਨੂੰ ਚਮਕਾਂਦਾ ਦਸਿਆਂ ਹੈ । ਜਿਵੇਂ ਗੰਗਾ ਸਭ ਨਦੀਆਂ ਨਾਲਿਆਂ ਨੂੰ ਆਪਣੇ ਨਾਲ ਰਲਾ ਕੇ ਆਪਣਾ ਰੂਪ ਦੇ ਦੇਂਦੀ ਹੈ ਇਵੇਂ ਗੁਰਮੁਖ ਦਾ ਮਿਲਾਪ ਹੈ;—

ਗੁਰਮੁਖ ਸਸੀਅਰ ਜੋਤਿ ਅੰਮ੍ਰਿਤ ਵਰਸਣਾ ।
ਅਸਟ ਧਾਤ ਇਕ ਧਾਤ ਪਾਰਸ ਪਰਸਣਾ ।
ਚੰਨਣ ਵਾਸ ਨਿਵਾਸ ਬਿਰਖ ਸੁਦਰਸਣਾ ।
ਗੰਗ ਤਰੰਗ ਮਿਲਾਪ ਨਦੀਆਂ ਸਰਸਣਾ ।
ਮਾਨ ਸਰੋਵਰ ਹੰਸ ਤ੍ਰਿਸਨਾ ਤਰਸਣਾ ।
ਪਰਮਹੰਸ ਗੁਰਸਿਖ ਦਰਸ ਅਦਰਸਣਾ ।
ਚਰਨ ਸਰਨ ਗੁਰਦੇਵ ਪਰਸ ਅਪਰਸਣਾ ।
ਸਾਧ ਸੰਗਤਿ ਸਚ ਖੰਡ ਅਮਰ ਨ ਮਰਸਣਾ ।[5]

ਇਹ ਗੁਰਸਿਖ ਜਾਂ ਗੁਰਮੁਖ ਜੋਗੀ ਹੈ, ਪਰ ਵਖਰੀ ਕਿਸਮ ਦਾ ਜੋਗੀ । ਇਹ ਜੋਗੀ ਸੰਸਾਰ ਨੂੰ ਤਿਆਗਦਾ ਨਹੀਂ, ਮਾਇਆ ਵਿਚ ਰਹਿੰਦਾ ਹੋਇਆ ਹੀ ਇਸ ਤੋਂ ਉਪਰਾਮ ਹੈ । ਇਸ ਦੇ ਕੰਨਾਂ ਵਿਚ ਗੁਰ-ਮੰਤਰ ਦੀਆਂ ਮੁੰਦਰਾਂ ਹਨ, ਸੰਤਾਂ ਦੀ ਚਰਨ ਧੂੜੀ ਇਸ ਦੀ ਬਿਭੂਤ ਹੈ, ਖਿਮਾ ਹੀ ਇਸ ਦੀ ਖਿੰਥਾ ਹੈ, ਪ੍ਰੇਮ ਇਸ ਦੇ ਹੱਥ ਵਿਚਲਾ ਪਾਤਰ ਜਾਂ ਚਿੱਪੀ ਹੈ ਜਿਸ ਵਿਚ ਗੁਰੂ-ਪ੍ਰੀਤ ਦੀ ਭੁਗਤਿ ਰਖਦਾ ਹੈ, ਸ਼ਬਦ ਤੇ ਸੁਰਤ ਦੀ ਸਿਙੀ ਵਜਾਉਂਦਾ ਹੈ, ਗਿਆਨ ਧਿਆਨ ਦਾ ਡੰਡਾ ਇਸ ਦੇ ਕੋਲ ਹੈ, ਸਾਧ-ਸੰਗਤ ਰੂਪੀ ਗੁਫਾ ਵਿਚ ਬੈਠ ਕੇ ਸਹਿਜ ਦੀ ਸਮਾਧੀ

1. ਵਾਰਾਂ ਭਾਈ ਗੁਰਦਾਸ, ਵਾਰ 17, ਪਉੜੀ 4.
2. ਉਹੀ , ਵਾਰ 18, ਪਉੜੀ 21.
3. ਉਹੀ , ਵਾਰ 18, ਪਉੜੀ 21.
4. ਉਹੀ , ਵਾਰ 19, ਪਉੜੀ 20.
5. ਉਹੀ , ਵਾਰ 27, ਪਉੜੀ 21.

ਲਗਾਉਂਦਾ ਹੈ।[1] ਇਉਂ ਭਾਈ ਸਾਹਿਬ ਨੇ ਗੁਰਮੁਖ ਦੇ ਸਰੂਪ ਦਾ ਵਰਣਨ ਕਰ ਕੇ ਗੁਰਮੁਖ ਦਾ ਦਰਜਾ ਜੋਗੀ ਨਾਲੋਂ ਵੀ ਉੱਚਾ ਕਰ ਦਸਿਆ ਹੈ। ਗੁਰਮੁਖ ਦੀ ਇਸ ਉਚ ਆਤਮਕ ਅਵੱਸਥਾ ਦੇ ਕਾਰਨ ਹੀ ਉਸ ਤੋਂ ਸਦਕੇ ਜਾਂਦੇ ਹਨ, ਆਪਣਾ ਆਪ ਘੋਲ ਘੁਮਾਉਂਦੇ ਹਨ ਤੇ ਉਸ ਤੋਂ ਕੰਬਣੀਏ ਹੁੰਦੇ ਹਨ। ਗੁਰਮੁਖਾਂ ਦਾ ਚਾਲਾ, ਗੁਰਮੁਖਾਂ ਦੀ ਵਰਤਣ, ਗੁਰਮੁਖਾਂ ਦਾ ਵਿਹਾਰ ਸਭ ਕੁਝ ਵਿਸਮਾਦ-ਜਨਕ ਹੈ। ਭਾਈ ਸਾਹਿਬ ਕੜੇ ਵਿਸਮਾਦ ਵਿਚ ਆ ਕੇ ਆਖਦੇ ਹਨ —

ਤਰ ਡੁਬੈ ਡੁਬਾ ਤਰੈ ਪੀ ਪਿਰਮ ਪਿਆਲਾ।
ਜਿਣ ਹਾਰੈ ਹਾਰੈ ਜਿਣੈ ਏਹ ਗੁਰਮੁਖ ਚਾਲਾ।[2]

ਗੁਰਮਖਾਂ ਦੀ ਚਾਲ ਨਿਰਾਲੀ ਹੈ, ਇਹ ਮਾਰਗ ਬੜਾ ਵਿਖਮ ਹੈ। ਇਹ ਮਾਰਗ ਖੰਡੇ ਦੀ ਧਾਰ ਵਾਂਗ ਹੈ, ਭੀੜੀ ਗਲੀ ਹੈ, ਵਾਲ ਤੋਂ ਵੀ ਬਰੀਕ ਹੈ, ਇਸ ਮਾਰਗ ਤੇ ਚਲਣਾ ਕੋਹਲੂ ਵਿਚ ਤਿਲਾਂ ਦੇ ਪੀੜੇ ਜਾਣ ਦੇ ਬਰਾਬਰ ਹੈ। ਪਰ ਇਸ ਮਾਰਗ ਤੇ ਚਲਣ ਵਾਲਿਆਂ ਦੀ ਆਤਮਕ ਦਸ਼ਾ ਅਨੂਪ ਹੈ, ਇਸ ਮਾਰਗ ਤੇ ਚਲਨ ਵਾਲੇ ਨੂੰ ਇਸ ਦਾ ਜੋ ਫਲ ਮਿਲਦਾ ਹੈ, ਉਸ ਦਾ ਕਥਨ ਨਹੀਂ ਕੀਤਾ ਜਾ ਸਕਦਾ। ਭਾਈ ਸਾਹਿਬ ਨੇ ਗੁਰਸਿਖੀ ਮਾਰਗ ਦਾ ਪਤਾ ਇਹਨਾਂ ਸ਼ਬਦਾਂ ਵਿਚ ਦਿੱਤਾ ਹੈ :-

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ ਚੱਲ ਨ ਸਕੈ ਉਪਰ ਕੀੜੀ।
ਵਾਲਹੁੰ ਨਿੱਕੀ ਆਖੀਐ ਤੇਲ ਤਿਲਹੁੰ ਲੈ ਕੋਹਲੂ ਪੀੜੀ।
ਗੁਰਮੁਖ ਵੰਸੀ ਪਰਮਹੰਸ ਖੀਰ ਨੀਰ ਨਿਰਨਉ ਚੁੰਜ ਵੀੜੀ।
ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਵੀੜੀ।
ਗੁਰਮੁਖ ਮਾਰਗ ਚੱਲਣਾ ਆਸ ਨਿਰਾਸੀ ਝੀੜ ਉਝੀੜੀ।
ਸਹਜ ਸਰੋਵਰ ਸੱਚ ਖੰਡ ਸਾਧ ਸੰਗਤਿ ਸਚ ਤਖਤ ਹਰੀੜੀ।
ਚੜ੍ਹ ਇੱਕੀਹ ਪਤ ਪਉੜੀਆਂ ਨਿਰੰਕਾਰ ਗੁਰਸ਼ਬਦ ਸਹੀੜੀ।
ਗੂੰਗੇ ਦੀ ਮਿਠਿਆਈਐ ਅਕਥ ਕਥਾ ਵਿਸਮਾਦ ਬਚੀੜੀ।
ਗੁਰਮੁਖ ਸੁਖ ਫਲ ਸਹਿਜ ਅਲੀੜੀ।[3]

28 ਵੀਂ ਵਾਰ ਦੀ ਪੰਜਵੀਂ, ਛੇਵੀਂ ਤੇ ਸਤਵੀਂ ਪਉੜੀ ਵਿਚ ਸਿਖਾਂ ਦੇ ਗੁਣਾਂ, ਕਰਮਾਂ ਦਾ ਵਰਣਨ ਕੀਤਾ ਹੈ ਤੇ ਤੇਰ੍ਹਵੀਂ ਵਾਰ ਵਿਚ ਪਾਣੀ ਦਾ ਦ੍ਰਿਸ਼ਟਾਂਤ ਦੇ ਕੇ ਗੁਰਸਿਖੀ ਦੀ ਨਿਸ਼ਾਨੀ

1. ਵਾਰਾਂ ਭਾਈ ਗੁਰਦਾਸ, ਵਾਰ 29, ਪਉੜੀ 15.
2. ਉਹੀ , ਵਾਰ 13, ਪਉੜੀ 17.
3. ਉਹੀ , ਵਾਰ 11, ਪਉੜੀ 5.

ਦੱਸੀ ਹੈ ਕਿ ਜਿਵੇਂ ਪਾਣੀ ਪਰਉਪਕਾਰ ਕਰਨ ਲਈ ਤਪਦਾ ਵੀ ਹੈ, ਪਰ ਆਪਣੇ ਠੰਡਕ ਗੁਣ ਨੂੰ ਤਿਆਗਦਾ ਨਹੀਂ, ਇਸੇ ਤਰ੍ਹਾਂ ਗੁਰਮੁਖ ਪਰਉਪਕਾਰ ਕਰਨ ਲਗਿਆਂ ਦੁਖ ਤਾਂ ਸਹਾਰਦਾ ਹੈ ਪਰ ਆਪਣੇ ਸ਼ਾਂਤ-ਮਈ ਗੁਣ ਤੋਂ ਕਦੀ ਮੂੰਹ ਨਹੀਂ ਮੋੜਦਾ। ਹਰ ਰੰਗ ਵਿਚ ਇਕ ਰੰਗ ਤੇ ਇਕ ਰਸ ਰਹਿੰਦਾ ਹੈ :-

ਧਰਤੀ ਪੈਰਾਂ ਹੇਠ ਹੈ ਧਰਤੀ ਹੇਠ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ ਨਿਰਮਲ ਸੀਤਲ ਸੁਧ ਪਰਾਣੀ।
ਬਹੁ ਰੰਗੀ ਇਕ ਰੰਗ ਹੈ ਸਭਨਾ ਅੰਦਰ ਇਕੋ ਜਾਣੀ।
ਤੱਤਾ ਹੋਵੈ ਧੁੱਪ ਵਿਚ ਛਾਵੈ ਠੰਢਾ ਵਿਰਤੀ ਹਾਣੀ।
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
ਅਗਨਿ ਬੁਝਾਏ ਤਪਤ ਵਿਚ ਠੰਢਾ ਹੋਵੈ ਬਿਲਮੁ ਨ ਆਣੀ।
ਗੁਰਸਿਖੀ ਦੀ ਏਹੁ ਨੀਸਾਣੀ।[1]

ਜਿਨ੍ਹਾਂ ਨੂੰ ਇਹ ਗੁਰਸਿਖੀ ਪ੍ਰਾਪਤ ਹੋਈ ਹੈ, ਉਹ ਧੰਨ ਹਨ :-

ਦੀਪਕ ਜਲੈ ਪਤੰਗ ਵੰਸ ਫਿਰ ਦੇਖ ਨ ਹੋੜੈ।
ਜਲ ਵਿਚਹੁੰ ਫੜ ਕਢੀਐ ਮਛ ਨੇਹੁੰ ਨ ਤੋੜੈ।
ਘੰਡਾ ਹੇੜੈ ਮਿਰਗ ਜਿਉਂ ਸੁਣ ਨਾਦ ਪਲੋਟੈ।
ਭਵਰੇ ਵਾਸ ਵਿਣਾਸ ਹੈ, ਫੜ ਕਵਲ ਸਘੋਟੈ।
ਗੁਰਮੁਖ ਸੁਖ ਫਲ ਪਿਰਮ ਰਸ ਬਹੁ ਬੰਧਨ ਛੋਟੈ।
ਧਨ ਧਨ ਗੁਰ ਸਿਖ ਵੰਸ ਧਨ ਗੁਰਮਤ ਨਿਧ ਖੋਟੈ।[2]

6 ਭਗਤ ਦਾ ਸੰਕਲਪ :— 'ਭਗਤ' ਸ਼ਬਦ ਬਹੁ-ਅਰਥਕ ਹੈ। ਭਾਈ ਕਾਹਨ ਸਿੰਘ ਇਸ ਸ਼ਬਦ ਦੇ ਅਰਥ ਇਸ ਪ੍ਰਕਾਰ ਲਿਖਦੇ ਹਨ :- ਵੰਡਿਆ ਹੋਇਆ, ਵਿਭਕਤ, ਅੰਨ, ਭੋਜਨ, ਭਗਤਿ ਵਾਲਾ ਸੇਵਕ, ਉਪਾਸ਼ਕ। ਆਪ ਗੁਰਬਾਣੀ ਵਿਚੋਂ ਟੂਕਾਂ ਦੇ ਕੇ ਭਗਤ ਦੇ ਗੁਣ ਵੀ ਦਸਦੇ ਹਨ, ਜਿਵੇਂ ਕਿ :-

ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ

(ਬਿਲਾਵਲ ਮ: 5 ਆਦਿ ਗ੍ਰੰਥ ਪੰਨਾ 816)

ਪੁਨਾ : ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ।

(ਸਿਰੀ ਰਾਗ ਮ: 3 ਆਦਿ ਗ੍ਰੰਥ ਪੰਨਾ 65)

---

1. ਵਾਰਾਂ ਭਾਈ ਗੁਰਦਾਸ, ਵਾਰ 28, ਪਉੜੀ 13.
2. ਉਹੀ , ਵਾਰ 27, ਪਉੜੀ 23.

ਇਸ ਦੇ ਨਾਲ ਹੀ ਦੇਵੀ ਦੱਤ ਨਾਂ ਦੇ ਕਵੀ ਰਾਹੀਂ ਭਗਤ ਦੇ ਗੁਣਾਂ ਦਾ ਬਿਓਰਾ ਇਸ ਪ੍ਰਕਾਰ ਦੇਂਦੇ ਹਨ :—

ਦਯਾ ਦਿਲ ਰਾਖੇ ਸਭਹੀ ਸੋ ਮ੍ਰਿਦ ਭਾਖੇ ਨਿਰ
ਕਾਮ ਕ੍ਰੋਧ ਲੋਭ ਮੋਹ ਹੈਮੈ ਕੋ ਦਬਾਵੇ ਜੂ,
ਕਾਹੂ ਮੇ ਨ ਭੇਖ ਸਭ ਹੀ ਮੈਂ ਏਕ ਬ੍ਰਹਮ ਦੇਖੇ
ਲਘੁ ਲੇਖੈ ਆਪ ਕਰ ਨੇਮ ਤਨ ਤਾਵੇ ਜੂ,
'ਦੇਵੀ-ਦੱਤ' ਜਾਨੈ ਏਕ ਹਰਿ ਹੀ ਕੋ ਮੀਤ, ਔਰ
ਜਗਤ ਕੀ ਰੀਤ ਮੇ ਨ ਪ੍ਰੀਤ ਸਰਸਾਵੇ ਜੂ,
ਦੁਖਿਤ ਹ੍ਵੈ ਆਪ, ਦੁਖ ਔਰ ਕੇ ਮਿਟਾਵੇ, ਐਸੇ
ਸ਼ਾਂਤ ਪਦ ਪਾਵੇ, ਤਬ ਭਗਤ ਕਹਾਵੇ ਜੂ । [1]

ਭਾਈ ਗੁਰਦਾਸ ਨੇ ਆਪਣੀ ਦਸਵੀਂ ਵਾਰ ਵਿਚ ਪੁਰਾਤਨ ਭਗਤਾਂ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਨੂੰ ਬੜੇ ਨਾਟਕੀ ਤੇ ਰੋਚਕ ਢੰਗ ਨਾਲ ਬਿਆਨ ਕੀਤਾ ਹੈ । ਇਸ ਬਿਆਨ ਵਿਚੋਂ ਭਗਤ ਦੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ । ਰਾਜੇ ਜਨਕ ਦਾ ਪ੍ਰਤਾਪ ਵਰਣਨ ਕਰਦੇ ਹੋਏ ਲਿਖਦੇ ਹਨ :—

ਭਗਤ ਵਡਾ ਰਾਜਾ ਜਨਕ ਹੈ ਗੁਰਮੁਖ ਮਾਇਆ ਵਿਚ ਉਦਾਸੀ । [2]

ਇਸ ਵਿਚ ਰਾਜਾ ਜਨਕ ਵਾਸਤੇ ਦੋ ਸ਼ਬਦ ਵਰਤੇ ਗਏ ਹਨ । ਇਕ ਭਗਤ ਤੇ ਦੂਜਾ, ਗੁਰਮੁਖ ਅਤੇ ਫਿਰ ਮਾਇਆ ਵਿਚ ਉਦਾਸੀ, ਕਹਿ ਕੇ ਗੁਰਮੁਖ ਦਾ ਲੱਛਣ ਦਸਦਿਆਂ, ਇਸੇ ਸੁਭਾਵ ਨੂੰ ਭਗਤ ਦਾ ਲਛਣ ਵੀ ਦਸਿਆ ਹੈ । ਇਉਂ ਭਾਈ ਗੁਰਦਾਸ ਅਨੁਸਾਰ 'ਭਗਤ' ਤੇ 'ਗੁਰਮੁਖ' ਵਿਚ ਕੋਈ ਅੰਤਰ ਨਹੀਂ । ਜੋ ਗੁਰਮੁਖ ਹੈ, ਉਹੀ ਭਗਤ ਹੈ । ਗੁਰਮੁਖਾਂ ਵਾਲੀ ਚਾਲੀ ਭਗਤ ਦੀ ਚਾਲੀ ਹੈ; ਗੁਰਮੁਖਾਂ ਵਾਲਾ ਜੀਵਨ, ਭਗਤ ਦਾ ਜੀਵਨ ਹੈ । ਭਾਈ ਸਾਹਿਬ ਨੇ ਗੁਰਮੁਖ ਦੀ ਜੀਵਨ-ਜੁਗਤੀ, ਉਸ ਦੀ ਮਰਯਾਦਾ, ਉਸ ਦੀ ਰਹਿਣੀ ਬਹਿਣੀ ਦਾ ਭਰਪੂਰ ਚਿਤਰ ਉਲੀਕਿਆ ਹੈ ।

'ਗੁਰਮੁਖ' ਦੇ ਸੰਬੰਧ ਵਿਚ ਅਸੀਂ ਪਿਛੇ ਵਿਸਥਾਰ ਪੂਰਵਕ ਵਿਚਾਰ ਕਰ ਚੁਕੇ ਹਾਂ । ਭਾਈ ਗੁਰਦਾਸ ਨੇ ਭਗਤ ਨੂੰ ਵੀ ਜਿਵੇਂ ਗੁਰਮੁਖ ਦੇ ਰੂਪ ਵਿਚ ਚਿਤਰਿਆ ਹੈ, ਇਥੇ ਕੁਝ ਕੁ ਟੂਕਾਂ ਰਾਹੀਂ ਉਸ ਦਾ ਉਲੇਖ ਕੀਤਾ ਜਾਂਦਾ ਹੈ ।

ਧ. ਭਗਤ ਹੈ, ਅਤੇ ਗੁਰਮੁਖਾਂ ਵਾਲੇ ਗੁਣ ਕਰ ਕੇ ਜਗਤ ਨੂੰ ਜਿਤਦਾ ਨਜ਼ਰ ਆਉਂਦਾ ਹੈ:—

---

1. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 73.
2. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 5.

ਹਾਰਿ ਚਲੇ ਗੁਰਮੁਖ, ਜਗਤ ਜੀਤਾ । (ਵਾਰ 10, ਪਉੜੀ 1)

ਪ੍ਰਹਿਲਾਦ ਦੇ ਰੂਪ ਵਿਚ ਇਹ ਸੰਤ ਹੈ, ਸ਼ਾਂਤਾਤਮਾ ਹੈ, ਮਨ ਇੰਦਰੀਆਂ ਨੂੰ ਟਿਕਾਇਆ ਹੋਇਆ ਹੈ । ਗੁਰਬਾਣੀ ਵਿਚ ਸੰਤ ਦਾ ਲਛਣ ਤੇ ਮਹਿਮਾ ਇਸ ਤਰ੍ਹਾਂ ਹੈ ।

ਜਿਨ੍ਹਾਂ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤ,
ਧੰਨੁ ਸਿ ਸੇਈ ਨਾਨਕਾ, ਪੂਰਨ ਸੋਈ ਸੰਤ । (ਵਾਰ ਗਉੜੀ, ਮ:5)

ਪ੍ਰਹਿਲਾਦ ਵੀ 'ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦ ਅਨਾਹਦ ਨਾਦ ।[1]

ਬਾਣੀ ਸਾਹਿਬ ਅਨੁਸਾਰ ਭਗਤ ਦਿਆਲੂ ਸੁਭਾਵ ਵਾਲਾ ਹੈ । ਰਾਜਾ ਜਨਕ, ਨਰਕਾਂ ਵਿਚ ਸੜਦੇ ਜੀਵਾਂ ਦੀ ਪੁਕਾਰ ਸੁਣ ਕੇ ਜਮਪੁਰੀ ਨੂੰ ਚਲ ਪੈਂਦਾ ਹੈ, ਉਹਨਾਂ ਦੀ 'ਬੰਦ ਖਲਾਸੀ' ਲੋੜਦਾ ਹੈ ਤੇ ਉਸਦੇ ਨਾਮ-ਸਿਮਰਨ ਦੀ ਬਰਕਤ ਨਾਲ

ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ ।[2]

ਭਾਈ ਗੁਰਦਾਸ ਵਰਣਿਤ ਭਗਤ ਦੇ ਮਨ ਵਿਚ ਭਗਵਾਨ ਵਾਸਤੇ 'ਭਾਉ' ਹੈ, ਇਹ ਭਾਉ ਹੀ ਗੋਬਿੰਦ ਨੂੰ ਪਰਵਾਨ ਹੈ :—

ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ ।[3]

ਭਗਤ ਦੀ ਆਰਾਧਨਾ ਦਾ ਪੂਰਾ ਉਸਦਾ ਨਿਸਚਾ ਹੈ, ਭਗਤ ਨਾਮ ਦੇਵ ਨੂੰ ਜਦੋਂ

ਨਿਹਚਉ ਕਰ ਆਰਾਧਿਆ (ਤਾਂ ਪ੍ਰਭੂ ਨੇ) ਹੋਇ ਦਇਆਲ ਦਰਸ ਦਿਖਲਾਇਆ ।[4]

ਉਹ ਅਧਿਆਤਮੀ ਕਰਮ ਕਰਦਾ ਹੋਇਆ ਇਸ ਅਜੋਕ ਕਰਤਬ ਨੂੰ ਗੁਪਤ ਰਖਦਾ ਹੈ, ਇਸ ਦਾ ਦਿਖਾਵਾ ਨਹੀਂ ਕਰਦਾ ।[5] ਸਾਧ ਸੰਗਤ ਵਿਚ ਜਾ ਕੇ ਆਪਣੇ ਗੁਰੂ ਦੀ ਬਾਣੀ ਸੁਣਦਾ ਹੈ ।[6] ਸੰਤਾਂ ਦੀ ਸੰਗਤ ਤੇ ਪ੍ਰਭੂ ਦੇ ਜਸ-ਗਾਇਨ ਕੀਰਤਨ ਨੂੰ ਕਿਸੇ ਕੀਮਤ ਤੇ ਵੀ ਨਹੀਂ ਛਡਦਾ ।[7]

ਕੁਝ ਇਹੋ ਜਿਹਾ ਸਰੂਪ ਹੈ ਭਗਤ ਦਾ ਜੋ ਭਾਈ ਸਾਹਿਬ ਦੀਆਂ ਵਾਰਾਂ ਵਿਚ ਥਾਂ-ਪਰ-ਥਾਂ ਚਿਤਰਿਤ ਹੋਇਆ ਹੈ ।

---

1. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 2.
2. ਉਹੀ , ਵਾਰ 10 ਪਉੜੀ 5.
3. ਉਹੀ , ਵਾਰ 10 ਪਉੜੀ 7.
4. ਉਹੀ , ਵਾਰ 10, ਪਉੜੀ 11.
5. ਉਹੀ , ਵਾਰ 10, ਪਉੜੀ 14.
6. ਉਹੀ , ਵਾਰ 10, ਪਉੜੀ 6.
7. ਉਹੀ , ਵਾਰ 10, ਪਉੜੀ 16.

(7) ਮਨਮੁਖ ਦਾ ਸੰਕਲਪ:-

ਮਨਮੁਖ: ਗੁਰਬਾਣੀ ਵਿਚ, 'ਗੁਰਮੁਖ', ਤੇ 'ਮਨਮੁਖ' ਸ਼ਬਦ ਬੜੀ ਵਾਰੀ ਵਰਤੇ ਗਏ ਹਨ। ਭਾਈ ਸਾਹਿਬ ਦੀਆਂ ਵਾਰਾਂ ਦਾ ਆਧਾਰ ਕਿਉਂਕਿ ਗੁਰਬਾਣੀ ਹੀ ਹੈ, ਇਸ ਲਈ ਭਾਈ ਸਾਹਿਬ ਦੀ ਰਚਨਾ ਵਿਚ ਵੀ 'ਗੁਰਮੁਖ' ਤੇ 'ਮਨਮੁਖ' ਸ਼ਬਦਾਂ ਦੀ ਅਨੇਕ ਭਾਂਤੀ ਵਰਤੋਂ ਮਿਲਦੀ ਹੈ। ਭਾਈ ਗੁਰਦਾਸ ਨੇ ਜਿੱਥੇ ਗੁਰਮੁਖ ਦੀ ਮਹਿਮਾ ਗਾਈ ਹੈ, ਉਥੇ ਮਨਮੁਖ ਦੀ ਵੀ ਚੰਗੀ ਭਰਵੀਂ ਤਸਵੀਰ ਖਿੱਚੀ ਹੈ। ਜਿੱਥੇ ਗੁਰਮੁਖ ਦੇ ਸੁਕਰਮਾਂ ਦਾ ਜਿਕਰ ਕੀਤਾ ਹੈ ਉਥੇ ਮਨਮੁਖ ਦੀਆਂ ਕਰਤੂਤਾਂ ਵੀ ਬਿਆਨ ਕੀਤੀਆਂ ਹਨ। ਅਸਲ ਵਿਚ ਜੇ ਗੁਰਮੁਖ ਉਹ ਹੈ ਜੋ ਗੁਰੂ ਦੇ ਦੱਸੇ ਰਾਹ ਤੇ ਚੱਲੇ ਤਾਂ ਮਨਮੁਖ, ਇਸ ਦੇ ਉਲਟ, ਉਹ ਹੈ ਜੋ ਆਪਣੇ ਮਨ ਦੇ ਕਹੇ ਤੇ ਅਮਲ ਕਰੇ, ਜੇ ਇਕ ਦਾ ਮੂੰਹ ਗੁਰੂ ਵੱਲ ਹੈ ਤਾਂ ਦੂਜੇ ਦਾ ਆਪਣੇ ਮਨ ਵੱਲ। ਮਨ ਬੜਾ ਚੰਚਲ ਹੈ। ਇਸ ਦੇ ਆਖੇ ਲੱਗ ਕੇ ਖੱਜਲ ਖੁਆਰੀ ਹੁੰਦੀ ਹੈ। ਇਸ ਵਾਸਤੇ ਮਨਮੁਖ, ਵਿਸ਼ੇ ਵਿਕਾਰਾਂ ਦੀ ਖੱਡ ਵਿਚ ਜਾ ਡਿਗਦਾ ਹੈ, ਉਸ ਵਿਚ ਔਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ। ਉਹ ਆਤਮ ਵਾਦੀ ਹੋਣ ਦੀ ਥਾਂ ਵਧੇਰੇ ਪਦਾਰਥਵਾਦੀ ਬਣ ਜਾਂਦਾ ਹੈ, ਇਸੇ ਕਰਕੇ ਉਸ ਦੀ ਸੰਗਤ ਵੀ ਮਾੜੀ ਹੈ। ਮਨਮੁਖ ਦੀ ਦੁਰਦਸ਼ਾ ਦਾ ਵਰਣਨ ਹੇਠ ਲਿਖੀ ਪਉੜੀ ਵਿਚ ਵੇਖੋ—

> ਸਤਿਗੁਰ ਸਾਹਿਬ ਛੱਡ ਕੇ ਮਨਮੁਖ ਹੋਇ ਬੰਦੇ ਦਾ ਬੰਦਾ।
> ਹੁਕਮੀ ਬੰਦਾ ਹੋਇ ਕੈ ਨਿਤ ਉਠ ਜਾਇ ਸਲਾਮ ਕਰੰਦਾ।
> ਆਠ ਪਹਿਰ ਹੱਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
> ਨੀਂਦ ਨ ਭੁੱਖ ਨ ਸੁੱਖ ਤਿਸ ਸੂਲੀ ਚੜਿਆ ਰਹੈ ਡਰੰਦਾ।
> ਪਾਣੀ ਪਾਲਾ ਧੁਪ ਛਾਉ ਸਿਰ ਉਤੇ ਝੱਲ ਦੁਖ ਸਹੰਦਾ।
> ਆਤਸ਼ਬਾਜੀ ਸਾਰ ਵੇਖ ਰਣ ਵਿਚ ਘਾਇਲ ਹੋਇ ਮਰੰਦਾ।
> ਗੁਰ ਪੂਰੇ ਵਿਣ ਜੂਨਿ ਭਵੰਦਾ।[1]

ਕਬੀਰ ਦਾ ਕਥਨ ਹੈ—

> ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ।
> ਮਾਖੀ ਚੰਦਨੁ ਪਰਹਰੈ ਜਹ ਬਿਗੰਧਿ ਤਹ ਜਾਇ।[2]

ਇਹੀ ਹਾਲ ਮਨਮੁਖ ਦਾ ਹੈ। ਭਾਈ ਗੁਰਦਾਸ, ਉੱਲੂ, ਸੱਪ, ਚਿੱਚੜ, ਬਾਂਸ, ਸਿੰਬਲ ਆਦਿ ਦਾ ਦ੍ਰਿਸ਼ਟਾਂਤ ਦੇ ਕੇ ਮਨਮੁਖਾਂ ਦੇ ਵਰਤਾਵ ਤੇ ਚਾਨਣ ਪਾਉਂਦੇ ਹੋਏ ਲਿਖਦੇ ਹਨ:—

---

1. ਵਾਰਾਂ ਭਾਈ ਗੁਰਦਾਸ, ਵਾਰ 15, ਪਉੜੀ 4.
2. ਆਦਿ ਗ੍ਰੰਥ, ਪੰਨਾ 1368.

ਸੀਸ ਨਿਵਾਏ ਢੀਂਗੁਲੀ ਗਲ ਬੰਧੇ ਜਲ ਊਚਾ ਆਵੈ।
ਘੁਘੂ ਸੁਝ ਨ ਸੁਝਈ, ਚਕਵੀ ਚੰਦ ਨ ਡਿਠਾ ਭਾਵੈ।
ਸਿੰਬਲ ਬਿਰਖ ਨ ਸਫਲ ਹੋਇ ਚੰਦਨ ਵਾਸ ਨ ਵਾਸ ਸਮਾਵੈ।
ਸਪੈ ਦੁਧ ਪੀਆਲੀਐ ਤੁੰਮੇ ਦਾ ਕਉੜੱਤ ਨ ਜਾਵੈ।
ਜਿਉਂ ਥਣ ਚੰਬੜ ਚਿਚੜੀ ਲਹੂ ਪੀਐ ਦੁਧ ਨ ਖਾਵੈ।
ਸਭ ਅਵਗੁਣ ਮੈ ਤਨ ਵਸਨ ਗੁਣ ਕੀਤੇ ਅਵਗੁਣ ਨੇ ਧਾਵੈ।
ਥੋਮ ਨ ਵਾਸ ਕਥੂਰੀ ਆਵੈ। [1]

ਸਤਾਰਵੀਂ ਵਾਰ ਦੀਆਂ ਪਉੜੀਆਂ ਵਿਚ ਮਨਮੁਖਾਂ ਦੀ ਸੁਭਾਵ ਦਾ ਭਰਵਾਂ ਚਿੱਤਰ ਖਿਚਿਆ ਗਿਆ ਹੈ। ਭਾਈ ਸਾਹਿਬ ਨੇ ਮਨਮੁਖ ਨੂੰ ਕਪਟ ਸਨੇਹੀ, ਅਨਅਧਿਕਾਰੀ, ਹੰਕਾਰੀ, ਖੋਟੀ ਮਤ ਵਾਲਾ, ਔਗੁਣਾਂ ਭਰਿਆ, ਆਖ ਕੇ ਉਸ ਦੇ ਸੁਭਾਵ ਦੇ ਵੱਖ ਵੱਖ ਅੰਗਾਂ ਉਤੇ ਚਾਨਣਾ ਪਾਇਆ ਹੈ। ਮਨਮੁਖ ਡੱਡੂ ਵਾਂਗ ਹੈ, ਜੋ ਆਪਣੇ ਮੰਦੇ ਭਾਗਾਂ ਦੇ ਕਾਰਨ ਚਿੱਕੜ ਵਿਚ ਹੀ ਫਸਿਆ ਰਹਿੰਦਾ ਹੈ ਪਰ ਉਥੇ ਹੀ ਉਗੇ ਹੋਏ ਕਮਲ ਫੁੱਲ ਦੀ ਖੁਸ਼ਬੋ ਨਹੀਂ ਮਾਣਦਾ।[2] ਮਨਮੁਖ ਬਗਲ ਵਰਗਾ ਕਪਟ ਸਨੇਹੀ ਹੈ, ਉਹ ਤੀਰਥਾਂ ਉਤੇ ਜਾ ਕੇ ਵੀ, ਬਗਲੇ ਦੀ ਸਮਾਧੀ ਵਾਂਗ, ਠੱਗੀ ਕਰਦਾ ਹੈ।[3] ਮਨਮੁਖ ਉੱਲੂ ਦੀ ਨਿਆਈਂ, ਗਿਆਨ ਦੇ ਸੂਰਜ ਵਲੋਂ ਅੱਖਾਂ ਮੁੰਦ ਲੈਂਦਾ ਹੈ, ਹਾਥੀ ਵਾਂਗ ਗੰਗਾ ਤੇ ਇਸ਼ਨਾਨ ਕਰ ਕੇ ਵੀ ਖੇਹ ਹੀ ਉਡਾਂਦਾ ਤੇ ਆਪਣੇ ਸਿਰ ਪਾਂਦਾ ਹੈ। ਜਿਵੇਂ ਤੁੰਮੇ ਵਿਚ ਅੰਮ੍ਰਿਤ ਨਹੀਂ ਸਿੰਜਰਿਆ ਜਾ ਸਕਦਾ, ਉਸੇ ਤਰ੍ਹਾਂ ਮਨਮੁਖ ਦੇ ਮਨ ਵਿਚ ਗੁਰਉਪਦੇਸ਼ ਨਹੀਂ ਟਿਕਦਾ। ਸਿੰਮਲ, ਚੀਲ ਤੇ ਬਾਂਸ ਵਾਂਗ ਆਪਣੇ ਹੀ ਹੰਕਾਰ ਵਿਚ ਸੜਦਾ ਹੈ, ਪਰ ਚੰਦਨ ਦੀ ਸੁਗੰਧੀ ਆਪਣੇ ਅੰਦਰ ਨਹੀਂ ਵੱਸਣ ਦੇਂਦਾ। ਮਨਮੁਖ ਪੱਥਰ ਵਾਂਗ ਚਿੱਤ ਦਾ ਕਠੋਰ ਹੈ। ਬੂਆੜ ਤਿਲ ਵਾਂਗ ਇਹ ਪਖੰਡੀ, ਦਿੱਸਣ ਨੂੰ ਤਾਂ ਸੋਹਣਾ ਹੈ ਪਰ ਗੁਣਾਂ ਤੋਂ ਹੀਣਾ ਹੋਣ ਕਰ ਕੇ ਜਮਾਂ ਦੀ ਮਾਰ ਖਾਂਦਾ ਹੈ। ਜੰਗਲ ਵਿਚ ਰਸਦਾਰ ਫਲਾਂ ਵਾਲੇ ਅਨੇਕਾਂ ਰੁਖ ਹੁੰਦੇ ਹੋਨ ਪਰ ਅੱਕ ਟਿੱਡਾ ਇਹਨਾਂ ਫਲਾਂ ਦਾ ਰਸ ਨਹੀਂ ਚਖਦਾ, ਅੱਕ ਉਤੇ ਹੀ ਜਾ ਬਹਿੰਦਾ ਹੈ, ਥਣ ਨੂੰ ਲਗੀ ਜੋਕ ਦੁਧ ਨਹੀਂ ਪੀਂਦੀ, ਗੰਦਾ ਲਹੂ ਹੀ ਪੀਂਦੀ ਹੈ, ਇਹੀ ਹਾਲ ਮਨਮੁਖ ਦਾ ਹੈ। ਮਨਮੁਖ ਸਾਧ ਸੰਗਤ ਵਿਚ ਜਾ ਕੇ ਵੀ ਗਿਣਤੀਆਂ ਵਿਚ ਰੁਝਾ ਰਹਿੰਦਾ ਹੈ, ਭਾਉ-ਭਗਤੀ ਨੂੰ ਹਿਰਦੇ ਵਿਚ ਨਹੀਂ ਵਸਾਂਦਾ, ਉਸ ਨੂੰ ਸ਼ਾਂਤੀ ਨਹੀਂ ਮਿਲਦੀ। ਉਹ ਗੁਰਮੁਖਾਂ ਵਾਲੀ ਚਾਲ ਨਹੀਂ ਚਲਦਾ, ਵਿਕਾਰੀ ਰਾਹਾਂ ਤੇ ਟੁਰਦਾ ਹੈ, ਇਸੇ ਲਈ ਉਸ ਨੂੰ ਘਾਟਾ ਹੈ "ਮਨਮੁਖ ਟੋਟਾ ਗੁਰਮੁਖ ਲਾਹਾ।[4]

1. ਵਾਰਾਂ ਭਾਈ ਗੁਰਦਾਸ, ਵਾਰ 6 ਪਉੜੀ 20
2. ਉਹੀ ,, ਵਾਰ 17, ਪਉੜੀ 1.
3. ਉਹੀ ,, ਵਾਰ 17, ਪਉੜੀ 3.
4. ਉਹੀ ---- – ਪਉੜੀ 4 ਤੇ ਹੋਰ ਪਉੜੀਆਂ।

ਭਾਈ ਸਾਹਿਬ ਨੇ ਪੰਜਵੀਂ ਵਾਰ ਦੀ ਸੋਲਵੀਂ ਪਉੜੀ ਵਿਚ ਗੁਰਮੁਖ ਨੂੰ ਪਤੀਬ੍ਰਤਾ ਨਾਰੀ ਦੇ ਰੂਪ ਵਿਚ ਚਿਤਰ ਕੇ ਇਹ ਦਸਿਆ ਹੈ ਕਿ ਪਤੀਬ੍ਰਤਾ ਇਸਤਰੀ ਮੁਕਤੀ ਦਾ ਦਰਵਾਜ਼ਾ ਹੈ ਪਰ ਇਸ ਦੇ ਟਾਕਰੇ ਤੇ ਜੋ ਇਸਤਰੀ ਪਤੀਬ੍ਰਤਾ ਨਹੀਂ ਹੈ, ਦੁਹਾਗਣਾਂ ਵਾਂਗ ਘਰ ਘਰ ਹੰਢਦੀ ਹੈ ਜਾਂ ਬਹੁਤ ਮਿਤਰਾਂ ਵਾਲੀ ਵੇਸਵਾ ਹੈ, ਉਸ ਨੂੰ ਨਰਕ ਦਾ ਰਾਹ ਦਸਿਆ ਹੈ ਤੇ ਗੁਰਮੁਖ ਦੇ ਉਲਟ ਮਨਮੁਖ ਕਹਿ ਕੇ ਦੁਰਕਾਰਿਆ ਹੈ। ਮਨਮੁਖ ਵੇਸਵਾ ਵਾਂਗ ਹੀ ਹੈ, ਨਾ ਵੇਸਵਾ ਕਿਸੇ ਇਕ ਨਾਲ ਪ੍ਰੀਤ ਪਾਂਦੀ ਹੈ ਤੇ ਨਾ ਹੀ ਮਨਮੁਖ ਇਕ ਅਕਾਲ ਪੁਰਖ ਨਾਲ ਜੁੜਦਾ ਹੈ:—

ਜਿਉ ਬਹੁ ਮਿੱਤ੍ਰੀ ਵੇਸਿਆ ਸਭ ਕੁਲੱਖਣ ਪਾਪ ਕਮਾਵੈ।
ਲੋਕਹੁੰ ਦੇਸਹੁੰ ਬਾਹਰੀ ਤਿਹੁ ਪੱਖਾਂ ਕਾਲੰਕ ਲਗਾਵੈ।
ਡੁੱਬੀ ਡੋਬੇ ਹੋਰਨਾਂ ਮਹੁਰਾ ਮਿੱਠਾ ਹੋਇ ਪਚਾਵੈ।
ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।
ਦੁਹੀਂ ਸਰਾਈ ਜਰਦਰੂ ਪੱਥਰ ਬੇੜੀ ਪੂਰ ਡੁਬਾਵੈ।
ਮਨਮੁਖ ਮਨ ਅਠ ਖੰਡ ਹੋਇ ਦੁਸਟਾ ਸੰਗਤਿ ਭਰਮ ਭੁਲਾਵੈ।
ਵੇਸਵਾ ਪੁੱਤ ਨ ਨਾਉ ਸਦਾਵੈ।[1]

ਜਿਥੇ ਗੁਰਮੁਖ ਕੇਵਲ ਇਕ ਨਾਲ ਹੀ ਪਰਚਦਾ ਹੈ, ਉਥੇ ਮਨਮੁਖ "ਦੂਜੈ ਭਾਇ ਲਗ"[2] ਭੰਬਲ ਭੂਸੇ ਖਾਂਦਾ ਤੇ ਖੁਆਰ ਹੁੰਦਾ ਹੈ। ਦੋਹਾਂ ਦੇ ਸੁਭਾਵ ਦੇ ਇਸ ਅੰਤਰ ਨੂੰ ਭਾਈ ਸਾਹਿਬ ਨੇ ਟਾਕਰਾ—ਵਿਧੀ ਅਨੁਸਾਰ ਉਜਾਗਰ ਕੀਤਾ ਹੈ।

ਹੰਸ ਨ ਛੱਡੇ ਮਾਨ ਸਰ, ਬਗੁਲਾ ਬਹੁ ਛਪੜ ਫਿਰ ਆਵੈ।
ਕੋਇਲ ਬੋਲੈ ਅੰਬ ਵਣ, ਵਣ ਵਣ ਕਾਉ ਕੁਥਾਉ ਸੁਨਾਵੈ।
ਵਗ ਨ ਹੋਵਨ ਕੁਤੀਈ, ਗਾਈ ਗੋਰਸ ਵੰਸ ਵਧਾਵੈ।
ਸਫਲ ਬਿਰਖ ਨਿਹਚਲ ਮਤੀ, ਨਿਹਫਲ ਮਾਣਸ ਦਹਦਿਸ ਧਾਵੈ।
ਅੱਗ ਤਤੀ ਜਲ ਸੀਅਲਾ, ਸਿਰ ਉੱਚਾ ਨੀਵਾਂ ਦਿਖਲਾਵੈ।
ਗੁਰਮੁਖ ਆਪ ਗਵਾਇਆ, ਮਨਮੁਖ ਮੂਰਖ ਆਪ ਗਣਾਵੈ।
ਦੂਜਾ ਭਾਉ ਕੁਦਾਉ ਹਰਾਵੈ।[3]

ਗੁਰਮੁਖ ਹੰਸ, ਕੋਇਲ, ਗਊ, ਅਚਲ ਸਫਲ ਬ੍ਰਿਖ, ਜਲ ਵਾਂਗ ਹੈ ਤੇ ਕਿਸੇ ਗੱਲ ਦਾ ਹੰਕਾਰ ਨਹੀਂ ਕਰਦਾ, ਪਰ ਮਨਮੁਖ ਬਗਲਾ ਹੈ, ਕਾਂ ਹੈ, ਕੁੱਤਾ ਹੈ, ਦਸਾਂ ਦਿਸ਼ਾਵਾਂ ਵੱਲ ਧਾਉਂਦਾ ਹੈ,

1. ਵਾਰਾਂ ਭਾਈ ਗੁਰਦਾਸ ਵਾਰ 5, ਪਉੜੀ 17.
2. ਉਹੀ ,, ਵਾਰ 5, ਪਉੜੀ 20.
3. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 19.

ਅੱਗ ਦੇ ਲੂੰਬੇ ਵਾਂਗ ਉੱਚਾ ਉੱਚਾ ਹੁੰਦਾ ਹੈ, ਮੂਰਖ ਹੈ ।

ਮਨਮੁਖ ਮੂਰਖ ਹੈ । ਮਨਮੁਖ ਦੇ ਇਸ ਰੂਪ ਨੂੰ ਭਾਈ ਸਾਹਿਬ ਨੇ 32 ਵੀਂ ਵਾਰ ਦੀਆਂ ਪਉੜੀਆਂ ਵਿਚ ਚਿਤਰਿਆ ਹੈ । 34 ਵੀਂ ਵਾਰ ਵਿਚ ਮਨਮੁਖ ਲਈ "ਬੇਮੁਖ" ਸ਼ਬਦ ਵਰਤ ਕੇ ਇਸ ਦੇ ਸੁਭਾਵ ਤੋਂ ਜਾਣੂ ਕਰਵਾਇਆ ਹੈ । ਜਿਵੇਂ ਅੰਨ੍ਹੇ ਮਨੁੱਖ ਨੂੰ ਚੰਦ ਦਾ ਪ੍ਰਕਾਸ਼ ਨਹੀਂ ਦਿਸਦਾ, ਬੋਲਾ ਰਾਗ ਨਹੀਂ ਸੁਣ ਸਕਦਾ, ਗਣਗੁਣੇ ਨੂੰ ਸੁਗੰਧੀ ਦੀ ਖ਼ਬਰ ਨਹੀਂ, ਗੁੰਗਾ ਬੋਲਣ ਤੋਂ ਅਸਮਰਥ ਹੈ, ਸਭ ਕੁਝ ਹੁੰਦਿਆ ਵੀ ਅਜਿਹੇ ਲੋਕ ਆਪਣੀ ਹੀ ਘਾਟ ਕਾਰਨ ਕਿਸੇ ਚੀਜ਼ ਦਾ ਅਨੰਦ ਨਹੀਂ ਮਾਣ ਸਕਦੇ, ਇਸੇ ਤਰ੍ਹਾਂ ਬੇਮੁਖ ਨੂੰ ਵੀ ਕੋਈ ਲਾਭ ਨਹੀਂ ਹੁੰਦਾ । ਸਤਿਗੁਰ ਤਾਂ ਸਮੁੰਦਰ ਹੈ, ਇਸ ਵਿਚੋਂ ਸਭ ਨੂੰ ਸਤਿ ਸੰਤੋਖ ਰੂਪੀ ਨਿਧੀਆਂ ਪ੍ਰਾਪਤ ਹੋਈਆਂ, ਪਰ ਬੇਮੁਖ, ਮਨਮੁਖ, ਆਪਣੇ ਹੀ ਦੋਸ਼ਾਂ ਕਾਰਨ ਏਸ ਸਤਿਗੁਰ ਸਾਗਰ ਵਿਚੋਂ ਕੁਝ ਨਹੀਂ ਲੈ ਸਕਿਆ, ਇਸ ਦੇ ਹੱਥ ਘੋਗੇ ਹੀ ਆਏ ਹਨ । [1]

ਬੇਮੁਖ ਦੀ ਦਸ਼ਾ "ਆਪ ਨ ਵੰਞੈ ਸਾਹੁਰੈ ਲੋਕਾਂ ਮਤੀਂ ਦੇ" ਵਾਲੀ ਹੈ, ਇਸੇ ਕਰਕੇ ਦੋਹਾਂ ਜਹਾਨਾਂ ਵਿਚ ਉਹ ਸ਼ਰਮਿੰਦਾ ਹੋ ਕੇ ਪਛਤਾਉਂਦਾ ਹੈ । ਜਿਵੇਂ ਬਾਂਦਰ ਆਪਣੇ ਗਲ ਵਿਚ ਪਏ ਰਤਨਾਂ ਤੇ ਮਣੀਆਂ ਦੇ ਹਾਰ ਦਾ ਮੁੱਲ ਨਹੀਂ ਜਾਣਦਾ, ਭੋਜਨ ਵਿਚ ਰਹਿੰਦੀਆਂ ਵੀ ਕੜਛੀ ਨੂੰ ਕਿਸੇ ਚੀਜ਼ ਦਾ ਸੁਆਦ ਨਹੀਂ, ਮਿਲਦਾ, ਡੱਡੂ ਚਿੱਕੜ ਵਿਚ ਹੀ ਮਸਤ ਹੈ ਤੇ ਕੌਂਵਲ ਫੁਲ ਦੀ ਉਸ ਨੂੰ ਪਛਾਣ ਨਹੀਂ, ਹਿਰਨ ਦੀ ਨਾਭੀ ਵਿਚ ਕਸਤੂਰੀ ਹੈ ਪਰ ਪਤਾ ਨਾ ਹੋਣ ਕਰ ਕੇ ਹੈਰਾਨ ਹੈ, ਇਸੇ ਤਰ੍ਹਾਂ ਬੇਮੁਖ ਦਾ ਹਾਲ ਹੈ, ਉਹ ਆਪਣੇ ਅਸਲੇ ਤੋਂ ਖੁਸ ਗਿਆ ਹੈ, ਵਿਛੜ ਗਿਆ ਹੈ, ਉਸ ਨੂੰ ਦੁਖ ਹੀ ਦੁਖ ਸਹਾਰਨੇ ਪੈਂਦੇ ਹਨ । ਦੁਹਾਗਣ ਤੇ ਛੁੱਟੜ ਇਸਤਰੀ ਵਾਂਗ ਹੀ ਉਸ ਨੂੰ ਜੀਵਨ ਵਿਚ ਕੋਈ ਸੁਖ ਨਹੀਂ ਮਿਲਦਾ । ਬੇਮੁਖ ਝੂਠਾ ਹੈ, ਨਿਕੰਮਾ ਹੈ, ਸੁੱਕੇ ਰੁੱਖ ਵਰਗਾ ਹੈ । ਬੇਮੁਖ ਦੀ ਸੰਗਤ ਵਿਚ ਖ਼ਤਰਾ ਹੈ । [2]

ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਬੇਮੁਖ ਜਿਹਨਾ ਬੁਰਾ ਹੋਰ ਕੋਈ ਨਹੀਂ, ਉਹ ਮਹਾਂ ਪਾਪੀ ਹੈ :—

ਬਾਮ੍ਹਣ ਗਾਈਂ ਵੰਸ ਘਾਤ ਅਪਰਾਧ ਕਰਾਰੇ ।
ਮਦ ਪੀ ਜੂਏ ਖੇਲਦੇ ਜੋਹਨ ਪਰਨਾਰੇ ।
ਮੋਹਨ ਪਰਾਈ ਲਖਮੀ ਠਗ ਚੋਰ ਚਗਾਰੇ ।
ਵਿਸਵਾਸ ਧ੍ਰੋਹੀ ਅਕ੍ਰਿਤਘਣ ਪਾਪੀ ਹਤਿਆਰੇ ।
ਲਖ ਕਰੋੜੀ ਜੋੜੀਅਨ ਅਣਗਿਣਤ ਅਪਾਰੇ ।
ਇਕਤ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ । [3]

1. ਵਾਰਾਂ ਭਾਈ ਗੁਰਦਾਸ, ਵਾਰ 34, ਪਉੜੀ 9.
2. ਉਹੀ , ਵਾਰ 34 ਪਉੜੀ 3,4,11,12,15.
3. ਉਹੀ , ਵਾਰ 34, ਪਉੜੀ 16.

ਗੁਰਮੁਖ ਤੇ ਮਨਮੁਖ ਜਾਂ ਬੇਮੁਖ ਬਾਰੇ ਭਾਈ ਗੁਰਦਾਸ ਦੇ ਵਿਚਾਰ ਬੜੇ ਨਿੱਗਰ ਤੇ ਸਪੱਸ਼ਟ ਹਨ ਓਹਨਾਂ ਦੇ ਆਚਰਨ, ਸੁਭਾਵ, ਕੰਮ ਕਰਤੂਤ ਆਦਿ ਨੂੰ ਅਨੇਕਾਂ ਢੰਗਾਂ ਨਾਲ ਤੇ ਜੀਵਨ ਵਿਚ ਵਰਤੀਂਦੀਆਂ ਅਨੇਕਾਂ ਚੀਜ਼ਾਂ ਦੀਆਂ ਮਿਸਾਲਾਂ ਦੇ ਕੇ, ਬਿਆਨ ਕੀਤਾ ਗਿਆ ਹੈ। ਜੇ ਗੁਰਮੁਖ ਤੇ ਮਨਮੁਖ ਬਾਰੇ ਲਿਖੀਆਂ ਸਾਰੀਆਂ ਪਉੜੀਆਂ ਨੂੰ ਵਾਚਿਆ ਜਾਵੇ ਤਾਂ ਦੋਵੇਂ ਆਪੋ ਆਪਣੇ ਰੂਪ ਵਿਚ ਸਾਕਾਰ ਹੋ ਖਲੌਂਦੇ ਹਨ। ਕਈਆਂ ਪਉੜੀਆਂ ਵਿਚ ਭਾਈ ਸਾਹਿਬ ਨੇ ਦੋਹਾਂ ਨੂੰ ਇੱਕਠਾ ਹੀ ਚਿਤਰਿਆ ਹੈ ਤਾਂ ਜੋ ਦੋਹਾਂ ਵਿਚਲਾ ਫ਼ਰਕ ਇਕ ਨਜ਼ਰ ਵਿਚ ਹੀ ਸਪੱਸ਼ਟ ਦਿਸ ਪਵੇ :-

ਗੁਰਮੁਖ ਪੰਥ ਸੁਹੇਲੜਾ, ਮਨਮੁਖ ਬਾਰਹ ਵਾਟ ਫਿਰੰਦੇ।
ਗੁਰਮੁਖ ਪਾਰ ਲੰਘਾਇੰਦਾ, ਮਨਮੁਖ ਭਵਜਲ ਵਿਚ ਡੁਬੰਦੇ।
ਗੁਰਮੁਖ ਜੀਵਨ ਮੁਕਤ ਕਰ, ਮਨਮੁਖ ਫਿਰ ਫਿਰ ਜਨਮ ਮਰੰਦੇ।
ਗੁਰਮੁਖ ਸੁਖ ਫਲ ਪਾਇੰਦੇ, ਮਨਮੁਖ ਦੁਖ ਫਲ ਦੋਖ ਲਹੰਦੇ।
ਗੁਰਮੁਖ ਦਰਗਹ ਸੁਰਖਰੂ, ਮਨਮੁਖ ਜਮਪੁਰ ਡੰਡ ਸਹੰਦੇ।
ਗੁਰਮੁਖ ਆਪ ਗਵਾਇਆ, ਮਨਮੁਖ ਹਉਮੈ ਅਗਨ ਜਲੰਦੇ।
ਬੰਦੀ ਅੰਦਰ ਵਿਰਲੇ ਬੰਦੇ।[1]

ਜਿਵੇਂ ਕਿ ਉਪਰ ਕਿਹਾ ਗਿਆ ਹੈ ਕਿ ਭਾਈ ਸਾਹਿਬ ਵੱਖ ਵੱਖ ਸੁਭਾਵ ਵਾਲੀਆਂ ਚੀਜ਼ਾਂ ਦੀਆਂ ਮਿਸਾਲਾਂ ਦੇ ਕੇ ਵੀ ਗੁਰਮੁਖ ਤੇ ਮਨਮੁਖ ਦੇ ਵਰਤਾਰੇ ਦਾ ਫ਼ਰਕ ਦਸਦੇ ਹਨ, ਇਸ ਸੰਬੰਧ ਵਿਚ ਹੇਠ ਲਿਖੀ ਪਉੜੀ ਵਾਚਣ ਜੋਗ ਹੈ:-

ਥੋਮ ਕਥੂਰੀ ਵਾਸ ਜਿਉਂ, ਕੰਚਨ ਲੋਹ ਨਹੀਂ ਇਕ ਵੰਨਾ।
ਫਟਕ ਨ ਹੀਰੇ ਤੁੱਲ ਹੈ, ਸਿਮਸਰ ਨੜੀ ਨ ਵੁਠੀਐ ਗੰਨਾ।
ਤੁਲ ਨ ਰਤਨਾ ਰੱਤਕਾ, ਮੁਲ ਨ ਕੱਚ ਵਿਕਾਵੇ ਪੰਨਾ।
ਦੁਰਮਤ ਧੁਮਨ ਵਾਣੀਐ, ਗੁਰਮਤ ਬੋਹਿਥ ਬੰਨਾ।
ਨਿੰਦਾ ਹੋਵੈ ਬੁਰੇ ਦੀ, ਜੈ ਜੈ ਕਾਰ ਭਲੇ ਧੰਨ ਧੰਨਾ।
ਗੁਰਮੁਖ ਪਰਗਟ ਜਾਣੀਐ, ਮਨਮੁਖ ਸਚੁ ਰਹੈ ਪਰਛੰਨਾ।
ਕੰਮ ਨ ਆਵੈ ਭਾਂਡਾ ਭੰਨਾ।[2]

1. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 15.
2. ਉਹੀ ,, ਵਾਰ 31, ਪਉੜੀ 11.

ਭਾਈ ਸਾਹਿਬ ਨੇ ਗੁਰਮੁਖ ਦੀ ਉਚ-ਆਤਮਕ-ਅਵੱਸਥਾ ਦਰਸਾ ਕੇ ਮਨੁੱਖ ਨੂੰ ਗੁਰਮੁਖ ਬਣਨ ਦੀ ਪ੍ਰੇਰਣਾ ਕੀਤੀ ਹੈ। ਇਸ ਦੇ ਨਾਲ ਹੀ ਮਨਮੁਖ ਦੀ ਦੁਰਦਸ਼ਾ ਦਾ ਚਿੱਤਰ ਖਿਚ ਕੇ ਮਨੁੱਖ ਨੂੰ ਮਨਮੁਖ ਬਣਨ ਤੋਂ ਰੋਕਿਆ ਹੈ। ਭਾਈ ਸਾਹਿਬ ਨੇ, ਜੀਵਨ ਵਿਚ, ਕੇਵਲ ਮਨਮੁਖ ਤੇ ਬੇਮੁਖ ਹੀ ਮੰਦ-ਕਰਮੀ ਨਹੀਂ ਡਿੱਠੇ ਜਾਪਦੇ। ਆਪ ਨੇ ਭਰਪੂਰ ਜੀਵਨ ਜੀਵਿਆ, ਅਨੇਕਾਂ ਭਾਂਤ ਦੇ ਲੋਕਾਂ ਨਾਲ ਸੰਪਰਕ ਵਿਚ ਆਏ। ਇਹਨਾਂ ਲੋਕਾਂ ਵਿਚ ਚੰਗੇ ਵੀ ਸਨ ਤੇ ਮਾੜੇ ਵੀ। ਇਹਨਾਂ ਲੋਕਾਂ ਵਿਚ ਹੀ ਦੁਬਾਜਰੇ, ਨਿੰਦਕ, ਲੂਣ ਹਰਾਮੀ, ਅਕਿਰਤਘਣ ਪੂਜਾ ਦਾ ਧਾਨ ਖਾਣ ਵਾਲੇ, ਪਖੰਡੀ ਤੇ ਭੇਖੀ ਸਾਧ ਆਦਿ ਵੀ ਸਨ। ਭਾਈ ਗੁਰਦਾਸ ਨੇ ਆਪਣੀ ਰਚਨਾ ਦੁਆਰਾ ਚੰਗਾ ਤੇ ਸੁਰਖਰੂ ਜੀਵਨ ਬਿਤਾਉਣ ਦੀ ਜਾਚ ਦੱਸੀ। ਇਸ ਲਈ ਅਜਿਹੇ ਲੋਕਾਂ ਦਾ ਵਰਣਨ ਵੀ ਆਪ ਦੀਆਂ ਵਾਰਾਂ ਵਿਚ ਆ ਗਿਆ, ਇਕ ਤਾਂ ਇਸ ਲਈ ਕਿ ਅਜਿਹੇ ਲੋਕ ਆਪਣੇ ਜੀਵਨ ਦਾ ਸੁਧਾਰ ਕਰ ਲੈਣ ਤੇ ਦੂਜਾ ਇਸ ਲਈ ਕਿ ਹੋਰ ਲੋਕ ਇਹਨਾਂ ਦੀ ਸੰਗਤ ਨਾ ਕਰਨ, ਇਹੋ ਜਿਹੇ ਨਾ ਬਣਨ।

ਦੁਬਾਜਰਾ :- ਭਾਈ ਸਾਹਿਬ ਦੀ 33ਵੀਂ ਵਾਰ ਵਿਚ ਦੁਬਾਜਰੇ, ਭਾਵ ਦੋ ਪਾਸੀਂ ਸਾਂਝ ਰੱਖਣ ਵਾਲੇ ਸ਼ਰਾਰਤੀ ਮਨੁੱਖ ਦਾ ਵਰਣਨ ਹੈ। ਭਾਈ ਸਾਹਿਬ ਦਸਦੇ ਹਨ ਕਿ ਦੁਬਾਜਰੇ ਦਾ ਹਸ਼ਰ ਸਦਾ ਹੀ ਮਾੜਾ ਹੁੰਦਾ ਹੈ। ਆਪ ਦੁਬਾਜਰੇ ਨੂੰ ਦੁਸ਼ਟ ਕਹਿ ਕੇ ਪੁਕਾਰਦੇ ਹਨ ਤੇ ਕਹਿੰਦੇ ਹਨ ਕਿ ਦੁਬਾਜਰਾ ਦੁਖੀਆ ਹੈ। ਜਿਵੇਂ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ ਹੁੰਦੇ ਹਨ, ਇਸੇ ਤਰ੍ਹਾਂ ਦੁਬਾਜਰੇ ਦਾ ਵੀ ਕੋਈ ਇਤਬਾਰ ਨਹੀਂ;[1] ਦੁਬਾਜਰਾ ਅਗੋਂ ਮਿਠਾ ਤੇ ਪਰ ਪਿਛੋਂ ਕੌੜਾ ਹੈ।[2] ਭਾਈ ਸਾਹਿਬ ਨੇ ਸ਼ੀਸ਼ੇ ਦਾ ਦ੍ਰਿਸ਼ਟਾਂਤ ਦੇ ਕੇ ਦੁਬਾਜਰੇ ਦੀ ਦੁਰਦਸ਼ਾ ਦਾ ਵਰਣਨ ਕੀਤਾ ਹੈ, ਦੁਬਾਜਰੇ ਨੂੰ ਵਿਭਚਾਰਨ ਇਸਤਰੀ ਦੇ ਬਰਾਬਰ ਦਸਕੇ ਮੰਦੀ ਹਾਲਤ ਚਿਤਰੀ ਹੈ। ਅਠਵੀਂ ਤੋਂ ਇਕਵੀਂ ਪਉੜੀ ਤਕ ਇਹੀ ਗੱਲ ਸਾਬਤ ਕੀਤੀ ਹੈ ਕਿ ਦੁਬਾਜਰਾ ਬਹੁਤ ਨੀਚ ਕਿਸਮ ਦਾ ਘਟੀਆ ਤੇ ਖ਼ਤਰਨਾਕ ਮਨੁੱਖ ਹੈ। ਇਥੇ ਵੀ ਭਾਈ ਸਾਹਿਬ ਨੇ ਜੀਵਨ ਵਿਚੋਂ ਮਿਸਾਲਾਂ ਪੇਸ਼ ਕੀਤੀਆਂ ਹਨ। ਦੋ-ਮੂੰਹਾਂ ਸੱਪ, ਬਹੁਤੇ ਮਿਤਰਾਂ ਵਾਲੀ ਵੇਸਵਾ, ਖੋਟਾ ਰੁਪਇਆ, ਕਾਂ, ਅੜੀਅਲ ਬਲਦ, ਸੂਰ ਮੁਰਗਾ, ਹਰਜਾਈ ਭੌਰਾ, ਕੁਆੜ ਤਿਲ, ਕਨੇਰ ਦੀ ਕਲੀ, ਨੜ, ਬਾਂਸ, ਅੱਕ ਧਤੂਰਾ, ਆਦਿ ਦੇ ਮਾੜੇ ਪੱਖ ਨੂੰ ਸਾਹਮਣੇ ਰਖ ਕੇ ਦੁਬਾਜਰੇ ਮਨੁੱਖ ਨਾਲ ਚੰਗੀ ਜਾਣ ਪਛਾਣ ਕਰਾਈ ਹੈ। ਦੁਬਾਜਰਾ ਕਿਵੇਂ ਦੁਖੀ ਹੈ, ਇਸ ਸੰਬੰਧ ਵਿਚ ਦੋ ਪਉੜੀਆਂ ਨਮੂਨੇ ਵਜੋਂ ਵੇਖੋ :-

ਦੁਖੀਆਂ ਦੁਸ਼ਟ ਦੁਬਾਜਰਾ ਭਾਵੈ ਰੰਗਹੁ ਕੇਹਾ ਹੋਵੈ।

1. ਵਾਰਾਂ ਭਾਈ ਗੁਰਦਾਸ, ਵਾਰ 33, ਪਉੜੀ 12.
2. ਉਹੀ , ਵਾਰ 33, ਪਉੜੀ 15.

ਬਾਹਰ ਦਿਸੈ ਉਜੱਲਾ ਅੰਦਰ ਮਸੁਨ ਧੋਪੈ ਧੋਵੈ।
ਸੰਨ੍ਹੀ ਜਾਣ ਲੁਹਾਰ ਦੀ ਹੋਇ ਦੁਮੂਹੀ ਕੁਸੰਗ ਵਿਗੋਵੈ।
ਖਿਣ ਤੱਤੀ ਆਹਰਣ ਵੜੈ ਖਿਣ ਠੰਢੀ ਜਲ ਅੰਦਰ ਟੋਵੈ।
ਕੁਮਾ ਦਿਸੈ ਸੋਹਣਾ ਵਿਹੁ ਮਿਤਾਲਾ ਵਿਸ ਵਿਲੋਵੈ।
ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੇ ਅੰਞੂ ਰੋਵੈ।
ਕਲੀ ਕਨੇਰ ਨਾ ਹਾਰ ਪਰੋਵੈ।[1]

ਪੁਨਾ: ਦੁਖੀਆ ਦੂਜਣ ਦੁਬਾਜਰਾ ਬਗੁਲ ਸਮਾਧ ਰਹੈ ਇਕ ਟੰਗਾ।
ਬਜਰ ਪਾਪ ਨ ਉਤਰਨ ਘੁਟ ਘੁਟ ਜੀਅ ਖਾਹਿ ਵਿਚ ਗੰਗਾ।
ਤੀਰਥ ਨਾਵੈ ਤੂੰਬੜੀ ਤਰ ਤਰ ਤਨ ਧੋਵੈ ਕਰ ਨੰਗਾ।
ਮਨ ਵਿਚ ਵੱਸੈ ਕਾਲਕੂਟ ਭਰਮ ਨ ਉਤਰੈ ਕਰਮ ਕੁਢੰਗਾ।
ਵਰਮੀ ਮਾਰੀ ਨਾ ਮਰੈ ਬੈਠਾ ਜਾਇ ਪਤਾਲ ਭੁਇਅੰਗਾ।
ਹਸਤੀ ਨੀਰ ਨਹਵਾਲੀਐ ਨਿਕਲ ਖੇਹ ਉਡਾਵੈ ਅੰਗਾ।
ਦੂਜਾ ਭਾਉ ਦੁਆਉ ਨਾ ਚੰਗਾ।[2]

ਨਿੰਦਕ:- ਜਿਵੇਂ ਦੁਬਾਜਰੇ ਮਨੁਖ ਦੀ ਮੰਦੀ ਦਸ਼ਾ ਦਾ ਵਰਣਨ ਕੀਤਾ ਹੈ, ਉਵੇਂ ਭਾਈ ਸਾਹਿਬ ਨੇ ਨਿੰਦਾ ਕਰਨ ਵਾਲੇ ਨਿੰਦਕਾਂ ਨੂੰ ਵੀ ਖੂਬ ਤਾੜਨਾ ਕੀਤੀ ਹੈ। 35ਵੀਂ ਵਾਰ ਦੀਆਂ ਪਹਿਲੀਆਂ ਸਤ ਪਉੜੀਆਂ ਵਿਚ ਨਿੰਦਕ ਦਾ ਹੀ ਜ਼ਿਕਰ ਹੈ ਕਿ ਨਿੰਦਕ ਨਿੰਦਾ ਕਰਕੇ ਆਪਣਾ ਹੀ ਕੁਝ ਵਿਗਾੜਦਾ ਹੈ, ਜਿਸ ਦੀ ਨਿੰਦਾ ਕਰਦਾ ਹੈ ਉਸ ਦਾ ਕੁਝ ਨਹੀਂ ਵਿਗਾੜਦਾ। ਭਾਈ ਸਾਹਿਬ ਦਸਦੇ ਹਨ ਕਿ ਜਿਵੇਂ ਕੁੱਤਾ, ਸੱਪ ਪੱਥਰ ਤੇ ਖੋਤਾ ਆਪਣੀ ਆਦਤ ਤੋਂ ਮਜਬੂਰ ਹੈ ਤੇ ਮਾੜੇ ਕੰਮ ਕਰਦਾ ਹੈ ਇਸੇ ਤਰ੍ਹਾਂ ਨਿੰਦਕ ਆਪਣੇ ਨਿੰਦਾ ਕਰਨ ਦੇ ਹਠ ਤੋਂ ਰੁਕਦਾ ਨਹੀਂ ਤੇ ਆਪ ਹੀ ਆਪਣੀ ਜੜ੍ਹ ਪੁਟ ਬਹਿੰਦਾ ਹੈ।[3] ਨਿੰਦਕ ਨੂੰ ਸਤਿ ਸੰਗਤ ਚੰਗੀ ਨਹੀਂ ਲਗਦੀ, ਉਹ ਗੁਰੂ ਦੇ ਗਿਆਨ ਤੋਂ ਖਾਲੀ ਹੈ, ਉਸ ਨੇ ਨਾਮ ਨੂੰ ਭੁਲਾ ਦਿੱਤਾ ਹੈ, ਇਸੇ ਲਈ ਉਹ ਦੁਖੀ ਹੈ, ਉਸ ਨੂੰ ਨਾ ਇਥੇ ਸੁਖ ਹੈ ਨਾ ਪਰਲੋਕ ਵਿਚ ਸੁਖ ਦੀ ਆਸ ਹੈ।

ਭਾਈ ਸਾਹਿਬ ਨੇ ਮਨੁੱਖ ਨੂੰ ਨਿੰਦਾ ਕਰਨ ਦੀ ਆਦਤ ਤੋਂ ਬਚਣ ਲਈ ਵੱਡੇ ਵੱਡੇ ਲੋਕਾਂ ਦੀਆਂ ਉਦਾਹਰਣਾਂ ਦੇ ਕੇ ਦਸਿਆ ਹੈ ਕਿ ਨਿੰਦਾ ਕਰਨ ਵਾਲੇ ਦਾ ਅੰਤ ਸਦਾ ਬੁਰਾ

1. ਵਾਰਾਂ ਭਾਈ ਗੁਰਦਾਸ ਵਾਰ 33, ਪਉੜੀ 11.
2. ਉਹੀ , ਵਾਰ 33, ਪਉੜੀ 14.
3. ਉਹੀ , ਵਾਰ 35, ਪਉੜੀ 1

ਹੁੰਦਾ ਹੈ। ਨਿੰਦਾ ਦਾ ਫਲ ਕਦੀ ਵੀ ਚੰਗਾ ਜਾਂ ਸੁਖਦਾਈ ਨਹੀਂ ਹੋ ਸਕਦਾ :—

ਨਿੰਦਾ ਕਰ ਹਰਨਾਕਸ਼ੈ ਵੇਖਹੁ ਫਲ ਵੱਟੇ।
ਲੰਕ ਲੁਟਾਈ ਰਾਵਣੇ ਮਸਤਕ ਦਸ ਕੱਟੇ।
ਕੰਸ ਗਇਆ ਸਣ ਲਸ਼ਕਰੈ ਸਭ ਦੈਤ ਸੰਘੱਟੇ।
ਵੰਸ ਗਵਾਇਆ ਕੈਰਵਾਂ ਜੂਹਹਿ ਲੱਖ ਫੱਟੇ।
ਦੰਤ ਵਕਤ੍ਰ ਸਿਸਪਾਲ ਦੇ ਦੰਦ ਹੋਏ ਖੱਟੇ।
ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘੱਟੇ।
ਦੁਰਬਾਸੇ ਨੇ ਸਰਾਪ ਦੇ ਜਾਦਵ ਸਭ ਤੱਟੇ।[1]

ਨਿੰਦਕ ਆਪਣੀ ਆਦਤ ਤੋਂ ਮਜਬੂਰ ਸਭ ਦੀ ਨਿੰਦਾ ਕਰਦਾ ਹੈ ਤੇ ਭੈੜਾ ਹੈ। ਪਰ ਗੁਰੂ ਦੀ ਨਿੰਦਾ ਕਰਨ ਵਾਲਾ ਮਨੁੱਖ ਤਾਂ ਮਹਾਂ ਪਾਪੀ ਹੈ। ਨਿੰਦਾ ਕਰਨਾ ਤਾਂ ਮਨਮੁਖਾਂ ਮੂੜ੍ਹਾਂ ਦਾ ਕੰਮ ਹੈ। ਭਾਈ ਗੁਰਦਾਸ, ਗੁਰਵਾਕ :-

"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ"

ਅਨੁਸਾਰ ਇਕ ਪਉੜੀ ਵਿਚ ਲਿਖਦੇ ਹਨ :—

ਡਾਇਨ ਮਾਨਸ ਖਾਵਨੀ ਪੁਤ ਬੁਰਾ ਨਾ ਮੰਗੈ।
ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ।
ਰਾਜੇ ਧ੍ਰੋਹ ਕਮਾਵਦੇ ਰੈਬਾਰ ਸੁਰੰਗੈ।
ਬੱਜਰ ਪਾਪ ਨ ਉਤਰਹਿ ਜਾਇ ਕੀਰਤਨ ਰੰਗੈ।
ਥਰ ਥਰ ਕੰਬੈ ਨਰਕ ਜਮ ਸੁਣ ਨਿੰਦਕ ਨੰਗੈ।
ਨਿੰਦਾ ਭਲੀ ਨ ਕਿਸੇ ਦੀ ਗੁਰ ਨਿੰਦਕ ਕੁਢੰਗੈ।[2]

ਨਿੰਦਕ ਨੂੰ ਆਪਣੇ ਔਗੁਣ ਜਾਣ ਕੇ ਦੁਖ ਹੁੰਦਾ ਹੈ, ਇਸੇ ਲਈ ਉਹ ਦੂਜਿਆਂ ਦੇ ਗੁਣਾਂ ਨੂੰ ਨਾ ਸਮਝਦਾ ਹੋਇਆ ਜਾਂ ਕਦਰ ਨ ਕਰਦਾ ਹੋਇਆ, ਨਿੰਦਾ ਕਰਨ ਲਗ ਪੈਂਦਾ ਹੈ। ਇਉਂ ਗਿਣਤੀਆਂ ਵਿਚ ਪੈ ਕੇ ਆਪਣਾ ਜਨਮ ਗਵਾ ਲੈਂਦਾ ਹੈ :—

ਜਨਮ ਗਵਾਇ ਅਕਾਰਥਾ ਗੁਰ ਗਣਤ ਗਣੰਦੇ।[3]

ਅਕ੍ਰਿਤਘਣ :— ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਅਕ੍ਰਿਤਘਣ ਸਭ ਤੋਂ ਘਟੀਆ ਮਨੁੱਖ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਵੱਡੇ ਉਚੇ ਪਹਾੜ, ਕਿਲ੍ਹੇ, ਸਮੁੰਦਰ, ਨਦੀਆਂ, ਨਾਲੇ,

1. ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 5.
2. ਉਹੀ , ਵਾਰ ,35 ਪਉੜੀ 4.
3. ਉਹੀ , ਵਾਰ 35 ਪਉੜੀ 7.

ਰੁੱਖ, ਬਿਰਖ ਤੇ ਅਣਗਿਣਤ ਜੀਆ ਜੰਤ ਇਸ ਧਰਤੀ ਨੂੰ ਭਾਰੇ ਨਹੀਂ ਲਗਦੇ । ਪਰ ਅਕ੍ਰਿਤਘਣਾਂ ਦਾ ਭਾਰ ਇਸ ਤੋਂ ਸਹਾਰਿਆ ਨਹੀਂ ਜਾਂਦਾ, ਧਰਤੀ ਨੂੰ ਅਕ੍ਰਿਤਘਣ ਬਹੁਤ ਬੋਝਲ ਲਗਦੇ ਹਨ ਕਿਉਂਕਿ ਉਹ ਮੰਦਿਆਂ ਤੋਂ ਵੀ ਮੰਦੇ ਹਨ:—

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ।[1]

ਅਕ੍ਰਿਤਘਣ ਦੀ ਤਾਂ ਨਜ਼ਰ ਹੀ ਬਹੁਤ ਬੁਰੀ ਹੈ । ਇਕ ਘਟਨਾ ਦਾ ਵਰਣਨ ਕਰਕੇ ਅਕ੍ਰਿਤਘਣ ਦੀ ਮੰਦੀ ਨਜ਼ਰ ਤੋਂ ਬਚ ਕੇ ਰਹਿਣ ਲਈ ਤਾੜਨਾ ਕੀਤੀ ਹੈ :—

ਮਦ ਵਿਚ ਰਿਧਾ ਪਾਇਕੈ ਕੁਤੇ ਦਾ ਮਾਸ ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ ।
ਰੱਤੂ ਭਰਿਆ ਕਪੜਾ ਕਰ ਕੱਜਣ ਤਾਸ ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ ।
ਆਖ ਸੁਣਾਏ ਪੁਛਿਆ ਲਾਹੇ ਵਿਸਵਾਸ ।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ ।[2]

ਅਕ੍ਰਿਤਘਣ ਦਾ ਇਸ ਤੋਂ ਹੋਰ ਵਧੀਕ ਘਿਣਾਉਣਾ ਚਿੱਤਰ ਨਹੀਂ ਸੀ ਉਲੀਕਿਆ ਜਾ ਸਕਦਾ । ਭਾਈ ਸਾਹਿਬ ਦੀ ਇਹ ਪਉੜੀ ਪੜ੍ਹ ਕੇ ਕੌਣ ਹੈ ਜੋ ਅਕ੍ਰਿਤਘਣ ਬਣਨਾ ਲੋਚੇਗਾ ।

ਲੂਣ ਹਰਾਮੀ:— ਇਸ ਅਕ੍ਰਿਤਘਣ ਨਾਲ ਮਿਲਦੇ ਜੁਲਦੇ ਸੁਭਾਵ ਵਾਲਾ 'ਲੂਣ ਹਰਾਮੀ' ਵੀ ਭਾਈ ਸਾਹਿਬ ਦੀ ਨਜ਼ਰ ਤੋਂ ਬਚ ਨਹੀਂ ਸਕਿਆ । ਲੂਣ ਹਰਾਮੀ ਵੀ ਗੁਨਾਹਗਾਰ ਹੈ ।—

ਲੂਣ ਹਰਾਮੀ ਗੁਨਹਗਾਰ ਧਜ ਧੁਮਣ ਧਕਿਆ ।[3]

ਕੇਵਲ ਇਹੀ ਨਹੀਂ ਕਿ ਲੂਣ ਹਰਾਮੀ ਨੂੰ ਰੂਈ ਦੀ ਧਰ ਵਾਂਗ ਉਡਾਇਆ ਜਾਂਦਾ ਹੈ, ਕੁਟਿਆ ਜਾਂਦਾ ਹੈ, ਉਹ ਤਾਂ ਜਨਮ ਮਰਨ ਦੇ ਗੇੜ ਵਿਚ ਖ਼ਰਾਬ ਹੁੰਦਾ ਰਹਿੰਦਾ ਹੈ:—

ਲੂਣ ਹਰਾਮੀ ਗੁਨਹਗਾਰ ਮਰ ਜਨਮ ਵਿਗੋਵੈ ।[4]

(ਕ) ਗੁਰਬਾਣੀ ਅਤੇ ਭਾਈ ਗੁਰਦਾਸ ਬਾਣੀ ਦੀ ਸਮਰੂਪਤਾ

(1) ਜਿਵੇਂ ਕਿ ਪਹਿਲੇ ਕਿਹਾ ਜਾ ਚੁਕਾ ਹੈ ਕਿ ਭਾਈ ਗੁਰਦਾਸ, ਗੁਰਬਾਣੀ ਦੇ ਵਿਆਖਿਆਕਾਰ ਅਤੇ ਗੁਰਮਤ ਦੇ ਮਹਾਨ ਪਰਚਾਰਕ ਸਨ, ਉਸ ਸੰਬੰਧ ਵਿਚ ਦੋਹਾਂ ਬਾਣੀਆਂ ਦੀ ਸਮਰੂਪਤਾ ਨੂੰ ਨਿਮਨ-ਲਿਖਿਤ ਉਦਾਹਰਣਾਂ ਰਾਹੀਂ ਪਰਗਟ ਕਰਨ ਦਾ ਜਤਨ ਕੀਤਾ ਗਿਆ ਹੈ:—

---

1 ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 8,
2 ਉਹੀ , ਵਾਰ 35, ਪਉੜੀ 9,
3 ਉਹੀ , ਵਾਰ 35, ਪਉੜੀ 10,
4 ਉਹੀ , ਵਾਰ 35, ਪਉੜੀ 11

ਗੁਰਬਾਣੀ

1. ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥
(ਜਪੁ,ਆਦਿ ਗ੍ਰੰਥ,ਪੰਨਾ1)

2. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (ਜਪੁ, ਆਦਿ ਗ੍ਰੰਥ ਪੰਨਾ 2.)

3. ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥
(ਜਪੁ, ਆਦਿ ਗ੍ਰੰਥ, ਪੰਨਾ 3)

4. ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆਂ ਜਿ ਲਿਖਨਿ ਲੇਖ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਜਪੁ, ਆਦਿ ਗ੍ਰੰਥ ਪੰਨਾ 4)

5. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ (ਜਪੁ, ਆਦਿ ਗ੍ਰੰਥ, ਪੰਨਾ 5)

6. ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ,
ਖੇਲੈ ਸਗਲ ਜਗਤੁ ॥ (ਸਲੋਕ, ਆਦਿ ਗ੍ਰੰਥ, ਪੰਨਾ 8)

7. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਮਾਝ ਮ: ੫, ਆਦਿ ਗ੍ਰੰਥ, ਪੰਨਾ 134)

8. ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ
ਪਾਪਿ ਕਮਾਣੈ ਪਾਪੀ ਜਾਣੀਐ ॥ (ਵਾਰ ਮਾਝ ਕੀ, ਆਦਿ ਗ੍ਰੰਥ, ਪੰਨਾ 138)

9. ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
(ਵਾਰ ਮਾਝ ਕੀ, ਆਦਿ ਗ੍ਰੰਥ. ਪੰਨਾ 141)

10. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
(ਵਾਰ ਮਾਝ ਕੀ, ਆਦਿ ਗ੍ਰੰਥ, ਪੰਨਾ 145)

11. ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
(ਵਾਰ ਮਾਝ ਕੀ, ਆਦਿ ਗ੍ਰੰਥ, ਪੰਨਾ 145)

ਗੁਰਦਾਸ ਬਾਣੀ

1 ਏਕੰਕਾਰ ਇਕਾਂਗ ਲਿਖ ਊੜਾ ਓਅੰਕਾਰ ਲਿਖਾਇਆ ।
ਸਤਿਨਾਮ ਕਰਤਾ ਪੁਰਖ ਨਿਰਭਉ ਹੋਇ ਨਿਰਵੈਰ ਸਦਾਇਆ ।
ਅਕਾਲ ਮੂਰਤਿ ਪ੍ਰਤੱਖ ਸੋਇ ਨਾਉ ਅਜੂਨੀ ਸੈਭੰ ਭਾਇਆ ।
ਗੁਰ ਪ੍ਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰ ਹੋਂਦਾ ਆਇਆ ।
ਹੈ ਭੀ ਹੋਸੀ ਸਚ ਨਾਉ ਸਚ ਦਰਸ਼ਨ ਸਤਿਗੁਰ ਦਿਖਾਇਆ । (ਵਾਰ 39, ਪਉੜੀ 1)

2. ਸਿਫਤ ਸਲਾਹਣ ਅੰਮ੍ਰਿਤ ਵੇਲਾ । (ਵਾਰ 20, ਪਉੜੀ 7

3. ਓਅੰਕਾਰ ਅਕਾਰ ਕਰ,
ਏਕ ਕਵਾਉ ਪਸਾਉ ਪਸਾਰਾ । (ਵਾਰ 1, ਪਉੜੀ 4)

4. ਸਿਰਠੀ ਸਿਰਜਣਹਾਰ ਲੇਖ ਲਿਖਾਇਆ ।
ਸਭਸੈ ਦੇ ਆਧਾਰ ਨ ਤੋਲ ਤੁਲਾਇਆ ।
ਲਿਖਿਆ ਥਿਤ ਨ ਵਾਰ ਨ ਮਾਹ ਜਣਾਇਆ ।
ਵੇਦ ਕਤੇਬ ਵੀਚਾਰ ਨ ਆਖ ਸੁਣਾਇਆ । (ਵਾਰ 22, ਪਉੜੀ 1)

5. ਲਖ ਅਕਾਸ ਪਾਤਾਲ ਲਖ, ਅਖ ਫੁਰਕ ਵਿਚ ਸਭ ਦਿਖਲਾਈ ।
(ਵਾਰ 1, ਪਉੜੀ 36)

6. ਪਵਣ ਗੁਰੂ ਗੁਰ ਸਬਦ ਹੈ ਰਾਗ ਨਾਦ ਵੀਚਾਰਾ ।
ਮਾਤ ਪਿਤਾ ਜਲ ਧਰਤ ਹੈ ਉਤਪਤ ਸੰਸਾਰਾ ।
ਦਾਈ ਦਾਇਆ ਰਾਤ ਦਿਹੁ ਵਰਤੇ ਵਰਤਾਰਾ । (ਵਾਰ 34, ਪਉੜੀ 18)

7. ਜੇਹਾ ਬੀਓ ਤੇਹਾ ਫਲ ਪਾਯਾ । (ਵਾਰ 1, ਪਉੜੀ 1)

8. ਕੇਤੜਿਆ ਈਮਾਨ ਵਿਚ,
ਕਿਤਨੇ ਬੇਈਮਾਨ ਬਲਾਈ ।
ਨੇਕੀ ਬਦੀ ਨ ਲੁਕੈ ਲੁਕਾਈ । (ਵਾਰ 8, ਪਉੜੀ 16)

9. ਜਿਉ ਮਿਰਜਾਦਾ ਹਿੰਦੂਆਂ ਗਊ ਮਾਸ ਅਖਾਜ ।
ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜ ।

....

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਧਾਜ । (ਵਾਰ 35, ਪਉੜੀ 12)

10. ਕਲਿ ਆਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈ । (ਵਾਰ 1 ਪਉੜੀ 30)

11. ਬਾਬੇ ਕਹਿਆ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ ।
ਕੂੜ ਅਮਾਵਸ ਵਰਤਿਆ ਹਉ ਭਾਲਣ ਚੜ੍ਹਿਆ ਸੰਸਾਰਾ । (ਵਾਰ 1, ਪਉੜੀ 29)

12. ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥ (ਗਉੜੀ ਮ: 5, ਆਦਿ ਗ੍ਰੰਥ, ਪੰਨਾ 266)

13. ਜਾਤਿ ਕੁਲੀਨੁ ਸੇਵਕੁ ਜੇ ਹੋਇ ॥
ਤਾ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਤੀ ਸੇਵਕੁ ਹੋਇ ॥
ਨਾਨਕ ਪਣ੍ਹੀਆ ਪਹਿਰੈ ਸੋਇ ॥ (ਮਲਾਰ ਮ: 1, ਆਦਿ ਗ੍ਰੰਥ, ਪੰਨਾ 1256)

14. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆਂ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਗਉੜੀ ਕੀ ਵਾਰ ਮ: 4. ਆਦਿ ਗ੍ਰੰਥ, ਪੰਨਾ 305,6)

15. ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥
ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥
ਮੂੰਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥
ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮਗਤਿ ਪਾਈ ॥
ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥
(ਗਉੜੀ ਕਬੀਰ, ਆਦਿ ਗ੍ਰੰਥ, ਪੰਨਾ 324)

16. ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ ॥
(ਆਸਾ ਮ: 5, ਆਦਿ ਗ੍ਰੰਥ, ਪੰਨਾ 403)

17. ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
(ਆਸਾ ਮ: 4, ਆਦਿ ਗ੍ਰੰਥ, ਪੰਨਾ 451)

18. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥
(ਆਸਾ ਦੀ ਵਾਰ, ਆਦਿ ਗ੍ਰੰਥ, ਪੰਨਾ 463)

12. ਸਿਰ ਉਚਾ ਨੀਵੇ ਚਰਨ ਸਿਰ ਪੈਰੀ ਪਾਂਦੇ ।
ਮੂੰਹ ਅਖੀਂ ਨਕ ਕੰਨ ਹਥ ਦੇਹ ਭਾਰ ਉਚਾਂਦੇ । (ਵਾਰ 9, ਪਉੜੀ 18)

13. ਸਭ ਚਿਹਨ ਛਡ ਪੂਜੀਅਨਿ ਕਉਣ ਕਰਮ ਕਮਾਂਦੇ ।
ਗੁਰਸਰਣੀ ਸਾਧ ਸੰਗਤੀ ਨਿਤ ਚਲ ਚਲ ਜਾਂਦੇ ।
ਵੱਤਨ ਪਰਉਪਕਾਰ ਨੋ ਕਰ ਪਾਰ ਵਸਾਂਦੇ ।
ਮੈਹੀ ਖਲਹੂ ਮੌਜੜੇ ਗੁਰਸਿਖ ਹਢਾਂਦੇ ।
ਮਸਤਕ ਲਗੈ ਸਾਧ ਰੇਣ ਵਡਭਾਗ ਜਿਨ੍ਹਾਂ ਦੇ । (ਵਾਰ 9, ਪਉੜੀ 19)

14. ਕੁਰਬਾਣੀ ਤਿਨ੍ਹਾਂ ਗੁਰਸਿੱਖਾ ਪਿਛਲ ਰਾਤੀ ਉਠ ਬਹੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਇਕ ਮਨ ਹੋ ਗੁਰ ਜਾਪ ਜਪੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਸਾਧ ਸੰਗਤ ਚਲ ਜਾਇ ਜੁੜੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਗੁਰਬਾਣੀ ਨਿਤ ਗਾਇ ਸੁਣੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਮਨ ਮੇਲੀ ਕਰ ਮੇਲ ਮਿਲੰਦੇ ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਭਾਇ ਭਗਤ ਗੁਰਪੁਰਬ ਕਰੰਦੇ ।
ਗੁਰ ਸੇਵਾ ਫਲ ਸਫਲ ਫਲੰਦੇ । (ਵਾਰ 12, ਪਉੜੀ 2)

15. ਮਿਲੈ ਨ ਤੀਰਥ ਨ੍ਹਾਤਿਆ ਡੱਡਾਂ ਜਲ ਵਾਸੀ ।
ਵਾਲ ਵਧਾਈਐ ਪਾਈਐ ਵੜ ਜਟਾ ਪਲਾਸੀ ।
ਨੰਗੇ ਰਹਿਆਂ ਜੇ ਮਿਲੈ ਵਣ ਮਿਰਗ ਉਦਾਸੀ ।
ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ੍ਹ ਹਾਸੀ ।
ਬਿਣ ਗੁਰ ਮੁਕਤਿ ਨ ਹੋਵਈ ਗੁਰ ਮਿਲੇ ਖਲਾਸੀ । (ਵਾਰ 36, ਪਉੜੀ 14)

16. ਭਗਤ ਪ੍ਰਹਿਲਾਦ, ਭਗਤ ਨਾਮ ਦੇਵ ਤੇ ਸੈਣ ਨਾਈ ਦੇ ਪ੍ਰਸੰਗਾਂ
ਰਾਹੀਂ ਇਹੀ ਵਿਚਾਰ ਸਿਧ ਕੀਤਾ ਹੈ । (ਵਾਰ 10, ਪਉੜੀ 2, 10, 16)

17. ਕਢ ਖੜਗ ਸਦ ਪੁਛਿਆ ਕਉਣ ਸੁ ਤੇਰਾ ਹੈ ਉਸਤਾਦ ।
ਥੰਮ ਪਾੜ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦ ।
ਬੇਮੁਖ ਪਕੜ ਪਛਾੜੀਅਨ ਸੰਤ ਸਹਾਈ ਆਦਿ ਜੁਗਾਦਿ । (ਵਾਰ 10, ਪਉੜੀ 2)

18. ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ । (ਵਾਰ 1, ਪਉੜੀ 24)
ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ । (ਵਾਰ 1 ਪਉੜੀ 22)
ਬਾਝ ਗੁਰੂ ਡੁਬਾ ਜਗ ਸਾਰਾ । (ਵਾਰ 1, ਪਉੜੀ 29)

19. ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥
(ਆਸਾ ਦੀ ਵਾਰ, ਆਦਿ ਗ੍ਰੰਥ , ਪੰਨਾ 464)

20. ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥
(ਆਸਾ ਦੀ ਵਾਰ, ਆਦਿ ਗ੍ਰੰਥ ਪੰਨਾ 465)

21. ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
(ਆਸਾ ਦੀ ਵਾਰ, ਆਦਿ ਗ੍ਰੰਥ ਪੰਨਾ 469)

22. ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥
(ਆਸਾ ਦੀ ਵਾਰ ਆਦਿ ਗ੍ਰੰਥ, ਪੰਨਾ 470)

23. ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥
(ਆਸਾ ਦੀ ਵਾਰ, ਆਦਿ ਗ੍ਰੰਥ, ਪੰਨਾ 473)

24. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥
(ਆਸਾ ਰਵਿਦਾਸ, ਆਦਿ ਗ੍ਰੰਥ, ਪੰਨਾ 486)

25. ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥
(ਵਡਹੰਸ ਕੀ ਵਾਰ, ਆਦਿ ਗ੍ਰੰਥ, ਪੰਨਾ 587)

26. ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥
(ਬਿਲਾਵਲ ਮ: 3. ਆਦਿ ਗ੍ਰੰਥ, ਪੰਨਾ 797)

26(ੳ) ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਣੀ ॥
(ਧਨਾਸਰੀ ਮ: 4, ਆਦਿ ਗ੍ਰੰਥ ਪੰਨਾ 669)

26(ਅ) ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ ॥
(ਆਸਾ ਮ: 4, ਆਦਿ ਗ੍ਰੰਥ, ਪੰਨਾ 444)

ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥ (ਰਾਗ ਗੂਜਰੀ ਵਾਰ,ਆਦਿ ਗ੍ਰੰਥ,ਪੰਨਾ 524)

19. ਭੈ ਵਿਚ ਨਿੰਮਣ ਨਿੰਮ ਭੈ ਵਿਚ ਜਾਇਆ ।
ਭੈ ਵਿਚ ਗੁਰਮੁਖ ਪੰਥ ਸਰਣੀ ਆਇਆ ।
ਭੈ ਵਿਚ ਸੰਗਤਿ ਸਾਧੁ ਸਬਦ ਕਮਾਇਆ ।
ਭੈ ਵਿਚ ਜੀਵਨ ਮੁਕਤ ਭਾਣਾ ਭਾਇਆ ।
ਭੈ ਵਿਚ ਜਨਮ ਸਵਾਰਿ ਸਹਜ ਸਮਾਇਆ ।
ਭੈ ਵਿਚ ਨਿਜਘਰ ਜਾਇ ਪੂਰਾ ਪਾਇਆ । (ਵਾਰ 20, ਪਉੜੀ 20)

ਭੈ ਵਿਚ ਧਰਤਿ ਅਗਾਸ ਹੈ ਨਿਰਾਧਾਰ ਭੈ ਭਾਰ ਧਰਾਯਾ ।
ਪਉਣ ਪਾਣੀ ਬੈਸੰਤਰੋ ਭੈ ਵਿਚ ਰਖੈ ਮੇਲ ਮਿਲਾਯਾ । (ਵਾਰ 18, ਪਉੜੀ 5)

20. ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤ ਬਿਧ ਭਾਈ । (ਵਾਰ 1, ਪਉੜੀ 30)

21. ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ । (ਵਾਰ 1, ਪਉੜੀ 30)

22. ਭਾਉ ਭਗਤਿ ਪਰਵਾਨ ਹੈ ਜਗ ਹੋਮ ਤੇ ਪੁਰਬ ਕਮਾਈ ।
ਕਰ ਕੇ ਨੀਚ ਸਦਾਵਣਾ ਤਾ ਪ੍ਰਭ ਲੇਖੇ ਅੰਦਰ ਪਾਈ (ਵਾਰ 1, ਪਉੜੀ 15)

23. ਸਤਿਗੁਰ ਤੀਰਥ ਛਡ ਕੈ ਅਠਸਠ ਤੀਰਥ ਨਾਵਣ ਜਾਹੀ ।
ਬਗਲ ਸਮਾਧ ਲਗਾਇ ਕੈ ਜਿਉ ਜਲ ਜੰਤਾ ਘੁਟ ਘੁਟ ਖਾਹੀ ।
(ਵਾਰ 15, ਪਉੜੀ 10)

24. ਗਜ ਮ੍ਰਿਗ ਮੀਨ ਪਤੰਗ ਅਲਿ ਇਕਤ ਇਕਤ ਰੋਗ ਪਚੰਦੇ ।
ਮਾਣਸ ਦੇਹੀ ਪੰਜ ਰੋਗ ਪੰਜੇ ਦੂਤ ਕਸੂਤ ਕਰੰਦੇ । (ਵਾਰ 5, ਪਉੜੀ 20)

25. ਹੋਇ ਅਤੀਤ ਗ੍ਰਹਸਤ ਤਜ ਫਿਰ ਉਨਹੂ ਕੇ ਘਰ ਮੰਗਣ ਜਾਈ ।
(ਵਾਰ 1 , ਪਉੜੀ 40)

26. ਗੁਰੂ ਚੇਲਾ ਚੇਲਾ ਗੁਰ ਭਾਯਾ । (ਵਾਰ 34. ਪਉੜੀ 26)

26(ੳ) ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਿਤ ਵਰਤਾਇਆ । (ਵਾਰ 5, ਪਉੜੀ 6)

26(ਅ) ਬਿਰਖਹੁੰ ਫਲ, ਫਲ ਤੇ ਬਿਰਖ ,
ਗੁਰਸਿਖ ਸਿਖ ਗੁਰ ਮੰਤੁ ਸੁਹੇਲਾ । (ਵਾਰ 20 , ਪਉੜੀ 7)

27. ਜਿਉ ਮਛੁਲੀ ਵਿਣੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥
(ਜੈਤਸਰੀ ਮ: 5, ਵਾਰ, ਆਦਿ ਗ੍ਰੰਥ, ਪੰਨਾ 708)

28. ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ , ਨਿਮਖ ਸਿਮਰਤ ਜਿਤੁ ਛੂਟੈ ।
(ਸੂਹੀ ਮ: 5, ਆਦਿ ਗ੍ਰੰਥ, ਪੰਨਾ 747)

29. ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥
(ਬਿਲਾਵਲ ਮ: 3, ਆਦਿ ਗ੍ਰੰਥ, ਪੰਨਾ 796)

30. ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
(ਗੋਂਡ ਮ: 5, ਆਦਿ ਗ੍ਰੰਥ, ਪੰਨਾ 864)

31. ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਇ ॥ (ਰਾਮਕਲੀ ਕੀ ਵਾਰ, ਆਦਿ ਗ੍ਰੰਥ, ਪੰਨਾ 951)

32. ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
(ਰਾਮਕਲੀ ਕੀ ਵਾਰ, ਆਦਿ ਗ੍ਰੰਥ, ਪੰਨਾ 957-58)

33. ਲਹਿਣੇ ਧਰਿਓਨੁ ਛਤ੍ਰੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
(ਰਾਮਕਲੀ ਕੀ ਵਾਰ (ਰਾਇ ਬਲਵੰਡ) ਆਦਿ ਗ੍ਰੰਥ, ਪੰਨਾ 966)

34. ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ॥
(ਰਾਮਕਲੀ ਕੀ ਵਾਰ (ਰਾਇ ਬਲਵੰਡ) ਆਦਿ ਗ੍ਰੰਥ, ਪੰਨਾ 967)

35. ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
(ਮਾਰੂ ਸੋਲਹੇ ਮ: 1, ਆਦਿ ਗ੍ਰੰਥ, ਪੰਨਾ 1035)

36. ਲਖ ਚਉਰਾਸੀਹ ਜੰਤ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥ (ਮਾਰੂ ਸੋਲਹੇ ਮ: 5, ਆਦਿ ਗ੍ਰੰਥ, ਪੰਨਾ 1075)

37. ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੈ । (ਮਾਰੂ ਵਾਰ ਮ: 5,ਆਦਿ ਗ੍ਰੰਥ, ਪੰਨਾ 1099)

27. ਦੀਪਕ ਜਲੇ ਪਤੰਗ ਵੰਸ ਫਿਰ ਦੇਖ ਨ ਹੱਟੈ।
ਜਲ ਵਿਚਹੁੰ ਫੜ ਕਢੀਐ ਮਛ ਨੇਹੁ ਨ ਘੱਟੈ।
ਘੰਡਾ ਹੇੜਾ ਮਿਰਗ ਜਿਉ ਸੁਣ ਨਾਦ ਪਲਟੈ।
ਭਵਰੈ ਵਾਸ ਵਿਣਾਸ ਹੈ ਫੜ ਕਵਲ ਸਮਟੈ।
ਗੁਰਮੁਖ ਸੁਖ ਫਲ ਪਿਰਮ ਰਸ ਬਧੁ ਬੰਧਨ ਕਟੈ।
ਧਨ ਧਨ ਗੁਰਸਿਖ ਵੰਸ ਧਨ ਗੁਰਮਤਿ ਨਿਧ ਖਟੈ। (ਵਾਰ 27, ਪਉੜੀ 23)

28. ਕੇਤੀ ਸਾਖੀਂ ਕੇਤੜੇ ਜੰਗਲ ਭੂਪਾਲਾ।
ਥਲੀਂ ਵਰੋਲੇ ਕੇਤੜੇ ਪਰਬਤ ਬੇਤਾਲਾ।
ਨਦੀਆਂ ਨਾਲੇ ਕੇਤੜੇ ਸਰਵਰ ਅਸਰਾਲਾ।
ਅੰਬਰ ਤਾਰੇ ਕੇਤੜੇ ਬਿਸੀਅਰ ਪਾਤਾਲਾ।
ਭੰਵਜਲ ਭੁਲੇ ਭੁਲਿਆਂ ਭਵਜਲ ਭਰਨਾਲਾ।
ਇਕਸ ਸਤਿਗੁਰ ਬਾਹਰੇ ਸਭ ਆਲ ਜੰਜਾਲਾ। (ਵਾਰ 34, ਪਉੜੀ 18)

29. ਅਉਸਰ ਚੁਕਾ ਹਥ ਨ ਆਵੈ। (ਵਾਰ 1, ਪਉੜੀ 15)

30. ਗੁਰ ਮੂਰਤਿ ਗੁਰ ਸਬਦ ਹੈ ਸਾਧ ਸੰਗਤਿ ਵਿਚ ਪ੍ਰਗਟੀ ਆਯਾ।
(ਵਾਰ 24, ਪਉੜੀ 25)

31. ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮੁ ਹਿਤ ਭਾਵੈ ਆਇ ਕਿਥਾਊ ਜਾਈ। (ਵਾਰ 1, ਪਉੜੀ 30)

32. ਬਿਨੁ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ। (ਵਾਰ 1, ਪਉੜੀ 45)

33. ਉਲਟੀ ਗੰਗ ਵਹਾਈਓਨਿ ਗੁਰ ਅੰਗਦ ਸਿਰ ਉਪਰ ਧਾਰਾ (ਵਾਰ 1, ਪਉੜੀ 38)

34. ਪੁਤ੍ਰੀ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ। (ਵਾਰ 1, ਪਉੜੀ 38)

35. ਪ੍ਰਿਥਮੈ ਸਾਸ ਨ ਮਾਸ ਸਨ
ਅੰਧ ਧੁੰਧ ਕਛੁ ਖਬਰ ਨ ਪਾਈ। (ਵਾਰ 1 , ਪਉੜੀ 2,)

36. ਚੌਰਾਸੀ ਲਖ ਜੋਨ ਵਿਚ, ਉਤਮ ਜਨਮ ਸੁ ਮਾਣਸ ਦੇਹੀ। (ਵਾਰ 1, ਪਉੜੀ 3)

37. ਭੇਖੀ ਪ੍ਰਭੂ ਨ ਪਾਈਐ ਆਪ ਗਵਾਇ ਰੂਪ ਨ ਰੇਖੈ। (ਵਾਰ 1, ਪਉੜੀ 25)

38 ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮ
ਧੂਰਿ ਸਾਧੂ ਕੀ ਤਾਈ ॥
ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ
ਸਾਧੂ ਕੀ ਧੂਰਿ ਗਵਾਈ ॥ (ਮਲਾਰ ਮ: 4, ਆਦਿ ਗ੍ਰੰਥ, ਪੰਨਾ 1263)

39, ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ (ਸਲੋਕ ਕਬੀਰ, ਆਦਿਗ੍ਰੰਥ, ਪੰਨਾ1367)

40, ਕਬੀਰ ਪਾਪੀ ਭਗਤਿ ਨ ਭਾਵਈ,
ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ
ਜਹ ਬਿਗੰਧ ਤਹ ਜਾਹਿ ॥ (ਸਲੋਕ ਕਬੀਰ, ਆਦਿ ਗ੍ਰੰਥ, ਪੰਨਾ 1368)

41, ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥
ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥(ਸਲੋਕ ਮ:5,ਆਦਿ ਗ੍ਰੰਥ, ਪੰਨਾ1425)

(2) ਭਾਈ ਗੁਰਦਾਸ ਨੇ ਕਈ ਥਾਵਾਂ ਤੇ ਗੁਰਬਾਣੀ ਦੇ ਮਹਾਂਵਾਕਾਂ ਦੇ ਭਾਵਾਂ ਨੂੰ ਆਪਣੇ ਸ਼ਬਦਾਂ ਰਾਹੀਂ ਪਰਗਟ ਕੀਤਾ ਹੈ, ਜਿਵੇਂ ਕਿ ਹੇਠਲੀ ਉਦਾਹਰਣ ਤੋਂ ਸਪੱਸ਼ਟ ਹੁੰਦਾ ਹੈ:-

ਗੁਰਬਾਣੀ

42. ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ , ਧਰਤੀ ਹਾਕ ਚਲਾਈ ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥
(ਵਾਰ ਮਾਝ ਕੀ, ਆਦਿ ਗ੍ਰੰਥ, ਪੰਨਾ 147)

38. ਰਵਿਦਾਸ ਭਗਤ ਦੇ ਕਸੀਰੇ ਦੀ ਗੰਗਾ ਵਲੋਂ ਪਰਵਾਨਗੀ
ਵਾਲੇ ਪ੍ਰਸੰਗ ਰਾਹੀਂ ਇਸ ਵਿਚਾਰ ਨੂੰ ਦ੍ਰਿੜ ਕਰਾਇਆ ਹੈ। (ਵਾਰ 10, ਪਉੜੀ 17)

39. ਚੰਦਨ ਵਾਸ ਵਨਾਸਪਤਿ ਵਾਸ ਰਹੈ ਨਿਰਗੰਧ ਰਵਾਣੀ।
ਸਾਧ ਸੰਗਤ ਗੁਰ ਸ਼ਬਦ ਸੁਣ ਰਿਦੈ ਨ ਵਸੈ ਅਭਾਗ ਪਰਾਣੀ।
ਹਉਮੈਂ ਅੰਦਰ ਭਰਮ ਭੁਲਾਣੀ। (ਵਾਰ 17, ਪਉੜੀ 5)

40. ਸੀਸ ਨਿਵਾਏ ਢੀਂਗੁਲੀ ਗਲ ਬੱਧੇ ਜਲ ਉੱਚਾ ਆਵੈ।
ਘੁਘੂ ਸੁਝ ਨ ਸੁਝਈ ਚਕਵੀ ਚੰਦ ਨ ਡਿਠਾ ਭਾਵੈ।
ਸਿੰਬਲ ਬਿਰਖ ਨ ਸਫਲ ਹੋਇ ਚੰਦਨ ਵਾਸ ਨ ਵਾਸ ਸਮਾਵੈ।
ਸਪੇ ਦੁਧ ਪੀਆਲੀਐ ਤੁਮੈ ਦਾ ਕਉੜੱਤ ਨ ਜਾਵੈ।
ਜਿਉ ਥਣ ਚੰਬੜ ਚਿੱਚੜੀ ਲੋਹੂ ਪੀਐ ਦੁਧ ਨ ਖਾਵੈ।
ਸਭ ਅਵਗੁਣ ਮੈ ਤਨ ਵਸਨ ਗੁਣ ਕੀਤੇ ਅਵਗੁਣ ਨੇ ਧਾਵੈ। (ਵਾਰ 6, ਪਉੜੀ 20)

41. ਹੋਰਤ ਰੰਗ ਨ ਰੱਚੀਐ ਸਭ ਕੂੜ ਦਿਸੰਦਾ।
ਹੋਰਤ ਸਾਦ ਨ ਲਾਗੀਐ ਹੋਇ ਵਿਸ ਲੱਗਦਾ।
ਹੋਰਤ ਰਾਗ ਨ ਰੀਝੀਐ ਸੁਣ ਸੁਖ ਨ ਲਹੰਦਾ।
ਹੋਰ ਬੁਰੀ ਕਰਤੂਤ ਹੈ ਲਗੈ ਫਲ ਮੰਦਾ।
ਹੋਰਤ ਪੰਥ ਨ ਚਲੀਐ ਠਗ ਚੋਰ ਮੁਹੰਦਾ।
ਪੀਰ ਮੁਰੀਦਾ ਪਿਰਹੜੀ ਸਚ ਸਚ ਮਿਲੰਦਾ। (ਵਾਰ 27, ਪਉੜੀ 11)

ਗੁਰਦਾਸ ਬਾਣੀ

42. ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਉ ਅਲਾਈ।
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ।
ਬਸਤ੍ਰ ਪਹਿਰੋ ਅਗਨਿ ਦੇ ਬਰਫ ਹਿਮਾਲੇ ਮੰਦਰ ਛਾਈ।
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨਥ ਚਲਾਈ।
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ।
ਤੋਲੀ ਧਰਤਿ ਅਕਾਸ਼ ਦੁਇ ਪਿਛੇ ਛਾਬੇ ਟੰਕ ਚੜਾਈ।
ਏਹ ਬਲ ਰਖਾ ਆਪ ਵਿਚ ਜਿਸ ਆਖਾਂ ਤਿਸ ਪਾਸ ਕਰਾਈ।
ਸਤਿਨਾਮ ਬਿਨ ਬਾਦਰ ਛਾਈ। (ਵਾਰ 1, ਪਉੜੀ 43)

—

ਭਾਈ ਗੁਰਦਾਸ ਦੀਆਂ ਵਾਰਾਂ ਦਾ ਅਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਚੌਥਾ

ਵਾਰਾਂ ਵਿਚ ਇਤਿਹਾਸਿਕਤਾ ਅਤੇ ਪੌਰਾਣਿਕਤਾ

(ੳ) ਇਤਿਹਾਸਿਕਤਾ

1. ਵਾਰਾਂ ਵਿਚ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਦਾ ਸਰੂਪ ।

2. ਵਾਰਾਂ ਵਿਚ ਪਹਿਲੇ ਛੇ ਗੁਰੂ ਸਹਿਬਾਨ ਦੀ ਜੀਵਨੀ ।

3. ਵਾਰਾਂ ਵਿਚ ਗੁਰੂ-ਕੁੱਲ ਸੰਕੇਤ (ਬੇਦੀ, ਭੱਲਾ, ਸੋਢੀ, ਮੀਣਾ)।

4. ਵਾਰਾਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਦੇ ਪ੍ਰਸਿਧ ਸਿਖ ।

5. ਵਾਰਾਂ ਵਿਚ ਭਗਤਾਂ ਬਾਰੇ ਮਿਲਦੇ ਇਤਿਹਾਸਕ ਤੱਥ ।

[ਅ] ਪੌਰਾਣਿਕਤਾ

1. ਵਾਰਾਂ ਵਿਚ ਮਿਲਦੀ ਪੌਰਾਣਿਕ-ਸ਼ੈਲੀ ।

2. ਵਾਰਾਂ ਵਿਚ ਪੌਰਾਣਿਕ-ਤੱਤ ।

3. ਵਾਰਾਂ ਵਿਚ ਪੌਰਾਣਿਕ-ਕਥਾਵਾਂ ।

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਅਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਚੌਥਾ

ਵਾਰਾਂ ਵਿਚ ਇਤਿਹਾਸਿਕਤਾ ਅਤੇ ਪੌਰਾਣਿਕਤਾ

(ੳ) ਇਤਿਹਾਸਿਕਤਾ

(1) ਵਾਰਾਂ ਵਿਚ ਗੁਰੂ ਨਾਨਕ ਤੇ ਹੋਰ ਗੁਰੂ ਸਹਿਬਾਨ ਦਾ ਸਰੂਪ

ਭਾਈ ਗੁਰਦਾਸ ਨਾ ਕੇਵਲ ਸਰਬ-ਗੁਰੂ ਅਮਰਦਾਸ, ਰਾਮਦਾਸ, ਅਰਜਨ ਦੇਵ ਤੇ ਹਰਿਗੋਬਿੰਦ ਦੇ ਸਮਕਾਲੀ ਹੀ ਸਨ ਸਗੋਂ ਨਿਕਟ ਵਰਤੀ ਰਿਸ਼ਤੇਦਾਰ ਵੀ ਸਨ ਤੇ ਅਨਿੰਨ ਭਗਤ ਵੀ ਸਨ। ਇਸ ਹੈਸੀਅਤ ਵਿਚ ਆਪ ਨੇ ਗੁਰੂ ਸਹਿਬਾਨ ਦੇ ਜੀਵਨ ਨੂੰ ਬੜਾ ਨੇੜਿਉਂ ਤੱਕਿਆ, ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਿਆ ਤੇ ਸੁਭਾਵ ਨੂੰ ਜਾਣਿਆ। ਜੋ ਲਹਿਰ ਗੁਰੂ ਨਾਨਕ ਦੇਵ ਨੇ ਚਲਾਈ ਸੀ, ਇਸ ਸਮੇਂ ਵਿਚ ਭਾਈ ਸਾਹਿਬ ਨੇ ਉਸ ਲਹਿਰ ਨੂੰ ਜਵਾਨ ਹੁੰਦਿਆਂ ਤੇ ਫਲਦਿਆਂ ਫੁਲਦਿਆਂ ਵੇਖਿਆ; ਜਿਨ੍ਹਾਂ ਸਿਧਾਂਤਾਂ ਉਤੇ ਇਸ ਲਹਿਰ ਦੀ ਉਸਾਰੀ ਹੋਈ ਸੀ ਉਨ੍ਹਾਂ ਸਿਧਾਂਤਾਂ ਦੀ ਕਿਰਿਆਤਮਕ ਵਰਤੋਂ ਨਾਲ ਪੰਜਾਬ ਵਿਚ ਇਕ ਨਵੇਂ ਜੀਵਨ ਦੀ ਧੜਕਣੀ ਸ਼ੁਰੂ ਹੋ ਗਈ ਸੀ ਤੇ ਇਸ ਨਵੇਂ ਉਗਮਦੇ ਜੀਵਨ-ਰੌ ਨੂੰ ਵੀ ਭਾਈ ਸਾਹਿਬ ਨੇ ਆਪਣੀ ਅੱਖੀਂ ਵੇਖਿਆ। ਸਤਿਗੁਰੂ ਉਤੇ ਅਗਾਧ-ਸ਼ਰਧਾ ਤੇ ਅਪਾਰ ਵਿਸ਼ਵਾਸ, ਨਿਮਰਤਾ, ਸੇਵਾ, ਸਿਮਰਨ ਆਦਿ ਗੁਣਾਂ ਕਾਰਨ ਬਾਬਾ ਲਹਿਣਾ ਦੇ ਜੀਵਨ ਵਿਚ ਇਕ ਮਹਾਨ ਤਬਦੀਲੀ ਆਈ ਤੇ ਉਹ ਗੁਰੂ ਨਾਨਕ ਦੇਵ ਦੇ ਅੰਗ ਲਗ ਕੇ ਲਹਿਣਾ ਤੋਂ ਅੰਗਦ, ਗੁਰੂ ਅੰਗਦ ਦੇਵ ਬਣ ਗਏ, ਇਸ ਜੀਵਨ-ਪਰਿਵਰਤਨ ਦੀ ਗਾਥਾ ਵੀ ਭਾਈ ਸਾਹਿਬ ਨੇ ਸੁਣੀ ਤੇ

"ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ"

ਦੇ ਝਲਕਾਰੇ ਪ੍ਰਤੀਤ ਕੀਤੇ। ਆਪਣੇ ਨਜ਼ਦੀਕੀ ਰਿਸ਼ਤੇਦਾਰ ਅਮਰਦਾਸ ਨੂੰ ਉਪਰੋਕਤ ਗੁਣਾਂ ਕਰਕੇ 72 ਸਾਲ ਦੀ ਉਮਰ ਵਿਚ ਗੁਰਗੱਦੀ ਪ੍ਰਾਪਤ ਕਰਦਿਆਂ ਤੇ ਇਸ ਉਪਰੰਤ ਆਪ ਦੇ ਅੰਦਰੋਂ ਬਾਣੀ ਫੁਟ ਨਿਕਲਣ ਦਾ ਮੁਅਜਜ਼ਾ ਵੀ ਵੇਖਿਆ। ਇਸ ਸਭ ਕੁਝ ਨੇ ਭਾਈ ਸਾਹਿਬ ਉਤੇ ਬੜਾ ਡੂੰਘਾ

ਪ੍ਰਭਾਵ ਪਾਇਆ। ਆਪ ਨੇ ਵੇਖਿਆ ਕਿ ਇਸ ਲਹਿਰ ਨੇ ਪੰਜਾਬ ਦੇ ਜੀਵਨ ਵਿਚ, ਕੀ ਵਿਅਕਤੀਗਤ ਤੇ ਕੀ ਸਮਾਜਕ, ਇਕ ਨਵੀਂ ਜਾਗ੍ਰਤੀ ਪੈਦਾ ਕਰ ਦਿੱਤੀ ਹੈ; ਪੰਜਾਬ ਦੇ ਜੀਵਨ ਦੀ ਗਤੀ ਜੋ ਪਹਿਲਾਂ ਸਿਥਲ ਹੋ ਚੁਕੀ ਸੀ ਜਾਂ ਮੁਰਝਾਈ ਮੁਰਝਾਈ ਚਲ ਰਹੀ ਸੀ ਉਹ ਹੁਣ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇਸ ਮਹਾਨ ਪਰਿਵਰਤਨ ਨੇ ਭਾਈ ਸਾਹਿਬ ਨੂੰ ਵੀ ਹਿਲੂਣਿਆ, ਆਪ ਨੂੰ ਵੀ ਇਸ ਲਹਿਰ ਵਿਚ ਵਿਸ਼ਵਾਸ਼ ਪੈਦਾ ਹੋਇਆ ਤੇ ਆਪ ਨੇ ਆਪਣਾ ਜੀਵਨ ਤੇ ਆਪਣੀ ਕਲਾ ਇਸ ਲਹਿਰ ਨੂੰ ਸੌਂਪ ਦਿੱਤੇ।

ਇਸ ਲਹਿਰ ਦੇ ਸੰਚਾਲਕ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਨੂੰ, ਜੋ ਕਿ ਸਮੇਂ ਦੀਆਂ ਨਵੀਆਂ ਲੋੜਾਂ ਦੇ ਅਨੁਕੂਲ ਸਨ ਭਾਈ ਗੁਰਦਾਸ ਨੇ ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਦੀ ਆਪਣੀ ਬੋਲੀ ਰਾਹੀਂ ਸੁਣਾਉਣ ਲਈ ਵਾਰਾਂ ਦੀ ਰਚਨਾ ਕੀਤੀ। ਆਪ ਨੇ ਇਹਨਾਂ ਸਿਧਾਂਤਾਂ ਨੂੰ ਬੜੀ ਡੂੰਘੀ ਸਮਝ ਨਾਲ ਜੀਵਨ ਵਿਚ ਵਰਤ ਕੇ ਅਪਣਾਇਆ ਤੇ ਵਿਸ਼ਾਲ ਵਿਦਵਤਾ ਨਾਲ ਇਹਨਾਂ ਦਾ ਪਰਚਾਰ ਕੀਤਾ। ਅਜਿਹਾ ਕਰਦਿਆਂ, ਸਿਖ ਲਹਿਰ ਦੇ ਮੋਢੀ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰ ਦੀਆਂ ਝਲਕੀਆਂ ਦਾ ਜ਼ਿਕਰ ਇਹਨਾਂ ਵਾਰਾਂ ਵਿਚ ਆ ਜਾਣਾ ਇਕ ਕੁਦਰਤੀ ਗੱਲ ਸੀ। ਵੱਖ ਵੱਖ ਵਾਰਾਂ ਵਿਚ ਕਈ ਥਾਂਵਾਂ ਤੇ ਇਹ ਜ਼ਿਕਰ ਦ੍ਰਿਸ਼ਟੀ ਗੋਚਰ ਹੁੰਦੇ ਹਨ, ਪਰ ਇਸ ਪੱਖ ਵਿਚ ਭਾਈ ਸਾਹਿਬ ਦੀ ਪਹਿਲੀ ਵਾਰ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।

ਇਸ ਵਾਰ ਦੀਆਂ ਪਹਿਲੀਆਂ ਸੋਲਾਂ ਪਉੜੀਆਂ ਵਿਚ ਮੰਗਲਾ ਚਰਨ ਤੋਂ ਇਲਾਵਾ ਜਗਤ-ਉਤਪਤੀ ਤੇ ਉਸਦੇ ਕਾਰਨ, ਮਨੁੱਖਾ-ਦੇਹ ਦੀ ਉੱਤਮਤਾ, ਚੋਹਾਂ ਜੁਗਾਂ ਦਾ ਹਾਲ ਤੇ ਉਹਨਾਂ ਜੁਗਾਂ ਵਿਚਲੇ ਕਰਮ, ਵੇਦਾਂ ਤੇ ਸ਼ਾਸਤਰਾਂ ਦੀ ਰਚਨਾ ਸੰਬੰਧੀ ਵਿਚਾਰ ਤੇ ਕਲਜੁਗ ਦੇ ਵਰਤਾਰੇ ਦਾ ਜ਼ਿਕਰ ਕਰ ਕੇ ਅਗਲੀਆਂ ਛੇ ਪਉੜੀਆਂ–ਪਉੜੀ ਨੰ: 17, 18, 19, 20, 21 ਤੇ 22 ਵਿਚ ਸਮੇਂ ਦੀ ਜੁਗ-ਗਰਦੀ ਦਾ ਹਾਲ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ। ਭਾਈ ਸਾਹਿਬ ਨੇ ਪੰਦਰਵੀਂ ਸੋਲ੍ਹਵੀਂ ਸਦੀ ਦੇ ਭਾਰਤੀ ਸਮਾਜ ਨੂੰ ਬੜੀ ਘੋਖਵੀਂ ਨਿਗਾਹ ਨਾਲ ਵੇਖਿਆ ਹੈ। ਉਸ ਸਮੇਂ ਵਿਚ ਵਿਆਪਕ ਅਨਿਆਂ, ਅਤਿਆਚਾਰ ਤੇ ਅੰਧਕਾਰ ਨੂੰ ਪੂਰਨਭਾਂਤ ਮਹਿਸੂਸ ਕੀਤਾ ਹੈ। ਰਾਜਿਆਂ ਦੀ ਧੱਕੇ ਸ਼ਾਹੀ, ਹਾਕਮਾਂ ਦੇ ਜ਼ੁਲਮ, ਵਰਨਾਸ਼ਰਮ ਵੰਡ ਕਾਰਨ ਸਮਾਜਕ ਦੁਵੈਤ, ਮਜ਼ਹਬੀ ਖਿਚੋਤਾਣ, ਉਚ ਨੀਚ ਦੇ ਭੇਦ, ਆਚਰਨਕ ਨੀਚਤਾ, ਆਪੋ ਧਾਪੀ ਤੇ ਇਖ਼ਲਾਕੀ ਹੀਣਤਾ ਆਦਿ ਨੂੰ ਇਕ ਪਾਰਖੂ ਤੇ ਪੜਚੋਲਵੀਂ ਦ੍ਰਿਸ਼ਟੀ ਨਾਲ ਪੁਣ ਛਾਣ ਕੇ ਵੇਖਦਿਆਂ, ਇਸ ਸਭ ਕੁਝ ਦਾ ਯਥਾਰਥਕ ਚਿੱਤਰ ਉਲੀਕਿਆ ਹੈ :-

[ੳ] ਉਠੀ ਗਿਲਾਨਿ ਜਗਤ੍ਰ ਵਿਚ ਹਉਮੈ ਅੰਦਰ ਜਲੈ ਲੁਕਾਈ।
ਕੋਈ ਨ ਕਿਸੈ ਪੂਜਦਾ ਊਚ ਨੀਚ ਸਭ ਗਤਿ ਬਿਸਰਾਈ।
ਭਏ ਬਿਅਦਲੀ ਪਾਤਿਸ਼ਾਹ ਕਲਿਕਾਤੀ ਉਮਰਾਵ ਕਸਾਈ।

... ...

ਕਰਮ ਭ੍ਰਸ਼ਟ ਸਭ ਭਈ ਲੁਕਾਈ । [ਪਉੜੀ ਨੰ: 7]

[ਅ] ਜੁਗ ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ ।
ਉਠੇ ਗਿਲਾਨ ਜਗਤ ਵਿਚ ਵਰਤੇ ਪਾਪ ਭ੍ਰਸ਼ਟ ਸੰਸਾਰਾ ।

... ...

ਨਿੰਦਿਆ ਚਾਲੇ ਵੇਦ ਕੀ ਸਮਝਨ ਨਹਿ ਅਗਿਆਨ ਗੁਬਾਰਾ । [ਪਉੜੀ ਨੰ: 17]

[ੲ] ਕੋਇ ਨ ਕਿਸੇ ਵਰਜਈ ਸੋਈ ਕਰੇ ਜੋਈ ਮਨ ਭਾਵੈ ।

... ...

ਆਪੋ ਧਾਪੀ ਹੋਇ ਕੇ ਨਿਆਰੇ ਨਿਆਰੇ ਧਰਮ ਚਲਾਵੈ । ਪਉੜੀ ਨੰ: 18]

[ਸ] ਭਈ ਗਿਲਾਨ ਜਗਤ ਵਿਚ ਚਾਰ ਵਰਨ ਆਸ੍ਰਮ ਉਪਾਏ ।
ਦਸ ਨਾਮ ਸੰਨਿਆਸੀਆਂ ਜੋਗੀ ਬਾਰਹ ਪੰਥ ਚਲਾਏ ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ ।
ਬ੍ਰਹਮਣ ਬਹੁ ਪ੍ਰਕਾਰ ਕਰ ਸ਼ਾਸਤ੍ਰ ਵੇਦ ਪੁਰਾਣ ਲੜਾਏ । [ਪਉੜੀ ਨੰ: 19]

[ਹ] ਬਹੁ ਵਾਟੀਂ ਜਗ ਚਲੀਆਂ ਜਦ ਹੀ ਭਏ ਮੁਹੰਮਦ ਯਾਰਾ ।
ਕੌਮ ਬਹਤਰ ਸੰਗ ਕਰ ਬਹੁ ਬਿਧ ਵੈਰ ਵਿਰੋਧ ਪਸਾਰਾ ।

... ...

ਠਾਕੁਰ ਦੁਆਰੇ ਢਾਹਿਕੇ ਤਿਹ ਠਉੜੀ ਮਸੀਤ ਉਸਾਰਾ ।
ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ।
ਪਾਪੇ ਦਾ ਵਰਤਿਆ ਵਰਤਾਰਾ । [ਪਉੜੀ ਨੰ: 20]

[ਕ] ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ ।

... ...

ਬੇਦ ਕਤੇਬ ਭੁਲਾਇ ਕੇ ਮੋਹੇ ਲਾਲਚ ਦੁਨੀ ਸੈਤਾਣੇ । [ਪਉੜੀ ਨੰ: 21]

[ਖ] ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁਬਿਧ ਲੋਆ ।
ਵਰਤਿਆ ਪਾਪ ਜਗਤ੍ਰ ਵਿਚ ਧਉਲ ਉਡੀਣਾ ਨਿਸ ਦਿਨ ਰੋਆ ।

... ...

ਥੰਮੇ ਕੋਇ ਨ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ ।

ਧਰਮ ਧੌਲ ਪੁਕਾਰੇ ਤਲੇ ਖੜੋਆ । (ਪਉੜੀ ਨੰ: 22)

ਭਾਈ ਗੁਰਦਾਸ ਨੇ ਉਸ ਸਮੇਂ ਦੀ ਅਤਿਅੰਤ ਨਿਘਰੀ ਰਾਜਸੀ, ਸਮਾਜਕ ਤੇ ਧਾਰਮਕ ਦਸ਼ਾ ਦਾ ਨਕਸ਼ਾ ਖਿਚ ਕੇ, ਦੁੱਖਾਂ ਕਸ਼ਟਾਂ ਵਿਚ ਨਪੀੜੇ ਜਾ ਰਹੇ ਲੋਕਾਂ ਦੀ ਹਾਹਾਕਾਰ ਤੇ ਪੁਕਾਰ ਦੀ ਸੁਣਵਾਈ ਬੜੇ ਨਾਟਕੀ ਢੰਗ ਨਾਲ ਕਰਵਾਈ ਹੈ:—

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ ।

...

ਕਲਿ ਤਾਰਣ ਗੁਰ ਨਾਨਕ ਆਇਆ । (ਪਉੜੀ ਨੰ: 23)

ਗੁਰੂ ਨਾਨਕ ਦਾ ਸਰੂਪ:— ਜਦੋਂ ਲੋਕਾਂ ਦੇ ਜੀਵਨ ਦੀਆਂ ਔਕੜਾਂ, ਮੁਸ਼ਕਲਾਂ, ਮੁਸੀਬਤਾਂ ਆਪਣੇ ਸਿਖਰ ਉਤੇ ਪੁਜ ਜਾਂਦੀਆਂ ਹਨ ਤਾਂ ਗੁਰੂ ਨਾਨਕ ਦੇਵ ਉਨ੍ਹਾਂ ਦੇ ਬੰਦੀ-ਛੋੜ ਦੇ ਰੂਪ ਵਿਚ ਇਸ ਸੰਸਾਰ ਉਤੇ ਪਰਗਟ ਹੁੰਦੇ ਹਨ । ਗੁਰੂ ਨਾਨਕ ਦੇਵ ਦੇ ਪਰਗਟ ਹੋਣ ਦੀ ਘਟਨਾ ਬੜੇ ਚਮਤਕਾਰੀ ਢੰਗ ਨਾਲ ਵਰਤਦੀ ਦਿਸਦੀ ਹੈ । ਪਹਿਲੀਆਂ ਬਾਈ ਪਉੜੀਆਂ ਵਿਚਲਾ ਬਿਆਨ ਗੁਰ-ਆਗਮਨ ਲਈ ਇਕ ਢੁਕਵੇਂ ਪਿਛੋਕੜ ਦਾ ਕੰਮ ਕਰਦਾ ਜਾਪਦਾ ਹੈ । ਭਾਈ ਸਾਹਿਬ ਨੇ ਜਗਤ-ਉਤਪਤੀ ਤੋਂ ਲੈ ਕੇ ਗੁਰੂ ਨਾਨਕ-ਆਗਮਨ ਸਮੇਂ ਤਕ ਦੇ ਵੱਖ ਵੱਖ ਸਭਿਆਚਾਰਕ ਦੌਰਾਂ ਦੀ ਤਸਵੀਰ ਖਿਚ ਕੇ ਇਹ ਸਿਧ ਕੀਤਾ ਹੈ ਕਿ ਗੁਰੂ ਨਾਨਕ ਦੇਵ ਦਾ ਜਨਮ ਇਕ ਅਜਿਹੀ ਮਹਾਨ ਘਟਨਾ ਹੈ ਜਿਸ ਕਾਰਨ "ਧਰਮ ਦੇ ਚਾਰੇ ਪੈਰ ਫੇਰ ਟਿਕ ਗਏ ਹਨ, ਚੌਹਾਂ ਵਰਨਾਂ ਵਿਚ ਸਾਂਝ ਪੈਦਾ ਹੋ ਗਈ ਹੈ ਤੇ ਰਾਣਾ ਰੰਕ ਇਕ ਪਟੜੀ ਤੇ ਖੜੇ ਨਜ਼ਰ ਆਉਂਦੇ ਹਨ ।"[1] ਵੱਖ ਵੱਖ ਸਿਧਾਂਤਾਂ ਦੀ ਰਲਗਡ ਕਾਰਨ ਫੈਲੇ ਕੁਧਰਮ, ਪਖੰਡ, ਅਗਿਆਨ ਦੇ ਕਾਲੇ ਸ਼ਾਹ ਹਨੇਰਿਆਂ ਨੂੰ ਚੀਰਦਾ, ਧੁੰਦਾਂ ਮਿਟਾਂਦਾ, ਪ੍ਰਕਾਸ਼ ਫੈਲਾਂਦਾ, ਸਭ ਦਾ ਸੂਰਜ, ਚਾਨਣ-ਰੂਪ ਗੁਰੂ ਨਾਨਕ ਪਰਗਟ ਹੋਇਆ :—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ । (ਪਉੜੀ ਨੰ: 27)

ਗੁਰੂ ਨਾਨਕ, ਸ਼ੇਰ ਸਾਰਦੂਲ ਵਾਂਗ ਭਬਕਿਆ, ਪਾਪਾਂ, ਪਖੰਡਾਂ, ਬੁਰਾਈਆਂ ਦੇ ਹਿਰਨ ਬੇ-ਹੌਸਲਾ ਹੋਏ ਭਜ ਉਠੇ :—

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ।

ਦੁਖੀ ਸੰਸਾਰ ਨੂੰ ਸੁਖ ਦਾ ਸਾਹ ਆਇਆ, ਬਹਾਰਾਂ ਪਰਤ ਪਈਆਂ, ਖੁਸ਼ੀਆਂ ਨੱਚ ਉਠੀਆਂ—

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ।

---

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 23, ਤੁਕ ਨੰ: 4 ਤੇ 5

ਭਾਈ ਗੁਰਦਾਸ ਨੇ ਇਉਂ ਗੁਰੂ ਨਾਨਕ ਦੇਵ ਨੂੰ ਅਜਿਹੇ ਜਗਤ-ਨਾਇਕ ਦੇ ਰੂਪ ਵਿਚ ਚਿਤਰਿਤ ਕੀਤਾ ਹੈ ਜਿਸ ਨੇ ਮਨੁੱਖਾ ਜੀਵਨ ਲਈ ਨਵੇਂ ਸਿਧਾਂਤ ਦਿੱਤੇ ਹਨ ਜਿਹੜੇ ਪੁਰਾਣੇ ਸਿਧਾਂਤਾਂ ਨਾਲੋਂ ਉੱਤਮ ਹਨ। ਇਸ ਜਗਤ-ਨਾਇਕ ਦਾ ਸੁਨੇਹਾ ਲੋਕਾਂ ਨੂੰ ਧਰਵਾਸ ਬਨ੍ਹਾਉਂਦਾ ਹੈ, ਦੱਬੇ ਲਿਤਾੜੇ ਲੋਕਾਂ ਦੀ ਆਸ ਬਣਦਾ ਹੈ।

ਗੁਰੂ ਨਾਨਕ-ਆਗਮਨ ਵਾਲੀ ਪਉੜੀ ਨੰ: 23 ਤੋਂ ਬਾਦ ਪਉੜੀ ਨੰ 24 ਤੋਂ ਲੈ ਕੇ ਪਉੜੀ ਨੰ: 45 ਤਕ ਗੁਰੂ ਨਾਨਕ ਦੇਵ ਦੇ ਜੀਵਨ ਵਿਚ ਵਾਪਰੀਆਂ ਕੁਝ ਕੁ ਮਹਾਨ ਘਟਨਾਵਾਂ ਦਾ ਜ਼ਿਕਰ ਹੈ। ਇਹਨਾਂ ਘਟਨਾਵਾਂ ਤੋਂ ਗੁਰੂ ਨਾਨਕ ਦੀ ਮਹਾਨ ਸ਼ਖ਼ਸੀਅਤ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੀ ਚਲਾਈ ਲਹਿਰ ਅੱਗੇ ਤੋਂ ਅੱਗੇ ਵਧਦੀ ਨਜ਼ਰ ਆਉਂਦੀ ਹੈ। ਗੁਰੂ ਨਾਨਕ ਆਪਣੇ ਸਮੇਂ ਦੇ ਮਹਾਨ ਇਨਕਲਾਬੀ ਆਗੂ ਦੇ ਰੂਪ ਵਿਚ ਆਪਣੀ ਸ਼ਖ਼ਸੀਅਤ ਦੇ ਪ੍ਰਭਾਵ, ਬੋਲਾਂ ਦੀ ਮਿਠਤ, ਨਾਕਟੀ ਜੀਵਨ ਢੰਗ, ਸੁਹਿਰਦ ਵਰਤੋਂ-ਵਿਹਾਰ, ਇਲਾਹੀ ਨਾਦ ਦੀ ਬਰਕਤ ਨਾਲ ਲੋਕਾਂ ਦੇ ਦਿਲ ਦਿਮਾਗ਼ ਜਿਤਦੇ ਹਨ।

ਇਹ ਠੀਕ ਹੈ ਕਿ ਆਪ ਨੂੰ ਪ੍ਰਭੂ-ਦਰ ਦੀ ਬਖ਼ਸ਼ਿਸ਼ ਪ੍ਰਾਪਤ ਸੀ ਪਰ ਇਸ ਬਖ਼ਸ਼ਿਸ਼ ਨੂੰ ਕਾਇਮ ਰਖਣ ਲਈ ਬਾਬੇ ਨੇ "ਪਿਛੋਂ ਦੇ ਫਿਰ ਘਾਲ ਕਮਾਈ" ਤੇ ਪ੍ਰਭੂ ਦੇ ਸੱਚ ਖੰਡ ਦਰਬਾਰ ਵਿਚੋਂ "ਨਉ ਨਿਧਿ ਨਾਮ ਗਰੀਬੀ ਪਾਈ"। ਫਿਰ ਜਦੋਂ ਸੰਸਾਰ ਦੀ ਦਸ਼ਾ ਵੱਲ ਧਿਆਨ ਕਰ ਕੇ ਵੇਖਿਆ ਤਾਂ ਗੁਰੂ ਨਾਨਕ ਨੂੰ "ਜਲਤੀ ਸਭ ਪ੍ਰਿਥਮੀ ਦਿਸ ਆਈ।" ਬਸ ਫੇਰ ਕੀ ਸੀ ਬਾਬਾ ਨਾਨਕ "ਚੜ੍ਹਿਆ ਸੋਧਨ ਧਰਤਿ ਲੁਕਾਈ"।

ਇਹ ਮਿਸ਼ਨ ਸਾਹਮਣੇ ਰਖ ਕੇ ਗੁਰੂ ਨਾਨਕ ਦੇਵ ਚਲ ਪਏ। ਉਨ੍ਹਾਂ ਨੂੰ ਆਪਣੇ ਸਮੇਂ ਦੇ ਕਹਿੰਦੇ ਕਹਾਉਂਦੇ ਵੱਡੇ ਤੋਂ ਵੱਡੇ, ਬਲਵਾਨ ਤੋਂ ਬਲਵਾਨ ਤੇ ਸਮਰੱਥ ਤੋਂ ਸਮਰੱਥ ਲੋਕਾਂ ਨਾਲ ਵਾਹ ਪਿਆ। ਆਪ ਤੀਰਥ-ਸਥਾਨਾਂ ਤੇ ਗਏ, ਕਈ ਭੇਖਾਂ ਦੇ ਸਾਧੂਆਂ ਨੂੰ ਮਿਲੇ, ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦੇ ਮਾਲਕ ਸਿੱਧਾਂ ਜੋਗੀਆਂ ਨਾਲ ਵੀ ਮੁਲਾਕਾਤ ਹੋਈ; ਹਰ ਕੋਈ ਭਰਮਾਂ ਭੁਲੇਖਿਆਂ ਦੇ ਟੋਏ ਵਿਚ ਡਿਗਾ ਤੇ ਹਉਮੈ ਦੀ ਅੱਗ ਵਿਚ ਸੜਦਾ ਨਜ਼ਰੀਂ ਆਇਆ। ਸਿੱਧਾਂ ਜੋਗੀਆਂ ਨੇ ਬਾਬੇ ਨੂੰ ਵੀ ਆਪਣੇ ਹੀ ਰਾਹ ਤੇ ਟੋਰਨਾ ਚਾਹਿਆ, ਕੌਤਕ ਵਰਤਾ ਕੇ ਭਰਮਾਉਣਾ ਚਾਹਿਆ, ਪਰ

"ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰੂ ਦੀ ਝਾਲਾ"। (ਪਉੜੀ 31)

ਗੁਰੂ ਨਾਨਕ ਦੇਵ ਮੱਕੇ ਵੀ ਗਏ, ਬਗ਼ਦਾਦ ਵੀ ਪੁੱਜੇ। ਮੁਸਲਮਾਣਾਂ ਦੇ ਦੇਸ਼ ਵਿਚ, ਦੇਸ਼ ਵਿਚ ਹੀ ਨਹੀਂ, ਉਨ੍ਹਾਂ ਦੇ ਗੜ੍ਹ ਵਿਚ ਬਹਿ ਕੇ "ਹਿੰਦੂ ਵਡਾ ਹੈ ਕਿ ਮੁਸਲਮਾਨ" ਪ੍ਰਸ਼ਨ ਦਾ ਉੱਤਰ ਜਿਸ ਨਿਡਰਤਾ ਨਾਲ ਦਿੱਤਾ ਹੈ, ਉਹ ਹੈਰਾਨੀ ਭਰੀ ਹੈ:–

"ਪੁਛਣਿ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ ?"
ਬਾਬਾ ਆਖੇ ਹਾਜੀਆ ਸੁਭ ਅਮਲਾਂ ਬਾਝੋਂ ਦੋਵੇਂ ਰੋਈ। (ਪਉੜੀ 33)

'ਨਿਰਭਉ' ਅਕਾਲ ਪੁਰਖ ਦਾ ਪਿਆਰਾ ਆਪ ਵੀ ਨਿਰਭਉ ਸ਼ਖ਼ਸੀਅਤ ਦਾ ਮਾਲਕ ਹੈ। ਉਸ ਨੇ "ਜਗ ਅੰਦਰ ਕੁਦਰਤ ਵਰਤਾਈ" ਹੈ, ਉਸ ਦੀ "ਜ਼ਾਹਰ ਕਲਾ ਨ ਛਪੈ ਛਪਾਈ"। ਪਰ ਇਹ ਸਭ ਕੁਝ ਉਸ ਨੇ ਕਿਵੇਂ ਕੀਤਾ ਹੈ :-

ਜੀਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕਰ ਚਲਾਯਾ। (ਪਉੜੀ 37)

ਉਸ ਦਾ ਮੇਲਿਆਂ ਉਤੇ ਜੋਗੀਆਂ ਨਾਲ ਟਾਕਰਾ ਹੋਇਆ, ਸਿੱਧਾਂ ਨਾਲ ਗੋਸ਼ਟਾਂ ਹੋਈਆਂ, ਜੋਗੀਆਂ ਤੇ ਸਿੱਧਾਂ ਨੇ ਉਸ ਨੂੰ ਕਰਾਮਾਤਾਂ ਵਿਖਾ ਕੇ ਭੈ-ਭੀਤ ਕਰਨਾ ਲੋਚਿਆ, ਪਰ ਬਾਬਾ ਅਟਲ ਤੇ ਅਡੋਲ ਰਿਹਾ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਕਾਰਨ ? ਬਾਬਾ ਨਾਨਕ ਨੂੰ

ਗੁਰ ਸੰਗਤ ਬਾਨੀ ਬਿਨਾ ਦੂਜੀ ਓਟ ਨਹੀਂ ਹੈ ਰਾਈ। (ਪਉੜੀ 42)

ਕਿਉਂਕਿ ਬਾਬੇ ਨੇ ਆਖਿਆ :-

ਬਾਝੋਂ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ। (ਪਉੜੀ 43)

ਭਾਈ ਗੁਰਦਾਸ ਨੇ ਪਹਿਲੀ ਵਾਰ ਦੀਆਂ ਇਹਨਾਂ ਪਉੜੀਆਂ ਵਿਚ ਗੁਰੂ ਨਾਨਕ ਦੇਵ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਝਲਕ ਵਿਖਾਈ ਹੈ। ਇਹਨਾਂ ਵੀਹ ਬਾਈ ਪਉੜੀਆਂ ਵਿਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਤੇ ਉਹ ਵੀ ਇਕ ਦੂਜੀ ਤੋਂ ਵੱਧ ਚੜ੍ਹ ਕੇ ਕਿ ਦਿਲ ਦਿਮਾਗ਼ ਹਲੂਣਿਆ ਜਾਂਦਾ ਹੈ। ਗੁਰੂ ਨਾਨਕ ਇਕ ਸ਼ਕਤੀਵਾਨ, ਬਲਵਾਨ ਤੇ ਸਮੱਰਥ ਸ਼ਖ਼ਸੀਅਤ ਦਾ ਸੁਆਮੀ ਦਿਸ ਆਉਂਦਾ ਹੈ, ਉਹ ਆਪਣ ਮੁਖ਼ਾਲਫ਼ਾਂ ਨੂੰ ਚਾਰੋ ਸ਼ਾਨੇ ਚਿੱਤ ਕਰਦਾ, ਜਿਤਦਾ, ਆਪਣੇ ਅਧੀਨ ਕਰਦਾ, ਸਿਖ ਬਣਾਉਂਦਾ, ਅੱਗੇ ਹੀ ਅੱਗੇ ਵਧਦਾ, ਮੱਲਾਂ ਮਾਰਦਾ ਵਿਖਾਈ ਦੇਂਦਾ ਹੈ। ਹਰ ਕੋਈ ਉਸ ਦੀ ਸ਼ਖ਼ਸੀਅਤ ਤੇ ਉਸ ਦੇ ਸਿਧਾਂਤਾਂ ਦਾ ਕਾਇਲ ਹੁੰਦਾ ਹੋਇਆ ਉਸਦਾ ਲੋਹਾ ਮੰਨਦਾ ਹੈ। ਹਰ ਮੈਦਾਨ ਵਿਚ ਫ਼ਤਿਹਯਾਬੀਆਂ ਉਸ ਦੇ ਪੈਰ ਚੁੰਮਦੀਆਂ ਹਨ। ਉਸ ਨੇ :-

1, ਸ਼ਬਦ ਜਿਤੀ ਸਿਧ ਮੰਡਲੀ, ਕੀਤੋਸੁ ਅਪਣਾ ਪੰਥ ਨਿਰਾਲਾ। (ਪਉੜੀ :1)

2, ਉਗਵਣ ਤੇ ਆਥਵਣ ਨਉਖੰਡ ਪ੍ਰਿਥਵੀ ਸਭ ਝੁਕਾਈ।
ਜਗ ਅੰਦਰ ਕੁਦਰਤ ਵਰਤਾਈ। [ਪਉੜੀ 34]

3, ਗੜ੍ਹ ਬਗਦਾਦ ਨਿਵਾਇ ਕੈ ਮੱਕਾ ਮਦੀਨਾ ਸਭ ਨਿਵਾਇਆ। [ਪਉੜੀ 37]

ਇਹ ਉਸ ਦੀ ਦੈਵੀ ਸ਼ਕਤੀ ਸੀ ਕਿ

1, ... ਫਿਰਿਆ ਮੱਕਾ ਕਲਾ ਦਿਖਾਈ।
ਹੋਇ ਹੈਰਾਨ ਕਰੇਨ ਜੁਹਾਰੀ। (ਪਉੜੀ 32)

2, ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ। (ਪਉੜੀ 34)

ਅਤੇ "ਖੂਨਸ" ਖਾਣ ਵਾਲੇ ਜੋਗੀ ਤੇ ਸਿਧ ਇਕ ਜ਼ਬਾਨ ਹੋ ਕੇ ਗਾ ਉਠੇ

ਸਿਧ ਬੋਲਨ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ।

"ਵੱਡਾ ਪੁਰਖ ਪਰਗਟਿਆ ਕਲਿਜੁਗ ਅੰਦਰ ਜੋਤ ਜਗਾਈ । (ਪਉੜੀ 44)

ਭਾਈ ਗੁਰਦਾਸ ਨੇ ਇਹਨਾਂ ਪਉੜੀਆਂ ਵਿਚ ਗੁਰੂ ਨਾਨਕ ਦੇਵ ਦੀ ਅਜਿਹੀ ਚਮਤਕਾਰੀ ਸ਼ਖ਼ਸੀਅਤ ਦਾ ਚਿਤ੍ਰ ਪੇਸ਼ ਕੀਤਾ ਹੈ ਤੇ ਇਹ ਇਤਨਾ ਚਕਾਚੂੰਧ ਕਰ ਦੇਣ ਵਾਲਾ ਹੈ ਕਿ ਇਸ ਦੇ ਸਾਹਮਣੇ ਹਿੰਦੂ, ਮੁਸਲਮਾਨ, ਜੋਗੀ, ਸਿਧ, ਪੀਰ, ਫ਼ਕੀਰ, ਕਾਜ਼ੀ ਸਭ ਸਿਰ ਝੁਕਾਉਂਦੇ ਹਨ, ਇਸ ਅੱਗੇ ਕਿਸੇ ਵੀ ਮਨੁੱਖ ਦਾ ਠਹਿਰ ਸਕਣਾ ਸੰਭਵ ਨਹੀਂ ।

ਵਾਰ ਨੰ: 24 ਦੀ ਦੂਜੀ, ਤੀਜੀ ਤੇ ਚੌਥੀ ਪਉੜੀ ਵਿਚ ਇਸ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਆਚਰਨ ਹੋਰ ਪੱਖਾਂ ਤੋਂ ਵੀ ਚਿਤਰਿਆ ਹੈ ਤੇ ਗੁਰੂ ਨਾਨਕ ਨੂੰ :-

ਜਗਤ ਗੁਰੂ ਗੁਰ ਨਾਨਕ ਦੇਉ । (ਵਾਰ 24, ਪਉੜੀ 2)

ਪਰਵਾਨ ਕਰ ਕੇ "ਸੱਚਾ ਪਾਤਸ਼ਾਹ, ਬੇ ਪਰਵਾਹ, ਅਥਾਹ ਸਾਹਿਬੀ ਦਾ ਮਾਲਕ, ਗਰੀਬ ਨਿਵਾਜ਼, ਬੇਮੁਥਾਜ, ਅਗਮ, ਅਡੋਲ, ਅਤੋਲ, ਆਦਲ, ਭਗਤ ਵਛਲ ਤੇ

"ਜ਼ਾਹਰ ਪੀਰ ਜਗਤ ਗੁਰ ਬਾਬਾ"

ਆਖਿਆ ਹੈ ।

ਗੁਰੂ ਅੰਗਦ ਦੇਵ ਦਾ ਸਰੂਪ:-

ਪਹਿਲੀ ਵਾਰ ਦੀ ਪਉੜੀ ਨੰ : 45 ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਮੁਲਤਾਨ ਦੀ ਜ਼ਿਆਰਤ ਕਰ ਕੇ ਕਰਤਾਰਪੁਰ ਵਿਚ ਆ ਗਏ ਤੇ ਇੱਥੇ ਹੀ ਆਪਣੇ ਜਿਊਂਦੇ ਜੀ ਭਾਈ ਲਹਿਣਾ ਨੂੰ ਗੁਰਿਆਈ ਸੌਂਪ ਦਿੱਤੀ ਅਤੇ :-

ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ ।

....

ਕਾਇਆ ਪਲਟ ਸਰੂਪ ਬਣਾਯਾ ।

ਇਹ ਗੁਰੂ ਨਾਨਕ ਦੇਵ ਦੀ ਸਭ ਤੋਂ ਵੱਡੀ ਕਰਾਮਾਤ ਸੀ । ਆਪ ਨੇ ਜਿਹੜੀ 'ਜੋਤਿ' ਅਕਾਲ-ਪੁਰਖ ਤੋਂ ਪ੍ਰਾਪਤ ਕੀਤੀ ਸੀ, ਉਸ ਜੋਤਿ ਦੇ ਪ੍ਰਕਾਸ਼ ਨੂੰ ਹੋਰਨਾਂ ਵਿਚ ਫੈਲਾਉਣਾ, ਕੇਵਲ ਫੈਲਾਉਣਾ ਹੀ ਨਹੀਂ ਸਗੋਂ ਹੋਰਨਾਂ ਵਿਚ ਉਜਾਗਰ ਕਰਨਾ ਆਪ ਦਾ ਮੂਲ ਮਨੋਰਥ ਸੀ ਪਰ ਇਸ ਮਨੋਰਥ-ਸਿਧੀ ਲਈ, ਇਸ ਜੋਤਿ ਨੂੰ ਪ੍ਰਜਵਲਤ ਕਰਾਉਣ ਲਈ ਕਿਸੇ ਦਾ ਸੁਜੋਗ ਪਾਤਰ ਹੋਣਾ ਅਤਿਅੰਤ ਜ਼ਰੂਰੀ ਸੀ । ਜਦੋਂ ਭਾਈ ਲਹਿਣਾ ਗੁਰੂ ਜੀ ਦੇ ਦੱਸੇ ਸਿਧਾਂਤਾਂ ਅਨੁਸਾਰ ਅਮਲੀ ਜੀਵਨ ਜੀ ਕੇ ਸੇਵਾ, ਸਿਮਰਨ, ਨਿਮਰਤਾ ਆਦਿ ਰਾਹੀਂ ਪਰਖ ਕਸਵੱਟੀ ਤੇ ਪੂਰੇ ਉਤਰ ਗਏ ਤਾਂ ਇਸ ਜਗਮਗ ਕਰਦੀ ਜੋਤਿ ਦਾ ਸੰਚਾਰ ਉਨ੍ਹਾਂ ਅੰਦਰ ਹੋ ਗਿਆ । ਗੁਰੂ-ਅੰਗ ਨਾਲ ਲਗ ਕੇ ਭਾਈ ਲਹਿਣਾ ਗੁਰੂ ਅੰਗਦ ਹੋ ਗਏ । ਗੁਰੂ ਅੰਗਦ ਗੁਰੂ ਅੰਗ ਤੇ... ... 24/8

ਵਾਰ ਨੰ: 24 ਦੀ ਪੰਜਵੀਂ, ਛੇਵੀਂ ਤੇ ਸਤਵੀਂ ਪਉੜੀ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਦਾ ਸੰਖੇਪ ਜਿਹਾ ਵਰਣਨ ਕਰਦਿਆਂ :-

1. ਬਾਬਾਣੈ ਗੁਰ ਅੰਗਦ ਆਯਾ ।
2. ਬਾਬਾਣੈ ਘਰ ਚਾਨਣ ਲਹਿਣਾ ।
3. ਪੁੱਤ ਸਪੁੱਤ ਬਾਬਾਣੈ ਲਹਿਣਾ ।

ਆਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਹਨ । ਕਿਉਂਕਿ ਗੁਰੂ ਨਾਨਕ ਦੇਵ ਦੀ ਜੋਤਿ ਹੀ ਭਾਈ ਲਹਿਣਾ ਵਿਚ ਉਜਾਗਰ ਹੋਈ ਹੈ ਇਸ ਲਈ "ਪਾਰਸ ਹੋਆ ਪਾਰਸੰਹੁ, ਚੰਦਨ ਹੋਆ ਚੰਦਨਹੁੰ, ਜੋਤਿ ਸਮਾਣੀ ਜੋਤਿ ਵਿਚ, ਸੱਚ ਸਮਾਣਾ ਸੱਚ ਵਿਚ" ਕਿਹਾ ਹੈ । ਇਹ ਭਾਈ ਲਹਿਣਾ ਗੁਰੂ ਅੰਗਦ ਦੇਵ ਬਣ ਕੇ, ਭਾਉ ਭਗਤੀ ਵਿਚ ਚਲਦੇ ਹਨ, ਈਰਖਾ ਤੇ ਹੰਕਾਰ ਤੋਂ ਰਹਿਤ ਹਨ, ਕਾਮ ਕਰੋਧ, ਲੋਭ, ਮੋਹ, ਸਭ ਦਾ ਤਿਆਗ ਕੀਤਾ ਹੈ ਤੇ ਸਤਿ, ਸੰਤੋਖ, ਦਇਆ, ਧਰਮ ਆਦਿ ਨੂੰ ਧਾਰਨ ਕਰ ਕੇ ਸ਼ਾਂਤ-ਚਿਤ ਰਹਿੰਦੇ ਹਨ । ਆਪ ਗੁਰੂ ਨਾਨਕ ਤੋਂ ਪ੍ਰਾਪਤ ਕੀਤੀ ਜੋਤਿ ਦਾ ਪ੍ਰਕਾਸ਼, ਕਰਤਾਰਪੁਰ ਦੀ ਬਜਾਏ, ਖਡੂਰ ਸਾਹਿਬ ਤੋਂ ਫੈਲਾ ਰਹੇ ਹਨ :—

ਦਿੱਤਾ ਛਡ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ । (ਵਾਰ 1, ਪਉੜੀ 46)

ਗੁਰੂ ਅਮਰਦਾਸ ਦਾ ਸਰੂਪ :—

"ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ" (ਪਉੜੀ 46)

ਤੁਕ ਤੋਂ ਸਪੱਸ਼ਟ ਹੈ ਕਿ ਭਾਈ ਲਹਿਣਾ ਨੇ ਜਿਹੜੀ ਅੰਗਮੀ ਜੋਤਿ ਗੁਰੂ ਨਾਨਕ ਦੇਵ ਤੋਂ ਪ੍ਰਾਪਤ ਕੀਤੀ ਸੀ ਉਸ ਜੋਤਿ ਦਾ ਪ੍ਰਕਾਸ਼ ਅਮਰਦਾਸ ਵਿਚ ਹੋਇਆ । ਅਮਰਦਾਸ ਨੂੰ ਇਲਾਹੀ ਦਾਤ ਪ੍ਰਾਪਤ ਹੋਈ ਤੇ ਆਪ ਗੁਰੂ-ਰੂਪ ਹੋ ਕੇ ਗੁਰੂ ਨਾਨਕ ਦੀ ਗੱਦੀ ਉਤੇ ਬਿਰਾਜਮਾਨ ਹੋਏ । 'ਜੋਤਿ' ਤੇ 'ਦਾਤਿ' ਪ੍ਰਾਪਤ ਕਰ ਕੇ ਆਪ, ਨਵੇਂ ਵਸਾਏ ਗੋਇੰਦਵਾਲ ਤੋਂ, ਖ਼ਸਮ ਦੀ ਵਡਿਆਈ ਕਰਨ ਲੱਗੇ । ਸ਼ਬਦ ਦਾ ਪਰਚਾਰ ਤੇ ਸਾਧ ਸੰਗਤ ਦਾ ਮੇਲ[1], ਨਾਮ, ਦਾਨ, ਇਸ਼ਨਾਨ ਦੀ ਦ੍ਰਿੜਤਾ ਆਦਿ ਗੁਣਾਂ ਤੇ ਜ਼ੋਰ ਦਿਤਾ । ਗੁਰ-ਸ਼ਬਦ ਨੂੰ ਹੀ ਗੁਰ-ਮੂਰਤ ਦਸ ਕੇ, ਦੁਨੀਆਂ ਦੀ ਵਡਿਆਈ ਨੂੰ ਫੋਕ-ਫਿਕੀ ਦਰਸਾ ਕੇ, ਦੇਵੀ-ਦੇਵਤਿਆਂ ਦੀ ਮਨੌਤ ਨੂੰ ਥੋਥਾ ਦਸ ਕੇ ਰਜ਼ਾ ਵਿਚ ਰਹਿਣਾ ਸਿਖਾਇਆ ।[3] ਇਉਂ "ਗੁਰਮੁਖ ਸੌਖਾ ਅਮਰ ਸੁਹੇਲਾ" [4] ਬਣ ਗਿਆ

ਅਜਿਹੇ ਗੁਣਾਂ ਵਾਲੇ ਗੁਰੂ ਅਮਰ ਦਾਸ ਦੇ ਸਾਹਮਣੇ :—

"ਸਿਧ ਨਾਥ ਅਵਤਾਰ ਸਭ ਹੱਥ ਜੋੜ ਕੇ ਹੋਏ ਖਲਿਆ ।"[5]

ਗੁਰੂ ਰਾਮ ਦਾਸ ਦਾ ਸਰੂਪ:—

"ਗੁਰ ਅਮਰਹੁੰ ਗੁਰ ਰਾਮ ਦਾਸ ਜੋਤੀ ਜੋਤਿ ਜਗਾਇ ਜੁਹਾਰਾ" (ਵਾਰ 24, ਪਉੜੀ 14)

---

1. ਵਾਰਾਂ ਭਾਈ ਗੁਰਦਾਸ, ਵਾਰ 24 ਪਉੜੀ 12
2. ਉਹੀ , ਵਾਰ 24, ਪਉੜੀ 13.
3. ਉਹੀ , ਵਾਰ 24, ਪਉੜੀ 11.
4. ਉਹੀ , ਵਾਰ 24, ਪਉੜੀ 11.
5. ਉਹੀ , ਵਾਰ 24, ਪਉੜੀ 8.

ਗੁਰੂ ਨਾਨਕ ਦੀ ਜੋਤਿ ਹੁਣ ਗੁਰੂ ਰਾਮਦਾਸ ਵਿਚ ਜਗਮਗਾਉਣ ਲੱਗੀ । ਇਸ ਜੋਤੀ ਪਾਤਸ਼ਾਹ ਨੇ ਅੰਮ੍ਰਿਤ ਸਰੋਵਰ ਪੂਰਨ ਕਰਵਾਇਆ ।[1] ਆਪ ਦੀਨ ਦੁਨੀਆਂ ਦਾ ਥੰਮ ਹਨ[2], ਗ੍ਰਿਹਸਤੀ ਹੁੰਦੇ ਹੋਏ ਵੀ ਆਸਾ ਵਿਚ ਨਿਰਾਸ ਰਹਿ ਕੇ, ਦੁਖ ਸੁਖ ਨੂੰ ਇਕੋ ਜਿਹਾ ਜਾਣਦੇ ਹਨ ।[3] ਆਪ ਨੂੰ ਹਰਖ ਸੋਗ ਦੀ ਆਪਦਾ ਨਹੀਂ ਵਿਆਪਦੀ । ਆਪ ਤਾਂ

ਬਾਬਾਣੇ ਕੁਲ ਕਮਲ ਅਲਿਪਤਾ [ਵਾਰ 24, ਪਉੜੀ 15]

ਗੁਰੂ ਨਾਨਕ ਦੀ ਕੁਲ ਵਿਚ ਕਵਲ ਵਾਂਗ ਨਿਰਲੇਪ ਹਨ ।

ਗੁਰੂ ਅਰਜਨ ਦੇਵ ਦਾ ਸਰੂਪ :-

ਫਿਰ ਆਈ ਘਰ ਅਰਜਨੇ[4] ਅਨੁਸਾਰ ਗੁਰੂ ਨਾਨਕ ਦੀ ਜੋਤਿ ਅਰਜਨ ਵਿਚ ਪ੍ਰਵੇਸ਼ ਕਰਦੀ ਹੈ ਤੇ ਸੰਸਾਰ ਦੀ ਦ੍ਰਿਸ਼ਟੀ ਤੋਂ ਗੁਰੂ ਰਾਮਦਾਸ ਦੇ ਇਹ ਸਪੁੱਤਰ, ਗੁਰੂ ਕਹਾਉਂਦੇ ਹਨ । ਗੁਰੂ ਅਰਜਨ ਦੇਵ ਗੁਰਬਾਣੀ ਦਾ ਭੰਡਾਰ ਹਨ, ਕਥਾ ਕੀਰਤਨ ਵਿਚ ਰੰਗੇ ਰਹਿੰਦੇ ਹਨ, ਆਪ ਨੇ ਸਾਧ ਸੰਗਤ ਨੂੰ ਗੁਰੂ ਦੀ ਸਤਾ ਬਣਾਇਆ[5] ਹੈ । ਲੰਗਰ ਚਲਾਇਆ ਹੈ । ਸੱਚ ਹੀ ਆਪ ਦਾ ਨਿਸ਼ਾਨ ਹੈ, ਸੱਚਾ ਹੀ ਦੀਵਾਨ ਹੈ ਤੇ ਸੱਚਾ ਹੀ ਮਾਣ ਹੈ, ਇਸੇ ਲਈ ਆਪ ਦਾ

"ਅਬਚਲ ਰਾਜ ਹੋਆ ਸਣਖਤਾ" [ਵਾਰ 24, ਪਉੜੀ 19]

ਕਿਹਾ ਹੈ । ਚੌਹਾਂ ਦਿਸ਼ਾਵਾਂ ਵਿਚ ਆਪ ਦਾ ਜਸ ਛਾ ਰਿਹਾ ਹੈ, ਅਣਗਿਣਤ ਸਿਖ ਸੰਗਤ ਆ ਰਹੀ ਹੈ । ਆਪ ਨੂੰ ਵਾਹਿਗੁਰੂ ਵਲੋਂ ਅਟੱਲ ਰਾਜ ਦੀ ਪ੍ਰਾਪਤੀ ਹੋਈ ਹੈ ਅਤੇ ਆਪ ਪੂਰਨ ਬ੍ਰਹਮ ਤੇ ਪਰਮਪਦ ਵਿਚ ਮਸਤ ਰਹਿੰਦੇ ਹਨ:-

ਗੁਰਮੁਖ ਭਰੁ ਨਿਰੰਜਨੀ ਪੂਰਨ ਬ੍ਰਹਮ ਪਰਮ ਪਦ ਮੱਤਾ । [ਵਾਰ 24, ਪਉੜੀ 20)

ਗੁਰੂ ਹਰਿਗੋਬਿੰਦ ਸਾਹਿਬ ਦਾ ਸਰੂਪ :-

"ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ" [ਵਾਰ 1, ਪਉੜੀ 48]

ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ, ਇਲਾਹੀ ਜੋਤਿ ਇਕ ਤੋਂ ਬਾਦ ਦੂਜੇ ਗੁਰੂ ਜੀ ਵਿਚ ਉਜਾਗਰ ਹੁੰਦੀ ਆਈ, ਪ੍ਰਜਵਲਤ ਹੁੰਦੀ ਰਹੀ, ਗੁਰੂ ਜੀ ਕਾਇਆ ਪਲਟ ਕੇ ਨਵਾਂ ਸਰੂਪ ਬਣਾਉਂਦੇ ਰਹੇ । ਇਉਂ

---

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 47.
2. ਉਹੀ , ਵਾਰ 24, ਪਉੜੀ 15.
3. ਉਹੀ ਵਾ.ਬ. 24 ਪਉੜੀ 16 ।
4. ਉਹੀ , ਵਾਰ 1 ਪਉੜੀ 47.
5. ਉਹੀ , ਵਾਰ 24, ਪਉੜੀ 19.

"ਜੁਗ ਜੁਗ ਸਤਿਗੁਰ ਧਰੇ ਅਵਤਾਰੀ" [ਵਾਰ 1 ਪਉੜੀ 48]

ਦਾ ਕੌਤਕ ਵਰਤਦਾ ਰਿਹਾ ।

ਗੁਰੂ ਹਰਿਗੋਬਿੰਦ ਸਾਹਿਬ, ਛੇਵਾਂ ਪੀਰ, ਭਾਈ ਗੁਰੂ ਹੋ ਕੇ ਗੱਦੀ ਤੇ ਬੈਠੇ । ਇਹ ਗੁਰੂ ਸੂਰਮਾ ਹੈ, ਦਲ ਭੰਜਨ ਹੈ, ਬੜਾ ਚੰਗਾ ਜੋਧਾ ਹੈ, ਪਰ ਇਸ ਸਭ ਕੁਝ ਦੇ ਨਾਲ ਨਾਲ ਪਰਉਪਕਾਰੀ ਹੈ ।[1] ਇਹ 'ਅਗਮ ਅਗੋਚਰ' ਹੈ । ਦੀਨ ਦੁਨੀ ਦਾ ਪਾਤਸ਼ਾਹ ਹੈ, ਸੰਸਾਰੀ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ, ਅੰਤਰਜਾਮੀ ਹੈ, ਪਰ ਬੜਾ ਭੋਲਾ ਹੈ ।[2] ਇਹ ਗੁਰਸਿਖ ਹੈ, ਲੁਕਾਇਆਂ ਲੁਕਦਾ ਨਹੀਂ:-

ਗੁਰਸਿਖ ਹਰਿਗੋਬਿੰਦ ਹੈ ਨ ਲੁਕੈ ਲੁਕਾਇਆ । [ਵਾਰ 40, ਪਉੜੀ 1]

ਇਉਂ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਪਹਿਲੇ ਛੇ ਗੁਰੂ ਸਹਿਬਾਨ ਵਿਚ ਇਕੋ ਜੋਤਿ ਪ੍ਰਕਾਸ਼ਦੀ, ਉਜਾਗਰ ਤੇ ਪ੍ਰਜਵਲਤ ਹੁੰਦੀ ਵਿਖਾਈ ਹੈ । ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ, ਇਹ ਜੋਤਿ ਤੋਂ ਜੋਤਿ ਦੇ ਜਗਣ ਦਾ ਚਮਤਕਾਰ ਸੰਸਾਰ ਨੇ ਅਖੀਂ ਵੇਖਿਆ । ਭਾਈ ਸਾਹਿਬ ਨੇ "ਸਭੇ ਗੁਰੂ ਇਕ ਜੋਤਿ ਹਨ, ਇਕ ਰੂਪ ਹਨ" ਦਾ ਵਿਚਾਰ ਕਈ ਵਾਰਾਂ ਵਿਚ ਦੁਹਰਾਇਆ ਹੈ ।[3] ਇਹ ਜੋਤਿ ਪਰਮ-ਪਰਮਾਤਮਾ ਪੂਰਨ ਬ੍ਰਹਮ ਦੀ ਆਪਣੀ ਜੋਤਿ ਹੈ, ਜੋ ਪਹਿਲਾਂ ਗੁਰੂ ਨਾਨਕ ਦੇਵ ਦੇ ਸਰੂਪ ਵਿਚ ਪਰਗਟ ਹੋਈ ਤੇ ਗੁਰੂ ਨਾਨਕ ਦੇ ਸਿਧਾਂਤਾਂ ਦਾ ਅਨੁਸਰਣ ਕਰਨ ਵਾਲੇ ਗੁਰਸਿਖ ਭਾਈ ਲਹਿਣਾ ਜੀ ਵਿਚ ਨਿਮਰਤਾ, ਸੇਵਾ, ਸਿਮਰਨ, ਆਗਿਆਕਾਰਤਾ ਆਦਿ ਗੁਣਾਂ ਕਾਰਨ ਸੰਚਰਿਤ ਹੋ ਕੇ ਅਗੇ ਤੋਂ ਅਗੇ ਵਧੀ :

ਪਾਰਬ੍ਰਹਮ ਪੂਰਨ ਬ੍ਰਹਮ ਗੁਰੂ ਨਾਨਕ ਦੇਉ ।
ਗੁਰ ਅੰਗਦ ਗੁਰ ਅੰਗ ਤੇ ਸਚ ਸ਼ਬਦ ਸਮੇਉ ।
ਅਮਰਾ ਪਦ ਗੁਰ ਅੰਗਦਹੁੰ ਅਤਿ ਅਲਖ ਅਭੇਉ ।
ਗੁਰ ਅਮਰਹੁੰ ਗੁਰ ਰਾਮਦਾਸ ਗਤਿ ਅਛਲ ਛਲੇਉ ।
ਰਾਮਦਾਸ ਅਰਜਨ ਗੁਰੂ ਅਬਿਚਲ ਅਰਖੇਉ ।
ਹਰਿ ਗੋਬਿੰਦ ਗੋਬਿੰਦ ਗੁਰ ਕਾਰਨ ਕਰਨੇਉ । [ਵਾਰ 13, ਪਉੜੀ 25]

(2) ਵਾਰਾਂ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦੀ ਜੀਵਨੀ

ਭਾਈ ਗੁਰਦਾਸ ਦੀਆਂ ਵਾਰਾਂ ਦੇ ਪਠਨ-ਪਾਠਨ ਤੋਂ ਇਕ ਗੱਲ ਸਪੱਸ਼ਟ ਹੈ ਕਿ ਇਸ ਰਚਨਾ ਦਾ ਮੰਤਵ, ਇਤਿਹਾਸ ਲਿਖਣਾ ਨਹੀਂ, ਗੁਰਮਤ ਦਾ ਪਰਚਾਰ ਕਰਨਾ ਹੈ ਤੇ ਨਾਲ ਹੀ ਇਹ ਕਿ ਆਪ ਇਕ ਵਿਦਵਾਨ ਕਵੀ ਹਨ, ਇਤਿਹਾਸਕਾਰ ਨਹੀਂ । ਪਰ, ਕਿਉਂਕਿ ਸਿਖ ਲਹਿਰ ਨਾਲ ਆਪ

---

1 ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 48.
2 ਉਹੀ , ਵਾਰ 39, ਪਉੜੀ 3.
3 ਉਹੀ , ਵਾਰ 3, 13, 20, 24, 26, 38 39.

ਦਾ ਘਨਿਸ਼ਠ ਸੰਬੰਧ ਹੈ, ਗੁਰੂ ਅਮਰਦਾਸ ਦੇ ਭਤੀਜੇ ਹੋਣ ਕਾਰਨ ਗੁਰੂ-ਘਰ ਨਾਲ ਲਹੂ-ਮਾਸ ਦਾ ਰਿਸ਼ਤਾ ਹੈ, ਨਾਲੇ ਆਪ ਤੀਜੇ, ਚੌਥੇ, ਪੰਜਵੇਂ ਤੇ ਛੇਵੇਂ ਗੁਰੂ ਦੇ ਕੇਵਲ ਸਮੇਂ-ਸੰਗੀ ਹੀ ਨਹੀਂ, ਅਤਿ ਨਿਕਟ-ਵਰਤੀ ਅਨਿੰਨ-ਵਿਸ਼ਵਾਸੀ ਸਿਖ ਹੋਣ ਦੀ ਹੈਸੀਅਤ ਵਿਚ ਸਿਖ ਮਤ ਦੇ ਪਰਚਾਰਕ ਹਨ, ਇਸ ਲਈ ਇਸ ਲਹਿਰ ਦੇ ਸੰਚਾਲਕ ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਦੇ ਜੀਵਨਾਂ ਸੰਬੰਧੀ ਕੁਝ ਜਾਣਕਾਰੀ, ਚਾਹੇ ਇਸ਼ਾਰੇ ਮਾਤਰ ਹੀ ਸਹੀ, ਆਪ ਦੀਆਂ ਵਾਰਾਂ ਵਿਚੋਂ ਉਪਲਬਧ ਹੈ। ਇਸ ਸੰਬੰਧ ਵਿਚ ਪਹਿਲੀ ਵਾਰ ਖ਼ਾਸ ਵਰਣਨ ਯੋਗ ਹੈ।

ਭਾਈ ਗੁਰਦਾਸ ਨੇ ਜਿਥੇ ਇਸ ਪਹਿਲੀ ਵਾਰ ਵਿਚ ਤੇ ਹੋਰ ਵੀ ਕਈ ਵਾਰਾਂ ਵਿਚ ਆਪਣੇ ਸਮੇਂ ਦੇ ਸਮਾਜਕ, ਧਾਰਮਕ, ਰਾਜਨੀਤਕ ਹਾਲਾਤ ਦਾ ਵਰਣਨ ਕੀਤਾ ਹੈ, ਉਥੇ ਗੁਰ-ਇਤਿਹਾਸ ਦੀ ਝਲਕ ਵੀ ਵਿਖਾਈ ਹੈ। ਆਪ ਨੇ ਗੁਰੂ ਅਮਰਦਾਸ ਦੇ ਸਮੇਂ ਤੋਂ ਲੈ ਕੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਤਕ ਦੇ ਹਾਲਾਤ ਆਪਣੀ ਅਖੀਂ ਡਿੱਠੇ। ਇਹ ਸਮਾਂ ਮੁਗ਼ਲ ਬਾਦਸ਼ਾਹ ਅਕਬਰ ਤੋਂ ਜਹਾਂਗੀਰ ਬਾਦਸ਼ਾਹ ਦੇ ਸਮੇਂ ਤਕ ਹੈ ਤੇ ਇਤਿਹਾਸ ਦੇ ਪੱਖ ਤੋਂ ਬੜੀ ਮਹੱਤਤਾ ਰਖਦਾ ਹੈ। ਪਰ ਭਾਈ ਸਾਹਿਬ ਦਾ ਧਿਆਨ ਰਾਜਨੀਤਕ ਘਟਨਾਵਾਂ ਨੂੰ ਚਿਤਰਨ ਵੱਲ ਨਹੀਂ, ਸਗੋਂ ਸ਼ਰਧਾ ਤੇ ਪਿਆਰ ਸਹਿਤ ਗੁਰ-ਸੇਵਾ ਵੱਲ ਹੈ। ਆਪ ਨੇ ਗੁਰੂ ਘਰ ਦੇ ਇਤਿਹਾਸ ਵੱਲ ਸੰਖੇਪ ਜਿਹੇ ਇਸ਼ਾਰੇ ਕੀਤੇ ਹਨ।

ਜਿਥੋਂ ਤਕ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਦਾ ਸੰਬੰਧ ਹੈ, ਭਾਈ ਸਾਹਿਬ ਨੇ ਉਸ ਸਮੇਂ ਦੇ ਹਜ਼ੂਰੀ ਸਿੱਖਾਂ ਤੋਂ ਸੁਣ ਕੇ ਤੇ ਜਨਮ ਸਾਖੀ ਵਿਚੋਂ ਪੜ੍ਹ ਕੇ ਉਨ੍ਹਾਂ ਬਾਰੇ ਜੋ ਕੁਝ ਜਾਣਿਆ ਬੁਝਿਆ, ਉਸ ਨੂੰ ਉਲੀਕਣ ਦਾ ਜਤਨ ਕੀਤਾ ਹੈ। ਬਾਕੀ ਗੁਰ-ਵਿਅਕਤੀਆਂ ਸਮੇਂ ਆਪ ਹਾਜ਼ਰ ਹੋਣ ਕਾਰਨ, ਉਨ੍ਹਾਂ ਬਾਰੇ ਲਿਖਣਾ ਇਕ ਸਾਧਾਰਣ ਜਿਹੀ ਗੱਲ ਸੀ।

ਭਾਈ ਸਾਹਿਬ ਨੇ ਪਹਿਲੀ ਵਾਰ ਵਿਚ ਜਨਮ ਸਾਖੀ ਦੇ ਅਧਾਰ ਉੱਤੇ ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਣ, ਸੰਸਾਰੀ ਲੋਕਾਂ ਦਾ ਉਧਾਰ ਕਰਨ ਆਦਿ ਬਾਰੇ ਸੰਕੇਤ ਮਾਤਰ ਲਿਖਿਆ ਹੈ। ਦੁਖੀ ਲੋਕਾਈ ਦੀ ਪੁਕਾਰ ਸੁਣ ਕੇ ਪ੍ਰਭੂ ਨੇ ਗੁਰੂ ਨਾਨਕ ਦੇਵ ਨੂੰ ਸੰਸਾਰ ਤੇ ਭੇਜਿਆ। ਗੁਰੂ ਨਾਨਕ ਦੇਵ ਨੇ ਵਰਨਾਂ ਜਾਤਾਂ ਵਿਚ ਵੰਡੇ ਲੋਕਾਂ ਨੂੰ ਇਕ ਕਰ ਕੇ ਰਾਣਾ-ਰੰਕ ਨੂੰ ਇਕੋ ਪੱਧਰ ਤੇ ਲਿਆ ਖੜਾ ਕੀਤਾ, ਪੈਰੀਂ ਪੈਣ ਦੀ ਮਰਯਾਦਾ ਚਲਾਈ, ਇਸ ਸਭ ਕੁਝ ਨੂੰ ਕੋਦਕਤਾ ਭਰਪੂਰ ਥੋੜੇ ਜਿਹੇ ਸ਼ਬਦਾਂ ਵਿਚ ਅੰਕਿਤ ਕੀਤਾ ਹੈ :—

ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਯਾ ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗ ਵਰਤਾਯਾ । (ਵਾਰ 1, ਪਉੜੀ 23)

ਇਸ ਤੋਂ ਬਾਦ ਬਾਬੇ ਦੀ ਤਪੱਸਿਆ ਦਾ ਜ਼ਿਕਰ ਹੈ ਤੇ

'ਬਾਬਾ ਪੈਧਾ ਸਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ' [ਵਾਰ 1, ਪਉੜੀ 24]
ਆਖ ਕੇ ਸੁਲਤਾਨ ਪੁਰ ਵਿਖੇ ਵੇਈਂ ਨਦੀ ਵਿਚ ਇਸ਼ਨਾਨ ਕਰਨ ਵਾਲੀ ਘਟਨਾ ਵੱਲ ਅਛੋਪਲਾ ਜਿਹਾ ਸੰਕੇਤ ਕੀਤਾ ਹੈ ।

ਭਾਈ ਸਾਹਿਬ ਨੇ ਇਕ ਅਛੂਤੇ ਜਿਹੇ ਢੰਗ ਨਾਲ ਗੁਰੂ ਨਾਨਕ ਦੇਵ ਨੂੰ ਸੰਸਾਰ-ਉਧਾਰ ਹਿੱਤ ਤਿਆਰ ਹੁੰਦਿਆਂ ਵਿਖਾਇਆ ਹੈ । ਗੁਰੂ ਨਾਨਕ ਨੂੰ ਸਭ ਪ੍ਰਿਥਵੀ ਸੜਦੀ ਨਜ਼ਰ ਆਈ, ਗੁਰੂ ਤੋਂ ਬਿਨਾਂ ਅੰਧ ਗੁਬਾਰ ਵਿਚ ਹਾਹਾਕਾਰ ਕਰਦੀ ਸੁਣਾਈ ਦਿੱਤੀ ਤਾਂ ਬਾਬਾ 'ਧਰਤਿ ਲੁਕਾਈ' ਨੂੰ ਸੋਧਨ ਲਈ ਚੜ੍ਹ ਪਿਆ, ਉਦਾਸੀ (ਦੇਸ ਪਰਦੇਸ ਦੀ ਯਾਤਰਾ) ਦੀ ਰੀਤ ਚਲਾ ਦਿੱਤੀ ।[1]

ਤੀਰਥਾਂ ਦਾ ਭ੍ਰਮਣ, ਜੋਗੀਆਂ, ਸਿੱਧਾਂ, ਰਿਸ਼ੀਆਂ, ਤਪੀਆਂ ਤਪੀਸ਼ਰਾਂ ਨਾਲ ਗਿਆਨ–ਚਰਚਾ, ਉਤਰਾਖੰਡ ਵਿਚ ਸੁਮੇਰ ਪਰਬਤ ਉਤੇ ਸਿੱਧਾਂ ਨਾਲ ਗੋਸ਼ਟ, ਮੱਕੇ ਮਦੀਨੇ ਦੀ ਯਾਤਰਾ, ਕਾਜ਼ੀਆਂ ਮੁੱਲਾਂ ਨਾਲ ਚਰਚਾ, ਬਗਦਾਦ ਫੇਰੀ ਤੇ ਫਿਰ ਉਦਾਸੀਆਂ ਤੋਂ ਬਾਦ ਕਰਤਾਰ ਪੁਰ ਆ ਕੇ, ਉਦਾਸੀ ਭੇਖ ਉਤਾਰ ਕੇ ਆਮ ਸਧਾਰਨ ਗ੍ਰਿਸਤੀ ਲੋਕਾਂ ਵਾਂਗ ਜੀਵਨ ਬਿਤਾਂਦਿਆਂ ਸਤਿਨਾਮ ਦਾ ਪਰਚਾਰ ਕਰਨਾ ਆਦਿ ਇਤਿਹਾਸਕ ਘਟਨਾਵਾਂ ਦਾ ਵਰਣਨ ਬਾਬੇ ਦੀ ਜੀਵਨੀ ਨੂੰ ਚਿਤਰਦਾ ਹੈ । ਇਹ ਚਿਤਰ ਪਹਿਲੀ ਵਾਰ ਵਿਚ ਹੋਇਆ ਹੈ ਤੇ ਇਤਨਾ ਸਜੀਵ ਹੈ ਕਿ ਗੁਰੂ ਨਾਨਕ ਦੇਵ ਪਰਤੱਖ ਅੱਖਾਂ–ਸਾਹਮਣੇ ਵਿਚਰਦੇ ਵਿਖਾਈ ਦੇਂਦੇ ਹਨ—ਜਿਵੇਂ ਕਿ:-

1, ਬਾਬਾ ਆਯਾ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੇ । [ਵਾਰ 1, ਪਉੜੀ 25]

2, ਬਾਬੇ ਡਿਠੀ ਪ੍ਰਿਥਵੀ ਨਵੇਂ ਖੰਡ ਜਿਥੇ ਤਕ ਆਹੀ ।
ਫਿਰ ਜਾ ਚੜ੍ਹੇ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ । [ਵਾਰ 1, ਪਉੜੀ 28]

3, ਬਾਬੇ ਕਹਿਆ ਨਾਥ ਜੀ ਸਚੁ ਚੰਦਰਮਾ ਕੂੜ ਅੰਧਾਰਾ ।
ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ । [ਵਾਰ 1 ਪਉੜੀ 29]

4, ਬਾਬਾ ਫਿਰ ਮੱਕੇ ਗਿਆ ਨੀਲ ਵਸਤ੍ਰ ਧਾਰੇ ਬਨਵਾਰੀ ।
ਆਸਾ ਹਥ ਕਿਤਾਬ ਕੱਛ ਕੂਜਾ ਬਾਂਗ ਮੁਸਲਾ ਧਾਰੀ । [ਵਾਰ 1, ਪਉੜੀ 32]

5, ਬਾਬਾ ਗਿਆ ਬਗਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ । [ਵਾਰ 1, ਪਉੜੀ 35]

6, ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ ।

---

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ . 24

ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ । [ਵਾਰ 1, ਪਉੜੀ 38]

ਕਰਤਾਰਪੁਰ ਨਿਵਾਸ ਸਮੇਂ ਗੁਰੂ ਜੀ ਸ਼ਿਵਰਾਤ ਦੇ ਮੇਲੇ ਤੇ ਅਚਲ ਵਟਾਲੇ ਗਏ । ਇਥੇ ਸਿੱਧਾਂ ਨਾਲ ਗਿਆਨ-ਗੋਸ਼ਟ ਹੋਈ, ਸਿੱਧਾਂ ਨੇ ਕਰਾਮਾਤਾਂ ਵਿਖਾਈਆਂ, ਬਾਬੇ ਦੀ ਜਿੱਤ ਹੋਈ, "ਸਿਧ ਧੰਨ ਨਾਨਕ, ਧੰਨ ਨਾਨਕ" ਕਰ ਉਠੇ :-

1. ਮੇਲਾ ਸੁਣ ਸਿਵਰਾਤ ਦਾ ਬਾਬਾ ਅਚਲ ਵਟਾਲੇ ਆਈ ।
ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ । (ਵਾਰ 1, ਪਉੜੀ 39)
2. ਜਿਣ ਮੇਲਾ ਸਿਵਰਾਤ ਦਾ ਖਟ ਦਰਸਨ ਆਦੇਸ ਕਰਾਈ ।
ਸਿਧ ਬੋਲਣ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ । (ਵਾਰ 1, ਪਉੜੀ 44)

ਇਸ ਮੇਲੇ ਤੋਂ ਬਾਦ ਗੁਰੂ ਸਾਹਿਬ ਮੁਲਤਾਨ ਦੀ ਯਾਤਰਾ ਤੇ ਗਏ । ਇਥੇ ਦੁੱਧ ਦੇ ਕਟੋਰੇ ਵਿਚ ਚੰਬੇਲੀ ਦਾ ਫੁੱਲ ਟਿਕਾਉਣ ਵਾਲੀ ਘਟਨਾ ਵੱਲ ਇਸ਼ਾਰਾ ਹੈ । ਮੁਲਤਾਨ ਦੀ ਜ਼ਿਆਰਤ ਤੋਂ ਮਗਰੋਂ ਆਪ ਫਿਰ ਕਰਤਾਰ ਪੁਰ ਆ ਗਏ:-

1. ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ । (ਵਾਰ 1, ਪਉੜੀ 44)
2. ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਯਾ । (ਵਾਰ 1, ਪਉੜੀ 45)

ਕਰਤਾਰ ਪੁਰ ਪਹੁੰਚ ਕੇ ਗੁਰੂ ਨਾਨਕ ਦੇਵ ਨਿਰਮਲ ਪੰਥ ਥਾਪ ਕੇ ਆਪਣੀ ਗੱਦੀ ਭਾਈ ਲਹਿਣਾ ਦੇ ਹਵਾਲੇ ਕਿਵੇਂ ਕਰਦੇ ਹਨ ਤੇ ਫਿਰ ਜੋਤੀ ਜੋਤਿ ਸਮਾ ਜਾਂਦੇ ਹਨ, ਇਸ ਵਿਵਰਣ ਨੂੰ ਬਿਆਨ ਕਰਨ ਲਗਿਆਂ ਭਾਈ ਸਾਹਿਬ ਨੇ ਗਾਗਰ ਵਿਚ ਸਾਗਰ ਬੰਦ ਕਰ ਦਿੱਤਾ ਹੈ । ਕੇਵਲ ਦੋ ਤਿੰਨ ਤੁਕਾਂ ਵਿਚ ਹੀ ਇਸ ਮਹਾਨ ਘਟਨਾ ਨੂੰ ਬੰਨ੍ਹ ਦਿੱਤਾ ਗਿਆ ਹੈ;-

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛੱਤ੍ਰ ਫਿਰਾਯਾ ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ ।
....
ਕਾਇਆ ਪਲਟ ਸਰੂਪ ਬਣਾਯਾ । (ਵਾਰ 1, ਪਉੜੀ 45)

ਇਥੋਂ ਤਕ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨੂੰ ਮੁਕਾ ਕੇ ਪਉੜੀ ਨੰ: 46 ਵਿਚ ਗੁਰੂ ਅੰਗਦ ਦੇਵ ਦਾ ਜ਼ਿਕਰ ਕੀਤਾ ਹੈ । ਉਂਞ ਇਹ ਜ਼ਿਕਰ ਤਾਂ ਪਉੜੀ ਨੰ: 38 ਵਿਚ ਸ਼ੁਰੂ ਹੋ ਗਿਆ ਸੀ । ਭਾਈ ਲਹਿਣਾ ਨੂੰ ਗੁਰ-ਗੱਦੀ ਮਿਲਣ ਦਾ ਕਾਰਨ ਤਨੋਂ ਮਨੋਂ ਨਿਸ਼ਕਾਮ ਸੇਵਾ, ਸਿਮਰਣ,ਭਗਤੀ, ਨਿਮਰਤਾ ਤੇ ਸਹਿਨ ਸ਼ੀਲਤਾ ਆਦਿ ਹੈ ਪਰ ਇਸ ਦੇ ਨਾਲ ਹੀ ਜਿਵੇਂ ਸੱਤਾ ਬਲਵੰਡ ਨੇ ਰਾਮਕਲੀ

ਕੀ ਵਾਰ ਵਿਚ ਲਿਖਿਆ ਹੈ:-

ਸਚ ਜਿ ਗੁਰਿ ਫੁਰਮਾਇਆ ਕਿਉਂ ਏਦੂ ਬੋਲਹੁ ਹਟੀਐ ।
ਪੁਤ੍ਰੀ ਕਉਲ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ।
ਦਿਲ ਖੋਟੇ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ।
ਜਿਨ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ।
ਕਉਣ ਹਾਰੇ ਕਿਨਿ ਉਵਟੀਐ । (ਆਦਿ ਗ੍ਰੰਥ, ਪੰਨਾ 969)

ਇਨ੍ਹਾਂ ਤੁਕਾਂ ਵਿਚ ਗੁਰੂ ਨਾਨਕ ਦੇਵ ਦੇ ਦੋ ਸਪੁੱਤਰਾਂ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਵੱਲ ਇਸ਼ਾਰਾ ਹੈ । ਬੱਚੇ ਪਿਤਾ ਦਾ ਹੁਕਮ । ਨਹੀਂ ਸਨ ਮੰਨਦੇ । ਇਹੋ ਗੱਲ ਭਾਈ ਸਾਹਿਬ ਨੇ ਵੀ ਲਿਖੀ ਹੈ:-

ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ ।
ਪੁਤ੍ਰੀ ਕਉਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ । [ਵਾਰ 1, ਪਉੜੀ 38]

ਗੁਰਿਆਈ ਮਿਲਣ ਤੇ ਭਾਈ ਲਹਿਣਾ ਗੁਰੂ ਅੰਗਦ ਦੇਵ ਬਣ ਕੇ ਪਰਗਟ ਹੋਏ । ਉਹ ਕਰਤਾਰ ਪੁਰ ਛਡ ਕੇ ਖਡੂਰ ਸਾਹਿਬ ਆ ਗਏ:-

ਗੁਰੂ ਨਾਨਕ ਹੰਦੀ ਮੁਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਈ ।
ਦਿੱਤਾ ਛਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ । (ਵਾਰ 1, ਪਉੜੀ 46)

ਸੱਤਾ-ਬਲਵੰਡ ਨੇ ਵੀ ਰਾਮਕਲੀ ਕੀ ਵਾਰ ਵਿਚ ਲਿਖਿਆ ਹੈ:-

ਫੇਰ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰ ।

ਇਸੇ ਪਉੜੀ ਨੰ: 46 ਵਿਚ ਜ਼ਿਕਰ ਆਉਂਦਾ ਹੈ ਕਿ ਇਹ ਗੁਰਗੱਦੀ ਗੁਰੂ ਅਮਰਦਾਸ ਨੂੰ ਮਿਲੀ ਤੇ ਉਨ੍ਹਾਂ ਨੇ ਗੋਇੰਦਵਾਲ ਨੂੰ ਫਿਰ ਵਸਾਇਆ ਭਾਵ ਉਹ ਗੋਇੰਦਵਾਲ ਆ ਟਿਕੇ:-

ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸ ਘਰ ਆਈ ।
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ ।
ਫੇਰ ਵਸਾਇਆ ਗੋਇੰਦਵਾਲ ਅਚਰਜ ਖੇਲ ਨ ਲਖਿਆ ਜਾਈ ।
ਦਾਤ ਜੋਤਿ ਖਸਮੇ ਵਡਿਆਈ । (ਵਾਰ 1, ਪਉੜੀ 46)

ਸੱਤੇ ਬਲਵੰਡ ਦੀ ਵਾਰ ਵਿਚ ਇਉਂ ਲਿਖਿਆ ਹੈ—

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ।
ਸੋ ਟਿਕਾ ਸੋ ਬਹਿਣਾ ਸੋਈ ਦੀਬਾਣੁ ।
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ।

ਗੁਰੂ ਜੀ ਦਾ ਇਹ ਅਸਤੋਤ੍ਰ ਸੱਤੇ ਨੇ ਲਿਖਿਆ ਹੈ ਅਤੇ ਪਹਿਲੇ, ਦੂਜੇ ਤੇ ਤੀਜੇ ਗੁਰੂ ਸਾਹਿਬਾਨ ਦੀ ਇਕੋ ਜੋਤਿ ਨੂੰ ਪਰਗਟ ਕਰਦਾ ਹੈ।

ਪਹਿਲੀ ਵਾਰ ਦੀ ਪਉੜੀ ਨ: 47 ਵਿਚ ਗੁਰੂ ਰਾਮ ਦਾਸ ਦੇ ਗੁਰ-ਗੱਦੀ ਉਤੇ ਬੈਠਣ ਦਾ ਪਤਾ ਦਿੱਤਾ ਗਿਆ ਹੈ ਤੇ ਨਾਲ ਹੀ ਇਹ ਕਿ ਸਤਿਗੁਰੂ ਜੀ ਨੇ ਸਰੋਵਰ ਪਟਵਾਇਆ ਤੇ ਅੰਮ੍ਰਿਤਸਰ ਤੋਂ ਇਲਾਹੀ ਜੋਤਿ ਦਾ ਪ੍ਰਕਾਸ਼ ਫੈਲਾਇਆ :—

ਦਿਚੇ ਪੂਰਬ ਦੇਵਣਾ ਜਿਸ ਦੀ ਵਸਤੁ ਤਿਸੇ ਘਰ ਆਵੈ।
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ। (ਵਾਰ 1, ਪਉੜੀ 47)

"ਦਿਤੇ ਪੂਰਬ ਦੇਵਣਾ ਜਿਸ ਦੀ ਵਸਤੁ ਤਿਸੈ ਘਰ ਆਵੈ" ਤੁਕ ਵਿਚੋਂ ਕਾਲਕੇਤ ਤੇ ਕਾਲਰਾਇ ਦੇ ਪ੍ਰਸੰਗ ਦੀ ਗੂੰਜ ਸੁਣਾਈ ਦੇਂਦੀ ਹੈ, ਜਿਸ ਅਨੁਸਾਰ ਕਾਲ ਰਾਏ ਦੀ ਅੰਸ, ਸੋਢੀਆਂ ਨੇ ਕਾਲਕੇਤ ਦੀ ਅੰਸ, ਬੇਦੀਆਂ ਤੋਂ [ਜੋ ਵੇਦ ਪੜ੍ਹਨ ਕਾਰਨ ਬੇਦੀ ਕਹਾਏ] ਵੇਦ ਪਾਠ ਸੁਣ ਕੇ ਤੇ ਖ਼ੁਸ਼ ਹੋ ਕੇ ਉਹਨਾਂ ਨੂੰ ਰਾਜ ਦੇ ਦਿੱਤਾ ਤੇ ਆਪ ਜੰਗਲਾਂ ਵਿਚ ਤਪ ਕਰਨ ਚਲੇ ਗਏ। ਇਸ ਉਤੇ ਬੇਦੀ ਨੇ ਪ੍ਰਸੰਨ ਹੋ ਕੇ ਵਰ ਦਿੱਤਾ ਕਿ "ਮੈਂ ਕਲਿਜੁਗ ਵਿਚ ਜਦੋਂ ਨਾਨਕਰੂਪ ਹੋ ਕੇ ਆਵਾਂ ਗਾ ਤਦ ਤੁਹਾਨੂੰ ਪਰਮ ਪੂਜਨੀਕ ਬਣਾਵਾਂ ਗਾ"। ਬਚਿਤ੍ਰ ਨਾਟਕ ਵਿਚ ਇਸ ਗੱਲ ਨੂੰ ਇਉਂ ਲਿਖਿਆ ਗਿਆ ਹੈ:—

ਦੋਹਰਾ। ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦਿਓ ਜਹਿ ਤਹਿ ਭਏ ਸਹਾਇ। 4।

ਚੌਪਈ। ਨਾਨਕ ਅੰਗਦ ਕੋ ਬਪੁ ਧਰਾ। ਧਰਮ ਪ੍ਰਚਾਰਿ ਇਹ ਜਗ ਮੋ ਕਰਾ।
ਅਮਰਦਾਸ ਪੁਨਿ ਨਾਮ ਕਹਾਯੋ। ਜਨ ਦੀਪਕ ਤੇ ਦੀਪ ਜਗਾਯੋ। 7।
ਜਬ ਬਰਦਾਨ ਸਮੈ ਵਹੁ ਆਵਾ। ਰਾਮਦਾਸ ਸਤਿਗੁਰੂ ਕਹਾਵਾ।
ਤਿਨ ਬਰਦਾਨ ਪੁਰਾਤਨਿ ਦੀਆ। ਅਮਰਦਾਸ ਸੁਰਿ ਪੁਰਿ ਮਗੁ ਲੀਆ। 8।

ਪਉੜੀ ਨੰ: 47 ਵਿਚ ਹੀ ਇਹ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਮਿਲਦੀ ਵਿਖਾਈ ਹੈ। ਗੁਰੂ ਰਾਮ ਦਾਸ ਤੋਂ ਪਹਿਲਾਂ ਗੁਰਗੱਦੀ ਦੀ ਪ੍ਰਾਪਤੀ ਚੇਲਿਆਂ ਨੂੰ ਹੀ ਹੁੰਦੀ ਰਹੀ ਸੀ। ਪਰ ਗੁਰੂ ਰਾਮ ਦਾਸ ਨੇ ਇਸ ਗੱਦੀ ਦਾ ਅਧਿਕਾਰੀ ਆਪਣੇ ਛੋਟੇ ਸਪੁੱਤਰ ਅਰਜਨ ਦੇਵ ਨੂੰ ਹੀ ਬਣਾਇਆ ਤੇ ਇਹ ਗੁਰਗੱਦੀ ਘਰ ਵਿਚ ਹੀ ਰਹੀ। ਭਾਈ ਸਾਹਿਬ ਨੇ ਲਿਖਿਆ ਹੈ :—

1 ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ।
2 ਜਾਣ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ।
3 ਘਰ ਹੀ ਕੀ ਵਥੁ ਘਰੇ ਰਹਾਵੈ। (ਵਾਰ 1, ਪਉੜੀ 47)

ਉਪਰੋਕਤ ਤੁਕ ਨੰ: 2 ਖ਼ਾਸ ਧਿਆਨ ਯੋਗ ਹੈ। ਇਸ ਵਿਚ ਬੀਬੀ ਭਾਨੀ (ਗੁਰੂ ਅਰਜਨ-ਦੇਵ ਜੀ ਦੇ ਮਾਤਾ ਜੀ) ਦੇ ਉਸ ਵਰ ਦੀ ਪ੍ਰਾਪਤੀ ਵਲ ਸੰਕੇਤ ਹੈ ਜੋ ਇਸ਼ਨਾਨ ਕਰਦਿਆਂ ਗੁਰੂ ਅਮਰਦਾਸ ਨੇ ਦਿੱਤਾ ਸੀ; ਗੁਰੂ ਅਮਰਦਾਸ ਨੂੰ ਇਸ਼ਨਾਨ ਕਰਾਂਦਿਆਂ ਚੌਕੀ ਦਾ ਪਾਵਾ ਟੁੱਟ ਗਿਆ, ਬੀਬੀ ਭਾਨੀ ਨੇ ਆਪਣਾ ਪੈਰ ਉਸ ਹੇਠਾਂ ਰਖ ਦਿੱਤਾ ਤੇ ਕਿੱਲ ਪੈਰ ਵਿਚ ਚੁਭ ਜਾਣ ਕਾਰਨ ਲਹੂ ਵਗ ਤੁਰਿਆ। ਗੁਰੂ ਜੀ ਇਸ ਕੁਰਬਾਨੀ ਤੇ ਖ਼ੁਸ਼ ਹੋਏ ਤੇ ਵਰ ਮੰਗਣ ਲਈ ਕਿਹਾ। ਬੀਬੀ ਨੇ ਗੁਰ ਗੱਦੀ ਆਪਣੇ ਘਰ ਵਾਸਤੇ ਮੰਗ ਲਈ। ਗੁਰੂ ਅਮਰ ਦਾਸ ਨੇ ਬੀਬੀ ਦੀ ਦਿਬ ਦ੍ਰਿਸ਼ਟੀ ਨੂੰ ਆਉਣ ਵਾਲੇ ਦੁਖ ਕਲੇਸ਼ ਵਿਖਾਏ ਤਾਂ ਬੀਬੀ ਨੇ ਕਿਹਾ, ਇਹ ਅਜਰ ਵਸਤੂ ਹੋਰ ਕਿਸੇ ਤੋਂ ਜਰੀ ਨਹੀਂ ਜਾਣੀ, ਉਹ ਹੀ ਜਰ ਸਕੇਗੀ। "ਹੋਰਸ ਅਜਰ ਨ ਜਰਿਆ ਜਾਵੈ' ਇਸੇ ਗੱਲ ਵੱਲ ਸੰਕੇਤ ਹੈ।

ਵਾਰ ਨੰ: 24 ਦੀ ਪਉੜੀ ਨੰ: 23 ਵਿਚ ਗੁਰੂ ਅਰਜਨ ਦੇਵ ਦੇ ਜੋਤੀ ਜੋਤਿ ਸਮਾਉਣ ਦਾ ਜ਼ਿਕਰ ਕੀਤਾ ਜਾਪਦਾ ਹੈ। ਇਸ ਵਿਚ ਭਾਵੇਂ ਗੁਰੂ ਜੀ ਦੀ ਮਹਾਨ ਕੁਰਬਾਨੀ ਦਾ ਸਿੱਧਾ ਬਿਆਨ ਤਾਂ ਨਹੀਂ ਹੈ ਪਰ ਅਖੀਰਲੀ ਤੁਕ

ਗੁਰ ਅਰਜਨ ਵਿਟਹੁ ਕੁਰਬਾਣੀ

ਆਪ ਦੀ ਲਾਸਾਨੀ ਕੁਰਬਾਨੀ ਵੱਲ ਸੰਕੇਤ ਕਰਦੀ ਪ੍ਰਤੀਤ ਹੁੰਦੀ ਹੈ।

ਪਹਿਲੀ ਵਾਰ ਦੀ ਪਉੜੀ ਨੰ:48 ਵਿਚ,

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜ੍ਹੀ ਸੋਢੀਆਂ, ਰੂਪ ਦਿਖਾਵਣ ਵਾਰੋ ਵਾਰੀ।
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

ਕਹਿ ਕੇ ਮਹਾਨ ਜੋਧੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਜ਼ਿਕਰ ਬੜੇ ਪ੍ਰਭਾਵ ਸ਼ਾਲੀ ਢੰਗ ਨਾਲ ਕੀਤਾ ਹੈ। ਗੁਰੂ ਅਰਜਨ ਦੇਵ ਨੇ ਹੀ ਆਪਣੀ ਕਾਇਆ ਪਲਟ ਕੇ ਹਰਿ ਗੋਬਿੰਦ ਵਿਚ ਜੋਤਿ ਜਗਾਈ ਹੈ। "ਚੱਲੀ ਪੀੜ੍ਹੀ ਸੋਢੀਆਂ" ਵਿਚ ਬੀਬੀ ਭਾਨੀ ਦੀ ਕਹੀ ਗੱਲ "ਜਾਣ ਨ ਦੇਸਾ ਸੋਢੀਓ" ਵੱਲ ਹੀ ਸੰਕੇਤ ਹੈ।

ਇਸ ਉਪਰੋਕਤ ਵਿਚਾਰ ਤੋਂ ਅਸੀਂ ਵੇਖਦੇ ਹਾਂ ਕਿ ਭਾਈ ਗੁਰਦਾਸ ਨੇ ਪਹਿਲੇ ਛੇ ਗੁਰੂ ਸਾਹਿਬਾਨ ਦੀ ਜੀਵਨੀ ਨੂੰ ਬੜੇ ਸੰਖੇਪ ਪਰ ਰੋਚਕ ਢੰਗ ਵਿਚ ਬਿਆਨ ਕੀਤਾ ਹੈ। ਇਸ ਕਵਿਤਾ ਦਾ ਉਦੇਸ਼ ਕਿਉਂਕਿ ਜੀਵਨੀਆਂ ਲਿਖਣਾ ਨਹੀਂ, ਇਸੇ ਲਈ ਇਸ ਵਿਚ ਜੀਵਨੀਆਂ ਬੜੇ ਸੰਕੇਤਕ ਰੂਪ ਵਿਚ ਮਿਲਦੀਆਂ ਹਨ। ਭਾਈ ਸਾਹਿਬ ਨੇ ਇਹ ਸਮਝਾਉਣਾ ਕਰਨਾ ਚਾਹਿਆ ਹੈ ਕਿ ਅਕਾਲ ਪੁਰਖ ਦੀ ਜੋਤਿ ਗੁਰੂ ਨਾਨਕ ਦੇਵ ਵਿਚ ਪਰਗਟ ਹੋ ਕੇ ਅੱਗੋਂ ਹਰੇਕ ਗੁਰੂ ਵਿਚ ਪ੍ਰਵੇਸ਼ ਕਰਦੀ ਗਈ ਹੈ।

(3) ਵਾਰਾਂ ਵਿਚ ਗੁਰੂ-ਕੁਲ-ਸੰਕੇਤ (ਬੇਦੀ, ਭੱਲਾ, ਸੋਢੀ ਮੀਣਾ)

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਜਿੱਥੇ ਹਿੰਦੂਆਂ ਦੇ ਚਾਰ ਵਰਣਾਂ, ਮੁਸਲਮਾਨਾਂ ਦੇ ਚਾਰ ਮਜ਼ਹਬਾਂ (ਫ਼ਿਰਕਿਆਂ), ਜੋਗੀਆਂ, ਸੰਨਿਆਸੀਆਂ ਆਦਿ ਦੇ ਪੰਥਾਂ ਦੇ ਨਾਂ ਦੱਸੇ ਹਨ, ਉਥੇ ਕਈ ਹਿੰਦੂ ਜਾਤੀਆਂ ਦੇ ਨਾਂ ਵੀ ਗਿਣਾਏ ਹਨ। ਗਿਆਰ੍ਹਵੀਂ ਵਾਰ ਵਿਚ ਗੁਰੂ ਸਾਹਿਬਾਨ ਦੇ ਸਿੱਖਾਂ ਦੀ ਨਾਮਾਵਲੀ ਮਿਲਦੀ ਹੈ। ਇਹਨਾਂ ਸਿੱਖਾਂ ਦੀਆਂ ਵੱਖ-ਵੱਖ ਜਾਤਾਂ ਗੋਤਾਂ ਦਾ ਜ਼ਿਕਰ ਵੀ ਕੀਤਾ ਹੋਇਆ ਹੈ ਤੇ ਇਹਨਾਂ ਦੇ ਇਲਾਕਿਆਂ ਦਾ ਥਹੁ ਪਤਾ ਵੀ ਦਿੱਤਾ ਹੈ।

ਭਾਈ ਸਾਹਿਬ ਨੇ ਜਿਨ੍ਹਾਂ ਕੁਲਾਂ, ਘਰਾਣਿਆਂ ਵੱਲ ਖ਼ਾਸ ਕਰ ਸੰਕੇਤ ਕੀਤਾ ਹੈ ਉਹ ਹਨ ਬੇਦੀ, ਭੱਲਾ, ਸੋਢੀ।

ਬੇਦੀ :– ਗੁਰੂ ਨਾਨਕ ਦੇਵ ਬੇਦੀ ਕੁਲ ਦੇ ਚਿਰਾਗ਼ ਸਨ। ਆਪ ਦੇ ਬੇਦੀ ਕੁਲ ਵਿਚੋਂ ਹੋਣ ਦੀ ਗਵਾਹੀ ਭਾਈ ਗੁਰਦਾਸ ਨੇ ਇਉਂ ਦਿੱਤੀ :–

ਖਟ ਦਰਸਨ ਕਉ ਖੇਦਿਆ ਕਲਜੁਗ ਨਾਨਕ ਬੇਦੀ ਆਈ।[1]

ਭੱਲਾ :– ਗੁਰੂ ਅਮਰਦਾਸ ਭੱਲਾ ਜਾਤੀ ਦੇ ਖਤਰੀ ਸਨ। ਭਾਈ ਸਾਹਿਬ ਨੇ ਆਪ ਦੇ ਨਾਂ ਨਾਲ ਆਪ ਦੀ ਜਾਤ ਦਾ ਜ਼ਿਕਰ ਇਕ ਥਾਂ ਕੀਤਾ ਹੈ :–

ਭੱਲਾ ਭਲਾ ਭਲਿਆਈਅਹੁ ਪਿਉ ਦਾਦੇ ਦਾ ਰਾਹੁ ਚਲਾਯਾ।[2]

ਇਸੇ ਜਾਤੀ ਦੇ ਗੁਰਸਿੱਖਾਂ ਦਾ ਜ਼ਿਕਰ ਹੇਠ ਲਿਖੀ ਤੁਕ ਵਿਚ ਮਿਲਦਾ ਹੈ :–

ਸਹਾਰੂ, ਗੰਗੂ ਭੱਲੇ ਭਾਗੁ ਭਗਤਿ ਹੈ ਪਿਆਰੀ।[3]

ਸੋਢੀ :– ਗੁਰੂ ਰਾਮਦਾਸ ਜਾਤ ਦੇ ਸੋਢੀ ਸਨ। ਭਾਈ ਗੁਰਦਾਸ ਨੇ ਇਸ ਦਾ ਸੰਕੇਤ ਇਉਂ ਦਿੱਤਾ ਹੈ :–

ਬੈਠਾ ਸੋਢੀ ਪਾਤਸਾਹ ਰਾਮ ਦਾਸ ਸਤਿਗੁਰੂ ਕਹਾਵੈ।[4]

ਗੁਰੂ ਰਾਮਦਾਸ ਤੋਂ ਬਾਦ੍ਹ ਆਪ ਦੇ ਸਾਹਿਬਜ਼ਾਦੇ ਅਰਜਨ ਦੇਵ ਗੁਰ-ਗੱਦੀ ਤੇ ਬੈਠੇ। ਗੁਰੂ ਅਰਜਨ ਦੇਵ ਨੇ ਹੀ ਕਾਇਆ ਪਲਟ ਕੇ ਆਪਣੇ ਸਾਹਿਬਜ਼ਾਦੇ ਹਰਗੋਬਿੰਦ ਵਿਚ ਆਪਣੀ ਜੋਤੀ ਵਿਰਾਜਮਾਨ

1. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 41
2. ਉਹੀ , ਵਾਰ 24, ਪਉੜੀ 3
3. ਉਹੀ , ਵਾਰ 11, ਪਉੜੀ 16
4. ਉਹੀ , ਵਾਰ 1, ਪਉੜੀ 47

ਕੀਤੀ ਤਾਂ ਗੁਰੂ ਹਰਗੋਬਿੰਦ ਗੁਰ-ਗੱਦੀ ਨੂੰ ਸੁਸ਼ੋਭਿਤ ਕਰਨ ਲੱਗੇ । ਇਉਂ ਸੋਢੀ ਕੁਲ ਦੀ ਪੀੜ੍ਹੀ ਅੱਗੇ ਵਧੀ । ਇਸ ਸੰਬੰਧ ਵਿਚ ਭਾਈ ਸਾਹਿਬ ਲਿਖਦੇ ਹਨ :—

ਅਰਜਨ ਕਾਇਆ ਪਲਟ ਕੈ ਮੂਰਤਿ ਹਰਗੋਬਿੰਦ ਸਵਾਰੀ ।
ਚਲੀ ਪੀੜ੍ਹੀ ਸੋਢੀਆਂ ਰੂਪੁ ਦਿਖਾਵਣ ਵਾਰੋ ਵਾਰੀ ।[1]

ਅਤੇ, ਕਲਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਿਲਾਰੀ ।[2]

ਇਸ ਜਾਤੀ ਦੇ ਅਨੇਕਾਂ ਸਿੱਖ ਗੁਰੂ-ਘਰ ਦੇ ਪ੍ਰੇਮੀ ਹੋਣਗੇ । ਉਹਨਾ ਵਿਚੋਂ ਮੁਖੀ ਸਿਖਾਂ ਦਾ ਵਰਣਨ ਮਿਲਦਾ ਹੈ :—

ਸਨਮੁਖ ਸਿਖ ਲਾਹੌਰ ਵਿਚ ਸੋਢੀ ਆਇਣ ਤਾਯਾ ਸਹਾਰੀ ।[3]

ਸੋਢੀਆਂ ਦੇ ਘਰਾਣੇ ਵਿਚੋਂ ਗੁਰੂ ਅਰਜਨ ਦੇਵ ਦਾ ਤਾਇਆ ਸਹਾਰੀ ਮਲ ਸਨਮੁਖ ਸਿਖ ਹੈ ।[4] ਇਸ ਜਾਤੀ ਦੇ ਸਿਖ ਭਾਈ ਮਾਧੋ ਸੋਢੀ[5] ਨੇ ਕਸ਼ਮੀਰ ਵਿਚ ਜਾ ਕੈ ਗੁਰਸਿਖੀ ਦੀ ਰੀਤ ਚਲਾਈ ਸੀ ।

ਇਸ ਤਰ੍ਹਾਂ ਭਾਈ ਸਾਹਿਬ ਬੇਦੀ, ਭੱਲਾ ਤੇ ਸੋਢੀ ਵੰਸ਼ਾਂ ਦਾ ਥੋੜਾ ਥੋੜਾ ਜ਼ਿਕਰ ਕਰਦੇ ਹਨ ।

ਮੀਣਾ:— ਗੁਰੂ ਅਰਜਨ ਦੇਵ ਦਾ ਵੱਡਾ ਭਰਾ ਪ੍ਰਿਥੀ ਚੰਦ ਸੀ । ਜਾਤ ਵਲੋਂ ਤਾਂ ਉਹ ਭਾਵੇਂ ਸੋਢੀ ਸੀ, ਪਰ ਭਾਈ ਸਾਹਿਬ ਨੇ ਉਸ ਨੂੰ 'ਮੀਣਾ' ਕਰ ਕੇ ਬਿਆਨਿਆ ਹੈ ਕਿਉਂਕਿ ਉਸ ਨੇ ਕਪਟੀਆਂ ਕਮੀਨਿਆਂ ਵਾਲੇ ਨੀਚ ਕਰਮ ਕੀਤੇ ਸਨ, ਗੁਰੂ ਘਰ ਦਾ ਵਿਰੋਧ ਕੀਤਾ ਸੀ, ਸੰਗਤਾਂ ਨਾਲ ਧੋਖਾ ਕੀਤਾ ਸੀ ਤੇ ਗੁਰੂ ਦੇ ਲੰਗਰ ਵਿਚ ਰੁਕਾਵਟ ਦਾ ਕਾਰਨ ਬਣਿਆ ਸੀ । ਇਸ ਕਪਟ-ਵਿਵਹਾਰ ਕਰ ਕੇ ਭਾਈ ਗੁਰਦਾਸ ਨੇ ਇਹ ਵਿਸ਼ੇਸ਼ਣ ਪ੍ਰਿਥੀ ਚੰਦ ਲਈ ਵਰਤਿਆ ਹੈ ।[6]

"ਮੀਣਾ ਹੋਆ ਪਿਰਥੀਆ ਕਰ ਕਰ ਤ੍ਰੋਢਕ ਬਰਲ ਚਲਾਯਾ ।[7]

ਪ੍ਰਿਥੀ ਚੰਦ ਨਾਲ ਸਬੰਧ ਰਖਣ ਵਾਲਿਆਂ ਨੂੰ ਤੇ ਉਸ ਦੇ ਵਿਚਾਰਿਆਂ ਤੇ ਚਲ ਕੇ

---

1 ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ , 48,
2. ਉਹੀ ,, ਵਾਰ 1, ਪਉੜੀ ,48
3. ਉਹੀ ,, ਵਾਰ 11 ਪਉੜੀ 25.
4. ਉਹੀ ,, ਟੀਕਾਕਾਰ ਪੰਡਤ ਨਰੈਣ ਸਿੰਘ, ਪੰਨਾ 240
5. ਉਹੀ , ਵਾਰ 11 ਪਉੜੀ 26
6. ਵਾਰਾਂ ਭਾਈ ਗੁਰਦਾਸ, ਸ਼ਬਦ-ਅਨੁਕ੍ਰਮਣਿਕਾ ਅਤੇ ਕੋਸ਼ ਪੰਨਾ 513
7. ਉਹੀ ,, ਵਾਰ 26, ਪਉੜੀ 33.

ਗੁਰੂ ਘਰ ਦਾ ਵਿਰੋਧ ਕਰਨ ਵਾਲਿਆਂ ਨੂੰ ਬਾਣੀ ਸਾਹਿਬ ਨੇ 'ਮੀਣੇ' ਕਿਹਾ ਤੇ ਇਉਂ ਇਹ ਲੋਕ ਮੀਣੇ ਜਾਤੀ ਦੇ ਹੀ ਜਾਣੇ ਜਾਣ ਲੱਗੇ ।

ਭਾਈ ਗੁਰਦਾਸ ਨੇ 36ਵੀਂ ਵਾਰ ਵਿਚ ਇਹਨਾਂ ਮੀਣਿਆਂ ਦੀ ਚੰਗੀ ਖਬਰ ਲਈ ਹੈ । ਜਿਸ ਨੇ ਸਤਿਗੁਰੂ ਦਾ ਵਿਰੋਧ ਕੀਤਾ ਹੈ ਉਹ ਕਰਮਾਂ ਦਾ ਹੀਣਾ ਹੈ ਤੇ ਅਜਿਹੇ ਮੀਣੇ ਦਾ ਮੂੰਹ ਕਾਲਾ ਹੁੰਦਾ ਹੈ । [1] ਝੂਠਾ ਤੇ ਕੁਪੱਤਾ ਹੋਣ ਕਰ ਕੇ ਮੀਣੇ ਨੂੰ ਦਰਗਾਹ ਵਿਚ ਮਾਰ ਪੈਂਦੀ ਹੈ ।[2] ਤੇ ਇਸ ਦੇ ਨਾਲ ਹੀ :—

ਮੁਢਹੁ ਘੁਥਹੁ ਮੀਣਿਆ ਤੁਧ ਜਮਪੁਰ ਜਾਣਾ [3]।

ਇਹਨਾਂ ਮੀਣਿਆਂ ਦੇ ਮੰਦ-ਕਰਮਾਂ ਤੋਂ ਬਾਣੀ ਸਾਹਿਬ ਨੂੰ ਬਹੁਤ ਹੀ ਘ੍ਰਿਣਾ ਹੋਈ ਹੈ ਤੇ ਇਹਨਾਂ ਨੂੰ ਮੁਰਦਾਰੀ ਕਿਹਾ ਹੈ ।[4]

ਇਹਨਾਂ ਮੀਣਿਆਂ ਦੀ ਸੰਗਤ ਖੋਟੀ [5] ਹੈ, ਮੀਣਿਆਂ ਦਾ ਪੰਥ ਨਰਕ-ਪੰਧਾ ਹੈ ਤੇ ਨਰਕ ਵਿਚ ਪੁਚਾਂਦਾ ਹੈ [6], ਅਤੇ ਇਹਨਾਂ ਦੀ ਸੰਗਤ ਵਿਚ ਚਲਣ ਵਾਲੇ ਨੂੰ ਨਿਰਾਸ ਹੀ ਹੋਣਾ ਪੈਂਦਾ ਹੈ ।[7]

ਇਹਨਾਂ ਮੀਣਿਆਂ ਦੀ ਨਿਸ਼ਾਨੀ ਕੀ ਹੈ ?

ਕਿਆ ਨਿਸਾਣੀ ਮੀਣਿਆਂ ? ਖੋਟ ਸਾਲੀ ਸਿੱਕੇ ।[8]

ਇਹਨਾਂ ਦਾ ਹਾਲ ਕੀ ਹੁੰਦਾ ਹੈ ?

ਸਿਰੋ ਸਿਰ ਪਹਣੀ ਮਾਰੀਅਨਿ, [9]

ਅਜਿਹਾ ਕਿਉਂ ਹੁੰਦਾ ਹੈ ?

ਕਿਉਂਕਿ, ਉਇ ਪੀਰ ਫਿਟਿਕੇ ।[10]

ਮੀਣੇ ਖੋਟੇ ਸਿੱਕੇ ਵਾਂਗ ਹਨ ਜੋ ਦਿੱਸਣ ਵਿਚ ਖਰੇ ਵਰਗਾ ਜਾਪਦਾ ਹੈ ਪਰ ਮਾਲ ਖੋਟਾ ਹੁੰਦਾ ਹੈ। ਮੀਣੇ ਵੀ ਦਿੱਸਣ ਨੂੰ ਤਾਂ ਸਿੱਖਾਂ ਵਰਗੇ ਹਨ, ਪਰ ਦਿਲ ਦੇ ਕਪਟੀ ਹੁੰਦੇ ਹਨ । ਇਸੇ ਲਈ ਉਹ ਪੀਰ ਦੇ ਫਿਟਕਾਰੇ ਹੋਏ ਹਨ ਤੇ ਪੀਰ ਵਲੋਂ ਫਿਟਕਾਰੇ ਜਾਣ ਕਰ ਕੇ

---

1. ਵਾਰਾਂ ਭਾਈ ਗੁਰਦਾਸ ਵਾਰ, 36 ਪਉੜੀ 1
2. ਉਹੀ , ਵਾਰ, 36 ਪਉੜੀ 2
3. ਉਹੀ , ਵਾਰ 36, ਪਉੜੀ 4.
4. ਉਹੀ , ਵਾਰ 36, ਪਉੜੀ 3.
5. ਉਹੀ , ਵਾਰ 36, ਪਉੜੀ 5.
6. ਉਹੀ , 36. ਪਉੜੀ 6.
7. ਉਹੀ , ਵਾਰ 36, ਪਉੜੀ 7.
8. ਉਹੀ , ਵਾਰ 36, ਪਉੜੀ 8.
9. ਉਹੀ , ਵਾਰ 36 ਪਉੜੀ 8.

ਹੀ ਉਹਨਾਂ ਨੂੰ ਸਿਰੋ ਸਿਰ ਜੁਤੀਆਂ ਮਾਰੀਆਂ ਜਾਂਦੀਆਂ ਹਨ ।

ਇਹ ਹੈ ਮੀਣਿਆਂ ਦੀ ਜਾਤੀ ਜਿਸ ਵੱਲ ਭਾਈ ਸਾਹਿਬ ਨੇ ਭਰਪੂਰ ਸੰਕੇਤ ਕੀਤੇ ਹਨ ।

(6) ਵਾਰਾਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਦੇ ਪ੍ਰਸਿਧ ਸਿੱਖ

ਭਾਈ ਗੁਰਦਾਸ ਨੇ 11 ਵੀਂ ਵਾਰ ਦੀ ਪਉੜੀ ਨੰ: 13 ਤੋਂ 31 ਤਕ ਗੁਰੂ ਸਾਹਿਬਾਨ ਦੇ ਕੁਝ ਪ੍ਰੇਮੀ ਸਿੱਖਾਂ ਦੇ ਨਾਂਵਾਂ ਥਾਵਾਂ ਤੇ ਜਾਤਾਂ ਆਦਿ ਦਾ ਵੇਰਵਾ ਦਿੱਤਾ ਹੈ ।

ਇਸ ਵਾਰ ਦੀਆਂ ਪਹਿਲੀਆਂ 12 ਪਉੜੀਆਂ ਵਿਚ ਭਾਈ ਸਾਹਿਬ ਨੇ ਸਤਿਗੁਰ ਦੇ ਪ੍ਰੇਮ-ਪਿਆਲੇ ਦਾ ਵਰਣਨ ਕਰ ਕੇ, ਗੁਰਸਿਖੀ ਦੀ ਵਿਆਖਿਆ ਮਗਰੋਂ ਗੁਰ-ਸਿੱਖਾਂ ਦੀ ਪ੍ਰੀਤ ਰੀਤ ਤੇ ਮਹਿਮਾ ਤੋਂ ਜਾਣੂ ਕਰਾਇਆ ਹੈ । ਸਾਕੀ (ਗੁਰੂ) ਦੇ ਹੱਥੋਂ ਇਸ ਪਿਰਮ-ਪਿਆਲੇ ਦਾ ਪੀਣਾ ਭਾਵੇਂ ਔਖਾ ਤਾਂ ਹੈ, ਪਰ ਜੇ ਨਸੀਬ ਹੋ ਜਾਏ ਤਾਂ ਅਨੰਦ-ਮਸਤੀ ਚੜ੍ਹਦੀ ਹੈ:-

ਪਾਤਿਸਾਹਾਂ ਦੀ ਮਜਲਸੇ ਪਿਰਮ ਪਿਆਲਾ ਪੀਵਣ ਭਾਰੀ ।
ਸਾਕੀ ਹੋਇ ਪੀਆਵਣਾ ਉਲਸ ਪਿਆਲੇ ਖਰੀ ਖੁਮਾਰੀ ।[1]

ਇਹ ਪਿਰਮ-ਪਿਆਲਾ ਪੀਣ ਵਾਲੇ ਦਾ ਰਸਤਾ ਇਹ ਹੈ-

ਪਿਰਮ ਪਿਆਲਾ ਅਪਿਉ ਪੀ ਸਹਜ ਸਮਾਣੀ ਅਜਰ ਜਰਾਯਾ ।
... ...
ਇਕ ਮਨ ਇਕ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਯਾ ।[2]

ਪਰ ਇਹ ਗੁਰਸਿੱਖੀ ਦਾ ਮਾਰਗ ਕਠਨ ਬਹੁਤ ਹੈ :-

ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ ।
ਓਥੈ ਟਿਕੇ ਨ ਭੁਣਹਣਾ ਚੱਲ ਨ ਸਕੈ ਉਪਰ ਕੀੜੀ ।[3]

ਇਹੋ ਜਿਹੇ ਮਾਰਗ ਦੇ ਪਾਂਧੀਆਂ ਦੀ ਗਿਣਤੀ ਕਰਨੀ ਔਖੀ ਹੈ । ਭਾਈ ਸਾਹਿਬ ਨੇ ਇਹਨਾਂ ਵਿਚੋਂ ਕੁਝ ਕੁ ਦੇ ਬਾਰੇ ਜਾਣਕਾਰੀ ਦਿੱਤੀ ਹੈ:-

ਗੁਰੂ ਨਾਨਕ ਦੇਵ ਦੇ ਸਿਖ :- ਪੋਪਟ ਜਾਤੀ ਦਾ ਤਾਰੂ, ਕੀੜ ਜਾਤੀ ਦਾ ਮੂਲਾ, ਸੋਹਿਨੀ ਜਾਤੀ ਦੇ ਪਿਰਥਾ ਤੇ ਖੇੜਾ, ਪ੍ਰਿਥੀਮਲ ਸਹਿਗਲ, ਰਾਮਾ ਡਿੱਡੀ, ਮਾਲੋ, ਮਾਂਗਾ, ਕਾਲੂ, ਆਦਿ । ਇਹਨਾਂ ਵਿਚ ਦੌਲਤ ਖਾਂ ਲੋਧੀ ਮੁਸਲਮਾਣ ਵੀ ਹੋਇਆ ਤੇ ਮਰਦਾਨਾ ਮਿਰਾਸੀ ਵੀ । ਮਰਦਾਨਾ

---

1. ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 1.
2. ਉਹੀ , ਵਾਰ 11, ਪਉੜੀ 4.
3. ਉਹੀ , ਵਾਰ 11, ਪਉੜੀ 5.

ਤਾਂ ਇਤਿਹਾਸਕ ਪੱਖ ਤੋਂ ਮਹੱਤਵ ਵਾਲੀ ਸਿਖ ਹੈ ਜੋ ਇਕ ਲੰਮੇ ਸਮੇਂ ਤਕ ਗੁਰੂ ਨਾਨਕ ਦੇਵ ਦੇ ਨਾਲ ਰਿਹਾ ।

ਹੋਰ ਸਿੱਖਾਂ ਦੇ ਨਾਂ ਇਸ ਪ੍ਰਕਾਰ ਹਨ :– ਭਗਤਾ ਓਹਰੀ, ਜਾਪੂਵੰਸੀ, ਸੀਹਾਂ ਉੱਪਲ, ਗੱਜਨ ਉੱਪਲ, ਭਗੀਰਥ, ਅਜਿਤਾ ਰੰਧਾਵਾ, ਬੂੜਾ ਬੁੱਢਾ, ਫਿਰਣਾ ਖਹਿਰਾ, ਜੋਧ ਆਦਿਕ ।

ਗੁਰੂ ਅੰਗਦ ਦੇਵ ਦੇ ਸਿਖ:– ਜੀਵਾ, ਕੁੱਜਰ ਲੁਹਾਰ, ਪਿੰਡ ਨਾਈ, ਜੁਲਕਾ ਜਾਤੀ ਦਾ ਪਾਰੋ, ਮੱਲ ਸਾਹੀ, ਭਾਈ ਕਿਦਾਰੀ, ਦੀਪਾ, ਨਰੈਣ ਦਾਸ, ਬੂਲਾ, ਲਾਲੂ ਦਹਗਾ, ਜੀਵੰਦਾ, ਜੱਗਾ ਧਰਣੀ, ਖਾਨੂੰ, ਮਈਆ, ਗੋਬਿੰਦ ਭੰਡਾਰੀ, ਜੋਧ ਰਸੋਈਆ ।

ਗੁਰੂ ਅਮਰ ਦਾਸ ਦੇ ਸਿਖ :– ਪ੍ਰਿਥੀ ਮਲ, ਤੁਲਸਾ, ਰਾਮੂ, ਦੀਪਾ, ਉਗ੍ਰਸੈਣ, ਨਗੌਰੀ ਮੋਹਣ, ਰਾਮੂ, ਮਹਿਤਾ, ਅਮਰੂ, ਗੋਪੀ, ਭੱਲਾ ਜਾਤੀ ਦੇ ਸਹਾਰੂ, ਗੰਗੂ ਤੇ ਭਾਗੂ, ਖਾਨੂੰ, ਤਾਰੂ, ਵੇਰੋਂ ਪਾਸੀ, ਉਗਰੂ, ਨੰਦੂ, ਪੂਰੋ, ਝੰਡਾ, ਮਲੀਆ ਤੇ ਸਹਾਰੂ ਛੀਵੇ, ਬੂਲਾ ਪਾਂਧਾ । ਇਹ ਸਾਰੇ ਸਿਖ ਭੱਲੇ ਦੇ ਰਹਿਣ ਵਾਲ ਸਨ । ਇਹਨਾ ਸਭਨਾ ਨੂੰ ਗੁਰੂ ਅਮਰ ਦਾਸ ਨੇ ਭੱਲੇ ਪਿੰਡ ਵਿਚ ਹੀ ਸਾਂਝਾ ਉਪਦੇਸ਼ ਦਿੱਤਾ ਸੀ ।[1]

ਗੁਰੂ ਰਾਮ ਦਾਸ ਦੇ ਸਿਖ :– ਭਾਈ ਤੀਰਥਾ ਸਭਰਵਾਲ, ਭਾਈ ਪੂਰੋ, ਮਾਣਕ ਚੰਦ ਬਿਸਨ ਦਾਸ, ਭਾਈ ਪਦਾਰਥ, ਤਾਰੂ, ਭਾਰੂ, ਮਹਾ ਨੰਦ, ਬਿਧੀ ਚੰਦ, ਧਰਮ ਦਾਸ ਪੱਟੜਾ, ਡੂੰਗਰ ਦਾਸ ਤਕਿਆਰ ਭਾਈ ਦੀਪਾ, ਜੇਠਾ ਤੀਰਥਾ, ਮੰਜਾਰੂ, ਬੂਲਾ, ਖੁਲਰ ਜਾਤੀ ਦੇ ਮਈਆ ਜਾਧਾ ਤੇ ਨਵੀਆ, ਤੁਲਸਾ ਵੁਹਰਾ ।

ਗੁਰੂ ਅਰਜਨ ਦੇਵ ਸਿਖ :– ਭਾਈ ਪੁਰੀਆ, ਚੌਧਰੀ ਚੂਹੜ, ਭਾਈ ਪੈੜਾ, ਦੁਰਗਾ, ਬਾਲਾ, ਕ੍ਰਿਸਨਾ, ਤਿਲਕਾ ਸੁਹੜ, ਭਾਈ ਸਮੁੰਦਾ, ਭੁੱਲਾ, ਭੁੱਲਾ, ਭਗੀਰਥ, ਵਿਜ ਜਾਤੀ ਦੇ ਲਾਲੂ ਤੇ ਬਾਲੂ, ਹਰਿ ਦਾਸ, ਦੀਪੂ, ਨਿਹਾਲੂ, ਤੁਲਸੀ, ਬੂਲਾ, ਗੋਖੂ ਟੋਕਾ, ਤੋਤਾ, ਮੱਦੂ, ਭਾਗੂ, ਮੁਕੰਦ, ਕਿਦਾਰਾ ।

ਗੰਗੂ, ਨਾਊ ਰਾਮਾ, ਧਰਮਾ ਉਦਾ, ਜੱਟੂ, ਭੱਟੂ, ਚੋਤਾ, ਇਹਨਾ ਸੂਦ, ਭੋਲੂ, ਭਟੂ, ਤਿਵਾੜੀ ਭੱਲਾ, ਭਗੀਰਥ, ਜਾਪੂ, ਨਿਵਾਲਾ ਮੂਲਾ, ਸਜਾ, ਚੰਦੂ, ਰਾਮ ਦਾਸ ਭੰਡਾਰੀ, ਬਾਲਾ, ਸਾਈਂ ਦਾਸ, ਬਿਲਨੂੰ ਲੋਖੜਾ, ਸੁੰਦਰ ਮਾਛੀ ;

ਜੱਟੂ, ਭਾਨੂੰ, ਤੀਰਥਾ, ਨਿਹਾਲੂ, ਨਾਊ, ਭੁੱਲੂ, ਭੱਟੂ, ਭੀਵਾ, ਮੂੱਲਾ, ਚਤੁਰ ਦਾਸ ਮੂੱਲਾ ਕਪੂਰ ਵਿੱਜ ਜਾਤੀ ਦੇ ਹਾੜੂ ਗਾੜੂ, ਭਾਈ ਫਿਰਣਾ, ਬਹਿਲੂ ਬਹਿਲਾ, ਜੇਠਾ, ਭਾਈ ਸੰਗਾ, ਭਾਰਦੁਆਜ ਜਾਤਦੇ ਬ੍ਰਾਹਮਣ ਵਿੱਸਾ, ਗੋਪੀ, ਤੁਲਸੀਆ, ਭਾਈ ਤ੍ਰੀਮਤਾ,

1. ਸਿਖਾਂ ਦੀ ਭਗਤ ਮਾਲਾ, ਸੰਪਾਦਿਤ ਭਾਈ ਵੀਰ ਸਿੰਘ, ਪੰਨਾ 77.

ਸੁਲਤਾਨ ਪੁਰ ਦੀ ਵਾਸੀ ਦੇ ਸਿਖ[1] :- ਭਾਈ ਕਾਲੂ, ਚਾਊ, ਬੰਸੀ ਮੁੱਲਾ, ਹੋਮਾ ਕਪਾਹੀ ਗੋਵਿੰਦ ਘੇਈ, ਤਿੱਖਾ ਤੇ ਟੋਡਾ ਭੱਟ, ਭਾਈ ਧਾਰੋ, ਰਾਮੂ ਕੋਹਲੀ, ਨਿਹਾਲੂ, ਭਾਈ ਭੱਜੂ, ਸਾਈਂ ਦਿੱਤਾ, ਤੁਲਸਾ ਵੋਹਰਾ ਦਮੋਦਰ, ਭਾਈ ਆਕਲ, ਭਾਨਾ, ਵਿਗਾਹ ਮੱਲ, ਬੁੱਧੂ ਛਾਬਾ,

ਦੀਪਾ ਕਾਸਰਾ, ਦਿਲੋਂ ਜਾਤ ਦੇ ਲਾਲ ਤੇ ਲੰਗਾਹ, ਅਜਬ, ਅਜਾਇਬ, ਉਮਰ ਸ਼ਾਹ, ਪੈੜਾ ਛੱਜਲ. ਕੰਦੂ ਸੰਘਰ, ਕਪੂਰ ਦੇਵ, ਸ਼ਾਹਬਾਜ਼ ਪੁਰ ਵਾਸੀ ਸਮੰਣ, ਬੂਲਸਪੁਰ ਵਿਚ ਜੋਧਾ ਤੇ ਜੱਲੋ ਅਤੇ ਮੋਹਣ ਤੇ ਆਲਮ ਚੰਦ।

ਢੇਸੀ, ਜੋਧਾ, ਗੋਵਿੰਦ, ਮੋਹਣ, ਜੋਧਾ, ਜਾਮੂ, ਭਾਈ ਮੰਝ, ਪੁੰਨੂੰ, ਭਾਈ ਪੀਰਾਣਾ, ਹਮਜ਼ਾ, ਬਾਲਾ ਮਰਵਾਹਾ, ਨਾਨੋ, ਸੂਰੋ ਚੌਧਰੀ, ਕਾਲਾ ਮੇਹਰਾ, ਨਿਹਾਲੂ, ਭਾਈ ਕਾਲੂ, ਭਾਈ ਸੂਦ ਰਾਮ ਦਾਸ, ਸੁਭਾਗਾ ਤੇ ਉਗਰਵੰਦਾ।

ਪੈੜਾ ਚੰਡਾਲੀਆ, ਜੇਠਾ ਸੇਠੀ, ਭਾਈ ਲਟਕਣ, ਘੂਰਾ, ਗੁਰਦਿੱਤਾ, ਕਦਾਰਾ ਸਰਾਫ, ਭਗਵਾਨ ਦਾਸ, ਮੁਰਾਰੀ, ਆਗਤ ਸੇਠੀ, ਚੂਹੜ, ਸਾਂਈ ਦਾਸ, ਲਾਲਾ ਸੇਠੀ, ਨਿਹਾਲੂ, ਰਾਮਾ ਝੰਝੀ, ਹੇਮੂ ਸੇਠੀ ਤੇ ਜੱਟੂ ਭੰਡਾਰੀ

ਸਹਾਰੀ ਮਲ ਸੋਢੀ (ਇਹ ਗੁਰੂ ਅਰਜਨ ਦੇਵ ਦਾ ਤਾਇਆ ਸੀ)[2] , ਸਾਂਈ ਦਿੱਤਾ ਝੰਝੀ, ਸੈਦੋ ਜੱਟ, ਬੁਧੂ ਮਹਿਤਾ, ਭਾਈ ਲਖੂ, ਭਾਈ ਲੱਧਾ, ਕਾਲੂ, ਨਾਨੋ ਹਾੜੀ, ਕਲਿਆਣ ਸੂਦ, ਭਾਨੂੰ, ਮੂਲਾ ਬੇਰੀ, ਤੀਰਥ, ਮੁਕੰਦ, ਕ੍ਰਿਸ਼ਨਾ, ਮੰਗੀਨਾ ਸੇਠ ਤੇ ਨਿਹਾਲੂ ਸੁਨਿਆਰਾ ;

ਭਾਨਾ ਮੱਲ, ਰੇਖ ਰਾਓ, ਮਾਧੋ ਸੋਢੀ, ਭਾਈ ਭੀਵਾ, ਰੂਪ ਚੰਦ, ਪਰਤਾਪੂ, ਨੰਦਾ ਵਿੱਰਕ, ਸਾਮੀ ਦਾਸ ਢਡੋਰ, ਗੋਪੀ ਮਹਿਤਾ. ਤੀਰਥਾ, ਨੱਥਾ ਭਾਈ ਮੰਕਲ, ਦਿੱਲੀ ਮੰਡਲ, ਭਾਈ ਜੀਂਵਦਾ, ਜਗਾਸੀ ਤੇ ਤਿਲੋਕਾ ਸੇਠ,

ਆਗਰੇ ਦੇ ਸਕਤੂ ਮਹਿਤਾ ਤੇ ਨਿਹਾਲਾ ਚੱਢਾ, ਭਾਈ ਗੜੀਅਲ, ਮਥਰਾ ਦਾਸ, ਗੰਗਾ ਸਹਿਗਲ, ਹਰਬੰਸ ਤਪਾ, ਮੁਰਾਰੀ ਅਣਦ, ਕਲਿਆਣਾ, ਨਾਨੋ, ਲਟਕਣ. ਬਿੰਦ ਰਾਇ, ਆਲਮ-ਚੰਦ ਹਾਂਡਾ, ਸੰਸਾਰਾ ਤਲਵਾੜ, ਜਗਤਾ, ਨੰਦਾ ਤੇ ਭਾਨੂੰ ਸੁਹੜ ;

ਭਾਈ ਸੀਗਾਰੂ, ਜੈਤੋਂ, ਜੈਤਾ ਨੰਦਾ, ਤਿਲੋਕਾ, ਤੋਤਾ ਮਹਿਤਾ, ਸਾਈਂ ਦਾਸ ਜੜੀਆ, ਮਲਕ ਪੈੜਾ, ਕੋਹਲੀ, ਕਰਗਹ ਭੰਡਾਰੀ, ਮੀਆਂ ਜਮਾਲ।

ਗੁਰੂ ਹਰਿ ਗੋਬਿੰਦ ਸਾਹਿਬ ਦੇ ਸਿਖ :— ਵਧਾਵਣ ਜਾਤੀ ਦੇ ਭਾਈ ਅਨੰਤਾ ਤੇ ਭਾਈ ਕੁਕੋ, ਇੱਟਾ ਰੇਤਾ, ਨਿਵਲ, ਨਿਹਾਲੂ, ਭਾਈ ਤਖਤ, ਪੀਰ, ਦਰਗਹ ਤੁੱਲੀ, ਭਾਈ ਮਨਸਾ ਧਾਰ, ਤੀਰਥ

---

1 ਸਿਖਾਂ ਦੀ ਭਗਤ ਮਾਲਾ, ਸੰਪਾਦਿਤ , ਭਾਈ ਵੀਰ ਸਿੰਘ, ਪੰਨਾ 107

2. ਉਹੀ , , ਪੰਨਾ 138

ਉਪੱਲ, ਕ੍ਰਿਸਨਾ ਝੰਝੀ, ਧੰਮੂ ਪੁਰੀ, ਭਾਈ ਪਿਰਾਗ, ਮੰਞੂ, ਭਾਈ ਬਨਵਾਲੀ ਤੇ ਪਰਸ ਰਾਮ ;

ਭਾਈ ਤੀਰਥਾ, ਹਰਿਦਾਸ ਸੋਨੀ, ਭਾਈ ਧੀਰ, ਭਗਵਾਨ ਦਾਸ, ਮਲਕ ਕਟਾਰੂ, ਪ੍ਰਿਥੀਮਲ, ਭਗਤੂ ਭੌਰਾ, ਡੱਲੂ, ਸੁੰਦਰ, ਭਾਈ ਦਾਸ, ਗੁਜਰਾਤ ਦਾ ਰਹਿਣ ਵਾਲਾ ਭਾਈ ਭਿਖਾਰੀ (ਪ੍ਰਭੂ ਦੀ ਰਜ਼ਾ ਵਿਚ ਰਹਿਣ ਸੰਬੰਧੀ ਇਸ ਦੀ ਸਾਖੀ ਪਰਸਿਧ ਹੈ), ਸੁਲਸ ਭਾਬੜਾ;

ਸੁਹੰਡੇ ਪਿੰਡ ਵਿਚ ਮਣੀਆ ਲੰਬ, ਚੂਹੜ ਚੌਝੜ, ਭਾਈ ਭਾਨਾ, ਛੱਟੂ ਤਪਾ, ਨਵਲ ਤੇ ਨਿਹਾਲਾ ਸਭਰਵਾਲ ਜਾਤੀ ਦੇ, ਸੇਠ ਜੈਤਾ, ਭਾਨੂੰ ਬਹਿਲ, ਬਧਾਰੀ ਸੋਢੀ, ਗੁਪਾਲ ਸੇਠ, ਸੁੰਦਰ ਚੱਢਾ ਆਗਰੇ ਵਾਲਾ ਤੇ ਢਾਕੇ ਦਾ ਵਸਨੀਕ ਭਾਈ ਮੋਹਣ ਆਦਿ ।

ਗੁਰੂ ਸਾਹਿਬਾਨ ਦੇ ਅਣਗਿਣਤ ਸਿੱਖਾਂ ਪ੍ਰੇਮੀਆਂ ਵਿਚੋਂ ਭਾਈ ਗੁਰਦਾਸ ਨੇ ਇਹ ਕੋਈ 323 ਕੁ ਸਿੱਖਾਂ ਦੇ ਨਾਂ ਗਿਣਾਏ ਹਨ । ਜਿਨ੍ਹਾਂ ਜਿਨ੍ਹਾਂ ਥਾਵਾਂ, ਇਲਾਕਿਆਂ ਜਾਂ ਸ਼ਹਿਰਾਂ ਵਿਚ ਇਹ ਸਿਖ ਵਸਦੇ ਸਨ ਉਹਨਾਂ ਦੇ ਨਾਂ ਵੀ ਭਾਈ ਸਾਹਿਬ ਨੇ ਥਾਉਂ ਥਾਈਂ ਵਾਰ ਦੀਆਂ ਪਉੜੀਆਂ ਵਿਚ ਦਰਜ ਕੀਤੇ ਹਨ। ਉਹਨਾਂ ਵਿਚੋਂ ਕੁਝ ਕੁ ਇਹ ਹਨ:—

ਕਾਬਲ, ਕਸ਼ਮੀਰ ਸਰਹੰਦ, ਥਨੇਸਰ, ਫਤਿਹਪੁਰ ਸੀਕਰੀ, ਉਜੈਨ, ਗੁਜਰਾਤ, ਲਖਨਊ, ਜੌਨਪੁਰ, ਪਿਰਾਗ, ਪਟਨਾ, ਰਾਜਮਹਿਲ, ਢਾਕਾ, ਅਲਾਹਾਬਾਦ, ਸੁਲਤਾਨਪੁਰ, ਖਡੂਰ, ਗੋਇੰਦਵਾਲ ਆਦਿ।

ਇਲਾਕਿਆਂ ਤੇ ਸ਼ਹਿਰਾਂ ਦੀ ਇਸ ਸੂਚੀ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਿੱਖੀ ਦੂਰ ਦੂਰ ਤਕ ਫੈਲੀ ਹੋਈ ਸੀ ।

ਭਾਈ ਸਾਹਿਬ ਨੇ ਇਹ ਜੋ ਨਾਂਵਾਂ ਥਾਵਾਂ ਦੀ ਸੂਚੀ ਇਸ ਵਾਰ ਵਿਚ ਦਿੱਤੀ ਹੈ, ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਜਦੋਂ ਭਾਈ ਸਾਹਿਬ ਨੇ ਸਿਖ ਸੰਗਤਾਂ ਨੂੰ ਨੇਮ ਪ੍ਰੇਮ ਵਾਲੇ ਸਿੱਖਾਂ ਦੇ ਕਰਤਵ ਦੱਸੇ ਹੋਣ ਗੁਰਸਿਖੀ ਦੇ ਮਾਰਗ ਦੀ ਜਾਣਕਾਰੀ ਦਿੱਤੀ ਹੋਵੇ, ਪਿਰਮ-ਪਿਆਲੇ ਦੇ ਆਸ਼ਕਾਂ ਦੇ ਗੁਣ ਜ਼ਾਹਰ ਕੀਤੇ ਹੋਣ ਤਾਂ ਸੰਗਤਾਂ ਨੇ ਹੋ ਸਕੇ ਇਹੋ ਜਿਹੇ ਸਿੱਖਾਂ ਬਾਰੇ ਜਾਣਨਾ ਚਾਹਿਆ ਹੋਵੇ । ਸਿਖ ਸੰਗਤਾਂ ਨੂੰ ਇਹ ਜਾਣਕਾਰੀ ਦੇਣ ਲਈ ਹੀ ਇਹ ਵਾਰ ਰਚੀ ਜਾਪਦੀ ਹੈ ।

ਹਾਂ, ਇਸ ਵਾਰ ਦੀਆਂ ਪਉੜੀਆਂ ਵਿਚ ਕਿਤੇ ਕਿਤੇ ਅਖੀਰਲੀ ਤੁਕ ਸਤਿਗੁਰੂ, ਸਾਧ ਸੰਗਤ, ਗੁਰਮੁਖ ਦੀ ਵਡਿਆਈ ਦਾ ਗੁਣ ਗਾਉਂਦੀ ਪ੍ਰਤੀਤ ਹੁੰਦੀ ਹੈ। ਇਹਨਾਂ ਤੁਕਾਂ ਵਿਚ ਦੁਹਰਾਉ ਵੀ ਹੈ ਜਿਵੇਂ :—

ਸਤਿਗੁਰ ਸੱਚ ਸਵਾਰਣ ਹਾਰਾ — ਪਉੜੀ 17

ਸਤਿਗੁਰ ਪੁਰਖ ਸਵਾਰਣ ਹਾਰਾ — ਪਉੜੀ 29

ਸਾਧ ਸੰਗਤ ਵਡੀ ਵਡਿਆਈ – ਪਉੜੀ 19

ਸਤਿਗੁਰ ਦੀ ਵਡੀ ਵਡਿਆਈ – ਪਉੜੀ 26

ਭਾਈ ਗੁਰਦਾਸ ਇਕ ਕਵੀ ਸਨ, ਇਤਿਹਾਸਕਾਰ ਨਹੀਂ। ਇਸ ਲਈ ਆਪ ਨੇ ਇਹਨਾਂ ਗੁਰਸਿਖਾਂ ਦਾ ਇਤਿਹਾਸ ਨਹੀਂ ਲਿਖਿਆ। ਆਪ ਨੇ ਆਪ ਖ਼ੁਦ ਦੂਰ ਦੁਰਾਡੇ ਸ਼ਹਿਰਾਂ, ਇਲਾਕਿਆਂ ਵਿਚ ਜਾ ਕੇ ਗੁਰਸਿਖੀ ਦਾ ਪਰਚਾਰ ਕੀਤਾ ਸੀ, ਗੁਰਸਿਖੀ ਫੈਲਾਈ ਸੀ, ਇਸ ਲਈ ਗੁਰੂ ਕੇ ਸਿੱਖਾਂ ਨਾਲ ਗੂੜ੍ਹੀ ਜਾਣਕਾਰੀ ਹੋਣੀ ਕੁਦਰਤੀ ਗੱਲ ਹੈ। ਉਹਨਾਂ ਗੁਰਸਿੱਖਾਂ ਵਿਚੋਂ ਹੀ ਕੁਝ ਕੁ ਦਾ ਜ਼ਿਕਰ-ਮਾਤਰ ਆਪ ਨੇ ਕੀਤਾ ਹੈ।

ਹੋ ਸਕਦਾ ਹੈ ਕਿ ਪਹਿਲੇ ਦੋ ਗੁਰੂ ਸਾਹਿਬਾਨ ਦੇ ਕੁਝ ਸਿਖ ਭਾਈ ਸਾਹਿਬ ਨੂੰ ਮਿਲੇ ਵੀ ਹੋਣ ਜਿਵੇਂ ਕਿ ਬਾਬਾ ਬੁੱਢਾ ਆਦਿ ਅਤੇ ਉਹਨਾਂ ਬਿਰਧ ਸਿੱਖਾਂ ਕੋਲੋਂ ਹੋਰ ਸ੍ਰਿਮਣੀ ਸਿੱਖਾਂ ਬਾਰੇ ਆਪ ਨੂੰ ਪਤਾ ਲੱਗਾ ਹੋਵੇ।

ਇਸ ਦੇ ਨਾਲ ਹੀ, ਜੇ ਉਸ ਸਮੇਂ ਕੋਈ ਜਨਮ ਸਾਖੀ ਲਿਖੀ ਗਈ ਹੋਵੇ ਤਾਂ ਹੋ ਸਕਦਾ ਹੈ ਕਿ ਉਹ ਵੀ ਭਾਈ ਸਾਹਿਬ ਦੀ ਨਜ਼ਰੋਂ ਲੰਘੀ ਹੋਵੇ ਤੇ ਆਪ ਨੂੰ ਉਸ ਸਮੇਂ ਦੇ ਪ੍ਰਸਿਧ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੋਵੇ।

ਭਾਈ ਮਨੀ ਸਿੰਘ ਨੇ ਇਹਨਾਂ ਗੁਰਸਿੱਖਾਂ ਨਾਲ ਸੰਬੰਧਤ ਸਾਖੀਆਂ ਨੂੰ 'ਸਿੱਖਾਂ ਦੀ ਭਗਤ ਮਾਲਾ' ਪੁਸਤਕ ਵਿਚ ਅੰਕਿਤ ਕੀਤਾ ਹੈ। ਇਸ ਪੁਸਤਕ ਵਿਚ ਭਾਈ ਗੁਰਦਾਸ ਦੀ 11ਵੀਂ ਵਾਰ ਦਾ ਟੀਕਾ ਕੀਤਾ ਗਿਆ ਹੈ।

ਭਾਈ ਗੁਰਦਾਸ ਨੇ ਤਾਂ ਸਿੱਖਾਂ ਦੇ ਕੇਵਲ ਨਾਂ ਥਾਂ ਹੀ ਗਿਣੇ ਹਨ ਪਰ ਭਾਈ ਮਨੀ ਸਿੰਘ ਨੇ ਉਹਨਾਂ ਸਿੱਖਾਂ ਦੀ ਗੁਰੂ ਸਾਹਿਬ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਕਰਕੇ, ਉਹਨਾਂ ਵਿਚਕਾਰ ਹੋਏ ਪ੍ਰਸ਼ਨ ਉੱਤਰ ਲਿਖ ਕੇ ਕਿਸੇ ਵਿਸ਼ੇਸ਼ ਦਾਰਸ਼ਨਿਕ ਨੁਕਤੇ ਬਾਰੇ ਵਿਚਾਰ ਦਰਸਾਏ ਹਨ।

(5) ਵਾਰਾਂ ਵਿਚ ਭਗਤਾਂ ਬਾਰੇ ਮਿਲਦੇ ਇਤਿਹਾਸਕ ਤੱਥ:

ਭਾਈ ਗੁਰਦਾਸ ਨੇ ਦਸਵੀਂ ਵਾਰ ਵਿਚ ਕੁਝ ਅਜਿਹੇ ਭਗਤਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਦਾ ਜ਼ਿਕਰ ਭਾਰਤੀ ਇਤਿਹਾਸ ਵਿਚ ਆਇਆ ਹੈ। ਇਹਨਾਂ ਭਗਤਾਂ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਵਿਚੋਂ ਕੇਵਲ ਇਕ ਇਕ ਘਟਨਾ ਚੁਣ ਕੇ ਤੇ ਆਪਣੀ ਕਾਵਿ-ਸ਼ੈਲੀ ਦੁਆਰਾ ਬਿਆਨ ਕਰ ਕੇ ਇਹਨਾਂ ਭਗਤਾਂ ਦੀ ਜੀਵਨੀ ਦਾ ਭਰਪੂਰ ਝਲਕਾਰਾ ਪੇਸ਼ ਕੀਤਾ ਹੈ। ਹਰ ਪਉੜੀ ਦੀ ਅਖ਼ੀਰਲੀ ਤੁਕ ਵਿਚ ਉਪਦੇਸ਼ ਮਾਤਰ ਇਹ ਗੱਲ ਆਖੀ ਹੈ ਕਿ ਪ੍ਰਭੂ ਆਪਣੇ ਭਗਤਾਂ ਦੀ ਲਾਜ ਰਖਦਾ ਹੈ, ਉਹਨਾਂ ਦੇ ਕਾਰਜ ਸੁਆਰਦਾ ਹੈ, ਉਹਨਾਂ ਨੂੰ ਦਰਸ਼ਨ ਦੇਂਦਾ ਹੈ ਤੇ ਉਹਨਾਂ ਦੀ ਜੈ ਜੈ ਕਾਰ ਕਰਾਉਂਦਾ ਹੈ।

ਇਹਨਾਂ ਭਗਤਾਂ ਦੇ ਨਾਂ ਇਸ ਪ੍ਰਕਾਰ ਹਨ :—

ਜੈ ਦੇਵ, ਨਾਮ ਦੇਵ, ਤ੍ਰਿਲੋਚਨ, ਧੰਨਾ, ਬੇਣੀ, ਰਾਮਾ ਨੰਦ, ਕਬੀਰ, ਸੈਨ ਤੇ ਰਵਿਦਾਸ।

ਇਹਨਾਂ ਸਾਰੇ ਭਗਤਾਂ ਦੀ ਬਾਣੀ ਪਾਵਨ ਪਵਿਤਰ ਆਦਿ ਗ੍ਰੰਥ ਬੀੜ ਵਿਚ ਦਰਜ ਹੈ। ਇਹ ਭਗਤ ਗੁਰੂ ਨਾਨਕ ਦੇ ਸਮੇਂ ਤੋਂ ਪਹਿਲਾਂ ਦੇ ਹਨ; ਜਾਂ ਸਮਕਾਲੀ ਹਨ।

ਇਹਨਾਂ ਭਗਤਾਂ ਦੇ ਜੀਵਨ ਬਾਰੇ ਇਤਿਹਾਸ ਵਿਚੋਂ ਬਹੁਤਾ ਕੁਝ ਪਤਾ ਨਹੀਂ ਚਲਦਾ। ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:—

ਪੂਰਵ ਨਾਨਕ ਕਾਲ ਦੇ ਸੰਤਾਂ ਦੇ ਮੁਕੰਮਲ ਤੇ ਲੜੀ-ਬਧ ਜੀਵਨ ਬਿਰਤਾਂਤ ਪ੍ਰਾਪਤ ਨਹੀਂ ਹਨ। ਇਸ ਸੰਬੰਧ ਵਿਚ ਨਾਭਾ ਜੀ ਦੀ ਭਗਤ ਮਾਲਾ ਚੰਗਾ ਕੰਮ ਸਾਰਦੀ ਹੈ। ਗੁਰੂ-ਕਾਲ ਦੇ ਸੰਤਾਂ ਤੇ ਢਾਡੀਆਂ ਦੇ ਜੀਵਨ ਬਿਰਤਾਂਤ ਵੀ ਹਨੇਰੇ ਵਿਚ ਹੀ ਹਨ।[1]

ਡਾ: ਕੋਹਲੀ ਸਾਹਿਬ ਨੇ ਕੁਝ ਪੁਸਤਕਾਂ ਦੇ ਆਧਾਰ ਤੇ ਇਹਨਾਂ ਭਗਤਾਂ ਦੇ ਜੀਵਨ ਦੀ ਸੰਖੇਪ ਜਿਹੀ ਜਾਣਕਾਰੀ ਆਪਣੀ ਪੁਸਤਕ[2] ਵਿਚ ਦਿੱਤੀ ਹੈ।

ਭਾਈ ਗੁਰਦਾਸ ਨੇ ਇਹਨਾਂ ਭਗਤਾਂ ਸੰਬੰਧੀ ਰਚੀਆਂ ਪਉੜੀਆਂ ਵਿਚ ਜਿਹੜੀ ਜਿਹੜੀ ਘਟਨਾ ਵਰਨਣ ਕੀਤੀ ਹੈ ਉਸ ਵਿਚੋਂ ਭਗਤਾਂ ਦੇ ਆਪੋ ਆਪਣੇ ਜੀਵਨ ਬਾਰੇ ਕੁਝ ਕੁਝ ਗੱਲਾਂ ਦਾ ਪਤਾ ਲਗਦਾ ਹੈ ਜਿਨ੍ਹਾਂ ਨੂੰ ਕਿਸੇ ਹਦ ਤਕ ਇਤਿਹਾਸਕ ਕਿਹਾ ਜਾ ਸਕਦਾ ਹੈ। ਹਰ ਘਟਨਾ ਨੌਂ ਜਾਂ ਦਸ ਤੁਕਾਂ ਦੀ ਪਉੜੀ ਵਿਚ ਬਿਆਨ ਕੀਤੀ ਗਈ ਹੈ। ਪਹਿਲੀਆਂ ਛੇ ਸਤ ਤੁਕਾਂ ਵਿਚ ਘਟਨਾ ਦਾ ਬਿਆਨ ਹੈ, ਅਗਲੀਆਂ ਤੁਕਾਂ ਵਿਚ ਕਰਾਮਾਤੀ ਅੰਸ਼ ਦੁਆਰਾ ਭਗਤ ਦੀ ਮਨੋਭਾਵਨਾ ਪੂਰੀ ਹੁੰਦੀ ਵਿਖਾ ਕੇ ਅੰਤਲੀ ਤੁਕ ਵਿਚ ਤੱਤ ਦੀ ਗੱਲ ਆਖੀ ਹੈ। ਜਿਥੋਂ ਤਕ ਪਹਿਲੀਆਂ ਤੁਕਾਂ ਵਿਚਲੇ ਘਟਨਾ-ਵਰਣਨ ਦਾ ਸੰਬੰਧ ਹੈ, ਉਸ ਨੂੰ ਇਤਿਹਾਸਕ ਕਿਹਾ ਜਾ ਸਕਦਾ ਹੈ।

ਇਹਨਾਂ ਪਉੜੀਆਂ ਵਿਚ ਕੋਈ ਰਾਜਿਆਂ ਮਹਾਰਾਜਿਆਂ ਦਾ ਇਤਿਹਾਸ ਨਹੀਂ ਤੇ ਨਾ ਹੀ ਕੋਈ ਸੰਨਾਂ ਤੇ ਤਰੀਕਾਂ ਦਾ ਵੇਰਵਾ ਹੈ। ਇਸ ਲਈ ਇਹਨਾਂ ਵਿਚ ਇਸ ਪ੍ਰਕਾਰ ਦੇ ਇਤਿਹਾਸਕ ਤੱਥ ਨਹੀਂ ਹੋ ਸਕਦੇ ਤੇ ਨਾ ਹੀ ਹਨ। ਹਾਂ, ਇਹਨਾਂ ਪਉੜੀਆਂ ਵਿਚ ਪ੍ਰਭੂ ਭਗਤਾਂ ਦੀਆਂ ਉਹ ਸਾਖੀਆਂ ਅੰਕਿਤ ਹਨ ਜਿਨ੍ਹਾਂ ਵਿਚਲੀਆਂ ਘਟਨਾਵਾਂ ਕਾਰਨ ਉਹਨਾਂ ਦੇ ਜੀਵਨ ਵਿਚ ਪਰਿਵਰਤਨ ਆਇਆ। ਇਸ ਨੂੰ ਇਤਿਹਾਸਕ ਤੱਥ ਕਿਹਾ ਜਾ ਸਕਦਾ ਹੈ ਤੇ ਜਾਂ ਫਿਰ ਭਗਤਾਂ ਦੀ

---

1 "A systematic and a complete account of lives of the Pre-Nanak saints is not available. In this connection, however, Bhaktmala of Nabha Ji is useful. The lives of the saints and the bards of the times of Gurus are also in the dark

2 ਏ ਕ੍ਰਿਟੀਕਲ ਸਟਡੀ ਆਫ ਆਦਿ ਗ੍ਰੰਥ, ਪੰਨਾ 2 ਫੁਟ ਨੋਟ।

ਜਾਤ ਬਾਰੇ, ਥਾਂ ਟਿਕਾਣੇ ਬਾਰੇ ਜਾਂ ਕੰਮ ਕਾਜ ਬਾਰੇ ਜੋ ਕੁਝ ਪਤਾ ਲਗਦਾ ਹੈ ਉਸ ਨੂੰ ਇਤਿਹਾਸਕ ਤੱਤ ਦਾ ਨਾਂ ਦਿੱਤਾ ਜਾ ਸਕਦਾ ਹੈ ।

ਇਸ ਸੰਬੰਧ ਵਿਚ ਇਕ ਦੋ ਪਉੜੀਆਂ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ :—

ਪਉੜੀ ਨੰ: 11 ਵਿਚ ਭਗਤ ਨਾਮ ਦੇਵ ਨਾਲ ਸੰਬੰਧਤ, ਠਾਕੁਰ ਨੂੰ ਦੁਧ ਪਿਆਉਣ ਵਾਲੀ, ਸਾਖੀ ਬਿਆਨ ਕਰਕੇ ਮੋਈ ਗਊ ਜਿਵਾਉਣ ਤੇ ਦੇਹੁਰਾ ਫਿਰ ਜਾਣ ਵਾਲੀਆਂ ਘਟਨਾਵਾਂ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ । ਭਾਈ ਸਾਹਿਬ ਲਿਖਦੇ ਹਨ —

1 ਕੰਮ ਕਿਤੇ ਪਿਉ ਚਲਿਆ ਨਾਮਦੇਵ ਨੋ ਆਖ ਸਿਧਾਯਾ ।
2 ਠਾਕੁਰ ਦੀ ਸੇਵਾ ਕਰੀ ਦੁਧ ਪੀਆਵਣ ਕਹਿ ਸਮਝਾਯਾ ।
3 ਨਾਮਦੇਉ ਇਸ਼ਨਾਨ ਕਰ ਕਪਲ ਗਾਇ ਦੁਹ ਕੈ ਲੈ ਆਯਾ ।
4 ਠਾਕੁਰ ਨੋ ਨਾਵਾਲ ਕੇ ਚਰਣੋਦਕ ਲੈ ਤਿਲਕ ਚੜ੍ਹਾਯਾ ।
5 ਹਥ ਜੋੜ ਬਿਨਤੀ ਕਰੇ ਦੁਧ ਪੀਅਹੁ ਜੀ ਗੋਬਿੰਦ ਰਾਯਾ ।
6 ਨਿਹਚਉ ਕਰ ਆਰਾਧਿਆ ਹੋਇ ਦਯਾਲ ਦਰਸ ਦਿਖਲਾਯਾ ।
7 ਭਰੀ ਕਟੋਰੀ ਨਾਮ ਦੇਵ ਲੈ ਠਾਕੁਰ ਨੋਂ ਦੁਧ ਪੀਆਯਾ ।
8 ਗਾਇ ਮੁਈ ਜਿਵਾਲੀਓਨ ਨਾਮ ਦੇਓ ਦਾ ਛੱਪਰ ਛਾਯਾ ।
9 ਫਰ ਦੇਹੁਰਾ ਰਖਿਓਨ ਚਾਰ ਵਰਨ ਲੈ ਪੈਰੀ ਪਾਯਾ ।
10 ਭਗਤ ਜਨਾਂ ਦਾ ਕਰੇ ਕਰਾਯਾ ।

ਪਹਿਲੀਆਂ ਪੰਜ ਤੁਕਾਂ ਵਿਚ ਨਾਮਦੇਵ ਦੇ ਪਿਤਾ ਦਾ ਕਿਸੇ ਕੰਮ ਲਈ ਕਿਧਰੇ ਜਾਣਾ, ਠਾਕੁਰ ਨੂੰ ਦੁਧ ਪਿਆਉਣ ਦੀ ਖ਼ਿਦਮਤ ਨੂੰ ਸੌਂਪਣੀ, ਨਾਮ ਦੇਵ ਦਾ ਇਸ਼ਨਾਨ ਕਰਨਾ, ਠਾਕੁਰ ਨੂੰ ਨੁਹਾਉਣਾ, ਚਰਨਾਮ੍ਰਿਤ ਲੈਣਾ, ਤਿਲਕ ਲਗਾਉਣਾ ਤੇ ਹਥ ਜੋੜ ਕੇ ਦੁਧ ਪੀਣ ਲਈ ਬੇਨਤੀ ਕਰਨੀ ਆਦਿ ਦਾ ਜ਼ਿਕਰ ਹੈ । ਇਸ ਬਿਆਨ ਵਿਚ ਸੁਭਾਵਿਕਤਾ ਹੈ । ਛੇਵੀਂ ਤੇ ਸਤਵੀਂ ਤੁਕ ਵਿਚ ਨਾਮਦੇਵ ਦੇ ਨਿਸਚੇ ਕਾਰਨ ਠਾਕੁਰ ਦੇ ਦਰਸ਼ਨ ਦੇਣ ਤੇ ਦੁਧ ਪੀਣ ਦਾ ਸਭਾ ਅਚੰਭੇ ਭਰਿਆ ਕਰਾਮਾਤੀ ਵਰਣਨ ਹੈ । ਅਠਵੀਂ ਤੁਕ ਵਿਚ ਮੋਈ ਹੋਈ ਗਊ ਜਿਵਾਉਣ ਤੇ ਨੌਵੀਂ ਤੁਕ ਵਿਚ ਦੇਹੁਰਾ ਫਿਰਨ ਦਾ ਬਿਰਤਾਂਤ ਹੈ । ਇਹਨਾਂ ਤਿੰਨਾਂ ਹੀ ਘਟਨਾਵਾਂ ਸੰਬੰਧੀ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜਿਵੇਂ ਕਿ :—

[1] ਦੂਧੁ ਕਟੋਰੈ ਗਡਵੈ ਪਾਨੀ ... ... — ... ...
[2] ਸੁਲਤਾਨੁ ਪੂਛੈ ਸੁਨੁ ਬੇ ਨਾਮਾ ... ...
[3] ਹਸਤ ਖੇਲਤ ਤੇਰੇ ਦੇਹੁਰੇ ਆਇਆ ... ... —

ਇਹ ਹਵਾਲੇ ਭਗਤ ਨਾਮ ਦੇਵ ਸੰਬੰਧੀ ਇਤਿਹਾਸਕ ਤੱਤ ਜ਼ਾਹਰ ਕਰਨ ਵਿਚ ਸਹਾਈ ਹੁੰਦੇ ਹਨ।

[ਅ] ਇਸੇ ਤਰ੍ਹਾਂ ਭਗਤ ਜੈ ਦੇਵ ਬਾਰੇ ਪਤਾ ਚਲਦਾ ਹੈ ਕਿ ਆਪ ਨੇ 'ਗੀਤ ਗੋਬਿੰਦ' ਪੁਸਤਕ ਦੀ ਰਚਨਾ ਕੀਤੀ ਸੀ :—

ਪ੍ਰੇਮ ਭਗਤਿ ਜੈ ਦੇਉ ਕਰੇ ਗੀਤ ਗੋਵਿੰਦ ਸਹਿਜ ਧੁਨਿ ਗਾਵੇ। 10/11

[ੲ]ਭਗਤ ਨਾਮ ਦੇਵ ਤੇ ਤ੍ਰਿਲੋਚਨ ਕੇਵਲ ਸਮੇ-ਸੰਗੀ ਹੀ ਨਹੀਂ, ਮਿੱਤਰ ਤੇ ਗੁਰਭਾਈ ਸਨ।

ਦਰਸ਼ਨ ਦੇਖਨ ਨਾਮਦੇਵ ਭਲਕੇ ਉਠ ਤ੍ਰਿਲੋਚਨ ਆਵੈ।
ਭਗਤਿ ਕਰਨ ਮਿਲ ਦੁਇ ਜਣੇ ਨਾਮਦੇਉ ਹਰਿ ਚਲਤ ਸੁਣਾਵੈ।
ਮੇਰੀ ਭੀ ਕਰ ਬੇਨਤੀ ਦਰਸ਼ਨ ਦੇਖਾਂ ਜੇ ਤਿਸ ਭਾਵੈ। (10/12)

[ਸ] ਭਗਤ ਰਾਮਾ ਨੰਦ, ਗੁਸਾਈਂ ਸੀ, ਬਨਾਰਸ ਵਿਚ ਰਹਿੰਦਾ ਸੀ ਤੇ ਕਬੀਰ ਨੇ ਗੁਰੂ ਧਾਰਨ ਕੀਤਾ ਸੀ:—

ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾ ਨੰਦ ਗੁਸਾਈ।
ਅੰਮ੍ਰਿਤ ਵੇਲੇ ਉਠ ਕੇ ਜਾਂਦਾ ਗੰਗਾ ਨ੍ਹਾਵਣ ਤਾਈ।
ਅਗੋਂ ਹੀ ਦੇ ਜਾਇਕੇ ਲੰਮਾ ਪਿਆ ਕਬੀਰ ਤਿਥਾਈ।
ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ। 10/15

[ਹ] ਸੈਣ, ਨਾਈ ਸੀ ਤੇ ਰਾਜੇ ਦੀ ਸੇਵਾ ਕਰਦਾ ਸੀ —

ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ।
ਪ੍ਰੇਮ ਭਗਤਿ ਰਾਤੀਂ ਕਰੈ ਭਲਕੇ ਰਾਜ ਦੁਆਰੇ ਜਾਈ। 10/16

[ਕ] ਰਵਿਦਾਸ ਚੁਮਾਰ ਜੁਤੀਆਂ ਗੰਢਣ ਦਾ ਕੰਮ ਕਰਦਾ ਸੀ —

ਭਗਤ ਭਗਤ ਜਗ ਵਜਿਆ ਚਹੁੰ ਚੱਕਾਂ ਦੇ ਵਿਚ ਚਮਰੇਟਾ।
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ। 10/17

ਭਾਈ ਸਾਹਿਬ ਨੇ ਭਗਤਾਂ ਦਾ ਜੀਵਨ ਚਿਤਰਦਿਆਂ ਇਹ ਪਉੜੀਆਂ ਕਿਸੇ ਇਤਿਹਾਸਕ ਮਹੱਤਾ ਨੂੰ ਦਰਸਾਉਣ ਲਈ ਨਹੀਂ ਰਚੀਆਂ ਜਾਪਦੀਆਂ। ਆਪ ਨੇ ਤਾਂ ਪ੍ਰੇਮਾ-ਭਗਤੀ ਦੀ ਉਤਮਤਾ ਸਿਧ ਕਰਨੀ ਸੀ ਤੇ ਲੋਕਾਂ ਨੂੰ ਪ੍ਰੇਮਾ-ਭਗਤੀ ਦੀ ਪ੍ਰੇਰਣਾ ਦੇਣੀ ਸੀ। ਆਪਣੇ ਮੰਤਵ ਵਿਚ ਉਹ ਸਫਲ ਹਨ। ਇਤਿਹਾਸਕ-ਤੱਤ ਤਾਂ ਇਕ ਦੂਜੇ ਦਰਜੇ ਦੀ ਗੱਲ ਹੈ।

ਅ) ਪੌਰਾਣਿਕਤਾ

(1) ਵਾਰਾਂ ਵਿਚ ਮਿਲਦੀ ਪੌਰਾਣਿਕ ਸ਼ੈਲੀ

ਪੁਰਾਣਾਂ ਦੇ ਪੰਜ ਲੱਛਣ ਮੰਨੇ ਗਏ ਹਨ— ਸਰਗ, ਪ੍ਰਤਿਸਰਗ, ਵੰਸ਼, ਮਨਵੰਤਰ ਅਤੇ ਵੰਸ਼ਾਨੁਚਰਿਤ[1] ।

ਸਰਗ ਤੋਂ ਭਾਵ ਹੈ ਜਗਤ ਦਾ ਵਿਗਿਆਨ । ਪ੍ਰਤਿਸਰਗ ਤੋਂ ਭਾਵ ਹੈ ਜਗਤ ਦਾ ਵਿਸਥਾਰ, ਖੈ, ਤੇ ਮੁੜ ਰਚਨਾ । ਦੇਵਤਿਆਂ ਤੇ ਰਿਸ਼ੀਆਂ ਦੀ ਵੰਸ਼-ਪਰੰਪਰਾ ਨੂੰ 'ਵੰਸ਼' ਕਿਹਾ ਜਾਂਦਾ ਹੈ । ਮਨਵੰਤਰ ਦਾ ਅਰਥ ਹੈ ਕਿ ਕਿਸ ਕਿਸ ਮਨੂ ਦਾ ਕਿਤਨੇ ਸਮੇਂ ਤਕ ਅਧਿਕਾਰ ਰਿਹਾ । ਸੂਰਜਵੰਸ਼ੀ ਤੇ ਚੰਦਰਵੰਸ਼ੀ ਰਾਜਿਆਂ ਦੀ ਵੰਸ਼ ਦੇ ਵਰਣਨ ਨੂੰ ਵੰਸ਼ਾਨੁਚਰਿਤ ਕਿਹਾ ਜਾਂਦਾ ।

ਇਹਨਾਂ ਪੰਜ ਲੱਛਣਾਂ ਤੋਂ ਇਲਾਵਾ ਪੁਰਾਣਾਂ ਵਿਚ ਹੇਠ ਲਿਖੇ ਅੰਸ਼ ਵੀ ਪਾਏ ਜਾਂਦੇ ਹਨ:—

[1] ਆਸਤਿਕਤਾ, [2] ਅਵਤਾਰਵਾਦ, [3] ਸੰਪਰਦਾਇਕਤਾ, [4] ਸਮਨਵੇਸ਼ਾ-ਵਨਾ, [5] ਚਰਿਤਰ ਚਿਤਰਣ ਰੂਪਕਾਤਮਕਤਾ [6] ਚਮਤਕਾਰਵਾਦ ਤੇ ਚਰਿਤਰ ਦੀ ਵਚਿ-ਤਰਤਾ, [7] ਵਰਣ-ਆਸ਼ਰਮ ਵਿਧਾਨ, [8] ਕਰਮ ਕਾਂਡ ਅਤੇ [9] ਉਪਦੇਸ਼ਾਤਮਕਤਾ

ਭਾਈ ਗੁਰਦਾਸ ਦੀਆਂ ਵਾਰਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਪੁਰਾਣਾਂ ਦੇ ਇਹ ਲੱਛਣ ਤੇ ਅੰਸ਼ ਕੁਝ ਮਾਤਰਾ ਵਿਚ ਵਿਦਮਾਨ ਹਨ ।

ਪੌਰਾਣਿਕ ਪੰਜ-ਲੱਛਣ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਕੁਝ ਕੁਝ ਵੇਖੇ ਜਾ ਸਕਦੇ ਹਨ । ਪਹਿਲੀ ਵਾਰ ਦੀ ਪਉੜੀ ਨੰ: 2, ਅਤੇ 4 ਵਿਚ ਜਗਤ-ਉਤਪਤੀ (ਸਰਗ) ਦਾ ਜ਼ਿਕਰ ਕੀਤਾ ਗਿਆ ਹੈ । ਇਹੀ ਜ਼ਿਕਰ ਵਾਰ 6/ਪਉੜੀ 4, 13/1 , 25/13 ਆਦਿ ਵਿਚ ਵੀ ਮਿਲਦਾ ਹੈ । ਭਗਤਾਂ ਦੀਆਂ ਕਥਾਵਾਂ ਵਿਚ ਉਹਨਾਂ ਉਤੇ ਜ਼ੁਲਮ ਕਰਨ ਵਾਲਿਆਂ ਦਾ ਨਾਸ਼ (ਪ੍ਰਤਿਸਰਗ) ਹੁੰਦਾ ਵਿਖਾਇਆ ਹੈ ।[3] ਕਈ ਪਉੜੀਆਂ ਵਿਚ ਗੁਰੂ ਸਾਹਿਬਾਨ ਦੀ ਬੰਸਾਵਲੀ ਦਾ ਬਿਉਰਾ ਮਿਲਦਾ ਹੈ ।[4] ਪਹਿਲੀ ਵਾਰ ਵਿਚ ਵੱਖ ਵੱਖ ਜੁਗਾਂ ਦਾ ਜੋ ਬਿਆਨ ਹੈ ਉਹ ਕਿਸੇ ਹਦ ਤਕ ਮਨਵੰਤਰ ਨਾਲ ਮੇਲ ਖਾਂਦਾ ਹੈ ਅਤੇ ਗਿਆਰਵੀਂ ਵਾਰ ਵਿਚ ਜੋ ਉਚ-ਆਚਰਨ ਵਾਲੇ ਗੁਰਸਿੱਖਾਂ ਦੇ ਨਾਂ ਗਿਣਾਏ ਗਏ ਹਨ ਤੇ ਗੁਰਸਿੱਖਾਂ ਦੇ ਲੱਛਣ ਦੱਸੇ ਗਏ ਹਨ, ਇਹ ਵੰਸ਼ਾਨੁਚਰਿਤ ਦਾ ਲਛਣ ਸਿਧ ਕਰਦੇ ਹਨ ।

ਇਉਂ ਇਹਨਾਂ ਵਾਰਾਂ ਵਿਚ ਪੌਰਾਣਿਕ ਪੰਜ-ਲੱਛਣਾਂ ਦਾ ਪਾਲਣ ਹੋਇਆ ਮਿਲਦਾ ਹੈ ।

(1) ਆਸਤਿਕਤਾ:— ਭਾਈ ਗੁਰਦਾਸ ਵਾਹਿਗੁਰੂ-ਉਪਾਸ਼ਕ ਸਨ । ਦੇਵੀ ਦੇਵਤਿਆਂ ਤੇ ਪਿੱਤਰ-ਪੂਜਾ ਵਿਚ ਉਹਨਾਂ ਦਾ ਕੋਈ ਵਿਸ਼ਵਾਸ ਨਹੀਂ ਕਿਉਂਕਿ ਇਹ ਤਾਂ ਆਪ ਉਸ ਵਾਹਿਗੁਰੂ ਨੂੰ

---

1 सर्गश्च प्रतिसर्गश्च वंशो मन्वन्तराणि च ।
वंशानुचरितं चैव पुराणं पंचलक्षणम् ।

2. ਰਾਮ ਗੁਪਤ ਦੀ ਪੌਰਾਣਿਕ ਪ੍ਰਿਸ਼ਟ ਭੂਮੀ ਪੰਨਾ 123

3. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 2.

4. ਵਾਰਾਂ ਭਾਈ ਗੁਰਦਾਸ ਵਾਰ 1, ਪਉੜੀ 45,46 ਵਾਰ 26 ਪਉੜੀ33,34

ਅਰਾਧਦੇ ਹਨ ਅਤੇ ਉਸ ਦਾ ਭੇਤ ਨਹੀਂ ਪਾ ਸਕੇ :-

ਬ੍ਰਹਮਾਦਿਕ ਵੇਦਾਂ ਸਣੇ ਨੇਤਿ ਨੇਤਿ ਕਰ ਭੇਦ ਨ ਪਾਯਾ ।
ਮਹਾਂਦੇਵ ਅਵਧੂਤ ਹੋਇ ਨਮੋ ਨਮੋ ਕਰ ਧਯਾਨ ਨ ਆਯਾ ।
ਦਸ ਅਵਤਾਰ ਅਕਾਰ ਕਰ ਏਕੰਕਾਰ ਨ ਅਲਖ ਲਖਾਯਾ । [1]

ਗੁਰੂ ਨਾਨਕ ਦੇਵ ਜੀ ਦੇ ਆਗਮਨ-ਸਮੇਂ ਲੋਕਾਂ ਦੀ ਹਾਲਤ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਲੋਕ ਫੋਕਟ ਧਰਮਾਂ ਵਿਚ ਫਸ ਕੇ ਤੰਤਰਾਂ ਮੰਤਰਾਂ ਦੇ ਪਖੰਡ ਵਿਚ ਜਕੜੇ ਗਏ ਹਨ :-

ਤੰਤ੍ਰ ਮੰਤ੍ਰ ਪਖੰਡ ਕਰ ਕਲਹ ਕ੍ਰੋਧ ਬਹੁ ਵਾਦ ਕਰਾਵ ।
ਆਪੋ ਧਾਪੀ ਹੋਇ ਕੈ ਨਯਾਰੇ ਨਯਾਰੇ ਧਰਮ ਚਲਾਵੈ ।
ਕੋਈ ਪੂਜੇ ਚੰਦ ਸੂਰ ਕੋਈ ਧਰਤ ਅਕਾਸ ਮਨਾਵੈ ।

....

ਫੋਕਟ ਧਰਮੀ ਭਰਮ ਭੁਲਾਵੈ । [2]

ਭਾਈ ਗੁਰਦਾਸ ਨੇ ਪ੍ਰਭੂ-ਭਗਤੀ ਦੇ ਨਾਲ ਨਾਲ ਗੁਰੂ-ਭਗਤੀ ਉਤੇ ਬੜਾ ਜ਼ੋਰ ਦਿੱਤਾ ਹੈ ; ਗੁਰਸਿਖ ਦੀ ਗੁਰੂ ਨਾਲ ਪ੍ਰੀਤ ਸੰਬੰਧੀ ਅਨੇਕਾਂ ਪਉੜੀਆਂ ਰਚੀਆਂ ਹਨ । ਗੁਰਸਿੱਖਾਂ ਨੂੰ ਗੁਰੂ-ਪ੍ਰੀਤ ਦੀ ਸੱਚੀ ਲਗਨ ਹੈ । ਆਪ ਫ਼ਰਮਾਉਂਦੇ ਹਨ :-

ਹੋਰਤ ਰੰਗ ਨ ਰਚੀਐ ਸਭ ਕੂੜ ਦਿਸੰਦਾ ।

....

ਹੋਰ ਬੁਰੀ ਕਰਤੂਤ ਹੈ ਲਗੈ ਫਲ ਮੰਦਾ ।

....

ਪੀਰ ਮੁਰੀਦਾਂ ਪਿਰਹੜੀ ਸਚ ਸਚ ਮਿਲੰਦਾ । [3]

ਇਸ ਪਉੜੀ ਵਿਚ :-

"ਦੂਜੀ ਛੋਡਿ ਕੁਵਾਟੜੀ ਇਕਸੁ ਸਿਉ ਚਿਤੁ ਲਾਇ ।
ਦੂਜੈ ਭਾਵੀ ਨਾਨਕਾ ਵਹਣ ਲੁੜ੍ਹੰਦੜੀ ਜਾਇ ।" [4]

ਦਾ ਹੀ ਸਿਧਾਂਤ ਹੈ ।

---

1. ਵਾਰਾਂ ਭਾਈ ਗੁਰਦਾਸ, ਵਾਰ 16, ਪਉੜੀ 14.
2. ਉਹੀ , ਵਾਰ 1, ਪਉੜੀ 18.
3. ਉਹੀ , ਵਾਰ 27, ਪਉੜੀ 11
4. ਆਦਿ ਗ੍ਰੰਥ ਪੰਨਾ 1425.

(ਰ) ਕਿਤੜੇ ਵੈਸ਼ ਵਖਾਣੀਅਹਿ ਰਾਜਪੂਤ ਰੈਵਤ ਵੀਚਾਰੀ । 1

....

[ਸ] ਕਿਤੜੇ ਸੂਦ ਸਦਾਇੰਦੇ ਕਿਤੜੇ ਕਾਇਥ ਲਿਖਣਹਾਰੇ । 2

ਇਹਨਾਂ ਵਰਨਾਂ ਦੀਆਂ ਗੋਤਾਂ ਜਾਤਾਂ ਦਾ ਅੰਤ ਹਿਸਾਬ ਹੀ ਕੋਈ ਨਹੀਂ :-

ਚਹੁੰ ਵਰਨਾ ਦੇ ਗੋਤ ਅਪਾਰੇ । 3

ਗ੍ਰਿਹਸਥੀਆਂ, ਉਦਾਸੀਆਂ, ਜੋਗੀਆਂ, ਸੰਨਿਆਸੀਆਂ, ਸਾਧਾਂ ਸੰਤਾਂ, ਚੋਰਾਂ ਠੱਗਾਂ, ਹੋਰ ਧਰਮਾਂ ਦੇ ਲੋਕਾਂ ਦੇ ਪ੍ਰਕਾਰਾਂ ਦੀ ਗਿਣਤੀ ਵੀ ਵਾਰ ਨੰ. 8 ਦੀਆਂ ਪਉੜੀਆਂ 13 ਤੋਂ 23 ਵਿਚ ਦਿੱਤੀ ਹੋਈ ਹੈ। ਪਰ ਇਸੇ ਵਾਰ ਦੀ ਪਉੜੀ ਨੰ. 24 ਵਿਚ ਦਸਿਆ ਹੈ ਕਿ ਗੁਰਸਿੱਖ ਗੁਰਮੁਖ ਆਪਣਾ ਆਪਾ-ਭਾਵ ਦੂਰ ਕਰਦੇ ਹਨ ਤੇ ਇਹ ਜਾਤਾਂ ਦੀ ਊਚ-ਨੀਚ ਮਿਟ ਜਾਂਦੀ ਹੈ। ਸਤਿਸੰਗਤ ਵਿਚ ਆ ਕੇ, ਸਿਖ ਸਭ ਵਰਨਾਂ ਦੇ ਹੁੰਦੇ ਹੋਏ ਵੀ ਗੁਰਮੁਖਾਂ ਨਾਲ ਮਿਲ ਕੇ ਤੰਬੋਲ (ਪਾਨ) ਦੇ ਰੰਗ ਵਾਂਗ ਇਕ ਰਸ ਹੋ ਜਾਂਦੇ ਹਨ :-

ਚਾਰ ਵਰਨ ਸਤਿਸੰਗ ਗੁਰਮੁਖ ਮੇਲਿਆ ।
ਜਾਣ ਤੰਬੋਲਹੁ ਰੰਗ ਗੁਰਮੁਖ ਚੇਲਿਆ । 4

ਇਹ ਚਾਰੇ ਵਰਨਾਂ ਨੂੰ ਇਕ ਕਰਨ ਦੀ ਜੁਗਤੀ ਤਾਂ ਗੁਰੂ ਨਾਨਕ ਦੇਵ ਨੇ ਦੱਸੀ ਤੇ ਇਹਨਾਂ ਨੂੰ ਇਕ ਕਰ ਦਿੱਤਾ-

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਇਆ ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ ।

ਭਾਈ ਗੁਰਦਾਸ ਦਸਦੇ ਹਨ ਕਿ ਚਾਰੇ ਵਰਨਾਂ ਦੇ ਲੋਕ ਇਕ ਵਰਨ ਭਾਵ ਗੁਰਮੁਖ ਹੋ ਕੇ ਅਤੇ 'ਸਾਧ ਸੰਗਤ ਵਿਚ ਮਿਲ ਕੇ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਸਕਦੇ ਹਨ-

ਚਾਰ ਵਰਨ ਇਕ ਵਰਨ ਹੋ ਸਾਧ ਸੰਗਤਿ ਮਿਲ ਹੋਏ ਤਾਰਾਖਾ । 6

(8) ਕਰਮ ਕਾਂਡ - ਪੁਰਾਤਨ ਹਿੰਦੂ ਸਮਾਜ ਵਰਣ-ਆਸ਼ਰਮ ਵਿਚ ਵੰਡਿਆ ਹੋਇਆ ਸੀ

---

1 ਵਾਰਾਂ ਭਾਈ ਗੁਰਦਾਸ, ਵਾਰ 8, ਪਉੜੀ 11.
2. ਉਹੀ , ਵਾਰ 8, ਪਉੜੀ 11.
3. ਉਹੀ , ਵਾਰ 8, ਪਉੜੀ 12.
4. ਉਹੀ , ਵਾਰ 3, ਪਉੜੀ 16.
5. ਉਹੀ , ਵਾਰ 1, ਪਉੜੀ 23.
6 ਉਹੀ , ਵਾਰ 24, ਪਉੜੀ 4.

ਅਤੇ 'ਚੰਗੇ ਮੰਦੇ ਕੰਮਾਂ ਦੇ ਚੰਗੇ ਮੰਦੇ ਫਲ' ਵਿਚਾਰ ਅਧੀਨ ਪੁਜਾਰੀ-ਭਾਵਨਾ ਬਹੁਤ ਜ਼ੋਰ ਪਕੜ ਗਈ। ਪੁਜਾਰੀ-ਭਾਵਨਾ ਦੇ ਇਸ ਪ੍ਰਬਲ ਪ੍ਰਭਾਵ ਦਾ ਸਿੱਟਾ ਇਹ ਨਿਕਲਿਆ ਕਿ ਲੋਕ ਕਰਮ-ਕਾਂਡ ਅਤੇ ਪੂਜਾ ਦੀਆਂ ਵਿਧੀਆਂ ਵਿਚ ਜਕੜੇ ਗਏ। ਨਰਕ ਆਦਿ ਦੇ ਦੁੱਖਾਂ-ਕਲੇਸ਼ਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਉਪਾ ਸੋਚੇ ਗਏ। ਤੀਰਥ ਇਸ਼ਨਾਨ, ਵਰਤ, ਨੇਮ, ਸੁਚ, ਸੰਜਮ, ਮੂਰਤੀ ਪੂਜਾ ਆਦਿ ਉਤੇ ਜ਼ੋਰ ਦਿੱਤਾ ਗਿਆ।

ਗੁਰੂ ਸਾਹਿਬਾਨ ਨੇ ਇਸ ਕਿਸਮ ਦੇ ਕਰਮ-ਕਾਂਡ ਤੇ ਪੂਜਾ-ਵਿਧੀਆਂ ਦਾ ਖੰਡਨ ਕੀਤਾ। ਆਦਿਗ੍ਰੰਥ ਵਿਚ ਬਾਹਰਲੇ ਵਿਖਾਵੇ ਦੇ ਇਸ ਕਰਮ-ਕਾਂਡ ਭਾਵ ਤੀਰਥ-ਇਸ਼ਨਾਨ, ਮੂਰਤੀ-ਪੂਜਾ, ਕਰਮ ਧਰਮ ਆਦਿ ਨੂੰ ਹਉਮੈਂ ਦਾ ਕਾਰਨ ਮੰਨਿਆ ਗਿਆ ਹੈ –

ਤੀਰਥ ਨਾਇ ਨ ਉਤਰਸਿ ਮੈਲੁ।
ਕਰਮ ਧਰਮ ਸਭਿ ਹਉਮੈ ਫੈਲੁ।[1]

ਇੱਥੇ ਤਾਂ 'ਅੰਦਰ ਦੀ ਸੁਚ' ਨੂੰ ਦ੍ਰਿੜ੍ਹ ਕਰਾਇਆ ਗਿਆ ਹੈ।

ਕਰਮ-ਕਾਂਡ ਤੇ ਪੂਜਾ ਦੀਆਂ ਵਿਧੀਆਂ ਦੇ ਸੰਬੰਧ ਵਿਚ ਭਾਈ ਗੁਰਦਾਸ ਦੇ ਵਿਚਾਰ ਵੀ ਉਹੀ ਹਨ ਜਿਨ੍ਹਾਂ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਗਿਆ ਹੈ। ਆਪ ਦੇ ਵਿਚਾਰ ਅਨੁਸਾਰ ਜਪ, ਤਪ, ਸੰਜਮ, ਹੋਮ, ਜਗ, ਵਰਤ, ਨੇਮ, ਕਰਮ, ਧਰਮ, ਤੀਰਥ-ਇਸ਼ਨਾਨ ਤੇ ਪੁਰਬਾਂ ਸਮੇਂ ਪੁੰਨ-ਦਾਨ, ਉਪਕਾਰ, ਪੂਜਾ ਅਰਚਾ, ਜੰਤ੍ਰ ਮੰਤ੍ਰ............ ਤੇ ਇਹੋ-ਜਿਹੇ ਹੋਰ ਕਈ ਪ੍ਰਕਾਰ ਦੇ ਕਰਮ ਸੱਚ ਦੀ ਪ੍ਰਾਪਤੀ ਨਹੀਂ ਕਰਾ ਸਕਦੇ। 'ਸੱਚ ਅਚਾਰ' ਹੀ ਸਭ ਤੋਂ ਉਚਾ ਹੈ।[2]

ਭਾਈ ਸਾਹਿਬ ਦੀ ਦ੍ਰਿਸ਼ਟੀ ਵਿਚ ਤਾਂ ਸਤਿਗੁਰੂ ਹੀ ਉਹ ਸੱਚਾ ਵੈਦ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਅਸਾਧ ਰੋਗਾਂ ਤੋਂ ਛੁਟਕਾਰਾ ਦਿਵਾ ਸਕਦਾ ਹੈ।[3] ਜਿਹੜੇ ਲੋਕ "ਸਤਿਗੁਰ ਤੀਰਥ" ਨੂੰ ਛਡ ਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦੇ ਫਿਰਦੇ ਹਨ ਉਹਨਾਂ ਦੀ ਦਸ਼ਾ ਬਗਲੇ ਦੀ ਸਮਾਧੀ ਵਰਗੀ ਹੈ, ਕਠੋਰ ਚਿੱਤ ਪਥਰ ਵਰਗੀ ਹੈ ਤੇ ਉਹ ਲੋਕ –

ਗੁਰ ਪੂਰੇ ਵਿਣ ਪਾਰ ਨ ਪਾਹੀ।[4]

ਭਾਈ ਗੁਰਦਾਸ ਕਰਮ-ਕਾਂਡ ਤੇ ਪੂਜਾ ਦੀਆਂ ਅਨੇਕਾਂ ਵਿਧੀਆਂ ਨਾਲੋਂ ਸਤਿਗੁਰੂ ਨੂੰ ਸਭ ਤੋਂ ਵਧੀਕ ਮਹੱਤਾ ਦੇਂਦੇ ਹਨ।

ਭਾਈ ਸਾਹਿਬ ਨੇ ਇਸ ਬਾਹਰਲੇ ਕਰਮ-ਕਾਂਡ ਦਾ ਖੰਡਣ ਕਰਦਿਆਂ ਗੁਰਸਿੱਖਾਂ ਦੀ ਰਹਿਣੀ

---

1. ਆਦਿ ਗ੍ਰੰਥ, ਰਾਮਕਲੀ ਮਃ 5, ਪੰਨਾ, 890
2. ਵਾਰਾਂ ਭਾਈ ਗੁਰਦਾਸ, ਵਾਰ 18, ਪਉੜੀ 19.
3. ਉਹੀ ਵਾਰ 15, ਪਉੜੀ 9.
4. ਉਹੀ , ਵਾਰ 15, ਪਉੜੀ 10.

ਸਾਹਿਬਾਨ ਦੀ ਵਡਿਆਈ ਤੇ ਮਹਾਨਤਾ ਨੂੰ ਦ੍ਰਿੜ ਕਰਾਇਆ ਹੈ ਤੇ ਪੌਰਾਣਿਕ ਸੰਪਰਦਾਇਕਤਾ ਦੇ ਦਰਸ਼ਨ ਕਰਾਏ ਹਨ।

(4) ਸਮਨਵੈ ਭਾਵਨਾ:— ਇਸ ਸੰਬੰਧ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਘਟ ਹੀ ਸੰਕੇਤ ਮਿਲਦੇ ਹਨ। ਇਸ ਦਾ ਅਭਾਵ ਹੀ ਸਮਝੋ।

(5) ਚਰਿਤ੍ਰ-ਚਿਤਰਣ-ਰੂਪਕਾਤਮਕਤਾ:— ਭਾਈ ਗੁਰਦਾਸ ਦੀਆਂ ਵਾਰਾਂ ਵਿਚ ਚਰਿਤ੍ਰ-ਚਿਤਰਣ ਦੀ ਮਾਤਰਾ ਕੋਈ ਬਹੁਤੀ ਨਹੀਂ। ਗੁਰੂ ਸਾਹਿਬਾਨ ਨੂੰ ਸਾਧਾਰਨ ਰੂਪ ਵਿਚ ਉਪਕਾਰ ਕਰਦਿਆਂ ਵਿਖਾਇਆ ਹੈ। ਪੁਰਾਣਾਂ ਵਿਚਲੇ ਦੈਂਤਾਂ ਤੇ ਦੇਵਤਿਆਂ ਦੀ ਰੂਪ-ਰੇਖਾ ਵਾਲਾ ਚਰਿਤ੍ਰ-ਚਿਤਰਨ ਇਥੇ ਉਪਲਬਧ ਨਹੀਂ। ਗੁਰੂ ਨਾਨਕ ਦੇਵ ਬਾਰੇ ਲਿਖਿਆ ਹੈ:—

ਬਾਬਾ ਦੇਖੇ ਧਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।
ਚੜ੍ਹਿਆ ਸੋਧਨ ਧਰਤਿ ਲੁਕਾਈ।[1]

ਗੁਰੂ ਹਰਿ ਗੋਬਿੰਦ ਸਾਹਿਬ ਬਾਰੇ ਲਿਖਿਆ ਹੈ:—

ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।[2]

[6] ਚਮਤਕਾਰਵਾਦ ਤੇ ਚਰਿਤ੍ਰ ਦੀ ਅਲੌਕਿਕਤਾ:— ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਇਕ ਨਾਇਕ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਆਪ ਦੇ ਪਰਗਟ ਹੋਣ ਨਾਲ ਹੀ ਪਾਪਾਂ, ਵਿਸ਼ੇ ਵਿਕਾਰਾਂ, ਭਰਮਾਂ ਵਹਿਮਾਂ ਪਖੰਡਾਂ ਤੇ ਅਗਿਆਨਤਾ ਆਦਿ ਦੀ ਧੁੰਦ ਮਿਟ ਜਾਂਦੀ ਹੈ।[3] ਮੱਕੇ ਦੀ ਯਾਤਰਾ, ਬਗਦਾਦ ਦਾ ਚੱਕਰ, ਸ਼ਿਵਰਾਤ ਦਾ ਮੇਲਾ ਆਦਿ ਪ੍ਰਸੰਗਾਂ ਵਿਚ ਚਮਤਕਾਰ ਵਿਖਾਏ ਗਏ ਹਨ। ਮੱਕੇ ਦਾ ਆਪਣੇ ਸਥਾਨ ਤੇ ਘੁੰਮ ਜਾਣਾ[4], ਪੀਰ ਦਸਤਗੀਰ ਦੇ ਪੁੱਤਰ ਨੂੰ ਅੱਖ ਫੋਰ ਵਿਚ ਲੱਖਾਂ ਅਕਾਸ਼ ਤੇ ਪਤਾਲ ਵਿਖਾ ਦੇਣੇ,[5] ਜੋਗੀਆਂ ਦੇ ਲੁਕਾਏ ਹੋਏ ਲੋਟੇ ਨੂੰ ਲਭ ਵਿਖਾਣਾ[6] ਆਦਿ ਸਭ ਚਮਤਕਾਰ ਹੀ ਤਾਂ ਹਨ, ਗੁਰੂ ਨਾਨਕ ਦੀ "ਜ਼ਾਹਰ ਕਲਾ" ਹੀ ਤਾਂ ਹੈ। ਗੁਰੂ ਨਾਨਕ ਦੇਵ ਆਪ 'ਅਗਮ-ਅਗਾਧ ਪੁਰਖ' ਹਨ, ਉਹਨਾਂ ਦੀ ਝਾਲ ਕੌਣ ਝਲ ਸਕਦਾ ਹੈ:-

1 ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ, 24.
2. ਉਹੀ ,, ਵਾਰ 1, ਪਉੜੀ 48.
3. ਉਹੀ ,, ਵਾਰ 1, ਪਉੜੀ 27.
4. ਉਹੀ ,, ਵਾਰ 1, ਪਉੜੀ 32
5. ਉਹੀ ,, ਵਾਰ 1, ਪਉੜੀ 36
6. ਉਹੀ ,, ਵਾਰ 1, ਪਉੜੀ 39.

ਸਤਿਗੁਰੂ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰੂ ਦੀ ਝਾਲਾ ।[1]

ਪਰ ਗੁਰੂ ਨਾਨਕ ਦੇਵ ਨੂੰ ਜੋਗੀਆਂ ਤੇ ਸਿਧਾਂ ਵਾਂਗ ਰਿਧੀਆਂ ਸਿਧੀਆਂ ਦੀ ਸ਼ਕਤੀ ਦੀ ਲੋੜ ਨਹੀਂ । ਆਪ ਨੂੰ ਤਾਂ ਗੁਰੂ ਦੀ ਸੰਗਤ ਤੇ ਬਾਣੀ ਦੀ ਓਟ ਹੈ ਅਤੇ ਸੱਚ ਨਾਮ ਤੋਂ ਬਿਨਾ ਹੋਰ ਕੋਈ ਕਰਾਮਾਤ ਵੀ ਨਹੀਂ:-

ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ । (ਵਾਰ 1, ਪਉੜੀ 42)

ਅਤੇ ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਹੁ ਅਲਾਈ ।
ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ । (ਵਾਰ 1, ਪਉੜੀ 43)

(7) ਵਰਣ-ਆਸ਼ਰਮ ਵਿਧਾਨ:-ਭਾਈ ਗੁਰਦਾਸ ਦਾ ਵਿਚਾਰ-ਆਧਾਰ ਕਿਉਂਕਿ ਗੁਰਬਾਣੀ-ਵਿਚਾਰ ਹੈ, ਇਸ ਲਈ ਆਮ ਦ੍ਰਿਸ਼ਟੀਕੋਣ ਵੀ ਉਹੀ ਹੈ ਜੋ ਆਦਿ-ਗ੍ਰੰਥ ਵਿਚੋਂ ਦ੍ਰਿਸ਼ਟੀ ਗੋਚਰ ਹੁੰਦਾ ਹੈ । ਉਸ ਸਮੇਂ ਦੇ ਸਮਾਜ ਵਿਚਲੀ ਵਰਣ ਆਸ਼ਰਮ ਵੰਡ ਬਾਰੇ ਆਪ ਦਾ ਨਜ਼ਰੀਆ ਉਹੀ ਆਦਿ ਗ੍ਰੰਥ ਵਾਲਾ ਹੈ । ਗੁਰੂ ਨਾਨਕ ਦੇਵ ਦੇ ਪਰਗਟ ਹੋਣ ਤੋਂ ਪਹਿਲਾਂ ਵਰਣ-ਆਸ਼ਰਮ ਧਰਮ ਦੀ ਸਥਿਤੀ ਵੱਲ ਇਸ਼ਾਰੇ ਕੀਤੇ ਹਨ :-

ਬਹੁ ਵਾਟੀ ਜਗ ਚਲੀਆ ਤਬ ਹੀ ਭਏ ਮੁਹੰਮਦ ਯਾਰਾ ।[2]

ਅਤੇ, ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ ।

... ...

ਗੰਗ ਬਨਾਰਸ ਹਿੰਦੂਆਂ, ਮੱਕਾ ਕਾਬਾ ਮੁਸਲਮਾਣੇ ।[3]

ਭਾਈ ਗੁਰਦਾਸ ਨੇ ਉਸ ਸਮੇਂ ਦੇ ਹਿੰਦੂ ਸਮਾਜ ਦੀ ਵੰਡ ਦੇ ਅੰਗਾਂ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਆਦਿ ਦੀਆਂ ਕਈ ਕਈ ਜਾਤਾਂ ਦੀ ਗਿਣਤੀ ਕੀਤੀ ਹੈ:-

(ੳ) ਕਿਤੜੇ ਬ੍ਰਹਮਣ ਸਾਰਸੁਤ ਵਾਤੀਸਰ ਲਾਵਾਇਤ ਲੋਏ ।[4]

....

(ਅ) ਕਿਤੜੇ ਖੱਤਰੀ ਬਾਹਰੀ ਕੇਤੜਿਆਂ ਹੀ ਬਾਵੰਜਾਹੀ ।[5]

....

1. ਵਾਰਾਂ ਭਾਈ ਗੁਰਦਾਸ ਵਾਰ 1, ਪਉੜੀ 31
2. ਉਹੀ , ਵਾਰ 1, ਪਉੜੀ 20
3. ਉਹੀ , ਵਾਰ 1, ਪਉੜੀ 21.
4. ਉਹੀ , ਵਾਰ 8, ਪਉੜੀ 9.
5. ਉਹੀ , ਵਾਰ 8, ਪਉੜੀ 10.

(2) ਅਵਤਾਰਵਾਦ :– (ੳ) ਭਾਈ ਗੁਰਦਾਸ ਨੇ ਅਵਤਾਰਵਾਦ ਦਾ ਡਟਾ ਵਿਰੋਧ ਕੀਤਾ ਹੈ। ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਆਦਿ ਦੇਵਤਿਆਂ ਤੇ ਇਹਨਾਂ ਦੇ ਅਵਤਾਰਾਂ ਸੰਬੰਧੀ ਕਰੜੀ ਨੁਕਤਾਚੀਨੀ ਕੀਤੀ ਹੈ। ਅਜਿਹਾ ਬਿਆਨ ਆਪ ਦੀਆਂ ਕਈ ਪਉੜੀਆਂ ਵਿਚ ਮਿਲਦਾ ਹੈ :–

1. ਬ੍ਰਹਮਾ ਵਡਾ ਅਖਾਇਦਾ ਨਾਭ ਕਮਲ ਦੀ ਨਾਲਿ ਸਮਾਣਾ।
ਆਵਾਗਵਣ ਅਨੇਕ ਜੁਗ ਓੜਕ ਵਿਚ ਹੋਯਾ ਹੈਰਾਣਾ।[1]
2. ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸੰਘਾਰੇ।
ਮਛ ਕਛ ਵੈਰਾਹ ਰੂਪ ਨਰਸਿੰਘ ਹੋਇ ਬਾਵਨ ਬੋਧਾਰੇ।
....
ਹਉਮੈ ਅੰਦਰ ਕਾਰ ਵਿਕਾਰੇ।[2]
3. ਮਹਾਂ ਦੇਉ ਅਉਧੂਤ ਹੋਇ ਤਾਮਸ ਅੰਦਰ ਜੋਗ ਨ ਜਾਣੈ।
ਭੈਰੋ ਭੂਤ ਨ ਸੂਤ ਵਿਚ ਖੇਤਰਪਾਲ ਬੇਤਾਲ ਧਿਙਾਣੇ।[3]

(ਅ) ਪਰ ਦਸਵੀਂ ਵਾਰ ਵਿਚ ਭਗਤਾਂ ਦੀਆਂ ਉਹ ਕਥਾਵਾਂ ਦਰਜ ਹਨ ਜਿਨ੍ਹਾਂ ਵਿਚ ਪਰਮਾਤਮਾ ਨੂੰ ਅਵਤਾਰ ਧਾਰ ਕੇ ਭਗਤਾਂ ਦੀ ਰਖਿਆ ਕਰਦਾ ਵਿਖਾਇਆ ਗਿਆ ਹੈ। ਪ੍ਰਹਲਾਦ ਨੂੰ ਬਚਾਉਣ ਵਾਸਤੇ ਪਰਮਾਤਮਾ ਨੇ ਨਰਸਿੰਘ ਦਾ ਰੂਪ ਧਾਰ ਕੇ ਬੇਮੁਖ ਹਰਨਾਖਸ਼ ਨੂੰ ਫੜ ਕੇ ਪਛਾੜ ਦਿੱਤਾ ਤਾਂ ਬ੍ਰਹਮਾ ਆਦਿਕ ਦੇਵਤੇ ਜੈ ਜੈ ਕਾਰ ਕਰਨ ਲਗੇ।

ਥੰਮ ਪਾੜ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦ।
ਬੇਮੁਖ ਪਕੜ ਪਛਾੜਿਅਨੁ ਸੰਤ ਸਹਾਈ ਆਦ ਜੁਗਾਦ।
ਜੈ ਜੈ ਕਾਰ ਕਰਨ ਬ੍ਰਹਮਾਦ।
(ਵਾਰ 10, ਪਉੜੀ 2)

(ੲ) ਭਾਈ ਗੁਰਦਾਸ ਨੇ ਅਵਤਾਰ ਵਾਦ ਦਾ ਖੰਡਣ ਕੀਤਾ ਹੈ। ਭਾਈ ਗੁਰਦਾਸ ਦਾ ਗੁਰੂ ਆਪ ਪਰਮੇਸ਼ਵਰ ਰੂਪ ਹੈ :–

ਗੁਰ ਪਰਮੇਸਰ ਇਕ ਹੈ ਸਚਾ ਸਾਹ ਜਗਤ ਵਣਜਾਰਾ।[4]
ਸਤਿਗੁਰ ਨਾਨਕ ਦੇਉ ਹੈ ਪਰਮੇਸਰ ਸੋਈ।[5]

---

1. ਵਾਰਾਂ ਭਾਈ ਗੁਰਦਾਸ, ਵਾਰ 12 ਪਉੜੀ 7
2. ਉਹੀ , ਵਾਰ 12, ਪਉੜੀ 8.
3. ਉਹੀ , ਵਾਰ 12, ਪਉੜੀ 9.
4. ਉਹੀ , ਵਾਰ 1, ਪਉੜੀ 17.
5. ਉਹੀ , ਵਾਰ 38 ਪਉੜੀ 20.

ਇਸ ਉਪਰੋਕਤ ਵਿਚਾਰ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਅਵਤਾਰਵਾਦ ਦਾ ਖੰਡਣ ਕਰਦਿਆਂ ਹੋਇਆਂ ਵੀ ਭਾਈ ਸਾਹਿਬ ਭਗਤਾਂ ਦੀ ਰਖਿਆ ਲਈ ਪ੍ਰਭੂ ਦੇ ਅਵਤਾਰ ਧਾਰਨ ਦੀ ਮਹਿਮਾ ਗਾਉਂਦੇ ਹਨ। ਪਰ ਇਹ ਗੱਲ ਇੰਜ ਨਹੀਂ। ਅਸਲ ਵਿਚ "ਹਰਿ ਜੀਉ ਅਹੰਕਾਰ ਨ ਭਾਵਈ" ਦੇ ਅਰਥ ਭਾਵ ਨੂੰ ਸਪੱਸ਼ਟ ਕਰਨ ਲਈ ਅਜਿਹੀਆਂ ਘਟਨਾਵਾਂ ਨੂੰ ਮਿਸਾਲ ਦੇ ਤੌਰ ਤੇ ਵਰਤਿਆ ਗਿਆ ਹੈ। ਗੁਰਮਤ ਅਵਤਾਰਵਾਦੀ ਵਿਚਾਰਾਂ ਨਾਲ ਸਹਿਮਤ ਨਹੀਂ ਤੇ ਨਾ ਹੀ ਭਾਈ ਗੁਰਦਾਸ ਇਸ ਵਿਚ ਯਕੀਨ ਰਖਦੇ ਹਨ।

(3) ਸੰਪਰਦਾਇਕਤਾ :— ਭਾਈ ਗੁਰਦਾਸ ਦੀਆਂ ਵਾਰਾਂ ਵਿਚ ਨਿਰਾਕਾਰ ਪ੍ਰਭੂ ਦੀ ਮਹਿਮਾ ਦਾ ਵਰਣਨ ਤਾਂ ਮਿਲਦਾ ਹੀ ਹੈ ਪਰ ਮੁੱਖ ਰੂਪ ਵਿਚ ਆਪ ਨੇ ਗੁਰੂ, ਸਤਿਗੁਰੂ, ਗੁਰਮਤਿ, ਗੁਰੂ-ਭਗਤੀ, ਗੁਰ-ਸਿੱਖ ਰਹਿਤ-ਮਰਿਯਾਦਾ, ਗੁਰਸਿੱਖ ਪ੍ਰੀਤ, ਗੁਰਸਿੱਖੀ, ਗੁਰਮੁਖ ਆਦਿ ਵਿਸ਼ਿਆਂ ਨੂੰ ਅਪਣਾਇਆ ਹੈ। ਭਾਈ ਗੁਰਦਾਸ ਸਿੱਖ-ਸੰਪਰਦਾਇ ਦੇ ਮੁਖੀ ਪਰਚਾਰਕ ਸਨ, ਇਸ ਲਈ ਆਪ ਦੀ ਬਾਣੀ ਵਿਚ ਉਹ ਖੂਬੀਆਂ ਵਿਦਮਾਨ ਹਨ ਜੋ ਇਕ ਪਰਚਾਰਕ ਦੀ ਬਾਣੀ ਵਿਚ ਹੋਣੀਆਂ ਚਾਹੀਦੀਆਂ ਹਨ।

ਭਾਈ ਸਾਹਿਬ ਦੇ ਪਰਮਾਤਮਾ ਦਾ ਸਰੂਪ ਉਹੀ ਹੈ ਜੋ ਗੁਰੂ ਸਾਹਿਬਾਨ ਨੇ ਆਦਿਗ੍ਰੰਥ ਵਿਚ ਚਿਤਰਿਆ ਹੈ। ਉਹ ਪਰਵਦਗਾਰ ਸ੍ਰਿਸਟੀ ਦਾ ਕਰਤਾ ਹੈ, ਰਾਜ਼ਕ ਹੈ, ਲਾਸਨੀ ਹੈ, ਨਿਰਲੇਪ ਹੈ, ਵਰਨਾਂ ਚਿਹਨਾਂ ਤੋਂ ਬਾਹਰ ਹੈ, ਸਰਬਵਿਆਪਕ ਹੈ[1]। ਤਿੰਨੇ ਦੇਵਤੇ ਤੇ ਉਹਨਾਂ ਦੇ ਦਸ ਅਵਤਾਰ ਵੀ ਉਸਦਾ ਅੰਤ ਨਹੀਂ ਪਾ ਸਕੇ।[2]

ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚ ਕਈ ਸੰਪਰਦਾਵਾਂ ਬਾਰੇ ਆਪਣੇ ਵਿਚਾਰ ਪਰਗਟਾਏ ਹਨ, ਪਰ ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਕਰਤੂਤ ਵੇਖ ਕੇ ਉਸ ਦੀ ਕਾਇਮ ਕੀਤੀ ਸੰਪਰਦਾਇ ਨੂੰ 'ਮੀਣਾ' ਭਾਵ ਕਮੀਨਾ ਕਹਿ ਕੇ ਤ੍ਰਿਸਕਾਰਿਆ ਹੈ:—

1, ਮੁੜਹੁ ਘੁਥਹੁ ਮੀਣਿਆਂ ਤੁਧ ਜਮਪੁਰ ਜਾਣਾ।[3]

2, ਤਿਉਂ ਨਕਟ ਪੰਥ ਹੈ ਮੀਣਿਆਂ ਮਿਲ ਨਕਟ ਨਿਬਾਹੇ।[4]

3, ਰਲੇ ਜੋ ਸੰਗਤ ਮੀਣਿਆਂ ਉਠ ਚਲੇ ਨਿਰਾਸਾ।[5]

ਮੀਣੇ ਦਾ ਮੂੰਹ ਕਾਲਾ ਹੈ, ਸਤਿਗੁਰੂ ਸੱਚਾ ਪਾਤਸ਼ਾਹ ਹੈ।[6] ਭਾਈ ਗੁਰਦਾਸ ਨੇ ਇਉਂ ਗੁਰੂ

---

1. ਵਾਰਾਂ ਭਾਈ ਗੁਰਦਾਸ, ਵਾਰ 18, ਪਉੜੀ 10.
2. ਉਹੀ , ਵਾਰ 16, ਪਉੜੀ 14.
3. ਉਹੀ ਵਾਰ, 36, ਪਉੜੀ 4
4. ਉਹੀ , ਵਾਰ 36,ਪਉੜੀ 6.
5. ਉਹੀ , ਵਾਰ 36, ਪਉੜੀ 7.
6. ਉਹੀ , ਵਾਰ 36, ਪਉੜੀ 1.

ਰਹਿਣੀ ਦੇ ਕੁਝ ਨਿਯਮ ਵੀ ਬੰਨ੍ਹੇ ਹਨ। ਇਹਨਾਂ ਨਿਯਮਾਂ ਦੀ ਪਾਲਣਾ ਮਨੁੱਖ ਨੂੰ ਸਦਾਚਾਰੀ ਬਣਾ ਦੇਂਦੀ ਹੈ, ਉਹ ਗੁਰਮੁਖ ਬਣ ਜਾਂਦਾ ਹੈ ਤੇ 'ਰਾਜ ਜੋਗ' ਮਾਣਦਾ ਹੈ:-

ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ।
ਉਸ ਸੂਅਰ ਉਸ ਗਾਇ ਹੈ ਪਰਧਨ ਹਿੰਦੂ ਮੁਸਲਮਾਣੈ।
... ... — ... ...
ਦਰਬ ਪ੍ਰਤਾਪ ਨ ਆਪ ਗਣ ਕਰ ਅਹੰਮੇਉ ਨ ਕਿਸੈ ਰਞਾਣੈ।
ਗੁਰਮੁਖਿ ਸੁਖ ਫਲ ਪਾਇਆ ਰਾਜ ਜੋਗ ਰਸ ਰਲੀਆਂ ਮਾਣੈਂ।[1]

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਅਨੇਕਾਂ ਥਾਵਾਂ ਤੇ ਸਤਿਗੁਰੂ ਦੀ ਮਹਿਮਾ, ਸਤਿਗੁਰੂ ਦੀ ਸੇਵਾ, ਸਤਿਗੁਰੂ-ਦੀ ਅਰਾਧਨਾ ਉੱਤੇ ਜ਼ੋਰ ਦਿੱਤਾ ਹੈ।

ਸੋ ਅਸੀਂ ਵੇਖਦੇ ਹਾਂ ਕਿ ਜਿਥੇ ਆਪ ਨੇ ਪੁਰਾਣਾਂ ਵਿਚਲੇ ਕਰਮ-ਕਾਂਡ ਆਦਿ ਨੂੰ ਫੋਕਟ ਮੰਨਿਆ ਹੈ ਉੱਥੇ ਗੁਰਸਿੱਖਾਂ ਵਾਸਤੇ ਗੁਰ-ਭਗਤੀ ਉੱਤੇ ਜ਼ੋਰ ਤੇ ਜੀਵਨ-ਸੁੱਖ ਦੇ ਨਵੇਂ ਢੰਗ ਦੱਸੇ ਹਨ।

ਉਪਦੇਸ਼ਾਤਮਕਤਾ;—ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੱਚੇ ਸੁੱਚੇ ਜੀਵਨ ਲਈ ਉਪਦੇਸ਼ ਹੀ ਉਪਦੇਸ਼ ਹੈ। ਸਿਖ-ਮਤ ਦੇ ਅਸੂਲਾਂ ਦੀ ਵਿਆਖਿਆ ਤੇ ਗੁਰਮਤ ਦੇ ਪਰਚਾਰ ਨੂੰ ਆਪ ਨੇ ਆਪਣਾ ਜੀਵਨ-ਆਦਰਸ਼ ਬਣਾਇਆ ਹੋਇਆ ਸੀ। ਆਪ ਸਿਖ-ਧਰਮ ਦੇ ਮਹਾਨ ਪਰਚਾਰਕ ਸਨ। ਪ੍ਰਭੂ-ਭਗਤੀ ਲਈ ਅਨੰਤ ਪ੍ਰੇਰਨਾ ਆਪ ਦੀਆਂ ਵਾਰਾਂ ਵਿਚੋਂ ਮਿਲਦੀ ਹੈ। ਪਰ ਭਾਈ ਗੁਰਦਾਸ ਦੀਆਂ ਵਾਰਾਂ ਵਿਚਲਾ ਉਪਦੇਸ਼ ਗੁਰੂ-ਉਪਦੇਸ਼ ਤੋਂ ਵਖਰਾ ਨਹੀਂ। ਮਨੁੱਖ ਨੂੰ ਮਨਮੁਖ ਬਣਨ ਤੋਂ ਵਰਜਦੇ ਹਨ ਤੇ ਗੁਰਮੁਖ ਹੋਣ ਲਈ ਪ੍ਰੇਰਦੇ ਹਨ। ਉਹ ਤਾਂ 'ਗੁਰਮਤ ਖੇਲ ਖੇਲਣ ਵਾਲਿਆਂ', ਗੁਰ ਜਾਪ ਜਪਣ ਵਾਲਿਆਂ[3], ਗੁਰੂ ਪਰਮੇਸ਼ਰ ਨੂੰ ਇਕੋ ਜਾਣਨ ਵਾਲਿਆਂ[4], ਸਤਿਗੁਰ ਦਾ ਉਪਦੇਸ਼ ਦ੍ਰਿੜ੍ਹ ਕਰਨ ਵਾਲਿਆਂ[5], ਤੋਂ ਸਦਕੇ ਤੇ ਕੁਰਬਾਨ ਹੁੰਦੇ ਹਨ ਤੇ ਕਹਿੰਦੇ ਹਨ:-

ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ[6]

ਦਸਵੀਂ ਵਾਰ, ਸਾਰੀ ਦੀ ਸਾਰੀ ਉਪਦੇਸ਼ ਨਾਲ ਭਰੀ ਪਈ ਹੈ। ਭਗਤਾਂ, ਸੰਤਾਂ, ਦੀਆਂ ਕਥਾਵਾਂ ਨੂੰ

---

1. ਵਾਰਾਂ ਭਾਈ ਗੁਰਦਾਸ, ਵਾਰ 29 ਪਉੜੀ 18,
2. ਉਹੀ ,, 12 ,, 1.
3. ਉਹੀ ,, 12 ,, 2.
4. ਉਹੀ ,, 12 ,, 5.
5. ਉਹੀ ,, 12 ,, 6.
6. ਉਹੀ ,, 12 ,, 4.

ਉਦਾਹਰਣ-ਰੂਪ ਬਣਾ ਕੇ ਪ੍ਰਭੂ-ਭਗਤੀ ਦਾ ਉਪਦੇਸ਼ ਦ੍ਰਿੜ੍ਹ ਕਰਾਇਆ ਹੈ।

ਭਾਈ ਸਾਹਿਬ ਦੀ ਉਪਦੇਸ਼ਾਤਮਕਤਾ ਨੂੰ ਜਿਹੜੀ ਗੱਲ ਪੁਰਾਣਾਂ ਵਿਚਲੀ ਉਪਦੇਸ਼ਾਤਮਕਤਾ ਤੋਂ ਨਿਖੇੜਦੀ ਹੈ ਉਹ ਇਹ ਹੈ ਕਿ ਆਪ ਨੇ "ਪੌਰਾਣਿਕ ਰੂਪਕਾਤਮਕਤਾ ਨੂੰ ਗ੍ਰਹਿਣ ਨਾ ਕਰ ਕੇ ਸਾਧਾਰਨ ਜਨ-ਜੀਵਨ ਵਿਚੋਂ ਦ੍ਰਿਸ਼ਟਾਂਤ ਪ੍ਰਸਤੁਤ ਕੀਤੇ ਹਨ,[1]। ਧਰਤੀ, ਅੱਗ ਜਲ, ਮਜੀਠ, ਕੀੜੀ, ਘਾਹ, ਤਿਲ, ਵੜੇਵਾਂ ਅਨਾਰਦਾਣਾ, ਪਾਰਸ, ਬਾਂਡਾ, ਘਨਹਰਿ-ਬੂੰਦ[2] ਆਦਿਕ ਨਿਤ ਵਰਤੋਂ ਦੀਆਂ ਚੀਜ਼ਾਂ ਦੇ ਗੁਣਾਂ ਤੋਂ ਨੇਕੀ, ਨਿਮਰਤਾ, ਪਰਉਪਕਾਰ, ਸੰਗਤ ਦਾ ਫਲ, ਕੁਰਬਾਨੀ ਆਦਿ ਦਾ ਉਪਦੇਸ਼ ਦਿੱਤਾ ਹੈ।

[2] ਵਾਰਾਂ ਵਿਚ ਪੌਰਾਣਿਕ ਤੱਤ

ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਪੌਰਾਣਿਕ ਕਥਾਵਾਂ ਅਤੇ ਸ਼ਬਦਾਵਲੀ ਦਾ ਖੁਲ੍ਹ ਕੇ ਪ੍ਰਯੋਗ ਕੀਤਾ ਹੈ।[3]

ਭਾਈ ਗੁਰਦਾਸ ਦੀਆਂ ਵਾਰਾਂ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਇਹ ਵਾਰਾਂ ਗੁਰਬਾਣੀ ਦੀ ਵਿਆਖਿਆ ਕਰਦੀਆਂ ਹਨ। ਭਾਈ ਗੁਰਦਾਸ ਦੀ ਰਚਨਾ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚ ਪੌਰਾਣਿਕ ਤੱਤ ਕਾਫ਼ੀ ਮਾਤਰਾ ਵਿਚ ਮਿਲਦਾ ਹੈ, ਇਹ ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਹੈ, ਸੰਤ ਬਾਣੀ ਵਿਚ ਵੀ ਤੇ ਭੱਟਾਂ ਦੀ ਰਚਨਾ ਵਿਚ ਵੀ। ਸੋ, ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੌਰਾਣਿਕ ਤੱਤ ਦਾ ਹੋਣਾ ਕੋਈ ਅਲੋਕਾਰ ਘਟਨਾ ਨਹੀਂ, ਇਕ ਸਹਿਜ ਸੁਭਾ ਕਰਮ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕੁਝ ਕੁ ਪੌਰਾਣਿਕ ਕਥਾਵਾਂ ਦਾ ਵਰਣਨ ਮਿਲਦਾ ਹੈ ਜਿਨ੍ਹਾਂ ਵਿਚੋਂ ਬ੍ਰਹਮਾ-ਨਾਭਿ ਕਮਲ, [ਪੰਨਾ 227], ਬ੍ਰਹਮਾ-ਵੇਦ (ਪੰਨਾ 423), ਕਾਨ੍ਹ-ਗੋਪੀ (ਪੰਨਾ 445) ਪ੍ਰਹਲਾਦ ਉਧਾਰ (ਪੰਨਾ 1133, 1154, 55) ਗੌਤਮ-ਅਹਲਿਆ; ਇੰਦਰ (ਪੰਨਾ 1343-44),ਜਨਮੇਜਾ (ਪੰਨਾ 1344) ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਵਿਚੋਂ ਇਕ ਉਦਾਹਰਣ ਵੇਖਣ ਯੋਗ ਹੈ:-

> ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
>
> ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।[4]

---

1. ਦਸਮ ਗ੍ਰੰਥ ਦੀ ਪੌਰਾਣਿਕ ਪ੍ਰਿਸ਼ਠ ਭੂਮੀ, ਪੰਨਾ 258.
2. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 2, 5, 6, 7, 8, 9, 10, 11, 15 ਆਦਿ।
3. ਦਸਮ ਗ੍ਰੰਥ ਦੀ ਪੌਰਾਣਿਕ ਪ੍ਰਿਸ਼ਠਭੂਮੀ, ਪੰਨਾ 204.
4. ਆਦਿ-ਗ੍ਰੰਥ ਪ੍ਰਭਾਤੀ ਮਹਲਾ, 1 ਦਖਣੀ, ਪੰਨਾ 1343-44,

ਇਸੇ ਤਰ੍ਹਾਂ, ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵਾਂ ਉਤੇ ਕਥਾਵਾਂ, ਪ੍ਰਸੰਗਾਂ ਤੇ ਇਹਨਾਂ ਵਿਚ ਵਿਚਰਦੇ ਪਾਤਰਾਂ ਦੇ ਬ੍ਰਿਤਾਂਤ ਦਿਤੇ ਗਏ ਹਨ, ਜਾਂ ਕੇਵਲ ਇਸ਼ਾਰੇ ਮਾਤਰ ਇਹਨਾਂ ਦਾ ਜ਼ਿਕਰ ਹੀ ਕੀਤਾ ਗਿਆ ਹੈ, ਜਿਵੇਂ ਕਿ ਕ੍ਰਿਸ਼ਨ-ਬਲਭਦ੍ਰ (ਪੰਨਾ 165) ਗਜ (ਪੰਨਾ 632), ਅਜਾਮਲ (ਪੰਨਾ 632), ਪ੍ਰਹਲਾਦ-ਹਰਨਾਖਸ (ਪੰਨਾ 984) ਆਦਿ।

ਗੁਰੂ ਗ੍ਰੰਥ ਸਾਹਿਬ ਵਿਚ ਪੌਰਾਣਿਕ ਸ਼ਬਦਾਵਲੀ ਦੀ ਵਰਤੋਂ ਦਾ ਤਾਂ ਕੋਈ ਅੰਤ ਹਿਸਾਬ ਹੀ ਨਹੀਂ। ਅਨੇਕਾਂ ਪੌਰਾਣਿਕ ਸ਼ਬਦ ਥਾਂ-ਪਰ-ਥਾਂ ਵਰਤੇ ਮਿਲਦੇ ਹਨ। ਜਿਵੇਂ ਅਸੁਰ, ਅਠਸਠ ਤੀਰਥ, ਅਜਾਮਲ, ਇੰਦਰ, ਕਾਮਧੇਨ, ਕੰਸ, ਕਾਨ੍ਹ, ਗੋਪੀਆਂ, ਗਾਇਤ੍ਰੀ, ਗਣ, ਗੰਧਰਬ ਗਜ, ਗਨਿਕਾ, ਚਿਤ੍ਰਗੁਪਤ, ਜਮਕਾਲਿ, ਜਰਾ ਸੰਧ, ਜਨਮੇਜਾ, ਦਸ ਅਵਤਾਰ, ਦੁਰਜੋਧਨ, ਦ੍ਰੋਪਦੀ ਪਾਰਜਾਤ, ਬ੍ਰਹਮਲੋਕ, ਭੀਸ਼ਮ, ਬਿਦਰ, ਭਗਉਤੀ, ਭਗਵੰਤ, ਮਹੇਸੁਰ, ਮੁਰਾਰੀ, ਮਧੁਸੂਦਨ, ਰਾਵਨ, ਰਕਤਬੀਜ, ਸਿਵ, ਸ਼ਕਤੀ, ਸਪਤਦੀਪ, ਹਰੀ ਚੰਦ, ਤ੍ਰੈਗੁਣ, ਤ੍ਰਿਬਿਧ, ਤ੍ਰਿਭਵਨ, ਆਦਿ।

ਭੱਟਾਂ ਦੀ ਰਚਨਾ ਵਿਚ ਅਵਤਾਰ-ਵਾਦ ਦੀ ਪੌਰਾਣਿਕ ਭਾਵਨਾ ਨੂੰ ਵੇਖਿਆ ਜਾ ਸਕਦਾ ਹੈ। ਭੱਟਾਂ ਅਨੁਸਾਰ ਹਰੇਕ ਗੁਰੂ, ਗੁਰੂ ਨਾਨਕ ਦੇਵ ਦੀ ਜੋਤਿ ਲੈ ਕੇ ਉਨ੍ਹਾਂ ਦਾ ਹੀ ਅਵਤਾਰ ਹੈ। ਗੁਰੂ ਨਾਨਕ ਦੇਵ ਆਪ ਹਰੀ ਦੀ ਜੋਤਿ ਹਨ ਤੇ ਅੱਗੋਂ ਆਉਣ ਵਾਲੇ ਗੁਰੂ ਸਾਹਿਬਾਨ, । ਗੁਰੂ ਨਾਨਕ ਦੇਵ ਦੀ ਜੋਤਿ

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯੌ।
ਤਾ ਤੇ ਅੰਗਦੁ ਭਯੌ ਤਤ ਸਿਉ ਤਤੁ ਮਿਲਾਯੌ।
ਅੰਗਦਿ ਕਿਰਪਾ ਧਾਰਿ ਅਮਰੁ ਸਤਿ ਥਿਰੁ ਕੀਯੌ।
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਯੌ।
ਗੁਰ ਰਾਮ ਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਨ।
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਨ।[1]

ਸੋ, ਅਸੀਂ ਵੇਖਦੇ ਹਾਂ ਕਿ ਪੌਰਾਣਿਕ ਤੱਤ ਦੀ ਇਹ ਵਰਤੋਂ ਭਾਈ ਗੁਰਦਾਸ ਦੇ ਸਾਹਮਣੇ ਸੀ। ਪੌਰਾਣਿਕ ਤੱਤ ਦੀ ਇਸ ਵਰਤੋਂ ਦਾ ਇਹ ਮਤਲਬ ਨਹੀਂ ਕਿ ਗੁਰ ਬਾਣੀ ਵਿਚ ਇਸ ਨੂੰ ਕੋਈ ਮਾਨਤਾ ਦਿੱਤੀ ਗਈ ਸੀ, ਇਹ ਤਾਂ ਵਿਚਾਰ-ਸਪੱਸ਼ਟੀ ਦੀ ਖ਼ਾਤਰ ਉਦਾਹਰਣ ਮਾਤਰ ਹੀ ਸੀ। ਇਹੀ ਕੰਮ ਭਾਈ ਗੁਰਦਾਸ ਨੇ ਇਹ ਤੱਤ ਵਰਤ ਕੇ ਲਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੌਰਾਣਿਕ ਤੱਤ ਦੀ ਵਰਤੋਂ ਇਹਨਾਂ ਰੂਪਾਂ ਵਿਚ ਹੋਈ ਮਿਲਦੀ ਹੈ :—

1. ਪੌਰਾਣਿਕ-ਕਥਾਵਾਂ
2. ਪੌਰਾਣਿਕ ਸ਼ਬਦਾਵਲੀ ਅਤੇ ਸੰਕੇਤ

1. ਆਦਿ ਗ੍ਰੰਥ, ਪੰਨਾ 1408.

3. ਅਵਤਾਰਾਂ ਦੇ ਰੂਪ ਵਿਚ ਇਤਿਹਾਸਕ ਪਾਤਰ

ਪੌਰਾਣਿਕ ਕਥਾਵਾਂ—: ਭਾਈ ਗੁਰਦਾਸ ਨੇ ਕਿਸੇ ਵਿਚਾਰ ਨੂੰ ਸਿਧ ਕਰਨ ਲਈ ਪੌਰਾਣਿਕ ਕਥਾਵਾਂ ਨੂੰ ਪ੍ਰਮਾਣ ਦੇ ਤੌਰ ਤੇ ਵਰਤਿਆ ਹੈ। ਆਪ ਨੇ ਪੌਰਾਣਿਕ-ਕਥਾ ਨੂੰ ਬੜੇ ਸੰਖੇਪ ਨਾਲ 8 ਜਾਂ 9 ਤੁਕਾਂ ਵਿਚ ਬਿਆਨ ਕਰ ਕੇ ਅਖੀਰਲੀ ਤੁਕ ਵਿਚ ਸਿੱਟਾ ਕਢ ਵਿਖਾਇਆ ਹੈ। ਆਪ ਦੀ ਦਸਵੀਂ ਵਾਰ ਵਿਚ ਬਹੁਤ ਸਾਰੀਆਂ ਪੌਰਾਣਿਕ ਕਥਾਵਾਂ ਪਉੜੀ ਰੂਪ ਵਿਚ ਸ਼ਬਦ-ਬਧ ਕੀਤੀਆਂ ਮਿਲਦੀਆਂ ਹਨ। ਇਹਨਾਂ ਪੌਰਾਣਿਕ ਕਥਾਵਾਂ ਦਾ ਬਿਆਨ ਬੜਾ ਰੋਚਕ ਹੈ। ਇਹਨਾਂ ਵਿਚ ਨਾਟਕੀ ਤੱਤ-ਕਹਾਣੀ, ਕਾਰਜ, ਵਾਰਤਾਲਾਪ, ਸਭ ਕੁਝ ਪ੍ਰਾਪਤ ਹੈ। ਉਦਾਹਰਣ ਵਜੋਂ ਇਸ ਪਉੜੀ ਵਿਚਲੀ ਕਥਾ ਵੇਖੋ:-

ਆਇਆ ਸੁਣਿਆ ਬਿਦਰ ਦੇ ਬੋਲੇ ਦੁਰਜੋਧਨ ਹੋਇ ਰੁਖਾ।
ਘਰ ਅਸਾਡਾ ਛੱਡ ਕੇ ਗੋਲੇ ਦੇ ਘਰ ਜਾਹਿ ਕੇ ਸੁਖਾ।
ਭੀਖਮ ਦ੍ਰੋਣਾ ਕਰਣ ਤਜ ਸਭਾ ਸੀਂਗਾਰ ਵਡੇ ਮਾਨੁੱਖਾ।
ਝੁੱਗੀ ਜਾਇ ਵਲਾਇਓਨ ਸਭਨਾਂ ਦੇ ਜੀਅ ਅੰਦਰ ਧੁੱਖਾ।
ਹਸ ਬੋਲੇ ਭਗਵਾਨ ਜੀ, ਸੁਣਿਹੋ ਰਾਜਾ ਹੋਇ ਸਨਮੁੱਖਾ।
ਤੇਰੇ ਭਾਉ ਨ ਦਿਸਈ, ਮੇਰੇ ਨਾਹੀਂ ਅਪਦਾ ਦੁੱਖਾ।
ਭਾਉ ਜਿਵੇਹਾ ਬਿਦਰ ਦੇ, ਹੋਰੀ ਦੇ ਚਿਤ ਚਾਉ ਨ ਚੁੱਖਾ।
ਗੋਬਿੰਦ ਭਾਉ ਭਗਤ ਦਾ ਭੁੱਖਾ। (ਵਾਰ 10, ਪਉੜੀ 7)

ਭਾਈ ਸਾਹਿਬ ਨੇ ''ਬਿਦਰ ਉਧਾਰਿਓ ਦਾਸਤ ਭਾਇ'' ਨੂੰ ਸਿਧ ਕਰਨਾ ਸੀ ਤੇ ਨਾਲੇ ਦੱਸਣਾ ਸੀ ਕਿ ਪ੍ਰਭੂ ਤਾਂ ਪ੍ਰੇਮ ਦਾ ਭੁੱਖਾ ਹੈ, ਜਿਥੇ ਪ੍ਰੇਮ ਨਹੀਂ ਉਥੇ ਸੰਤ-ਜਨ ਨਹੀਂ ਠਹਿਰਦੇ।

ਇਸ ਤਰ੍ਹਾਂ ਹੋਰ ਵੀ ਕਈ ਪਉੜੀਆਂ ਵਿਚ ਅਜਿਹੇ ਪੌਰਾਣਿਕ ਪ੍ਰਸੰਗਾਂ ਨੂੰ ਚੀੜ ਕੇ ਇਹਨਾਂ ਵਿਚਲੇ ਕਿਸੇ ਗੁਣ ਦੀ ਅੰਸ਼ ਲੈ ਕੇ ਮੂਲ ਉਪਦੇਸ਼ ਦਾ ਭਾਵ ਵਰਣਨ ਕੀਤਾ ਹੈ, ਜਿਵੇਂ ਕਿ :-- ਧ੍ਰੂ ਭਗਤ (ਵਾਰ 10/1 ਪਉੜੀ), ਪ੍ਰਹਿਲਾਦ ਭਗਤ (10/2), ਬਲਿ ਰਾਜਾ (10/3,23/6, 25/7), ਅੰਬਰੀਕ ਭਗਤ (10/4), ਰਾਜਾ ਜਨਕ (10/5), ਰਾਜਾ ਹਰੀ ਚੰਦ ਸਤਿਵਾਦੀ (10/6), ਦ੍ਰੋਪਦੀ (10/8), ਸੁਦਾਮਾ ਤੇ ਕ੍ਰਿਸ਼ਨ ਮਹਾਰਾਜ (10/9); ਗੌਤਮਅਹਿਲਿਆ (.0/18), ਬਾਲਮੀਕ (10/19), ਅਜਾਮਲ (10/20), ਗਨਿਕਾ (10/21), ਪੂਤਨਾ ਤੇ ਕ੍ਰਿਸ਼ਨ ਮਹਾਰਾਜ (10/22), ਬਧਿਕ ਤੇ ਕ੍ਰਿਸ਼ਨ ਮਹਾਰਾਜ (10/23), ਬ੍ਰਹਮਾ (12/7) ਵਿਸ਼ਨੂੰ ਦੇ ਦਸ ਅਵਤਾਰ (12/8, 23/10, 39/18), ਮਹਾਦੇਵ (12/9, 39/16) ਇੰਦਰ ਤੇ ਬ੍ਰਹਮਾ (12/10), ਨਾਰਦ-ਸ਼ੁਕਦੇਵ (12/11), ਪਰਸਰਾਮ (23/7), ਰਾਮ ਚੰਦਰ (23/8), ਕ੍ਰਿਸ਼ਨ (23/9), ਸ਼ੁਕਦੇਵ (25/10), ਧਰਮ ਰਾਜ (31/5), ਰਾਵਣ-

ਕਥਾ (31/19) ; ਰਾਮ ਚੰਦ-ਕਥਾ (31/20) ; ਆਦਿ ।

ਪੌਰਾਣਿਕ ਸ਼ਬਦਾਵਲੀ ਅਤੇ ਸੰਕੇਤ:– ਭਾਈ ਗੁਰਦਾਸ ਨੇ ਪੌਰਾਣਿਕ ਸ਼ਬਦਾਵਲੀ ਤੇ ਪੌਰਾਣਿਕ-ਸੰਕੇਤਾਂ ਦੀ ਚੰਗੀ ਚੋਖੀ ਵਰਤੋਂ ਕੀਤੀ ਹੈ। ਆਪ ਦੀ ਪਹਿਲੀ ਤੇ ਦਸਵੀਂ ਵਾਰ ਵਿਚ ਤਾਂ ਖ਼ਾਸ ਕਰ ਇਹ ਵੇਖਣ ਜੋਗ ਹੈ। ਵਾਰਾਂ ਵਿਚ ਵਰਤੇ ਪੌਰਾਣਿਕ ਸ਼ਬਦਾਂ ਦੀ ਇਕ ਸੂਚੀ ਬਣ ਸਕਦੀ ਹੈ। ਉਦਾਹਰਣ ਵਜੋਂ ਵੇਖੋ—ਦਸ-ਅਵਤਾਰ, ਵੇਦ-ਵਿਆਸ, ਹੰਸ-ਅਵਤਾਰ, ਮਛ-ਅਵਤਾਰ ਕਛ-ਅਵਤਾਰ, ਬੇਰਾਹ-ਅਵਤਾਰ, ਬ੍ਰਹਮਾ, ਸੂਰਜ ਵੰਸੀ, ਦੁਆਪਰ, ਕਲਿਜੁਗ, ਸ਼ਾਸਤਰ ਗੋਤਮ, ਭਾਗਵਤ, ਧਰਮ ਰਾਜ, ਵੇਦ, ਪੁਰਾਣ, ਕਪਲ ਰਿਸ਼ੀ, ਕੰਨਵ ਰਿਸ਼ੀ, ਸ਼ੇਸ਼ਨਾਗ, ਗਣ, ਗੰਧਰਵ, ਕਿੰਨਰ, ਅਪਸਰਾ, ਰਾਖਸ਼, ਦਾਨਵ, ਵਿਸ਼ਨੂ, ਮਹਾਂਦੇਵ, ਸ਼ਿਵ, ਵਾਸਦੇਵ, ਸ਼ਿਵ-ਸ਼ਕਤੀ ਮਹੇਸ਼, ਗੋਵਿੰਦ, ਕ੍ਰਿਸ਼ਨ, ਧਰੂ ਪ੍ਰਹਿਲਾਦ, ਹਰਨਾਖਸ਼, ਨਰਸਿੰਘ, ਬਲਿ ਰਾਜਾ, ਦੁਰਬਾਸਾ ਰਿਸ਼ੀ ਸੁਦਰਸ਼ਨ ਚੱਕਰ, ਜਨਕ, ਬਿਦਰ, ਦੁਰਜੋਧਨ, ਭੀਸ਼ਮ, ਦ੍ਰੋਣਾ, ਕਰਨ, ਦੁਸਾਸਨ, ਦ੍ਰੋਪਦੀ, ਸੁਦਾਮਾ, ਅਹਿਲਿਆ, ਗੌਤਮ, ਬਾਲਮੀਕ, ਇੰਦਰਪੁਰੀ, ਪਰਸਰਾਮ, ਰਾਮ, ਰਾਮਾਇਣ, ਨਾਰਦ ਮੁਨੀ, ਪੂਤਨਾ, ਬਧਿਕ, ਬਭੀਖਨ, ਕਾਮਧੇਨ, ਪਾਰਜਾਤ, ਦਸ਼ਰਥ, ਕੌਸ਼ਲਿਆ, ਵਸ਼ਿਸ਼ਠ, ਦਸਮ ਸਕੰਧ, ਇੰਦ੍ਰਾਸਨ, ਸੁਕਦੇਵ, ਖੀਰ ਸਮੁੰਦਰ, ਮਣੀ, ਲਖਮੀ, ਸੰਖ, ਸਾਰੰਗ, ਧਨੁਖ, ਕਾਲਕੂਟ, ਚੰਦਰਮਾ, ਸੂਰਜ, ਅਸਵ, ਮਦ, ਅੰਮ੍ਰਿਤ, ਧਨਵੰਤਰ, ਪਾਂਡਵ, ਕੌਰਵ, ਜੁਧਿਸ਼ਟਰ, ਰਾਵਨ, ਲੰਕਾ, ਕੁੰਭਕਰਨ, ਸੀਤਾ, ਲਛਮਨ, ਹਨੂਮਾਨ, ਤ੍ਰਿਬੇਣੀ, ਸਿਸ਼ਪਾਲ, ਕੰਸ, ਜਸੋਦਾ, ਸਹਸਬਾਹੁ ਰੇਣੁਕਾ, ਆਦਿ ।

ਇਸੇ ਤਰ੍ਹਾਂ ਵਾਰਾਂ ਵਿਚ ਪੌਰਾਣਿਕ-ਸੰਕੇਤ ਵੀ ਉਪਲਬਧ ਹਨ। ਕਈ ਵਾਰੀ ਤਾਂ ਇਕੋ ਇਕ ਪਉੜੀ ਵਿਚ ਕਈ ਕਈ ਪੌਰਾਣਿਕ ਸੰਕੇਤਾਂ ਨੂੰ ਵਰਤ ਕੇ ਆਪਣੇ ਭਾਵ ਦੀ ਪੁਸ਼ਟੀ ਕੀਤੀ ਹੈ। ਭਾਈ ਸਾਹਿਬ ਨੇ ਸਮਝਾਣਾ ਹੈ ਕਿ 'ਵਾਹਿਗੁਰੂ ਪਤਿਤ ਉਧਾਰਨ ਹੈ' ਤੇ ਇਸ ਵਿਚ ਕੋਈ ਸ਼ਕ ਨਹੀਂ', ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਜ਼ਰੂਰ ਹੀ ਪਾਪਾਂ ਨਾਲ ਪ੍ਰੀਤ ਕਰੀਏ, ਇਸ ਭਰੋਸੇ ਤੇ ਰਹਿਣਾ ਚੰਗਾ ਨਹੀਂ'। ਇਸ ਸੰਬੰਧ ਵਿਚ ਇਹ ਉਦਾਹਰਣ ਵੇਖੋ :-

ਜੇ ਕਰ ਉਧਰੀ ਪੂਤਨਾ ਵਿਹੁ ਪੀਆਲਨ ਕੰਮ ਨ ਚੰਗਾ ।
ਗਨਿਕਾ ਉਧਰੀ ਆਖੀਐ, ਪਰ ਘਰ ਜਾਇ ਨ ਲਈਐ ਪੰਗਾ ,
ਬਾਲਮੀਕ ਨਿਸਤਾਰਿਆ ਮਾਰੇ ਵਾਟ ਨ ਹੋਇ ਨਿਸੰਗਾ ।
ਬੱਧਕ ਉਧਰੇ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ । (ਵਾਰ 31, ਪਉੜੀ 9)

ਅਵਤਾਰਾਂ ਦੇ ਰੂਪ ਵਿਚ ਇਤਿਹਾਸਕ ਪਾਤਰ:– ਜਿਵੇਂ ਭੱਟਾਂ ਨੇ ਆਪਣੀ ਰਚਨਾ ਵਿਚ ਦੂਜੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਜੀ ਨੂੰ ਗੁਰੂ ਨਾਨਕ ਦੇਵ ਦੀ ਜੋਤਿ ਜਾਂ ਗੁਰੂ ਨਾਨਕ ਦੇਵ ਦਾ ਅਵਤਾਰ ਬਿਆਨਿਆ ਹੈ, "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ"

ਵਿਚ ਵੀ ਇਹੀ ਵਿਚਾਰ ਪਰਗਟ ਕੀਤਾ ਗਿਆ ਹੈ :—

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ[1]।

ਇਵੇਂ ਹੀ ਭਾਈ ਗੁਰਦਾਸ ਨੇ ਵੀ ਗੁਰੂ ਨਾਨਕ ਦੇਵ ਦੀ ਜੋਤਿ ਨੂੰ ਅਗੀਂ ਆਉਂਦੇ ਗੁਰੂ ਸਾਹਿਬਾਨ ਵਿਚ ਪਰਵੇਸ਼ ਕਰਦੀ ਪ੍ਰਤੀਤ ਕੀਤਾ ਹੈ:–

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ ।

ਜੋਤੀ ਜੋਤਿ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਯਾ ।

(ਵਾਰ 1, ਪਉੜੀ 45)

ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ ।

(ਵਾਰ 1, ਪਉੜੀ 46)

ਦਿਚੇ ਪੂਰਬ ਦੇਵਣਾ ਜਿਸ ਦੀ ਵਸਤ ਤਿਸੇ ਘਰ ਆਵੈ ।
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ ।

... ...
... ...

ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ ।

(ਵਾਰ 1, ਪਉੜੀ 46)

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ ।
ਅਰਜਨ ਕਾਇਆਂ ਪਲਟ ਕੇ ਮੂਰਤਿ ਹਰਿਗੋਬਿੰਦ ਸਵਾਰੀ ।

(ਵਾਰ 1, ਪਉੜੀ 48)

ਪੁਨਾ :-

ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ ।
ਗੁਰ ਅੰਗਦ ਗੁਰ ਅੰਗ ਤੇ ਸਚ ਸ਼ਬਦ ਸਮੇਉ ।
ਅਮਰਾਪਦ ਗੁਰ ਅੰਗਦਹੁੰ ਅਤਿ ਅਲਖ ਅਭੇਉ ।
ਗੁਰ ਅਮਰਹੁੰ ਗੁਰ ਰਾਮਦਾਸ ਗਤਿ ਅਛਲ ਛਲੇਉ ।
ਰਾਮ ਦਾਸ ਅਰਜਨ ਗੁਰੂ ਅਬਿਚਲ ਅਰਖੇਉ ।
ਹਰਿਗੋਬਿੰਦ ਗੋਬਿੰਦ ਗੁਰ ਕਾਰਣ ਕਰਣੇਉ [2]।

1. ਆਦਿ ਗ੍ਰੰਥ ਪੰਨਾ 966-67.
2. ਵਾਰਾਂ ਭਾਈ ਗੁਰਦਾਸ, ਵਾਰ 13, ਪਉੜੀ25 .

(1) ਵਾਰਾਂ ਵਿਚ ਪੌਰਣਾਕਿ ਕਥਾਵਾਂ

ਭਾਈ ਗੁਰਦਾਸ ਨੇ ਦਸਵੀਂ ਵਾਰ ਵਿਚ ਸਤਿਜੁਗ, ਤ੍ਰੇਤਾ ਤੇ ਦੁਆਪਰ ਵਿਚ ਹੋਏ ਭਗਤਾਂ ਦਾ ਮਿਥਿਹਾਸਕ ਵੇਰਵਾ ਦਿਤਾ ਹੈ ਜਿਨ੍ਹਾਂ ਦਾ ਆਧਾਰ ਇਤਿਹਾਸ (ਰਾਮਾਇਣ ਅਤੇ ਮਹਾਂਭਾਰਤ) ਅਤੇ ਪੁਰਾਣ ਹਨ। ਇਹ ਭਗਤ ਇਸ ਪ੍ਰਕਾਰ ਹਨ ;-

ਭਗਤ ਧ੍ਰੂ, ਪ੍ਰਹਿਲਾਦ, ਰਾਜਾ ਬਲ, ਅੰਬਰੀਕ ਦੁਰਵਾਸਾ, ਰਾਜਾ ਜਨਕ, ਰਾਜਾ ਹਰੀ ਚੰਦ, ਰਾਣੀ ਤਾਰਾ ਲੋਚਨ, ਭਗਤ ਬਿਦੁਰ, ਰਾਣੀ ਦ੍ਰੋਪਤੀ ਤੇ ਸੁਦਾਮਾ ਬ੍ਰਾਹਮਣ।

ਇਹਨਾਂ ਭਗਤਾਂ ਦੇ ਹਵਾਲੇ ਗੁਰਬਾਣੀ ਵਿਚ ਵੀ ਆਏ ਹਨ। ਇਤਿਹਾਸਾਂ ਅਤੇ ਪੁਰਾਣਾਂ ਵਿਚ ਇਹਨਾਂ ਭਗਤਾਂ ਦੀਆਂ ਜੀਵਨ ਘਟਨਾਵਾਂ ਕਥਾਵਾਂ ਦੇ ਰੂਪ ਵਿਚ ਮਿਲਦੀਆਂ ਹਨ। ਇਹਨਾਂ ਘਟਨਾਵਾਂ ਜਾਂ ਘਟਨਾਵਾਂ ਦੁਆਲੇ ਰਚੀਆਂ ਕਥਾਵਾਂ ਰਾਹੀਂ ਮਨੁੱਖ-ਮਾਤਰ ਨੂੰ ਦੇਵ-ਭਗਤੀ, ਰਾਮ-ਭਗਤੀ ਜਾਂ ਕ੍ਰਿਸ਼ਨ-ਭਗਤੀ ਵਿਚ ਲਿਵ-ਲੀਨ ਕਰਨ ਦਾ ਜਤਨ ਕੀਤਾ ਗਿਆ ਜਾਪਦਾ ਹੈ। ਇਹਨਾਂ ਕਥਾਵਾਂ ਵਿਚਲੀ ਅਪੀਲ ਮਨੁੱਖੀ ਹਿਰਦੇ ਤੇ ਡੂੰਘਾ ਅਸਰ ਕਰਦੀ ਪ੍ਰਤੀਤ ਹੁੰਦੀ ਹੈ। ਅਸਲ ਵਿਚ ਨੇਕੀ ਤੇ ਬਦੀ ਦੀ ਜੰਗ ਸ੍ਰਿਸ਼ਟੀ ਦੇ ਅਰੰਭ ਤੋਂ ਹੀ ਹੁੰਦੀ ਆਈ ਹੈ ਤੇ ਨੇਕੀ ਕਰਨ ਵਾਲਿਆਂ ਨੂੰ ਇਸ ਜੰਗ ਵਿਚ ਜਿਤਦਾ ਹੀ ਵਿਖਾਇਆ ਜਾਂਦਾ ਰਿਹਾ ਹੈ। ਇਉਂ ਹੀ ਲੋਕਾਂ ਨੂੰ ਨੇਕੀ ਦੇ ਰਸਤੇ ਤੇ ਚਲਾਇਆ ਜਾ ਸਕਦਾ ਸੀ। ਦੇਵਤਿਆਂ ਦੇ ਵਿਰੁਧ ਦੈਂਤਾਂ, ਰਿਸ਼ੀਆਂ ਮੁਨੀਆਂ ਦੇ ਹਵਨ ਯਗ ਨੂੰ ਭੰਗ ਕਰਨ ਵਾਲੇ ਰਾਖਸ਼ਾਂ, ਦਾ ਹਾਲ, ਚਾਹੇ ਇਹ ਮਿਥਿਹਾਸਕ ਹੀ ਹੈ, ਆਮ ਸੁਣਨ ਵਿਚ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਵਿਚ ਅਜਿਹੀ ਜੰਗਾਂ ਦਾ ਵਰਣਨ ਹੈ। ਅਜਿਹੀਆਂ ਕਥਾਵਾਂ ਤੋਂ ਭਲੇ ਪਾਸੇ ਲੱਗਣ, ਨੇਕੀ ਕਰਨ, ਮਿਤਰਤਾ ਨਿਭਾਉਣ, ਪਿਆਰ ਭਾਉ ਵਾਲੇ ਗਰੀਬ ਨੂੰ ਗਲੇ ਲਗਾਉਣ ਤੇ ਹੰਕਾਰੀ ਤੋਂ ਨਫ਼ਰਤ ਕਰਕੇ ਉਸ ਨੂੰ ਸਬਕ ਸਿਖਾਉਣ ਆਦਿ ਸਦ-ਗੁਣਾਂ ਦੀ ਸਿਖਿਆ ਮਿਲਦੀ ਹੈ ਤੇ ਜੀਵਨ ਵਿਚ ਉਤਸ਼ਾਹ ਪੈਦਾ ਹੁੰਦਾ ਹੈ।

ਭਾਈ ਗੁਰਦਾਸ ਨੇ ਵੀ ਕੁਝ ਅਜਿਹੇ ਮੰਤਵ ਨੂੰ ਸਾਹਮਣੇ ਰਖ ਕੇ ਇਹਨਾ ਪੌਰਾਣਿਕ-ਕਥਾਵਾਂ ਨੂੰ ਕਵਿਤਾ ਵਿਚ ਗੁੰਦਿਆ ਹੈ। ਇਹ ਕਥਾਵਾਂ ਵਰਣਨ ਕਰਨ ਲਗਿਆਂ ਭਾਈ ਸਾਹਿਬ ਨੇ ਵਿਸਥਾਰ ਨਹੀਂ ਕੀਤਾ, ਸੰਕੋਚ ਤੋਂ ਕੰਮ ਲਿਆ ਹੈ। ਅਠ ਦਸ ਤੁਕਾਂ ਵਿਚ ਹੀ ਸਾਰੀ ਘਟਨਾ ਨੂੰ ਬਿਆਨ ਕਰ ਕੇ ਅਖੀਰਲੀ ਤੁਕ ਵਿਚ ਅਪਣਾ ਮਤ ਪੇਸ਼ ਕਰ ਦਿੱਤਾ ਹੈ। ਇਹ ਅਖੀਰਲੀ ਤੁਕ ਇਕ ਅਟੱਲ ਸਚਾਈ ਦੇ ਰੂਪ ਵਿਚ ਨਮੂਦਾਰ ਹੁੰਦੀ ਦਿਸਦੀ ਹੈ।

ਭਾਈ ਸਾਹਿਬ ਨੇ ਇਹਨਾ ਪੌਰਾਣਿਕ-ਕਥਾਵਾਂ ਦੇ ਵਰਣਨ ਉਤੇ ਆਪਣੀ ਕਲਾ ਦੀ ਛਾਪ ਲਾਈ ਹੈ। ਇਹਨਾਂ ਨੂੰ ਹੂ-ਬ-ਹੂ ਉਸੇ ਤਰ੍ਹਾਂ ਬਿਆਨ ਨਹੀਂ ਕੀਤਾ ਜਿਵੇਂ ਕਿ ਇਹ ਇਤਿਹਾਸਾਂ ਅਤੇ ਪੁਰਾਣਾਂ ਵਿਚ ਲਿਖੀਆਂ ਹਨ। ਭਾਈ ਸਾਹਬ ਨੇ ਇਹਨਾਂ ਘਟਨਾਵਾਂ ਦੇ ਕਹਾਣੀ-ਰਸ ਵਿਚ ਕਾਰਜ, ਵਾਰਤਾਲਾਪ ਆਦੀ ਨਾਟਕੀ ਗੁਣ ਭਰ ਕੇ ਇਹਨਾਂ ਨੂੰ ਹੋਰ ਵੀ ਰੋਚਕ ਤੇ ਪ੍ਰਭਾਵਸ਼ਾਲੀ

ਬਣਾ ਦਿਤਾ ਹੈ । ਸੰਖੇਪਤਾ ਲਿਆਉਣ ਲਈ ਕੀਤੀ ਗਈ ਕਾਂਟ ਛਾਂਟ ਨੇ ਵੀ ਇਸ ਰੋਚਕਤਾ ਵਿਚ ਵਾਧਾ ਕੀਤਾ ਹੈ ।

ਭਾਈ ਗੁਰਦਾਸ ਰਾਹੀਂ ਬਿਆਨ ਹੋਈਆਂ ਇਹਨਾਂ ਕਥਾਵਾਂ ਨੂੰ ਇਹਨਾਂ ਦੇ ਪੌਰਾਣਿਕ ਵਰਣਨ ਦੇ ਟਾਕਰੇ ਤੇ ਰਖ ਕੇ ਪੜ੍ਹਿਆਂ ਹੀ ਭਾਈ ਸਾਹਿਬ ਦੇ ਸੰਕੋਚਵੇਂ ਵਰਣਨ ਢੰਗ, ਨਾਟਕੀ ਤਰਜ਼ੇ-ਬਿਆਨ ਦਾ ਸੁਆਦ ਮਾਣਿਆ ਜਾ ਸਕਦਾ ਹੈ । ਉਦਾਹਰਣ ਦੇ ਤੌਰ ਤੇ ਇਕ ਦੋ ਕਥਾਵਾਂ ਪੜ੍ਹ ਕੇ ਵੇਖੋ ।

ਧਰੂ ਭਗਤ ਦੀ ਕਥਾ :- ਧਰੂ ਭਗਤ ਦਾ ਬਿਰਤਾਂਤ ਭਾਗਵਤ ਤੇ ਵਿਸ਼ਨੂੰ ਪੁਰਾਣ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਮਿਲਦਾ ਹੈ :-

ਰਾਜੇ ਉਤਾਨਪਾਦ ਦੀਆਂ ਦੋ ਰਾਣੀਆਂ ਸਨ । ਇਕ ਦਾ ਨਾਂ ਸੀ 'ਸੁਰਿਚੀ' ਤੇ ਦੂਜੀ ਦਾ ਨਾਂ ਸੀ 'ਸੁਨੀਤੀ' । ਸੁਰਿਚੀ, ਉਤਾਨਪਾਦ ਨੂੰ ਬਹੁਤ ਪਿਆਰੀ ਸੀ । ਸੁਰਿਚੀ ਤੋਂ 'ਉਤਮ' ਤੇ ਸੁਨੀਤੀ ਤੋਂ 'ਧਰੂ' ਦੋ ਪੁਤਰ ਪੈਦਾ ਹੋਏ । ਪਹਿਲੋਂ ਧਰੂ ਹੀ ਪੈਦਾ ਹੋਇਆ ਸੀ । ਸੁਰਿਚੀ ਨੇ ਰਾਜੇ ਦੀ ਗੋਦ ਵਿਚ ਬੈਠੇ ਧਰੂ ਨੂੰ, ਨਿਰਾਦਰੀ ਕਰ ਕੇ, ਉਠਾ ਦਿਤਾ । ਧਰੂ ਆਪਣੀ ਮਾਤਾ ਸੁਨੀਤੀ ਤੋਂ ਇਸ ਨਿਰਾਦਰੀ ਦਾ ਕਾਰਨ ਪੁਛ ਕੇ ਤੇ ਆਦਰ ਪ੍ਰਾਪਤ ਕਰਨ ਦੀ ਇੱਛਾ ਲੈ ਕੇ ਆਪਣੀ ਮਾਤਾ ਦੀ ਰਾਇ ਅਨੁਸਾਰ, ਪੰਜ ਸਾਲ ਦੀ ਛੋਟੀ ਜਿਹੀ ਅਵੱਸਥਾ ਵਿਚ, ਤਪੱਸਿਆ ਕਰਨ ਲਈ 'ਮਧੂਵਨ' ਜੰਗਲ ਨੂੰ ਚਲ ਪਿਆ । ਉਸ ਰਸਤੇ ਵਿਚ ਸਤ ਰਿਸ਼ੀ—ਨਾਰਦ, ਮਰੀਚ, ਅੱਤ੍ਰੀ, ਅੰਗਰਾ, ਪੁਲਸਤ, ਪਲਹਿ, ਬਸਿਸ਼ਟ ਕ੍ਰਿਤ—ਮਿਲੇ । ਇਹਨਾਂ ਰਿਸ਼ੀਆਂ ਵਿਚੋਂ ਨਾਰਦ ਨੇ ਇਸ ਛੋਟੇ ਜਿਹੇ ਬਾਲਕ ਤੋਂ ਜੰਗਲ-ਵਾਸ ਦਾ ਕਾਰਨ ਪੁਛ ਕੇ ਪਹਿਲਾਂ ਤਾਂ ਪਰਖ ਕਰਨ ਲਈ ਉਸ ਨੂੰ ਡਰਾਇਆ, ਪਰ ਮਗਰੋਂ ਬਾਲਕ ਦਾ ਪੱਕਾ, ਅਟੱਲ ਤੇ ਅਡੋਲ ਨਿਸਚਾ ਵੇਖ ਕੇ ਉਸ ਨੂੰ ਗੁਰ-ਮੰਤ੍ਰ ਦਿੱਤਾ ।

ਨਾਰਦ ਨੇ ਰਾਜੇ ਨੂੰ ਧਰੂ ਦੇ ਜੰਗਲਾਂ ਨੂੰ ਜਾਣ ਦੀ ਗੱਲ ਦੱਸੀ ਤਾਂ ਰਾਜੇ ਨੇ ਧਰੂ ਨੂੰ ਵਾਪਸ ਲਿਆਉਣ ਲਈ ਆਪਣੇ ਵਡੇ ਵਡੇ ਅਹਿਲਕਾਰ ਉਸ ਦੇ ਪਿਛੇ ਭੇਜੇ ਤੇ ਅੱਧੇ ਜਾਂ ਸਾਰੇ ਰਾਜ ਦਾ ਲਾਲਚ ਵੀ ਦਿੱਤਾ । ਪਰ ਧਰੂ ਨੂੰ ਗਿਆਨ ਹੋ ਚੁਕਾ ਸੀ ਕਿ ਹੁਣ ਚਲਾਇਮਾਨ ਰਾਜ ਨਹੀਂ ਲੈਣਾ, ਅੱਟਲ ਰਾਜ ਦੀ ਪ੍ਰਾਪਤੀ ਕਰਨੀ ਹੈ । ਇਸ ਲਈ ਉਹ ਵਾਪਸ ਨਾ ਮੁੜਿਆ ਤੇ ਜੰਗਲਾਂ ਵਿਚ ਜਾ ਕੇ ਘੋਰ ਤਪਸਿਆ ਕੀਤੀ ।

ਧਰੂ ਦਾ ਇਕ ਭਰਾ ਯਖ਼ਸ਼ਾਂ ਨੇ ਮਾਰ ਦਿੱਤਾ । ਧਰੂ ਦੀਆਂ ਦੋ ਇਸਤ੍ਰੀਆਂ ਸਨ, 'ਭ੍ਰਮੀ' ਤੇ 'ਇਲਾ' । ਭ੍ਰਮੀ ਤੋਂ ਦੋ ਪੁੱਤਰ, 'ਕਲਪ' ਤੇ 'ਵਤਸਰ' ਪੈਦਾ ਹੋਏ ਅਤੇ ਇਲਾ ਤੋਂ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਸੀ 'ਉਤਕਲ' ।

ਧਰੂ ਨੇ 36 ਹਜ਼ਾਰ ਸਾਲ ਰਾਜ ਕੀਤਾ ।

ਹੁਣ ਇਸ ਪੌਰਾਣਿਕ ਵਰਣਨ ਦੇ ਟਾਕਰੇ ਤੇ ਜ਼ਰਾ ਭਾਈ ਸਾਹਿਬ ਰਾਹੀਂ ਇਸ ਦਾ ਵਰਣਨ ਵੇਖੋ ;–

ਧਰੂ ਹਸਦਾ ਘਰ ਆਇਆ ਕਰ ਪਿਆਰ ਪਿਊ ਕੁਛੜ ਲੀਤਾ ।
ਬਾਹੋਂ ਪਕੜ ਉਠਾਲਿਆ ਮਨ ਵਿਚ ਰੋਸ ਮਤ੍ਰੇਈ ਕੀਤਾ ।
ਡਡਹੁਲਿਕਾ ਮਾਂ ਪੁਛੇ ਤੂੰ ਸਵਾਣੀ ਹੈ ਕਿ ਸਰੀਤਾ ।
ਸਵਾਣੀ ਹਾਂ ਮੈ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜ੍ਹੀਤਾ ।
ਕਿਸ ਉਦਮ ਤੇ ਰਾਜ ਮਿਲੇ ਸਤ੍ਰੂ ਤੇ ਸਭ ਹੋਵਣ ਮੀਤਾ ।
ਪਰਮੇਸਰ ਆਰਾਧੀਐ ਜਿਦੂੰ ਹੋਈਐ ਪਤਿਤ ਪੁਨੀਤਾ ।
ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ ।
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ ।
ਪਿਛੋਂ ਰਾਜੇ ਸਦਿਆ ਅਬਚਲ ਰਾਜ ਕਰਹੁ ਨਿਤ ਨੀਤਾ ।
ਹਾਰ ਚਲੇ ਗੁਰਮੁਖ ਜਗ ਜੀਤਾ ।

ਇਸ ਬਿਆਨ ਵਿਚ ਰਾਜੇ, ਰਾਣੀਆਂ ਤੇ ਰਿਸ਼ੀਆਂ ਦੇ ਨਾਂਵਾਂ ਦਾ ਕੋਈ ਵੇਰਵਾ ਨਹੀਂ ਤੇ ਨਾ ਹੀ ਧਰੂ ਦੇ ਤਪੱਸਿਆ ਤੋਂ ਮਗਰੋਂ ਦੇ ਜੀਵਨ ਜਾਂ ਉਸ ਦੀਆਂ ਇਸਤ੍ਰੀਆਂ, ਪੁਤਰਾਂ ਜਾਂ ਉਸ ਦੇ ਰਾਜ ਦੇ ਲੰਮੇ ਸਮੇਂ ਦਾ ਕੋਈ ਜ਼ਿਕਰ ਹੈ । ਜਿਤਨੀ ਕੁ ਮਤਲਬ ਦੀ ਗੱਲ ਸੀ, ਉਹ ਭਾਈ ਸਾਹਿਬ ਨੇ ਲੈ ਲਈ ਹੈ ਤੇ ਬਾਕੀ ਦਾ ਵਾਧੂ, ਬੇ ਲੋੜਾ ਵਿਸਤਾਰ ਕਾਂਟ ਛਾਂਟ ਕਰ ਦਿੱਤਾ ਹੈ । ਹਾਂ, ਇਸ ਵਿਚ ਧਰੂ ਦੇ ਹਸਦੇ ਆਉਣ ਦਾ, ਪਿਤਾ ਦੀ ਗੋਦ ਵਿਚ ਬੈਠਣ ਦਾ ਤੇ ਬਾਂਹੋਂ ਫੜ ਕੇ, ਖਿਚ ਧੂ ਕੇ ਉਠਾਏ ਜਾਣ ਦਾ ਭਰਪੂਰ ਨਾਟਕੀ ਕਾਰਜ ਜ਼ਰੂਰ ਭਰ ਦਿੱਤਾ ਹੈ । ਫੇਰ, ਮਨ ਦੇ ਉਤਰਾ ਚੜ੍ਹਾ ਦਾ ਦ੍ਰਿਸ਼ ਵਿਖਾਇਆ ਹੈ, ਮਤ੍ਰੇਈ ਦੇ ਮਨ ਵਿਚ ਰੋਸ ਪਰਗਟ ਹੋ ਗਿਆ ਹੈ, ਬਾਲਕ ਧਰੂ ਨਿਰਾਦਰੀ ਨਾ ਸਹਾਰ ਕੇ ਰੋਂਦਾ ਦਿਸਦਾ ਹੈ, ਸੱਕੀ ਮਾਂ ਨੂੰ ਆਪਣੇ ਨੀਵੇਂ ਥਾਂ ਦਾ ਕਾਰਨ ਪਤਾ ਹੈ ਤੇ ਅਫ਼ਸੋਸ ਵੀ ਹੈ, ਬਾਲਕ ਦੇ ਮਨ ਦਾ ਹਠ ਵੀ ਉਜਾਗਰ ਹੈ । ਹੋਰ ਇਸ ਵਰਣਨ ਵਿਚ ਵਾਰਤਾਲਾਪ ਹੈ, ਉਤਰ ਪ੍ਰਸ਼ਨ ਹਨ, ਸੁਝਾਉ ਹੈ, ਨੇਕ ਰਾਏ ਹੈ, ਉਸ ਉਤੇ ਦ੍ਰਿੜ੍ਹ ਵਿਸ਼ਵਾਸ਼ ਨਾਲ ਅਮਲ ਹੁੰਦਾ ਦਿਸਦਾ ਹੈ । ਨਾਰਦ ਜਿਹੇ ਰਿਸ਼ੀ ਦੀ ਸੁਹਿਰਦਤਾ ਦੇ ਦਰਸ਼ਨ ਹੁੰਦੇ ਹਨ, ਰਾਜੇ ਵਿਚ ਪੁੱਤਰ–ਪਿਆਰ ਜਾਗਦਾ ਹੈ । ਬਿਆਨ ਦੀ ਚਾਲ ਤੇਜ਼ ਹੈ, ਉਤਸੁਕਤਾ ਭਰਪੂਰ ਹੈ, ਉਂਜ ਸਾਦਗੀ ਸੰਪੰਨ ਹੈ ।

ਅੰਤ ਉਤੇ ਤੱਤ ਕਢਿਆ ਹੈ, ਸਿਖਿਆ ਦਿੱਤੀ ਹੈ, ਉਪਦੇਸ਼ ਕੀਤਾ ਹੈ ਕਿ ਹਾਰ ਕੇ ਚੱਲਣ ਵਾਲੇ, ਨਿਮਰਤਾ ਵਿਚ ਰਹਿਣ ਵਾਲੇ, ਹੀ ਜਗਤ ਨੂੰ ਜਿਤਦੇ ਹਨ ।

ਭਾਈ ਸਾਹਿਬ ਨੇ ਇਸੇ ਰੰਗ ਵਿਚ, ਇਸੇ ਲੈ ਵਿਚ ਤੇ ਇਸੇ ਸੁਰ ਵਿਚ ਹੋਰ ਪੌਰਾਣਿਕ–ਕਥਾਵਾਂ ਵੀ ਇਸ ਵਾਰ ਵਿਚ ਕੀਤੀਆਂ ਹਨ ।

ਭਗਤਾਂ ਸੰਬੰਧੀ ਪੌਰਾਣਿਕ-ਕਥਾਵਾਂ ਤੋਂ ਇਲਾਵਾ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਦੇਵਤਿਆਂ ਬਾਰੇ ਪੌਰਾਣਿਕ-ਕਥਾਵਾਂ ਦਾ ਵਰਨਣ ਵੀ ਇਹਨਾਂ ਵਾਰਾਂ ਵਿਚ ਮਿਲਦਾ ਹੈ। ਇਹਨਾਂ ਕਥਾਵਾਂ ਤੋਂ ਵੀ ਤੱਤ ਇਹੋ ਕਢਿਆ ਹੈ ਕਿ ਵਾਹਿਗੁਰੂ ਬੇਅੰਤ ਹੈ ਤੇ ਦੇਵਤੇ ਵੀ ਉਸਦਾ ਅੰਤ ਨਹੀਂ ਪਾ ਸਕੇ[1], ਹਉਮੈ ਦੇ ਵਸ ਆਏ ਹੋਏ ਦੇਵਤੇ ਵੀ ਭੈੜੇ ਕਮ ਕਰਨ ਲਗ ਜਾਂਦੇ ਹਨ[2], ਸਤੇ ਗੁਣ ਤਾਂ ਗੁਰਮੁਖ ਬਣ ਕੇ ਸਾਧ ਸੰਗਤ ਕੀਤਿਆਂ ਹੀ ਪ੍ਰਾਪਤ ਹੁੰਦੇ ਹਨ[3]।

ਵਾਰ ਨੰ : 12 ਦੀ ਪਉੜੀ ਨੰ : 7 ਵਿਚ ਬ੍ਰਹਮਾਂ ਸੰਬੰਧੀ ਪੌਰਾਣਿਕ-ਕਥਾ ਦਾ ਵਰਣਨ ਹੈ ਕਿ ਕਿਵੇਂ ਹੰਕਾਰ ਕਾਰਨ ਬ੍ਰਹਮਾ ਨੂੰ ਕਮਲ ਦੀ ਨਾਲ ਵਿਚ ਰਹਿ ਕੇ ਕਈ ਜੁਗ ਭਟਕਣਾ ਪਿਆ, ਭਾਵੇਂ ਉਹ ਚੋਹਾਂ ਵੇਦਾਂ ਦਾ ਗਿਆਤਾ ਸੀ ਤੇ ਲੋਕਾਂ ਨੂੰ ਉਪਦੇਸ਼ ਦੇਂਦਾ ਸੀ ਪਰ ਆਪ ਸੁਰਸਵਤੀ ਦੇ ਰੂਪ ਨੂੰ ਵੇਖ ਕੇ ਭਰਮ ਗਿਆ, ਆਦਿ। ਇਸ ਸਭ ਕੁਝ ਨੂੰ ਭਾਈ ਸਾਹਿਬ ਨੇ ਹੇਠ ਲਿਖੀਆਂ ਕੇਵਲ 6 ਤੁਕਾਂ ਵਿਚ ਬਿਆਨ ਕਰ ਦਿੱਤਾ :–

ਬ੍ਰਹਮਾ ਵਡਾ ਅਖਾਇੰਦਾ ਨਾਭ ਕਵਲ ਦੀ ਨਾਲਿ ਸਮਾਣਾ।
ਆਵਾਗਵਣ ਅਨੇਕ ਜੁਗ ਓੜਕ ਵਿਚ ਹੋਆ ਹੈਰਾਣਾ।
ਓੜਕ ਕੀਤੁਸੁ ਆਪਣਾ ਆਪ ਗਣਾਇਐ ਭਰਮ ਭੁਲਾਣਾ।
ਚਾਰੇ ਵੇਦ ਵਖਾਣਦਾ ਚਤਰ ਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੂੰ ਸਮਝਾਇੰਦਾ ਵੇਖ ਸਰਸਵਤੀ ਰੂਪ ਲੁਭਾਣਾ।
ਚਾਰੇ ਵੇਦ ਗਵਾਇਕੈ ਗਰਬ ਗਰੂਰੀ ਕਰ ਪਛੁਤਾਣਾ।

ਤੇ ਤੱਤ ਦੀ ਗੱਲ ਸਤਵੀਂ ਤੁਕ ਵਿਚ ਆਖ ਕੇ ਕਿ

'ਅਕਥ ਕਥਾ ਨੇਤ ਨੇਤ ਵਖਾਣਾ।'

ਇਹ ਸਿਧ ਕੀਤਾ ਹੈ ਕਿ ਪ੍ਰਭੂ ਦੀ ਕਲਾ ਬੇਅੰਤ ਹੈ।

ਇਸ ਉਪਰੋਕਤ ਵਿਚਾਰ ਤੋਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਭਾਈ ਸਾਹਿਬ ਨੇ ਇਹਨਾਂ ਪੌਰਾਣਿਕ-ਕਥਾਵਾਂ ਤੋਂ, ਚਾਹੇ ਇਹ ਭਗਤਾਂ ਸੰਬੰਧੀ ਹਨ ਤੇ ਚਾਹੇ ਦੇਵਤਿਆਂ, ਸੰਬਧੀ, ਗੁਰਮਤ ਸਿਧਾਂਤ ਹੀ ਦ੍ਰਿੜ੍ਹ ਕਰਾਏ ਹਨ, ਨਾ ਕਿ, ਜਿਵੇਂ ਕਿ ਗਿਆਨੀ ਲਾਲ ਸਿੰਘ ਨੇ "ਗੁਰਦਾਸ-ਦਰਸ਼ਨ" ਵਿਚ ਲਿਖਿਆ ਹੈ, ਪੱਥਰ ਪੂਜਾ ਜਾਂ ਵੈਸ਼ਨਵ ਮਤ ਦੇ ਸਿਧਾਂਤਾਂ ਦੀ ਪ੍ਰੋੜ੍ਹਤਾ ਕੀਤੀ ਹੈ।[4] ਜੇ ਗਿਆਨੀ ਲਾਲ ਸਿੰਘ ਦੀ ਗੱਲ ਮੰਨ ਲਈ ਜਾਵੇ ਤਾਂ "ਚੰਡੀ ਦੀ ਵਾਰ" ਵਿਚ ਗੁਰੂ ਗੋਬਿੰਦ ਸਿੰਘ ਦਾ ਦੁਰਗਾ ਦੀ ਬਹਾਦਰੀ ਦੀ ਵਡਿਆਈ ਕਰਨਾ ਵੀ ਇਸੇ ਜੁਮਰੇ ਵਿਚ

1. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 7.
2. ਉਹੀ , ਵਾਰ 12, ਪਉੜੀ 8
3. ਉਹੀ , ਵਾਰ 12, ਪਉੜੀ 9.
4 ਗੁਰਦਾਸ ਦਰਸ਼ਨ, ਪੰਨਾ 86

ਸ਼ਾਮਲ ਕੀਤਾ ਜਾਵੇਗਾ ਤੇ ਇਹ ਇਕ ਅਨੁਚਿਤ ਗੱਲ ਹੋਵੇਗੀ । ਕਵੀ ਇਹੋ ਜਿਹੀਆਂ ਪੁਰਾਤਨ ਕਥਾ-ਕਹਾਣੀਆਂ ਨੂੰ ਪਿਛੋਕੜ ਬਣਾ ਕੇ ਤੇ ਟੂਕ ਦੇ ਤੌਰ ਤੇ ਵਰਤ ਕੇ ਆਪਣਾ ਮਤ ਸਿਧ ਕਰਦਾ ਹੈ । ਭਾਈ ਗੁਰਦਾਸ ਨੇ ਵੀ ਪੌਰਾਣਿਕ ਮਸਾਲੇ ਵਿਚੋਂ ਕਥਾਵਾਂ ਚੁਣੀਆਂ ਤੇ ਇਹ ਕਥਾਵਾਂ ਵਧੇਰੇ ਕਰ ਕੇ ਉਹੋ ਹਨ ਜਿਨ੍ਹਾਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਆ ਚੁਕੇ ਸਨ ਤੇ ਆਪਣੇ ਹਥੀਂ ਬੀੜ ਲਿਖਣ ਦੀ ਸੇਵਾ ਕਰਨ ਕਰ ਕੇ ਭਾਈ ਸਾਹਿਬ ਦੇ ਗਿਆਨ ਦਾ ਹਿੱਸਾ ਬਣ ਚੁਕੇ ਸਨ । ਸੋ, ਇਹ ਕਥਾਵਾਂ ਲਿਖਣ ਸਮੇਂ ਭਾਈ ਸਾਹਿਬ ਆਪਣੇ ਆਸ਼ੇ ਵਿਚ ਬੜੇ ਸਪੱਸ਼ਟ ਜਾਪਦੇ ਹਨ । ਆਪ ਨੇ ਇਹਨਾਂ ਪੌਰਾਣਿਕ-ਕਥਾਵਾਂ ਦੀ ਵਰਤੋਂ ਨਿਸ਼ਚੇ ਦੇ ਰੂਪ ਵਿਚ ਨਹੀਂ ਕੀਤੀ, ਕੇਵਲ ਪ੍ਰਮਾਣ ਰੂਪ ਵਿਚ ਹੀ ਕੀਤੀ ਹੈ । ਉਨ੍ਹਾਂ ਨੂੰ ਇਨ੍ਹਾਂ ਸਾਖੀਆਂ ਦੇ ਸੱਚੇ ਜਾਂ ਝੂਠੇ ਹੋਣ ਨਾਲ ਵੀ ਕੋਈ ਸਰੋਕਾਰ ਨਹੀਂ ਸੀ ਤੇ ਨਾ ਹੀ ਉਹ ਇਹਨਾਂ ਸਾਖੀਆਂ ਦੇ ਕੋਈ ਕਾਇਲ ਜਾਪਦੇ ਹਨ । ਇੰਜ ਪ੍ਰਤੀਤ ਹੁੰਦਾ ਹੈ ਕਿ ਜਿਸ ਸੱਚਾਈ ਨੂੰ ਭਾਈ ਸਾਹਿਬ ਦ੍ਰਿੜ੍ਹ ਕਰਾਉਣਾ ਚਾਹੁੰਦੇ ਸਨ, ਜੇ ਉਹ ਸੱਚਾਈ ਕਿਸੇ ਧਰਮ ਦੇ ਆਪਣੇ ਹੀ ਸਿਧਾਂਤਾਂ ਵਿਚੋਂ ਸਿਧ ਹੁੰਦੀ ਹੋਵੇ ਤਾਂ ਉਸ ਨੂੰ ਖਾਹ-ਮਖਾਹ ਝੁਠਲਾਣ ਨਾਲੋਂ, ਉਸ ਰਾਹੀਂ ਹੀ ਉਸ ਸੱਚਾਈ ਦਾ ਗਿਆਨ ਦੇ ਦਿੱਤਾ ਗਿਆ ਹੈ । ਮਤਲਬ ਤਾਂ ਸੱਚ ਦੇ ਉਪਦੇਸ਼ ਦਾ ਹੈ, ਕਿਸੇ ਦੀ ਹੇਠੀ ਕਰ ਕੇ ਆਪਣੇ ਆਪੇ ਨੂੰ ਉੱਚਾ ਸਿਧ ਕਰਨ ਦਾ ਨਹੀਂ । ਉੱਤਮ ਪੁਰਸ਼ ਫਲ ਲੋਚਦੇ ਹਨ, ਕੰਡੇ ਨਹੀਂ ਬੀਜਦੇ ।

ਅਧਿਆਇ ਪੰਜਵਾਂ

ਭਾਈ ਗੁਰਦਾਸ ਦੀ ਸੌਂਦਰਯ ਚੇਤਨਾ

(ੳ) ਆਦਿਕਾ

(ਅ) ਵਾਰਾਂ ਵਿੱਚ ਵਰਤੇ ਕਾਵਿ-ਰਸ

(ੲ) ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਵਰਤੇ ਅਲੰਕਾਰ

(ਸ) ਭਾਈ ਗੁਰਦਾਸ ਦੀ ਕਾਵਿ-ਰਚਨਾ ਵਿੱਚ ਸ਼ਬਦ-ਸ਼ਕਤੀਆਂ

(ਹ) ਕਾਵਿ-ਗੁਣ

ਭਾਈ ਗੁਰਦਾਸ ਦੀਆਂ ਵਾਰਾਂ ਦਾ ਅਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਭਾਈ ਗੁਰਦਾਸ ਦੀ ਸੌਂਦਰਯ ਚੇਤਨਾ

(ੳ) ਆਦਿਕਾ

ਮਨੁੱਖ ਕੇਵਲ ਇਕ ਕਾਮਾ ਹੀ ਨਹੀਂ, ਉਹ ਪ੍ਰੇਮੀ ਵੀ ਹੈ । ਸਰੀਰਕ ਲੋੜਾਂ ਦੀ ਪੂਰਤੀ ਲਈ ਉਹ ਅਣਥੱਕ ਮਿਹਨਤ ਕਰਦਾ ਹੈ । ਪਰ ਆਤਮਾ ਦਾ ਆਹਾਰ ਤਾਂ ਸੌਂਦਰਯ ਹੈ । ਸੁੰਦਰਤਾ ਦਾ ਦੀਦਾਰ ਮਨੁੱਖ ਨੂੰ ਭੌਤਿਕ ਮਜਬੂਰੀਆਂ ਤੋਂ ਵਿਮੁਕਤ ਕਰ ਦੇਂਦਾ ਹੈ । ਮਨੁੱਖ ਆਪਣੇ ਜੀਵਨ ਨੂੰ ਉਦੋਂ ਹੀ ਭਰਪੂਰ ਤੇ ਰਜਿਆ-ਪੁਜਿਆ ਪਰਤੀਤ ਕਰਦਾ ਹੈ ਜਦੋਂ ਉਸ ਨੂੰ ਜੀਵਨ ਦੀਆਂ ਪਰਮ ਉਚ ਕਦਰਾਂ ਕੀਮਤਾਂ, ਸਤਿ ਤੇ ਸ਼ਿਵ ਤੇ ਸੁੰਦਰ Truth and Goodness and Beauty ਭਾਵ ਸਚਾਈ ਤੇ ਨੇਕੀ ਤੇ ਸੁਹਜ ਦੀ ਅਨੁਭਵਤਾ ਹੁੰਦੀ ਹੈ ਅਤੇ ਜਦੋਂ ਉਹ ਸੌਂਦਰਯ ਦੇ ਦੀਦਾਰ, ਅਨੁਭਵ ਤੇ ਅਨੰਦ ਦੇ ਖੇਤਰ ਵਿਚ ਪੁਜ ਜਾਂਦਾ ਹੈ ।

ਮਾਨਵ ਜੀਵਨ ਦੀ ਵਿਸ਼ੇਸ਼ਤਾ, ਸਤਿ ਤੇ ਸ਼ਿਵ ਤੇ ਸੁੰਦਰ ਲਈ ਅਸਗਾਹ ਪ੍ਰੇਮ ਦੇ ਕਾਰਨ ਹੀ ਤਾਂ ਹੈ । ਪਸ਼ੂ ਜੀਵਨ ਤੇ ਪੰਛੀ ਜੀਵਨ, ਆਹਾਰ-ਭੁੱਖ ਤੇ ਕਾਮ-ਭੁੱਖ ਦੇ ਬੰਧਨਾ ਵਿਚ ਜਕੜਿਆ ਹੋਇਆ ਹੈ ਤੇ ਸੁੰਦਰਤਾ ਦੀ ਛੱਬ ਵੀ ਕੇਵਲ ਕਾਮਵਾਸਨਾ ਉਪਜਾਉਣ ਤਕ ਹੀ ਸੀਮਤ ਰਹਿੰਦੀ ਹੈ । ਪਰ ਮਨੁੱਖ ਦਾ ਸਤਿ-ਪ੍ਰੇਮ, ਕੇਵਲ ਸਤਿ ਦੀ ਖ਼ਾਤਰ ਹੀ ਹੈ, ਉਸ ਦੀ ਨੇਕੀ ਆਪ-ਮਹਿਸੂਸੇ ਆਚਰਣਕ ਕਾਨੂੰਨ ਉਤੇ ਆਧਾਰਿਤ ਹੈ, ਅਤੇ ਉਸ ਦਾ ਸੌਂਦਰਯ-ਪ੍ਰੇਮ ਬੇਲਾਗ ਤੇ ਤੀਬਰ ਤੇ ਆਤਮਕ ਹੈ । ਇਹਨਾਂ ਮੁਢਲੇ ਕੁਦਰਤੀ ਜਜ਼ਬਿਆਂ ਵਿਚੋਂ ਸੌਂਦਰਯ-ਪ੍ਰੇਮ ਸਭ ਤੋਂ ਵਧੀਕ ਬੁਨਿਆਦੀ ਜਜ਼ਬਾ ਹੈ ।

ਰਚਣਾਤਮਕ ਕਲਾ ਵਿਚ, ਸੌਂਦਰਯ-ਪ੍ਰੇਮ ਤੇ ਇਸ ਦਾ ਪਰਗਟਾ ਮਾਨਵ-ਸੁਭਾਵ ਦਾ ਆਪ-ਮੁਹਾਰਾ ਪਰਗਟਾ ਹੈ । ਮਨੁੱਖ ਦੇ ਗਿਆਨ-ਇੰਦਰੇ ਬਾਹਰੀ ਸੁੰਦਰਤਾ ਦੀ ਦਸ ਪਾਂਦੇ ਹਨ, ਇਸ ਦੀਦਾਰ ਕਾਰਨ ਦਿਲ ਵਿਚ ਮਸਤੀ ਉਪਜਦੀ ਹੈ, ਮਨ ਇਸ ਨੂੰ ਸਪੱਸ਼ਟ ਰੂਪ ਵਿਅਕਤ ਕਰਦਾ ਹੈ, ਅਤੇ ਆਤਮਾ ਇਸ ਨੂੰ ਇਸ ਦੇ ਅੰਦਰਲੇ ਸੁਭਾਵਿਕ ਤੇਜ-ਪਰਤਾਪ ਨਾਲ ਪਰਜਵਲਤ

ਕਰਦੀ ਹੈ । ਅਸਲ ਗੱਲ ਇਹ ਹੈ ਕਿ ਮਨ ਆਪ-ਮੁਹਾਰਾ ਹੀ, ਆਤਮਾ ਦੇ ਆਹਾਰ, ਸੁੰਦਰਤਾ ਵਲ ਖਿਚਿਆ ਜਾਂਦਾ ਹੈ ।

ਕਲਾ ਦਾ ਮੁੱਖ ਉਦੇਸ਼ ਵਲਵਲਾ ਤੇ ਕਰਤਾਰੀ ਕਲਪਨਾ ਹੈ । ਕਲਾ ਦੀ ਸੁੱਚੀ ਰਚਨਾ ਮਨੁੱਖ ਨੂੰ ਇਸ ਜੋਗ ਬਣਾਂਦੀ ਹੈ ਕਿ ਉਹ ਪ੍ਰਭੂ ਨੂੰ ਸੌਂਦਰਯ ਦੇ ਰੂਪ ਵਿਚ ਅਨੁਭਵ ਕਰੇ ਤੇ ਪਰਗਟਾਵੇ । ਮਨੁੱਖ ਨਾਲ ਕਲਾ ਦਾ ਸੰਬੰਧ, ਧਰਮ ਵਾਂਗ ਹੀ, ਬੜੇ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ । ਸੁਹਜ-ਸੁਆਦ ਤੇ ਅਧਿਆਤਮਵਾਦ ਮਨੁੱਖ ਦੇ ਕਦੀਮੀ ਰਖਿਅਕ ਫ਼ਰਿਸ਼ਤੇ ਹਨ ।[1] ਜੇ ਸਾਡਾ ਸੁਹਜ ਸੁਆਦ ਸੱਚਾ ਤੇ ਸੁੱਚਾ ਨਹੀਂ ਹੋਵੇਗਾ ਤਾਂ ਅਸੀਂ ਨਾ ਤਾਂ ਸੁੰਦਰਤਾ ਅਨੁਭਵ ਹੀ ਕਰ ਸਕਾਂਗੇ ਤੇ ਨਾ ਹੀ ਇਸ ਨੂੰ ਪਰਗਟਾ ਸਕਾਂਗੇ । ਸੋ, ਪਾਰਬ੍ਰਹਮ ਅਤੇ ਮਾਨਵ ਦੇ ਮਹਾਨ ਜਲਵੇ ਲਈ, ਸੌਂਦਰਯ ਨੂੰ ਅਜੋਕੇ ਜੀਵਨ ਵਿਚ ਬਚਾ ਕੇ ਰਖਣ ਲਈ, ਅਤੇ ਕਲਾ ਨੂੰ ਪਤਿਤ ਹੋਣ ਤੋਂ ਰੋਕਣ ਲਈ, ਸਹੀ ਸੁਹਜ-ਸੁਆਦ ਇਕ ਲਾਜ਼ਮੀ ਸ਼ਰਤ ਹੈ ।

ਇਉਂ ਸੁਹਜ-ਸੁਆਦ ਸੌਂਦਰਯ ਦਾ ਦਰਸ਼ਨ ਹੈ । ਸੁਹਜ-ਸੁਆਦੀ ਅਨੁਭਵ ਤਾਂ ਸੌਂਦਰਯ ਦਾ ਅਨੰਦ ਜਾਂ ਸੁਆਦ ਹੈ । ਸੁਹਜ-ਸੁਆਦੀ ਵਲਵਲਾ, ਉਤੇਜਕ ਨਾ ਹੋ ਕੇ, ਅੰਨਦ ਦਾ ਇਕ ਸੁੱਚਾ ਤੇ ਸ਼ਾਂਤ ਅਨੁਭਵ ਹੈ । ਇਹ ਸੁਹਜ—ਸੁਆਦੀ ਅਨੰਦ ਵੰਡਿਆਂ, ਸਾਂਝਾ ਕੀਤਿਆਂ ਘਟਦਾ ਨਹੀਂ, ਵਧਦਾ ਹੈ ।[2]

ਭਾਰਤੀ ਸਮੀਖਿਆ ਅਨੁਸਾਰ ਕਾਵਿ ਸੰਬੰਧੀ ਸੁਹਜ-ਸੁਆਦ ਦੀਆਂ ਕਈ ਸੰਪਰਦਾਵਾਂ ਹਨ । ਹਰੇਕ ਸੰਪਰਦਾ ਦਾ ਕਾਵਿ ਦਾ ਸੰਕਲਪ ਭਿੰਨ ਭਿੰਨ ਹੈ । ਇਹ ਭਿੰਨਤਾ ਵਧੇਰੇ ਕਰ ਕੇ ਇਸ ਪ੍ਰਸ਼ਨ ਬਾਰੇ ਹੈ ਕਿ 'ਕਾਵਿ ਦੀ ਆਤਮਾ ਜਾਂ ਮੁੱਖ ਤੱਤ' ਕੀ ਹੈ ।[3] ਵੱਖ ਵੱਖ ਆਚਾਰੀਆਂ ਨੇ ਕਾਵਿ ਦੀ ਪਰਿਭਾਸ਼ਾ ਦੇਂਦਿਆਂ ਰਸ, ਅਲੰਕਾਰ, ਧੁਨੀ, ਰੀਤੀ, ਆਦਿ ਨੂੰ ਸੌਂਦਰਯ ਦਾ ਰੂਪ ਮੰਨਿਆ ਤੇ ਕਾਵਿ ਦੇ ਸੁਹਜ ਪੱਖ ਨੂੰ ਉਜਾਗਰ ਕੀਤਾ । ਪਰ ਸਾਰੇ ਵਿਦਵਾਨਾਂ ਨੇ ਹੀ ਰਸ ਨੂੰ ਕਿਸੇ ਨਾ ਕਿਸੇ ਰੂਪ ਵਿਚ, ਕਾਵਿ ਦਾ ਵਿਸ਼ੇਸ਼ ਗੁਣ ਪਰਵਾਨ ਕੀਤਾ ਹੈ । ਰਸ ਦੇ ਅੰਤਰਗਤ ਅਨੰਦ ਤੱਤ ਵਿਦਮਾਨ ਹੈ ।

---

1. 'Aesthetics and metaphysics are his ancient guardian angels.' The Indian Concept of The Beautiful, K. S. Ramaswami Sastri, p. 7.
2. ਉਹੀ ਪੰਨਾ 8-9

Aesthetics is thus the philosophy of the beautiful. Aesthetic experience is the enjoyment of beauty. Aesthetic emotion is not passion but a pure and calm feeling of delight ... but aesthetic, like spiritual satisfactions, grow by such sharing.

3. But the diff erence generally refers to the question :-"What is the soul or essence of poetry?" Comparative Aesthetics (Vol. I) K. C. Pandey, p. 489.

ਰਸ, ਅਲੰਕਾਰ, ਸ਼ਬਦ-ਸ਼ਕਤੀਆਂ, ਕਾਵਿ-ਗੁਣ ਆਦਿ ਕਾਵਿ ਵਿਚ ਸੁਹਜ-ਸੁਆਦੀ ਤੱਤ ਭਰਦੇ ਹਨ ਤੇ ਇਹ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਮੌਜੂਦ ਹਨ।

(ਅ) ਵਾਰਾਂ ਵਿਚ ਵਰਤੇ ਕਾਵਿ–ਰਸ

ਭਾਰਤੀ ਆਲੋਚਨਾ ਵਿਚ ਰਸ ਨੂੰ ਇਕ ਮਹਾਨ ਸਥਾਨ ਪ੍ਰਾਪਤ ਹੈ। ਸੰਸਕ੍ਰਿਤ ਵਿਚ ਕਾਵਿ ਦੀ ਆਤਮਾ ਜਾਂ ਮੁਖ ਤੱਤ ਬਾਰੇ ਧੁਨੀ, ਅਲੰਕਾਰ, ਰੀਤੀ, ਆਦਿ ਕਈ ਸੰਪਰਦਾਵਾਂ ਮੌਜੂਦ ਹਨ, ਪਰ 'ਰਸ' ਸੰਪਰਦਾ ਨੂੰ ਵਧੇਰਾ ਮਾਨ ਪ੍ਰਾਪਤ ਹੈ। ਰਸ ਦਾ ਸੰਬੰਧ ਭੌਤਿਕ ਚੇਤਨਾ ਨਾਲ ਵੀ ਹੈ ਤੇ ਮਨੋ-ਚੇਤਨਾ ਨਾਲ ਵੀ। ਕਵਿਤਾ ਦਾ ਸੰਬੰਧ ਵਧੇਰੇ ਕਰ ਕੇ ਜਜ਼ਬੇ ਨਾਲ ਹੈ, ਜਜ਼ਬਾ ਕਵਿਤਾ ਦਾ ਜ਼ਰੂਰੀ ਅੰਗ ਹੈ, ਕਵਿਤਾ ਵਿਚਲਾ ਇਹ ਜਜ਼ਬਾ ਹੀ ਮਨੁੱਖੀ ਮਨ ਵਿਚ ਵੱਖ ਵੱਖ ਭਾਵ ਜਗਾਉਂਦਾ ਹੈ। ਇਹ ਵਖਰੇ ਵਖਰੇ ਭਾਵ ਹੀ ਕਵਿਤਾ ਵਿਚ ਰਸ ਬਣ ਜਾਂਦੇ ਹਨ ਜਿਵੇਂ ਪ੍ਰੇਮ-ਭਾਵ, ਬੀਰ-ਭਾਵ, ਕਰੁਣਾ-ਭਾਵ ਆਦਿ। ਰਸ-ਸਿਧਾਂਤ ਰਾਹੀਂ ਜਜ਼ਬਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਇਸੇ ਲਈ ਇਸ ਨੂੰ ਮਹਾਨਤਾ ਪ੍ਰਾਪਤ ਹੈ।

ਰਸ-ਸਿਧਾਂਤ ਆਪਣੇ ਆਪ ਵਿਚ ਵਿਗਿਆਨਿਕ ਹੈ, ਲੋਕ-ਪ੍ਰਿਅ ਹੈ ਤੇ ਗੰਭੀਰ ਹੈ। ਇਸ ਦੇ ਇਹਨਾਂ ਗੁਣਾਂ ਕਾਰਨ ਸੰਸਕ੍ਰਿਤ ਦੇ ਵਿਦਵਾਨਾਂ ਨੇ 'ਰਸ' ਨੂੰ ਕਵਿਤਾ ਦੀ ਆਤਮਾ ਮੰਨਿਆ ਹੈ। ਭਰਤ ਮੁਨੀ ਰਸ ਹੀਨ ਕਵਿਤਾ ਨੂੰ ਕਵਿਤਾ ਹੀ ਨਹੀਂ ਮੰਨਦਾ,[1] ਵਿਸ਼ਵਾਨਾਥ ਅਨੁਸਾਰ ''ਰਸਾਤਮਕ ਵਾਕ ਹੀ ਕਾਵਿ ਹੈ'' ਜਿਸ ਦਾ ਭਾਵ ਇਹ ਹੈ ਕਿ ਕਾਵਿ ਦੇ ਜੀਵਨ ਰੂਪ ਵਿਚ ਸਥਿਤ 'ਰਸ' ਹੀ ਉਸ ਦੀ ਆਤਮਾ ਹੈ।[2] ਇਉਂ ਰਸ ਨੂੰ ਕਾਵਿ-ਕਲਾ ਦੀ ਨੀਂਹ ਬਣਾ ਦਿੱਤਾ ਗਿਆ ਹੈ। ਮੰਮਟ ਕਹਿੰਦਾ ਹੈ ਕਿ ਕਵਿਤਾ ਵਿਚਲਾ ਰਸ ਪਰਗਟ ਹੁੰਦੇ ਸਾਰ ਹੀ ਸਾਡੇ ਹਿਰਦੇ ਨੂੰ ਜਾ ਹਿਲੂਣਦਾ ਹੈ ਤੇ ਆਪਣੇ ਜਾਦੂ ਨਾਲ ਚਹੁੰਆਂ ਪਾਸਿਉਂ ਜਕੜ ਲੈਂਦਾ ਹੈ, ਫਿਰ ਸਾਰੇ ਝਗੜੇ ਝੰਬੇਲੇ, ਦੁਖ ਸੁਖ, ਹਰਖ ਸੋਗ, ਅਲੋਪ ਹੋ ਜਾਂਦੇ ਹਨ।[3]

ਅਸੀ ਜਿਸ ਸਮੇਂ ਕਵਿਤਾ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਕਵਿਤਾ ਦੇ ਭਾਵ ਵਿਚ ਮੁਗਧ ਹੋ ਕੇ ਝੂਮਣ ਲਗ ਪੈਂਦੇ ਹਾਂ ਤੇ ਆਪ ਮੁਹਾਰੇ ਹੀ ਕਹਿ ਬੈਠਦੇ ਹਾਂ "ਬਈ ਸੁਆਦ ਆ ਗਿਆ"! ਇਹ ਸੁਆਦ ਹੀ ਤਾਂ 'ਰਸ' ਹੈ। ਭਰਤ ਮੁਨੀ ਅਨੁਸਾਰ ਰਸ ਸੁਆਦਯੋਗ ਹੈ।[4] ਬਲਦੇਵ ਉਪਾਧਿਆਇ

---

1 ਨਾਟਕ ਸ਼ਾਸਤ੍ਰ ਅਧਿਆਇ 6 — न हि रसादृते कश्चिदर्थः प्रवर्तते

2. ਸਾਹਿਤ ਦਰਪਨ, ਪੰਨਾ 20 — रस एवात्मा सारभूततया जीवनाधायकत्वेन

3. ਕਾਵਯ ਪ੍ਰਕਾਸ਼ ਪੰਨਾ 93

4. ਨਾਟਕ ਸ਼ਾਸਤ੍ਰ 6/32

ਕਹਿੰਦਾ ਹੈ, "ਕਵਿਤਾ ਦੇ ਪੜ੍ਹਨ ਜਾਂ ਸੁਣਨ ਕਾਰਨ ਪਾਠਕ ਜਾਂ ਸ੍ਰੋਤੇ ਦੇ ਚਿੱਤ ਵਿਚ ਜੋ ਵਿਲੱਖਣ ਆਨੰਦ ਪਰਗਟ ਹੁੰਦਾ ਹੈ, ਉਹ ਰਸ ਹੈ"।[1] ਕਵਿਤਾ ਵਿਚ ਅੰਕਿਤ ਕੀਤੇ ਭਾਵ ਭਾਵੇਂ ਕਰੁਣਾ ਮਈ ਹੋਣ, ਅਨੰਦ ਫੇਰ ਵੀ ਆਉਂਦਾ ਹੈ। ਕਵਿਤਾ ਪੜ੍ਹਦੇ ਜਾਂ ਸੁਣਦੇ ਸਮੇਂ ਅਸੀਂ ਆਪਣੀ ਹੋਂਦ ਦੇ ਇਹਸਾਸ ਤੋਂ ਉਚੇ ਉਠ ਗਏ ਹੁੰਦੇ ਹਾਂ। ਹੋਂਦ ਦਾ ਇਹਸਾਸ ਹੀ ਦੁਖ ਦੀ ਪ੍ਰਤੀਤੀ ਕਰਾਉਂਦਾ ਹੈ, ਜਦੋਂ ਇਹ ਨਾ ਰਿਹਾ ਤਾਂ ਹਿਰਦਾ ਮੁਕਤ ਅਵੱਸਥਾ ਵਿਚ ਪ੍ਰਵੇਸ਼ ਕਰ ਗਿਆ। ਰਾਮ ਚੰਦਰ ਸ਼ੁਕਲ ਨੇ ਹਿਰਦੇ ਦੀ ਇਸ ਮੁਕਤ ਅਵੱਸਥਾ ਨੂੰ ਰਸ-ਦਸ਼ਾ ਆਖਿਆ ਹੈ। ਇਸ ਦਸ਼ਾ ਵਿਚ ਪਾਠਕ ਜਾਂ ਸਰੋਤਾ ਉਹੀ ਕੁਝ ਅਨੁਭਵ ਕਰਦਾ ਹੈ ਜੋ ਕਵੀ ਨੇ ਕੀਤਾ ਸੀ। ਇਸੇ ਨੂੰ ਸਾਧਾਰਨੀਕਰਣ ਕਹਿੰਦੇ ਹਨ। ਇਸ ਸਾਧਾਰਨੀਕਰਣ ਦੇ ਕਾਰਨ ਹੀ ਘ੍ਰਿਣਾ, ਕ੍ਰੋਧ, ਸੋਕ, ਕਰੁਣਾ, ਆਦਿ ਦੁਖਦਾਈ ਭਾਵ ਵੀ ਅਨੰਦ-ਮਈ ਬਣ ਜਾਂਦੇ ਹਨ। ਅਜਿਹੀ ਕਵਿਤਾ ਪੜ੍ਹ ਕੇ ਦੁਖ ਤਾਂ ਜ਼ਰੂਰ ਹੁੰਦਾ ਹੈ ਪਰ ਉਸ ਦੁਖ ਵਿਚੋਂ ਵੀ ਕੋਈ ਰਸ ਪ੍ਰਾਪਤ ਹੁੰਦਾ ਹੈ, ਬਿਲਕੁਲ ਉਵੇਂ ਹੀ ਜਿਵੇਂ ਅਚਾਰੀ ਮਿਰਚ ਦੀ ਕੁੜਿੱਤਣ ਵਿਚੋਂ। ਸੋ ਰਸ ਤਾਂ ਅਨੰਦਮਈ ਚੇਤਨਾ ਹੈ।

ਇਸ ਰਸ ਦਾ ਸੰਬੰਧ ਹਿਰਦੇ ਨਾਲ ਹੈ, ਬੁੱਧੀ ਨਾਲ ਨਹੀਂ। ਇਸ ਅਨੰਦ ਨੂੰ ਬੌਧਿਕ ਪੱਧਰ ਤੇ ਨਹੀਂ ਮਾਣਿਆ ਜਾਂਦਾ, ਇਹ ਭਾਵੁਕ ਅਵੱਸਥਾ ਦੀ ਸ਼ੈ ਹੈ। ਕਵਿਤਾ ਨੂੰ ਬੁੱਧੀ ਦੀ ਸਾਣ ਤੇ ਚੜ੍ਹਾ ਕੇ ਰਸ ਦੀ ਪ੍ਰਾਪਤੀ ਨਹੀਂ ਹੋ ਸਕਦੀ, ਇਹ ਆਤਮਕ ਅਨੁਭਵ ਦੀ ਗੱਲ ਹੈ, ਇਸ ਦਾ ਪ੍ਰਭਾਵ ਰਸਿਕ ਹਿਰਦੇ ਤੇ ਪੈਂਦਾ ਹੈ ਤੇ ਰਸ ਦੀਆਂ ਤਰਬਾਂ ਛੇੜਦਾ ਹੈ।

ਨਾਟਯ ਸ਼ਾਸਤਰ ਦੇ ਕਰਤਾ ਭਰਤ ਮੁਨੀ ਨੇ ਰਸ ਦੀ ਉਤਪਤੀ ਬਾਰੇ ਲਿਖਿਆ ਹੈ ਕਿ ਰਸ ਦੀ 'ਨਿਸ਼ਪਤੀ' ਵਿਭਾਵ, ਅਨੁਭਾਵ ਤੇ ਵਿਭਚਾਰੀ ਜਾਂ ਸੰਚਾਰੀ ਭਾਵਾਂ ਦੇ ਸੰਜੋਗ ਤੋਂ ਹੁੰਦੀ ਹੈ।[2] (ਨਿਸ਼ਪਤੀ ਦੇ ਅਰਥ ਹਨ- ਉਤਪਤੀ, ਅਨੁਮਾਨ, ਭੁਕਤੀ, ਅਭਿਵਿਅਕਤੀ। ਅਭਿਵਿਅਕਤੀ ਇਹਨਾਂ ਵਿਚੋਂ ਵਧੇਰੇ ਪਰਵਾਨ ਅਰਥ ਹੈ)। ਵਿਸ਼ਵਾਨਾਥ, ਮੰਮਟ ਆਦਿ ਵਿਦਵਾਨਾਂ ਨੇ ਭਰਤਮੁਨੀ ਦੇ ਇਸ ਵਿਚਾਰ ਨੂੰ ਆਧਾਰ ਮੰਨ ਕੇ ਆਪਣੇ ਵਿਚਾਰ ਲਿਖੇ ਹਨ।

ਵਿਭਾਵ :-ਭਰਤ ਮੁਨੀ ਅਨੁਸਾਰ ਵਿਭਾਵ ਵਿਸ਼ੇਸ਼ ਗਿਆਨ ਦਾ ਅਰਥ ਰਖਦਾ ਹੈ। ਵਿਭਾਵ, ਕਾਰਨ, ਹੇਤੂ, ਨਮਿੱਤ, ਇੱਕੋ ਜਿਹੇ ਅਰਥਾਂ ਵਾਲੇ ਸ਼ਬਦ ਹਨ। ਕਿਉਂਕਿ ਬੋਲਾਂ, ਅੰਗਾਂ, ਮਨੋਬਿਰਤੀ, ਅਭਿਨੈ, ਰਾਹੀਂ ਵਿਸ਼ੇਸ਼ ਤੌਰ ਤੇ ਭਾਵਿਤ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਵਿਭਾਵ ਕਿਹਾ ਹੈ।[3] ਇਹ ਦੋ ਤਰਾਂ ਦੇ ਹੁੰਦੇ ਹਨ - ਆਲੰਬਨ, ਤੇ ਉਦੀਪਨ।[4] ਆਲੰਬਨ ਵਿਭਾਵ ਕਾਵਿ

1. ਸੰਸਕ੍ਰਿਤ ਆਲੋਚਨਾ, ਪੰਨਾ 193
2. विभावानुभाव व्यभिचारि संयोगाद्रस निष्पत्तिः
3. ਨਾਟਯ ਸ਼ਾਸਤ੍ਰ 7/3
4. ਸਾਹਿਤਯ ਦਰਪਣ, ਵਿਸ਼ਵਨਾਥ, ਪੰਨਾ 91

ਦੀ ਪ੍ਰੇਮਿਕਾ ਆਦਿ ਹੁੰਦੇ ਹਨ ਜਿਨ੍ਹਾਂ ਦੇ ਸਹਾਰੇ 'ਪਿਆਰ' ਭਾਵ ਪੈਦਾ ਹੁੰਦਾ ਹੈ। ਪਿਆਰ ਆਦਿ ਭਾਵ ਨੂੰ ਉਦੀਪਤ ਜਾਂ ਤੀਬਰ ਕਰਨ ਲਈ ਚੰਨ, ਚਾਨਣੀ, ਫੁੱਲ, ਠੰਡੀ ਹਵਾ, ਨਦੀ ਕਿਨਾਰਾ, ਜਾਗਿਆਂ ਲੰਘੀ ਰਾਤ ਆਦਿ ਦਾ ਬਿਆਨ ਕੀਤਾ ਜਾਂਦਾ ਹੈ। ਇਹ ਉਦੀਪਨ ਵਿਭਾਵ ਹੁੰਦੇ ਹਨ।

ਅਨੁਭਾਵ :—ਅਨੁਭਾਵ ਬਾਰੇ ਵਿਸ਼ਵਾਨਾਥ ਨੇ ਲਿਖਿਆ ਹੈ ਕਿ "ਸੀਤਾ" ਆਦਿ ਆਲੰਬਨ ਤੇ ਚੰਦਰਮਾ ਆਦਿ ਉਦੀਪਨ ਵਿਭਾਵਾਂ ਨਾਲ ਸ੍ਰੀ ਰਾਮ ਦੇ ਦਿਲ ਵਿਚ ਜਾਗਿਆ ਹੋਇਆ 'ਪਿਆਰ' ਜਦੋਂ ਸਰੀਰਕ ਅੰਗਾਂ ਦੀਆਂ ਚੇਸ਼ਟਾਵਾਂ ਵਿਚ ਪ੍ਰਗਟ ਹੁੰਦਾ ਹੈ ਤਾਂ ਉਹ ਅਨੁਭਾਵ ਹੈ। ਅਨੁਭਾਵ ਚਾਰ ਤਰ੍ਹਾਂ ਦੇ ਹਨ—ਸਰੀਰਕ, ਮਾਨਸਿਕ, ਆਹਾਰਜ ਤੇ ਸਾਤਵਿਕ।[1]

ਸੰਚਾਰੀ ਭਾਵ :—ਕਵੀ ਆਪਣੇ ਪਾਤਰਾਂ, ਨਾਇਕ ਨਾਇਕਾਵਾਂ ਦੇ ਦਿਲ ਦੀਆਂ ਉਹਨਾਂ ਸਥਿਤੀਆਂ ਜਾਂ ਮਨੋਭਾਵਾਂ ਦਾ ਵਰਣਨ ਕਰਦਾ ਹੈ ਜੋ ਅਸਥਾਈ ਤੇ ਚੰਚਲ ਹੁੰਦੇ ਹਨ : ਬਸ, ਆਏ ਤੇ ਗਏ ਵਾਲੀ ਗਲ ਹੁੰਦੀ ਹੈ ਪਰ ਉਹ ਰਸ ਦੇ ਪ੍ਰਗਟਾਅ ਵਿਚ ਸਹਾਈ ਹੁੰਦੇ ਹਨ। ਉਹ ਸੰਚਾਰੀ ਭਾਵ ਹਨ। ਇਹਨਾਂ ਦੀ ਗਿਣਤੀ, ਤੇਤੀ ਹੈ।[2]

ਸਥਾਈ ਭਾਵ :— ਸਥਾਈ ਭਾਵ ਉਹ ਭਾਵ ਹਨ ਜੋ ਮਨੁੱਖ ਦੇ ਮਨ ਵਿਚ ਸਦੀਵੀ ਤੇ ਸਥਾਈ ਰਹਿੰਦੇ ਹਨ। ਪੰ: ਰਾਮ ਦਹਿਨ ਮਿਸ਼੍ਰ ਅਨੁਸਾਰ 'ਜੋ ਭਾਵ ਸੰਸਕਾਰ ਰੂਪ ਵਿਚ ਦੇਰ ਤਕ ਟਿਕਿਆ ਰਹਿੰਦਾ ਹੈ, ਉਸਨੂੰ ਸਥਾਈ ਭਾਵ ਕਹਿੰਦੇ ਹਨ।'[3] ਇਹ ਸਥਾਈ ਭਾਵ ਬੜੇ ਸ਼ਕਤੀਸ਼ਾਲੀ ਹੁੰਦੇ ਹਨ ਤੇ ਵਿਰੋਧੀ ਜਾਂ ਸਹਿਯੋਗੀ ਭਾਵਾਂ ਨੂੰ ਆਪਣੇ ਵਿਚ ਸਮਾ ਲੈਂਦੇ ਹਨ। ਇਹ ਸਥਾਈ ਭਾਵ ਸੂਖਮ ਚੇਤਨ ਮਨ ਵਿਚ ਟਿਕੇ ਰਹਿੰਦੇ ਹਨ ਤੇ ਕਵਿਤਾ ਪੜ੍ਹਨ ਜਾਂ ਸੁਣਨ ਸਮੇਂ ਚੇਤੰਨ ਹੋ ਕੇ ਤਰੰਗਾਂ ਬਣ ਬਣ ਉਠਦੇ ਹਨ।

ਕਵਿਤਾ ਵਿਚ ਜਦੋਂ ਵਿਭਾਵ-ਅਨੁਭਾਵ-ਸੰਚਾਰੀ ਭਾਵ ਦਾ ਵਰਣਨ ਹੁੰਦਾ ਹੈ ਤਾਂ ਸਥਾਈ ਭਾਵ ਚੇਤੰਨ ਅਵੱਸਥਾ ਵਿਚ ਆ ਕੇ ਰਸ ਦਾ ਰੂਪ ਧਾਰਨ ਕਰ ਲੈਂਦਾ ਹੈ। ਸੋ ਕਿਸੇ ਵੀ ਰਸ ਦੇ ਪ੍ਰਗਟਾਅ ਲਈ ਇਹਨਾਂ ਚੌਹਾਂ ਤੱਤਾਂ ਦਾ ਹੋਣਾ ਜ਼ਰੂਰੀ ਹੈ। ਇਹ ਚਾਰੇ ਤੱਤ ਵਿਭਾਵ, ਅਨੁਭਾਵ, ਸੰਚਾਰੀ ਭਾਵ ਤੇ ਸਥਾਈ ਭਾਵ-ਮਿਲ ਕੇ ਹੀ ਰਸ ਉਪਜਾ ਸਕਦੇ ਹਨ, ਇਕੱਲਾ ਇਕੱਲਾ ਤੱਤ ਰਸ ਨਹੀਂ ਬਣ ਸਕਦਾ। ਇਸੇ ਲਈ ਰਸ ਨੂੰ ਸਮੂਹਿਕ ਕਿਹਾ ਜਾਂਦਾ ਹੈ। ਰਸ ਅਨੰਦ ਰੂਪ ਹੈ। ਰਸ ਵਿਅੰਜਿਤ ਹੈ, ਬਿਆਨਿਆ ਨਹੀਂ ਜਾਂਦਾ।

ਇਹ ਰਸ ਨੌਂ ਪ੍ਰਕਾਰ ਦੇ ਹਨ— ਸ਼ਿੰਗਾਰ ਰਸ, ਸ਼ਾਂਤ ਰਸ, ਹਾਸ ਰਸ, ਕਰੁਣਾ ਰਸ, ਰੌਦਰ ਰਸ, ਵੀਰ ਰਸ, ਭਯਾਨਕ ਰਸ, ਬੀਭਤਸ ਰਸ ਤੇ ਅਦਭੁਤ ਰਸ। ਕਈਆਂ ਨੇ ਇਹਨਾਂ ਨੌਂ ਰਸਾਂ ਨਾਲ ਵਤਸਲ ਰਸ ਤੇ ਭਗਤੀ ਰਸ ਵੀ ਸ਼ਾਮਲ ਕੀਤੇ ਹਨ।

---

1. ਸਾਹਿਤਯ ਦਰਪਣ ਪੰਨਾ 137
2. ਕਾਵਯ ਪ੍ਰਕਾਸ਼, ਮੰਮਟ ਪੰਨਾ 112, 16
3. ਕਾਵਯ ਦਰਪਣ ਪੰਨਾ 93

ਕਿਸੇ ਸਾਹਿਤ ਰਚਨਾ ਵਿਚ ਉਸ ਦੇ ਵਿਸ਼ੇ ਅਨੁਸਾਰ ਕਿਸੇ ਇਕ ਰਸ ਦੀ ਮਾਤਰਾ ਬਹੁਤ ਜ਼ਿਆਦਾ ਹੋ ਸਕਦੀ ਹੈ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਇਕ ਖਾਸ ਕਿਸਮ ਦੇ ਵਿਸ਼ੇ ਲਈ ਖਾਸ ਰਸ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਉਸ ਰਚਨਾ ਵਿਚ ਉਹੀ ਰਸ ਪ੍ਰਮੁਖ ਹੁੰਦਾ ਹੈ ਜਿਵੇਂ ਯੁਧ-ਕਾਵਿ ਵਿਚ ਬੀਰ ਰਸ, ਪ੍ਰੇਮ-ਕਾਵਿ ਜਾਂ ਕਿੱਸਿਆਂ ਵਿਚ ਸ਼ਿੰਗਾਰ ਰਸ, ਭਗਤੀ ਕਾਵਿ ਵਿਚ ਸ਼ਾਂਤ ਰਸ, ਆਦਿ। ਬਾਕੀ ਰਸ ਲੋੜ ਅਨੁਸਾਰ ਵਰਤੇ ਮਿਲਣਗੇ।

ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ ਅਧਿਆਤਮਕ ਤੇ ਦਾਰਸ਼ਨਿਕ ਹੈ। ਪੰਜਾਬੀ ਸਾਹਿਤ ਵਿਚ ਦੋ ਪ੍ਰਕਾਰ ਦੀਆਂ ਵਾਰਾਂ ਮਿਲਦੀਆਂ ਹਨ-ਬੀਰ ਰਸੀ ਵਾਰਾਂ ਅਤੇ ਧਾਰਮਕ ਵਾਰਾਂ। ਧਾਰਮਕ ਵਾਰਾਂ ਦੀ ਪ੍ਰਥਾ ਗੁਰੂ ਨਾਨਕ ਦੇਵ ਤੋਂ ਚਲਦੀ ਹੈ। ਜਿਵੇਂ ਸੰਸਾਰਕ ਰਣ-ਖੇਤਰ ਵਿਚ ਸੂਰਬੀਰ ਜੋਧੇ ਜੂਝਦੇ ਹਨ ਅਤੇ ਵੈਰੀਆਂ ਉਤੇ ਜਿੱਤਾਂ ਪ੍ਰਾਪਤ ਕਰਦੇ ਹਨ, ਉਵੇਂ ਹੀ ਧਾਰਮਕ ਅਤੇ ਅਧਿਆਤਮਕ ਵਾਰਾਂ ਵਿਚ ਅਧਿਆਤਮਕ ਰਣ ਭੂਮੀ ਵਿਚ ਜਿਗਿਆਸੂ ਨਿਤਰਦੇ ਹਨ ਅਤੇ ਕਾਮ ਆਦਿਕ ਵਿਕਾਰਾਂ ਦਾ ਟਾਕਰਾ ਕਰਦੇ ਹੋਏ ਉਹਨਾਂ ਉਤੇ ਫਤਿਹ ਪ੍ਰਾਪਤ ਕਰਦੇ ਵਿਖਾਏ ਜਾਂਦੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਧਾਰਮਕ ਵਾਰਾਂ ਦੀ ਸ਼੍ਰੇਣੀ ਵਿਚ ਆਉਂਦੀਆਂ ਹਨ। ਇਹਨਾਂ ਵਿਚ ਬੀਰ ਰਸ ਦੀ ਥਾਂ ਸ਼ਾਂਤ ਰਸ ਦੀ ਪ੍ਰਧਾਨਤਾ ਹੈ। ਪ੍ਰਸੰਗ ਅਨੁਸਾਰ ਹੋਰ ਰਸਾਂ ਦੇ ਨਮੂਨੇ ਵੀ ਮਿਲਦੇ ਹਨ।

ਸ਼ਿੰਗਾਰ ਰਸ– ਜਿਵੇਂ ਬਸੰਤ ਰੁਤ ਨੂੰ ਰੁਤਾਂ ਦੀ ਰਾਣੀ ਜਾਂ ਰਿਤੂ-ਰਾਜ ਕਿਹਾ ਗਿਆ ਹੈ, ਇਸੇ ਤਰ੍ਹਾਂ ਸ਼ਿੰਗਾਰ ਰਸ ਨੂੰ ਰਸ-ਰਾਜ ਭਾਵ ਰਸਾਂ ਦਾ ਰਾਜਾ ਕਹਿ ਕੇ ਪ੍ਰਧਾਨਤਾ ਦਿੱਤੀ ਗਈ ਹੈ। ਇਸੇ ਕਾਰਨ ਰਸ-ਵਰਣਨ ਸਮੇਂ ਇਸ ਰਸ ਨੂੰ ਪਹਿਲ ਦਿੱਤੀ ਜਾਂਦੀ ਹੈ। ਸ਼ਿੰਗਾਰ ਰਸ ਦੇ ਦੋ ਪੱਖ ਹਨ-ਇਕ ਸੰਜੋਗ ਤੇ ਦੂਜਾ, ਵਿਜੋਗ। ਇਸ ਰਸ ਦਾ ਸਥਾਈ ਭਾਵ ਰਤੀ ਜਾਂ ਪਿਆਰ ਹੈ। ਇਸ ਭਾਵ ਵਿਚ ਸੰਜੋਗ ਤੋਂ ਸੁਖ ਦਾ ਅਨੁਭਵ ਹੁੰਦਾ ਹੈ ਤੇ ਵਿਜੋਗ ਤੋਂ ਦੁਖ ਦਾ। ਪਿਆਰ ਦੀ ਭਾਵਨਾ ਹਿਰਦੇ ਦੀ ਇਕ ਪ੍ਰਵਿਰਤੀ ਹੈ ਪਰ ਇਹ ਪ੍ਰਵਿਰਤੀ ਇਤਨੀ ਵਿਆਪਕ ਤੇ ਲਚਕਦਾਰ ਹੈ ਕਿ ਇਸ ਵਿਚ ਨਿਰੋਲ ਦੁਨਿਆਵੀ ਜਾਂ ਸਰੀਰਕ ਅਨੁਭਵ ਤੋਂ ਲੈ ਕੇ ਇਲਾਹੀ ਤੇ ਆਤਮਕ ਪਿਆਰ ਤਕ ਦਾ ਬਿਆਨ ਕੀਤਾ ਜਾ ਸਕਦਾ ਹੈ, ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦੋਹਾਂ ਦੀਆਂ ਗੱਲਾਂ ਹੋ ਸਕਦੀਆਂ ਹਨ।

ਸੰਸਕ੍ਰਿਤ ਵਿਚੋਂ ਤਦ-ਭਾਵ ਰੂਪ ਵਿਚ ਆਏ ਇਸ ਸ਼ਬਦ 'ਸ਼ਿੰਗਾਰ' ਦੇ ਸ਼ਬਦ ਅਰਥ ਹਨ ਕਾਮ-ਵੇਗ ਜਾਂ ਪ੍ਰੇਮ-ਭਾਵ ਦਾ ਵਧ ਜਾਣਾ। ਪਰ ਅਧਿਆਤਮਕ ਖੇਤਰ ਵਿਚ ਸ਼ਿੰਗਾਰ ਸਰੀਰਕ ਹੱਦਾਂ ਟੱਪ ਕੇ ਆਤਮਕ ਮੰਡਲਾਂ ਵਿਚ ਪ੍ਰਵੇਸ਼ ਕਰਦਾ ਹੈ, ਇਥੇ ਰੂਹ-ਰੂਹ ਦੀ ਮਿਲਣ ਦਾ ਸੁਖ ਮਾਣਿਆ ਜਾਂਦਾ ਹੈ ਤੇ ਜਾਂ ਫਿਰ ਰੂਹ-ਰੂਹ ਦੇ ਵਿਜੋਗ ਦੀ ਤੜਪ ਦਾ ਦੁਖ ਅਨੁਭਵ ਹੁੰਦਾ ਹੈ, ਮਿਲਾਪ ਲਈ ਸਿਕ ਰਹਿੰਦੀ ਹੈ। ਇਸ ਥਾਂ ਤੇ ਲੌਕਿਕ ਵਾਤਾਵਰਣ ਦਾ ਰਸ ਤੇ ਗੰਧ ਮੂਕ

ਮੰਨੇ ਹਨ, ਇਹ ਅਲੌਕਿਕ ਹੀ ਨਿਕਲਦਾ ਹੈ। ਭਾਈ ਗੁਰਦਾਸ ਦੀ ਰਚਨਾ ਦਾ ਆਧਾਰ ਗੁਰਬਾਣੀ ਹੈ। ਗੁਰਬਾਣੀ ਅਧਿਆਤਮਕ ਮੰਡਲ ਵਿਚ ਉਡਾਰੀਆਂ ਲੁਆਉਂਦੀ ਹੈ। ਇਸੇ ਲਈ ਭਾਈ ਗੁਰਦਾਸ ਦੀ ਰਚਨਾ ਵਿਚ ਸਰੀਰਕ ਖਿਚ ਦੀ ਥਾਂ ਆਤਮਕ ਖਿਚ ਦੀ ਪ੍ਰਤੀਤੀ ਹੁੰਦੀ ਹੈ। ਆਪ ਦੀ ਕਵਿਤਾ ਪੜ੍ਹ ਕੇ ਵਾਹਿਗੁਰੂ ਗੁਰੂ ਤੇ ਸਿਖੀ ਲਈ ਪ੍ਰੇਮ ਭਾਵ ਜਾਗਦਾ ਤੇ ਸ੍ਰੁਤਿ-ਸਿਧ ਵਧਦਾ ਚਲਾ ਜਾਂਦਾ ਹੈ।

ਭਾਈ ਸਾਹਿਬ ਦੀਆਂ ਵਾਰਾਂ ਵਿਚ ਸ਼ਾਂਤ ਰਸ ਵਧੇਰੇ ਪ੍ਰਧਾਨ ਹੈ, ਸ਼ਿੰਗਾਰ ਰਸ ਦੀਆਂ ਮਿਸਾਲਾਂ ਬਹੁਤੀਆਂ ਨਹੀਂ ਮਿਲਦੀਆਂ। ਪਰ ਫੇਰ ਵੀ ਕਿਤੇ ਕਿਤੇ ਇਸ ਰਸ ਦੀ ਵਰਤੋਂ ਬੜੇ ਅਨੂਠੇ ਢੰਗ ਨਾਲ ਹੋਈ ਮਿਲਦੀ ਹੈ। ਭਾਈ ਸਾਹਿਬ ਜੇ ਸਿੱਧੇ ਬਿਰਹਾ ਵਿਜੋਗ ਦੀ ਗੱਲ ਕਰ ਕੇ ਇਸ ਰਸ ਨੂੰ ਉਤਪਨ ਨਹੀਂ ਕਰਦੇ ਤਾਂ ਪ੍ਰੀਤ ਕਰਨ ਵਾਲਿਆਂ ਦੀ ਮਿਸਾਲ ਦੇ ਕੇ, ਵਿਛੋੜੇ ਵਿਚ ਉਹਨਾਂ ਦੀ ਤੜਪ ਦਰਸਾ ਕੇ, ਪਿਆਰ ਉਤੋਂ ਕੁਰਬਾਨ ਹੁੰਦਿਆਂ ਵਿਖਾ ਕੇ ਸ਼ਿੰਗਾਰ ਦੇ ਸਥਾਈ ਭਾਵ ਰਤੀ ਜਾਂ ਪ੍ਰੇਮ ਨੂੰ ਤੀਬਰ ਤੇ ਤਿਖਾ ਕਰ ਦੇਂਦੇ ਹਨ। ਇਕੋ ਇਕ ਪਉੜੀ ਵਿਚ ਅਜਿਹੀਆਂ ਕਈ ਮਿਸਾਲਾਂ ਪੇਸ਼ ਕਰਦੇ ਹਨ :-

ਮਛੀ ਦੇ ਪਰਵਾਰ ਵਾਂਗ ਜੀਵਣ ਮਰਣ ਨ ਵਿਸਰੈ ਪਾਣੀ।
ਜਿਉਂ ਪਰਵਾਰ ਪਤੰਗ ਦਾ ਦੀਪਕ ਬਾਝ ਨ ਹੋਰ ਸਞਾਣੀ।
ਜਿਉਂ ਜਲ ਕਮਲ ਪਿਆਰ ਹੈ, ਭਵਰ ਕਵਲ ਕੁਲ ਪ੍ਰੀਤਿ ਵਖਾਣੀ।
ਬੂੰਦ ਬਬੀਹੇ ਮਿਰਗ ਨਾਦ, ਕੋਇਲ ਜਿਉਂ ਫਲ ਅੰਬ ਲੁਭਾਣੀ।
ਮਾਨ ਸਰੋਵਰ ਹੰਸਲਾ ਓਹ ਅਮੋਲਕ ਰਤਨਾ ਖਾਣੀ।
ਚਕਵੀ ਸੂਰਜ ਹੇਤ ਹੈ ਚੰਦ ਚਕੋਰੈ ਚੋਜ ਵਿਡਾਣੀ।
ਗੁਰਸਿਖ ਵੰਸੀ ਪਰਮ ਹੰਸ ਸਤਿਗੁਰੁ ਸਹਜ ਸਰੋਵਰ ਜਾਣੀ।
ਮੁਰਗਾਈ ਨੀਸ਼ਾਣ ਨੀਸਾਣੀ।[1]

ਗੁਰੂ ਲਈ ਸਿਖ ਦੀ ਪ੍ਰੀਤ ਦਾ ਨਕਸ਼ਾ ਖਿਚਣ ਲਈ, ਇਸ ਪ੍ਰੀਤ ਨੂੰ ਉਜਾਗਰ ਕਰਨ ਲਈ ਸ਼ਿੰਗਾਰ ਰਸ ਪ੍ਰਤੀਆ ਦੁਨਿਆਵੀ ਪ੍ਰੀਤ ਕਹਾਣੀਆਂ ਦੇ ਪ੍ਰੇਮ-ਜੋੜਿਆਂ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਨੇ ਟੇਢੇ ਢੰਗ ਨਾਲ ਸ਼ਿੰਗਾਰ ਰਸ ਦੀ ਵਰਤੋਂ ਕੀਤੀ ਹੈ :-

ਲੈਲਾ ਮਜਨੂੰ ਆਸਕੀ ਚਹੁੰ ਚਕੀ ਜਾਤੀ।
ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ।
ਸੱਸੀ ਪੁੰਨੂੰ ਦੋਸਤੀ ਹੋਇ ਜਾਤ ਅਜਾਤੀ।

1. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 27

ਮਹੀਂਵਾਲ ਨੋ ਸੋਹਣੀ ਨੈਂ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹ ਪਿਰਮ ਪਰਾਤੀ।
ਪੀਰ ਮੁਰੀਦਾਂ ਪਿਰਹੜੀ ਗਾਵਣ ਪਰਭਾਤੀ।[1]

ਭਾਈ ਸਾਹਿਬ ਨੇ ਵਾਹਿਗੁਰੂ, ਗੁਰੂ ਲਈ ਸਿਖ ਦੀ ਪ੍ਰੀਤ ਨੂੰ ਗਾਇਆ ਹੈ। ਇਸ ਪ੍ਰੀਤ ਦਾ ਸੰਬੰਧ ਅਧਿਆਤਮਕ ਕੀਮਤਾਂ ਨਾਲ ਹੈ। ਇਸ ਵਿਚ ਵਿਸ਼ੇ ਵਾਸ਼ਨਾ ਦੀ ਝਾਕਣੀ ਨਹੀਂ, ਇਹ ਪ੍ਰੀਤ ਕਿਸੇ ਬਾਹਰਲੀ ਸਰੀਰਕ ਸੁੰਦਰਤਾ ਤੋਂ ਨਹੀਂ ਉਪਜਦੀ, ਇਸ ਦਾ ਸੰਬੰਧ ਗੁਰ ਦੇ ਸੁਹਪਣ ਨਾਲ ਹੈ। ਇਸੇ ਲਈ ਭਾਈ ਸਾਹਿਬ ਦੀ ਰਚਨਾ ਵਿਚ ਸ਼ਿੰਗਾਰ ਰਸ ਬੜੀ ਉੱਚੀ ਪੱਧਰ ਦਾ ਹੈ। ਇਸ ਸੰਬੰਧ ਵਿਚ ਇਕ ਹੋਰ ਉਦਾਹਰਣ ਦੇਂਦੇ ਹਾਂ :-

ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲ ਹੋਨ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜ ਮੂੰਹ ਵਖਾਲੇ।
ਮੋਰ ਬਬੀਹੇ ਬੋਲਦੇ ਵੇਖ ਬੱਦਲ ਕਾਲੇ।
ਨਾਰ ਭਤਾਰ ਪਿਆਰ ਹੈ, ਮਾਂ ਪੁੱਤ ਸਮਾਲੇ।
ਪੀਰ ਮੁਰੀਦਾਂ ਪਿਰਹੜੀ ਓਹ ਨਿਬਹੇ ਨਾਲੇ।[2]

ਵਾਰਾਂ ਨਾਲੋਂ ਭਾਈ ਸਾਹਿਬ ਦੀ ਰਚਨਾ ਕਬਿੱਤ ਸਵੱਯੇ ਵਿਚ ਸ਼ਿੰਗਾਰ ਰਸ ਵਧੇਰੇ ਖਿੜਿਆ ਹੈ। ਆਪਣੇ ਗੁਰੂ ਲਈ ਪ੍ਰੀਤ, ਵਿਜੋਗ ਵਿਚ ਵਸਲ ਲਈ ਬਿਹਬਲਤਾ, ਪ੍ਰੀਤ-ਮਿਲਣੀ ਲਈ ਸਿਕ ਨਾਲ ਭਰਪੂਰ ਕਬਿੱਤ ਸਵੱਯੇ ਵਿਜੋਗ ਸ਼ਿੰਗਾਰ ਰਸ ਦੇ ਉੱਤਮ ਨਮੂਨੇ ਹਨ। ਭਾਈ ਸਾਹਿਬ ਦੀ ਵਿਜੋਗ-ਅਵੱਸਥਾ ਵਿਚ ਆਪ-ਬੀਤੀ ਦੇ ਚਿੱਤਰ ਹਨ, ਜਿਹਨਾਂ ਵਿਚ ਹੌਕੇ, ਹਾਵੇ, ਪਛਤਾਵੇ, ਦਿਲ ਪੀੜਾ ਤੇ ਵਿਆਕੁਲਤਾ ਭਰੀ ਪਈ ਹੈ। ਅਜਿਹੇ ਵਿਜੋਗ ਵਰਣਨ ਦਾ ਅਸਰ ਸਿੱਧਾ ਹਿਰਦੇ ਤੇ ਪੈਂਦਾ ਹੈ ਤੇ ਵਿੰਨਦਾ ਚਲਾ ਜਾਂਦਾ ਹੈ.

ਜਿਹਜਾ ਸਮੈ ਅਗਯਾਨ ਮਾਨ ਕੈ ਬਿਸਾਹਿ ਨਾਹਿ,
ਤਨਕ ਹੀ ਮੈ ਤਿਸਾਹਿ ਸਉਤ ਕੇ ਸਿਧਾਰੇ ਹੈ।
ਪਾਛੇ ਪਛੁਤਾਇ ਹਾਇ ਹਾਇ ਕਰਿ, ਕਰ ਮੀਜ,
ਮੂੰਡ ਧੁਨਿ ਧੁਨਿ ਕੋਟਿ ਜਨਮ ਧਿਕਾਰੇ ਹੈ।
ਅੰਤਰ ਨ ਪਾਵੋਂ, ਬਿਲਲਾਵੋਂ ਦੀਨ ਦੁਖਤ ਹ੍ਵੈ,
ਬਿਰਹ ਬਿਯੋਗ ਸੋਗ ਆਤਮ ਸੰਘਾਰੇ ਹੈ।
ਪਰਉਪਕਾਰ ਕੀਜੈ, ਲਾਲਨ ਮਨਾਇ ਦੀਜੈ,

1. ਵਾਰਾਂ ਭਾਈ ਗੁਰਦਾਸ, ਵਾਰ 27, ਪਉੜੀ 1
2. ਉਹੀ ,, ਵਾਰ 27, ਪਉੜੀ 4

ਸੁਹਣਾ ਕਰ ਵਿਖਾਇਆ ਹੈ। ਇਸ ਦੇ ਟਾਕਰੇ ਤੇ ਸੰਜੋਗ-ਸਿੰਗਾਰ-ਰਸ ਦੀ ਉਦਾਹਰਣ ਵੀ ਵੇਖਣ ਯੋਗ ਹੈ-

ਲੋਚਨ ਤ੍ਰਿਪਤ ਅਵਲੋਕਤ ਅਨੂਪ ਰੂਪ,
ਪਰਮ ਪਿਆਸ ਜਾਨਿ ਤ੍ਰਿਪਤਿ ਨ ਆਇ ਹੈ ਪ੍ਰਿਯ,
ਸ੍ਰਵਨ ਦਾਰਿਦ੍ਰੀ ਸੁਨਿ ਅੰਮ੍ਰਿਤ ਬਚਨ ਪ੍ਰਿਯ,
ਅਦਭੁਤ ਸੁਰਤ ਪਿਆਸ ਨ ਮਿਟਾਵੀ ਹੈ।
ਰਸਨਾ ਰਟਤ ਗੁਨ ਗੁਰੂ ਅਗੁਨੀਵ ਗੁਰ,
ਚਾਤ੍ਰਿਕ ਜੁਗਤਿ ਗਤਿ ਮਤਿ ਨ ਅਘਾਹੀ ਹੈ।
ਪੇਖਤ ਸੁਨਤਿ ਸਿਮਰਤਿ ਬਿਸਮਾਦ ਰਸਿ,
ਰਸਿਕ ਪ੍ਰਗਾਸ ਪ੍ਰੇਮ ਤ੍ਰਿਸਨਾ ਬਢਾਈ ਹੈ।[1]

ਸੰਜੋਗ ਦੀ ਅਵੱਸਥਾ ਹੈ, ਅੱਖਾਂ ਦੀਦਾਰ ਮਾਣਦੀਆਂ ਹਨ, ਪਰ ਰਜਦੀਆਂ ਨਹੀਂ, ਕੰਨ ਪਿਆਰੇ ਦੇ ਅੰਮ੍ਰਿਤ ਬਚਨ ਸੁਣਦੇ ਹਨ ਪਰ ਤ੍ਰਿਪਤੀ ਨਹੀਂ ਹੁੰਦੀ ਜੀਭ ਗੁਰੂ-ਗੁਣ ਗਾਇਨ ਕਰਦੀ ਥਕਦੀ ਨਹੀਂ। ਇਹ ਇਕ ਅਨੂਠੀ ਅੱਵਸਥਾ ਹੈ। ਇਸ ਅਵੱਸਥਾ ਵਿਚ ਵੇਖਦਿਆਂ ਸੁਣਦਿਆਂ, ਸਿਮਰਦਿਆਂ, ਵਿਸਮਾਦ ਰਸ ਪ੍ਰਗਾਸ ਪਾ ਰਿਹਾ ਹੈ ਤੇ ਨਾਲ ਹੀ ਤ੍ਰਿਸ਼ਨਾ ਨੂੰ ਹੋਰ ਵਧਾ ਰਿਹਾ ਹੈ।

ਬੀਰ ਰਸ :- ਜਿਵੇਂ ਸਿੰਗਾਰ-ਰਸ ਦਾ ਸਥਾਈ ਭਾਵ ਪ੍ਰੇਮ (ਰਤੀ) ਹੈ, ਬੀਰ-ਰਸ ਦਾ ਸਥਾਈ ਭਾਵ ਉਤਸ਼ਾਹ ਹੈ। ਇਹ ਉਤਸ਼ਾਹ ਜ਼ਰੂਰੀ ਨਹੀਂ ਕਿ ਕੇਵਲ ਰਣ-ਤੱਤੇ ਵਿਚ ਹੀ ਹੋਵੇ, ਭਾਵ ਬੀਰਤਾ ਜਾਂ ਬੀਰ-ਰਸ ਜ਼ਰੂਰੀ ਤੌਰ ਤੇ ਯੁਧ ਦੇ ਸਮੇਂ ਨਾਲ ਹੀ ਸੰਬੰਧਤ ਨਹੀਂ। ਇਹ ਬੀਰਤਾ ਤੇ ਬੀਰਤਾ ਦਾ ਸਥਾਈ ਭਾਵ, ਉਤਸ਼ਾਹ, ਜੀਵਨ ਦੇ ਹੋਰ ਖੇਤਰਾਂ ਵਿਚ ਵੀ ਉਜਾਗਰ ਹੁੰਦਾ ਹੈ। ਜਿਵੇਂ ਯੁਧ ਬੀਰਤਾ ਵਿਖਾਉਣ ਵਾਲਾ ਯੁਧ-ਵੀਰ ਹੈ, ਦਾਨ ਦੇਣ ਦੀ ਵੀਰਤਾ ਵਿਖਾਉਣ ਵਾਲਾ ਦਾਨ-ਵੀਰ ਕਹਾਏਗਾ, ਇਸੇ ਤਰ੍ਹਾਂ ਦਇਆ-ਵੀਰ, ਕਰਮ-ਵੀਰ, ਧਰਮ-ਵੀਰ ਹੋਵੇਗਾ। ਮਨੁੱਖੀ ਜੀਵਨ ਦੇ ਜਿਸ ਅੰਗ ਦਾ ਉਤਸ਼ਾਹ ਪਰਗਟ ਹੋਵੇਗਾ ਉਹ ਮਨੁੱਖ ਉਸ ਅੰਗ ਕਾਰਨ ਬੀਰ ਕਹਾਏਗਾ।

ਅਧਿਆਤਮਕ ਬੀਰ-ਰਸ ਕਾਵਿ-ਧਾਰਾ ਵਿਚ ਬੀਰ ਉਹੀ ਹੈ ਜੋ ਸਤਿ, ਸੰਤੋਖ ਦਇਆ, ਧਰਮ ਆਦਿ ਹਥਿਆਰ ਲੈ ਕੇ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਆਦਿ ਵਿਸ਼ੇ ਵਿਕਾਰਾਂ ਤੇ ਹੋਰ ਮਨੋਵਿਕਾਰਾਂ ਨਾਲ ਜੰਗ ਮਚਾਏਗਾ, ਇਹਨਾਂ ਨੂੰ ਪਛਾੜੇਗਾ, ਖ਼ਤਮ ਕਰੇਗਾ। ਭਾਈ ਸਾਹਿਬ

1. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਕਬਿੱਤ ਨੰ: 653

ਦੀਆਂ ਵਾਰਾਂ ਅਧਿਆਤਮਕ ਬੀਰ-ਰਸ ਕਾਵਿ-ਧਾਰਾ ਦਾ ਅੰਗ ਹਨ। 'ਵਾਰ' ਦਾ ਧੁਰਾ ਸੰਘਰਸ਼ ਹੈ। ਇਹ ਦੁਨਿਆਵੀ ਵੀ ਹੋ ਸਕਦਾ ਹੈ ਤੇ ਆਤਮਕ ਵੀ। ਭਾਈ ਸਾਹਿਬ ਦੀਆਂ ਵਾਰਾਂ ਵਿਚ ਗੁਰਮਤ ਵਿਚਾਰਧਾਰਾ ਦਾ ਉਲੇਖ ਹੈ। ਗੁਰਮਤ ਵਿਚਾਰਾਂ ਦੀ ਉੱਤਮਤਾ ਕਾਰਨ ਇਹਨਾਂ ਵਾਰਾਂ ਵਿਚ ਉਪਜਿਆ ਸੰਘਰਸ਼ ਆਤਮਕ ਵੀ ਹੈ ਤੇ ਸਮਾਜਕ ਵੀ। ਗੁਰੂ ਨਾਨਕ ਦੇਵ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਚਮਤਕਾਰ ਵੇਖ, ਸਮਾਜ ਨੇ ਕਰਵਟ ਬਦਲੀ, ਇਕ ਨਵਾਂ ਇਨਕਲਾਬ ਆਇਆ ਪਿਆਰ-ਵਿਹੂਣ ਤਾਕਤਾਂ ਨੂੰ ਭਾਜੜਾਂ ਪੈ ਗਈਆਂ। ਇਹ ਸਭ ਕੁਝ ਵਿਖਾਦਿਆਂ ਭਾਈ ਗੁਰਦਾਸ ਨੇ ਕਿਹੇ ਅਨੂਠੇ ਢੰਗ ਨਾਲ ਬੀਰ-ਰਸ ਦਾ ਨਿਰਮਾਣ ਕੀਤਾ ਹੈ :-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ। 1

ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਨੂੰ ਨਾਇਕ ਬਣਾਇਆ ਗਿਆ ਹੈ। ਇਸ ਨਾਇਕ ਦੀਆਂ ਜਿੱਤਾਂ ਦਾ ਕੋਈ ਅੰਤ ਸ਼ੁਮਾਰ ਨਹੀਂ :-

ਗੜ੍ਹ ਬਗਦਾਦ ਨਿਵਾਇਕੇ ਮਕਾ ਮਦੀਨਾ ਸਭ ਨਿਵਾਯਾ।
ਸਿਧ ਚੁਰਾਸੀ ਮੰਡਲੀ ਖਟ ਦਰਸ਼ਨ ਪਾਖੰਡ ਜਿਣਾਯਾ।
ਪਾਤਾਲਾਂ ਆਕਾਸ਼ ਲੱਖ ਜਿਤੀ ਧਰਤੀ ਜਗਤ ਸਬਾਯਾ।
ਜੀਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕਰ ਫਿਰਾਯਾ।
ਦੇਵ ਦਾਨੋ ਰਾਖਸ ਦੈਂਤ ਸਭ ਚਿਤ੍ਰ ਗੁਪਤ ਸਭ ਪੈਰੀ ਪਾਯਾ। 2

ਬਾਬੇ ਕੋਲ 'ਸਤਿਨਾਮ' ਦਾ ਹਥਿਆਰ ਹੈ। ਇਸ ਹਥਿਆਰ ਨਾਲ ਇਸ ਜੋਧੇ ਨੇ ਕਿਹੜੀ ਕਿਹੜੀ ਆਤਮਕ ਜੰਗ ਨਹੀਂ ਜਿੱਤੀ ਤੇ ਅਖੀਰ ਸਿੱਟਾ ਕੀ ਨਿਕਲਿਆ :-

ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਦੁ-ਆਈ।
ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਇ।
ਬੁਕਿਆ ਸਿੰਘ ਉਜਾੜ ਵਿਚ ਸਭ ਮਿਰਗਾਵਲ ਭੰਨੀ ਜਾਈ 3 ।

ਤੇ ਫਿਰ, ਚੜ੍ਹੂੰ ਸਵਾਈ ਦਹ ਦਿਹੀ ਕਲਿਯੁਗ ਨਾਨਕ ਨਾਮ ਧਿਆਯਾ।
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ 4

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 27
2. ਉਹੀ ,, ਵਾਰ ਪਹਿਲੀ, ਪਉੜੀ 37
3. ਉਹੀ ,, ਵਾਰ ਪਹਿਲੀ, ਪਉੜੀ 34
4. ਉਹੀ ,, ਵਾਰ ਪਹਿਲੀ, ਪਉੜੀ 45

* ਪਾਠਾਂਤਰ ਭੇਦ ਦੁ-ਆਈ ਦੀ ਥਾਂ ਗੁ-ਆਈ ਵੀ ਮਿਲਦਾ ਹੈ 'ਤੇ ਗੁਆਈਂ' ਵੀ।

ਇਹ ਹੈ ਚਮਤਕਾਰੀ ਬੀਰ-ਰਸ, ਇਹ ਹੈ ਬੀਰ ਜੋਧੇ ਦਾ ਕਮਾਲ ਹੈ।

ਯੁਧ-ਭੂਮੀ ਦੇ ਨਜ਼ਾਰੇ ਪਹਿਲੀ ਵਾਰ ਦੀਆਂ ਬਹੁਤ ਸਾਰੀਆਂ ਪਉੜੀਆਂ ਵਿਚ ਅੰਕਿਤ ਹੋਏ ਦ੍ਰਿਸ਼ਟੀ ਗੋਚਰ ਹੁੰਦੇ ਹਨ। ਇਹਨਾਂ ਵਿਚ ਗਰਜ ਹੈ, ਧਮਾਕਾ ਹੈ, ਨਾਹਰੇ ਹਨ, ਹਾਰਾਂ ਜਿੱਤਾਂ ਦਾ ਵਰਣਨ ਹੈ, ਚੜ੍ਹਾਈ ਕਰਨ ਦੀਆਂ ਗੱਲਾਂ ਹਨ। ਪਹਿਲੀ ਵਾਰ ਦੀ ਪਉੜੀ ਨੰ 27 ਤੋਂ ਲੈ ਕੇ ਪਉੜੀ ਨੰ 44 ਤਕ ਇਹੀ ਜੰਗੀ ਨਜ਼ਾਰੇ ਤੇ ਇਕ ਤੋਂ ਬਾਦ ਦੂਜੀ ਘਟਨਾ ਦਾ ਵਾਪਰਨਾ ਇੰਜ ਬਿਆਨ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਇਕ ਮਹਾਨ ਨਾਇਕ ਤੇ ਬਲਵਾਨ ਤੇ ਅਜਿੱਤ ਜੋਧੇ ਦੇ ਰੂਪ ਵਿਚ ਪਰਗਟ ਹੁੰਦੇ ਹਨ। ਕੋਈ ਵੀ ਤਾਂ ਨਹੀਂ ਜੋ ਉਨ੍ਹਾਂ ਦੇ ਸਾਹਮਣੇ ਟਿਕ ਸਕੇ, ਸਭ ਲੋਹਾ ਮੰਨਦੇ ਹਨ। ਇਹ ਉਨ੍ਹਾਂ ਦੀ ਸਖਸ਼ੀਅਤ ਦੀ ਜਿੱਤ ਹੈ, ਉਨ੍ਹਾਂ ਦੇ ਸਿਧਾਂਤਾਂ ਦੀ ਜਿੱਤ ਹੈ ਜਿਸ ਦੇ ਟਾਕਰੇ ਤੇ ਫੋਕਟ ਧਰਮ, ਵਹਿਮ-ਭਰਮ, ਪਖੰਡ, ਜ਼ੋਰ, ਅਤਿਆਚਾਰ, ਵਰਣ-ਆਸ਼ਰਮ, ਸਭ ਢਹਿ ਢੇਰੀ ਹੋ ਜਾਂਦੇ ਹਨ। ਇਹਨਾਂ ਪਉੜੀਆਂ ਵਿਚ ਵਰਤੀ ਸ਼ਬਦਾਵਲੀ ਵੀ ਇਸ ਪੱਖ ਨੂੰ ਪੂਰਦੀ ਹੈ ਤੇ ਇਸੇ ਸ਼ਬਦਾਵਲੀ ਕਾਰਨ ਬੀਰ-ਰਸ ਦਾ ਵਾਤਾਵਰਣ ਉਪਜ ਸਕਿਆ ਹੈ। ਕੁਝ ਟੂਕਾਂ ਵੇਖੋ :-

ਫਿਰ ਜਾ ਚੜੇ ਸੁਮੇਰ......—...[1]
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੈ ਗੁਰੂ ਦੀ ਝਾਲਾ।[2]
ਉਗਵਣ ਤੇ ਆਥਵਣ ਨਉਖੰਡ ਪ੍ਰਿਥਵੀ ਸਭ ਝੁਕਾਈ।[3]

ਜੰਗ ਯੁਧ ਵਿਚ ਜਿਥੇ ਸੂਰਮੇ ਭਿੜਦੇ ਹਨ, ਉਥੇ ਉਹਨਾਂ ਵਿਚ ਤਕਰਾਰ ਵੀ ਹੁੰਦੀ ਹੈ, ਇਕ ਦੂਜੇ ਨੂੰ ਲਲਕਾਰਿਆ ਵੀ ਜਾਂਦਾ ਹੈ ਤੇ ਨੀਵਾਂ ਵਿਖਾਣ ਲਈ ਦੁਰਕਾਰਿਆ ਵੀ ਜਾਂਦਾ ਹੈ। ਸਿਧਾਂ ਨਾਲ ਗੋਸ਼ਟ ਸਮੇਂ ਗੁਰੂ ਨਾਨਕ ਦੇ ਬਲ ਭਾਈ ਗੁਰਦਾਸ ਦੀ ਜ਼ਬਾਨੀ ਸੁਣੋ :-

ਨਾਨਕ ਆਖੇ ਭੰਗਰ ਨਾਥ ਤੇਰੀ ਮਾਊ ਕੁਚੱਜੀ ਆਹੀ।
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲ ਸੜਾਈ।[4]

ਤੇ ਫਿਰ ਕਿਹਾ ਸੋਹਣਾ ਮਿਹਣਾ ਮਾਰ ਕੇ ਸ਼ਰਮਿੰਦਾ ਕਰਦੇ ਹਨ :-

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਣ ਜਾਈ।

ਬਿਨ ਦਿਤੇ ਕਿਛੁ ਹਥ ਨ ਆਈ।[5]

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 28
2. ਉਹੀ ,, ਵਾਰ ਪਹਿਲੀ, ਪਉੜੀ 31
3. ਉਹੀ ,, ਵਾਰ ਪਹਿਲੀ, ਪਉੜੀ 34
4. ਉਹੀ ,, ਵਾਰ ਪਹਿਲੀ, ਪਉੜੀ 40
5. ਉਹੀ ,, ਵਾਰ ਪਹਿਲੀ, ਪਉੜੀ 40

ਜ਼ਰਾ ਗੁਰੂ ਹਰਗੋਬਿੰਦ ਸਾਹਿਬ ਦਾ ਜਲਾਲੀ ਰੂਪ ਵੀ ਵੇਖੋ, ਕਿਤਨਾ ਬੀਰ-ਰਸੀ ਵਰਨਨ ਹੈ ਸੂਰਮੇ ਦਾ,

ਦਲ ਭਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।[1]

ਵਾਰ ਵਿਚ ਨਾਇਕ ਦਾ ਜੱਸ ਵੀ ਹੁੰਦਾ ਹੈ। ਉਸ ਦੇ ਸ਼ੁਭ ਗੁਣਾਂ ਦੀ ਵਡਿਆਈ ਕੀਤੀ ਜਾਂਦੀ ਹੈ। ਇੰਜ ਕਰਦਿਆਂ ਖਲਨਾਇਕ ਤੇ ਉਸ ਦੇ ਅਸ਼ੁਭ ਗੁਣਾਂ ਜਾਂ ਔਗੁਣਾਂ ਦਾ ਟਾਕਰਾ ਵੀ ਹੋ ਜਾਂਦਾ ਹੈ। ਇਸ ਟਾਕਰੇ ਵਿਚੋਂ ਵੀ ਬੀਰ-ਰਸ ਝਲਕਦਾ ਹੈ :-

ਗੁਰਮੁਖ ਸੁਖ ਫਲ ਸਚ ਹੈ ਮਨਮੁਖ ਦੁਖ ਫਲ ਕੂੜ ਕੁੜਾਵਾ ।
ਗੁਰਮੁਖ ਸਚ ਸੰਤੋਖ ਰੁੱਖ ਦੁਰਮਤਿ ਦੂਜਾ ਭਾਉ ਪਛਾਵਾ ।
ਗੁਰਮੁਖ ਸਚ ਅਡੋਲ ਹੈ ਮਨਮੁਖ ਫੇਰ ਫਿਰੰਦੀ ਛਾਵਾ ।
ਗੁਰਮੁਖ ਕੋਇਲ ਅੰਬ ਵਣ, ਮਨਮੁਖ ਵਣ ਵਣ ਹੰਢਨਿ ਕਾਵਾ ।[2]

ਅਧਿਆਤਮਕ ਵਾਰਾਂ ਵਿਚ ਪ੍ਰਭੂ ਨੂੰ ਨਾਇਕ ਬਣਾਇਆ ਗਿਆ ਹੈ। ਭਾਈ ਸਾਹਿਬ ਨੇ ਗੁਰੂ ਨਾਨਕ ਨੂੰ ਵੀ ਨਾਇਕ ਦੇ ਰੂਪ ਵਿਚ ਚਿਤਰਿਆ ਹੈ। ਇਹਨਾਂ ਤੋਂ ਬਾਦ ਜੇ ਕੋਈ ਨਾਇਕ ਹੈ ਤਾਂ ਉਹ ਗੁਰਮੁਖ ਹੈ। "ਗੁਰਮੁਖ ਨਾਇਕ ਹੈ ਕਿਉਂਕਿ ਸਮੁਚੇ ਦੈਵੀ ਗੁਣਾਂ ਦਾ ਧਰਤੀ ਉਪਰ ਮੁਜਸਮਾ ਗੁਰਮੁਖ ਹੈ। ਇਸ ਕਰਕੇ ਉਹ ਸਰਵੋਤਮ ਨਾਇਕ ਹੈ।"[3] ਇਸ ਦੇ ਟਾਕਰੇ ਤੇ ਮਨਮੁਖ ਇਕ ਪ੍ਰਤਿ-ਨਾਇਕ ਹੈ ਜਿਸ ਵਿਚ ਸਾਰੇ ਔਗੁਣ ਹਨ। ਗੁਣਾਂ ਔਗੁਣਾਂ ਦੀ ਟੱਕਰ ਵਿਚੋਂ ਵੀ ਬੀਰ-ਰਸ ਉਤਪਨ ਹੁੰਦਾ ਹੈ ਤੇ ਗੁਰਮੁਖ ਦੇ ਟਾਕਰੇ ਤੇ ਮਨਮੁਖ ਬੜਾ ਘਟੀਆ ਜਿਹਾ, ਹਾਰਿਆ ਹੰਭਿਆ ਤੇ ਮਰੀਅਲ ਮਾੜੂਆ ਦਿਸਦਾ ਹੈ :-

ਗੁਰਮੁਖਿ ਸੱਚ ਸੁਲੱਖਣਾ ਸਭ ਸੁਲੱਖਣੇ ਸੱਚ ਸੁਹਾਵਾ ।
ਮਨਮੁਖ ਕੂੜ ਕੁਲੱਖਣਾ ਸਭ ਕੁਲੱਖਣ ਕੂੜ ਕੁਦਾਵਾ ।
ਸੱਚ ਸੁਇਨਾ ਕੂੜ ਕੱਚ ਹੈ, ਕੱਚ ਨ ਕੰਚਨ ਮੁੱਲ ਮੁਲਾਵਾ ।
ਸੱਚ ਭਾਰਾ ਕੂੜ ਹਉਲੜਾ ਪਵੈ ਨ ਰਤਕ ਰਤਨ ਭੁਲਾਵਾ ।
ਸੱਚ ਹੀਰਾ ਕੂੜ ਫਟਕ ਹੈ, ਜੜੇ ਜੜਾਵ ਨ ਜੁੜੇ ਜੁੜਾਵਾ ।
ਸੱਚ ਦਾਤਾ ਕੂੜ ਮੰਗਤਾ, ਇਹੁ ਰਾਤੀ ਚੋਰ ਸ਼ਾਹ ਮਿਲਾਵਾ ।
ਸੱਚ ਸਾਬਤ ਕੂੜ ਫਿਰਦਾ ਫਾਵਾ ।[4]

1. ਵਾਰਾਂ ਭਾਈ ਗੁਰਦਾਸ, ਪਹਿਲੀ, ਪਉੜੀ 48
2. ਉਹੀ ,, ਵਾਰ 30, ਪਉੜੀ 2
3. ਪ੍ਰਤਿਲਿਪ ਅਧਿਆਤਮਕ ਵਾਰਾਂ, ਪੰਨਾਂ 29
4. ਵਾਰਾਂ ਭਾਈ ਗੁਰਦਾਸ, ਵਾਰ _0, ਪਉੜੀ 5

ਭਾਈ ਗੁਰਦਾਸ ਨੇ ਇਕ ਪਉੜੀ ਵਿਚ ਸਿਪਾਹੀ ਦੇ ਜੰਗ ਵਿਚ ਸਿਰ ਵਢਣ ਤੇ ਲੜ ਮਰਨ ਦਾ ਚਿੱਤਰ ਖਿਚ ਕੇ ਕਾਮ ਆਦਿਕ ਵੈਰੀਆਂ ਨਾਲ ਲੜਨ ਵਾਲੇ ਗੁਰਮੁਖ ਦੀ ਸ਼ਲਾਘਾ ਕੀਤੀ ਹੈ। ਸਿਪਾਹੀ ਆਪਣੇ ਮਾਲਕ ਦਾ ਨਿਮਕ ਹਲਾਲ ਕਰਨ ਲਈ ਜੰਗ ਵਿਚ ਜੂਝ ਜਾਂਦਾ ਹੈ ਤੇ ਰਬ ਦਾ ਪਿਆਰਾ ਵਕਤ ਨੂੰ ਸੰਭਾਲ ਕੇ ਵਿਸ਼ੇ ਵਿਕਾਰਾਂ ਨੂੰ ਸਾਧਦਾ ਤੇ ਹਉਮੈ ਨੂੰ ਮਾਰ ਕੇ ਖਪਾ ਦੇਂਦਾ ਹੈ। ਬੀਰ-ਰਸ ਉਭਾਰਨ ਲਈ ਇਹ ਪਉੜੀ ਇਕ ਚੰਗੀ ਉਦਾਹਰਣ ਹੈ -:

ਲੂਣ ਸਾਹਿਬ ਦਾ ਖਾਇਕੇ ਰਣ ਅੰਦਰ ਲੜ ਮਰੈ ਸੁ ਜਾਪੈ।
ਸਿਰ ਵੱਢੇ ਹਥਿਆਰ ਕਰ ਵਰੀਆਮਾਂ ਵਰਿਆਮ ਸਿਞਾਪੈ।
ਤਿਸ ਪਿੱਛੈ ਜੋ ਇਸਤਰੀ ਥਪਿ ਬੇਣੀ ਦੇ ਵਰੈ ਸਰਾਪੈ।
ਪੋਤੇ ਪੁਤ ਵਡੀਰੀਅਨ ਪਰਵਾਰੈ ਸਾਧਾਰ ਪਰਾਪੈ।
ਵਖਤੇ ਉਪਰ ਲੜ ਮਰੈ ਅੰਮ੍ਰਿਤ ਵੇਲੇ ਸ਼ਬਦ ਅਲਾਪੈ।
ਸਾਧ ਸੰਗਤਿ ਵਿਚ ਜਾਇਕੇ ਹਉਮੈ ਮਾਰ ਮਰੈ ਆਪ ਆਪੈ।
ਲੜ ਮਰਨਾ ਤੇ ਸਤੀ ਹੋਣ ਗੁਰਮੁਖ ਪੰਥ ਪੂਰਣ ਪਰਤਾਪੈ।
ਸਚ ਸਿਦਕ ਸਚ ਪੀਰ ਪਛਾਪੈ।[1]

ਸ਼ਾਂਤ-ਰਸ :– ਰਸ-ਸਿਧਾਂਤ ਦੇ ਮੋਢੀ ਭਰਤ ਮੁਨੀ ਨੇ ਸ਼ਾਂਤ-ਰਸ ਨੂੰ ਰਸਾਂ ਵਿਚ ਸ਼ਾਮਲ ਨਹੀਂ ਕੀਤਾ। ਪਰ ਵਿਸ਼ਵਾ ਨਾਥ ਨੇ ਇਸ ਰਸ ਨੂੰ ਪਰਵਾਨ ਕੀਤਾ ਹੈ। ਮੰਮਟ ਅਨੁਸਾਰ 'ਨਿਰਵੇਦ' ਸਥਾਈ ਭਾਵ ਵਾਲਾ 'ਸ਼ਾਂਤ' ਨੌਵਾਂ ਰਸ ਹੈ।[2] ਸ਼ਾਂਤ-ਰਸ ਦਾ ਸਥਾਈ ਭਾਵ ਨਿਰਵੇਦ ਹੈ। ਨਿਰਵੇਦ ਇਕ ਪ੍ਰਕਾਰ ਦਾ ਵੈਰਾਗ ਜਾਂ ਉਪਰਾਮਤਾ ਹੈ। ਇਹ ਵੈਰਾਗ ਜਾਂ ਉਪਰਾਮਤਾ ਦਾ ਭਾਵ, ਸੰਸਾਰ ਦੀ ਅਸਾਰਤਾ ਤੇ ਪ੍ਰਭੂ-ਗਿਆਨ ਕਾਰਨ ਉਤਪੰਨ ਹੁੰਦਾ ਹੈ ਤੇ ਗੁਰੂ, ਸਤਿ-ਸੰਗ ਆਦਿ ਇਸ ਭਾਵ ਨੂੰ ਜਗਾ ਕੇ ਤੀਬਰ ਕਰਦੇ ਹਨ। ਭਗਤੀ-ਕਾਵਿ ਤੇ ਖ਼ਾਸ ਕਰ ਕੇ ਅਧਿਆਤਮਕ ਕਵਿਤਾ ਵਿਚ ਸ਼ਾਂਤ-ਰਸ ਦੀ ਪ੍ਰਧਾਨਤਾ ਹੁੰਦੀ ਹੈ।

ਭਾਈ ਸਾਹਿਬ ਦੀਆਂ ਵਾਰਾਂ ਦਾ ਰੰਗ ਅਧਿਆਤਮਕ ਹੈ। 'ਵਾਰ' ਰੂਪ ਹੋਣ ਕਰ ਕੇ ਭਾਈ ਗੁਰਦਾਸ ਦੀ ਬਾਣੀ ਵਿਚ ਬੀਰ-ਰਸ ਹੈ, ਤੇ ਅਧਿਆਤਮਕ ਰੰਗਣ ਹੋਣ ਕਾਰਨ ਇਸ ਵਿਚ ਸ਼ਾਂਤ-ਰਸ ਹੈ। ਉਂਜ ਸ਼ਾਂਤ-ਰਸ ਤੇ ਬੀਰ-ਰਸ ਪਰਸਪਰ ਵਿਰੋਧੀ ਰਸ ਹਨ, ਪਰ ਭਾਈ ਸਾਹਿਬ ਦੀ ਵਿਸ਼ੇਸ਼ਤਾ ਇਹ ਹੈ ਕਿ ਦੋਹਾਂ ਵਿਰੋਧੀ ਰਸਾਂ ਨੂੰ ਇਕੋ ਥਾਂ ਨਿਭਾ ਕੇ ਉਹਨਾਂ ਵਿਚ ਇਕ ਸੁਮੇਲ ਜਾਂ ਇਕ-ਸੁਰਤਾ ਕਰ ਦਿੱਤੀ ਹੈ। ਛੰਦ ਬੀਰ-ਰਸੀ ਹੈ ਤੇ ਕਵਿਤਾ ਸ਼ਾਂਤ-ਰਸੀ। ਇਹ ਭਾਈ ਸਾਹਿਬ ਦੀ ਕਾਵਿ ਕਲਾ ਦੀ ਇਕ ਖ਼ਾਸ ਵਿਸ਼ੇਸ਼ਤਾ ਹੈ। ਭਾਈ ਸਾਹਿਬ ਦੀ ਹਰ ਪਉੜੀ ਵਿਚ ਸ਼ਾਂਤ-ਰਸ ਦੀ ਝਲਕ ਵੇਖੀ ਜਾ ਸਕਦੀ ਹੈ :—

1 ਵਾਰਾਂ ਭਾਈ ਗੁਰਦਾਸ, ਵਾਰ 30, ਪਉੜੀ 14;
2. ਕਾਵਯ-ਪ੍ਰਕਾਸ਼, ਉੱਲਾਸ 4, ਸੂਤ੍ਰ 41, ਪੰਨਾ 117.

ਸਾਧ ਸੰਗਤ ਭਉ ਭਾਉ ਸਹਿਜ ਬੈਰਾਗ ਹੈ।
ਗੁਰਮੁਖ ਸਹਿਜ ਸੁਭਾਉ ਸੁਰਤ ਸੁਜਾਗ ਹੈ।
ਮਧੁਰ ਬਚਨ ਅਲਾਉ ਹਉਮੈ ਤਿਆਗ ਹੈ।
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗ ਹੈ।
ਪਿਰਮ ਪਿਆਲੇ ਸਾਉ ਮਸਤਕ ਭਾਗ ਹੈ।
ਬ੍ਰਹਮ ਜੋਤਿ ਬ੍ਰਹਮਾਉ ਗਯਾਨ ਚਰਾਗ ਹੈ।
ਅੰਤਰ ਗੁਰਮਤ ਚਾਉ ਅਲਿਪਤ ਅਦਾਗ ਹੈ।
ਵੀਹ ਇਕੀਹ ਚੜਾਉ ਸਦਾ ਸੁਹਾਗ ਹੈ।[1]

ਗੁਰਮੁਖ ਦਾ ਹਿਰਦਾ ਸ਼ਾਂਤ-ਰਸ ਭਰਪੂਰ ਹੁੰਦਾ ਹੈ। ਭਾਈ ਸਾਹਿਬ ਨੇ ਗੁਰਮੁਖ ਦੀ ਬੜੀ ਵਡਿਆਈ ਕੀਤੀ ਹੈ। ਜਿੱਥੇ ਜਿੱਥੇ ਸਤਿਗੁਰ, ਸਾਧ ਸੰਗਤ, ਗੁਰਮੁਖ ਆਦਿ ਬਾਰੇ ਬਚਨ ਕਹੇ ਹਨ ਉਥੇ ਸਾਂਤ-ਰਸ ਦਾ ਵਾਤਾਵਰਣ ਪਸਰਿਆ ਹੋਇਆ ਪ੍ਰਤੀਤ ਹੁੰਦਾ ਹੈ ਫੇਰ ਕਿਉਂਕਿ ਵਾਰਾਂ ਗੁਰਬਾਣੀ ਦੀ ਹੀ ਵਿਆਖਿਆ ਕਰਦੀਆਂ ਹਨ, ਤੇ ਗੁਰਬਾਣੀ ਸ਼ਾਂਤ-ਰਸ ਭਰਪੂਰ ਹੈ, ਇਸ ਲਈ ਗੁਰਬਾਣੀ ਵਾਲੇ ਭਾਵ ਹੀ ਵਿਅਕਤ ਕਰਨ ਕਰ ਕੇ ਸ਼ਾਂਤ-ਰਸ ਇਸ ਰਚਨਾ ਦਾ ਮੁਖ ਰਸ ਬਣ ਗਿਆ ਹੈ।

ਚਲਣ ਹੁਕਮ ਰਜਾਇ ਗੁਰਮੁਖ ਜਾਣਿਆ।
ਗੁਰਮੁਖ ਪੰਥ ਚਲਾਇ ਚੱਲਣ ਭਾਣਿਆ।
ਸਿਦਕ ਸਬੂਰੀ ਪਾਇ ਕਰ ਸ਼ੁਕਰਾਣਿਆ।
ਗੁਰਮੁਖ ਅਲਖ ਲਖਾਇ ਚੋਜ ਵਿਡਾਣਿਆ।
ਵਰਤਣ ਬਾਲ ਸੁਭਾਇ ਆਦਿ ਵਖਾਣਿਆ।
ਸਾਧ ਸੰਗਤਿ ਲਿਵ ਲਾਇ ਸੱਚ ਸੁਹਾਣਿਆ।
ਜੀਵਨ ਮੁਕਤ ਕਰਾਇ ਸ਼ਬਦ ਸਿਞਾਣਿਆ।
ਗੁਰਮੁਖ ਆਪ ਗਵਾਇ ਆਪ ਪਛਾਣਿਆ।[2]

ਭਾਈ ਗੁਰਦਾਸ ਦੀ ਰਚਨਾ ਦਾ ਮਨੋਰਥ ਇਹ ਹੈ ਕਿ ਮਨੁੱਖ ਅਧਿਆਤਮਕ ਸੁਖ ਦੀ ਪ੍ਰਾਪਤੀ ਲਈ ਜਤਨ ਕਰੇ, ਉਸ ਦੀ ਮਾਨਸਿਕ ਤ੍ਰਿਪਤੀ ਹੋਵੇ ਤੇ ਇਿਜ ਕਿਸੇ ਅਨੂਠੇ ਅਨੰਦ ਵਿਚ ਪ੍ਰਵੇਸ਼ ਕਰੇ। ਇਸ ਰਾਹ ਤੇ ਟੁਰਿਆਂ ਮਨੁੱਖ ਦੀ ਆਸ਼ਾ ਤ੍ਰਿਸ਼ਨਾ ਮੁਕ ਜਾਂਦੀ ਹੈ, ਸੰਸਾਰੀ ਦੁੱਖਾਂ ਤੋਂ ਉਸ ਨੂੰ ਮੁਕਤੀ ਮਿਲਦੀ ਹੈ। ਅਜਿਹੀ ਅਵੱਸਥਾ ਵਿਚ ਪੁਜ ਕੇ ਮਨ ਦੁਚਿਤੀਆਂ ਵਿਚ ਨਹੀਂ ਪੈਂਦਾ, ਇਕ ਰਸ

1. ਵਾਰਾਂ ਭਾਈ ਗੁਰਦਾਸ, ਵਾਰ 3, ਪਉੜੀ 13.
2. ਉਹੀ ,, ਵਾਰ 22, ਪਉੜੀ 16.

ਹੋ ਜਾਂਦਾ ਹੈ, ਇਕ ਉਤੇ ਟਿਕ ਜਾਂਦਾ ਹੈ, ਟਿਕਾਉ ਦੀ ਪ੍ਰਾਪਤੀ ਹੀ ਸ਼ਾਂਤੀ ਦੀ ਪ੍ਰਾਪਤੀ ਹੈ। ਇਸੇ ਪ੍ਰਾਪਤੀ ਦਾ ਸਾਧਨ ਮਨੁੱਖ ਨੇ ਕਰਨਾ ਹੈ। ਭਾਈ ਸਾਹਿਬ ਦੀ ਰਚਨਾ ਇਸ ਪਾਸੇ ਅਗਵਾਈ ਕਰਦੀ ਹੈ :-

ਮਾਨ ਸਰੋਵਰ ਆਖੀਐ ਉਪਰ ਹੰਸ ਸੁਵੰਸ ਵਸੰਦੇ।
ਮੋਤੀ ਮਾਣਕ ਮਾਨਸਰ ਚੁਣ ਚੁਣ ਹੰਸ ਅਮੋਲ ਚੁੰਗਦੇ।
ਖੀਰ ਨੀਰ ਨਿਵਾਰਦੇ ਲਹਿਰੀਂ ਅੰਦਰ ਫਿਰਨ ਤਰੰਦੇ।
ਮਾਨ ਸਰੋਵਰ ਛਡ ਕੇ ਹੋਰਤ ਥਾਇ ਨ ਜਾਇ ਬਹੰਦੇ।
ਗੁਰਮੁਖ ਸੁਖਫਲ ਸਾਧ ਸੰਗ ਪਰਮ ਹੰਸ ਗੁਰਸਿਖ ਸੁਹੰਦੇ।
ਇਕ ਮਨ ਇਕ ਧਿਆਇੰਦੇ ਦੂਜੇ ਭਾਇ ਨ ਜਾਇ ਫਿਰੰਦੇ।
ਸ਼ਬਦ ਸੁਰਤ ਲਿਵ ਅਲਖ ਲਖੰਦੇ।[1]

ਹਾਸ-ਰਸ :-ਹਾਸ-ਰਸ ਬਾਰੇ ਵਿਸ਼ਵਾ ਨਾਥ ਲਿਖਦਾ ਹੈ "ਜਿੱਥੇ ਅਨੋਖਾ ਪਹਿਰਾਵਾ, ਅਨੋਖਾ ਰੂਪ-ਰੰਗ, ਅਨੋਖੀ ਬੋਲ ਚਾਲ ਆਦਿ ਵੇਖਣ ਸੁਣਨ ਨਾਲ 'ਹਾਸ' ਸਥਾਈ ਭਾਵ ਪੁਸ਼ਟ ਹੁੰਦਾ ਹੈ, ਉਥੇ ਹਾਸ-ਰਸ ਹੁੰਦਾ ਹੈ।[2] ਭਾਈ ਸਾਹਿਬ ਦੀਆਂ ਵਾਰਾਂ ਵਿਚ ਹਾਸ-ਰਸ ਦੀ ਚਾਸ਼ਨੀ ਮੌਜੂਦ ਹੈ। ਇਹ ਹਾਸ-ਰਸ ਵਿਅੰਗ ਦੇ ਰੂਪ ਵਿਚ ਉਜਾਗਰ ਹੋਇਆ ਹੈ। ਮੂਰਖਾਂ ਦੇ ਅਨੋਖੇ-ਵਰਤਾਰੇ ਨੂੰ ਵੇਖ ਕੇ ਬੁਲ੍ਹਾਂ ਤੇ ਮੁਸਕਾਨ ਆ ਜਾਣੀ ਕੁਦਰਤੀ ਗੱਲ ਹੈ। ਭਾਈ ਸਾਹਿਬ ਇਕ ਲੋਕ-ਕਥਾ ਨੂੰ ਆਧਾਰ ਬਣਾ ਕੇ ਮੂਰਖਾਂ ਦਾ ਹਾਸ-ਹੀਣਾ ਚਿੱਤਰ ਉਲੀਕਦੇ, ਹਾਸਾ ਉਪਜਾਂਦੇ ਤੇ ਮੂਰਖਤਾ ਕਰਨ ਤੋਂ ਰੋਕਦੇ ਹਨ :-

ਠੰਢੇ ਖੂਹੋਂ ਨ੍ਹਾਇਕੇ ਪਗ ਵਿਸਾਰ ਆਇਆ ਸਿਰ ਨੰਗੇ।
ਘਰ ਵਿਚ ਰੰਨਾ ਕਮਲੀਆਂ ਧੁਸੀ ਲਿਤੀ ਦੇਖ ਕੁਢੰਗੇ।
ਰੰਨਾ ਦੇਖ ਪਿਟੰਦੀਆਂ ਢਾਹਾਂ ਮਾਰੇ ਹੋਇ ਨਿਸੰਗੇ।
ਲੋਕ ਸਿਆਪੇ ਆਇਆ ਰੰਨਾ ਪੁਰਸ਼ ਜੁੜੇ ਲੈ ਪੰਗੇ।
ਨਾਇਣ ਪੁਛਦੀ ਪਿਟਦੀਆਂ ਕਿਸਦੇ ਨਾਇ ਅਲਾਹਣੀ ਅੰਗੇ।
ਸਹੁਰੇ ਪੁਛਹੁ ਜਾਇ ਕੇ ਕਉਣ ਮੁਆ ਨੂੰਹ ਉੱਤਰ ਮੰਗੇ।
ਕਾਵਾਂ ਰੌਲਾ ਮੂਰਖ ਸੰਗੇ।[3]

1. ਵਾਰਾਂ ਭਾਈ ਗੁਰਦਾਸ, ਵਾਰ 16, ਪਉੜੀ 8.
2. ਸਾਹਿਤ੍ਯ ਦਰਪਣ, ਪੰਨਾ 170.
3. ਵਾਰਾਂ ਭਾਈ ਗੁਰਦਾਸ, ਵਾਰ 32, ਪਉੜੀ 19.

ਇਸੇ ਤਰ੍ਹਾਂ "ਵੈਦ ਚੰਗੇਰੀ ਊਠਣੀ"[1] ਵਾਲੀ ਪਉੜੀ ਵਿਚ ਵੀ ਇਕ ਹੋਰ ਲੋਕ-ਕਥਾ ਨੂੰ ਆਧਾਰ ਬਣਾ ਕੇ ਮੂਰਖ ਦੇ ਵਿਹਾਰ ਤੇ ਵਿਅੰਗ ਕੀਤਾ ਹੈ। ਅਸਲ ਵਿਚ ਭਾਈ ਸਾਹਿਬ ਨੇ ਮਨਮੁਖਾਂ, ਮੂੜ੍ਹਾਂ ਅਕਿਰਤਘਣਾਂ, ਮੀਣਿਆਂ, ਬੇਮੁਖਾਂ ਆਦਿ ਦਾ ਪਾਜ ਖੋਲ੍ਹਣ ਤੇ ਪਖੰਡ ਉਘਾੜਣ ਲਈ ਹਾਸ-ਰਸ ਦੀ ਵਰਤੋਂ ਕੀਤੀ ਹੈ। ਆਪਣੀ ਗੱਲ ਨੂੰ ਹਾਸੇ ਵਿਚ ਲਪੇਟ ਕੇ ਕਹਿਣ ਲਈ ਆਪ ਨੇ ਲੋਕ-ਕਥਾਵਾਂ ਦਾ ਆਸਰਾ ਲਿਆ ਹੈ। ਰੰਗੇ ਗਿੱਦੜ ਦੀ ਲੋਕ-ਕਹਾਣੀ ਲੈ ਕੇ ਮੀਣਿਆਂ ਦੇ ਪਖੰਡੀ ਵਤੀਰੇ ਨੂੰ ਨੰਗਾ ਕੀਤਾ ਹੈ ਤੇ ਨਾਲੇ ਹਾਸਾ ਉਪਜਾਇਆ ਹੈ :—

ਨੀਲਾਰੀ ਦੇ ਮਟ ਵਿਚ ਪੈ ਗਿੱਦੜ ਰੱਤਾ।
ਜੰਗਲ ਅੰਦਰ ਜਾਇ ਕੇ ਪਾਖੰਡ ਕਮੱਤਾ।
ਦਰ ਸੇਵੈ ਮਿਰਗਾਵਲੀ ਹੋਇ ਬਹੈ ਅਵੱਤਾ।
ਕਰੈ ਹਕੂਮਤ ਅਗਲੀ ਕੂੜੈ ਮਦ ਮੱਤਾ।
ਬੋਲਣ ਪਾਜ ਉਘਾੜਿਆ ਜਿਉਂ ਮੂਲੀ ਪੱਤਾ।
ਤਿਉਂ ਦਰਗਹ ਮੀਣਾ ਮਾਰੀਐ ਕਰ ਕੂੜ ਕੁਪੱਤਾ।[2]

ਕਈ ਥਾਂ ਇਕ ਇਕ ਤੁਕ ਵਿਚ ਦੋ ਬੇਜੋੜ ਚੀਜ਼ਾਂ ਨੂੰ ਜੋੜ ਕੇ, ਪੂਰੀ ਕਹਾਣੀ ਦਾ ਇਸ਼ਾਰਾ ਕਰ ਕੇ, ਹਾਸਾ ਪੈਦਾ ਕੀਤਾ ਹੈ :—

ਘੰਟ ਘੜਾਇਆ ਚੂਹਿਆਂ ਗਲ ਬਿੱਲੀ ਪਾਈਐ।
ਮਤਾ ਪਕਾਇਆ ਮੱਖੀਆਂ ਘਿਉ ਅੰਦਰ ਨ੍ਹਾਈਐ।[3]

ਬੀਭਤਸ-ਰਸ :—ਬੀਭਤਸ-ਰਸ ਦਾ ਸਥਾਈ ਭਾਵ ਘ੍ਰਿਣਾ ਹੈ। ਭਾਈ ਸਾਹਿਬ ਨੇ ਅਕਿਰਤਘਣਾਂ, ਲੂਣ ਹਰਾਮੀਆਂ ਦੀ ਦੁਰਦਸ਼ਾ ਦਾ ਬਿਆਨ ਕਰਦਿਆਂ ਇਸ ਰਸ ਦੀ ਵਰਤੋਂ ਕੀਤੀ ਹੈ। ਅਕਿਰਤਘਣ ਦਾ ਅਜਿਹਾ ਚਿੱਤਰ ਉਲੀਕਿਆ ਹੈ ਕਿ ਆਪ ਮੁਹਾਰੇ ਹੀ ਘ੍ਰਿਣਾ ਉਪਜ ਪੈਂਦੀ ਹੈ। ਅਕਿਰਤਘਣਾਂ ਨੂੰ ਤਾਂ ਭਾਈ ਸਾਹਿਬ ਨੇ ਸਭ ਤੋਂ ਮੰਦੇ ਕਹਿ ਕੇ ਆਪਣੀ ਘ੍ਰਿਣਾ ਪਰਗਟ ਕੀਤੀ ਹੈ। ਆਪ ਅਨੁਸਾਰ ਤਾਂ "ਭਾਰੇ ਭੂਈਂ ਅਕਿਰਤਘਣ ਮੰਦੀ ਹੂੰ ਮੰਦੇ।[4]

ਹੇਠਲੀ ਪਉੜੀ ਵਿਚ ਜ਼ਿੰਦਗੀ ਦੇ ਇਕ ਅਤਿ ਕੋਝੇ ਪਾਸੇ ਨੂੰ ਰੂਪਮਾਨ ਕਰ ਕੇ ਅਕਿਰਤਘਣ ਨੂੰ ਉਸ ਤੋਂ ਵੀ ਗਿਆ ਗੁਜ਼ਰਿਆ ਆਖਿਆ ਹੈ :-

1. ਵਾਰਾਂ ਭਾਈ ਗੁਰਦਾਸ, ਵਾਰ 32, ਪਉੜੀ 16.
2. ਉਹੀ ,, ਵਾਰ, 36, ਪਉੜੀ 2.
3. ਉਹੀ ,, ਵਾਰ 36, ਪਉੜੀ 16.
4. ਉਹੀ ,, ਵਾਰ 35, ਪਉੜੀ 8.

ਮਦ ਵਿਚ ਰਿਧਾ ਪਾਇਕੈ ਕੁੱਤੇ ਦਾ ਮਾਸ ।
ਧਰਿਆ ਮਾਨਸ ਖੋਪ ਰੀ ਤਿਸ ਮੰਦੀ ਵਾਸ ।
ਰੱਤੂ ਭਰਿਆ ਕਪੜਾ ਕਰ ਕੱਜਨ ਤਾਸ ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ ।
ਆਖ ਸੁਣਾਏ ਪੁਛਿਆ ਲਾਹੇ ਵਿਸਵਾਸ ।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ ।[1]

ਅਖੀਰਲੀ ਤੁਕ ਵਿਚ ਜੋ ਸਿੱਟਾ ਕੱਢਿਆ ਹੈ ਉਸ ਨੇ ਉਪਰਲੀਆਂ ਤੁਕਾਂ ਦੇ ਕੋੜੇ ਕਸੈਲ ਵਰਣਨ ਵਲੋਂ ਹਟਾ ਕੇ ਮਨ ਨੂੰ ਅਕਿਰਤਘਣ ਪ੍ਰਤੀ ਘ੍ਰਿਣਾ ਨਾਲ ਭਰ ਦਿੱਤਾ ਹੈ । ਇਸੇ ਤਰ੍ਹਾਂ ਧਰਮ ਸਾਲ ਦੀ ਝਾਕ ਤੇ ਪੂਜਾ ਦੇ ਧਾਨ ਦੀ ਝਾਕ ਰਖਣ ਵਾਲਿਆਂ ਨਾਲ ਵੀ ਘ੍ਰਿਣਾ ਉਪਜਾਈ ਹੈ । ਅਜਿਹੀਆਂ ਸਭ ਪਉੜੀਆਂ ਵਿਚ ਬੀਭਤਸ-ਰਸ ਉਜਾਗਰ ਹੋਇਆ ਹੈ ।

ਕਰੁਣਾ-ਰਸ :—ਸੰਸਕ੍ਰਿਤ ਦੇ ਕਵੀ ਭਵਭੂਤਿ ਨੇ ਕਰੁਣਾ-ਰਸ ਨੂੰ ਸਾਰੇ ਰਸਾਂ ਵਿਚੋਂ ਉੱਤਮ ਗਿਣਿਆ ਹੈ, ਹੋਰ ਸਾਰੇ ਰਸ ਪਾਣੀ ਦੇ ਬੁਲਬੁਲੇ ਵਾਂਗ ਹਨ[2] । ਮਨੁੱਖੀ ਹਿਰਦਾ ਦੁਖ ਦੇ ਭਾਵਾਂ ਕਾਰਨ ਵਧੇਰੀ ਤੀਬਰਤਾ ਨਾਲ ਪ੍ਰਭਾਵਿਤ ਹੁੰਦਾ ਹੈ । ਦੁਖ ਤੇ ਸੋਗ ਦੇ ਸਮਾਚਾਰ ਹਿਰਦੇ ਨੂੰ ਹਲੂਣਦੇ ਹਨ, ਵੈਰਾਗ ਪੈਦਾ ਕਰਦੇ ਹਨ । ਅਜਿਹੀ ਅਵਸਥਾ ਵਿਚ ਬੋਲੇ ਬੋਲ ਉੱਚੀ ਪੱਧਰ ਦੇ ਹੁੰਦੇ ਹਨ ।

Our sweetest songs are those
Which tell us of our saddest thought. (Shelly)

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੇ ਲੋਕਾਂ ਦੀ ਜਿਸ ਮੰਦੀ ਦਸ਼ਾ ਦਾ ਵਰਣਨ ਕੀਤਾ ਗਿਆ ਹੈ ਉਹ ਸਭ ਕਰੁਣਾ ਭਰਪੂਰ ਹੈ । ਉਸ ਸਮੇਂ ਦੇ ਲੋਕਾਂ ਲਈ ਤਰਸ ਭਾਵਨਾ ਜਾਗ ਪੈਂਦੀ ਹੈ । ਇਹ ਤਾਂ ਹੀ ਹੁੰਦਾ ਹੈ ਜੇ ਮਨ ਅਜਿਹੀ ਦਸ਼ਾ ਨੂੰ ਚਿਤਵ ਕੇ ਦੁਖੀ ਹੋ ਉਠਦਾ ਹੈ ਤੇ ਕਰੁਣਾ-ਰਸ ਨਾਲ ਭਰ ਜਾਂਦਾ ਹੈ । ਮੁਸਲਮਾਨਾਂ ਨੇ ਜਬਰ ਤੇ ਜ਼ੁਲਮ ਦੀ ਅਤਿ ਕਰ ਦਿੱਤੀ ਹੈ -

ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀ ਮਸੀਤ ਉਸਾਰਾ ।
ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ।[3]

ਗੁਰੂ ਕੋਈ ਹੈ ਨਹੀਂ, ਅਗਿਆਨਤਾ ਦਾ ਹਨੇਰਾ ਚੁਪਾਸੀਂ ਪਸਰਿਆ ਪਿਆ ਹੈ, ਪਾਪਾਂ ਦੀ

1. ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 9.
2. ਕਵਿਆਦਰਪਣ, ਪੰ; ਰਾਮ ਦਹਿਨ ਮਿਸ਼ਰ ਪੰਨਾ 195.
3. ਵਾਰਾਂ ਭਾਈ ਗੁਰਦਾਸ ਵਾਰ ਪਹਿਲੀ, ਪਉੜੀ 20.

ਭਰਮਾਰ ਹੈ, ਦਇਆ ਧਰਮ ਰਿਹਾ ਨਹੀਂ, ਵੇਦ ਦੀ ਨਿੰਦਿਆ ਹੋ ਰਹੀ ਹੈ, ਧੌਲ ਪਾਪਾਂ ਦਾ ਭਾਰ ਸਹਾਰ ਨਹੀਂ ਸਕਦਾ ਤੇ ਦੁਖੀ ਹੋਇਆ ਦਿਨ ਰਾਤ ਰੋਂਦਾ ਕੁਰਲਾਂਦਾ ਹੈ। ਅਜਿਹੀ ਦਸ਼ਾ ਨੂੰ ਵੇਖ ਕੇ ਕਿਹੜਾ ਹਿਰਦਾ ਹੈ ਜੋ ਦੁਖੀ ਨਾ ਹੋਵੇ। ਭਾਈ ਸਾਹਿਬ ਨੇ ਕਰੁਣਾ ਮਈ ਢੰਗ ਵਿਚ ਇਸ ਦਸ਼ਾ ਦਾ ਬਿਆਨ ਕੀਤਾ ਹੈ :-

ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ।
ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ।
ਬਾਝ ਦਇਆ ਬਲਹੀਨ ਹੋ ਨਿਘਰ ਚਲੋ ਰਸਾਤਲ ਟੋਆ।
ਖੜਾ ਇਕਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧੁ ਬਿਨ ਸਾਧੁ ਨ ਦਿਸੈ ਜਗ ਵਿਚ ਕੋਆ।
ਧਰਮ ਧੌਲ ਪੁਕਾਰੇ ਤਲੇ ਖੜੋਆ।[1]

ਭਾਈ ਸਾਹਿਬ ਨੇ ਜਿਨ੍ਹਾਂ ਪਉੜੀਆਂ ਵਿਚ ਬੇਮੁਖਾਂ, ਨਿੰਦਕਾਂ, ਮਨਮੁਖਾਂ, ਅਕਿਰਤਘਣਾਂ ਦਾ ਜ਼ਿਕਰ ਕੀਤਾ ਹੈ, ਉਥੇ ਵੀ ਘ੍ਰਿਣਾ ਦੇ ਨਾਲ ਨਾਲ ਉਹਨਾਂ ਦੀ ਮੰਦੀ ਦਸ਼ਾ ਤੇ ਤਰਸ ਉਪਜਦਾ ਹੈ ਤੇ ਕਰੁਣਾ-ਰਸ ਬਣ ਜਾਂਦਾ ਹੈ। ਅਜਿਹੀਆਂ ਪਉੜੀਆਂ ਵਿਚ ਕਰੁਣਾ ਤੇ ਬੀਭਤਸ ਦੋਵੇਂ ਰਸ ਸੰਜੁਗਤ ਹੋ ਗਏ ਹਨ।

ਭਿਆਨਕ-ਰਸ :-ਭਿਆਨਕ ਚੀਜ਼ਾਂ ਦੇ ਵੇਖਣ ਨਾਲ ਜਾਂ ਭੈਦਾਇਕ ਗੱਲਾਂ ਸੁਣਨ ਨਾਲ ਜਦੋਂ ਮਨ ਵਿਚ ਭੈ ਦਾ ਭਾਵ ਪੈਦਾ ਹੋ ਜਾਂਦਾ ਹੈ ਤਾਂ ਭਿਆਨਕ-ਰਸ ਪਰਗਟ ਹੁੰਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕਿਤੇ ਕਿਤੇ ਇਹ ਰਸ ਵੀ ਪ੍ਰਾਪਤ ਹੈ। ਜੋਗੀ ਕਰਾਮਾਤਾਂ ਦੁਆਰਾ ਗੁਰੂ ਨਾਨਕ ਦੇਵ ਉਤੇ ਪ੍ਰਭਾਵ ਪਾਉਣ ਲਈ ਜਦੋਂ ਵੱਖ-ਵੱਖ ਰੂਪ ਧਾਰਦੇ ਹਨ ਤਾਂ ਭੈ ਦਾ ਵਾਤਾਵਰਣ ਉਤਪੰਨ ਹੋ ਜਾਂਦਾ ਹੈ :-

ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ।
ਇਕ ਪਰਿ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ।
ਇਕ ਨਾਗ ਹੋਇ ਪਵਨ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰ ਨਾਥ ਇਕ ਚੜ੍ਹ ਮਿਰਗਾਨੀ ਜਲ ਤਰ ਜਾਈ।[2]

ਜੋਗੀ ਤੇ ਸਿਧ ਅਜਿਹੀਆਂ ਕਰਾਮਾਤਾਂ ਦੁਆਰਾ ਆਮ ਲੋਕਾਂ ਨੂੰ ਡਰਾਉਂਦੇ ਤੇ ਭੈ-ਭੀਤ ਕਰਦੇ ਸਨ। ਇਹ ਨਿਰਭਉ ਨਿੰਰਕਾਰ ਨਾਲ ਜੁੜੇ ਗੁਰੂ ਨਾਨਕ ਦੇਵ ਹੀ ਸਨ ਜਿਨ੍ਹਾਂ ਤੇ ਅਜਿਹੇ ਭਿਆਨਕ ਦ੍ਰਿਸ਼ਾਂ ਦਾ ਕੋਈ ਅਸਰ ਨਾ ਹੋਇਆ।

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 22.
2. ਉਹੀ ,, ਵਾਰ ਪਹਿਲੀ, ਪਉੜੀ 41.

ਇਉਂ ਭਿਆਨਕ-ਰਸ ਦਾ ਵਰਣਨ ਵੀ ਕਿਤੇ ਕਿਤੇ ਮਿਲਦਾ ਹੈ।

ਰੌਦਰ-ਰਸ ;— ਰੌਦਰ-ਰਸ ਦਾ ਸਥਾਈ ਭਾਵ ਕ੍ਰੋਧ ਹੈ। ਭਾਈ ਸਾਹਿਬ ਦੀਆਂ ਵਾਰਾਂ ਵਿਚ ਇਸ ਰਸ ਦੀ ਵਰਤੋਂ ਚੰਗੀ ਮਾਤਰਾ ਵਿਚ ਤੇ ਸਫਲਤਾ ਸਹਿਤ ਕੀਤੀ ਮਿਲਦੀ ਹੈ। ਭਾਈ ਸਾਹਿਬ ਨੇ ਕਾਜ਼ੀਆਂ ਤ ਬ੍ਰਾਹਮਣਾਂ ਦੇ ਪਖੰਡੀ ਤੇ ਵਿਖਾਵੇ ਦੇ ਜੀਵਨ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਕੇ ਉਹਨਾਂ ਪ੍ਰਤੀ ਰੋਹ ਦੀ ਭਾਵਨਾ ਪੈਦਾ ਕੀਤੀ ਹੈ।

ਖ਼ੁਦੀ ਬਖ਼ੀਲੀ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ।
ਤੇ, ਸਚ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਮ੍ਹਣ ਮੁਲਾਣੇ।[1]

ਬਾਬੇ ਦੀ ਮੱਕੇ ਦੀ ਯਾਤਰਾ ਦਾ ਹਾਲ ਲਿਖਦਿਆਂ ਭਾਈ ਸਾਹਿਬ ਨੇ ਮੁੱਲਾਂ ਦੇ ਕ੍ਰੋਧ ਦੀ ਹਾਲਤ ਬਿਆਨ ਕੀਤੀ ਹੈ। ਪਾਠਕ ਨੂੰ ਮੁੱਲਾ ਦੀ ਕਰਤੂਤ ਤੇ ਗੁੱਸਾ ਵੀ ਆਉਂਦਾ ਹੈ ਤੇ ਤਰਸ ਵੀ, ਤਰਸ ਉਸ ਦੀ ਅਗਿਆਨਤਾ ਕਾਰਨ ਹੈ।

ਜੀਵਨ ਮਾਰੀ ਲਤ ਦੀ ਕਿਹੜਾ ਸੁੱਤਾ ਕੁਫ਼ਰ ਕੁਫ਼ਾਰੀ।
ਟੰਗੋਂ ਪਕੜ ਘਸੀਟਿਆ ...... ।[2]

36ਵੀਂ ਵਾਰ ਵਿਚ ਮੀਣਿਆਂ ਦੇ ਪਖੰਡ ਨੂੰ ਨੰਗਾ ਕਰਦਿਆਂ ਭਾਈ ਸਾਹਿਬ ਉਹਨਾਂ ਦੀ ਕਰੜੀ ਆਲੋਚਨਾ ਕਰਦੇ ਹਨ।

ਮੁੰਹਹੁ ਘੁਰਹੁ ਮੀਣਿਆਂ ਤੁਧ ਜਮਪੁਰ ਜਾਣਾ।[3]

ਹੋਰ ਤਾਂ ਹੋਰ, ਮੀਣਿਆਂ ਦੀ ਸੰਗਤ ਕਰਨ ਵਾਲਾ ਵੀ ਭਾਈ ਸਾਹਿਬ ਦੇ ਕ੍ਰੋਧ ਤੋਂ ਨਹੀਂ ਬਚ ਸਕਿਆ।[4]

ਇਸੇ ਤਰ੍ਹਾਂ ਲੂਣ-ਹਰਾਮੀ ਲਈ ਵੀ ਆਖਦੇ ਹਨ -

ਲੂਣ ਹਰਾਮੀ ਗੁਨਹਗਾਰ ਧੜ ਧੁੰਮੜ ਧੜਿਆ।[5]

ਜਿੱਥੇ ਜਿੱਥੇ ਬੀਭਤਸ-ਰਸ ਆਇਆ ਹੈ, ਉਥੇ ਰੌਦਰ-ਰਸ ਵੀ ਨਾਲ ਸੰਜੁਗਤ ਹੋਇਆ ਹੈ।

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 21.
2. ਉਹੀ ,, ਵਾਰ ਪਹਿਲੀ, ਪਉੜੀ 32.
3. ਉਹੀ ,, ਵਾਰ 36, ਪਉੜੀ 4
4. ਉਹੀ ,, ਵਾਰ 36, ਪਉੜੀ 7.
5. ਉਹੀ ,, ਵਾਰ 35, ਪਉੜੀ 10.

ਮਨਮੁਖ, ਮੀਣੇ, ਨਿੰਦਕ ਆਦਿ ਸਭ ਭਾਈ ਸਾਹਿਬ ਦੀ ਤਾੜਨਾ ਹੇਠ ਹਨ। ਇਉਂ ਰੌਦਰ-ਰਸ ਦੇ ਨਮੂਨੇ ਬਹੁਤ ਹਨ।

ਅਦਭੁਤ-ਰਸ:-ਕਿਸੇ ਅਨੋਖੀ ਵਸਤੂ ਨੂੰ ਵੇਖਕੇ ਜਦੋਂ ਮਨੁੱਖੀ ਹਿਰਦਾ ਅਸਚਰਜਤਾ ਦੇ ਘਰ ਵਿਚ ਪ੍ਰਵੇਸ਼ ਕਰਦਾ, ਹੈਰਾਨ ਹੁੰਦਾ, ਵਾਹ ਵਾਹ ਕਰਦਾ ਤੇ ਕਈ ਵਾਰ ਬਲਿਹਾਰ ਖਿਆ ਜਾਂਦਾ ਹੈ ਤਾਂ ਉਦੋਂ ਅਸਚਰਜ ਭਾਵ ਜਾਗ੍ਰਿਤ ਹੁੰਦਾ ਹੈ। ਇਸ ਭਾਵ ਦੀ ਜਾਗ੍ਰਿਤੀ ਤੋਂ ਅਦਭੁਤ-ਰਸ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਕੁਦਰਤ ਵਿਚ ਪਸਰੀ ਅਸਚਰਜਤਾ ਦਾ ਦੀਦਾਰ ਕਰ ਕੇ ਇਸ ਭਾਵ ਨੂੰ 'ਵਿਸਮਾਦ' ਸ਼ਬਦ ਰਾਹੀਂ ਪਰਗਟ ਕਰਦੇ ਹਨ। ਅਧਿਆਤਮਕ ਖ਼ੁਮਾਰੀ ਦਾ ਬਿਆਨ, ਕੁਦਰਤ ਦੇ ਅਦਭੁਤ ਰਹੱਸ ਦਾ ਵਰਣਨ ਤੇ ਬ੍ਰਹਿਮੰਡ ਦੀ ਸਮੁਚੀ ਕਾਰੀਗਰੀ ਦੇ ਝਲਕਿਆਂ ਤੋਂ ਇਸ ਰਸ ਦੀ ਉਤਪਤੀ ਹੁੰਦੀ ਹੈ। ਭਾਈ ਸਾਹਿਬ ਦੀਆਂ ਵਾਰਾਂ ਵਿਚ ਇਸ ਰਸ ਦੀਆਂ ਉਦਾਹਰਣਾਂ ਕਾਫ਼ੀ ਮਾਤਰਾ ਵਿਚ ਉਪਲਬਧ ਹਨ। ਜਗਤ-ਉਤਪਤੀ ਸੰਬੰਧੀ ਵਿਚਾਰ ਬੜਾ ਅਦਭੁਤ ਹੈ ;-

ਪ੍ਰਿਥਮੇ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ।
ਰਕਤ ਬਿੰਦ ਕੀ ਦੇਹ ਰਚ ਪਾਂਚ ਤਤ ਕੀ ਜੜਤ ਜੜਾਈ।
ਪਉਣ ਪਾਨੀ ਬੈਸੰਤਰੋ ਚੌਥੀ ਧਰਤੀ ਸੰਗ ਮਿਲਾਈ।
ਪੰਚਮ ਵਿਚ ਅਕਾਸ਼ ਕਰ ਕਰਤਾ ਛਟਮ ਅਦ੍ਰਿਸ਼ਟ ਸਮਾਈ।
ਪੰਚ ਤੱਤ ਪਚੀਸ ਗੁਣ ਸ਼ੱਤ੍ਰ ਮਿਤ੍ਰ ਮਿਲ ਦੇਹ ਬਣਾਈ।
ਖਾਣੀ ਬਾਣੀ ਚਲਿਤ ਕਰ ਆਵਾਗਉਣ ਚਰਿਤ੍ਰ ਦਿਖਾਈ।
ਚੌਰਾਸੀ ਲਖ ਜੋਨਿ ਉਪਾਈ ॥1

ਅਕਾਲ ਪੁਰਖ ਦੀ ਅਸਚਰਜਤਾ-ਜਨਕ ਲੀਲਾ ਦੀ ਇਕ ਹੋਰ ਝਾਕੀ ਇਉਂ ਪੇਸ਼ ਕਰਦੇ ਹਨ :-

ਅੰਬਰ ਧਰਤਿ ਵਿਛੋੜ ਕੇ ਵਿਣ ਥੰਮਾਂ ਆਕਾਸ਼ ਰਹਾਯਾ।
ਜਲ ਵਿਚ ਧਰਤੀ ਰਖੀਅਨ ਧਰਤੀ ਅੰਦਰ ਨੀਰ ਧਰਾਯਾ।2

ਤੇ ਫੇਰ ਪਰਸਪਰ ਵਿਰੋਧੀ ਸੁਭਾਵ ਵਾਲੀਆਂ ਚੀਜ਼ਾਂ ਨੂੰ ਕਿਵੇਂ ਇਕੋ ਥਾਂਵੇਂ ਇੱਕਠਾ ਕਰ ਬਿਠਾਇਆ ਹੈ, ਹੈਰਾਨੀ ਹੁੰਦੀ ਕਿ ਪਾਣੀ ਤੇ ਅੱਗ ਜਾਂ ਅੱਗ ਤੇ ਲਕੜੀ ਇਕੋ ਥਾਂ ਕਿਵੇਂ ਰਹਿ ਸਕਦੇ ਹਨ:-

ਕਾਠੇ ਅੰਦਰ ਅੱਗ ਧਰ ਅੱਗੀਂ ਹੋਂਦੀ ਸੁਫਲ ਫਲਾਯਾ।
ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲ ਮਿਲਾਯਾ।

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 2.
2. ਉਹੀ ,, ਵਾਰ 37, ਪਉੜੀ ਪਹਿਲੀ.

ਚੋਜ ਵਿਡਾਣ ਚਲਿੱਤ ਵਰਤਾਇਆ ।[1]

ਇਹ ਚੋਜ, ਇਹ ਵਿਡਾਣ ਤੇ ਇਹ ਚਲਿੱਤ ਹੀ ਤਾਂ ਅਦਭੁਤ-ਰਸ ਦੇ ਸੂਚਕ ਹਨ। ਇਉਂ ਵਾਰਾਂ ਵਿਚ ਇਸ ਰਸ ਦੀ ਵੀ ਚੰਗੀ ਵਰਤੋਂ ਕੀਤੀ ਗਈ ਹੈ।

ਇਸੇ ਤਰ੍ਹਾਂ ਭਗਤੀ ਰਸ ਤੇ ਵਤਸਲ-ਰਸ ਦੀਆਂ ਉਦਾਹਰਣਾਂ ਵੀ ਗੁਰਦਾਸ-ਬਾਣੀ ਵਿਚ ਪ੍ਰਾਪਤ ਹਨ। ਭਾਈ ਸਾਹਿਬ ਦੀਆਂ ਵਾਰਾਂ ਵਿਚ ਭਗਤੀ, ਪ੍ਰੇਮਾ ਭਗਤੀ, ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਦਸਵੀਂ ਵਾਰ ਦੀ ਪਉੜੀ ਨੰ: 17 ਵਿਚ

ਭਗਤ ਜਨਾਂ ਹਰਿ ਮਾਂ ਪਿਉ ਬੇਟਾ

ਕਹਿ ਕੇ ਵਤਸਲ-ਰਸ ਨੂੰ ਉਭਾਰਿਆ ਗਿਆ ਹੈ। ਇਸ ਸੰਬੰਧ ਵਿਚ ਕੁਝ ਹੋਰ ਉਦਾਹਰਣਾਂ ਵੇਖ :-

ਸਾਧ ਸੰਗਤ ਸਚ ਖੰਡ ਹੈ ਭਗਤ ਵਛਲ ਹੁਇ ਵਸਗਤ ਆਯਾ। 6/1/6
ਭਗਤ ਵਛਲ ਜਗ ਬਿਰਦ ਸਦਾਯਾ। 10/4/9
ਭਗਤ ਵਛਲ ਅਖਾਇੰਦਾ ਫੇਰ ਦੇਹੁਰਾ ਪੈਜ ਰਖਾਈ। 25/4/4
ਭਗਤ ਵਛਲ ਹੋ ਆਯਾ, ਪਤਿਤ ਉਧਾਰਨ ਅਜਬ ਅਜਾਬਾ 24/4/3
ਪਤਿਤ ਉਧਾਰਨ ਆਖੀਐ ਭਗਤ ਵਛੱਲ ਹੋਇ ਆਪ ਛਲਾਏ। 28/11/5
ਭਗਤ ਵਛਲ ਭੀ ਆਖੀਐ ਪਤਿਤ ਉਧਾਰਨ ਪਤਿਤ ਉਧਾਰਿਆ। 31/8/6

ਭਗਤੀ-ਰਸ ਦੀ ਇਕ ਉਦਾਹਰਣ ਵੇਖ :—

ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਨ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੇ ਰਾਜ ਦੁਆਰੇ ਜਾਈ।
ਆਏ ਸੰਤ ਪ੍ਰਾਹੁਣੇ ਕੀਰਤਨ ਹੋਆ ਰੈਣ ਸਬਾਈ।
ਛਡ ਨ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ।
ਸੈਣ ਰੂਪ ਹਰਿ ਹੋਇ ਕੈ ਆਯਾ ਰਾਣੇ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰ ਰਾਜ ਦੁਆਰ ਗਇਆ ਸ਼ਰਮਾਈ।
ਰਾਣੇ ਦੂਰਹੁੰ ਸੱਦ ਕੇ ਗਲਹੁੰ ਕਵਾਇ ਖੋਹਲ ਪੰਨਾਈ।
ਵਸ ਕੀਤਾ ਹਉ ਤੁਧ ਅੱਜ ਬੋਲੇ ਰਾਜਾ ਸੁਣੇ ਲੋਕਾਈ।
ਪਰਗਟ ਕਰੈ ਭਗਤ ਵਡਿਆਈ 10/16/

ਇਥੇ ਭਗਤੀ-ਰਸ ਦੇ ਨਾਲ ਨਾਲ ਵਤਸਲ-ਰਸ ਵੀ ਖੂਬ ਹੈ।

(ੲ) ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਰਤੇ ਅਲੰਕਾਰ

ਕਾਵਿ-ਕਲਾ ਵਿਚ ਅਲੰਕਾਰ ਇਕ ਮਹੱਤਵ ਪੂਰਨ ਸਥਾਨ ਰਖਦੇ ਹਨ। ਕਵਿਤਾ ਦੇ ਰਸ,

1. ਵਾਰਾਂ ਭਾਈ ਗੁਰਦਾਸ ਵਾਰ 37, ਪਉੜੀ ਪਹਿਲੀ.

ਭਾਵ ਆਦਿ ਨੂੰ ਗੂੜ੍ਹਾ ਤੇ ਸਪੱਸ਼ਟ ਕਰਨ ਲਈ ਅਲੰਕਾਰ ਬਹੁਤ ਸਹਾਈ ਹੁੰਦੇ ਹਨ। ਇਸ ਗੱਲ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਅਲੰਕਾਰ ਕਵਿਤਾ ਨੂੰ ਸੁੰਦਰ ਬਣਾਉਣ ਦਾ ਸਾਧਨ ਬਣਦੇ ਹਨ। ਨਗੇਂਦ੍ਰ ਲਿਖਦਾ ਹੈ ਕਿ "ਜਿਸ ਦੁਆਰਾ ਕਿਸੇ ਦੀ ਸ਼ੋਭਾ (ਸਜਾਵਟ) ਹੁੰਦੀ ਹੈ,ਉਹ ਅਲੰਕਾਰ ਹੈ"।[1] ਦੰਡੀ ਕਹਿੰਦਾ ਹੈ ਕਿ ਅਲੰਕਾਰ ਕਵਿਤਾ ਵਿਚ ਸੁੰਦਰਤਾ ਪੈਦਾ ਕਰਨ ਵਾਲੇ ਧਰਮ ਹਨ[2], ਭਾਵ ਕਵਿਤਾ ਦੀ ਸੁੰਦਰਤਾ ਅਲੰਕਾਰਾਂ ਤੇ ਹੀ ਨਿਰਭਰ ਹੈ।

ਪ੍ਰੋ: ਰਾਮ ਦਹਿਨ ਮਿਸ਼ਰ ਨੇ ਅਲੰਕਾਰ ਨੂੰ "ਕਹਿਣ ਦਾ ਇਕ ਚਮਤਕਾਰੀ ਢੰਗ ਅਤੇ ਕਾਵਿ ਪ੍ਰਤਿਭਾ ਤੋਂ ਪੈਦਾ ਹੋਇਆ ਕਥਨ ਵਿਸ਼ੇਸ਼" ਕਿਹਾ ਹੈ।[3]

ਪਛਮੀ ਆਲੋਚਨਾ ਅਨੁਸਾਰ ਅਲੰਕਾਰ ਕੁਝ ਅਜਿਹੇ ਸ਼ਬਦਾਂ ਜਾਂ ਵਾਕ-ਅੰਸ਼ਾਂ ਨੂੰ ਕਿਹਾ ਗਿਆ ਹੈ ਜਿਨ੍ਹਾਂ ਦੀ ਵਰਤੋਂ ਬੜੇ ਅਸਾਧਾਰਨ ਢੰਗ ਨਾਲ ਕੀਤੀ ਜਾਂਦੀ ਹੈ, ਜੋ ਮੁੱਖ ਰੂਪ ਵਿਚ ਸੁੰਦਰਤਾ ਵਧਾਣ ਵਾਲੇ ਗਹਿਣਿਆਂ ਦਾ ਕੰਮ ਕਰਦੇ ਹਨ ਤੇ ਜਿਨ੍ਹਾਂ ਦੀ ਅਪੀਲ ਨਵੀਨਤਾ ਜਾਂ ਉਨ੍ਹਾਂ ਦੇ ਨਵੇਂ ਪਨ ਦੁਆਰਾ ਹੁੰਦੀ ਹੈ।[4]

ਉਪਰੋਕਤ ਵਿਚਾਰਾਂ ਤੋਂ ਇਹ ਸਿਧ ਹੁੰਦਾ ਹੈ ਕਿ ਅਲੰਕਾਰ ਕਵਿਤਾ ਕਹਿਣ ਦਾ ਇਕ ਚਮਤਕਾਰੀ ਢੰਗ ਹੈ। ਇਹ ਅਲੰਕਾਰ ਕਵਿਤਾ ਨੂੰ ਚਮਤਕਾਰੀ ਤੇ ਅਨੂਠਾ ਬਣਾ ਦੇਂਦੇ ਹਨ, ਕਵਿਤਾ ਵਿਚ ਸੁੰਦਰਤਾ, ਮਿਠਾਸ ਤੇ ਨਵੇਂ ਪਨ ਦਾ ਸੰਚਾਰ ਕਰਦੇ ਹਨ।

ਇਹ ਅਲੰਕਾਰ ਕਈ ਪ੍ਰਕਾਰ ਦੇ ਹੋ ਸਕਦੇ ਹਨ। ਆਲੋਚਕਾਂ ਨੇ ਆਪੋ ਆਪਣੀ ਵਿਚਾਰਧਾਰਾ ਅਨੁਸਾਰ ਅਲੰਕਾਰਾਂ ਦੀ ਪ੍ਰਕਾਰ ਵੰਡ ਜਾਂ ਵਰਗੀਕਰਣ ਕੀਤਾ ਹੈ। ਪਰ ਕਾਵਿ-ਅਲੰਕਾਰਾਂ ਦੀ ਸਭ ਤੋਂ ਵੱਧ ਪਰਚਲਤ ਸੂਚੀ-ਵੰਡ ਮੰਮਟ ਨੇ ਕੀਤੀ ਹੈ। ਮੰਮਟ ਨੇ ਸ਼ਬਦ ਤੇ ਉਸ ਦੇ ਅਰਥ ਨੂੰ ਆਧਾਰ ਬਣਾ ਕੇ ਸ਼ਬਦ-ਅਲੰਕਾਰ ਤੇ ਅਰਥ-ਅਲੰਕਾਰ, ਦੋ ਕਿਸਮਾਂ ਦੇ ਹੀ ਮੰਨੇ ਹਨ।[5] ਅਰਥ-ਅਲੰਕਾਰ ਦੇ ਅਗੋਂ ਹੋਰ ਵੀ ਕਈ ਰੂਪ ਵੇਖਣ ਵਿਚ ਆਉਂਦੇ ਹਨ ਜਿਵੇਂ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ। ਇਸੇ ਤਰ੍ਹਾਂ ਸ਼ਬਦ-ਅਲੰਕਾਰ ਦੇ ਵੀ ਰੂਪ ਹਨ ਜਿਵੇਂ ਯਮਕ, ਸ਼ਲੇਸ਼ ਆਦਿ, ਪਰ ਅਨੁਪ੍ਰਾਸ ਦੀ ਵਰਤੋਂ ਵਧੇਰੀ ਹੈ।[1]

1. ਰੀਤਿ ਕਾਵਯ ਕੀ ਭੂਮਿਕਾ, ਪੰਨਾ 80.
2. ਕਾਵਯਾਦਰਸ਼.
3. ਕਾਵਯ ਦਰਪਣ ਪੰਨਾ 321.
4. Figures of speech are traditionally considered to be words and expressions used in ways that are out of the ordinary, serving primarily as ornament and making their appeal through novelty. (Encyclopaedia of Poetry and Poetics, p. 273)
5. ਕਾਵਯ ਪ੍ਰਕਾਸ਼, ਉੱਲਾਸ 9 ਤੇ 10.

ਅਲੰਕਾਰਾਂ ਦੀ ਵਰਤੋਂ ਕਵਿਤਾ ਲਈ ਇਕ ਅਤਿ-ਲੋੜੀਂਦੀ ਚੀਜ਼ ਹੈ। ਕਈ ਆਲੋਚਕਾਂ ਦਾ ਵਿਚਾਰ ਹੈ ਕਿ ਅਲੰਕਾਰ ਤੋਂ ਸਖਣੀ ਕਵਿਤਾ ਹੋ ਹੀ ਨਹੀਂ ਸਕਦੀ। ਅਲੰਕਾਰਾਂ ਦੀ ਮਹੱਤਾ ਬਾਰੇ ਜ਼ਿਕਰ ਕਰਦਿਆਂ ਐਫ. ਐਲ. ਲੂਕਸ ਕਹਿੰਦਾ ਹੈ ਕਿ ਉਪਮਾ ਤੇ ਰੂਪਕ ਤੋਂ ਸਖਣੀ ਕਾਵਿ-ਸ਼ੈਲੀ, ਮੈਨੂੰ ਸੂਰਜ ਤੋਂ ਸਖਣੇ ਦਿਨ ਤੇ ਪੰਛੀਆਂ ਤੋਂ ਸਖਣੇ ਵਣ ਦੇ ਸਮਾਨ ਜਾਪਦੀ ਹੈ।[1] ਇਸੇ ਸੰਬੰਧ ਵਿਚ ਜੈ ਦੇਵ ਕਹਿੰਦਾ ਹੈ ਕਿ ਜਿਹੜਾ ਅਲੰਕਾਰਾਂ ਤੋਂ ਕੋਰੀ ਕਵਿਤਾ ਨੂੰ ਕਵਿਤਾ ਮੰਨ ਲੈਂਦਾ ਹੈ ਉਹ ਅੱਗ ਨੂੰ ਸੇਕ ਰਹਿਤ ਕਿਉਂ ਨਹੀਂ ਮੰਨ ਲੈਂਦਾ।[2] "ਜਿਵੇਂ ਸੇਕ ਤੋਂ ਬਿਨਾਂ ਅੱਗ ਨਹੀਂ ਹੋ ਸਕਦੀ ਉਵੇਂ ਹੀ ਅਲੰਕਾਰਾਂ ਤੋਂ ਬਿਨਾਂ ਕਵਿਤਾ ਨਹੀਂ ਹੁੰਦੀ"। ਭਾਮਹ ਦਾ ਪ੍ਰਸਿਧ ਕਥਨ ਹੈ ਕਿ ਸੋਹਣੀ ਮੁਟਿਆਰ ਦਾ ਸੋਹਣਾ ਮੁਖੜਾ ਵੀ ਗਹਿਣਿਆਂ ਤੋਂ ਬਿਨਾਂ ਚਮਕਦਾ ਨਹੀਂ[3]। ਇਸ ਦਾ ਭਾਵ ਇਹ ਹੈ ਕਿ ਕਵਿਤਾ ਵੀ ਅਲੰਕਾਰਾਂ ਦੀ ਜੜਤ ਤੋਂ ਬਿਨਾਂ ਸੁੰਦਰ ਨਹੀਂ ਕਹੀ ਜਾ ਸਕਦੀ।

ਸੋ ਕਵਿਤਾ ਦੀ ਸੁੰਦਰੀ ਨੂੰ ਸਜਾਉਣ ਲਈ ਕਵੀ ਅਲੰਕਾਰ-ਰੂਪ ਗਹਿਣੇ ਘੜਦਾ ਹੈ ਜਾਂ ਇਉਂ ਕਹਿ ਲਉ ਕਿ ਕਵਿਤਾ ਦੀ ਸੁੰਦਰਤਾ ਨੂੰ ਵਧਾਉਣ ਲਈ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸੁੰਦਰਤਾ ਕਵਿਤਾ ਵਿਚਲੇ ਭਾਵਾਂ ਦੀ ਵੀ ਹੋ ਸਕਦੀ ਹੈ ਤੇ ਉਹਨਾਂ ਭਾਵਾਂ ਦੇ ਪਰਗਟਾ ਦੀ ਵੀ ਹੋ ਸਕਦੀ ਹੈ। ਅਲੰਕਾਰ ਜਿੱਥੇ ਭਾਵਾਂ ਨੂੰ ਸਜਾਂਦੇ ਤੇ ਰਸਦਾਰ ਬਣਾਂਦੇ ਹਨ ਉਥੇ ਉਨ੍ਹਾਂ ਦੇ ਪਰਗਟਾ ਨੂੰ ਵੀ ਸੋਹਣਾ ਤੇ ਪ੍ਰਭਾਵ-ਸ਼ਾਲੀ ਬਣਾਉਂਦੇ ਹਨ।[4] ਭਾਮਹ ਅਨੁਸਾਰ "ਅਲੰਕਾਰਾਂ ਦਾ ਇਕ ਹੋਰ ਕੰਮ ਵੀ ਹੈ ਤੇ ਉਹ ਹੈ ਅਰਥਾਂ ਦਾ ਸਪੱਸ਼ਟੀਕਰਨ"।[5] ਇੰਜ ਅਲੰਕਾਰ ਕਵੀ ਦਾ ਆਸਰਾ ਜਾਂ ਸਹਾਰਾ ਬਣ ਜਾਂਦੇ ਹਨ ਜਿਨ੍ਹਾਂ ਦੀ ਟੇਕ ਲੈ ਕੇ ਕਵੀ ਆਪਣੀ ਰਚਨਾ ਵਿਚ ਵਧੇਰੇ ਚਮਤਕਾਰ ਵਿਖਾਂਦਾ ਹੈ।

ਡਾ: ਪ੍ਰੇਮ ਪ੍ਰਕਾਸ਼ ਸਿੰਘ ਨੇ ਅਲੰਕਾਰ-ਵਰਤੋਂ ਦੇ ਪ੍ਰਯੋਜਨ ਹੇਠ ਲਿਖੇ ਅਨੁਸਾਰ ਦੱਸੇ ਹਨ[6] :-

1 ਅਲੰਕਾਰ ਕਾਵਿ ਦੀ ਅਨੁਭੂਤੀ ਤੇ ਅਭਿਵਿਅਕਤੀ ਦੋਹਾਂ ਪੱਖਾਂ ਨੂੰ ਰਸਾਤਮਕ ਤੇ ਸੁਹਜਾਤਮਕ ਬਣਾਉਂਦੇ ਹਨ।

2 ਅਲੰਕਾਰ ਵਿਸ਼ੇ ਵਸਤੂ ਦੇ ਰੂਪ, ਕਰਮ, ਪ੍ਰਭਾਵ ਤੇ ਗੁਣ-ਸੁਭਾ ਨੂੰ ਸ਼ੋਖ, ਸੰਘਣਾ, ਰੰਗੀਨ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।

---

1. "A style without metaphor and simile is to me a day without sun or woodland without birds." Style, page 163.
2. ਚੰਦ੍ਰ ਲੋਕ
3. ਕਾਵਯਾਲੰਕਾਰ [न कान्तमपि निर्भूषणम् विभाति वनिता मुखम्।]
4. ਸਾਹਿਤ ਦਰਪਣ, ਪੰਨਾ 326, ਰਾਮ ਦਹਿਨ ਮਿਸ਼੍ਰ
5. ਕਾਵਯਾਲੰਕਾਰ, ਭਾਮਹ
6. ਏ ਕ੍ਰਿਟੀਕਲ ਸਟੱਡੀ ਆਫ਼ ਨਿਰਗੁਣ ਸਕੂਲ ਆਫ਼ ਪੰਜਾਬੀ ਪੋਇਟਰੀ।

3 ਅਲੰਕਾਰ ਵਸਤੂ ਨੂੰ ਸਮਝਣ ਤੇ ਸਪੱਸ਼ਟ ਕਰਨ ਵਿਚ ਸਹਾਇਤਾ ਕਰਦੇ ਹਨ।

4 ਅਲੰਕਾਰ ਭਾਵਾਂ ਜਾਂ ਭਾਵਨਾਵਾਂ ਨੂੰ ਪ੍ਰਚੰਡ ਅਤੇ ਉਤੇਜਿਤ ਕਰ ਕੇ ਕਾਵਿ-ਚਮਤਕਾਰ ਪੈਦਾ ਕਰਦੇ ਹਨ।

5 ਅਲੰਕਾਰ ਕਵੀ ਤੇ ਪਾਠਕ ਦੇ ਦਰਮਿਆਨ ਸੁਹਿਰਦ ਵਿਚੋਲੇ ਬਣ ਕੇ ਕਵੀ ਦੇ ਖ਼ਿਆਲ ਨੂੰ ਟ੍ਰਾਂਸਫਯੂਜ਼ (Transfuse) ਕਰਦੇ ਹਨ। ਇਸ ਨੂੰ ਇਉਂ ਕਹੀਏ ਕਿ ਕਵੀ ਜੋ ਕੁਝ ਕਹਿਣਾ ਲੋਚਦਾ ਹੈ, ਅਲੰਕਾਰ ਉਸ ਸਭ ਕੁਝ ਨੂੰ ਉਸੇ ਤੀਬਰਤਾ, ਉਸੇ ਜ਼ੋਰ ਨਾਲ ਪਾਠਕਾਂ ਦੀ ਚੇਤਨਾ ਦੇ ਹਵਾਲੇ ਕਰਦੇ ਹਨ।

ਸੋ, ਅਲੰਕਾਰ ਕਵਿਤਾ ਦਾ ਇਕ ਲੋੜੀਂਦਾ ਅੰਗ ਹਨ। ਪੰਜਾਬੀ ਕਵਿਤਾ ਵਿਚ ਇਸਦੇ ਆਦਿ ਕਾਲ ਤੋਂ ਹੀ ਅਲੰਕਾਰਾਂ ਦੀ ਵਰਤੋਂ ਹੁੰਦੀ ਆਈ ਹੈ ਤੇ ਇਹ ਅਲੰਕਾਰ ਕਈ ਪ੍ਰਕਾਰ ਦੇ ਹਨ। ਭਾਈ ਗੁਰਦਾਸ ਨੇ ਵਧੇਰੇ ਕਰ ਕੇ ਉਪਮਾ, ਰੂਪਕ ਤੇ ਦ੍ਰਿਸ਼ਟਾਂਤ ਅਲੰਕਾਰ ਹੀ ਵਰਤੇ ਹਨ ਕਿਉਂਕਿ ਉਨ੍ਹਾਂ ਦੀ ਮਨੋਰਥ-ਸਿਧੀ ਲਈ ਇਹੀ ਢੁਕਵੇਂ ਸਨ। ਗੁਰਬਾਣੀ ਦੀ ਵਿਆਖਿਆ ਕਰਨੀ ਤੇ ਗੁਰਮਤ ਦੇ ਵਿਚਾਰਾਂ ਨੂੰ ਸੌਖੇ ਢੰਗ ਵਿਚ ਆਮ ਲੋਕਾਂ ਦੀ ਸਮਝ ਗੋਚਰੇ ਕਰਨਾ ਹੀ ਭਾਈ ਸਾਹਿਬ ਦੀ ਰਚਨਾ ਦਾ ਮੁੱਖ-ਮੰਤਵ ਸੀ ਤੇ ਇਸ ਮੰਤਵ-ਪ੍ਰਾਪਤੀ ਲਈ ਇਹ ਅਲੰਕਾਰ ਵਧੇਰੇ ਸਾਰਥਕ ਸਨ। ਸੰਤ ਸਿੰਘ ਸੇਖੋਂ ਅਨੁਸਾਰ ਭਾਈ ਸਾਹਿਬ ਦੀ ਕਵਿਤਾ ਵਿਚ ਪਰਾਸਰੀਰਕ ਅਲੰਕਾਰਾਂ ਦੀ ਵਰਤੋਂ ਘਣੀ ਮਾਤਰਾ ਵਿਚ ਹੋਈ ਹੈ।[1] ਇਸੇ ਤਰ੍ਹਾਂ ਕੁਝ ਹੋਰ ਅਲੰਕਾਰਾਂ ਦੀ ਵਰਤੋਂ ਵੀ ਉਪਲਬਧ ਹੈ ਜਿਵੇਂ ਵਿਰੋਧ ਅਲੰਕਾਰ, ਅਸੰਭਵ ਅਲੰਕਾਰ।

ਭਾਈ ਸਾਹਿਬ ਨੇ ਆਪਣੇ ਅਲੰਕਾਰ ਨਿਤ ਵਰਤੋਂ ਦੀਆਂ ਚੀਜ਼ਾਂ ਵਿਚੋਂ ਘੜੇ ਹਨ ਜਿਵੇਂ ਕਪਾਹ, ਫਰੇਵਾਂ, ਰੁੱਖ, ਫੁਲ ਫਲ, ਭੰਵਰਾ, ਮੱਖੀ, ਕਿਸਾਣ, ਮਜੀਠ, ਕੁਸੰਭ, ਚੰਨ, ਚਕੋਰ, ਚਕਵੀ, ਸੂਰਜ ਆਦਿ। ਬਹੁਤ ਸਾਰੀਆਂ ਜੜ੍ਹ ਵਸਤੂਆਂ ਨੂੰ ਚੇਤਨ ਗੁਣਾਂ ਨਾਲ ਸੰਬੰਧਤ ਕੀਤਾ ਹੈ ਤਾਂ ਜੁ ਭਾਵ ਵਧੇਰੇ ਸਪੱਸ਼ਟ ਹੋ ਜਾਵੇ। ਇਸੇ ਨੂੰ ਸੰਤ ਸਿੰਘ ਸੇਖੋਂ ਨੇ ਪਰਾਸਰੀਰਕ ਅਲੰਕਾਰ ਦਾ ਨਾਂ ਦਿੱਤਾ ਹੈ। ਧਰਤੀ, ਜਲ, ਫਰੇਵਾਂ, ਲੋਹਾ, ਘਾਹ ਆਦਿ ਜੜ੍ਹ ਵਸਤੂਆਂ ਨੂੰ ਨਿਮਰਤਾ ਗੁਣ ਦਾ ਧਾਰਨੀ ਬਣਾ ਕੇ ਵਿਖਾਇਆ ਹੈ ਤੇ ਨਿਮਰਤਾ ਦਾ ਸੰਦੇਸ਼ ਦਿੱਤਾ ਹੈ। ਭਾਈ ਸਾਹਿਬ ਦੀ ਅਲੰਕਾਰ-ਯੋਜਨਾ ਆਪ ਦੀ ਮੌਲਿਕਤਾ ਤੇ ਕਲਪਨਾ-ਸ਼ਕਤੀ ਦੀ ਸਮਰੱਥਾ ਦਾ ਪਤਾ ਦੇਂਦੀ ਹੈ।

ਭਾਰਤੀ ਕਾਵਿ ਸ਼ਾਸਤਰ ਅਨੁਸਾਰ ਇਹਨਾਂ ਅਲੰਕਾਰਾਂ ਦੇ ਦੋ ਪ੍ਰਕਾਰ ਮੰਨੇ ਗਏ ਹਨ, ਇਕ ਸ਼ਬਦ-ਅਲੰਕਾਰ ਤੇ ਦੂਜਾ ਅਰਥ-ਅਲੰਕਾਰ। ਭਾਈ ਸਾਹਿਬ ਨੇ ਦੋਹਾਂ ਤਰ੍ਹਾਂ ਦੇ ਅਲੰਕਾਰਾਂ ਦੀ ਚੰਗੀ ਸੁਘੜ ਵਰਤੋਂ ਕੀਤੀ ਹੈ।

---

1. ਸਾਹਿਤ ਸਮਾਚਾਰ, ਕਵਿਤਾ ਅੰਕ, ਪੰਨਾ 107.

ਸ਼ਬਦ ਅਲੰਕਾਰ :— ਸ਼ਬਦਾਂ ਦੀ ਸੁੰਦਰਤਾ ਨੂੰ ਵਧਾਉਣ ਵਾਲੇ ਅਲੰਕਾਰ ਸ਼ਬਦ-ਅਲੰਕਾਰ ਅਖਵਉਂਦੇ ਹਨ। ਜਦੋਂ ਕਿਸੇ ਰਚਨਾ ਦੇ ਸ਼ਬਦਾਂ ਦੀ ਵਿਉਂਤ ਆਦਿ ਵਿਚ ਕੋਈ ਖ਼ਾਸ ਖ਼ੂਬੀ ਹੋਵੇ ਤਾਂ ਉਥੇ ਸ਼ਬਦ ਅਲੰਕਾਰ ਹੁੰਦਾ ਹੈ।[1] "ਸ਼ਬਦ ਅਲੰਕਾਰ" ਦੇ ਕਈ ਭੇਦ ਹਨ ਜਿਵੇਂ ਯਮਕ, ਸਲੇਸ਼, ਅਨੁਪ੍ਰਾਸ, ਆਦਿ। ਇਹਨਾਂ ਵਿਚੋਂ ਭਾਈ ਸਾਹਿਬ ਨੇ ਅਨੁਪ੍ਰਾਸ ਦੀ ਵਰਤੋਂ ਵਧੇਰੀ ਕੀਤੀ ਹੈ।

ਅਨੁਪ੍ਰਾਸ ਅਲੰਕਾਰ :- ਜਿਥੇ ਕਿਸੇ ਅੱਖਰ ਨੂੰ ਇਕੋ ਥਾਂ ਵਾਰ ਵਾਰ ਸਮਾਨ ਸਥਿਤੀ ਤੇ ਵਰਤਿਆ ਜਾਵੇ ਉਥੇ ਅਨੁਪ੍ਰਾਸ ਹੁੰਦਾ ਹੈ। ਇਹ ਅੱਖਰ ਸ਼ਬਦ ਦੇ ਮੁਢ ਵਿਚ, ਮੱਧ ਵਿਚ ਤੇ ਅਖ਼ੀਰ ਵਿਚ ਆ ਸਕਦਾ ਹੈ। ਅੱਖਰ ਦੀ ਇਸ ਸਥਿਤੀ ਅਨੁਸਾਰ ਅਨੁਪ੍ਰਾਸ ਵੀ ਵੱਖ ਵੱਖ ਪ੍ਰਕਾਰ ਦਾ ਹੁੰਦਾ ਹੈ ਜਿਵੇਂ ਕਿ ਛੇਕ, ਵ੍ਰਿਤਿ, ਅੰਤਯ, ਆਦਿ। ਭਾਈ ਸਾਹਿਬ ਦੀ ਕਵਿਤਾ ਵਿਚੋਂ ਅਨੁਪ੍ਰਾਸ ਦੀ ਉਦਾਹਰਣ ਵੇਖੋ ;—

(ੳ) ਸੋ ਸਤਿਗੁਰ ਸੱਚਾ ਵੇਸ ਸ਼ਬਦ ਸਿਞਾਣਿਆ।
ਸ਼ਬਦ ਸੁਰਤ ਉਪਦੇਸ਼ ਸਚ ਸਮਾਣਿਆ।[2]

(ਅ) ਗੁਰਮੁਖ ਨਦਰ ਨਿਹਾਲ ਨੇਹੁ ਨਿਹਾਲੀਐ।[3]

(ੲ) ਗਹਿਰ ਗੰਭੀਰ ਗਹੀਰ ਗੁਣ ਗੁਰਮੁਖ ਗੁਰ ਗੋਬਿੰਦ ਸਦਾਇਆ।[4]

ਇਥੇ ਨੰ: (ੳ) ਵਿਚ 'ਸ' ਅੱਖਰ ਨੂੰ ਨੰ: ਅ ਤੇ ੲ ਵਿਚ 'ਨ' ਤੇ 'ਗ' ਅੱਖਰ ਨੂੰ ਵਾਰ ਵਾਰ ਦੁਹਰਾਇਆ ਗਿਆ ਹੈ ਜਿਸ ਕਾਰਨ ਇਕ ਨਾਦ ਪੈਦਾ ਹੁੰਦਾ ਹੈ, ਇਸ ਲਈ ਇਹ ਅਨੁਪ੍ਰਾਸ ਹੈ। ਇੱਥੇ ਸ਼ਬਦਾਂ ਦੀ ਵਿਉਂਤ ਵਿਚ ਇਕ ਖ਼ਾਸ ਖ਼ੂਬੀ ਹੈ। (ੳ) ਅੰਕ ਵਾਲੀ ਪਹਿਲੀ ਤੁਕ 'ਸ' ਅੱਖਰ ਨਾਲ ਸ਼ੁਰੂ ਹੁੰਦੀ ਹੈ ਤੇ ਅਖ਼ੀਰਲਾ ਸ਼ਬਦ ਵੀ 'ਸ' ਤੋਂ ਸ਼ੁਰੂ ਹੁੰਦਾ ਹੈ। (ੲ) ਅੰਕ ਵਾਲੀ ਤੁਕ ਦੇ ਪਹਿਲੇ ਤਿੰਨ ਸ਼ਬਦ 'ਗ' ਨਾਲ ਸ਼ੁਰੂ ਹੁੰਦੇ ਹਨ ਤੇ ਤਿੰਨਾਂ ਦੇ ਅਖ਼ੀਰ ਤੇ 'ਰ' ਆਉਂਦਾ ਹੈ। ਸ਼ਬਦਾਂ ਦੀ ਬਣਤਰ ਤੇ ਵਿਉਂਤ ਕਾਰਨ ਇਕ ਲੈ ਪੈਦਾ ਹੋ ਗਈ ਹੈ। ਇਸ ਖ਼ੂਬੀ ਕਰਕੇ ਇਹ ਸ਼ਬਦ ਅਲੰਕਾਰ ਹੈ। ਇਹਨਾਂ ਉਦਾਹਰਣਾਂ ਵਿਚ 'ਸ' ਜਾਂ 'ਗ' ਅੱਖਰ ਸ਼ਬਦਾਂ ਦੇ ਮੁਢ ਵਿਚ ਆਇਆ ਹੈ, ਇਸ ਲਈ ਇਹ ਛੇਕ ਅਨੁਪ੍ਰਾਸ ਹੈ।

ਜਦੋਂ ਇਕੋ ਹੀ ਅੱਖਰ ਦੀ ਸਮਾਨ ਵਰਤੋਂ ਸ਼ਬਦ ਦੇ ਅਖ਼ੀਰ ਤੇ ਕੀਤੀ ਗਈ ਹੋਵੇ ਤਾਂ ਉਥੇ ਵ੍ਰਿਤਿ ਅਨੁਪ੍ਰਾਸ ਹੁੰਦਾ ਹੈ। ਉਦਾਹਰਣ ਵੇਖੋ :—

---

1. ਨਵੀਨ ਪੰਜਾਬੀ ਪਿੰਗਲ - ਪ੍ਰੋ: ਕਰਤਾਰ ਸਿੰਘ, ਪਹਿਲੀ ਛਾਪ, ਪੰਨਾ 129.
2. ਵਾਰਾਂ ਭਾਈ ਗੁਰਦਾਸ, ਵਾਰ 3, ਪਉੜੀ ਪਹਿਲੀ।
3. ਉਹੀ ,, ਵਾਰ 3, ਪਉੜੀ 14.
4. ਉਹੀ ,, ਵਾਰ 24, ਪਉੜੀ 5.

ਰੰਗ ਬਿਰੰਗ ਸੁਰੰਗ ਤਰੰਗ ਬਣਾਵਹੀ ।[1]

ਇਸ ਵਿਚ 'ਗ' ਅੱਖਰ ਸ਼ਬਦਾਂ ਦੇ ਅਖ਼ੀਰ ਵਿਚ ਆਇਆ ਹੈ, ਨਾਲ ਹਰ ਸ਼ਬਦ ਦਾ ਕਾਫ਼ੀਆ ਇਕ ਦੂਜੇ ਨਾਲ ਮੇਲ ਖਾਂਦਾ ਹੈ ।

ਭਾਈ ਸਾਹਿਬ ਨੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਸੌਖੇ ਢੰਗ ਨਾਲ ਸਪੱਸ਼ਟ ਕਰਨ ਲਈ ਬਹੁਤ ਵਾਰੀ ਜੜ੍ਹ ਵਸਤੂਆਂ ਨੂੰ ਚੇਤਨ ਰੂਪ ਦੇ ਕੇ ਜਾਂ ਇਉਂ ਕਹਿ ਲਉ ਕਿ ਉਹਨਾਂ ਦਾ ਮਾਨਵੀਕਰਨ ਕਰ ਕੇ, ਉਹਨਾਂ ਵਿਚ ਨਿਮਰਤਾ ਆਦਿ ਭਾਵ ਦਰਸਾ ਕੇ ਸਿਖਿਆ ਦੇਣ ਦਾ ਸਫਲ ਜਤਨ ਕੀਤਾ ਹੈ । ਉਦਾਹਰਣ ਵਜੋਂ ਵੇਖੋ ਨਿਕੀ ਜਿਹੀ ਸਵਾਂਤੀ ਬੂੰਦ ਤੇ ਸਿੱਪੀ ਪਰਉਪਕਾਰ ਦੀ ਖ਼ਾਤਰ ਕਿਤਨੇ ਦੁਖ ਸਹਾਰਦੀ ਵਿਖਾਈ ਹੈ -

ਘਣਹਰਿ ਬੂੰਦ ਸੁਹਾਵਣੀ ਨੀਵੀਂ ਹੋਇ ਅਗਾਸਹੁੰ ਆਵੈ ।
ਆਪ ਗਵਾਇ ਸਮੁੰਦ ਵੇਖ ਸਿਪੇ ਦੇ ਮੂੰਹ ਵਿਚ ਸਮਾਵੈ ।
ਲੈਂਦੋ ਹੀ ਮੁਹਿ ਬੂੰਦ ਸਿਪ ਚੁਭੀ ਮਾਰ ਪਤਾਲ ਲੁਕਾਵੈ ।
ਫੜ ਕਢੈ ਮਰਜੀਵੜਾ ਪਰ ਕਾਰਜ ਨੋ ਆਪ ਫੜਾਵੈ ।
ਪਰ ਵਸ ਪਰਉਪਕਾਰ ਨੋਂ ਪਰ ਹਥ ਪੱਥਰ ਦੰਦ ਭਨਾਵੈ ।
ਭੂਲ ਅਭੂਲ ਅਮੁਲ ਦੇ ਮੋਤੀ ਦਾਨ ਨ ਪਛੋਤਾਵੈ ।
ਸਫਲ ਜਨਮ ਕੋਈ ਵਰੋਸਾਵੈ ।[2]

ਭਾਈ ਸਾਹਿਬ ਦੀਆਂ ਕਈ ਪਉੜੀਆਂ ਇਸੇ ਰੰਗ ਵਿਚ ਲਿਖੀਆਂ ਹੋਈਆਂ ਹਨ ਤੇ ਵੱਖ ਵੱਖ ਚੀਜ਼ਾਂ ਨੂੰ ਸਾਹਮਣੇ ਰੱਖ ਕੇ, ਉਹਨਾਂ ਦੇ ਸ਼ੁਭ ਗੁਣਾਂ ਦਾ ਉਲੇਖ ਕਰ ਕੇ, ਮਨੁੱਖ ਨੂੰ ਉਸ ਤਰ੍ਹਾਂ ਦੇ ਸ਼ੁਭ ਗੁਣ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਹੈ ।

ਓਪਰੀ ਨਜ਼ਰੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਭਾਈ ਸਾਹਿਬ ਨੇ ਉਪਮਾ ਤੇ ਦ੍ਰਿਸ਼ਟਾਂਤ ਅਲੰਕਾਰ ਆਦਿ ਹੀ ਵਰਤੇ ਹਨ । ਪਰ ਇਹ ਗੱਲ ਪੂਰੇ ਤੌਰ ਤੇ ਠੀਕ ਨਹੀਂ । ਹਾਂ, ਇਹ ਸਹੀ ਹੈ ਕਿ ਭਾਈ ਸਾਹਿਬ ਨੇ ਵਧੇਰੀ ਵਰਤੋਂ ਇਹਨਾਂ ਅਲੰਕਾਰਾਂ ਦੀ ਕੀਤੀ ਹੈ । ਪਰ ਹੋਰ ਅਲੰਕਾਰ ਵੀ ਭਾਈ ਸਾਹਿਬ ਦੀ ਰਚਨਾ ਵਿਚ ਵਿਦਮਾਨ ਹਨ ਜਿਵੇਂ ਉੱਲਾਸ, ਅਵੱਗਿਆ, ਅਸੰਭਵ, ਵਿਰੋਧ, ਕਾਰਣ ਮਾਲਾ, ਛੇਕੋਕਤੀ, ਪੁਨਰੁਕਤਵਦਾਭਾਸ, ਵਿਆਜ-ਨਿੰਦਾ-ਉਸਤਤ, ਲੋਕੋਕਤੀ, ਆਦਿ । ਉਦਾਹਰਣ ਦੇ ਤੌਰ ਤੇ ਇਹਨਾਂ ਅਲੰਕਾਰਾਂ ਦੀ ਵੰਨਗੀ ਦਿੱਤੀ ਜਾਂਦੀ ਹੈ:-

ਉੱਲਾਸ ਅਲੰਕਾਰ :- ਇਹ ਇਕ ਅਜਿਹਾ ਅਲੰਕਾਰ ਹੈ ਜਿਸ ਵਿਚ ਗੁਣ ਤੋਂ ਦੋਸ਼ ਪੈਦਾ-ਹੁੰਦਾ ਹੈ, ਜਿਵੇਂ:-

1. ਵਾਰਾਂ ਭਾਈ ਗੁਰਦਾਸ, ਵਾਰ 21, ਪਉੜੀ 5.
2. ਉਹੀ „ ਵਾਰ 4, ਪਉੜੀ 13.

ਸਭਨਾ ਦੇ ਸਿਰ ਗੁੰਦੀਅਨ ਗੰਜੀ ਗੁਰੜਾਵੈ ।
ਕੰਨ ਤਨਉੜੇ ਕਾਮਣੀ ਬੂਜੀ ਬਰੜਾਵੈ ।
ਨੱਥਾਂ ਨਕ ਨਵੇਲੀਆਂ ਨਕਟੀ ਨ ਸੁਖਾਵੈ ।
ਕਜਲਾਖੇ ਹਰਨਾਂਖੀਆਂ ਕਾਣੀ ਕੁਰਲਾਵੈ ।
ਸਭਨਾਂ ਚਾਲ ਸੁਹਾਵਣੀ ਲੰਗੜੀ ਲੰਗੜਾਵੈ ।
ਗਣਤ ਗਣੈ ਗੁਰਦੇਵ ਦੀ, ਤਿਸੁ ਦੁਖ ਵਿਹਾਵੈ ।[1]

ਇਥੇ ਗੁੰਦੇ ਸਿਰਾਂ ਨੂੰ ਵੇਖ ਕੇ ਗੰਜੀ ਝੁਰਦੀ ਹੈ। ਇਕ ਦੇ ਗੁਣ ਤੋਂ ਦੂਜੇ ਵਿਚ ਦੋਸ਼ ਪੈਦਾ ਹੋਇਆਂ ਹੈ। ਕਮਾਲ ਇਹ ਹੈ ਕਿ ਭਾਈ ਸਾਹਿਬ ਨੇ ਹਰ ਤੁਕ ਵਿਚ ਵਖਰੀ ਵਖਰੀ ਗੱਲ ਕਹਿ ਕੇ ਇਸ ਅਲੰਕਾਰ ਨੂੰ ਹਰੇਕ ਤੁਕ ਵਿਚ ਨਿਭਾਇਆ ਹੈ।

ਅਵੱਗਿਆ ਅਲੰਕਾਰ :- ਅਵੱਗਿਆ ਦਾ ਅਰਥ ਹੈ, ਆਗਿਆ ਵਿਚ ਨਾ ਹੋਣਾ, ਨਿਰਾਦਰੀ ਜਾਂ ਤ੍ਰਿਸਕਾਰ। ਜਦੋਂ ਕਿਸੇ ਚੀਜ਼ ਦੇ ਪ੍ਰਭਾਵ ਨੂੰ ਸਾਰੇ ਕਬੂਲ ਕਰ ਲੈਣ ਪਰ ਉਹਨਾਂ ਵਿਚੋਂ ਇਕ ਉਸ ਪ੍ਰਭਾਵ ਨੂੰ ਗ੍ਰਹਿਣ ਨਾ ਕਰੇ ਸਗੋਂ ਪ੍ਰਭਾਵ ਪਾਉਣ ਵਾਲੇ ਨੂੰ ਉਲਟਾ ਦੋਸ਼ ਦੇਵੇ ਤਾਂ ਓਦੋਂ ਅਵੱਗਿਆ ਅਲੰਕਾਰ ਦੀ ਉਤਪਤੀ ਹੁੰਦੀ ਹੈ :-

ਸਾਵਣ ਵਣ ਹਰੀਆਵਲੇ ਵੁਠੇ, ਸੁਕੇ ਅੱਕ ਜਵਾਹਾਂ।
ਚੇਤ ਵਣਸਪਤ ਮੌਲੀਐ ਅਪਤ ਕਰੀਰ ਨ ਕਰੇ ਉਮਾਹਾ ।
ਸੁਫਲ ਫਲੰਦੇ ਬਿਰਖ ਸਭ ਸਿਮਲ ਅਫਲ ਰਹੇ ਅਵਿਸਾਹਾ ।
ਚੰਦਨ ਵਾਸ ਵਣਾਸਪਤਿ ਵਾਂਸ ਨਿਵਾਸ ਨ ਉਭੇ ਸਾਹਾ ।
ਸੰਖ ਸਮੁੰਦਹੁ ਸੱਖਣਾ ਦੁਖਿਆਰਾ ਰੋਵੈ ਦੇ ਧਾਹਾ ।
ਬਗਲ ਸਮਾਧੀ ਰੰਗ ਵਿਚ ਝੀਗੇ ਚੁਣ ਚੁਣ ਖਾਇ ਬਿਛਾਹਾ ।
ਸਾਬ ਵਿਹੂਣੇ ਮਿਲਦਾ ਫਾਹਾ । 2

ਅਸੰਭਵ ਅਲੰਕਾਰ:— ਅਸੰਭਵ ਦਾ ਅਰਥ ਹੈ ਜੋ ਸੰਭਵ ਨਾ ਹੋਵੇ, ਨਾਮੁਮਕਿਨ ਹੋਵੇ, ਅਣਹੋਣੀ ਹੋਵੇ। ਜਦੋਂ ਕਿਸੇ ਅਣਹੋਣੀ ਗੱਲ ਦਾ ਕਰ ਲੈਣਾ ਜਾਂ ਹੋ ਜਾਣਾ ਦਸਿਆ ਜਾਵੇ ਤਾਂ ਅਸੰਭਵ ਅਲੰਕਾਰ ਬਣਦਾ ਹੈ, ਜਿਵੇਂ :-

ਬਸਤ੍ਰ ਪਹਿਰੇ ਅਗਨਿ ਦੇ ਬਰਫ਼ ਹਿਮਾਲੇ ਮੰਦਰ ਛਾਈ ।
ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨਥ ਚਲਾਈ ।
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ ।

---

1. ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 6.
2. ਉਹੀ ,, ਵਾਰ 31, ਪਉੜੀ 3.

ਤੋਲੀ ਧਰਤ ਅਕਾਸ਼ ਦੁਇ ਪਿਛੇ ਛਾਬ ਟੰਕ ਚੜ੍ਹਾਈ।
ਏਹ ਬਲ ਰਖਾਂ ਆਪ ਵਿਚ ਜਿਸੁ ਆਖਾਂ ਤਿਸ ਪਾਰ ਕਰਾਈ।[1]

ਵਿਰੋਧ ਅਲਕਾਰ:- ਜਦੋਂ ਕਿਸੇ ਚੀਜ਼ ਦਾ ਫਲ ਉਸ ਦੇ ਗੁਣ ਜਾਂ ਔਗੁਣ ਦੇ ਉਲਟ ਹੋਵੇ ਤਾਂ ਵਿਰੋਧ ਅਲੰਕਾਰ ਹੈ। ਵਿਰੋਧ ਅਲੰਕਾਰ ਤੇ ਅਵੱਗਿਆ ਅਲੰਕਾਰ ਵਿਚ ਕੋਈ ਬਹੁਤਾ ਫ਼ਰਕ ਨਹੀਂ, ਥੋੜਾ ਹੀ ਹੈ:-

ਕਾਉ ਕਪੂਰ ਨ ਚਖਈ ਦੁਰਗੰਧ ਸੁਖਾਵੈ।
ਹਾਥੀ ਨੀਰ ਨਵਾਲੀਐ ਸਿਰ ਛਾਰ ਉਡਾਵੈ।
ਤੁੰਮੇ ਅੰਮ੍ਰਿਤ ਸਿੰਜੀਐ ਕਉੜੱਤੁ ਨ ਜਾਵੈ।
ਸਿੰਮਲ ਰੁਖ ਸਰੇਵੀਐ ਫਲ ਹਥ ਨ ਆਵੈ।
ਨਿੰਦਕ ਨਾਮ ਵਿਹੂਣਿਆ ਸਤਿ ਸੰਗ ਨ ਭਾਵੈ।
ਅੰਨ੍ਹਾਂ ਆਗੂ ਜੇ ਥੀਐ ਸਭ ਸਾਥ ਮੁਹਾਵੈ।[2]

ਕਾਰਣ-ਮਾਲਾ ਅਲੰਕਾਰ :— ਜਦੋਂ ਕਾਰਨਾਂ ਦੀ ਲੜੀ ਜੁੜ ਜਾਵੇ, ਭਾਵ ਇਕ ਗੱਲ ਤੋਂ ਦੂਜੀ ਬਣੇ, ਦੂਜੀ ਤੋਂ ਤੀਜੀ ਤੇ ਇਉਂ ਅੱਗੇ ਵਧਦੀ ਜਾਵੇ, ਤਾਂ ਕਾਰਣ-ਮਾਲਾ ਅਲੰਕਾਰ ਕਿਹਾ ਜਾਂਦਾ ਹੈ;—

ਲੱਤਾਂ ਹੇਠ ਲਿਤਾੜੀਐ, ਘਾਹ ਨ ਕਢੈ ਸਾਹ ਵਿਚਾਰਾ।
ਗੋਰਸ ਦੇ ਖੜ ਖਾਇ ਕੈ ਗਾਇ ਗਰੀਬੀ ਪਰਉਪਕਾਰਾ।
ਦੁਧਹੁ ਦਹੀ ਜਮਾਈਐ ਦਹੀਅਹੁੰ ਮਖਣ ਛਾਹਿ ਪਿਆਰਾ।
ਘਿਅ ਤੇ ਹੋਵਣ ਹੋਮ ਜਗ, ਢੰਗ ਸੁਆਰਥ ਚੱਜ ਅਚਾਰਾ।
ਧਰਮ ਧਉਲ ਪਰਗਟ ਹੋਇ ਧੀਰਜ ਵਹੈ ਸਹੈ ਸਿਰ ਭਾਰਾ।
ਇਕ ਇਕ ਜਾਉ ਜਣੇਦਿਆਂ ਚਹੁੰ ਚੱਕਾਂ ਵਿਚ ਵੱਗ ਹਜ਼ਾਰਾ।
ਤ੍ਰਿਣ ਅੰਦਰ ਵਡਾ ਪਾਸਾਰਾ।[3]

ਛੇਕੋਕਤੀ-ਅਲੰਕਾਰ :— ਲੋਕੋਕਤੀ ਦੀ ਸਿਰਜਣਾ ਸਮੇਂ ਕਿਸੇ ਗੱਲ ਦੀ ਪੁਸ਼ਟੀ ਕਰਨ ਲਈ ਕਿਸੇ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਛੇਕੋਕਤੀ ਅਲੰਕਾਰ ਵਿਚ ਇਸ ਅਖਾਣ ਦੀ ਵਰਤੋਂ ਅਜਿਹੇ ਢੰਗ ਨਾਲ ਕੀਤੀ ਜਾਂਦੀ ਹੈ ਜਿਸ ਨਾਲ ਕਵੀ ਦੇ ਭਾਵ ਦੀ ਪੁਸ਼ਟੀ ਹੋਵੇ, ਜਿਵੇਂ:-

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ , 43.
2. ਉਹੀ ,, ਵਾਰ 35, ਪਉੜੀ 2.
3. ਉਹੀ ,, ਵਾਰ 4, ਪਉੜੀ 8.

ਸਚ ਸਚਾਵਾ ਮਾਲ ਹੈ ਕੂੜ ਕੂੜਾਵੀ ਮਣੀ ਮਨੂਰੀ।
ਕੂੜੇ ਕੂੜੀ ਪਾਇ ਹੈ ਸਚ ਸਚਾਵੀ ਗੁਰਮਤਿ ਪੂਰੀ।
ਕੂੜੇ ਕੂੜਾ ਜੋਰ ਹੈ ਸਚ ਸਤਾਣੀ ਗਰਬ ਗਰੂਰੀ।
ਕੂੜ ਨ ਦਰਗਹ ਮੰਨੀਐ ਸਚ ਸੁਹਾਵਾ ਸਦਾ ਹਜੂਰੀ।
ਸੁਕਰਾਨਾ ਹੈ ਸਚ ਘਰ ਕੂੜ ਕੁਫਰ ਘਰ ਨਾ ਸਾਬੂਰੀ।
ਹਸਤਿ ਚਾਲ ਹੈ ਸਚ ਦੀ ਕੂੜ ਕੁਢੰਗੀ ਚਾਲ ਭੇਡੂਰੀ।
ਮੂਲੀ ਪਾਨ ਡਿਕਾਰ ਜਿਉਂ ਮੁੱਲ ਨ ਤੁੱਲ ਲਸਣ ਕਸਤੂਰੀ।
ਬੀਜੈ ਵਿਸ ਨ ਖਾਵੈ ਚੂਰੀ ।[1]

ਇਥੇ "ਬੀਜੈ ਵਿਸ ਨ ਖਾਵੈ ਚੂਰੀ" ਅਖਾਣ ਵਿਚਲੇ ਭਾਵ ਦੀ ਪੁਸ਼ਟੀ ਕੀਤੀ ਗਈ ਹੈ।

ਪੁਨਰੁਕਤਵਦਾਭਾਸ ਅਲੰਕਾਰ :— ਜਦੋਂ ਕਿਸੇ ਸ਼ਬਦ ਦੇ ਦੂਜੀ ਵਾਰ ਵਾਧੂ ਲਿਖੇ ਹੋਣ ਦਾ ਭੁਲੇਖਾ ਪਵੇ ਤੇ ਓਪਰੀ ਨਜ਼ਰੇ ਉਹ ਇਕੋ ਅਰਥ ਦੇ ਜਾਪਣ ਤਾਂ ਇਹ ਅਲੰਕਾਰ ਬਣਦਾ ਹੈ। ਉਂਜ ਉਹਨਾਂ ਸ਼ਬਦਾਂ ਦਾ ਅਰਥ ਇਕ ਨਹੀਂ ਹੁੰਦਾ। ਰੂਪ ਰਲਦਾ ਮਿਲਦਾ ਹੁੰਦਾ ਹੈ, ਅਰਥ ਵੱਖ ਵੱਖ, ਜਿਵੇਂ :-

ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖੱਟੇ ।[2]

ਵਿਚ ਦੰਤ ਤੇ ਦੰਦ ਇਕ ਜਿਹੇ ਸ਼ਬਦ ਨਜ਼ਰ ਆਉਂਦੇ ਹਨ, ਰੂਪ ਵਿਚ ਕੋਈ ਬਹੁਤਾ ਫ਼ਰਕ ਨਹੀਂ, ਚਾਹਿਰਾ ਤੌਰ ਤੇ ਅਰਥ ਵੀ ਇਕੋ ਲਗਦਾ ਹੈ। ਇਥੇ ਦੰਤ ਸ਼ਬਦ ਵਖਰਾ ਨਹੀਂ, ਬਕਤ੍ਰ ਨਾਲ ਜੁੜਵਾਂ ਹੈ ਤੇ ਇਹ ਦੰਤ ਬਕਤ੍ਰ, ਸ਼ਿਸ਼ੁਪਾਲ ਦਾ ਭਰਾ ਸੀ ਤੇ ਸ੍ਰੀ ਕ੍ਰਿਸ਼ਨ ਦਾ ਵੈਰੀ। ਸ੍ਰੀ ਕ੍ਰਿਸ਼ਨ ਦੇ ਹਥੋਂ ਇਸ ਦੇ ਦੰਦ ਖੱਟੇ ਹੋਏ ਸਨ। ਦੰਦ ਖੱਟੇ ਹੋਣਾ ਮੁਹਾਵਰਾ ਹੈ। ਸੋ ਦੰਤ ਤੇ ਦੰਦ ਸ਼ਬਦਾਂ ਤੋਂ ਭੁਲੇਖਾ ਪੈਂਦਾ ਹੈ ਕਿ ਇਹਨਾਂ ਵਿਚੋਂ ਇਕ ਸ਼ਬਦ ਵਾਧੂ ਵਰਤਿਆ ਗਿਆ ਹੈ।

ਦ੍ਰਿਸ਼ਟਾਂਤ ਅਲੰਕਾਰ:— ਜਦੋਂ ਕਿਸੇ ਗੱਲ ਨੂੰ ਜਾਂ ਵਿਚਾਰ ਨੂੰ ਸਪੱਸ਼ਟ ਕਰਨ ਲਈ ਕੋਈ ਉਦਾਹਰਣ ਦਿੱਤੀ ਜਾਵੇ ਤਾਂ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ ਜਿਵੇਂ :-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।[3]

---

1. ਵਾਰਾਂ ਭਾਈ ਗੁਰਦਾਸ, ਵਾਰ 30, ਪਉੜੀ 19.
2. ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 5.
3. ਉਹੀ ,, ਵਾਰ ਪਹਿਲੀ, ਪਉੜੀ 27.

ਭਾਈ ਸਾਹਿਬ ਨੇ ਦ੍ਰਿਸ਼ਟਾਂਤ ਅਲੰਕਾਰ ਦੀ ਅਪਾਰ ਵਰਤੋਂ ਕੀਤੀ ਹੈ। ਦੂਜੀ ਵਾਰ ਵਿਚ ਪਰਮਾਤਮਾ ਦੇ ਸਰਬ-ਵਿਆਪੀ ਹੋਣ ਦਾ ਵਿਚਾਰ "ਆਪੇ ਆਪ ਵਰਤਦਾ" ਕਹਿ ਕੇ ਵਿਸਥਾਰ ਸਹਿਤ ਬਿਆਨਿਆ ਹੈ ਤੇ ਇਸ ਵਿਚਾਰ ਦੀ ਪੁਸ਼ਟੀ ਲਈ ਅਨੇਕਾਂ ਚੀਜ਼ਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ। ਇਕ ਉਦਾਹਰਣ ਵੇਖੋ :-

ਸੋਈ ਤਾਂਬਾ ਰੰਗ ਸੰਗ ਜਿਉਂ ਕੈਹਾਂ ਹੋਈ।
ਸੋਈ ਤਾਂਬਾ ਜਿਸਤ ਮਿਲ ਪਿਤਲ ਅਵਿਲੋਈ।
ਸੋਈ ਸ਼ੀਸ਼ੇ ਸੰਗਤੀ ਭੰਗਾਰ ਭਲੋਈ।
ਤਾਂਬਾ ਪਾਰਸ ਪਰਸਿਆ ਹੋਇ ਕੰਚਨ ਸੋਈ।
ਸੋਈ ਤਾਂਬਾ ਭਸਮ ਹੋਇ ਅਉਖਧ ਕਰ ਭੋਈ।
ਆਪੇ ਆਪ ਵਰਤਦਾ ਸੰਗਤ ਗੁਨ ਗੋਈ।[1]

ਭਗਤ ਰਵਿਦਾਸ ਨੀਵੀਂ ਜਾਤ ਵਿਚੋਂ ਹੋਣ ਦੇ ਬਾਵਜੂਦ ਪ੍ਰਸਿਧ ਹੋ ਗਿਆ, ਇਸ ਗੱਲ ਨੂੰ ਕਿਵੇਂ ਬਿਆਨਿਆ ਹੈ, ਜ਼ਰਾ ਦ੍ਰਿਸ਼ਟਾਂਤ ਵੇਖੋ :-

ਭਗਤ ਭਗਤ ਜਗ ਵਜਿਆ ਚਹੁੰ ਚੱਕਾਂ ਦੇ ਵਿਚ ਚਮਰੇਟਾ।
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉਂ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ।[2]

'ਗੋਦੜੀ ਵਿਚ ਲਾਲ' ਲੋਕ-ਅਖਾਣ ਦੀ ਸੁਘੜ ਵਰਤੋਂ ਕਰ ਕੇ ਭਗਤ ਰਵਿਦਾਸ ਦੀ ਵਡਿਆਈ ਕੀਤੀ ਹੈ ਤੇ ਲੋਕ-ਸੂਝ ਦੇ ਨੇੜੇ ਹੋ ਕੇ ਗੱਲ ਸਮਝਾਈ ਹੈ।

ਰੂਪਕ ਅਲੰਕਾਰ :- ਜਦੋਂ ਕੋਈ ਚੀਜ਼ ਸਰੂਪ ਜਾਂ ਗੁਣ ਕਰ ਕੇ ਕਿਸੇ ਹੋਰ ਚੀਜ਼ ਦਾ ਰੂਪ ਧਾਰਨ ਕਰਦੀ ਪ੍ਰਤੀਤ ਹੋਵੇ ਤਾਂ ਰੂਪਕ ਅਲੰਕਾਰ ਹੁੰਦਾ ਹੈ। ਇਸ ਦੇ ਦੋ ਮੁਖ ਰੂਪ ਹੁੰਦੇ ਹਨ- ਇਕ ਤਦ ਰੂਪ, ਦੂਜਾ ਅਭੇਦ ਰੂਪਕ। ਭਾਈ ਸਾਹਿਬ ਨੇ ਰਪਕ ਅਲੰਕਾਰ ਦੀ ਵੀ ਆਮ ਵਰਤੋਂ ਕੀਤੀ ਹੈ :-

ਗੁਰ ਸਰ ਤੀਰਥ ਨਾਇਕੈ ਹੰਝੂ ਭਰ ਭਰ ਪੈਰ ਪਖਾਲੇ।
ਗੁਰ ਦਰੀਆਉ ਅਮਾਉ ਹੈ ਲਖ ਦਰੀਆਉ ਸਮਾਉ ਕਰੰਦਾ।[4]

1. ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 6.
2. ਉਹੀ, ,, ਵਾਰ 10, ਪਉੜੀ 17,
3. ਉਹੀ ,, ਵਾਰ 4, ਪਉੜੀ 18.
4. ਉਹੀ ,, ਵਾਰ 26, ਪਉੜੀ 13.

ਗੁਰ ਤੀਰਥ ਦਰਿਆਉ ਹੈ ਪਸੂ ਪਰੇਤ ਕਰੈ ਪਰਬੀਣਾ ।[1]

ਇਹ ਅਭੇਦ ਰੂਪਕ ਹੈ । ਇਥੇ ਗੁਰੂ ਨੂੰ ਸਰ, ਤੀਰਥ, ਦਰਿਆ, ਦਾ ਗੁਣ ਧਾਰਣ ਕਰਦਾ ਦਸਿਆ ਹੈ ।

ਬਿਆਜ–ਉਸਤਤ-ਨਿੰਦਾ ਅਲੰਕਾਰ :- ਜਿੱਥੇ ਜ਼ਾਹਿਰਾ ਤੌਰ ਤੇ ਤਾਂ ਉਸਤਤ ਕੀਤੀ ਜਾਵੇ, ਪਰ ਉਸ ਤੋਂ ਭਾਵ ਨਿੰਦਿਆ ਦਰਸਾਣ ਦਾ ਹੋਵੇ ਤਾਂ ਬਿਆਜ-ਉਸਤਤ–ਨਿੰਦਾ ਅਲੰਕਾਰ ਬਣਦਾ ਹੈ :–

ਲਖ ਸਿਆਣਪ ਸੁਰਤ ਲੱਖ ਲੱਖ ਗੁਣ ਚਤੁਰਾਈ ।
ਲੱਖ ਮਤਿ ਬੁਧਿ ਸੁਧਿ ਗਿਆਨ ਧਿਆਨ ਲੱਖ ਪਤਿ ਵਡਿਆਈ ।
ਲੱਖ ਜਪ ਤਪ ਲੱਖ ਸੰਜਮਾਂ ਲਖ ਤੀਰਥ ਨਾਈ ।
ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜ੍ਹਾਈ ।
ਆਪ ਗਣਾਇ ਵਿਗੁਚਣਾ ਓਹ ਥਾਇ ਨ ਪਾਈ ।[2]

ਬਿਆਜ-ਨਿੰਦਾ-ਉਸਤਤ ਅਲੰਕਾਰ ;- ਇਹ ਅਲੰਕਾਰ ਬਿਆਜ–ਉਸਤਤ–ਨਿੰਦਾ ਅਲੰਕਾਰ ਦੇ ਉਲਟ ਹੈ । ਇਸ ਵਿਚ ਜ਼ਾਹਿਰਾ ਤੌਰ ਤੇ ਨਿੰਦਿਆਂ ਕੀਤੀ ਗਈ ਪ੍ਰਤੀਤ ਹੁੰਦੀ ਹੈ, ਪਰ ਅਸਲ ਵਿਚ ਨਿੰਦਿਆ ਦੇ ਬਹਾਨੇ ਉਸਤਤ ਕੀਤੀ ਜਾਂਦੀ ਹੈ । ਹੇਠਲੀ ਪਉੜੀ ਵਿਚ ਜਾਪਦਾ ਹੈ ਕਿ ਗੁਰਮੁਖ ਦੀ ਨਿੰਦਿਆ ਕੀਤੀ ਜਾ ਰਹੀ ਹੈ, ਪਰ ਇਹ ਗੱਲ ਨਹੀਂ । ਇਥੇ ਤਾਂ ਗੁਰਮੁਖਾਂ ਦੀ ਨਿੰਦਿਆ ਦੇ ਬਹਾਨੇ ਉਹਨਾਂ ਦੀ ਉਸਤਤ ਕੀਤੀ ਜਾ ਰਹੀ ਹੈ ਤੇ ਮੂਰਖਾਂ ਦੀ ਨਿੰਦਿਆ ਹੋ ਰਹੀ ਹੈ :–

ਗੁਰਮੁਖ ਰੰਗ ਨ ਦਿਸਈ ਹੋਂਦੀ ਅੱਖੀਂ ਅੰਨ੍ਹਾ ਸੋਈ ।
ਗੁਰਮੁਖ ਸਮਝ ਨ ਸਕਈ ਹੋਂਦੀ ਕੰਨੀਂ ਬੋਲਾ ਹੋਈ ।
ਗੁਰਮੁਖ ਸ਼ਬਦ ਨ ਗਾਵਈ ਹੋਂਦੀ ਜੀਭੈ ਗੁੰਗਾ ਗੋਈ ।
ਚਰਨ ਕਵਲ ਦੀ ਵਾਸ ਵਿਣ ਨਕਟਾ ਹੋਂਦੇ ਨਕ ਅਲੋਈ।
ਗੁਰਮੁਖ ਕਾਰ ਵਿਹੂਣਿਆਂ ਹੋਂਦੇ ਕਰੀਂ ਲੁੰਜਾ ਦੁਖ ਹੋਈ ।
ਗੁਰਮਤ ਚਿਤ ਨ ਵਸਈ ਸੋ ਮਤਿ ਹੀਣ ਨ ਲੈਂਦਾ ਢੋਈ ।
ਮੂਰਖ ਨਾਲ ਨ ਕੋਇ ਸਥੋਈ ।[3]

---

1. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 20.
2. ਉਹੀ ,, ਵਾਰ 27, ਪਉੜੀ 18.
3. ਉਹੀ ,, ਵਾਰ 32 , ਪਉੜੀ 3.

ਉਪਮਾ-ਅਲੰਕਾਰ :- ਜਿੱਥੇ ਦੋ ਚੀਜ਼ਾਂ ਵਿਚ ਕਿਸੇ ਪੱਖ ਤੋਂ ਸਾਂਝ ਵਰਣਨ ਕੀਤੀ ਜਾਵੇ ਉਥੇ ਉਪਮਾ ਅਲੰਕਾਰ ਹੁੰਦਾ ਹੈ। ਭਾਈ ਸਾਹਿਬ ਨੇ ਇਸ ਅਲੰਕਾਰ ਦੀ ਵਰਤੋਂ ਬਹੁਤ ਮਾਤਰਾ ਵਿਚ ਕੀਤੀ ਹੈ। ਉਦਾਹਰਣ ਲਈ ਵੇਖੋ :-

ਸਤਿਗੁਰੂ ਪਾਰਸ ਪਰਸ ਕੈ ਕੰਚਨ ਕਰੈ ਮਨੂਰ ਮਲੀਣਾ।
ਸਤਿਗੁਰੂ ਬਾਵਨ ਚੰਦਨੋਂ ਵਾਸ ਸੁਵਾਸ ਕਰੈ ਲਾਖੀਣਾ।
ਸਤਿਗੁਰੂ ਪੂਰਾ ਪਾਰਜਾਤ ਸਿੰਮਲ ਸਫਲ ਕਰੈ ਸੰਗ ਲੀਣਾ।
ਮਾਨ ਸਰੋਵਰ ਸਤਿਗੁਰੂ ਕਾਗਹੁੰ ਹੰਸ ਜਲਹੁੰ ਦੁਧ ਪੀਣਾ।
ਗੁਰ ਤੀਰਥ ਦਰਿਆਉ ਹੈ ਪਸੂ ਪਰੇਤ ਕਰੈ ਪਰਵੀਣਾ।[1]

ਇਹਨਾਂ ਤੁਕਾਂ ਵਿਚ ਸਤਿਗੁਰੂ ਨੂੰ ਪਾਰਸ, ਬਾਵਨ ਚੰਦਨ, ਪਾਰਜਾਤ, ਮਾਨ ਸਰੋਵਰ ਤੇ ਤੀਰਥ ਨਾਲ ਉਪਮਾ ਦਿੱਤੀ ਗਈ ਹੈ। ਇਹ ਚੀਜ਼ਾਂ ਸਤਿਗੁਰੂ ਨਾਲੋਂ ਭਿੰਨ ਹਨ ਪਰ ਗੁਣਾਂ ਦੀ ਸਾਂਝ ਹੈ। ਜਿਵੇਂ ਪਾਰਸ ਆਪਣੀ ਛੋਹ ਨਾਲ ਮਨੂਰ ਨੂੰ ਕਚਨ ਕਰ ਦੇਂਦਾ ਹੈ, ਸਤਿਗੁਰੂ ਦੀ ਛੋਹ ਇਸੇ ਤਰ੍ਹਾਂ ਮਲੀਨ ਤੇ ਵਿਕਾਰੀ ਮਨੁੱਖ ਨੂੰ ਸ਼ੁਧ ਕਰ ਦੇਂਦੀ ਹੈ, ਇਸੇ ਤਰ੍ਹਾਂ ਸਤਿਗੁਰੂ ਦੀ ਛੋਹ ਬਾਵਨ ਚੰਦਨ ਵਾਂਗ (ਗੁਣਾਂ ਦੀ) ਖ਼ੁਸ਼ਬੂ ਭਰ ਦੇਂਦੀ ਹੈ, ਮਾਨ ਸਰੋਵਰ ਵਾਂਗ ਕਾਂ ਤੋਂ ਹੰਸ ਬਣਾ ਦੇਂਦੀ ਹੈ, ਆਦਿ। ਗੁਣਾਂ ਦੀ ਇਸ ਸਾਂਝ ਕਾਰਨ ਇਹਨਾਂ ਤੁਕਾਂ ਵਿਚ ਉਪਮਾ ਅਲੰਕਾਰ ਦੀ ਜੁਗਤ ਹੋ ਗਈ ਹੈ। ਇਵੇਂ ਹੀ ਸਤਾਰਵੀਂ ਵਾਰ ਦੀਆਂ ਕੁਝ ਪਉੜੀਆਂ ਵਿਚ ਮਨਮੁਖ ਨੂੰ ਡੱਡੂ, ਬਗਲਾ, ਉੱਲੂ, ਤਿਲ ਬੁਆੜ, ਅੱਕ ਟਿੱਡਾ [2] ਆਦਿ ਨਾਲ ਉਪਮਾ ਦੇ ਕੇ ਤੇ ਸੁਭਾਵ ਦੀ ਸਾਂਝ ਦਰਸਾ ਕੇ ਉਪਮਾ ਅਲੰਕਾਰ ਦੀ ਸਿਰਜਨਾ ਕੀਤੀ ਹੈ।

ਇਸ ਤਰ੍ਹਾਂ ਭਾਈ ਸਾਹਿਬ ਦੀਆਂ ਵਾਰਾਂ ਵਿਚ ਕਈ ਪ੍ਰਕਾਰ ਦੇ ਅਲੰਕਾਰਾਂ ਦੀ ਵਰਤੋਂ ਉਪਲਬਦ ਹੈ ਜੋ ਭਾਈ ਸਾਹਿਬ ਦੀ ਕਾਵਿ-ਪ੍ਰਤਿਭਾ ਦੀ ਲਖਾਇਕ ਹੈ।

(ਸ) ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਸ਼ਬਦ—ਸ਼ਕਤੀਆਂ

ਕਵੀ ਆਪਣੇ ਅੰਤੀਵ ਭਾਵਾਂ ਨੂੰ ਬੋਲੀ ਦੇ ਮਾਧਿਅਮ ਰਾਹੀਂ ਪਰਗਟ ਕਰਦਾ ਹੈ, ਜਾਂ ਇਉਂ ਕਹਿ ਲਉ ਕਿ ਬੋਲੀ, ਕਵੀ ਦਾ ਅਜਿਹਾ ਹੀ ਸਾਜ਼-ਸਾਮਾਨ ਹੁੰਦਾ ਹੈ ਜਿਵੇਂ ਕਿ ਚਿੱਤਰਕਾਰ ਕੋਲ ਰੰਗ-ਬੁਰਸ਼-ਕੈਨਵੇਸ ਆਦਿ, ਨ੍ਰਿਤਕਾਰ ਦਾ ਅੰਗ—ਅਭਿਨੈ, ਮੂਰਤੀ ਕਾਰ ਦਾ ਹਥੌੜਾ-ਛੈਣੀ-ਸਿਲ ਪੱਥਰ ਆਦਿ। ਜਿਵੇਂ ਹੋਰ ਕਲਾਕਾਰਾਂ ਪਾਸ ਆਪਣੇ ਹੁਨਰ-ਪਰਗਟਾ ਲਈ ਕੱਚਾ ਮਸਾਲਾ

1. ਵਾਰਾਂ ਭਾਈ ਗੁਰਦਾਸ, ਵਾਰ26, ਪਉੜੀ 20.
2. ਉਹੀ ,, ਵਾਰ 17, ਪਉੜੀ ਨੰ: 2, 3, 6, 16, 18, 19. ,,

ਹੁੰਦਾ ਹੈ, ਉਸੇ ਤਰ੍ਹਾਂ ਬੋਲੀ ਭੀ ਕੱਚਾ ਮਸਾਲਾ ਹੈ ਜਿਸ ਦੀ ਸੁਘੜ ਵਰਤੋਂ ਦੁਆਰਾ ਕਵੀ ਆਪਣੇ ਮਨੋ-ਭਾਵਾਂ ਨੂੰ ਉਲੀਕਦਾ, ਚਿਤਰਦਾ ਤੇ ਵਿਅਕਤ ਕਰਦਾ ਹੈ।

ਕਾਵਿ-ਬੋਲੀ ਦੇ ਪੱਖ ਤੋਂ ਭਾਈ ਗੁਰਦਾਸ ਦੀਆਂ ਵਾਰਾਂ ਦਾ ਅਧਿਐਨ ਇਕ ਬੜਾ ਸੁਆਦਲਾ ਤਜਰਬਾ ਹੋਵੇਗਾ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰਮਤ ਦੀ ਵਿਆਖਿਆ ਕੀਤੀ ਹੈ ਤੇ ਇਸ ਵਿਆਖਿਆ ਲਈ ਅਜਿਹੀ ਅਨੁਕੂਲ ਬੋਲੀ ਵਰਤੀ ਹੈ ਜੋ ਕੇਵਲ ਆਪਣੇ ਸਮੇਂ ਹੀ ਨਹੀਂ, ਅੱਜ ਵੀ ਲੋਕ-ਪ੍ਰਿਯ ਕਹੀ ਜਾ ਸਕਦੀ ਹੈ। ਇਸ ਬੋਲੀ ਵਿਚ ਕਲਾ ਦੀ ਹੁਨਰੀ ਸ਼ੋਖੀ ਹੈ, ਵੰਨ-ਸੁਵੰਨੀ ਚਿੱਤਰਕਾਰੀ ਹੈ, ਰਮਜ਼ਾਂ ਤੇ ਤਨਜ਼ਾਂ ਦਾ ਸੁਮੇਲ ਹੈ, ਰਸਾਂ ਦੀ ਮਧੁਰਤਾ ਹੈ ਅਤੇ ਅਖਾਣਾਂ-ਮੁਹਾਵਰਿਆਂ ਦਾ ਭੰਡਾਰ ਹੈ।

ਸਾਹਿਤ-ਕਲਾ ਵਿਚ ਕਾਵਿ-ਬੋਲੀ ਨੂੰ ਇਕ ਮਹਾਨ ਸਥਾਨ ਪ੍ਰਾਪਤ ਹੈ। ਕਾਵਿ-ਬੋਲੀ ਦੀ ਮਹੱਤਤਾ ਬਾਰੇ ਜੇਮਜ਼ ਰੀਵਜ਼ ਲਿਖਦਾ ਹੈ, "ਕਾਵਿ ਇਕ ਬੋਲੀ ਹੈ। ਇਸ ਨੂੰ ਟਾਲਿਆ ਨਹੀਂ ਜਾ ਸਕਦਾ। ਕਵਿਤਾ ਵਿਚ ਖ਼ਿਆਲ ਹੋ ਸਕਦੇ ਹਨ ਪਰ ਖ਼ਿਆਲ ਕਵਿਤਾ ਨਹੀਂ, ਕਵਿਤਾ ਕਿਸੇ ਕਹਾਣੀ ਦਾ ਵਰਣਨ ਕਰ ਸਕਦੀ ਹੈ, ਪਰ ਕਹਾਣੀ ਕਵਿਤਾ ਨਹੀਂ ਹੋ ਸਕਦੀ। ਕਵਿਤਾ ਮਨੁੱਖੀ ਜਜ਼ਬਾਤ ਦੇ ਸਮੁੱਚੇ ਵਿਸਥਾਰ ਨੂੰ ਆਪਣੇ ਕਲਾਵੇ ਵਿਚ ਲੈ ਕੇ ਬਿਆਨ ਕਰ ਸਕਦੀ ਹੈ ਪਰ ਜੇ ਕਵੀ ਦੀ ਬੋਲੀ ਸ਼ਕਤੀਸ਼ਾਲੀ, ਚਮਤਕਾਰੀ, ਅਸਚਰਜ ਤੇ ਸੱਜਰੀ ਨਹੀਂ ਤਾਂ ਕਵੀ ਦੀ ਜਜ਼ਬਾਤ-ਨਗਰੀ ਜਾਂ ਭਾਵ-ਜਗਤ ਪ੍ਰਭਾਵਹੀਨ ਹੋ ਕੇ ਰਹਿ ਜਾਂਦਾ ਹੈ"।[1]

ਜੇਮਜ਼ ਰੀਵਜ਼ ਦੇ ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਕਾਵਿ-ਰਚਨਾ ਵਿਚ ਕਵੀ ਦੀ ਬੋਲੀ ਆਪਣਾ ਵਿਸ਼ੇਸ਼ ਸਥਾਨ ਰਖਦੀ ਹੈ। ਬੋਲੀ ਦਾ ਚਮਤਕਾਰੀ, ਸੁਹਜਾਤਮਕ, ਰਸਮਈ, ਜੜਾਊ, ਸੰਗੀਤਕ, ਵਿਸ਼ੇ-ਅਨੁਕੂਲ, ਰਮਜ਼-ਭਰਪੂਰ, ਪੱਕੀ-ਰਸੀ, ਚਿੱਤਰ-ਚਿਤਰਦੀ, ਵਿਅੰਗਾਤਮਕ, ਕਟਾਖ-ਭਰਪੂਰ, ਅਦਭੁਤ ਉਤੇਜਨਾ-ਮੂਲਕ ਹੋਣਾ ਸਫ਼ਲ ਕਾਵਿ-ਰਚਨਾ ਲਈ ਜ਼ਰੂਰੀ ਹੈ। ਬੋਲੀ ਸ਼ਬਦਾਂ ਦਾ ਸਮੂਹ ਹੈ ਤੇ ਸ਼ਬਦ ਦੇ ਅੰਦਰ ਮੌਜੂਦ ਅਰਥ-ਸ਼ਕਤੀ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਸ ਵਿਆਪਾਰ (ਕਰਮ) ਨਾਲ ਕਿਸੇ ਸ਼ਬਦ ਦੇ ਅਰਥ ਦਾ ਗਿਆਨ ਹੁੰਦਾ ਹੈ, ਉਸ ਨੂੰ ਉਸ ਸ਼ਬਦ ਦੀ 'ਸ਼ਕਤੀ' ਕਿਹਾ ਜਾਂਦਾ ਹੈ। ਭਾਰਤੀ ਕਾਵਿ-ਆਲੋਚਨਾ ਵਿਚ ਬੋਲੀ ਦੇ ਵੱਖ-ਵੱਖ ਅਰਥ-ਭੇਦਾਂ ਨੂੰ ਸਾਹਮਣੇ ਰਖ ਕੇ ਇਹਨਾਂ 'ਸ਼ਬਦ-ਸ਼ਕਤੀਆਂ' ਦੀ ਕਲਪਨਾ ਕੀਤੀ ਗਈ ਹੈ। ਕਵਿਤਾ ਦੀ ਮਾਲਾ ਵਿਚ ਪਰੋਏ ਜਾ ਕੇ ਇਹ ਸ਼ਬਦ-ਮਣਕੇ ਅਜਿਹੀਆਂ ਸ਼ਕਤੀਆਂ ਦੇ ਮਾਲਕ ਹੋ ਜਾਂਦੇ ਹਨ ਜਿਨ੍ਹਾਂ ਕਰਕੇ ਉਹਨਾਂ ਸਾਧਾਰਨ ਜਾਪਦੇ ਸ਼ਬਦਾਂ ਵਿਚੋਂ ਨਵੇਂ ਕਟਾਖ ਫੁਟ ਪੈਂਦੇ ਹਨ। ਸ਼ਬਦ ਸ਼ਕਤੀਆਂ ਸੰਸਕ੍ਰਿਤ ਦੇ ਧੁਨੀ-ਸਿਧਾਂਤ ਦੀ ਦੇਣ ਹਨ।[2]

---

1. Poetry is a language. That is inescapable .....
   Understanding Poetry, James Reeves, p. 157.
2. ਧਵਨੀ-ਸੰਪ੍ਰਦਾਯ ਔਰ ਉਸ ਕੇ ਸਿਧਾਂਤ, ਭੋਲਾ ਸ਼ੰਕਰ ਵਯਾਸ, ਪੰਨਾ 49.

ਸ਼ਬਦ-ਸ਼ਕਤੀਆਂ :- ਕਾਵਿ-ਰਚਨਾ ਵਿਚ ਇਹ ਆਮ ਵੇਖਿਆ ਗਿਆ ਹੈ ਕਿ ਇਕੋ ਹੀ ਸ਼ਬਦ ਕਈ ਵਾਰ ਕੇਵਲ ਇਕੋ ਹੀ ਅਰਥ ਵਾਲਾ ਜਾਂ ਇਕੋ ਹੀ ਭਾਵ ਦਾ ਸੂਚਕ ਨਹੀਂ ਹੁੰਦਾ, ਸਗੋਂ ਉਸ ਰਾਹੀਂ ਕਈ ਅਰਥਾਂ ਦਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਇਕ ਹੀ ਸ਼ਬਦ ਦੇ ਕਈ ਅਰਥ ਪ੍ਰਤੀਤ ਹੁੰਦੇ ਹਨ। ਸ਼ਬਦ ਦੇ ਇਸ ਬਹੁ-ਅਰਥਕ ਸੁਭਾ ਨੂੰ ਮੁਖ ਰਖ ਕੇ ਸੰਸਕ੍ਰਿਤ ਆਲੋਚਕਾਂ ਨੇ ਇਕ ਤੋਂ ਵਧ ਸ਼ਕਤੀਆਂ ਮੰਨੀਆਂ ਹਨ। ਇਹਨਾਂ ਸ਼ਕਤੀਆਂ ਦੇ ਜ਼ੋਰ ਨਾਲ ਉਹ ਸ਼ਬਦ ਬਹੁਤੇ ਅਰਥਾਂ ਵਾਲਾ ਜਾਪਦਾ ਹੈ। ਇਹ ਸ਼ਕਤੀਆਂ ਤਿੰਨ ਪ੍ਰਕਾਰ ਦੀਆਂ ਨਿਰਧਾਰਤ ਕੀਤੀਆਂ ਗਈਆਂ ਹਨ ਤੇ ਇਹਨਾਂ ਦੀ ਤਰਤੀਬ ਇਉਂ ਹੈ :-

ਅਭਿਧਾ-ਸ਼ਕਤੀ (Power of Expression)

ਲਖਸ਼ਣਾ-ਸ਼ਕਤੀ (Power of Indication)

ਵਿਅੰਜਨਾਂ-ਸ਼ਕਤੀ (Power of Suggestion)

ਧੁਨੀ-ਸਿਧਾਂਤ ਦੇ ਸਥਾਪਕ ਆਨੰਦ ਵਰਧਨ ਸਨ ਜਿਨ੍ਹਾਂ ਤੋਂ ਅਭਿਧਾ, ਲਖਸ਼ਣਾ ਤੇ ਵਿਅੰਜਨਾ ਦਾ ਵਿਚਾਰ ਸ਼ੁਰੂ ਹੁੰਦਾ ਹੈ।[1]

ਅਭਿਧਾ-ਸ਼ਕਤੀ :- ਇਹ ਕਾਵਿ ਦੀ ਪਹਿਲੀ ਸ਼ਕਤੀ ਹੈ। ਇਹ ਸ਼ਕਤੀ ' ਅਗਲੀਆਂ ਸ਼ਕਤੀਆਂ ਦੀ ਆਧਾਰ-ਸ਼ਿਲਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਅਭਿਧਾ-ਸ਼ਕਤੀ, 'ਸ਼ਬਦ ਦੇ ਵਾਚਯ ਅਰਥ ਨੂੰ ਸਪੱਸ਼ਟ ਕਰਨ ਵਾਲੀ ਸ਼ਕਤੀ ਸ਼ਬਦ ਦੇ ਅਭਿਪ੍ਰਾਯ (ਮਕਸਦ) ਨੂੰ ਪਰਗਟ ਕਰਨ ਵਾਲੀ ਸ਼ਕਤੀ ਹੈ।[2] ਇਸ ਸ਼ਕਤੀ ਦੁਆਰਾ ਸ਼ਬਦ ਦੇ ਮੂਲ ਅਰਥ ਦਾ ਪਤਾ ਲਗਦਾ ਹੈ। ਸ਼ਬਦ ਦੇ ਇਸ ਅਰਥ ਨੂੰ "ਸੰਕੇਤਕ ਅਰਥ" ਵੀ ਕਿਹਾ ਗਿਆ ਹੈ। ਇਹ ਅਜਿਹਾ ਅਰਥ ਹੁੰਦਾ ਹੈ ਜੋ ਪਰੰਪਰਾ ਤੋਂ ਚਲਿਆ ਆ ਰਿਹਾ ਮਸ਼ਹੂਰ ਤੇ ਰੂੜ੍ਹ ਹੈ।

ਭਾਈ ਗੁਰਦਾਸ ਨੇ ਗੁਰਮਤ-ਵਿਚਾਰਾਂ ਨੂੰ ਆਪਣੀਆਂ ਵਾਰਾਂ ਦਾ ਵਿਸ਼ਾ ਬਣਾਇਆ ਹੈ ਅਤੇ ਦਲੀਲਾਂ ਤੇ ਤਰਕਾਂ ਨਾਲ ਇਸ ਵਿਸ਼ੇ ਦਾ ਨਿਰੂਪਣ ਕੀਤਾ ਹੈ। ਭਾਈ ਸਾਹਿਬ ਦੀ ਕਾਵਿ-ਬੋਲੀ ਵਿਚ ਅਭਿਧਾ ਸ਼ਕਤੀ ਦਾ ਚਮਤਕਾਰ ਥਾਂ-ਪਰ-ਥਾਂ ਦ੍ਰਿਸ਼ਟੀ ਗੋਚਰ ਹੁੰਦਾ ਹੈ। "ਸਤਿਗੁਰੂ ਨਿਰਲੇਪ ਹੈ", ਸਤਿਗੁਰ ਦੇ ਇਸ ਸਰੂਪ ਨੂੰ ਵਰਣਨ ਕਰਦੇ ਹੋਏ ਲਿਖਦੇ ਹਨ:-

ਪੂਰਾ ਸਤਿਗੁਰ ਆਪ ਨ ਅਲਖ ਲਖਾਵਈ।
ਦੇਖੈ ਥਾਪਿ ਉਥਾਪ ਜਿਉਂ ਤਿਸ ਭਾਵਈ।
ਲੇਪ ਨ ਪੁੰਨ ਨ ਪਾਪ ਉਪਾਇ ਸਮਾਵਈ।[3]

---

1. ਕਾਵਯ ਪ੍ਰਕਾਸ਼ (ਹਿੰਦੀ ਟੀਕਾ) ਡਾ: ਸਤਯਵ੍ਰਤ ਸਿੰਹ, ਪੰਨਾ 39.
2. ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ 54.
3. ਵਾਰਾਂ ਭਾਈ ਗੁਰਦਾਸ ਵਾਰ 3, ਪਉੜੀ 7.

ਇੱਥੇ ਵਰਤੇ ਹੋਏ ਸ਼ਬਦਾਂ ਅਤੇ ਉਨ੍ਹਾਂ ਤੋਂ ਪਰਗਟ ਹੋਏ ਅਰਥਾਂ ਵਿਚਕਾਰ ਸਿਧਾ ਤੇ ਪਰਤਖ ਸੰਬੰਧ ਨਜ਼ਰ ਆਉਂਦਾ ਹੈ।

ਲਖਸ਼ਣਾ-ਸ਼ਕਤੀ :- ਸ਼ਬਦ ਦਾ ਅਰਥ ਅਭਿਧਾ ਤਕ ਹੀ ਸੀਮਤ ਨਹੀਂ ਰਹਿੰਦਾ। ਕਈ ਵਾਰ ਉਹ ਅਰਥ ਵਿਆਪਕ ਹੋ ਜਾਂਦਾ ਹੈ। ਜਦੋਂ ਅਭਿਧਾ ਸ਼ਕਤੀ ਆਪਣਾ ਕੰਮ ਕਰ ਚੁਕਦੀ ਹੈ ਤਾਂ ਇਸ ਤੋਂ ਉਪਰੰਤ ਲਖਸ਼ਣਾ ਸ਼ਕਤੀ ਦਾ ਕੰਮ ਅਰੰਭ ਹੁੰਦਾ ਹੈ। ਅਭਿਧਾ ਸ਼ਕਤੀ ਸ਼ਬਦਾਂ ਦਾ ਸਿੱਧਾ ਅਰਥ ਗ੍ਰਹਿਣ ਕਰਾਂਦੀ ਹੈ ਪਰ ਜਦੋਂ ਇਹ ਅਰਥ ਦਲੀਲ ਦੀ ਕਸਵੱਟੀ ਉਤੇ ਪੂਰਾ ਨਹੀਂ ਉਤਰਦਾ ਤਾਂ ਢੁਕਵੇਂ ਅਰਥ ਦੀ ਲੋੜ ਭਾਸਦੀ ਹੈ ਤੇ ਅਗਲੀ ਸ਼ਕਤੀ ਦੀ ਕਲਪਨਾ ਕਰਨੀ ਪੈਂਦੀ ਹੈ। ਮੱਮਟ ਦੇ ਵਿਚਾਰ ਅਨੁਸਾਰ, ਅਭਿਧਾ ਅਰਥਾਂ ਦੀ ਸਿੱਧੀ ਵਿਚ ਰੁਕਾਵਟ ਹੋਣ ਤੇ ਕਿਸੇ ਹੋਰ ਅਰਥ ਦੀ ਅਭਿਵਿਅਕਤੀ ਲਖਸ਼ਣਾ ਸ਼ਕਤੀ ਰਾਹੀਂ ਹੁੰਦੀ ਹੈ।[1] ਕਵੀ ਆਪਣੀ ਕਾਵਿ-ਬੋਲੀ ਦੇ ਸ਼ਬਦਾਂ ਦੀ ਜੜਤ ਇਉਂ ਕਰਦਾ ਹੈ ਕਿ ਪਰਤੱਖ ਦਿਸਦੇ ਅਰਥ ਠੀਕ ਤੇ ਢੁਕਵੇਂ ਨਹੀਂ ਜਾਪਦੇ। ਇਹਨਾਂ ਅਰਥਾਂ ਨੂੰ ਧਿਆਨ ਵਿਚ ਰਖ ਕੇ, ਕੋਈ ਮਿਲਦੇ ਜੁਲਦੇ ਅਰਥ ਲਭਣੇ ਪੈਂਦੇ ਹਨ। ਭਾਈ ਕਾਹਨ ਸਿੰਘ ਨਾਭਾ 'ਲਖਸ਼ਣਾ ਸ਼ਕਤੀ' ਬਾਰੇ ਲਿਖਦੇ ਹਨ," ਸ਼ਬਦ ਦੀ ਉਹ ਸ਼ਕਤੀ ਜਿਸ ਦੁਆਰਾ ਸਾਧਾਰਨ ਅਰਥ ਤੋਂ ਭਿੰਨ ਸ਼ਬਦ ਦਾ ਵਾਸਤ ਅਰਥ ਅਤੇ ਭਾਵ ਪਰਗਟ ਹੁੰਦਾ ਹੈ।[2] ਉਦਾਹਰਣ ਵਜੋਂ ਦ੍ਰੋਪਦੀ ਦੇ ਚੀਰ-ਹਰਨ ਦੀ ਕਥਾ ਵਿਚ ਭਾਈ ਸਾਹਿਬ ਲਿਖਦੇ ਹਨ :-

"ਕਪੜ ਕੋਟ ਉਸਾਰਿਓਨ ਥੱਕੇ ਦੂਤ ਨ ਪਾਰ ਵਸਾਂਦੀ।"[3]

ਕੋਟ ਦਾ ਅਭਿਧਾ ਅਰਥ ਤਾਂ ਕਿਲ੍ਹਾ ਹੈ, ਪਰ ਕਪੜਿਆਂ ਦੇ ਕਿਲ੍ਹੇ ਢੁਕਦਾ ਨਹੀਂ, ਇਸ ਲਈ ਲਖਸ਼ਣਾ ਅਰਥ ਕਪੜਿਆਂ ਦੇ ਢੇਰ ਹੀ ਕਲਪਿਆ ਜਾਵੇਗਾ। ਕਪੜਿਆਂ ਦੇ ਢੇਰ ਕਿਲ੍ਹਿਆਂ ਜਿਤਨੇ ਉਚੇ ਲਗਾ ਦਿੱਤੇ ਗਏ, ਦਾ ਭਾਵ ਮਿਲੇਗਾ।

ਲਖਸ਼ਣਾ ਸ਼ਕਤੀ ਦੀ ਵਰਤੋਂ ਮਨੋਸਥਿਤੀਆਂ ਤੇ ਭਾਵਨਾਵਾਂ ਦੇ ਵਰਣਨ ਵਿਚ ਮਿਲਦੀ ਹੈ। ਕਾਵਿ-ਰਚਨਾ ਵਿਚ ਜਿਥੇ ਅਲੰਕਾਰਾਂ ਦੀ ਜੜਤ ਕੀਤੀ ਹੁੰਦੀ ਹੈ, ਉਥੇ ਇਹ ਲਖਸ਼ਣਾ ਸ਼ਕਤੀ ਹੋਰ ਵੀ ਚਮਕ ਉਠਦੀ ਹੈ। ਭਾਈ ਗੁਰਦਾਸ ਸਤਿਗੁਰੂ ਦਾ ਜਸ ਗਾਉਂਦੇ ਕਹਿੰਦੇ ਹਨ :-

ਸਤਿਗੁਰ ਸਾਗਰ ਸੇਵ ਕੈ ਨਿਧਿ ਸਭਨਾ ਪਾਈ।[4]

---

1. ਕਾਵਯ ਪ੍ਰਕਾਸ਼, ਪੰਨਾ 40.
2. ਗੁਰ ਸ਼ਬਦ ਰਤਨਾਕਰ ਮਹਾਨ-ਕੋਸ਼, ਪੰਨਾ 790.
3. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 8.
4. ਉਹੀ ,, ਵਾਰ 34, ਪਉੜੀ 9.

ਸਾਗਰ ਦਾ ਸਾਧਾਰਨ ਅਰਥ ਤਾਂ ਸਮੁੰਦਰ ਹੈ, ਬੇਅੰਤ ਪਾਣੀ ਦਾ ਇਕੱਠ ਹੈ। ਪਰ ਇਸ ਤੁਕ ਵਿਚ ਇਹ ਅਰਥ ਲਗਦਾ ਨਹੀਂ। ਸਤਿਗੁਰੂ ਪਾਣੀ ਦਾ ਸਮੁੰਦਰ ਕਿਵੇਂ ਬਣ ਗਿਆ। ਇਥੇ ਅਭਿਧਾ ਅਰਥ ਵਿਚ ਰੁਕਾਵਟ ਪੈ ਗਈ ਹੈ। ਇਸ ਲਈ ਲਖਸ਼ਣਾ ਸ਼ਕਤੀ ਦੁਆਰਾ ਸਾਗਰ ਦਾ ਅਰਥ ਗੁਣ-ਦਾਤਾ, ਸੀਤਲਤਾ ਬਖਸ਼, ਸਤਿ ਸੰਤੋਖ ਵਾਲਾ ਹੀ ਮੰਨਣਾ ਪੈਂਦਾ ਹੈ। ਜਿਵੇਂ ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨਾਂ ਜਾਂ ਨਿਧੀਆਂ ਦੀ ਪ੍ਰਾਪਤੀ ਹੋਈ ਸੀ ਇਸੇ ਤਰ੍ਹਾਂ ਸਤਿਗੁਰੂ ਦੀ ਸੇਵਾ ਕਰ ਕੇ, ਸਤਿਗੁਰੂ ਦੀ ਸੰਗਤ ਨਾਲ ਸਤਿ, ਸੰਤੋਖ ਆਦਿਕ ਨਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇਕ ਉਦਾਹਰਣ ਹੋਰ ਪ੍ਰਸਤੁਤ ਕੀਤੀ ਜਾਂਦੀ ਹੈ :-

ਸਤਿਗੁਰ ਪਾਰਸ ਪਰਸ ਕੈ ਕੰਚਨ ਕਰੈ ਮਨੂਰ ਮਲੀਨਾ।[1]

ਇਥੇ ਪਾਰਸ ਦਾ ਅਭਿਧਾ ਅਰਥ, ਪੱਥਰ, ਨਹੀਂ ਢੁਕਦਾ। ਸਤਿਗੁਰੂ, ਪੱਥਰ ਤਾਂ ਨਹੀਂ ਹੈ। ਸੋ ਲਖਸ਼ਣਾ ਸ਼ਕਤੀ ਰਾਹੀਂ ਅਰਥ ਦਾ ਗਿਆਨ ਹੁੰਦਾ ਹੈ ਕਿ ਜਿਵੇਂ ਪਾਰਸ ਮਨੂਰ ਵਿਚੋਂ ਮੈਲ ਖੋਟ ਆਦਿ ਦੂਰ ਕਰ ਕੇ ਸੋਨਾ ਬਣਾ ਦੇਂਦਾ ਹੈ ਇਸੇ ਤਰ੍ਹਾਂ ਸਤਿਗੁਰ, ਵਿਕਾਰੀ ਮਨ ਵਿਚੋਂ ਮਲੀਨਤਾ ਦੂਰ ਕਰ ਕੇ ਸ਼ੁਧ ਕਰ ਦੇਂਦਾ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਨੇ ਲਖਸ਼ਣਾ-ਸ਼ਕਤੀ ਦੇ ਅਜਹਤਿ ਲਖਸ਼ਣਾ[2], ਜਹਿਤ,[3] ਜਹਤਾ ਜਹਿਤਿ[4] ਉਪਭੇਦ ਮੰਨੇ ਹਨ। ਏਥੇ ਇਹਨਾਂ ਦੇ ਵਿਸਥਾਰ ਦੀ ਲੋੜ ਨਹੀਂ।

ਵਿਅੰਜਨਾਂ-ਸ਼ਕਤੀ :- ਕਾਵਿ-ਬੋਲੀ ਵਿਚ ਵਿਅੰਜਨਾ ਤੀਜੀ ਸ਼ਬਦ-ਸ਼ਕਤੀ ਹੈ। ਇਹ ਅਭਿਧਾ ਤੇ ਲਖਸ਼ਣਾ ਤੋਂ ਬਾਦ, ਆਉਂਦੀ ਹੈ। ਪਹਿਲੀਆਂ ਦੋ ਸ਼ਬਦ-ਸ਼ਕਤੀਆਂ ਮਗਰੋਂ ਵਿਅੰਜਨਾ ਸ਼ਕਤੀ ਰਾਹੀਂ ਇਕ ਵਖਰੇ ਨਵੇਂ ਅਰਥ ਦਾ ਗਿਆਨ ਹੁੰਦਾ ਹੈ। ਇਸ ਨੂੰ ਕਾਵਿ-ਸ਼ਾਸਤ੍ਰੀਆਂ ਨੇ 'ਵਿਅੰਗਾਰਥ' ਕਿਹਾ ਹੈ। ਇਹ 'ਵਿਅੰਗਾਰਥ' ਅਭਿਧਾ ਤੇ ਲਖਸ਼ਣਾ ਰਾਹੀਂ ਪ੍ਰਾਪਤ ਨਹੀਂ ਹੁੰਦਾ।

ਵਿਅੰਜਨਾਂ-ਸ਼ਕਤੀ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ "ਵਾਚਯ ਅਰਥ ਤੋਂ ਭਿੰਨ ਕਿਸੇ ਹੋਰ ਅਰਥ ਦੇ ਬੋਧ ਕਰਾਉਣ ਵਾਲੀ ਇਕ ਬਿਰਤੀ"।[5]

ਵਿਅੰਜਨਾ ਦੀ ਵੰਨਗੀ ਵੇਖੋ :-

ਭਏ ਬੇਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਵ ਕਸਾਈ।[6]

---

1. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 20.
2. ਗੁਰ ਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ 34.
3. ਉਹੀ, ਪੰਨਾ 372.
4. ਉਹੀ, ਪੰਨਾ 372.
5. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 834.
6. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 7.

ਕਲਜੁਗ ਦੇ ਸਮੇਂ ਦਾ ਵਰਤਾਵ ਦਸਦੇ ਹੋਏ ਕਹਿੰਦੇ ਹਨ ਕਲਜੁਗ ਦੇ ਸਮੇਂ ਵਿਚ ਰਾਜੇ ਅਨਿਆਈ ਹੋ ਗਏ ਹਨ, ਕਲਜੁਗ ਦਾ ਸਮਾਂ ਆਪ ਤਿੱਖੀ ਛੁਰੀ ਵਰਗਾ ਹੈ ਅਤੇ ਹਾਕਮ ਲੋਕ ਕਸਾਈਆਂ ਵਾਂਗ ਜ਼ਾਲਮ ਹਨ। ਇਸ ਤੁਕ ਵਿਚ ਸ਼ਬਦਾਂ ਦਾ ਪਹਿਲਾ ਅਰਥ ਅਭਿਧਾ ਸ਼ਕਤੀ ਨਾਲ ਪਤਾ ਲਗਦਾ ਹੈ। ਫਿਰ ਲਖਸ਼ਣਾ ਸ਼ਕਤੀ ਰਾਹੀਂ ਕਾਤੀ, ਕਸਾਈ ਆਦਿ ਦੇ ਰੂਪਕ ਅਲੰਕਾਰਕ ਅਰਥ ਮਲੂਮ ਹੁੰਦੇ ਹਨ। ਪਰ ਇਹਨਾਂ ਅਰਥਾਂ ਤੋਂ ਵੀ ਅੱਗੇ ਚਲ ਕੇ ਸਾਡੀ ਕਲਪਨਾ ਨੂੰ ਕਈ ਹੋਰ ਅਰਥ ਸੁਝਦੇ ਹਨ ਕਿ ਪਹਿਲੇ ਜੁਗਾਂ ਵਾਲਾ ਧਰਮ ਦਾ ਜ਼ੋਰ ਘਟ ਜਾਣ ਕਰਕੇ ਲੋਕ ਅਨਿਆਂ ਉਤੇ ਤੁਲ ਗਏ ਹਨ, ਪਾਪ, ਅਤਿਆਚਾਰ ਤੇ ਅਧਰਮ ਵਿਚ ਰੁਸੇ ਹੋਏ ਹਨ ਤੇ ਇਸੇ ਲਈ ਬੇਈਮਾਨੀ, ਚੋਰੀ, ਠੱਗੀ, ਜ਼ੁਲਮ ਆਦਿ ਆਚਰਣ-ਹੀਨ ਕਰਮ ਕਰਦੇ ਹਨ। ਇਸ ਸਮੇਂ ਦੇ ਹਾਕਮਾਂ ਨੂੰ ਕਸਾਈ ਕਹਿ ਕੇ ਭਾਈ ਗੁਰਦਾਸ ਨੇ ਕਈ ਵਿਅੰਗਾਰਥ ਸੁਝਾਏ ਹਨ। ਇਹ ਹਾਕਮ ਮਜ਼ਲੂਮਾਂ ਦੀ ਰਖਿਆ ਕਰਨ ਦੀ ਥਾਂ ਸਗੋਂ ਉਲਟਾ ਕਹਿਰ ਵਰਤਾ ਰਹੇ ਹਨ, ਜਿਨ੍ਹਾਂ ਹਾਕਮਾਂ ਨੇ ਧਰਮ, ਨਿਆਂ, ਆਚਰਨ, ਰਾਜ ਧਰਮ ਆਦਿ ਗੁਣਾਂ ਨੂੰ ਦ੍ਰਿੜ੍ਹ ਕਰ ਕ ਪਰਜਾ-ਪਾਲਕ ਹੋਣਾ ਸੀ, ਉਹਨਾਂ ਨੂੰ ਇਹ ਸਦ-ਗੁਣ ਤੇ ਆਪਣੇ ਕਰਤਵ ਭੁਲ ਗਏ ਹਨ। ਇਉਂ "ਉਮਰਾਵ ਕਸਾਈ" ਦੋ ਸ਼ਬਦਾਂ ਤੋਂ ਕਈ ਵਿਅੰਗਾਰਥ ਪ੍ਰਾਪਤ ਹੋ ਸਕਦੇ ਹਨ।

ਇਕ ਹੋਰ ਉਦਾਹਰਣ ਵੇਖੋ :-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।[1]

ਇਨ੍ਹਾਂ ਤੁਕਾਂ ਵਿਚ ਅਭਿਧਾ ਤੇ ਲਖਸ਼ਣਾ ਅਰਥਾਂ ਤੋਂ ਉਪਰੰਤ ਕਈ ਤਰ੍ਹਾਂ ਦੇ ਵਿਅੰਗਾਰਥ ਹਾਸਲ ਹੁੰਦੇ ਹਨ। ਸਤਿਗੁਰ ਨਾਨਕ ਦੇਵ ਦੇ ਪਰਗਟ ਹੋਣ ਨਾਲ ਧੁੰਧ ਮਿਟ ਗਈ ਤੇ ਸਭ ਪਾਸੇ ਚਾਨਣ ਦਾ ਪਸਾਰਾ ਹੋ ਗਿਆ, ਇਸ ਗੱਲ ਦਾ ਵਿਅੰਗਾਰਥ ਇਹ ਹੈ ਕਿ ਲੋਕਾਂ ਵਿਚੋਂ ਅਗਿਆਨਤਾ, ਅੰਧਵਿਸ਼-ਵਾਸ਼, ਭਰਮ-ਵਹਿਮ ਆਦਿ ਖ਼ਤਮ ਹੋ ਕੇ ਗਿਆਨ ਚੇਤਨਾ ਤੇ ਜਾਗ੍ਰਿਤੀ ਆਉਣ ਲਗੀ। ਇਸ ਤੋਂ ਅੱਗੇ ਇਹ ਖ਼ਿਆਲ ਭੀ ਆਉਣ ਲਗਦਾ ਹੈ ਕਿ ਲੋਕ ਸੁਚੇਤ ਹੋ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਲਗੇ ਹਨ, ਅਨਿਆਂ ਤੇ ਧੱਕੇ-ਸ਼ਾਹੀ ਦੇ ਟਾਕਰੇ ਤੇ ਖੜੇ ਹੋ ਗਏ ਹਨ, ਧਾਰਮਕ ਕਲਾ-ਕਲੇਸ਼ ਦਾ ਨਾਸ ਹੋਣ ਲੱਗਾ ਹੈ ਤੇ ਅਮਨ-ਸ਼ਾਂਤੀ-ਪ੍ਰੇਮ ਸਥਾਪਤ ਹੋਣਾ ਸ਼ੁਰੂ ਹੋ ਗਿਆ ਹੈ।

ਸੋ, ਭਾਈ ਗੁਰਦਾਸ ਦੀ ਕਾਵਿ-ਬੋਲੀ ਵਿਚ ਅਭਿਧਾ, ਲਖਸ਼ਣਾ, ਵਿਅੰਜਨਾ ਸ਼ਕਤੀਆਂ ਕਾਰਨ ਵੰਨ-ਸੁਵੰਨੇ ਅਰਥ ਪ੍ਰਾਪਤ ਹੁੰਦੇ ਹਨ।

(ਹ) ਕਾਵਿ-ਗੁਣ

ਕਾਵਿ ਬੋਲੀ ਜਾਂ ਕਾਵਿ ਸ਼ੈਲੀ ਦੀ ਉਠਾਣ ਲਈ, ਇਸ ਨੂੰ ਕਮਾਲ ਤੇ ਉਤਕ੍ਰਿਸ਼ਟ ਬਣਾਉਣ ਲਈ ਕਾਵਿ ਗੁਣਾਂ ਦੀ ਲੋੜ ਹੈ। ਇਹ ਕਾਵਿ-ਗੁਣ ਕਈ ਭਾਂਤ ਦੇ ਹੋ ਸਕਦੇ ਹਨ, ਪਰ

1 ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 27;

ਮੁੱਖ ਰੂਪ ਵਿਚ ਤਿੰਨ ਗੁਣ ਪ੍ਰਧਾਨ ਮੰਨੇ ਗਏ ਹਨ :-

1. ਮਧੁਰਤਾ (Sweetness)
2. ਓਜ (Force)
3. ਸਪੱਸ਼ਟਤਾ (Lucidity)

ਭਾਈ ਗੁਰਦਾਸ ਦੀਆਂ ਵਾਰਾਂ ਦੀ ਕਾਵਿ-ਸ਼ੈਲੀ ਵਿਚ ਇਹ ਕਾਵਿ-ਗੁਣ ਚੰਗੀ ਮਾਤਰਾ ਵਿਚ ਮਿਲਦੇ ਹਨ। ਪ੍ਰਸੰਗ, ਵਿਸ਼ੇ ਤੇ ਸ਼ੈਲੀ ਦੇ ਅਨੁਸਾਰ ਇਹਨਾਂ ਗੁਣਾਂ ਦੀ ਪ੍ਰਤੀਤੀ ਹੁੰਦੀ ਹੈ।

ਮਧੁਰਤਾ ਗੁਣ :-ਕਾਵਿ ਵਿਚ ਮਧੁਰਤਾ ਗੁਣ ਸ਼ਿੰਗਾਰ, ਕਰੁਣਾ ਤੇ ਸ਼ਾਂਤ ਰਸ ਦੀਆਂ ਥਾਵਾਂ ਤੇ ਉਭਰਦਾ ਹੈ। ਇਸ ਗੁਣ ਕਾਰਨ ਸ਼ੈਲੀ ਤੇ ਸ਼ਬਦਾਵਲੀ ਵਿਚ ਲਚਕਤਾ, ਕੋਮਲਤਾ ਤੇ ਦਿਲ-ਪਿਘਲਾਊ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਮਧੁਰਤਾ ਗੁਣ ਨਾਲ ਓਤ-ਪ੍ਰੋਤ ਇਕ ਵੰਨਗੀ ਵੇਖੋ :-

ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲ ਹੋਨ ਸੁਖਾਲੇ।
ਨੇਹੁੰ ਕਵਲ ਜਲ ਜਾਣੀਐ ਖਿੜ ਮੂੰਹ ਵਿਖਾਲੇ।
ਮੋਰ ਬਬੀਹੇ ਬੋਲਦੇ ਵੇਖ ਬਦਲ ਕਾਲੇ।
ਨਾਰ ਭਤਾਰ ਪਿਆਰ ਹੈ ਮਾਂ ਪੁੱਤ ਸਮ੍ਹਾਲੇ।
ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ।[1]

ਇਸ ਪਉੜੀ ਵਿਚ ਗੁਰੂ-ਸਿਖ ਪ੍ਰੀਤ ਨੂੰ ਸ਼ਿੰਗਾਰ ਰਸ ਰਾਹੀਂ ਦ੍ਰਿੜ੍ਹ ਕਰਾਇਆ ਹੈ। ਮਿਲਾਪ ਦੀ ਸੁਖਦਾਈ ਅਵੱਸਥਾ ਦਾ ਜ਼ਾਹਰਾ ਵਰਣਨ, ਬਿਰਹਾ ਦੀ ਪੀੜ ਨੂੰ ਆਪਣੇ ਵਿਚ ਲੁਕਾਈ ਬੈਠਾ ਹੈ, ਵਿਛੋੜੇ ਵਿਚ ਮੁਰਝਾ ਜਾਣ ਵਾਲਾ ਕੰਵਲ ਜਲ ਦੇ ਵਸਲ ਨਾਲ ਖਿੜ ਪਿਆ ਹੈ, ਕਾਲੇ ਬਦਲਾਂ ਨੂੰ ਵੇਖ ਕੇ ਮੋਰ ਤੇ ਪਪੀਹੇ ਪ੍ਰਸੰਨ-ਚਿਤ ਗੁੰਜਾਰ ਪਾ ਰਹੇ ਹਨ। ਇਹਨਾਂ ਤੁਕਾਂ ਵਿਚ ਵਾਤਾਵਰਣ ਬੜਾ ਕੂਲਾ ਜਿਹਾ ਹੈ, ਨਾਰ ਭਤਾਰ ਦਾ ਪਿਆਰ ਦਿਲ ਨੂੰ ਪਿਘਲਾਉਂਦਾ ਹੈ, ਸ਼ਬਦਾਂ ਦੀ ਵਿਚਲੀ ਨਜ਼ਾਕਤ ਵੇਖਣ ਵਾਲੀ ਹੈ, ਚੰਦ-ਚਕੋਰ, ਚੱਕਵੀ-ਸੂਰਜ, ਕਵਲ-ਜਲ, ਮੋਰ-ਪਪੀਹੇ–ਬੱਦਲ ਆਦਿ ਕੁਦਰਤੀ ਦ੍ਰਿਸ਼ਾਂ ਦਾ ਵਰਣਨ ਆਪਣੇ ਜੋਬਨ ਤੇ ਹੈ, ਇਸ ਖੇਤਰ ਵਿਚੋਂ ਇਕ ਅਸਚਰਜ ਤੇ ਵਿਸਮਾਦੀ ਕੋਮਲਤਾ ਦਾ ਅਨੁਭਵ ਹੁੰਦਾ ਹੈ। ਵਰਣਾਂ, ਅਖਰਾਂ ਤੇ ਸ਼ਬਦਾਂ ਦੀ ਜੜਤ ਬੜੀ ਹੀ ਸਰਲ ਹੈ। ਕੰਵਲ, ਜਲ, ਮੋਰ ਚਕੋਰ, ਪੀਰ ਮੁਰੀਦ ਆਦਿ ਸ਼ਬਦ ਮਧੁਰਤਾ ਪੈਦਾ ਕਰਦੇ ਹਨ ਅਤੇ ਕਠੋਰ ਤੇ ਖਰਵੀਆਂ ਧੁਨੀਆਂ ਵਾਲੇ ਸਬਦਾਂ ਦੀ ਅਣਹੋਂਦ ਹੈ। ਇਉਂ ਇਥੇ ਮਧੁਰਤਾ-ਗੁਣ ਦੀ ਸਿਰਜਨਾ ਹੋਈ ਹੈ।

ਓਜ–ਗੁਣ :-ਓਜ ਉਹ ਕਾਵਿ ਗੁਣ ਹੈ ਜੋ ਦਿਲ ਵਿਚ ਉਤੇਜਨਾ ਪੈਦਾ ਕਰਦਾ ਹੈ, ਜਿਸ

1. ਵਾਰਾਂ ਭਾਈ ਗੁਰਦਾਸ, ਵਾਰ 27, ਪਉੜੀ 4.

ਰਾਹੀਂ ਇਕ ਵੇਗ ਉਪਜਦਾ ਹੈ। ਬੀਰ ਰਸੀ ਕਵਿਤਾ ਵਿਚ ਇਹ ਆਪ-ਮੁਹਾਰਾ ਹੀ ਆ ਦਾਖ਼ਲ ਹੁੰਦਾ ਹੈ। ਜਿੱਥੇ ਬੀਭਤਸ ਤੇ ਰੌਦਰ ਰਸ ਦੀ ਵਰਤੋਂ ਹੋਵੇ ਉਥੇ ਇਸ ਦੀ ਅਧਿਕਤਾ ਹੁੰਦੀ ਹੈ।[1] ਅਜਿਹੀ ਕਵਿਤਾ ਦੀ ਸ਼ਬਦਾਵਲੀ ਬੜੀ ਵੇਗਵਾਨ, ਤੇਜ਼ ਤਰਾਰ ਤੇ ਭੜਕੀਲੀ ਹੁੰਦੀ ਹੈ। ਇਹੋ ਜਿਹੀ ਕਵਿਤਾ ਪੜ੍ਹ ਕੇ ਮਨ ਵਿਚ ਜੋਸ਼ ਪੈਦਾ ਹੁੰਦਾ ਹੈ, ਵਾਤਾਵਰਨ ਵਿਚ ਗਰਮਾ ਗਰਮੀ ਜਿਹੀ ਪਸਰ ਜਾਂਦੀ ਹੈ। ਭਾਈ ਗੁਰਦਾਸ ਦੀ ਪੰਜਾਬੀ ਰਚਨਾ 'ਵਾਰ' ਰੂਪ ਵਿਚ ਹੈ। ਵਾਰ ਕਾਵਿ–ਰੂਪ ਹੈ ਹੀ ਬੀਰ ਰਸੀ। ਇਸ ਲਈ ਇਸ ਕਵਿਤਾ ਵਿਚ ਓਜ-ਗੁਣ ਦੀਆਂ ਕਈ ਵੰਨਗੀਆਂ ਥਾਉਂ-ਥਾਂਈ ਖਿਲਰੀਆਂ ਪਈਆਂ ਹਨ। ਭਾਈ ਸਾਹਿਬ ਜਦੋਂ ਭਾਰਤ ਦੀ ਦੁਰਦਸ਼ਾ ਦਾ ਵਰਣਨ ਕਰਦੇ ਹੋਏ ਵਕਤ ਦੇ ਪਾਪੀ ਹਾਕਮਾਂ, ਭੇਖੀ ਗੁਰੂਆਂ, ਪਖੰਡੀ ਸੇਵਕਾਂ, ਵਢੀ ਖੋਰੇ ਕਾਜ਼ੀਆਂ ਆਦਿ ਦੀ ਕਰੜੀ ਆਲੋਚਨਾ ਕਰਦੇ ਹਨ ਤਾਂ ਇਹ ਓਜ–ਗੁਣ ਆਪਣਾ ਰੰਗ ਵਿਖਾਉਂਦਾ ਹੈ :-

ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਂਈਂ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਅਲਾਈ।
ਚੇਲੇ ਸਾਜ ਵਜਾਇੰਦੇ, ਨੱਚਨ ਗੁਰੂ ਬਹੁਤ ਬਿਧ ਭਾਈ।
— — ...... — ...... — ....
ਕਾਜ਼ੀ ਹੋਇ ਰਿਸ਼ਵਤੀ ਵੱਢੀ ਲੈ ਕੇ ਹਕ ਗਵਾਈ।[2]

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਨੂੰ ਇਕ ਮਹਾਨ ਨਾਇਕ, ਬਲਵਾਨ ਤੇ ਅਜਿਤ ਯੋਧੇ ਦੇ ਰੂਪ ਵਿਚ ਚਿਤਰ ਕੇ ਕਾਵਿ-ਬੋਲੀ ਵਿਚ ਓਜ-ਗੁਣ ਭਰਿਆ ਹੈ :-

ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰੂ ਦੀ ਝਾਲਾ।[3]

ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਦੇ ਹਨ :-

ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।[4]

ਇਸ ਓਜ-ਗੁਣ ਦੀ ਚਮਕ ਤੇ ਡਲ੍ਹਕ ਅਕਾਸ਼ੀ-ਤਾਰਿਆਂ ਸਮਾਨ ਇਹਨਾਂ ਵਾਰਾਂ ਵਿਚ ਖਿੰਡੀ ਹੋਈ ਹੈ।

ਸਪੱਸ਼ਟਤਾ ਗੁਣ :-ਸਪੱਸ਼ਟ ਦਾ ਅਰਥ ਹੈ, ਸਾਫ਼, ਸਿੱਧਾ, ਸਰਲ, ਸੌਖਾ, ਸਹਿਜ-ਸੁਭਾ ਤੇ ਸਪੱਸ਼ਟਤਾ ਤੋਂ ਭਾਵ ਹੈ ਸਰਲਤਾ ਤੇ ਸੌਖ ਨਾਲ ਸਮਝ ਆ ਸਕਣ ਦਾ ਗੁਣ। ਕਵਿਤਾ ਵਿਚ ਸ਼ਬਦਾਂ ਦੀ ਚੋਣ ਤੇ ਜੜਤ ਇਸ ਪ੍ਰਕਾਰ ਕੀਤੀ ਜਾਂਦੀ ਹੈ ਕਿ ਪੜ੍ਹਨ ਜਾਂ ਸੁਣਨ ਸਾਰ ਇਕ ਦਮ

1. ਕਾਵਯ ਪ੍ਰਕਾਸ਼, ਮੰਮਟ, ਪੰਨਾ 475-76.
2. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ30.
3. ਉਹੀ ,, ਵਾਰ 1, ਪਉੜੀ 31.
4. ਉਹੀ ,, ਵਾਰ 1, ਪਉੜੀ 48,

ਅਰਥਾਂ ਦਾ ਪਤਾ ਲਗ ਜਾਂਦਾ ਹੈ ।[1] ਵਿਚਾਰ ਇਕ ਜੁੜਵੀਂ ਲੜੀ ਵਿਚ ਪਰੋਏ ਹੋਏ ਸਮਝ ਵਿਚ ਆਉਂਦੇ ਰਹਿੰਦੇ ਹਨ ਤੇ ਬੋਲੀ ਦਾ ਪ੍ਰਵਾਹ ਵੀ ਨਿਰੰਤਰ ਇਕ ਰਸ ਚਲਦਾ ਰਹਿੰਦਾ ਹੈ । ਕਵੀ ਆਪਣੇ ਵਿਚਾਰ ਨੂੰ ਸਹਿਜ ਸੁਭਾ ਢੰਗ ਨਾਲ ਬਿਆਨ ਕਰਦਾ ਜਾਂਦਾ ਹੈ, ਸਰਲ ਸਾਧਾਰਨ ਸ਼ਬਦ, ਨਿਕੀਆਂ ਨਿਕੀਆਂ ਤੁਕਾਂ ਵਿਚ ਜੜ ਕੇ, ਲੋਕ-ਬੋਲੀ ਤੇ ਲੋਕ-ਮੁਹਾਵਰਿਆਂ ਨੂੰ ਵਰਤ ਕੇ ਲੋਕ-ਦਿਲਾਂ ਤਕ ਜਾ ਪਹੁੰਚਦਾ ਹੈ ।

ਭਾਈ ਗੁਰਦਾਸ ਨੇ ਤਾਂ ਗੁਰਮਤ ਸਿਧਾਂਤ ਦੀ ਵਿਆਖਿਆ ਕਰਨੀ ਸੀ । ਵਿਆਖਿਆ ਵਿਚ ਸਪੱਸ਼ਟਤਾ ਗੁਣ ਹੋਣਾ ਇਕ ਜ਼ਰੂਰੀ ਸ਼ਰਤ ਹੈ, ਇਸ ਲਈ ਇਹ ਕਾਵਿ-ਗੁਣ ਇਹਨਾਂ ਵਾਰਾਂ ਵਿਚ ਬਹੁਤ ਅਧਿਕ ਪ੍ਰਾਪਤ ਹੈ । ਗੁਰਸਿਖ ਦਾ ਨਿਤਨੇਮ ਦ੍ਰਿੜ੍ਹ ਕਰਾਉਣ ਲਈ ਵੇਖੋ ਨਾਲੇ ਤਾਂ ਨਿਤ ਨੇਮੀ ਸਿਖ ਤੋਂ ਕੁਰਬਾਨ ਪਏ ਹੁੰਦੇ ਹਨ, ਨਾਲੇ ਉਸ ਦਾ ਨਿਤਨੇਮ ਖੋਲ੍ਹੇ ਵਰਣਨ ਕਰਦੇ ਹਨ, ਪਰ ਕਿਸ ਸਪੱਸ਼ਟਤਾ ਤੇ ਸੌਖੇ ਢੰਗ ਨਾਲ ਕਿ ਸਭ ਕੁਝ ਦਿਲ ਵਿਚ ਖੁਭ ਜਾਂਦਾ ਹੈ :-

ਕੁਰਬਾਣੀ ਤਿਨ੍ਹ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਸਾਧ ਸੰਗਤ ਚਲ ਜਾਇ ਜੁੜੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਮਨ ਮੇਲੀ ਕਰ ਮੇਲ ਮਿਲੰਦੇ ।
ਕੁਰਬਾਣੀ ਤਿਨ੍ਹ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ ।[2]

ਦਸਵੀਂ ਵਾਰ ਦੀਆਂ ਪਉੜੀਆਂ ਵਿਚ ਇਹ ਸਪੱਸ਼ਟਤਾ-ਗੁਣ ਕਥਾਵਾਂ ਦੇ ਵਰਣਨ ਰਾਹੀਂ ਪੈਦਾ ਕੀਤਾ ਗਿਆ ਹੈ । ਇਉਂ ਇਸ ਗੁਣ ਦੀ ਬਹੁ-ਵਰਤੋਂ ਭਾਈ ਸਾਹਿਬ ਦੀ ਕਾਵਿ-ਬੋਲੀ ਵਿਚ ਪ੍ਰਾਪਤ ਹੈ ।

ਕਾਵਿ-ਵਕ੍ਰੋਕਤੀ :-

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਮਨਮੁਖ, ਬੇਮੁਖ, ਨਿੰਦਕ, ਅਕ੍ਰਿਤਘਣ ਦੀ ਕਰੜੀ ਆਲੋਚਨਾ ਕੀਤੀ ਹੈ । ਅਜਿਹੇ ਮਨੁੱਖਾਂ ਦੇ ਮੰਦੇ ਸੁਭਾ ਉਤੇ ਕਈ ਥਾਂਈ ਹੈਰਾਨੀ ਪਰਗਟ ਕੀਤੀ ਹੈ । ਮਨਮੁਖਾਂ ਬਾਰੇ ਇਕ ਥਾਂ ਲਿਖਦੇ ਹਨ :-

ਨਾਉਂ ਸੁਜਾਖੇ ਅੰਨ੍ਹਿਆਂ ਮਾਇਆ ਮਦ ਮਤਵਾਲੇ ਰੋਂਦੇ ।[3]

ਭਾਈ ਸਾਹਿਬ ਹੈਰਾਨੀ-ਜਨਕ ਸ਼ੈਲੀ ਰਾਹੀਂ ਦਸਦੇ ਹਨ ਕਿ ਮਾਇਆ-ਮਦ ਵਿਚ ਮਸਤ

1. ਕਾਵਯ-ਪ੍ਰਕਾਸ਼, ਮਮਟ, ਪੰਨਾ 477.
2. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 2.
3. ਉਹੀ ,, ਵਾਰ 37, ਪਉੜੀ 19.

ਮਨਮੁੱਖਾਂ, ਅੰਨ੍ਹਿਆਂ ਦਾ ਨਾਂ ਸੁਜਾਖਾ ਹੈ। ਇੱਥੇ ਵਿਰੋਧਾਭਾਸ ਅਲੰਕਾਰ ਤੇ ਨਿਰਭਰ ਵਕ੍ਰ-ਉਕਤੀ ਹੈ। ਵਕ੍ਰ-ਉਕਤੀ ਦਾ ਅਰਥ ਹੈ ਵਿਅੰਗ ਭਰਪੂਰ ਚਮਤਕਾਰੀ ਬਿਆਨ ਜਾਂ ਕਥਨ। ਜਦੋਂ ਕਵੀ ਆਪਣੀ ਰਚਨਾ ਵਿਚ ਸ਼ਬਦਾਂ ਤੇ ਕਥਨਾਂ ਦੀ ਅਜਿਹੀ ਜੜਤ ਕਰੇ ਕਿ ਉਸ ਤੋਂ ਅਸਚਰਜਤਾ ਦਾ ਭਾਵ ਪੈਦਾ ਹੋ ਜਾਵੇ ਅਤੇ ਪਾਠਕ ਨੂੰ ਇਕ ਖ਼ਾਸ ਸੁੰਦਰਤਾ ਦਾ ਅਨੁਭਵ ਹੋਵੇ ਤਾਂ ਉਥੇ ਵਕ੍ਰੋਕਤੀ ਦੀ ਵਰਤੋਂ ਹੋਈ ਹੁੰਦੀ ਹੈ। ਜੇਮਜ਼ ਰੀਵ ਅਨੁਸਾਰ ਕਾਵਿ-ਉਕਤੀ ਦੀਆਂ ਦੋ ਖ਼ਾਸ ਖ਼ੂਬੀਆਂ ਹਨ,ਇਕ Surprise ਅਤੇ ਦੂਜੀ ਹੈ Naturalness ।[1] ਇਹ ਪਹਿਲੀ ਖ਼ੂਬੀ ਵਾਲੀ ਵਕ੍ਰੋਕਤੀ ਹੈ।

ਭਾਈ ਗੁਰਦਾਸ ਨੇ ਵਕ੍ਰੋਕਤੀ ਦੀ ਵਰਤੋਂ ਕਰ ਕੇ ਕਈ ਥਾਂਈਂ ਕਾਵਿ-ਸੁੰਦਰਤਾ ਦਾ ਪ੍ਰਭਾਵ ਪੈਦਾ ਕੀਤਾ ਹੈ। ਨਿੰਦਕ ਦੀ ਅਵੱਸਥਾ ਦਾ ਚਿਤਰ ਚਿਤਰਦੇ ਹਨ ਤੇ ਹੈਰਾਨ ਹੁੰਦੇ ਹਨ ਕਿ ਕਦੀ ਕੋਈ ਆਪ ਵੀ ਆਪਣੀਆਂ ਜੜ੍ਹਾਂ ਪੁਟਦਾ ਹੈ, ਆਪ ਹੀ ਆਪਣਾ ਬੁਰਾ ਕਰਦਾ ਹੈ, ਪਰ ਨਿੰਦਕ ਅਜਿਹਾ ਕੰਮ ਹੀ ਕਰਦਾ ਹੈ। ਆਪ ਕਹਿੰਦੇ ਹਨ :-

ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ ।2

ਇਥੇ ਵਕ੍ਰੋਕਤੀ ਦੀ ਸਿਰਜਨਾ ਰੂਪਕ ਅਲੰਕਾਰ ਦੇ ਸਹਾਰੇ ਹੋਈ ਹੈ। ਕੁੱਤੇ ਦੇ ਰਾਜ-ਗੱਦੀ ਉਤੇ ਬੈਠ ਕੇ, ਫਿਰ ਭੀ ਗੰਦੀ ਆਦਤ ਅਨੁਸਾਰ, ਚੱਕੀ ਚੱਟਣ ਦਾ ਰੂਪਕ ਪੇਸ਼ ਕੀਤਾ ਹੈ। ਇਹਨਾਂ ਸ਼ਬਦਾਂ ਵਿਚ ਕਿਤਨਾ ਤੇਜ਼ ਵਿਅੰਗ ਤੇ ਕਟਾਖ ਹੈ ਤੇ ਬੋਲੀ ਦਾ ਚਮਤਕਾਰ ਵੀ।

ਸੁਹਜ-ਸੁੰਦਰਤਾ :-

ਭਾਈ ਗੁਰਦਾਸ ਦੀ ਕਾਵਿ-ਬੋਲੀ ਦੇ ਉਪਰੋਕਤ ਸੁਹਜ-ਮੂਲਕ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਈ ਸਾਹਿਬ ਨੇ ਸਹਿਜ ਸੁਭਾ ਹੀ ਬੋਲੀ ਦੇ ਬੜੇ ਸਸ਼ਕਤ, ਸਮਰਥ ਤੇ ਸਫਲ ਤਜਰਬੇ ਕੀਤੇ ਹਨ। ਵੱਖ ਵੱਖ ਵਿਸ਼ਿਆਂ ਨੂੰ ਵੱਖੋ-ਵਖਰੇ ਢੰਗਾਂ ਰਾਹੀਂ ਉਸੇ ਸ਼ੈਲੀ ਤੇ ਰੰਗਾ-ਰੰਗ ਪਨ ਨਾਲ ਵਿਅਕਤ ਕੀਤਾ ਹੈ। ਇਹ ਬੋਲੀ ਵਿਸ਼ਿਆਂ ਦੇ ਅਨੁਕੂਲ ਹੈ। ਇਹ ਅਨੁਕੂਲਤਾ ਭਾਈ ਸਾਹਿਬ ਦੀ ਕਾਵਿ-ਪ੍ਰਤਿਭਾ ਦਾ ਚਮਤਕਾਰ ਹੈ। ਸ਼ਬਦ-ਚੋਣ ਅਜਿਹੀ ਕਲਾ-ਭਰਪੂਰ ਹੈ ਜੋ ਵਿਸ਼ੇ ਅਨੁਕੂਲ ਪ੍ਰਭਾਵ ਪੈਦਾ ਕਰਨ ਵਿਚ ਸਫਲ ਹੈ। ਆਪ ਦੀ ਸ਼ਬਦ-ਸ਼ਕਤੀ, ਕਾਵਿ-ਚੇਤਨਾਂ, ਸ਼ਿਲਪਕਾਰੀ, ਚਿਤਰਕਾਰੀ, ਨਾਟਕੀਅਤਾ, ਕਲਾ ਛੁਹ, ਰੰਗਾ-ਰੰਗ ਪਨ ਆਦਿ ਨੇ ਵਾਰਾਂ ਦੀ ਬੋਲੀ ਨੂੰ ਵਾਹ-ਵਾਹ ਉਜਾਗਰ ਕੀਤਾ ਹੈ। ਇਉਂ ਭਾਈ ਸਾਹਿਬ ਦੀ ਸੌਂਦਰਯ ਚੇਤਨਾ ਪ੍ਰਮਾਣੀਕ ਤੇ ਟਕਸਾਲੀ ਪਦਵੀ ਦੀ ਹਕਦਾਰ ਬਣ ਗਈ ਹੈ।

---

1 The two qualities must go together. Poetry which has no surprise cannot attract our attention. Poetry which has no appearance of naturalness cannot hold it for long. Understanding Poetry, James Reeves, p. 73.

2 ਵਾਰਾਂ ਭਾਈ ਗੁਰਦਾਸ, ਵਾਰ 35, ਪਉੜੀ 1.

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਅਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਛੇਵਾਂ

ਭਾਈ ਗੁਰਦਾਸ ਦੀ ਕਲਾ*–ਪ੍ਰਬੀਨਤਾ

(ੳ) ਆਦਿਕਾ

(ਅ) ਭਾਈ ਗੁਰਦਾਸ ਦੀ ਕਵਿਤਾ ਦਾ ਵਰਗੀਕਰਣ

(ੲ) ਭਾਈ ਗੁਰਦਾਸ ਦੀ ਕਵਿਤਾ ਵਿੱਚ ਬਿੰਬ

(ਸ) ਵਾਰਾਂ ਵਿਚ ਸ਼ਬਦ ਚਿੱਤਰ

(ਹ) ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਪ੍ਰਤੀਕ-ਵਰਤੋਂ

(ਕ) ਭਾਈ ਗੁਰਦਾਸ ਦੀਆਂ ਵਾਰਾਂ ਦਾ ਛੰਦ–ਪ੍ਰਬੰਧ

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਭਾਈ ਗੁਰਦਾਸ ਦੀ ਕਲਾ-ਪ੍ਰਬੀਨਤਾ

(ੳ) ਆਦਿਕਾ

ਮਨੁੱਖ ਦਾ ਕੋਮਲ ਹਿਰਦਾ, ਜੀਵਨ ਵਿਚ ਵਿਚਰਦਿਆਂ, ਕਈ ਪ੍ਰਕਾਰ ਦੇ ਅਨੁਭਵ ਪ੍ਰਾਪਤ ਕਰਦਾ ਹੈ ਤੇ ਪ੍ਰਾਪਤ ਕੀਤੇ ਅਨੁਭਵ ਨੂੰ ਦੂਜਿਆਂ ਤਕ ਪੁਚਾਣ ਲਈ ਜਾਂ ਆਪਣੇ ਸਾਥੀਆਂ ਨਾਲ ਸਾਂਝਾ ਕਰਨ ਲਈ ਕਈ ਢੰਗਾਂ ਦੀ ਵਰਤੋਂ ਕਰਦਾ ਹੈ। ਅਨੁਭਵ ਪਰਗਟਾਉਣ ਦੇ ਢੰਗ ਨੂੰ ਹੀ ਕਲਾ ਕਿਹਾ ਜਾਂਦਾ ਹੈ। ਨ੍ਰਿਤ ਕਲਾ, ਸੰਗੀਤ ਕਲਾ, ਸ਼ਿਲਪ ਕਲਾ, ਚਿਤਰ ਕਲਾ ਤੇ ਕਾਵਿ ਕਲਾ ਆਦਿ ਕੋਮਲ ਕਲਾਵਾਂ ਮਨੁੱਖੀ-ਅਨੁਭਵ ਦੇ ਪਰਗਟਾਉਣ ਲਈ ਵੱਖ, ਵੱਖ ਮਾਧਿਅਮ ਹਨ। ਕਿਸੇ ਵੀ ਕੋਮਲ ਅਨੁਭਵ ਦੀ ਤੀਖਣਤਾ ਮਨੁੱਖੀ ਹਿਰਦੇ ਨੂੰ ਬਿਹਬਲ ਕਰ ਦੇਂਦੀ ਹੈ ਤੇ ਇਹ ਬਿਹਬਲਤਾ ਉਸ ਅਨੁਭਵ ਨੂੰ ਕੋਈ ਨਾ ਕੋਈ ਰੂਪ ਦੇਣ ਲਈ ਮਜਬੂਰ ਕਰਦੀ ਹੈ। ਇਹ ਰੂਪ, ਮਨੁੱਖੀ ਅੰਗਾਂ ਦੀ ਹਰਕਤ, ਗਲੇ ਦਾ ਉਤਾਰ-ਚੜ੍ਹਾ, ਹਥ, ਹਥੌੜੇ ਤੇ ਛੈਣੀ ਦਾ ਕਮਾਲ, ਰੰਗ ਬੁਰਸ਼ ਤੇ ਚਿੱਤਰ ਪਟ ਦਾ ਕਲਾਤਮਕ ਸੁਮੇਲ ਜਾਂ ਕਲਮ ਦੀ ਕਰਾਮਾਤ ਹੋ ਸਕਦਾ ਹੈ। ਜਿਸ ਮਾਧਿਅਮ ਰਾਹੀਂ ਕੋਈ ਆਪਣੇ ਜਜ਼ਬਾਤ ਨੂੰ ਬਿਆਨ ਕਰਨ ਦਾ ਜਤਨ ਕਰੇਗਾ ਉਹੀ ਉਸ ਦੀ ਕਲਾ ਦਾ ਸਰੂਪ ਹੋਵੇਗਾ।

ਜਿਸ ਬਿਹਬਲਤਾ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਉਹ ਅਧਿਆਤਮਕ ਖੇਤਰ ਵਿਚ ਆਪਣੇ ਜੋਬਨ ਤੇ ਹੁੰਦੀ ਹੈ। ਅਧਿਆਤਮਕ ਮੰਡਲ ਵਿਚ ਵਿਚਰਦਿਆਂ, ਸਾਧਨਾਂ ਕਰਦਿਆਂ, ਜਿਗਿਆਸੂ ਜੋ ਤਜਰਬੇ ਪ੍ਰਾਪਤ ਕਰਦਾ ਹੈ, ਉਹਨਾਂ ਨੂੰ ਆਪਣੇ ਹਿਰਦੇ ਵਿਚ ਕੈਦ ਕਰ ਕੇ ਨਹੀਂ ਰਖ ਸਕਦਾ। ਇਸ ਰੱਬੀ ਅਨੁਭਵ ਨੂੰ ਪਰਗਟ ਕਰਨ ਲਈ ਉਹ ਬੋਲੀ ਦਾ ਸਹਾਰਾ ਲੈਂਦਾ ਹੈ। ਭਾਵੇਂ ਬੋਲੀ ਦਾ ਸਾਧਨ ਕੋਈ ਬਹੁਤਾ ਸਮਰ-ਕੱਤਾ ਨਹੀਂ, ਫਿਰ ਵੀ ਉਹ ਭਰਪੂਰ ਉਪਰਾਲਾ ਕਰਦਾ ਹੈ। ਇਸ ਉਪਰਾਲੇ ਦੇ ਫਲ-ਸਰੂਪ ਉਸ ਦੇ ਹਿਰਦੇ ਦੀਆਂ ਡੂੰਘਾਣਾਂ ਵਿਚੋਂ ਕਵਿਤਾ ਦਾ ਚਸ਼ਮਾਂ ਫੁਟ ਨਿਕਲਦਾ ਹੈ।

ਅਧਿਆਤਮਕ ਮੰਡਲਾਂ ਵਿਚ ਵਿਚਰਨ ਵਾਲਾ ਸਾਧਕ ਰੱਬੀ ਸੱਚ ਦੇ ਪਰਗਟਾ ਲਈ ਕਵਿਤਾ ਰਚਦਾ ਹੈ, ਕਵਿਤਾ ਹੀ ਇਸ ਲਈ ਇਕ ਉਚਿਤ ਸਾਧਨ ਹੈ। ਅਜਿਹਾ ਅਨੁਭਵ ਸੰਗੀਤ ਦੀਆਂ ਧੁਨਾਂ ਨਾਲ ਗੂੰਜਣ ਵਾਲੀ ਕਾਵਿ-ਕਲਾ ਦੇ ਰੂਪ ਵਿਚ ਹੀ ਪਰਗਟ ਹੁੰਦਾ ਹੈ। ਅਧਿਆਤਮਕ ਮੰਡਲ ਦੇ ਤਜਰਬੇ ਰਹਸਮਈ ਹੁੰਦੇ ਹਨ। ਇਹ ਤਜਰਬੇ ਵਾਰਤਕ ਸ਼ੈਲੀ ਰਾਹੀਂ ਸਮਝਾਏ ਨਹੀਂ ਜਾ ਸਕਦੇ ਕਿਉਂਕਿ ਇੱਥੇ ਕੇਵਲ ਇਹਸਾਸ ਕੰਮ ਕਰਦਾ ਹੈ। ਇਹ ਕੇਵਲ ਮਾਣੇ ਜਾ ਸਕਦੇ ਹਨ। ਇਹ ਪੂਰੇ ਦੇ ਪੂਰੇ ਪਕੜ ਵਿਚ ਨਹੀਂ ਆਉਂਦੇ, ਇਸੇ ਲਈ ਇਹ ਕਵਿਤਾ ਦੀ ਕਲਾਤਮਕ ਸ਼ੈਲੀ ਰਾਹੀਂ ਸੁਭਾਵਿਕ ਹੀ ਪਰਗਟ ਹੁੰਦੇ ਹਨ। ਇਹੋ ਕਾਰਨ ਹੈ ਕਿ ਸੰਤਾਂ, ਸੂਫੀਆਂ, ਭਗਤਾਂ, ਤੇ ਗੁਰੂ ਸਾਹਿਬਾਨ ਦੇ ਰਹੱਸ ਅਨੁਭਵ ਨੇ ਕਵਿਤਾ ਦਾ ਰੂਪ ਧਾਰਨ ਕੀਤਾ। ਅਜਿਹੀ ਕਾਵਿ-ਬਾਣੀ ਵਿਚ ਕਾਵਿ-ਕਲਾ ਦੇ ਕੁਝ ਸ਼ਲਾਘਾ-ਯੋਗ ਤੱਤ ਪਰਗਟ ਹੋਏ ਹਨ, ਜਿਵੇਂ ਕਿ:-

1. ਰਸ
2. ਅਲੰਕਾਰ
3. ਸ਼ਬਦ ਸ਼ਕਤੀਆਂ
4. ਕਾਵਿ-ਗੁਣ
5. ਕਵਿਤਾ ਦਾ ਵਰਗੀਕਰਣ
6. ਬਿੰਬ
7. ਸ਼ਬਦ-ਚਿੱਤਰ
8. ਪ੍ਰਤੀਕ
9. ਛੰਦ-ਪ੍ਰਬੰਧ

ਇਹਨਾਂ ਵਿਚੋਂ ਰਸ, ਅਲੰਕਾਰ, ਸ਼ਬਦ-ਸ਼ਕਤੀਆਂ ਤੇ ਕਾਵਿ-ਗੁਣ ਤੱਤਾਂ ਦਾ ਉਲੇਖ ਪੰਜਵੇਂ ਅਧਿਆਇ ਵਿਚ 'ਭਾਈ ਗੁਰਦਾਸ ਦੀ ਸੌਂਦਰਯ ਚੇਤਨਾ' ਸਿਰਲੇਖ ਹੇਠ ਕੀਤਾ ਜਾ ਚੁਕਾ ਹੈ। ਇਸ ਅਧਿਆਇ ਵਿਚ ਬਾਕੀ ਦੇ ਤੱਤਾਂ ਨੂੰ ਵਿਚਾਰਿਆ ਗਿਆ ਹੈ।

(ੳ) ਭਾਈ ਗੁਰਦਾਸ ਦੀ ਕਵਿਤਾ ਦਾ ਵਰਗੀਕਰਣ

ਭਾਈ ਗੁਰਦਾਸ ਦੀਆਂ ਵਾਰਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹਨਾਂ ਵਿਚ ਮਨੁੱਖਾ-ਜੀਵਨ ਨੂੰ ਉਚਿਆਣ ਲਈ ਕਿਧਰੇ ਉਪਦੇਸ਼ ਦਿੱਤੇ ਗਏ ਹਨ ਤੇ ਕਿਧਰੇ ਇਸ ਜੀਵਨ ਦੇ ਕੋਝੇ ਪੱਖ ਉਤੇ ਵਿਅੰਗ ਕਰ ਕੇ ਇਸ ਦੇ ਸੁਧਾਰ ਦੀ ਪ੍ਰੇਰਨਾ ਦਿੱਤੀ ਗਈ ਹੈ, ਕਿਧਰੇ ਭਗਤੀ-ਭਾਵ ਦਾ ਰਾਗ ਅਲਾਪਿਆ ਹੈ, ਕਿਧਰੇ ਇਸ ਕਵਿਤਾ ਨੂੰ ਅਸੰਪ੍ਰਦਾਈ ਜਾਂ ਅਫ਼ਿਰਕੂ ਰੰਗ ਦੇ ਕੇ ਸਰਬ-ਸਾਂਝੀ ਬਣਾਇਆ ਹੈ ਤੇ ਕਿਧਰੇ ਆਪਣੇ ਮੰਤਵ ਦੀ ਪੂਰਤੀ ਲਈ ਇਸ ਨੂੰ ਬਿਰਤਾਂਤਕ ਰੂਪ ਦਿੱਤਾ ਹੈ। ਇਉਂ ਇਹ ਕਵਿਤਾ

1. ਉਪਦੇਸ਼ਾਤਮਕ ਜਾਂ ਸਿਖਿਆਦਾਇਕ
2. ਵਿਅੰਗਾਤਮਕ
3. ਭਗਤੀ-ਭਾਵ ਸੰਪੰਨ
4. ਬਿਰਤਾਂਤਕ, ਆਦਿ

ਰੂਪ ਵਿਚ ਸਾਡੇ ਸਾਹਮਣੇ ਆਈ ਹੈ।

ਉਪਦੇਸ਼ਾਤਮਕ ਕਵਿਤਾ:– ਭਾਈ ਗੁਰਦਾਸ ਮੂਲ-ਰੂਪ ਵਿਚ ਸਿਖ–ਲਹਿਰ ਦੇ, ਗੁਰਮਤ ਦੇ, ਪਰਚਾਰਕ ਸਨ। ਸਿਖ ਲਹਿਰ, ਸਮੇਂ ਦੀ ਲੋੜ ਅਨੁਸਾਰ ਪੈਦਾ ਹੋਈ, ਵਧੀ ਤੇ ਪਰਵਾਨ ਚੜ੍ਹੀ। ਭਾਈ ਗੁਰਦਾਸ ਨੇ ਇਸ ਸੰਬੰਧ ਵਿਚ ਆਪਣਾ ਯੋਗ ਦਾਨ ਦਿੱਤਾ। ਆਪਣੇ ਸਮੇਂ ਦੇ ਜੀਵਨ ਦੀ ਢਹਿੰਦੀ-ਕਲਾ ਨੂੰ ਆਪ ਦੀ ਘੋਖਵੀਂ ਨਜ਼ਰ ਨੇ ਚੰਗੀ ਤਰ੍ਹਾਂ ਪਰਖਿਆ ਪੜਤਾਲਿਆ, ਉਸ ਦੇ ਕਾਰਨਾਂ ਨੂੰ ਜਾਣਿਆ। ਸਮਾਜ ਦੇ ਰੋਗੀ ਜੀਵਨ ਦਾ ਇਲਾਜ ਕਰਨ ਲਈ, ਲੋਕ-ਮਨਾਂ ਵਿਚ ਜਾਗ੍ਰਿਤ ਲਿਆਉਣ ਲਈ, ਸਮਾਜਕ ਜੀਵਨ ਦੀਆਂ ਅਹੁਰਾਂ ਤੇ ਤਰੁਟੀਆਂ ਨੂੰ ਦੂਰ ਕਰਨ ਲਈ ਆਪ ਨੇ, ਗੁਰੂ ਨਾਨਕ ਦੀ ਪਾਈ ਲੀਹ ਤੇ ਚਲਦਿਆਂ, ਸੱਚੇ ਤੇ ਸੁੱਚੇ ਜੀਵਨ ਦਾ ਰਾਹ ਵਿਖਾਇਆ ਤੇ ਗੁਰਬਾਣੀ ਦੇ ਮਹਾਂਵਾਕ ਅਨੁਸਾਰ

"ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ"

ਦਾ ਉਪਦੇਸ਼ ਦਿੰਦਿਆਂ ਆਖਿਆ

"ਸਚਹੁ ਓਰੈ ਸਭ ਕਿਹੁ ਊਪਰ ਗੁਰਮੁਖਿ ਸਚ ਆਚਾਰਾ" 39/6

ਇਸ ਸਚ-ਆਚਾਰ ਨੂੰ ਗ੍ਰਹਿਣ ਕਰਨ ਲਈ ਅਮਲੀ ਜੀਵਨ ਉਤੇ ਜ਼ੋਰ ਦਿੱਤਾ ਤੇ ਅਮਲੀ ਜੀਵਨ ਵਿਚ ਪਰਉਪਕਾਰ, ਨਿਮਰਤਾ, ਸੇਵਾ ਆਦਿ ਗੁਣਾਂ ਦੀ ਉਤੱਮਤਾ ਦਰਸਾਈ। ਜੀਵਨ ਦੀ ਵਰਤੋਂ ਵਿਚ ਆਉਂਦੀਆਂ ਵਸਤੂਆਂ ਨੂੰ ਉਦਾਹਰਣ-ਰੂਪ ਵਿਚ ਪੇਸ਼ ਕਰਕੇ ਸਦਗੁਣਾਂ ਨੂੰ ਧਾਰਣ ਕਰਨ ਲਈ ਪ੍ਰੇਰਿਆ ਪਰ ਨਿੰਦਿਆ, ਅਕ੍ਰਿਤਘਣਤਾ ਆਦਿ ਔਗੁਣਾਂ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ।

ਪਰਉਪਕਾਰ:–

ਪਰਉਪਕਾਰ ਕੀ ਹੈ ? ਕਿਸੇ ਦੀ ਭਲਾਈ ਹਿਤ ਕੰਮ ਕਰਨਾ। ਆਪਣਾ ਹਿਤ ਤਿਆਗ ਕੇ ਵੀ ਦੂਜੇ ਦਾ ਕੰਮ ਸੁਆਰਨਾ, ਬਿਨਾਂ ਕਿਸੇ ਆਪਣੀ ਸੁਆਰਥ-ਸਿੱਧੀ ਦੇ। ਭਾਵ, ਨਿਸ਼ਕਾਮ ਭਲਾਈ ਕਰਨੀ। ਬੁਰੇ ਦਾ ਵੀ ਭਲਾ ਕਰਨਾ। ਭਾਈ ਸਾਹਿਬ ਅਜਿਹੇ ਮਨੁੱਖਾਂ ਤੋਂ ਕੁਰਬਾਨ ਹੁੰਦੇ ਹਨ :-

ਅਵਗੁਣ ਸਹਿ ਗੁਣ ਕਰੈ ਘੋਲ ਘੁਮਾਇਆ। (ਵਾਰ 20, ਪਉੜੀ 12)

ਸੁਆਂਤ ਬੂੰਦ ਨੂੰ ਆਪਣੇ ਵਿਚ ਲੁਕਾ ਕੇ ਜਦੋਂ ਮੋਤੀ ਦਾ ਰੂਪ ਦੇ ਦੇਂਦੀ ਹੈ ਤਾਂ ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਉਹ

> .... ਪਰ ਕਾਰਜ ਨੋ ਆਪ ਫੜਾਵੈ।
> ਪਰਵਸ ਪਰਉਪਕਾਰ ਨੋ ਪਰ ਹਥ ਪੱਥਰ ਦੰਦ ਭਨਾਵੈ।
> ਭੁਲ ਅਭੁਲ ਅਮੁਲ ਦੇ ਮੋਤੀ ਦਾਨ ਨ ਪਛੋਤਾਵੈ।[1]

ਇਹੀ ਗੱਲ ਘਾਹ, ਵੜੇਵਾਂ, ਅਨਾਰਦਾਣਾ (ਵਾਰ4, ਪਉੜੀ 8, 10 ਤੇ 11)ਆਦਿ ਦਾ ਬਿਰਤਾਂਤ ਦੇ ਕੇ ਦ੍ਰਿੜ੍ਹ ਕਰਾਈ ਹੈ ਤੇ ਪਰਉਪਕਾਰ ਕਰਨ ਦਾ ਉਪਦੇਸ਼ ਦਿੱਤਾ ਹੈ।

ਨਿਮਰਤਾ :-

ਇਸੇ ਤਰ੍ਹਾਂ ਨਿਮਰਤਾ ਦੀ, ਨਿਵ ਚਲਣ ਦੀ ਵਡਿਆਈ ਕੀਤੀ ਹੈ। ਇਸ ਗੁਣ ਕਾਰਨ ਜੇ ਨਿਕੀਆਂ ਨਿਕੀਆਂ ਚੀਜ਼ਾਂ ਨੂੰ ਮਾਣ ਪ੍ਰਾਪਤ ਹੈ ਤਾਂ ਮਨੁੱਖ, ਜੋ ਸਭ ਜੂਨਾਂ ਵਿਚੋਂ ਉੱਤਮ ਜੂਨ ਹੈ, ਕਿਉਂ ਨਾ ਨਿਮਰਤਾ ਭਰਿਆ ਵਤੀਰਾ ਅਪਣਾਵੇ।

> ਜਿਉਂ ਲਹੁੜੀ ਚੀਚੂੰਗਲੀ ਪੈਧੀ ਛਾਪ ਮਿਲੀ ਵਡਿਆਈ।
> ਲਵ੍ਹੜੀ ਘਨਹਰ ਬੂੰਦ ਹੈ ਪਰਗਟ ਮੋਤੀ ਸਿਪ ਸਮਾਈ।
> ਲਹੁੜੀ ਬੂਟੀ ਕੇਸਰੈ ਮੱਥੈ ਟਿੱਕਾ ਸੋਭਾ ਪਾਈ।
> ਲਹੁੜੀ ਪਾਰਸ ਪੱਥਰੀ ਅਸਟ ਧਾਤ ਕੰਚਨ ਕਰਵਾਈ।[2]

ਇਸ ਨਿਮਰਤਾ ਕਾਰਨ ਹੋਰ ਸਦ-ਗੁਣ ਜਿਵੇਂ ਕਿ ਧੀਰਜ, ਧਰਮ, ਸੰਤੋਖ ਆਦਿ ਪ੍ਰਾਪਤ ਹੋ ਜਾਂਦੇ ਹਨ। ਪਰ ਇਹਨਾਂ ਸਦਗੁਣਾਂ ਦੀ ਪ੍ਰਾਪਤੀ ਲਈ ਹਉਮੈ ਹੰਕਾਰ ਦਾ ਤਿਆਗ ਜ਼ਰੂਰੀ ਹੈ। ਸਿੰਮਲ ਤੇ ਚੀਲ ਦੇ ਰੁਖ ਆਪਣੇ ਹੰਕਾਰ ਕਾਰਨ ਹੀ ਨਿਹਫਲ ਪਏ ਪ੍ਰਤੀਤ ਹੁੰਦੇ ਹਨ, ਬਾਂਸ ਵੀ ਆਪਣੀ ਵਡਿਆਈ ਕਾਰਨ ਸੜਦਾ ਬਲਦਾ ਰਹਿੰਦਾ ਹੈ, ਚੰਦਨ ਦੀ ਖੁਸ਼ਬੂ ਸਾਰੀ ਬਨਸਪਤੀ ਵਿਚ ਪਸਰ ਜਾਂਦੀ ਹੈ ਪਰ ਬਾਂਸ ਉਸ ਤੋਂ ਕੋਰਾ ਹੀ ਰਹਿ ਜਾਂਦਾ ਹੈ।[3] ਇਹ ਸਭ ਕੁਝ ਕਿਉਂ ਹੁੰਦਾ ਹੈ ? ਭਾਈ ਸਾਹਿਬ ਦਸਦੇ ਹਨ :-

> ਹਉਮੈ ਅੰਦਰ ਭਰਮ ਭੁਲਾਣੀ।[4]

ਸੋ ਹਉਮੈ ਹੰਕਾਰ ਦਾ ਤਿਆਗ ਸਚ-ਆਚਾਰ ਲਈ ਇਕ ਜ਼ਰੂਰੀ ਅੰਗ ਹੈ। ਅੱਗ ਦੀ ਲਾਟ ਉਚੀ ਉਠਦੀ ਹੈ, ਸਾੜਦੀ, ਫੂਕਦੀ, ਸੁਆਹ ਕਰਦੀ ਹੈ, ਕੁਚਾਰਾ[5] ਕਰਦੀ ਹੈ। ਪਰ ਜਲ,

---

1. ਵਾਰਾਂ ਭਾਈ ਗੁਰਦਾਸ, ਵਾਰ 4 ਪਉੜੀ, 15.
2. ਉਹੀ ,, ਵਾਰ 4, ਪਉੜੀ 4.
3. ਉਹੀ ,, ਵਾਰ 17, ਪਉੜੀ 5.
4. ਉਹੀ ,, ਵਾਰ 17, ਪਉੜੀ 5.
5. ਉਹੀ ,, ਵਾਰ 4, ਪਉੜੀ 5.

ਨੀਵੇ ਸਿਰ ਨਿਵਾਣ ਨੂੰ ਚਲਦਾ ਹੈ, ਬਨਸਪਤੀ ਨੂੰ ਵਿਗਸਾਉਂਦਾ ਹੈ, ਨਿਰਮਲ ਕਰਦਾ ਹੈ, ਪਰਉਪਕਾਰੀ [1] ਹੈ। ਇਸੇ ਲਈ ਭਾਈ ਸਾਹਿਬ ਕਹਿੰਦੇ ਹਨ :-

ਨਿਵ ਚਲੇ ਸੋ ਗੁਰੂ ਪਿਆਰਾ। [2]

ਸੇਵਾ :-

"ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।" (ਵਾਰ 27, ਪਉੜੀ 10)

ਅਤੇ- "ਗੁਰ ਸੇਵਾ ਦਾ ਫਲ ਘਣਾ ਕਿਨ ਕੀਮਤ ਪਾਈ" (ਵਾਰ 27, ਪਉੜੀ 20)

ਕਹਿ ਕੇ ਭਾਈ ਸਾਹਿਬ ਨੇ ਸੇਵਾ ਦਾ ਮੱਹਤਵ ਸਿਧ ਕੀਤਾ ਹੈ ਤੇ ਸੇਵਾ ਕਰਨ ਦਾ ਉਪਦੇਸ਼ ਦਿੱਤਾ ਹੈ। ਸਿੱਖ ਦੀ ਕ੍ਰਿਆ ਦਾ ਵਰਣਨ ਕਰਦੇ ਹੋਏ ਲਿਖਦੇ ਹਨ :-

ਗੁਰ ਸਿਖਾਂ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤ ਕਰ ਸੇਵ ਸੁਖਫਲ ਪਾਇਆ।
ਤੱਪੜ ਝਾੜ ਵਿਛਾਇ ਧੂੜੀ ਨ੍ਹਾਇਆ।
ਕੋਰੇ ਮਟ ਅਣਾਇ ਨੀਰ ਭਰਾਇਆ। (ਵਾਰ 20, ਪਉੜੀ 10)

ਜਿਥੇ ਗੁਰੂ ਦੀ ਸੇਵਾ, ਸਾਧ ਸੰਗਤ ਦੀ ਸੇਵਾ ਦਾ ਉਪਦੇਸ਼ ਦਿੱਤਾ ਹੈ, ਉਥੇ ਸੰਸਾਰਕ ਪੱਧਰ ਉਤੇ ਮਾਤਾ ਪਿਤਾ ਦੀ ਸੇਵਾ ਨੂੰ ਵੀ ਉੱਤਮ ਦਸਿਆ ਹੈ ਤੇ "ਹੋਵੇ ਸਰਵਨ ਵਿਰਲਾ ਕੋਈ" ਦਾ ਇਸ਼ਾਰਾ ਦੇ ਕੇ ਇਸ ਸੇਵਾ ਦਾ ਮਾਨ-ਮੱਹਤ ਹੋਰ ਵੀ ਵਧਾ ਦਿੱਤਾ ਹੈ। ਵਾਰ ਨੰ: 37 ਦੀਆਂ ਕੁਝ ਪਉੜੀਆਂ ਤਾਂ ਇਸੇ ਸੇਵਾ ਦੇ ਨਮਿਤ ਹੀ ਲਿਖੀਆਂ ਗਈਆਂ ਹਨ। ਮਾਤਾ ਪਿਤਾ ਦੇ ਉਪਕਾਰ ਵਿਸਾਰਨ ਵਾਲੇ ਨੂੰ 'ਵੱਡਾ ਕੁਚਾਰੀ' [3] ਜ਼ਾਹਰ ਕੀਤਾ ਹੈ ਤੇ ਨਾਲ ਹੀ ਆਖਿਆ ਹੈ ਕਿ

ਮਾਂ ਪਿਉ ਪਰਹਰ ਸੁਣੈ ਵੇਦ ਭੇਦ ਨ ਜਾਣੈ ਕਥਾ ਕਹਾਣੀ।
....
ਮਾਂ ਪਿਉ ਪਰਹਰ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਗੁਰ ਪਰਮੇਸਰ ਸਾਰ ਨਾ ਜਾਣੀ। [4]

ਮਾਤਾ ਪਿਤਾ ਦੀ ਸੇਵਾ ਦਾ ਤਿਆਗ ਕਰਨ ਵਾਲੇ ਦਾ ਜਪ, ਤਪ, ਪੂਜਾ, ਅਠਾਠ ਤੀਰਥਾਂ ਦਾ ਇਸ਼ਨਾਨ ਆਦਿ ਸਭ ਵਿਅਰਥ ਹੈ। [5] ਮਾਤਾ ਪਿਤਾ ਦੀ ਸੇਵਾ ਸੰਬੰਧੀ ਇਤਨੀ ਕਰੜੀ ਤਾੜਨਾ ਸ਼ਾਇਦ ਹੀ ਕਿਸੇ ਨੇ ਕੀਤੀ ਹੋਵੇ।

1. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 5,
2. ਉਹੀ ,, ਵਾਰ 4, ਪਉੜੀ 5.
3. ਉਹੀ ,, ਵਾਰ 37, ਪਉੜੀ 12.
4. ਉਹੀ ,, ਵਾਰ 37, ਪਉੜੀ 13.
5. ਉਹੀ ,, ਵਾਰ 37, ਪਉੜੀ 13.

ਭਾਈ ਸਾਹਿਬ ਨੇ, ਇਸੇ ਤਰ੍ਹਾਂ, ਹੁਕਮ ਮੰਨਣ ਦਾ, ਰਜ਼ਾ ਵਿਚ ਰਹਿਣ ਦਾ, ਸਤਿਸੰਗਤ ਕਰਨ ਦਾ, ਧਰਮ ਸਾਲ ਦੀ ਝਾਕ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ।

1 ਮੰਨੈ ਹੁਕਮ ਰਜਾਇ ਗੁਰਮੁਖ ਜਾਇਆ। (ਵਾਰ 14, ਪਉੜੀ 6)

2 ਸਾਧ ਸੰਗਤ ਮਿਲ ਹੁਕਮ ਕਮਾਵੈ। (ਵਾਰ 29, ਪਉੜੀ 13)

3 ਜਿਉ ਮੱਖੀ ਮਿਠੈ ਮਰੈ ਤ੍ਰਿਸ ਹੋਇ ਅਕਾਜ
ਤਿਉ ਧਰਮ ਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ। (ਵਾਰ 35, ਪਉੜੀ 12)

ਅਸਲ ਵਿਚ ਇਹ ਕਵਿਤਾ ਨਿਮਰਤਾ, ਪਰਉਪਕਾਰ, ਸੇਵਾ, ਪ੍ਰੀਤ, ਪ੍ਰੇਮ, ਸਿਦਕ, ਸਤਿਸੰਗਤ ਕਰਨ ਤੇ ਕੰਮ ਆਉਣ ਦੀ ਸਿਖਿਆ ਦਿੰਦੀ ਹੈ, ਚੰਗਾ ਮਨੁੱਖ ਬਣਨ ਲਈ ਪ੍ਰੇਰਦੀ ਹੈ ਤੇ ਇਹ ਸਿਖਿਆ ਗੰਨਾ, ਕਪਾਹ, ਤਿਲ, ਕੱਜਲ, ਚੰਦਨ, ਚੰਦ ਚਕੋਰ, ਚਕਵੀ ਸੂਰਜ, ਫੁਲ, ਪੱਥਰ, ਸਾਗਰ, ਘਾਹ, ਕੀੜੀ, ਮਕੜੀ, ਨਿਕੀਆਂ ਨਿਕੀਆਂ ਚੀਜ਼ਾਂ ਵਿਚਲੇ ਗੁਣਾਂ ਦੀਆਂ ਉਦਾਹਰਣਾਂ ਰਾਹੀਂ ਦਿੱਤੀ ਗਈ ਹੈ।

ਵਿਅੰਗਾਤਮਕ ਕਵਿਤਾ :-

ਭਾਈ ਗੁਰਦਾਸ ਨੇ ਜੀਵਨ ਸੁਧਾਰ ਲਈ ਜਿਥੇ ਉਪਦੇਸ਼ ਦਿੱਤਾ ਹੈ ਉਥੇ ਜੀਵਨ ਵਿਚ ਆਈਆਂ ਕੁਰੀਤੀਆਂ ਉਤੇ ਵਿਅੰਗ ਵੀ ਕੱਸਿਆ ਹੈ, ਵਿਅੰਗ ਦਾ ਹਥਿਆਰ ਵੀ ਸੁਧਾਰ ਲਈ ਵਰਤਿਆ ਹੈ। ਆਪ ਨੇ ਆਪਣੇ ਸਮੇਂ ਦੇ ਧਾਰਮਕ ਪਖੰਡਾਂ, ਵਾਦ ਵਿਵਾਦ, ਕੱਟੜਪੁਣੇ, ਫੋਕਟ ਰਸਮਾਂ ਰੀਤਾਂ ਆਦਿ ਨੂੰ ਚੰਗੇ ਕਰਾਰੇ ਹਥੀਂ ਲਿਆ; ਮੂਰਖ, ਮੀਣੇ, ਅਕਿਰਤਘਣ, ਦੁਬਾਜਰੇ, ਨਿੰਦਕ, ਆਦਿ ਵੀ ਆਪ ਦੀ ਇਸ ਮਾਰ ਤੋਂ ਨਾ ਬਚ ਸਕੇ; ਹੰਕਾਰੀ, ਬੇਮੁਖ, ਮਨਮੁਖ, ਖੋਟੇ ਮਨੁੱਖ ਵੀ ਆਪ ਦੇ ਵਿਅੰਗ ਦਾ ਨਿਸ਼ਾਨਾ ਬਣੇ। ਭਾਈ ਸਾਹਿਬ ਕਿਸੇ ਦਾ ਦਿਲ ਦੁਖਾਣ ਲਈ ਵਿਅੰਗ ਦੀ ਵਰਤੋਂ ਨਹੀਂ ਕਰਦੇ, ਸਗੋਂ ਅਕਲ ਸਿਖਾਣ ਲਈ, ਗਿਆਨ ਦੇਣ ਲਈ, ਸਿਧੇ ਰਾਹ ਪਾਣ ਲਈ, ਭਰਮਾਂ ਭੁਲੇਖਿਆਂ ਵਿਚੋਂ ਕੱਢਣ ਲਈ ਮਿੱਠੀ ਮਿੱਠੀ ਟਕੋਰ ਕਰਦੇ ਹਨ। ਭਾਈ ਸਾਹਿਬ ਦੀਆਂ ਕਈ ਪਉੜੀਆਂ ਅਜਿਹੇ ਵਿਅੰਗ ਨਾਲ ਭਰਪੂਰ ਹਨ। ਵੰਨਗੀ ਮਾਤਰ ਕੁਝ ਕੁ ਉਦਾਹਰਣਾਂ ਲਿਖੀਆਂ ਜਾਂਦੀਆਂ ਹਨ :-

1. ਵਿਖਾਵੇ ਦੇ ਭੇਖਾਂ ਤੇ ਤਪਾਂ ਉਤੇ ਵਿਅੰਗ:-

ਮਿਲੇ ਜੇ ਤੀਰਥ ਨ੍ਹਾਤਿਆਂ ਡੱਡਾਂ ਜਲ ਵਾਸੀ।
ਵਾਲ ਵਧਾਇਐ ਪਾਈਐ ਵੜ ਜਟਾਂ ਪਲਾਸੀ।
ਨੰਗੇ ਰਹਿਆਂ ਜੇ ਮਿਲੈ ਵਣ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ। (ਵਾਰ 36, ਪਉੜੀ 14)

ਤੇ ਤੱਤ ਦੀ ਗੱਲ ਇਹ ਹੈ ਕਿ –

ਵਿਣ ਗੁਰ ਮੁਕਤਿ ਨ ਹੋਵਈ ਗੁਰ ਮਿਲੇ ਖਲਾਸੀ। (ਵਾਰ 36, ਪਉੜੀ 14)

2. ਮੂਰਖਾਂ ਉਤੇ ਵਿਅੰਗ :-

ਵਾਰ ਨੰ: 32 ਦੀਆਂ ਕੁਝ ਪਉੜੀਆਂ ਵਿਚ ਮੂਰਖ ਮਨੁੱਖ ਦੀ ਪਛਾਣ ਕਰਾਂਦਿਆਂ ਉਸ ਦੇ ਸੁਭਾਵ ਦੇ ਵੱਖ–ਵੱਖ ਪੱਖਾਂ ਤੇ ਚਾਨਣ ਪਾਇਆ ਹੈ। ਉਸ ਨੂੰ ਅੰਨ੍ਹੇ, ਬੋਲੇ, ਗੁੰਗੇ, ਨਕਟੇ, ਉੱਲੂ, ਬਾਂਦਰ, ਖੋਤੇ, ਕੁੱਤੇ ਆਦਿ ਨਾਲ ਤੁਲਨਾ ਦਿਤੀ ਹੈ ਤੇ ਦਸਿਆ ਹੈ ਕਿ ਮੂਰਖ

ਰਾਹ ਛਡ ਉਝੜ ਪਵੈ ਆਗੂ ਨੂੰ ਭੁੱਲਾ ਕਰ ਜਾਣੈ।
ਬੇੜੇ ਵਿਚ ਬਹਾਲੀਐ ਕੁਦ ਪਵੈ ਵਿਚ ਵਹਿਣ ਧਿਙਾਣੈ।
ਸੁਘੜਾਂ ਵਿਚ ਬਹਿੰਦਿਆਂ ਬੋਲ ਵਿਗਾੜ ਉਘਾੜ ਵਖਾਣੈ।
ਸੁਘੜਾਂ ਮੂਰਖ ਜਾਣਦਾ ਆਪ ਸੁਘੜ ਹੋਇ ਵਿਰਤੀ ਹਾਣੈ।
ਦਿਹ ਨੋ ਰਾਤ ਵਖਾਣਦਾ ਚਾਮ–ਚੜਿਕ ਜਿਵੇ ਟਾਟਾਣੈ। (ਵਾਰ 32, ਪਉੜੀ 15)

ਤੇ ਅਜਿਹੇ ਸੁਭਾਵ ਦਾ ਕਾਰਨ ਵੀ ਬਿਆਨ ਕਰਦੇ ਹਨ ਕਿ

ਗੁਰਮਤਿ ਮੂਰਖ ਚਿਤ ਨ ਆਣੈ। (,, ,,)

"ਵੈਦ ਚੰਗੇਰੀ ਉਠਣੀ' ਤੇ "ਠੰਢੇ ਖੂਹੌਂ ਨਾਇ ਕੈ" (ਵਾਰ 32, ਪਉੜੀ 16 ਤੇ 19) ਵਾਲੀਆਂ ਪਉੜੀਆਂ ਵਿਚ ਲੋਕ–ਕਥਾਵਾਂ ਰਾਹੀਂ ਮੂਰਖ ਦੀ ਹਾਸੋ–ਹੀਣੀ ਦਸ਼ਾ ਦਾ ਚਿੱਤਰ ਖਿਚਦਿਆਂ ਵਿਅੰਗ ਕੀਤਾ ਹੈ ਕਿ ਮੂਰਖ ਤਾਂ

"ਮਾਨਸ ਦੇਹੀ ਪਸੂ ਉਪੰਨਾ" (ਵਾਰ 32, ਪਉੜੀ 16)

3. ਅਕਿਰਤਘਣ ਉਤੇ ਵਿਅੰਗ :-

ਭਾਈ ਗੁਰਦਾਸ ਨੇ ਵਾਰ ਨੰ: 35 ਪਉੜੀ ਨੰ: 8 ਵਿਚ ਬੜੇ ਵਿਸਥਾਰ ਨਾਲ ਦਸਿਆ ਹੈ ਕਿ ਧਰਤੀ ਹੋਰ ਹਰ ਸ਼ੈ ਦਾ ਭਾਰ ਸਹਾਰ ਲੇਂਦੀ ਹੈ; ਪਹਾੜ ਕਿਲ੍ਹੇ, ਸਮੁੰਦਰ, ਰੁਖ, ਜੀਅ ਜੰਤ ਉਸ ਨੂੰ ਭਾਰੇ ਨਹੀਂ ਲਗਦੇ ਪਰ ਅਕਿਰਤਘਣ :

ਭਾਰੇ ਭੁਈਂ ਅਕਿਰਤਘਨ ਮੰਦੀ ਹੂ ਮੰਦੇ।

ਅਕਿਰਤਘਣ ਮਨੁੱਖ ਦੀ ਦਸ਼ਾ ਨੂੰ, ਇਕ ਕਹਾਣੀ ਰਾਹੀਂ ਬਿਆਨ ਕਰ ਕੇ, ਵਿਅੰਗ ਦਾ ਨਿਸ਼ਾਨਾ ਬਣਾ ਕੇ ਉਸ ਦੀ ਤਾਂ ਨਜ਼ਰ ਨੂੰ ਵੀ ਬੁਰੇ ਤੋਂ ਬੁਰਾ ਸਿਧ ਕੀਤਾ ਹੈ :-

ਮਦ ਵਿਚ ਰਿਧਾ ਪਾਇਕੈ ਕੁੱਤੇ ਦਾ ਮਾਸ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ।
ਰੱਤੂ ਭਰਿਆ ਕੱਪੜਾ ਕਰ ਕੱਜਣ ਤਾਸ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ।

ਆਖ ਸੁਣਾਏ ਪੁਛਿਆ ਲਾਹੇ ਵਿਸਵਾਸ ।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ । [ਵਾਰ 35, ਪਉੜੀ 9]

4. ਬੇਮੁੱਖ ਉੱਤੇ ਵਿਅੰਗ :-

ਬੇਮੁਖਾਂ ਉਤੇ ਵਿਅੰਗ ਕਸਦਿਆਂ ਅਖਾਣਾਂ ਦੀ ਝੜੀ ਜਿਹੀ ਲਾ ਦਿੱਤੀ ਹੈ :-

ਆਪ ਨ ਵੰਞੈ ਸਾਹੁਰੈ ਸਿਖ ਲੋਕ ਸੁਣਾਵੈ ।
ਕੰਤ ਨ ਪੁਛੈ ਵਾਤੜੀ ਸੁਹਾਗ ਗਣਾਵੈ ।
ਚੂਹਾ ਖੁਡ ਨ ਮਾਵਈ ਲੱਕ ਛਜ ਵਲਾਵੈ ।
ਮੰਤ ਨ ਹੋਇ ਅਠੂਹਿਆਂ ਹੱਥ ਸੱਪੀਂ ਪਾਵੈ ।
ਸਰ ਸਾਧੇ ਆਗਾਸ ਨੋ ਫਿਰ ਮੱਥੇ ਆਵੈ ।
ਦੂਹੀ ਸਰਾਈ ਜ਼ਰਦਰੂ ਬੇਮੁਖ ਪਛੁਤਾਵੈ । (ਵਾਰ 34, ਪਉੜੀ 3)

ਅਸੀਂ ਵੇਖਦੇ ਹਾਂ ਕਿ ਭਾਈ ਸਾਹਿਬ ਨੇ ਵਿਅੰਗ ਦੇ ਹਥਿਆਰ ਨੂੰ ਸਫ਼ਲਤਾ ਸਹਿਤ ਵਰਤਿਆ ਹੈ, ਸਿੱਧੇ ਸਪੱਸ਼ਟ ਸ਼ਬਦਾਂ ਵਿਚ ਅਜਿਹੀ ਗੱਲ ਆਖੀ ਹੈ ਜੋ ਆਪਣੇ ਆਪ ਬੁੱਧੀ ਦੀ ਪਕੜ ਵਿਚ ਆ ਜਾਂਦੀ ਹੈ, ਮਨ ਤੇ ਪ੍ਰਭਾਵ ਪਾਂਦੀ ਹੈ ਤੇ ਜੀਵਨ-ਢੰਗ ਵਿਚ ਪਰਿਵਰਤਨ ਲਿਆਉਣ ਲਈ ਸੋਚਣ ਤੇ ਮਜਬੂਰ ਕਰ ਦੇਂਦੀ ਹੈ ।

ਭਗਤੀ ਭਾਵ ਸੰਪੰਨ ਕਵਿਤਾ :-

ਸਤਿਗੁਰ ਤੁਲ ਨ ਮਿਹਰਵਾਨ ਮਾਤਾ ਪਿਤਾ ਨ ਦੇਵ ਸਬਾਏ ।
ਡਿਠੇ ਸਭੇ ਠੋਕ ਵਜਾਏ । (ਵਾਰ 39, ਪਉੜੀ 20)

ਭਾਈ ਗੁਰਦਾਸ ਗੁਰੂ-ਘਰ ਦੇ ਅਨਿੰਨ-ਭਗਤ, ਸ਼ਰਧਾਲੂ ਸੇਵਕ ਹਨ । ਉਪਰੋਕਤ ਤੁਕਾਂ ਆਪਣੇ ਸਤਿਗੁਰੂ ਪ੍ਰਤੀ ਅਪਾਰ ਸ਼ਰਧਾਂ ਦੀਆਂ ਸੂਚਕ ਹਨ । ਗੁਰੂ ਨਾਲ ਆਪ ਦੀ ਪ੍ਰੀਤ ਦਾ ਰੂਪ ਵੀ ਬੜਾ ਅਨੋਖਾ ਜਿਹਾ ਹੈ । ਆਪ ਇਕ ਪੂਰਨ ਰੂਪ ਸਿਦਕੀ ਸਿਖ ਹਨ ਤੇ ਗੁਰੂ ਤੋਂ ਬਿਨਾਂ ਕਿਸੇ ਚੀਜ਼ ਨਾਲ ਵੀ ਆਪ ਦਾ ਮਨ ਨਹੀਂ ਭਿਜਦਾ, ਸਭ ਕੁਝ ਫਿਕਾ ਫਿੱਕਾ, ਕੂੜਾ, ਘਟੀਆ ਘਟੀਆ ਜਾਪਦਾ ਹੈ :-

ਵਿਣ ਗੁਰ ਹੋਰ ਧਿਆਨ ਹੈ ਸਭ ਦੂਜਾ ਭਾਉ ।
ਵਿਣ ਗੁਰ ਸ਼ਬਦ ਗਿਆਨ ਹੈ ਫਿੱਕਾ ਆਲਾਉ ।
ਵਿਣ ਗੁਰ ਚਰਣਾਂ ਪੂਜਣਾ ਸਭ ਕੂੜਾ ਸੁਆਉ ।
ਵਿਣ ਗੁਰ ਬਚਨ ਜੁ ਮੰਨਣਾ ਊਰਾ ਪਰਥਾਉ ।
ਸਾਧ ਸੰਗਤ ਵਿਣ ਸੰਗ ਹੈ ਸਭ ਕੱਚਾ ਚਾਉ ।
ਪੀਰ ਮੁਰੀਦਾਂ ਪਿਰਹੜੀ ਜਿਣ ਜਾਣਨਿ ਦਾਉ । (ਵਾਰ 27, ਪਉੜੀ 17)

ਤੇ ਇਹ ਇਸ ਲਈ ਕਿ

ਗੁਰ ਮੂਰਤਿ ਪੂਰਨ ਬ੍ਰਹਮ ਅਬਿਗਤ ਅਬਿਨਾਸੀ । (ਵਾਰ 9, ਪਉੜੀ 1)

ਹੈ। ਅਜਿਹੇ ਗੁਰਦੇਵ ਨੂੰ ਨਮਸਕਾਰ ਹੈ ਜਿਸ ਨੇ ਸਤਿਨਾਮ ਮੰਤਰ ਸੁਣਾਇਆ ਹੈ, ਭਵਸਾਗਰ ਵਿਚੋਂ ਪਾਰ ਕਰ ਕੇ ਮੁਕਤੀ ਦਿੱਤੀ ਹੈ, ਜਨਮ ਮਰਨ ਦਾ ਡਰ ਕਟ ਕੇ ਵਿਯੋਗ ਦਾ ਸੰਸਾ ਰੂਪੀ ਰੋਗ ਮਿਟਾ ਦਿੱਤਾ ਹੈ।[1] ਭਾਈ ਸਾਹਿਬ ਦੀ ਗੁਰੂ-ਸ਼ਰਧਾ ਦਾ ਅੰਤ ਨਹੀਂ ਪਾਇਆ ਜਾਂਦਾ। ਆਪ ਤਾਂ ਅੰਗ ਅੰਗ, ਰੋਮ ਰੋਮ, ਗੁਰੂ ਲੇਖੇ ਲਗਣਾ ਹੀ ਯੋਗ ਸਮਝਦੇ ਹਨ :-

ਧ੍ਰਿਗ ਸਿਰ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ ।
ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ ।
ਧ੍ਰਿਗ ਸਰਵਣ ਉਪਦੇਸ ਵਿਣ ਸੁਣ ਸੁਰਤਿ ਨ ਧਰਣੀ ।
ਧ੍ਰਿਗ ਜਿਹਬਾ ਗੁਰ ਸ਼ਬਦ ਵਿਣ ਹੋਰ ਮੰਤ੍ਰ ਸਿਮਰਣੀ ।
ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ । (ਵਾਰ 27, ਪਉੜੀ 10)

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਗਤੀ-ਭਾਵ ਉਤੇ, ਸ਼ਰਧਾ ਤੇ ਬਿਦਕ ਉਤੇ, ਅਥਾਹ ਜ਼ੋਰ ਦਿੱਤਾ ਗਿਆ ਹੈ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ :-

"ਗੋਬਿੰਦ ਭਾਉ ਭਗਤਿ ਦਾ ਭੁਖਾ" [2] ਹੈ ਅਤੇ ਇਸ ਦੇ ਨਾਲ ਹੀ

"ਨਾਥ ਅਨਾਥਾਂ ਬਾਣ ਧੁਰਾਂ ਦੀ" [3] ਅਨੁਸਾਰ ਉਹ ਅਕਾਲ ਪੁਰਖ ਸਭ ਦਾ ਨਾਥ ਹੈ, ਸੁਆਮੀ ਹੈ; ਉਹ ਅਨਾਥਾਂ ਦੀ ਲੱਜਾ ਰਖਦਾ ਹੈ, ਭਗਤਾਂ ਦੇ ਕੰਮ ਸੁਆਰਦਾ [4] ਹੈ, ਅਗਾਧ ਤੇ ਅਟੁਟ ਸ਼ਰਧਾ ਉਤੇ ਤੁਠ ਕੇ ਦਰਸ਼ਨ ਦੇਂਦਾ ਹੈ[5], ਭਗਤਾਂ ਦੀ ਜੋ ਜੋ ਕਾਰ ਕਰਾਉਂਦਾ ਹੈ[6] ਉਹਨਾਂ ਦੀ ਵਡਿਆਈ ਉਜਾਗਰ ਕਰਦਾ[7] ਤੇ ਉਹਨਾਂ ਦਾ ਮਾਂ ਪਿਉ[8] ਬਣ ਜਾਂਦਾ ਹੈ। ਐਸੇ ਸਤਿਗੁਰੂ, ਐਸੇ ਅਕਾਲ ਪੁਰਖ ਦੀ ਉਸਤਤੀ ਕੌਣ ਕਰ ਸਕਦਾ ਹੈ, ਪੂਰਨ ਰੂਪ ਮਹਿਮਾ ਕੌਣ ਗਾ ਸਕਦਾ ਹੈ, ਭਾਈ ਸਾਹਿਬ ਭਗਤੀ-ਭਾਵਨਾ ਵਿਚ ਡੁਲ੍ਹ ਡੁਲ੍ਹ ਪੈਂਦੇ ਫ਼ਰਮਾਂਦੇ ਹਨ :-

---

1. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ਪਹਿਲੀ।
2. ਉਹੀ ,, ਵਾਰ 10, ਪਉੜੀ 7
3. ਉਹੀ ,, ਵਾਰ 10, ਪਉੜੀ 8
4. ਉਹੀ ,, ਵਾਰ 10, ਪਉੜੀ 11
5. ਉਹੀ ,, ਵਾਰ 10, ਪਉੜੀ 13
6. ਉਹੀ ,, ਵਾਰ 10, ਪਉੜੀ 14
7. ਉਹੀ ,, ਵਾਰ 10, ਪਉੜੀ 16
8. ਉਹੀ ,, ਵਾਰ 10, ਪਉੜੀ 17

ਲਖ ਉਪਮਾ ਉਪਮਾ ਕਰੈ ਉਪਮਾ ਨ ਵਖਾਣੈ ।
ਲਖ ਮਹਿਮਾ ਮਹਿਮਾ ਕਰੈ ਮਹਿਮਾ ਹੈਰਾਣੈ ।
ਲਖ ਮਹਾਤਮ ਮਹਾਤਮਾ ਨ ਮਹਾਤਮ ਜਾਣੈ ।
ਲਖ ਉਸਤਤ ਉਸਤਤ ਕਰੈ ਉਸਤਤ ਨ ਸਿਵਾਣੈ ।

ਇਸ ਲਈ

ਆਦਿ ਪੁਰਖ ਆਦੇਸ ਹੈ ਮੈ ਮਾਣ ਨਿਮਾਣੈ । (ਵਾਰ 13, ਪਉੜੀ 22)

ਭਾਈ ਸਾਹਿਬ ਬਾਰ ਬਾਰ ਨਮਸਕਾਰ ਕਰਦੇ ਹਨ, ਸਿਰ ਝੁਕਾਂਦੇ ਤੇ ਉਸੇ ਮਨੁੱਖ ਦਾ ਜਨਮ ਸਫਲ ਸਮਝਦੇ ਹਨ ਜੋ ਸ਼ਰਧਾ ਸਹਿਤ, ਸਿਦਕ ਭਰਪੂਰ ਹੋ ਕੇ ਸਤਿਗੁਰੂ ਦੀ ਚਰਨ-ਸ਼ਰਨ ਵਿਚ ਆਉਂਦਾ ਹੈ ।

ਸਤਿਗੁਰ ਸ਼ਰਨੀ ਜਾਇ ਸੀਸ ਨਿਵਾਇਆ ।
ਗੁਰ ਚਰਨੀ ਚਿਤ ਲਾਇ ਮੱਥਾ ਲ ਇਆ ।
ਗੁਰਮਤ ਰਿਦੈ ਵਸਾਇ ਆਪ ਗਵਾਇਆ ।
ਗੁਰਮਖ ਸਹਿਜ ਸੁਭਾਇ ਭਾਣਾ ਭਾਇਆ ।
....
....
ਧੰਨ ਜਣੇਂਦੀ ਮਾਇ ਸਹਿਲਾ ਆਇਆ । [ਵਾਰ 3, ਪਉੜੀ 20]

ਬਿਰਤਾਂਤਕ ਕਵਿਤਾ :-

ਭਾਈ ਸਾਹਿਬ ਦੀਆਂ ਵਾਰਾਂ ਵਿਚ ਬਿਰਤਾਂਤਕ ਕਵਿਤਾ ਦੀ ਵੰਨਗੀ ਵੀ ਉਪਲਬਧ ਹੈ । ਆਪ ਨੇ ਗੁਰੂ ਸਾਹਿਬਾਨ ਤੇ ਸੰਤਾਂ ਭਗਤਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਬਿਰਤਾਂਤਕ ਢੰਗ ਵਿਚ ਬਿਆਨ ਕਰ ਕੇ ਉਹਨਾਂ ਤੋਂ ਕੁਝ ਤੱਤ ਕਢੇ ਹਨ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਵਿਚਾਰ ਨੂੰ ਸਿਧ ਕਰਨ ਲਈ ਓਹਨਾਂ ਜੀਵਨ-ਘਟਨਾਵਾਂ ਦੇ ਬਿਰਤਾਂਤ ਨੂੰ ਪਿਛੋਕੜ ਵਜੋਂ ਵਰਤਿਆ ਗਿਆ ਹੈ । ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਜੀਵਨ-ਬਿਰਤਾਂਤ ਨੂੰ ਬੜਾ ਰੌਚਿਕ ਬਣਾ ਕੇ ਪੇਸ਼ ਕੀਤਾ ਗਿਆ ਹੈ । ਇਸੇ ਤਰ੍ਹਾਂ ਦਸਵੀਂ ਵਾਰ ਵਿਚ ਸੰਤਾਂ ਭਗਤਾਂ ਦੇ ਜੀਵਨ ਦੀ ਇਕ ਇਕ ਪ੍ਰਸਿਧ ਘਟਨਾ ਬੜੇ ਨਾਟਕੀ ਅੰਦਾਜ਼ ਵਿਚ ਬਿਆਨ ਹੋਈ ਮਿਲਦੀ ਹੈ, ਕੁਝ ਪਤਿਤ ਲੋਕਾਂ ਦੇ ਉਧਾਰ ਦਾ ਵੇਰਵਾ ਵੀ ਇਸ ਵਾਰ ਵਿਚ ਮਿਲਦਾ ਹੈ । 36ਵੀਂ ਵਾਰ, ਤਾਂ ਮੀਣਿਆਂ ਦੇ ਸੰਬੰਧ ਵਿਚ ਉਚਾਰੀ ਜਾਪਦੀ ਹੈ, ਇਸ ਵਿਚ ਪ੍ਰਿਥੀ ਚੰਦ ਦੇ ਭੇਖੀ ਤੇ ਦੰਭੀ ਜੀਵਨ ਦਾ ਨਕਸ਼ਾ ਉਲੀਕਿਆ ਹੈ ।

ਭਾਈ ਸਾਹਿਬ ਦੇ ਬਿਰਤਾਂਤ-ਵਰਣਨ ਦਾ ਢੰਗ ਅਜਿਹਾ ਹੈ ਕਿ ਘਟਨਾ ਅੱਖਾਂ ਸਾਹਮਣੇ

ਵਾਪਰਦੀ ਪ੍ਰਤੀਤ ਹੁੰਦੀ ਹੈ। ਇਸ ਵਰਣਨ ਵਿਚ ਕਹਾਣੀ ਰਸ ਵੀ ਹੈ, ਨਾਟਕੀ ਕਾਰਜ ਵੀ ਹੈ, ਵਾਰਤਾਲਾਪ ਦੀ ਚਾਸ਼ਨੀ ਵੀ ਹੈ, ਪਾਤਰ ਚਿਤਰਣ, ਲਟਕਾਉ ਤੇ ਹੈਰਾਨੀ ਦਾ ਅੰਸ਼ ਵੀ ਮੌਜੂਦ ਹੈ। ਜ਼ਰਾ ਮੱਕੇ ਦੀ ਜਾਤਰਾ ਵਾਲੀ ਘਟਨਾ ਦਾ ਬਿਰਤਾਂਤ ਵੇਖੋ :—

ਬਾਬਾ ਫਿਰ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ
ਆਸਾ ਹਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹਜ ਗੁਜਾਰੀ।
ਜਾਂ ਬਾਬਾ ਸੁੱਤਾ ਰਾਤ ਨੂੰ ਵਲ ਮਹਿਰਾਬੇ ਪਾਇ ਪਸਾਰੀ।
ਜੀਵਣ ਮਾਰੀ ਲੱਤ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ" ?
"ਲੱਤਾਂ ਵਲ ਖ਼ੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ" ।
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨ ਕਰੇਨ ਜੁਹਾਰੀ। (ਵਾਰ 1, ਪਉੜੀ 32)

ਇਹੀ ਨਾਟਕੀ ਰੰਗਣ ਭਰਿਆ ਬਿਰਤਾਂਤ ਧਰੂ ਭਗਤ ਦੀ ਸਾਖੀ ਵਿਚ ਵੀ ਵੇਖਣ ਜੋਗ ਹੈ:—

ਧਰੂ ਹਸਦਾ ਘਰ ਆਇਆ ਕਰ ਪਿਆਰ ਪਿਉ ਕੁਛੜ ਲੀਤਾ।
ਬਾਹੋਂ ਪਕੜ ਉਠਾਲਿਆ ਮਨ ਵਿਚ ਰੋਸ ਮਤ੍ਰੇਈ ਕੀਤਾ।
ਡੱਡਹੁਲਿੱਕਾ ਮਾਂ ਪੁਛੇ "ਤੂੰ ਸਵਾਣੀ ਹੈ ਕਿ ਸਰੀਤਾ ?"
"ਸਵਾਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜੀਤਾ।"
"ਕਿਸ ਉਦਮ ਤੇ ਰਾਜ ਮਿਲੇ ਸ਼ਤ੍ਰੂ ਤੇ ਸਭ ਹੋਵਣ ਮੀਤਾ ?"
"ਪਰਮੇਸ਼ਰ ਆਰਾਧੀਐ ਜਿੰਦੂ ਹੋਈਐ ਪਤਿਤ ਪੁਨੀਤਾ"।
ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ।
ਪਿੱਛਹੁੰ ਰਾਜੇ ਸਦਿਆ ਅਬਚਲ ਰਾਜ ਕਰਹੁ ਨਿਤ ਨੀਤਾ।
ਹਾਰ ਚਲੇ ਗੁਰਮੁਖ ਜਗ ਜੀਤਾ। (ਵਾਰ 10, ਪਉੜੀ 1)

ਭਾਈ ਸਾਹਿਬ ਨੇ ਜਿੱਥੇ ਜਿੱਥੇ ਕਿਸੇ ਵਿਚਾਰ ਨੂੰ ਸਪੱਸ਼ਟ ਕਰਨ ਲਈ ਵਿਆਖਿਆ ਦਾ ਪੱਲਾ ਫੜਿਆ ਹੈ, ਉਥੇ ਵੀ ਬਿਰਤਾਂਤਕ ਰੰਗ ਚੰਗਾ ਉਘੜਿਆ ਹੈ। "ਆਪਣੇ ਸਰੂਪ ਦੀ ਪਛਾਣ ਲਈ ਆਪਾ ਭਾਵ ਗੁਆਉਣਾ ਪੈਂਦਾ ਹੈ," ਇਸ ਵਿਚਾਰ ਨੂੰ ਇਉਂ ਪੇਸ਼ ਕੀਤਾ ਹੈ:—

ਲੋਹਾ ਆਰੁਣਿ ਪਾਇ ਤਾਵਣ ਤਾਇਆ।
ਘਣ ਅਹਿਰਣ ਹਣਵਾਇ ਦੁੱਖ ਸਹਾਇਆ।
ਆਰਸੀਆਂ ਘੜਵਾਇ ਮੁੱਲ ਕਰਾਇਆ।
ਖਹੁਰੀ ਸਾਣ ਧਰਾਇ ਅੰਗ ਹਛਾਇਆ।

ਪੈਰਾਂ ਹੇਠ ਰਖਾਇ ਸਿਕਲ ਕਰਾਇਆ ।

ਗੁਰਮੁਖ ਆਪ ਗਵਾਇ ਆਪ ਦਿਖਾਇਆ । (ਵਾਰ 14, ਪਉੜੀ 14)

(ੲ) ਭਾਈ ਗੁਰਦਾਸ ਦੀ ਕਵਿਤਾ ਵਿਚ ਬਿੰਬ

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬਿੰਬ, ਉਨ੍ਹਾਂ ਦੀ ਕਾਵਿ-ਕਲਾ ਦਾ ਇਕ ਹੋਰ ਜ਼ਰੂਰੀ ਤੱਤ ਹੈ। ਇਹ ਬਿੰਬ, ਭਾਈ ਸਾਹਿਬ ਦੀ ਕਵਿਤਾ ਨੂੰ ਸਸ਼ਕਤ, ਸਜੀਵ ਤੇ ਸਫਲ ਬਣਾਉਣ ਵਿਚ ਬਹੁਤ ਸਹਾਈ ਹੋਏ ਹਨ। ਇਸ ਲਈ ਭਾਈ ਸਾਹਿਬ ਦੀਆਂ ਵਾਰਾਂ ਵਿਚ ਬਿੰਬਾਂ ਦੀ ਵਰਤੋਂ ਵੇਖਣ-ਯੋਗ ਹੈ। ਭਾਈ ਸਾਹਿਬ ਦੇ ਬਿੰਬਾਂ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਬਿੰਬ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਬਿੰਬ ਕਵਿਤਾ ਦਾ ਅਨਿੱਖੜ ਅੰਗ ਹੈ ਤੇ ਇਹ ਕਵਿਤਾ ਦੇ ਵਿਸ਼ੇ ਤੋਂ ਲੈ ਕੇ ਰੂਪ ਤਕ ਪਸਰਿਆਂ ਰਹਿੰਦਾ ਹੈ। ਆਲੋਚਕਾਂ ਨੇ ਕਾਵਿ-ਰਚਨਾ ਵਿਚ ਬਿੰਬਾਂ ਦੀ ਬੜੀ ਮਹੱਤਤਾ ਗਿਣੀ ਹੈ। ਸੀ. ਡੀ. ਲੀਵਿਸ ਦਾ ਕਥਨ ਹੈ ਕਿ ਹਰੇਕ ਕਵਿਤਾ ਆਪਣੇ ਆਪ ਵਿਚ ਇਕ ਬਿੰਬ ਹੈ ਅਤੇ ਬਿੰਬ ਹਰ ਪ੍ਰਕਾਰ ਦੀ ਕਵਿਤਾ ਵਿਚ ਨਿਰੰਤਰ ਵਿਦਮਾਨ ਹੁੰਦਾ ਹੈ।[1] ਇਸੇ ਤਰ੍ਹਾਂ ਰਾਬਿਨ ਸਕੇਲਟਨ ਕਹਿੰਦਾ ਹੈ ਕਿ ਕਾਵਿ-ਰਚਨਾ ਦੇ ਮੁੱਖ-ਤੱਤਾਂ ਵਿਚੋਂ ਇਕ ਤੱਤ 'ਬਿੰਬ' ਹੈ।[2]

ਖੁੱਲ੍ਹੇ ਸ਼ਬਦਾਂ ਵਿਚ ਬਿੰਬ ਨੂੰ ਸ਼ਬਦਾਤਮਕ ਤਸਵੀਰ ਜਾਂ ਸ਼ਬਦ-ਚਿੱਤਰ ਕਿਹਾ ਜਾਂਦਾ ਹੈ ਤੇ ਇਸ ਦੀ ਅਪੀਲ ਇੰਦਰਿਆਵੀ ਹੁੰਦੀ ਹੈ, ਭਾਵ ਇਸ ਵਿਚ ਸਾਡੀਆਂ ਗਿਆਨ ਇੰਦਰੀਆਂ ਨੂੰ ਅਪੀਲ ਕਰਨ ਦੀ ਸ਼ਕਤੀ ਹੁੰਦੀ ਹੈ। ਕਵੀ ਜਿਹੜਾ ਵੀ ਕੋਈ ਚਿਤਰ ਚਿਤਰਦਾ ਹੈ ਉਸ ਦੀ ਅਪੀਲ ਸਾਡੀ ਕਿਸੇ ਗਿਆਨ ਇੰਦਰੀ ਨੂੰ ਹੋਣੀ ਜ਼ਰੂਰੀ ਹੈ। ਬਿੰਬ ਵਿਚ ਰੂਪ ਗੁਣ ਵੀ ਹੁੰਦਾ ਹੈ ਤੇ ਰੂਪਕਾਤਮਕ ਗੁਣ ਵੀ ਚਿਤਰਕਾਰੀ ਦੀ ਵਿਸ਼ੇਸ਼ਤਾ ਇਸ ਦਾ ਇਕ ਹੋਰ ਪੱਖ ਹੈ। ਸੀ. ਡੀ. ਲੀਵਿਸ ਅਨੁਸਾਰ ਬਿੰਬ ਵਿਚ ਤਾਜ਼ਗੀ, ਡੂੰਘਾਈ ਤੇ ਉਤੇਜਕ ਸ਼ਕਤੀ, ਤਿੰਨ ਵਿਸ਼ੇਸ਼ਤਾਵਾਂ ਹੁੰਦੀਆਂ ਹਨ।[3]

---

1 "Yet the image is constant in all poetry and every poem is itself an image." C.D. Lewis, The Poetic Image.

2 "One of the chief elements in the make up of the poem is the image.' The Poetic Pattern.

3 What the moderns look for in imagery, I suggest, is freshness, intensity and evocative power. C. D. Lewis, The Poetic Image.

ਕਵੀ ਆਪਣੇ ਅੰਤਰੀਵ ਭਾਵ ਨੂੰ ਉਜਾਗਰ ਕਰਨ ਲਈ, ਨਿਖਾਰਣ ਲਈ, ਬਿੰਬਾਂ ਦੀ ਵਰਤੋਂ ਕਰਦਾ ਹੈ। ਬਿੰਬਾਵਲੀ ਦੀ ਵਰਤੋਂ ਕਵਿਤਾ ਨੂੰ ਸਜੀਵ, ਬਲਵਾਨ ਤੇ ਸ਼ਕਤੀ ਸ਼ਾਲੀ ਬਣਾਉਂਦੀ ਹੈ। ਇਸ ਨਾਲ ਕਵਿਤਾ ਵਿਚ ਸਪਸ਼ਟਤਾ ਆਉਂਦੀ ਹੈ, ਕਵਿਤਾ ਵਿਚਲੇ ਡੂੰਘੇ ਵਿਚਾਰਾਂ ਨੂੰ ਸੌਖੇ ਅਰਥ ਮਿਲ ਜਾਂਦੇ ਹਨ ਤੇ ਨਾਲੇ ਕਵਿਤਾ ਸਜਰੀ ਸਜਰੀ ਜਾਪਦੀ ਹੈ। ਇੰਜ ਬਿੰਬ-ਵਰਤੋਂ ਕਵਿਤਾ ਵਿਚ ਸੁੰਦਰਤਾ ਲਿਆਉਂਦੀ ਤੇ ਰੰਗ ਭਰਦੀ ਹੈ। ਸੋ ਬਿੰਬ-ਵਰਤੋਂ ਕਵਿਤਾ ਲਈ ਜ਼ਰੂਰੀ ਹੈ।

ਜਿਵੇਂ ਭਾਈ ਗੁਰਦਾਸ ਦੀਆਂ ਵਾਰਾਂ ਦੀ ਕਵਿਤਾ ਰਸ ਤੇ ਅਲੰਕਾਰ ਦੇ ਪੱਖ ਤੋਂ ਉੱਚੀ ਕਵਿਤਾ ਹੈ ਇਵੇਂ ਹੀ ਭਾਈ ਸਾਹਿਬ ਨੇ ਬੜੇ ਸਜੀਵ ਬਿੰਬਾਂ ਦੀ ਰਚਨਾ ਕੀਤੀ ਹੈ। ਭਾਈ ਸਾਹਿਬ ਨੂੰ ਸਿੱਖੀ ਪਰਚਾਰ ਦੇ ਸੰਬੰਧ ਵਿਚ ਦੂਰ ਦੁਰਾਡੇ ਜਾਣ ਆਉਣ ਨਾਲ ਜੀਵਨ ਦਾ ਬੜਾ ਡੂੰਘਾ ਤਜਰਬਾ ਹੋਇਆ। ਆਪਣੇ ਆਲੇ ਦੁਆਲੇ ਦੇ ਜੀਵਨ ਨਾਲ ਆਪ ਦੀ ਡੂੰਘੀ ਸਾਂਝ ਬਣੀ। ਜੀਵਨ ਦਾ ਕੋਈ ਪੱਖ ਵੀ ਆਪ ਦੀ ਨਜ਼ਰ ਤੋਂ ਉਹਲੇ ਨਹੀਂ ਰਿਹਾ, ਹਰ ਵਸਤੂ, ਹਰ ਘਟਨਾ, ਹਰ ਹਾਲਤ ਤੇ ਦ੍ਰਿਸ਼ ਨੂੰ ਆਪ ਨੇ ਖੁਲ੍ਹੀ-ਅਖੀਂ ਵੇਖਿਆ। ਇਸੇ ਕਾਰਨ ਭਾਈ ਸਾਹਿਬ ਦੀ ਕਵਿਤਾ ਵਿਚ ਹਰ ਪ੍ਰਕਾਰ ਦੇ ਬਿੰਬ ਉਸਰੇ ਮਿਲ ਜਾਂਦੇ ਹਨ। ਉਦਾਹਰਣ ਵਜੋਂ :-

ਵਧੇ ਚੀਲ ਉਜਾੜ ਵਿਚ ਉਚੇ ਉਪਰ ਉਚੀ ਹੋਦੀ।
ਗੰਢੀਂ ਜਲਨ ਮੁਸਾਹਰੇ ਪਤ ਅਪਤ ਨ ਛੁਹੰਦਾ ਕੋਈ।
ਛਾਉਂ ਨ ਬਹਿਨ ਪੰਧਾਨੂਆਂ ਪਵੇ ਪਛਾਵਾਂ ਟਿਬੀਂ ਟੋਈ।
ਫਿੰਡ ਜਿਵੇਂ ਫਲ ਫਾਟੀਅਨਿ ਘੁੰਘਰਿਆਲੇ ਰੁਲਨ ਪਰੋਈ।
ਕਾਠ ਕੁਕਾਠ ਨ ਸਹਿ ਸਕੈ ਪਾਣੀ ਪਵਨ ਨ ਧੁਪ ਨ ਲੋਈ।
ਲੱਗੀ ਮੂਲ ਨ ਵਿਝਵੇ ਜਲਦੀ ਹਉਮੈ ਅੱਗ ਖੜੋਈ।
ਵਡਿਆਈ ਕਰ ਦਈ ਵਿਗੋਈ।[1]

ਇਸ ਪਉੜੀ ਵਿਚ ਚੀਲ ਰੁਖ ਦੇ ਪ੍ਰਤੀਕ ਰਾਹੀਂ ਰੂਪ-ਬਿੰਬ ਦੀ ਉਸਾਰੀ ਹੋਈ ਹੈ। ਇਹ ਬਿੰਬ, ਪ੍ਰਤੀਕ ਉਤੇ ਆਧਾਰਤ ਹੈ। ਹੰਕਾਰੀ ਮਨੁੱਖ ਨੂੰ ਆਪਣੇ ਹੰਕਾਰ ਵਿਚ ਸੜਦਾ ਤੇ ਕਿਸੇ ਦੂਜੇ ਦੇ ਕੰਮ ਨਾ ਆਉਂਦਾ ਵਿਖਾਣ ਲਈ ਚੀਲ ਦੇ ਰੁਖ ਦਾ ਪ੍ਰਤੀਕ ਵਰਤਿਆ ਹੈ। ਚੀਲ ਰੁਖ ਦੇ ਪੂਰੇ ਬਿਆਨ ਤੋਂ ਇਕ ਚਿੱਤਰ ਉਲੀਕ ਕੇ ਵਿਚਾਰ ਗੋਚਰੇ ਵਿਸ਼ੇ ਨੂੰ ਸਪੱਸ਼ਟ ਕੀਤਾ ਗਿਆ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ।[2]

---

1. ਵਾਰਾਂ ਭਾਈ ਗੁਰਦਾਸ, ਵਾਰ 33, ਪਉੜੀ 19.
2. ਉਹੀ ,, ਵਾਰ ਪਹਿਲੀ, ਪਉੜੀ 27.

ਇਕ ਹੋਰ ਵਧੀਆ ਬਿੰਬ ਹੈ। ਇਨ੍ਹਾਂ ਤੁਕਾਂ ਵਿਚ ਸੂਰਜ, ਤਾਰੇ ਤੇ ਸਿੰਘ-ਮਿਰਗਾਵਲੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਨਾਨਕ ਦੇਵ ਦੇ ਪਰਗਟ ਹੋਣ ਦੇ ਰੂਪ-ਬਿੰਬ ਨੂੰ ਸਸ਼ਕਤ ਸ਼ੈਲੀ ਰਾਹੀਂ ਸਾਕਾਰ ਕੀਤਾ ਗਿਆ ਹੈ।

ਡਾ: ਸੁਰਿੰਦਰ ਸਿੰਘ ਕੋਹਲੀ 'ਆਦਿ-ਗ੍ਰੰਥ ਵਿਚ ਬਿੰਬਾਵਲੀ' ਸਿਰਲੇਖ ਹੇਠ ਗੁਰੂ ਨਾਨਕ ਦੇਵ ਸੰਬੰਧੀ ਲਿਖਦੇ ਹਨ "ਗੁਰੂ ਨਾਨਕ ਦੇਵ ਇਸ ਧਰਤੀ ਉਪਰ ਦੂਰ ਦੁਰਾਡੀਆਂ ਥਾਵਾਂ ਤੇ ਵਿਚਰੇ ਤੇ ਅਧਿਆਤਮਕ ਮੰਡਲਾਂ ਦੀ ਧੁਰ ਡੂੰਘਾਈ ਤਕ ਟੁਭੀਆਂ ਲਾਈਆਂ। ਇਸ ਲਈ ਉਨ੍ਹਾਂ ਦੇ ਬਿੰਬ ਇਕ ਵਿਸ਼ਾਲ ਖੇਤਰ ਵਿਚੋਂ ਉਪਜੇ ਹਨ। ਭੌਤਿਕ ਖੇਤਰ ਤੋਂ ਆਤਮਕ ਖੇਤਰ ਤਕ, ਗਗਨਾਂ ਤੋਂ ਪਾਤਾਲਾਂ ਤਕ, ਕੀੜੀ ਤੋਂ ਹਾਥੀ ਤਕ, ਇਕ ਗਰੀਬੜੇ ਜਿਹੇ ਕਿਸਾਨ ਤੋਂ ਬਾਦਸ਼ਾਹ ਤਕ, ਕੰਗਾਲ ਤੋਂ ਧਨਵਾਨ ਤਕ, ਇਕ ਸਾਧਾਰਨ ਹਿੰਦੂ ਜਾਂ ਮੁਸਲਮਾਨ ਤੋਂ ਕਾਜ਼ੀ ਜਾਂ ਬ੍ਰਾਹਮਣ ਤਕ, ਉਨ੍ਹਾਂ ਦੇ ਬਿੰਬਾਂ ਦਾ ਪਸਾਰਾ ਪਸਰਿਆ ਪਿਆ ਹੈ।[1] ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਨੇ ਬਿੰਬਾਂ ਲਈ ਮਸਾਲਾ ਆਪਣੇ ਅਨੇਕ ਪੱਖੀ ਅਨੁਭਵ ਵਿਚੋਂ ਇਕੱਠਾ ਕੀਤਾ ਹੈ।

ਇਹੀ ਗੱਲ ਭਾਈ ਗੁਰਦਾਸ ਤੇ ਵੀ ਲਾਗੂ ਹੁੰਦੀ ਹੈ। ਭਾਈ ਗੁਰਦਾਸ ਨੇ ਭਾਵੇਂ ਗੁਰੂ ਨਾਨਕ ਦੇਵ ਵਾਂਗ ਦੇਸ਼ਾਟਨ ਨਹੀਂ ਕੀਤਾ, ਪਰ ਫਿਰ ਵੀ ਸਮੇਂ ਅਨੁਸਾਰ ਉਨ੍ਹਾਂ ਦਾ ਅਨੁਭਵ ਕਾਫ਼ੀ ਵਿਸ਼ਾਲ ਤੇ ਲੰਮੇ ਚੌੜੇ ਖੇਤਰ ਵਿਚ ਫੈਲਿਆ ਹੋਇਆ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਵੀ ਆਪਣੇ ਬਿੰਬਾਂ ਦੀ ਸਾਮੱਗਰੀ ਜੀਵਨ-ਅਨੁਭਵ ਵਿਚੋਂ ਲਈ ਹੈ। ਇਸ ਮਸਾਲੇ ਨੂੰ ਜਾਂ ਸਾਮੱਗਰੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—ਇਕ ਉਹ ਜੋ ਪ੍ਰਕਿਰਤੀ ਨਾਲ ਸੰਬੰਧਤ ਹੈ, ਤੇ ਦੂਜਾ ਉਹ ਜਿਸ ਦਾ ਸੰਬੰਧ ਮਾਨਵ ਜੀਵਨ ਨਾਲ ਹੈ। ਇਕ ਪ੍ਰਕਾਰ ਦੇ ਬਿੰਬਾਂ ਦਾ ਆਧਾਰ ਪ੍ਰਕਿਰਤੀ ਹੈ ਤੇ ਦੂਜੀ ਪ੍ਰਕਾਰ ਦੇ ਬਿੰਬਾਂ ਦਾ ਆਧਾਰ ਜੀਵਨ, ਮਨੁੱਖਾ ਜੀਵਨ ਹੈ।

ਭਾਈ ਗੁਰਦਾਸ ਦੀ ਕਵਿਤਾ ਗੁਰਮਤ-ਕਾਵਿ ਧਾਰਾ ਦਾ ਹੀ ਅੰਗ ਹੈ। ਗੁਰਮਤ-ਕਾਵਿ-ਧਾਰਾ ਵਿਚ ਪ੍ਰਕਿਰਤੀ ਦੇ ਦ੍ਰਿਸ਼ਾਂ, ਪ੍ਰਭਾਵਾਂ ਤੇ ਵਸਤੂਆਂ ਨੂੰ ਇਕ ਨਵੇਕਲੀ ਥਾਂ ਪ੍ਰਾਪਤ ਹੈ। ਇਸ ਪ੍ਰਕਿਰਤੀ ਦੇ ਖ਼ਾਸ ਖ਼ਾਸ ਅੰਗਾਂ ਨੂੰ, ਉਨ੍ਹਾਂ ਦੇ ਸੁਭਾਅ ਅਨੁਸਾਰ, ਬਿੰਬਾਂ ਦੀ ਰਚਨਾ ਲਈ ਵਰਤਿਆ ਗਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਪ੍ਰਕਿਰਤੀ ਦੇ ਇਹਨਾਂ ਅੰਗਾਂ ਵਿਚ ਜਲ-ਕਮਲ, ਪਪੀਹਾ, ਜਲ, ਘਨਿਹਰ ਬੂੰਦ, ਕਊਆ ਹੰਸ, ਕੋਇਲ, ਚੰਨ-ਚਕੋਰ, ਚਕਵੀ-ਸੂਰਜ, ਸਿੰਮਲ ਰੁਖ, ਚੀਲ, ਅੱਕ-ਤੁੰਮਾ, ਕੇਸਰ ਦੀ ਬੂਟੀ, ਪਾਰਸ, ਅੱਗ, ਧੂਆਂ, ਮਜੀਠ, ਕਸੁੰਭ, ਤਿਲ, ਵੜੇਵਾਂ, ਘਾਹ, ਲੋਹਾ, ਅਨਾਰਦਾਣਾ, ਖ਼ਸਖ਼ਾਸ ਦਾ ਦਾਣਾ, ਕਮਾਦ, ਸਿੰਘ, ਮਿਰਗਾਵਲੀ, ਧਰਤੀ, ਚੰਦਨ, ਆਦਿ ਵਰਣਨਯੋਗ ਹਨ।

1. ਏ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ, ਪੰਨਾ 145.

ਇਹਨਾਂ ਪ੍ਰਕਿਰਤਕ ਵਸਤੂਆਂ ਨੂੰ ਆਧਾਰ ਬਣਾ ਕੇ ਉਸਾਰੇ ਕੁਝ ਬਿੰਬਾਂ ਦੀਆਂ ਉਦਾਹਰਣਾਂ ਵੇਖੋ :-

1. ਹੋਇ ਵੜੇਵਾਂ ਜਗ ਵਿਚ ਬੀਜੇ ਤਨ ਖੇਹ ਨਾਲ ਰਲਾਯਾ।
ਬੂਟੀ ਹੋਇ ਕਪਾਹ ਦੀ ਟੀਂਡੇ ਹਸ ਹਸ ਆਪ ਖਿੜਾਯਾ।[1]

2. ਅੱਗੀ ਲਾਟ ਉਚਾਟ ਹੈ ਸਿਰ ਉੱਚਾ ਕਰ ਕਰੇ ਕੁਚਾਰਾ।
ਸਿਰ ਨੀਵਾਂ ਨਿਵਾਣ ਵਾਸੁ ਪਾਣੀ ਅੰਦਰ ਪਰਉਪਕਾਰਾ।[2]

3. ਸਿਰ, ਤਲਵਾਯਾ ਨੀਮਿਆ ਹੋਇ ਅਚਲ ਨ ਚਲਿਆ।
ਪਾਣੀ ਪਾਲਾ ਧੁਪ ਸਹਿ ਉਹ ਤਪਹੁੰ ਨ ਟਲਿਆ।
ਸਫਲਯੋ ਬਿਰਖ ਸੁਹਾਵੜਾ ਫਲ ਸੁਫਲਯੋ ਫਲਿਆ।[3]

4. ਘਾਣੀ ਤਿਲ ਪੀੜਾਇ ਤੇਲ ਕਢਾਇਆ।
ਦੀਵੈ ਤੇਲ ਜਲਾਇ ਅਨੇਰ ਗਵਾਇਆ।[4]

5. ਲੋਹਾ ਆਰੁਣਿ ਪਾਇ ਤਾਵਣ ਤਾਇਆ।
ਘਣ ਅਹਿਰਣ ਹਣਵਾਇ ਦੁਖ ਸਹਾਇਆ।
ਖਹੁਰੀ ਸਾਣ ਧਰਾਇ ਅੰਗ ਹਛਾਇਆ।
ਪੈਰਾਂ ਹੇਠ ਰਖਾਇ ਸਿਕਲ ਕਰਾਇਆ।[5]

6. ਰਾਤ ਅਨ੍ਹੇਰੀ ਅੰਧਕਾਰ ਲਖ ਕਰੋੜੀ ਚਮਕਨ ਤਾਰੇ।
ਸੂਰਜ ਜੋਤਿ ਉਦੋਤ ਕਰ ਤਾਰੇ ਰਾਤ ਅਨ੍ਹੇਰ ਨਿਵਾਰੇ।[6]

7. ਚਦ ਚਕੋਰ ਪ੍ਰੀਤ ਹੈ ਜਗਮਗ ਜੋਤੀ ਉਦੋਤ ਕਰੰਦਾ।
ਸਭਨਾ ਰਾਤ ਮਿਲਾਵੜਾ ਚਕਵੀ ਚਕਵਾ ਮਿਲ ਵਿਛੜੰਦਾ।[7]

---

1. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 10.
2. ਉਹੀ ,, ਵਾਰ 4, ਪਉੜੀ 5.
3. ਉਹੀ ,, ਵਾਰ 9, ਪਉੜੀ 21.
4. ਉਹੀ ,, ਵਾਰ 14, ਪਉੜੀ 10.
5. ਉਹੀ ,, ਵਾਰ 14, ਪਉੜੀ 14.
6. ਉਹੀ ,, ਵਾਰ 16, ਪਉੜੀ7.
7. ਉਹੀ, ,, ਵਾਰ 17, ਪਉੜੀ 7.

8. ਨਦੀ ਨਾਵ ਸੰਜੋਗ ਮੇਲ ਮਿਲਾਇਆ । 1

9. ਭਵਰੇ ਵਾਸ ਵਿਣਾਸ ਹੈ ਫਿਰਦਾ ਫੁਲਵਾੜੀ ।
ਜਲੇ ਪਤੰਗ ਨਿਸੰਗ ਹੋਇ ਕਰ ਅਖ ਉਘਾੜੀ ।
ਮਿਰਗ ਨਾਦ ਬਿਸਮਾਦ ਹੋਇ ਫਿਰਦਾ ਉਜਾੜੀ ।
ਕੁੰਡੀ ਫਾਥੇ ਮਛ ਜਿਉਂ ਰਸ ਜੀਭ ਵਿਗਾੜੀ ।
ਹਾਥਣ ਹਾਥੀ ਫਾਹਿਆ ਦੁਖ ਸਹੇ ਦਿਹਾੜੀ ।2

10, ਗੁੱਛਾ ਹੋਇ ਧ੍ਰਿਕੇਨਿਆਂ ਕਿਉਂ ਵੜੀਐ ਦਾਖੈ ।
ਅੱਕੇ ਕੇਰੀ ਖੱਖੜੀ ਕੋਈ ਅੰਬ ਨ ਆਖੈ ।
ਧਉਲੇ ਦਿਸਨ ਛਾਹਿ ਦੁਧ ਸਦਾਹੂ ਗੁਣ ਗਾਖੈ । 3

ਭਾਈ ਗੁਰਦਾਸ ਨੇ ਜਿੱਥੇ ਕੁਦਰਤ ਜਾਂ ਪ੍ਰਕਿਰਤੀ ਵਿਚੋਂ ਵਸਤੂਆਂ ਤੇ ਦ੍ਰਿਸ਼ਾਂ ਨੂੰ ਲੈ ਕੇ ਬਿੰਬ ਸਿਰਜੇ ਹਨ, ਉਥੇ ਆਪ ਨੇ ਮਾਨਵ ਜੀਵਨ ਵਿਚੋਂ ਵੀ ਬਿੰਬਾਂ ਦਾ ਮਸਾਲਾ ਲਿਆ ਹੈ । ਜੀਵਨ ਦੇ ਹਰ ਪੱਖ, ਸਮਾਜਕ, ਧਾਰਮਕ, ਰਾਜਨੀਤਕ ਤੇ ਆਰਥਕ, ਨੂੰ ਬੜੇ ਗਹੁ ਨਾਲ ਘੋਖਿਆ ਪਰਖਿਆ ਹੈ। ਜੀਵਨ ਵਿਚੋਂ ਜ਼ਰੂਰੀ ਤੇ ਮਹਤਵਪੂਰਨ ਦ੍ਰਿਸ਼ ਲੈ ਕੇ ਬਿੰਬਾਂ ਦੀ ਸਿਰਜਣਾ ਕੀਤੀ ਹੈ ।

ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਨਾਲ ਸੰਬੰਧਤ ਸਾਖੀਆਂ ਦੀਆਂ ਝਾਕੀਆਂ ਬੜੇ ਵਚਿਤਰ ਢੰਗ ਵਿਚ ਪੇਸ਼ ਕੀਤੀਆਂ ਹਨ, ਸ਼ਬਦ-ਚਿੱਤਰ ਅਜਿਹੇ ਖਿੱਚੇ ਹਨ ਕਿ ਉਹ ਝਾਕੀ ਪੂਰੀ ਦੀ ਪੂਰੀ ਅੱਖਾਂ ਸਾਹਮਣੇ ਆ ਉਜਾਗਰ ਹੁੰਦੀ ਹੈ। ਜ਼ਰਾ ਮੱਕੇ ਵਾਲੀ ਸਾਖੀ ਦਾ ਚਿਤਰ ਵੇਖੋ । ਇਸ ਵਿਚ ਜੀਵਨ ਦਾ ਲਤ ਮਾਰਨਾ ਤੇ ਬਾਬੇ ਦਾ ਮੱਕਾ ਫੇਰਨਾ ਕਿਵੇਂ ਚਿਤਰਿਆ ਹੈ:-

ਜੀਵਨ ਮਾਰੀ ਲਤ ਦੀ ਕੇਹੜਾ ਸੁੱਤਾ ਕੁਫ਼ਰ ਕੁਫ਼ਾਰੀ ।
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ । 4

ਗੁਰੂ ਨਾਨਕ ਆਗਮਣ ਤੋਂ ਪਹਿਲਾਂ ਜ਼ਰਾ ਧਾਰਮਕ ਤੇ ਸਮਾਜਕ ਜੀਵਨ ਦੇ ਚਿੱਤਰ ਵਿਚ ਖਿਚੋਤਾਣ ਹੁੰਦੀ ਵੇਖੋ :-

ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕਬੱਰੀ ਖਿੱਚੋਤਾਣ ਕਰੇਨਿ ਧਿਙਾਣੇ । 5

---

1. ਵਾਰਾਂ ਭਾਈ ਗੁਰਦਾਸ, ਵਾਰ 19, ਪਉੜੀ 8.
2. ਉਹੀ ,, ਵਾਰ 27, ਪਉੜੀ 3.
3. ਉਹੀ ,, ਵਾਰ 35, ਪਉੜੀ 17,
4. ਉਹੀ ,, ਵਾਰ ਪਹਿਲੀ, ਪਉੜੀ 32.
5. ਉਹੀ ,, ਵਾਰ ਪਹਿਲੀ, ਪਉੜੀ 21.

ਪੰਜਾਬ ਦੇ ਆਰਥਕ ਜੀਵਨ ਵਿਚ ਇਕ ਕਿੱਤਾ ਸੁਨਿਆਰਿਆਂ ਦਾ ਹੈ। ਇਸ ਕਿੱਤੇ ਨਾਲ ਸੰਬੰਧਤ ਇਕ ਚਿੱਤਰ ਵਿਚ ਸੁਨਿਆਰੇ ਦੇ ਘੜੇ ਗਹਿਣਿਆਂ ਨੂੰ ਗਿਣ ਕੇ "ਆਪੇ ਆਪ ਵਰਤਦਾ" ਦੇ ਵਿਚਾਰ ਦੀ ਪੁਸ਼ਟੀ ਕਰਦੇ ਹਨ :-

ਸੁਨਿਆਰਾ ਸੁਇਨਾ ਘੜੇ ਗਹਿਣੇ ਸਾਵਾਰੇ।
ਪਿੱਪਲ ਵਤਰੇ ਵਾਲੀਆਂ ਤਾਨਉੜੇ ਤਾਰੇ।
ਵੇਸਰ ਨਥ ਵਖਾਣੀਐ ਕੰਠ ਮਾਲਾ ਧਾਰੇ।
ਟੀਕਤ ਮਣੀਆਂ ਮੰਤਿਸਰ ਗਜਰੇ ਪਾਸਾਰੇ।
ਦੁਰ ਬੁੱਹਟਾ ਗਲ ਛਾਪ ਕਰ ਬਹੁ ਪਰਕਾਰੇ।
ਆਪੇ ਆਪ ਵਰਤਦਾ ਗੁਰਮੁਖ ਵੀਚਾਰੇ। [1]

ਇਸੇ ਤਰ੍ਹਾਂ ਕਿਰਸਾਣੀ, ਵਣਜ-ਵਪਾਰ, ਵਿਆਹ, ਵੇਸਵਾ, ਸੁਹਾਗਣ ਦੁਹਾਗਣ, ਨੂੰਹ ਸਸ, ਮਾਂ-ਪੁਤ, ਗੁਰੂ ਚੇਲਾ, ਗੁਰਮੁਖ ਮਨਮੁਖ, ਸਤਿ ਸੰਗਤ ਆਦਿ ਦੇ ਦ੍ਰਿਸ਼ ਜੀਵਨ ਵਿਚੋਂ ਗ੍ਰਹਿਣ ਕੀਤੇ ਹਨ ਤੇ ਬਿੰਬ ਘੜੇ ਹਨ। ਕੁਝ ਉਦਾਹਰਣਾਂ ਵੇਖੋ :-

1. ਕਿਰਸਾਣੀ ਕਿਰਸਾਨ ਕਰ ਬੀਜ ਲੁਣਨ ਬੋਹਲ ਵਿਸਥਾਰੇ। [2]
2. ਅਪਨੇ ਅਪਨੇ ਵਣਜ ਵਿਚ ਵਾਪਾਰੀ ਵਾਪਾਰ ਮਚੰਦੇ। [3]
3. ਮਾਤਾ ਪਿਤਾ ਅਨੰਦ ਵਿਚ ਪੁਤੈ ਦੀ ਕੁੜਮਾਈ ਹੋਈ।
ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਹੋਈ।
ਵਿਗਸੀ ਪੁਤ ਵਿਆਹੀਐ ਘੋੜੀ ਲਾਵਾਂ ਗਾਵ ਭਲੋਈ।
ਸੁੱਖਾਂ ਸੁਖੇ ਮਾਵੜੀ ਪੁਤ ਨੂੰਹ ਦਾ ਮੇਲ ਅਲੋਈ।
ਨੂੰਹ ਨਿਤ ਕੰਤ ਕੁਮੰਤ ਦੇਇ ਵਿਹਰੇ ਹੋਵਨ ਸੱਸ ਵਿਗੋਈ।
ਲਖ ਉਪਕਾਰ ਵਿਸਾਰ ਕੇ ਪੁਤ ਕੁਪੁੱਤ ਚਕੀ ਉਠ ਝੋਈ।
ਹੋਵੈ ਸਰਵਣ ਵਿਰਲਾ ਕੋਈ। [4]

ਇਸ ਪਉੜੀ ਵਿਚ ਪੂਰੇ ਦਾ ਪੂਰਾ ਜੀਵਨ-ਬਿੰਬ ਉਸਾਰਿਆ ਗਿਆ ਹੈ ਤੇ ਨਾਲ ਹੀ ਸਰਵਣ ਦਾ ਚਿੱਤਰ ਵੀ, ਟਾਕਰੇ ਵਜੋਂ, ਵਧੇਰੇ ਗੂੜ੍ਹਾ ਉਘੜਦਾ ਹੈ। ਮਾਂ ਦੀ ਪਰਸੰਨਤਾ, ਨੂੰਹ ਦਾ ਸੁਭਾਵ ਤੇ ਪੁੱਤਰ ਦੇ ਵਤੀਰੇ ਨੂੰ ਸੁਹਣਾ ਉਲੀਕਿਆ ਹੈ।

---

1. ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 11.
2. ਉਹੀ ,, ਵਾਰ 15, ਪਉੜੀ 8.
3. ਉਹੀ ,, ਵਾਰ 5, ਪਉੜੀ 3.
4. ਉਹੀ ,, ਵਾਰ 37, ਪਉੜੀ 11.

4. ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ।
ਸੇਵਕ ਬੈਠਣ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ। 1
5. ਜਿਉ ਬਹੁ ਮਿੱਤੀ ਵੇਸੁਆ ਛਡੇ ਖਸਮ ਨਿਖਸਮੀ ਹੋਈ।
ਪੁਤ ਜਣੇ ਜੇ ਵੇਸੁਆ ਨਾਨਕ ਦਾਦਕ ਨਾਉਂ ਨ ਕੋਈ। 2
6. ਆਪ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ।
ਕੰਤ ਨ ਪੁੱਛੈ ਵਾਤੜੀ ਸੁਹਾਗ ਗਣਾਵੈ। 3

ਬੇਮੁਖ ਦੀ ਸੰਗਤ ਦਾ ਫਲ ਦੱਸਣ ਲਈ ਇਕੋ ਹੀ ਪਉੜੀ ਵਿਚ ਕਈ ਤਸਵੀਰਾਂ ਲਟਕਾ ਵਿਖਾਈਆਂ ਹਨ :-

7. ਵੜੀਐ ਕੱਜਲ ਕੋਠੜੀ ਮੁਹ ਕਾਲਖ ਭਰੀਐ।
ਕੱਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ।
ਟੁਟੀ ਪੀਂਘੇ ਪੀਂਘੀਐ ਪੈ ਟੋਏ ਮਰੀਐ।
ਕੰਨਾ ਫੜ ਮਨਤਾਰੂਆਂ ਕਿਉਂ ਦੁੱਤਰ ਤਰੀਐ।
ਅੱਗ ਲਾਇ ਮੰਦਰ ਸਵੈ ਤਿਸ ਨਾਲ ਨ ਫਿਰੀਐ।
ਤਿਉਂ ਠਗ ਸੰਗਤ ਬੇਮੁਖਾਂ ਜੀਅ ਜੋਖਹੁੰ ਡਰੀਐ। 4

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਕਈ ਵਣਗੀਆਂ ਦੇ ਬਿੰਬ ਸਿਰਜੇ ਹਨ। ਇਹ ਵੱਖ-ਵੱਖ ਕਿਸਮਾਂ ਦੇ ਹਨ। ਮੋਟੇ ਤੌਰ ਤੇ ਬਿੰਬਾਂ ਦੀ ਪ੍ਰਕਾਰ-ਵੰਡ ਦੋ ਤਰੀਕਿਆਂ ਨਾਲ ਹੋ ਸਕਦੀ ਹੈ। ਇਹਨਾਂ ਵਿਚੋਂ ਇਕ "ਮਾਧਿਅਮ" ਹੈ ਤੇ ਦੂਜਾ "ਪਰਗਟਾ ਜਾਂ ਸ਼ੈਲੀ"।

'ਮਾਧਿਅਮ' ਤੋਂ ਭਾਵ ਇਹ ਹੈ ਕਿ ਕਿਹੜਾ ਬਿੰਬ ਕਿਹੜੀ ਗਿਆਨ ਇੰਦਰੀ ਦੇ ਮਾਧਿਅਮ ਰਾਹੀਂ ਜਾਣਿਆ ਜਾਂਦਾ ਹੈ ਜਾਂ ਉਹ ਬਿੰਬ ਕਿਸ ਇੰਦਰੀ ਨੂੰ ਅਪੀਲ ਕਰਦਾ ਹੈ। ਇਸ ਤੋਂ ਇਹ ਸਿੱਟਾ ਨਿਕਲਿਆ ਕਿ ਜਿਤਨੀਆਂ ਗਿਆਨ ਇੰਦਰੀਆਂ ਹਨ, ਬਿੰਬ ਓਨੇ ਪ੍ਰਕਾਰ ਦੇ ਹਨ। ਇਸ ਤਰ੍ਹਾਂ ਬਿੰਬ ਦੇ ਹੇਠ ਲਿਖੇ ਪੰਜ ਪ੍ਰਕਾਰ ਬਣਦੇ ਹਨ :-

ਗਿਆਨ ਇੰਦਰੀ	ਵਿਸ਼ਾ	ਬਿੰਬ
ਅੱਖ	ਰੂਪ	ਰੂਪ ਬਿੰਬ
ਕੰਨ	ਸ਼ਬਦ	ਸ਼ਬਦ ਬਿੰਬ
ਜੀਭ	ਰਸ	ਰਸ ਬਿੰਬ

1 ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 30,
2 ਉਹੀ ,, ਵਾਰ 33, ਪਉੜੀ 9.
3 ਉਹੀ ,, ਵਾਰ 34, ਪਉੜੀ 3.
4 ਉਹੀ ,, ਵਾਰ 34, ਪਉੜੀ 15.

ਨੱਕ	ਗੰਧ	ਗੰਧ ਬਿੰਬ
ਤ੍ਵਚਾ	ਸਪਰਸ਼	ਸਪਰਸ਼ ਬਿੰਬ

ਰੂਪ ਬਿੰਬ ਬਾਕੀ ਬਿੰਬਾਂ ਨਾਲੋਂ ਵਧੇਰੀ ਮਾਤਰਾ ਵਿਚ ਤੇ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। ਰੂਪ-ਗੁਣ ਥੋੜ੍ਹਾ ਬਹੁਤ ਹਰ ਬਿੰਬ ਵਿਚ ਮੌਜੂਦ ਹੁੰਦਾ ਹੈ। ਭਾਈ ਗੁਰਦਾਸ ਵਿਚ ਰੂਪ ਬਿੰਬ ਦੀਆਂ ਉਦਾਹਰਣਾਂ ਮਿਲਦੀਆਂ ਹਨ, ਜਿਵੇਂ :-

1. ਕਾਲਾ ਧਉਲਾ ਰਤੜਾ ਨੀਲਾ ਪੀਲਾ ਹਰਿਆ ਸਾਜੇ। [1]
ਪਰਬਤ ਅੰਦਰ ਅਸ਼ਟ ਧਾਤ ਲਾਲ ਜਵਾਹਰ ਪਾਰਸ ਪਾਰਾ। [2]

ਪਹਿਲੀ ਤੁਕ ਵਿਚ ਕਾਲਾ, ਚਿੱਟਾ, ਲਾਲ, ਨੀਲਾ, ਪੀਲਾ ਤੇ ਹਰਾ ਰੰਗ ਆਦਿ ਰੂਪ ਦੇ ਵਿਸ਼ੇ ਹੋਣ ਕਰ ਕੇ ਰੂਪ ਬਿੰਬ ਸਿਰਜਦੇ ਹਨ; ਇਸੇ ਤਰ੍ਹਾਂ ਲਾਲ, ਜਵਾਹਰ, ਪਾਰਸ ਆਦਿ ਦੂਜੀ ਤੁਕ ਵਿਚ ਰੂਪ ਬਿੰਬ ਦੀ ਸਿਰਜਨਾ ਕਰਦੇ ਹਨ। ਬਾਕੀ ਦੇ ਬਿੰਬ ਜਿਵੇਂ ਕਿ ਸ਼ਬਦ ਬਿੰਬ, ਰਸ ਬਿੰਬ, ਗੰਧ ਬਿੰਬ ਤੇ ਸਪਰਸ਼ ਬਿੰਬ ਵੀ ਵਖ ਜਾ ਸਕਦੇ ਹਨ :-

ਸ਼ਬਦ ਬਿੰਬ :– 1. ਕੋਇਲ ਅੰਬ ਪ੍ਰੀਤ ਹੈ ਮਿਲ ਬੋਲ ਸਰੋਤੀ। [3]

ਰਸ–ਬਿੰਬ :– 1. ਤੁੰਮਾ ਦਿਸੈ ਸੋਹਣਾ ਵਿਹੁ ਮਿਤਾਲਾ ਵਿਸ ਵਿਲੋਵੇ।
ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੇ ਅੰਝੂ ਰੋਵੇ। [4]
2. ਮਿਠਾ ਕਉੜਾ ਖਟ ਤੁਰਸ ਫਿੱਕਾ ਸਾਉ ਸਲੂਣਾ ਛਾਜੇ। [5]

ਗੰਧ ਬਿੰਬ :– 1. ਸਤਿਗੁਰ ਬਾਵਨ ਚੰਦਨੋ ਵਾਸ ਸੁਵਾਸ ਕਰੇ ਲਾਖੀਣਾ। [6]
2. ਚੰਦਨ ਸਪੀਂ ਵੇੜ੍ਹਿਆ ਸੀਤਲ ਸਾਂਤ ਸੁਗੰਧ ਵਿਗਾਸੀ। [7]
3. ਗੰਧ ਸੁਗੰਧ ਅਵੇਸ ਕਰ ਚੋਆ ਚੰਦਨ ਕੇਸਰ ਕਾਜੇ।
ਮੇਦ ਕਥੂਰੀ ਪਾਨ ਫੁਲ ਅੰਬਰ ਚੂਰ ਕਪੂਰ ਅੰਦਾਜੇ। [8]

ਸਪਰਸ਼ ਬਿੰਬ:– 1. ਸਾਧ ਜਨਾਂ ਦੇ ਚਰਨ ਛੁਹਿ ਆਧੀਨੀ ਹੋਈ ਲਾਖੀਣੀ। [9]

---

1. ਵਾਰਾਂ ਭਾਈ ਗੁਰਦਾਸ, ਵਾਰ 37 ਪਉੜੀ, 4
2. ਉਹੀ ,, ਵਾਰ 37, ਪਉੜੀ 5
3. ਉਹੀ ,, ਵਾਰ 27, ਪਉੜੀ 6
4. ਉਹੀ ,, ਵਾਰ 33, ਪਉੜੀ 11
5. ਉਹੀ ,, ਵਾਰ 37, ਪਉੜੀ 4
6. ਉਹੀ ,, ਵਾਰ 26, ਪਉੜੀ 20.
7. ਉਹੀ ,, ਵਾਰ 15, ਪਉੜੀ 21,
8. ਉਹੀ ,, ਵਾਰ 37, ਪਉੜੀ 4
9. ਉਹੀ ,, ਵਾਰ 4, ਪਉੜੀ 2

2. ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿਮ ਮਹਿਕਾਈ ।
ਪਸੂ ਪਰੇਤਹੁੰ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ । 1

ਬਿੰਬਾ ਦੀ ਵਰਤ ਕਰਨ ਦਾ ਦੂਜਾ ਢੰਗ 'ਪਰਗਟਾ' ਢੰਗ ਹੈ । ਇਸ ਨੂੰ 'ਸ਼ੈਲੀ' ਵੀ ਕਹਿੰਦੇ ਹਨ ਤੇ 'ਅਭਿਵਿਅਕਤੀ' ਵੀ । ਅਭਿਵਿਅਕਤੀ ਦੇ ਵੱਖ ਵੱਖ ਤਰੀਕੇ ਹਨ । ਰਾਬਿਨ ਸਕੇਲਟਨ ਅਨੁਸਾਰ ਇਹ ਪੰਜ ਤਰ੍ਹਾਂ ਦੇ ਹਨ–ਪ੍ਰਤੀਕ ਬਿੰਬ, ਅਨਿਓਕਤੀ ਬਿੰਬ, ਚਿਨ੍ਹ-ਬਿੰਬ, ਰੂਪਕ–ਬਿੰਬ ਤੇ ਉਪਮਾ ਬਿੰਬ ।[2] ਬਿੰਬਾਂ ਦੇ ਇਹ ਰੂਪ ਭਾਈ ਗੁਰਦਾਸ ਵਿਚ ਆਮ ਮਿਲਦੇ ਹਨ । ਕੋਈ ਕਵੀ ਜਦੋਂ ਪ੍ਰਤੀਕਾਂ ਦੇ ਆਸਰੇ ਬਿੰਬ ਰਚਦਾ ਹੈ ਤਾਂ ਉਹ ਪ੍ਰਤੀਕ ਬਿੰਬ ਕਹਾਉਂਦਾ ਹੈ, ਜਿਵੇਂ :–

ਹੰਸ ਨ ਛਡੇ ਮਾਨਸਰ ਬਗਲਾ ਬਹੁ ਛਪੜ ਫਿਰ ਆਵੈ । 3

ਇੱਥੇ ਹੰਸ, ਗੁਰਮੁਖ ਦਾ ਪ੍ਰਤੀਕ ਹੈ, ਬਗਲਾ, ਮਨਮੁੱਖ ਦਾ; ਮਾਨਸਰੋਵਰ, ਸਾਧ ਸੰਗਤ ਦਾ ਪ੍ਰਤੀਕ ਹੈ, ਛੱਪੜ, ਭੈੜੀ ਸੰਗਤ ਦਾ । ਇਹਨਾ ਪ੍ਰਤੀਕਾਂ ਕਾਰਨ ਹੀ ਸੱਮੁਚਾ ਬਿੰਬ ਸਿਰਜਿਆ ਗਿਆ ਹੈ ।

ਸੋ, ਅਸਾਂ ਵੇਖਿਆ ਹੈ ਕਿ ਭਾਈ ਸਾਹਿਬ ਨੇ ਪ੍ਰਕਿਰਤੀ ਤੇ ਜੀਵਨ ਵਿਚੋਂ ਲੋੜੀਂਦੀਆਂ ਚੀਜਾਂ ਲੈ ਕੇ ਅਨੇਕ ਤਰ੍ਹਾਂ ਦੇ ਬਿੰਬਾਂ ਦੀ ਰਚਨਾ ਕੀਤੀ ਹੈ । ਪਰ ਇਕ ਗੱਲ ਚੇਤੇ ਰਖਣ ਵਾਲੀ ਹੈ ਕਿ ਭਾਵੇਂ ਭਾਈ ਸਾਹਿਬ ਦੇ ਬਿੰਬ ਬੜੇ ਮੱਹਤਵ ਪੂਰਨ ਹਨ, ਪਰ ਭਾਈ ਸਾਹਿਬ ਕੇਵਲ ਬਿੰਬ ਰਚਨ ਦੀ ਖ਼ਾਤਰ ਕਵਿਤਾ ਨਹੀਂ ਸਨ ਲਿਖ ਰਹੇ, ਸਗੋਂ ਭਾਈ ਸਾਹਿਬ ਨੇ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਇਹਨਾਂ ਦੀ ਸਿਰਜਨਾਂ ਕੀਤੀ ਹੈ । ਆਪ ਨੇ ਬਿੰਬਾਂ ਦੀ ਸਹਾਇਤਾ ਨਾਲ ਅੰਤਰੀਵ ਭਾਵਾਂ ਨੂੰ ਨਿਖਾਰਿਆ ਹੈ । ਭਾਵੇਂ ਆਪ ਦੀ ਕਵਿਤਾ ਵਿਚ ਜਜ਼ਬਾ ਘਟ ਤੇ ਦਲੀਲ ਵਧੇਰੇ ਹੈ, ਫਿਰ ਭੀ ਵਿਸ਼ੇ–ਵਸਤੂ ਤਾਂ ਅਧਿਆਤਮਕ ਹੀ ਹੈ । ਅਧਿਆਤਮਕ ਭਾਵਾਂ ਨੂੰ ਮੂਰਤੀ-ਮਾਨ ਕਰਨ ਲਈ, ਗਭੀਰ ਭਾਵਾਂ ਤੇ ਵਿਚਾਰਾਂ ਨੂੰ ਸੌਖੇ ਢੰਗ ਨਾਲ ਪਰਗਟਾਉਣ ਲਈ, ਬਿੰਬਾਂ ਦੀ ਵਰਤੋਂ ਬਹੁਤ ਜ਼ਰੂਰੀ ਸੀ । ਇਸ ਵਿਧੀ ਆਸਰੇ ਉਹ ਵਿਚਾਰਾਂ ਨੂੰ ਦਿਲਚਸਪ ਵੀ ਬਣਾ ਸਕੇ ਹਨ ।

(ਸ) ਵਾਰਾਂ ਵਿਚ ਸ਼ਬਦ—ਚਿੱਤਰ

ਭਾਈ ਸਾਹਿਬ ਦੀਆਂ ਵਾਰਾਂ ਵਿਚ ਸ਼ਬਦ-ਚਿੱਤਰਾਂ ਦੀ ਵੀ ਭਰਮਾਰ ਹੈ । ਇਹ ਸ਼ਬਦ-

1. ਵਾਰਾਂ ਭਾਈ ਗੁਰਦਾਸ, ਵਾਰ 10 ਪਉੜੀ 15
2. These five categories, symbol, allegorical image, emblematic image, metaphor and simile–Robin Skelton. The Poetic Pattern.
3. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 19.

ਚਿੱਤਰ ਕੁਦਰਤ ਦੇ ਨਜ਼ਾਰੇ ਦਰਸਾਂਦੇ ਹਨ, ਇਹ ਸ਼ਬਦ-ਚਿੱਤਰ ਜੀਵਨ ਝਾਕੀਆਂ ਵੀ ਪੇਸ਼ ਕਰਦੇ ਹਨ ਤੇ ਇਹਨਾਂ ਸ਼ਬਦ-ਚਿੱਤਰਾਂ ਨੇ ਪੌਰਾਣਿਕ-ਕਥਾਵਾਂ ਵੀ ਆਪਣੇ ਵਿਚ ਸਮੇਟੀਆਂ ਹੋਈਆਂ ਹਨ ।

ਪਹਿਲੀ ਵਾਰ ਵਿਚ, ਜਿਵੇਂ ਕਿ ਉਪਰ ਵੀ ਕਿਤੇ ਜ਼ਿਕਰ ਕੀਤਾ ਗਿਆ ਹੈ, ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਨਾਲ ਸੰਬੰਧਤ ਸਾਖੀਆਂ ਨੂੰ ਅਜਿਹੀ ਚੁਸਤੀ ਨਾਲ ਸ਼ਬਦ-ਬਧ ਕੀਤਾ ਹੈ ਕਿ ਉਹ ਘਟਨਾਵਾਂ ਸ਼ਬਦ-ਚਿੱਤਰਾਂ ਰਾਹੀਂ ਨਾਟਕ ਵਾਂਗ ਅੱਖਾਂ ਸਾਹਮਣਿਉਂ ਲੰਘਦੀਆਂ ਜਾਂਦੀਆਂ ਹਨ ਤੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸਾਖੀਆਂ ਵਿਚਲੀਆਂ ਘਟਨਾਵਾਂ ਸਾਡੀ ਮੌਜੂਦਗੀ ਵਿਚ ਵਾਪਰ ਰਹੀਆਂ ਹਨ; ਅਸੀਂ ਦਰਸ਼ਕ ਦੇ ਰੂਪ ਵਿਚ ਬਾਬੇ ਦੇ ਨਾਲ ਘੁੰਮ ਰਹੇ ਹਾਂ । ਮੱਕੇ ਦੀ ਯਾਤਰਾ ਸਮੇਂ ਬਾਬੇ ਦਾ ਰੂਪ ਕੈਸਾ ਹੈ :-

"ਬਾਬਾ ਫਿਰ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ ।[1]
ਆਸਾ ਹਥ ਕਿਤਾਬ ਕਛ ਕੂਜਾ ਬਾਂਗ ਮੁਸੱਲਾ ਧਾਰੀ ।

ਅਚਲ ਵਟਾਲੇ ਸ਼ਿਵਰਾਤ ਦੇ ਮੇਲੇ ਦੀ ਝਾਕੀ,[2] ਸਿਧਾਂ ਨਾਲ ਗੋਸ਼ਟ ਵਾਲੀਆਂ ਝਾਕੀਆਂ ਤੇ ਉਹਨਾਂ ਵਿਚਲਾ ਨਾਟਕੀ ਰੰਗ[3] ਸਭ ਕੁਝ ਸ਼ਬਦ-ਮੂਰਤਾਂ ਰਾਹੀਂ ਸਾਕਾਰ ਕੀਤਾ ਹੈ । ਜ਼ਰਾ ਮੁਲਤਾਨ ਵਾਲੀ ਸਾਖੀ ਵਿਚ ਵਾਪਰੀ ਘਟਨਾ ਦਾ ਚਿੱਤਰ ਵੇਖੋ :-

ਮੇਲਿਉ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ ।
ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ ।
ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ ।
ਜਿਉਂ ਸਾਗਰ ਵਿਚ ਗੰਗ ਸਮਾਈ ।[4]

ਇਹ "ਸਾਗਰ ਵਿਚ ਗੰਗ ਸਮਾਈ" ਦਾ ਚਿੱਤਰ ਵੀ ਮਾਣਨਯੋਗ ਹੈ ।

(ੳ) ਕੁਦਰਤੀ ਨਜ਼ਾਰਿਆਂ ਦੇ ਕੁਝ ਸ਼ਬਦ-ਚਿੱਤਰ :-

ਹਨੇਰੀ ਰਾਤ ਦਾ ਸ਼ਬਦ-ਚਿੱਤਰ :-

ਰਾਤ ਅਨ੍ਹੇਰੀ ਅੰਧਕਾਰ ਲਖ ਕਰੋੜੀ ਚਮਕਨ ਤਾਰੇ ।
ਘਰ ਘਰ ਦੀਵੇ ਬਾਲੀਅਨ ਪਰ ਘਰ ਤਕਨ ਚੋਰ ਚਕਾਰੇ ।

1 ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 32.
2 ਉਹੀ ,, ਵਾਰ ਪਹਿਲੀ, ਪਉੜੀ 39
3 ਉਹੀ ,, ਵਾਰ ਪਹਿਲੀ, ਪਉੜੀ 40,41,42,43
4 ਉਹੀ ,, ਵਾਰ ਪਹਿਲੀ, ਪਉੜੀ 44

ਹਟ ਪਟਣ ਘਰ ਬਾਹਿਏ, ਦੋ ਦੇ ਤਾਕ ਸਵਨ ਨਰ ਨਾਰੇ ।[1]

ਚੰਨ ਦਾ ਚਿੱਤਰ—

ਦੁਇ ਦਿਹੁ ਚੰਦ ਅਲੋਪ ਹੋਇ ਤੀਐ ਚੜ੍ਹਦਾ ਹੋਇ ਨਿੱਕਾ ।
ਉਠ ਉਠ ਜਗਤ ਜੁਹਾਰਦਾ ਗਗਨ ਮਹੇਸੁਰ ਮਸਤਕ ਟਿੱਕਾ ।
ਸੋਲਹ ਕਲਾ ਸੰਘਾਰੀਐ ਸਫਲ ਜਨਮ ਸੋਹੈ ਕਲ ਇੱਕਾ ।
.... - .... —.................—
ਕਰੇ ਅਨ੍ਹੇਰੇ ਚਾਨਣਾ ਡਰ ਚਕੋਰ ਧਯਾਨ ਧਰ ਛਿੱਕਾ । [2]

ਚੜ੍ਹਦੇ ਸੂਰਜ ਤੇ ਦਿਨ ਦਾ ਚਿੱਤਰ—

ਸੂਰਜ ਜੋਤਿ ਉਦੋਤ ਕਰ ਚਾਨਣ ਕਰੈ ਅਨ੍ਹੇਰ ਗਵਾਏ ।
ਕਿਰਤ ਵਿਰਤ ਜਗ ਵਰਤਮਾਨ ਸਭਨਾਂ ਬੰਧਨ ਮੁਕਤ ਕਰਾਏ ।
ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ ।
ਬਾਂਗਾਂ ਬੁਰਗੂ ਸਿੰਙੀਆਂ ਨਾਦ ਬਾਦ ਨੀਸਾਣ ਵਜਾਏ । [3]

ਸਮੁੰਦਰ ਵਿਚ ਜਹਾਜ਼ ਦਾ ਚਿੱਤਰ—

ਸਾਗਰ ਅੰਦਰ ਬੋਹਿਥਾ ਵਿਚ ਮੁਹਾਣਾ ਪਰਉਪਕਾਰੀ ।
ਭਾਰ ਅਥਰਬਣ ਲੱਦੀਐ ਲੈ ਵਾਪਾਰ ਚੜ੍ਹਨ ਵਾਪਾਰੀ ।
ਸਾਇਰ ਲਹਿਰ ਨ ਵਿਆਪਈ ਅਤ ਅਸਗਾਹ ਅਥਾਹ ਅਪਾਰੀ ।
ਬਹਲੇ ਪੂਰ ਲੰਘਾਇੰਦਾ ਸਹੀ ਸਲਾਮਤ ਪਾਰ ਉਤਾਰੀ । [4]

ਕਮਾਦ ਦੇ ਉੱਗਣ ਤੇ ਕੋਹਲੂ ਵਿਚ ਪੀੜ ਜਾਣ ਆਦਿ ਦਾ ਚਿੱਤਰ—

ਜਿਉ ਵਿਸਮਾਦ ਕਮਾਦ ਹੈ ਸਿਰ ਤਲਵਾਇਆ ਹੋਇ ਉਪੰਨਾ ।
ਪਹਿਲੇ ਖੱਲ ਉਖੱਲ ਕੈ ਟੋਟੇ ਕਰ ਕਰ ਭੰਨਣ ਭੰਨਾ ।
ਕੋਹਲੂ ਪਾਇ ਪੀੜਾਇਆ ਰਸ ਟੱਟਰ ਕਸ ਦਿੰਨਣ ਵੰਨਾ । [5]

1. ਵਾਰਾਂ ਭਾਈ ਗੁਰਦਾਸ, ਵਾਰ 16, ਪਉੜੀ 7
2. ਉਹੀ ,, ਵਾਰ 4, ਪਉੜੀ 20
3. ਉਹੀ ,, ਵਾਰ 17, ਪਉੜੀ6.
4. ਉਹੀ ,, ਵਾਰ 16, ਪਉੜੀ5
5. ਉਹੀ, ,, ਵਾਰ 26, ਪਉੜੀ12

ਬੋਹੜ ਦੇ ਬੀਜ ਤੋਂ ਫੈਲਾਉ ਦਾ ਚਿੱਤਰ–

ਧਰਤਿ ਵੜੇ ਵੜ ਬੀਉ ਹੋਇ ਜੜ੍ਹ ਅੰਦਰ ਜੰਮੈ।
ਹੋਇ ਬਰੂਟਾ ਚੁਹ ਚੁਹਾ ਮੂਲ ਡਾਲ ਧਰੰਮੈ।
ਬਿਰਖ ਅਕਾਰ ਬਿਥਾਰ ਕਰ ਬਹੁ ਜਟਾ ਪਲੰਮੈ।
ਜਟਾ ਲਟਾ ਮਿਲ ਧਰਤਿ ਵਿਚ ਹੋਇ ਮੂਲ ਅਗੰਮੈ।
ਛਾਂਵ ਘਣੀ ਪੱਤ ਸੋਹਣੇ ਫਲ ਲਖ ਲਖੰਮੈ।[1]

ਜੰਗਲ ਦਾ ਸ਼ਬਦ-ਚਿੱਤਰ-

ਵਣ ਵਣ ਵਿਚ ਵਣਾਸਪਤਿ ਇਕੋ ਧਰਤੀ ਇਕੋ ਪਾਣੀ।
ਰੰਗ ਬਰੰਗੀ ਫੁਲ ਫਲ ਸਾਦ ਸੁਗੰਧ ਸਨਬੰਧ ਵਿਡਾਣੀ।
ਉੱਚਾ ਸਿੰਮਲ ਝਾਟਲਾ ਨਿਹਫਲ ਚੀਲ ਚੜ੍ਹੇ ਅਸਮਾਣੀ।
ਜਲਦਾ ਵਾਂਸ ਵਢਾਈਐ ਵੰਝਲੀਆਂ ਵੱਜਨ ਬੇਬਾਣੀ।
ਚੰਦਨ ਵਾਸ ਵਣਾਸਪਤਿ ਵਾਂਸ ਰਹੇ ਨਿਰਗੰਧ ਰਵਾਣੀ।[2]

(ਅ) ਜੀਵਨ ਝਾਕੀਆ ਦੇ ਕੁਝ ਸ਼ਬਦ–ਚਿੱਤਰ-

ਪੇਂਡੂ ਮੁੰਡਿਆਂ ਦੀ ਖੇਡ ਦਾ ਚਿੱਤਰ :–

ਰਾਤੀਂ ਨੀਂਗਰ ਖੇਲਦੇ ਸਭ ਹੋਇ ਇਕਠੇ।
ਰਾਜਾ ਪਰਜਾ ਹੋਵਂਦੇ ਕਰ ਸਾਂਗ ਉਪੱਠੇ।
ਇਕ ਲਸ਼ਕਰ ਲੈ ਧਾਵਦੇ ਇਕ ਫਿਰਦੇ ਨੱਠੇ।
ਠੀਕਰੀਆਂ ਹਾਲੇ ਭਰਨ ਓਇ ਖਰੇ ਅੱਸਠੇ।
ਖਿਨ ਵਿਚ ਖੇਡ ਉਜਾੜਦੇ ਘਰ ਘਰ ਨੂੰ ਤ੍ਰੁੱਠੇ।[3]

ਸ਼ਤਰੰਜ ਦੀ ਖੇਡ ਦਾ ਚਿੱਤਰ :—

ਸ਼ਤਰੰਜ ਬਾਜੀ ਖੇਲ ਬਸਾਤ ਬਣਾਇਆ।
ਹਾਥੀ ਘੋੜੇ ਰਥ ਪਿਆਦੇ ਆਇਆ।
ਹੁਇ ਪਾਤਸ਼ਾਹ ਵਜ਼ੀਰ ਦੁਇ ਦਲ ਛਾਇਆ।

1 ਵਾਰਾਂ ਭਾਈ ਗੁਰਦਾਸ, ਵਾਰ 13, ਪਉੜੀ 18;
2. ਉਹੀ ,, ਵਾਰ 17, ਪਉੜੀ 5.
3. ਉਹੀ ,, ਵਾਰ 36, ਪਉੜੀ 9.

ਹੋਇ ਗੜਾਵਤ ਜੋਧ ਜੁਧ ਮਚਾਇਆ ।[1]

ਸਰਾਂ ਵਿਚ ਮੁਸਾਫ਼ਰ ਦਾ ਚਿੱਤਰ :-

ਵਾਟ ਵਟਾਊ ਰਾਤ ਸਰਾਈਂ ਵੱਸਿਆ ।
ਉਠ ਚਲਿਆ ਪਰਭਾਤ ਮਾਰਗ ਦੱਸਿਆ ।
ਨਾਹਿ ਪਰਾਈ ਤਾਤ ਨ ਚਿੱਤ ਰੱਹਸਿਆ ।
ਮੂਏ ਨ ਪੁਛੈ ਜਾਤ ਵਿਵਾਹ ਨ ਹੱਸਿਆ ।[2]

ਦੁਕਾਨ, ਦੁਕਾਨਦਾਰ ਤੇ ਖ਼ਰੀਦਾਰ ਦਾ ਚਿੱਤਰ :-

ਸਉਦਾ ਇਕਤ ਹੱਟ ਹੈ ਸੰਸਾਰ ਵਿਸਾਹੇ ।
ਕੋਈ ਵੇਚੇ ਕਉਡੀਆਂ ਕੇ ਦਮ ਉਗਾਹੇ ।
ਕੋਈ ਰੁਪਯੇ ਵਿਕਣੈ ਸੁਨਈਐ ਕੇ ਡਾਹੇ ।
ਕੋਈ ਰਤਨ ਵਣੰਜਦਾ ਸਰ ਸਿਫਤ ਸਲਾਹੇ ।
ਵਨਜ ਸੁਪੱਤਾ ਸ਼ਾਹ ਨਾਲ ਵੇਸਾਹ ਨਿਬਾਹੇ ।[3]

ਰਸੋਈ ਨਾਲ ਸੰਬੰਧਤ ਸ਼ਬਦ-ਚਿੱਤਰ :-

ਆਪੇ ਭੁੱਖਾ ਹੋਇ ਕੈ ਆਪ ਜਾਇ ਰਸੋਈ ।
ਭੋਜਨ ਆਪ ਬਨਾਇੰਦਾ ਰਸ ਵਿਚ ਰਸ ਗੋਈ ।
ਆਪੇ ਖਾਇ ਸਲਾਹ ਕੈ ਹੋਇ ਤ੍ਰਿਪਤ ਸਮੋਈ ।[4]

ਨੀਂਦਰ ਤੇ ਨੀਂਦਰ ਵਿਚ ਸੁਪਨੇ ਦਾ ਚਿੱਤਰ :-

ਆਪੇ ਪਲੰਘ ਵਿਛਾਇਕੈ ਆਪ ਅੰਦਰ ਸਉਂਦਾ ।
ਸੁਪਨੇ ਅੰਦਰ ਜਾਇਕੈ ਦੇਸੰਤਰ ਭਉਂਦਾ ।
ਰੰਕ ਰਾਉ ਰਾਉ ਰੰਕ ਹੋਇ ਦੁਖ ਸੁਖ ਵਿਚ ਪਉਂਦਾ ।
ਹਰਖ ਸੋਗ ਵਿਚ ਧਾਂਵਦਾ ਚਾਵਾਏ ਛਉਂਦੇ ।[5]

---

1. ਵਾਰਾਂ ਭਾਈ ਗੁਰਦਾਸ, ਵਾਰ 20, ਪਉੜੀ 19.
2. ਉਹੀ ,, ਵਾਰ 19, ਪਉੜੀ 5.
3. ਉਹੀ ,, ਵਾਰ 13, ਪਉੜੀ 20.
4. ਉਹੀ ,, ਵਾਰ 2, ਪਉੜੀ 3
5. ਉਹੀ ,, ਵਾਰ 2, ਪਉੜੀ 4

(ਝ) ਪੌਰਾਣਿਕ ਕਥਾਵਾਂ ਦੇ ਸ਼ਬਦ ਚਿੱਤਰ :-

ਧ੍ਰੂ ਹਸਦਾ ਘਰ ਆਇਆ ਕਰ ਪਿਆਰ ਪਿਉ ਕੁਛੜ ਲੀਤਾ।
ਬਾਹੋਂ ਪਕੜ ਉਠਾਲਿਆ ਮਨ ਵਿਚ ਰੋਸ ਮਤ੍ਰੇਈ ਕੀਤਾ।
ਡੁਡਹੁਲਿਕਾ ਮਾਂ ਪੁਛੈ ਤੂੰ ਸਵਾਣੀ ਹੈ ਕਿ ਸਰੀਤਾ।
ਸਵਾਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦਿੜ੍ਹੀਤਾ।
ਕਿਸ ਉਦਮ ਤੇ ਰਾਜ ਮਿਲੈ ਸ਼ਤ੍ਰੂ ਤੇ ਸਭ ਹੋਵਣ ਮੀਤਾ।
ਪਰਮੇਸ਼ਰ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ।
ਪਿਛਹੁ ਰਾਜੇ ਸਦਿਆ ਅਬਚਲ ਰਾਜ ਕਰਹੁ ਨਿਤ ਨੀਤਾ। [1]

ਇਸ ਪਉੜੀ ਵਿਚ ਕੇਵਲ ਸ਼ਬਦ ਚਿੱਤਰ ਹੀ ਨਹੀਂ, ਮਾਂ ਪੁੱਤਰ ਦਾ ਸੰਬਾਦ ਭੀ ਹੈ ਜੋ ਨਾਟਕੀ ਸੁਆਦ ਦੇ ਰਿਹਾ ਹੈ। ਪੂਰੀ ਦੀ ਪੂਰੀ ਵਿਥਿਆ ਗਿਣਵੀਆਂ ਮਿਣਵੀਆਂ ਤੁਕਾਂ ਵਿਚ ਸ਼ਬਦ-ਤਸਵੀਰਾਂ ਰਾਹੀਂ ਸਾਹਮਣੇ ਹੈ ਦੀ ਵਿਖਾ ਦਿੱਤੀ ਹੈ।

ਭਾਈ ਸਾਹਿਬ ਨੇ ਦਸਵੀਂ ਵਾਰ ਵਿਚ ਅਜਿਹੇ ਕਈ ਸ਼ਬਦ-ਚਿੱਤਰ ਉਲੀਕੇ ਹੋਏ ਹਨ।

ਨਾਮ ਦੀ ਮਹਿਮਾ ਦਸਣੀ ਦਰਕਾਰ ਹੈ। ਜਨਕ ਰਾਜੇ ਦੀ ਸਾਖੀ ਨੂੰ ਹੇਠਲੇ ਸ਼ਬਦ-ਚਿੱਤਰ ਵਿਚ ਵੇਖੋ :-

ਭਗਤ ਵੱਡਾ ਰਾਜਾ ਜਨਕ ਹੈ ਗੁਰਮੁਖ ਮਾਇਆ ਵਿਚ ਉਦਾਸੀ।
ਦੇਵ ਲੋਕ ਨੋਂ ਚਲਿਆ ਗਣ ਗੰਧਰਬ ਸਭਾ ਸੁਖ ਵਾਸੀ।
ਜਮਪੁਰ ਗਯਾ ਪੁਕਾਰ ਸੁਣ ਵਿਲਲਾਦਿਨ ਜੀਅ ਨਰਕ ਨਿਵਾਸੀ।
ਧਰਮ ਰਾਇ ਨੋ ਆਖਿਓਨੁ ਸਭਨਾਂ ਦੀ ਕਰ ਬੰਦ ਖਲਾਸੀ।
ਕਰੇ ਬੇਨਤੀ ਧਰਮ ਰਾਇ ਹਉ ਸੇਵਕ ਠਾਕੁਰ ਅਬਿਨਾਸੀ।
ਗਹਿਣੇ ਧਰਿਓਨ ਇਕ ਨਾਉ ਪਾਪਾਂ ਨਾਲ ਕਰੇ ਨਿਰਜਾਸੀ।
ਪਾਸੰਗ ਪਾਪ ਨ ਪੁਜਨੀ ਗੁਰਮੁਖ ਨਾਉ ਅਤੁਲ ਨ ਤੁਲਾਸੀ।
ਨਰਕਹੁ ਛੁਟੇ ਜੀਅ ਜੰਤ ਕੱਟੀ ਗਲਹੁ ਸਿਲਕ ਜਮ ਫਾਸੀ। [2]

ਨਰਕ ਵਿਚੋਂ ਸੁਣੀਂਦੀ ਹਾਹਾਕਾਰ, ਧਰਮ ਰਾਇ ਨਾਲ ਗੱਲਬਾਤ, ਨਾਮ ਤੇ ਪਾਪਾਂ ਨੂੰ ਤੱਕੜ ਦੇ

1. ਵਾਰਾਂ ਭਾਈ ਗੁਰਦਾਸ, ਵਾਰ 10 ਪਉੜੀ ਪਹਿਲੀ
2. ਉਹੀ ,, ਵਾਰ 10, ਪਉੜੀ 5,

ਦੋ ਛਾਬਿਆਂ ਵਿਚ ਤੋਲਣ ਅਤੇ ਪਾਪੀ ਜੀਵਾਂ ਦੇ ਨਰਕ ਵਿਚੋਂ ਆਜ਼ਾਦ ਹੋਣ ਦੀਆਂ ਝਾਕੀਆਂ ਕਿਵੇਂ ਸ਼ਬਦ-ਬੱਧ ਹੋ ਕੇ ਰੂਪ ਧਾਰ ਗਈਆਂ ਹਨ । ਇਸੇ ਤਰ੍ਹਾਂ ਦ੍ਰੋਪਦੀ-ਚੀਰ-ਹਰਨ ਵਾਲੀ ਸਾਖੀ ਦਾ ਚਿਤਰ ਕਿਤਨੇ ਕਮਾਲ ਦਾ ਹੈ -

ਕਪੜ ਕੋਟ ਉਸਾਰਿਓਨ ਥੱਕੇ ਦੂਤ ਨ ਪਾਰ ਵਸਾਂਦੀ ।
ਹਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ । 1

ਉਪਰੋਕਤ ਤੁਕਾਂ ਵਿਚ ਦੁਰਯੋਧਨ ਤੇ ਉਸ ਦੇ ਸਾਥੀਆਂ ਦਾ ਦ੍ਰੋਪਦੀ ਦਾਅਪਮਾਨ ਕਰਨ ਲਈ ਉਸ ਦੇ ਕਪੜੇ ਉਤਾਰਦਿਆਂ ਥਕ ਕੇ ਚੂਰ ਹੋ ਜਾਣ ਤੇ ਫੇਰ ਸ਼ਰਮਿੰਦਾ ਹੋਣ ਦਾ ਚਿੱਤਰ ਕਿਤਨਾ ਸਬਲ ਤੇ ਸਾਰਥਕ ਹੈ ।

ਬ੍ਰਾਹਮਣ ਦੇ ਦਿੱਤੇ ਪੱਥਰ ਨੂੰ ਸਚੀ ਮਚੀ ਹੀ ਠਾਕੁਰ ਸਮਝ ਕੇ ਭੋਲਾ ਧੰਨਾ ਜਟ ਉਸ ਵਿਚੋਂ ਕਿਵੇਂ ਪ੍ਰਭੂ–ਦੀਦਾਰ ਪ੍ਰਾਪਤ ਕਰਦਾ ਹੈ--ਧੰਨਾ

ਠਾਕੁਰ ਨੂੰ ਨ੍ਹਾਵਾਲ ਕੈ ਛਾਹਿ ਰੋਟੀ ਲੈ ਭੋਗ ਚੜ੍ਹਾਵੈ ।
ਹਥ ਜੋੜ ਮਿੰਨਤ ਕਰੈ ਪੈਰੀ ਪੈ ਪੈ ਬਹੁਤ ਮਨਾਵੈ ।
ਹਉ ਭੀ ਮੂੰਹ ਨ ਜੁਠਾਲਸਾਂ ਤੂੰ ਰੁੱਠਾ ਮੈ ਕਿਹੁ ਨ ਸੁਖਾਵੈ ।
ਗੋਸਾਈ ਪਰਤੱਖ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ । 2

ਪੂਤਨਾ ਕਿਵੇਂ ਬਾਲਕ ਕ੍ਰਿਸ਼ਨ ਮਹਾਰਾਜ ਨੂੰ ਜ਼ਹਿਰ ਦੇਣ ਆਉਂਦੀ, ਮਕਰ ਫ਼ਰੇਬ ਕਰਦੀ ਤੇ ਅੰਤ ਕਿਵੇਂ ਆਪ ਭੁਆਟਣੀ ਖਾ ਕੇ ਡਿਗਦੀ ਹੈ :-

ਆਈ ਪਾਪਣ ਪੂਤਨਾ ਦੋਹੀਂ ਥਣੀਂ ਵਿਹੁ ਲਾਇ ਵਹੇਲੀ ।
ਆਇ ਬੈਠੀ ਪਰਵਾਰ ਵਿਚ ਨੇਹੁੰ ਲਾਇ ਨਵਹਾਣਿ ਨਵੇਲੀ ।
ਕੁਛੜ ਲਏ ਗੋਬਿੰਦ ਰਾਇ ਕਰ ਚੇਟਕ ਚਤੁਰੰਗ ਮਹੇਲੀ ।
ਮੋਹਣ ਮੰਮੇ ਪਾਇਓਨ ਬਾਹਰਿ ਆਈ ਗਰਬ ਗਹੇਲੀ ।
ਦੇਹ ਵਧਾਇ ਉਚਾਇਨੁ ਤਿਹ ਚਰਿਆਰ ਨਾਰ ਅਠਖੇਲੀ ।
ਤਿਹੁੰ ਲੋਆਂ ਦਾ ਭਾਰ ਦੇ ਚੰਬੜਿਆ ਗਲ ਹੋਇ ਦੁਹੇਲੀ ।
ਖਾਇ ਪਛਾੜ ਪਹਾੜ ਵਾਂਗ ਜਾਇ ਪਈ ਉਜਾੜ ਧਕੇਲੀ 3

ਪ੍ਰਹਿਲਾਦ ਭਗਤ ਦੀ ਜੀਵਨ-ਸਾਖੀ ਵਿਚੋਂ ਕੁਝ ਚਿੱਤਰ ਦੇ ਕੇ ਇਸ ਪਰਕਰਣ ਨੂੰ ਸਮਾਪਤ ਕਰਦੇ ਹਾਂ :-

---

1. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 8.
2. ਉਹੀ ,, ਵਾਰ 10, ਪਉੜੀ 13.
3. ਉਹੀ ,, ਵਾਰ 10, ਪਉੜੀ 22.

ਘਰ ਹਰਨਾਖਸ਼ ਦੈਂਤ ਦੇ ਕਲਰ ਕਵਲ ਭਗਤ ਪ੍ਰਹਿਲਾਦ ।[1]

ਹਰਨਾਖਸ਼ ਦੈਂਤ ਦੇ ਘਰ ਪ੍ਰਹਿਲਾਦ ਭਗਤ ਦਾ ਪੈਦਾ ਹੋਣਾ ਇੰਜ ਹੀ ਹੈ ਜਿਵੇਂ ਕਲਰੀ ਧਰਤੀ ਵਿਚ ਕਵਲ ਪੈਦਾ ਹੋ ਗਿਆ ਹੋਵੇ । ਉਸਦੇ ਦੁੱਖਾਂ ਦੀ ਤਸਵੀਰ ਵੇਖੋ :-

ਜਲ ਅਗਨੀ ਵਿਚ ਘਤਿਆ ਜਲੇ ਨ ਡੁਬੇ ਗੁਰ ਪ੍ਰਸਾਦਿ ।
ਕਢ ਖੜਗ ਸਦ ਪੁਛਿਆ ਕਉਣ ਸੁ ਤੇਰਾ ਹੈ ਉਸਤਾਦ ।[2]

ਤੇ ਫੇਰ, ਥੰਮ ਪਾੜ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦ ।
ਬੇਮੁਖ ਪਕੜ ਪਛਾੜਿਅਨ ਸੰਤ ਸਹਾਈ ਆਦ ਜੁਗਾਦ ।[3]

ਕਿਤਨਾ ਭਰਪੂਰ ਤੇ ਮੁਕੰਮਲ ਸ਼ਬਦ-ਚਿੱਤਰ ਹੈ ।

ਭਾਈ ਸਾਹਿਬ ਦੀਆਂ ਵਾਰਾਂ ਵਿਚ ਇਉਂ ਅਨੇਕਾਂ ਸ਼ਬਦ-ਚਿੱਤਰ ਵਿਦਮਾਨ ਹਨ ।

(ਹ) ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪ੍ਰਤੀਕ-ਵਰਤੋਂ

ਜੀਵਨ ਜਿਉਂਦਾ ਮਨੁੱਖ ਆਪਣੇ ਜੀਵਨ ਵਿਚ ਕਈ ਪ੍ਰਕਾਰ ਦੇ ਅਨੁਭਵ ਪ੍ਰਾਪਤ ਕਰਦਾ ਹੈ। ਇਹਨਾਂ ਅਨੁਭਵਾਂ ਵਿਚੋਂ ਕੁਝ ਅਨੁਭਵ ਤਾਂ ਅਜਿਹੇ ਹੁੰਦੇ ਹਨ ਜਿਹੜੇ, ਜੇ ਉਹ ਚਾਹੇ ਤਾਂ, ਦੂਜਿਆਂ ਨੂੰ ਸਮਝਾ ਸ਼ਕਦਾ ਹੈ, ਪਰ ਕੁਝ ਅਜਿਹੇ ਹੁੰਦੇ ਹਨ ਜਿਹੜੇ ਆਪ ਤਾਂ ਮਹਿਸੂਸ ਕੀਤੇ ਜਾਂਦੇ ਹਨ ਪਰ ਦੂਜਿਆਂ ਨੂੰ ਸਪੱਸ਼ਟ ਭਾਂਤ ਸਮਝਾਏ ਨਹੀਂ ਜਾ ਸਕਦੇ । ਇਹੋ ਜਿਹੇ ਅਨੁਭਵਾਂ ਵਿਚੋਂ ਪਿਆਰ ਦਾ ਅਨੁਭਵ ਇਕ ਅਜਿਹਾ ਅਨੁਭਵ ਹੈ ਜੋ ਕਿਸੇ ਦੂਜੇ ਨੂੰ ਸਮਝਾਇਆ ਨਹੀਂ ਜਾ ਸਕਦਾ । ਇਹ ਪਿਆਰ ਸੰਸਾਰਕ ਹੋਵੇ ਭਾਵੇਂ ਆਤਮਕ, ਸਪੱਸ਼ਟ ਬੋਲੀ ਇਸ ਨੂੰ ਵਿਅਕਤ ਨਹੀਂ ਕਰ ਸਕਦੀ । ਇਸ ਅਨੁਭਵ ਦੇ ਪਰਗਟਾ ਲਈ ਇਸ ਅਨੁਭਵ ਨਾਲ ਮਿਲਦੀਆਂ ਜੁਲਦੀਆਂ ਚੀਜ਼ਾਂ ਦਾ ਆਸਰਾ ਲੈਣਾ ਪੈਂਦਾ ਹੈ, ਜਿਵੇਂ "ਪਿਆਰ ਕਿਹੋ ਜਿਹਾ ਹੈ" ? ਦੱਸਣ ਲਈ "ਚੰਨ ਤੇ ਚਕੋਰ" ਦਾ ਆਸਰਾ ਲਿਆ ਜਾਂਦਾ ਹੈ । ਜਾਂ ਕਿਸੇ ਚੰਗੇ ਪੁਰਸ਼ ਦੇ ਗੁਣਾਂ ਦਾ ਵਰਣਨ ਕਰਦਿਆਂ 'ਹੰਸ' ਅਤੇ ਧੋਖੇਬਾਜ਼, ਕਪਟੀ ਪੁਰਸ਼ ਦਾ ਜ਼ਿਕਰ ਕਰਦਿਆਂ 'ਬਗਲਾ' ਕਹਿ ਕੇ ਕੰਮ ਸਾਰ ਲਿਆ ਜਾਂਦਾ ਹੈ । ਕਿਸੇ ਅਣਦਿਸਦੀ ਵਸਤੂ ਦੇ ਗੁਣਾਂ ਔਗੁਣਾਂ ਨੂੰ ਦਰਸਾਣ ਲਈ ਉਹੋ ਜਿਹੇ ਗੁਣਾਂ ਔਗੁਣਾਂ ਵਾਲੀ ਦਿਸਦੀ ਚੀਜ਼ ਨੂੰ ਵਰਤਣਾ ਹੀ ਪ੍ਰਤੀਕ-ਵਰਤੋਂ ਹੈ । ਇਹ ਦਿਸਦੀ ਚੀਜ਼, ਜਿਸ ਵਿਚ ਅਣਦਿਸਦੀ ਚੀਜ਼ ਨਾਲ ਕੋਈ ਸਾਂਝ ਹੈ, ਅਣਦਿਸਦੀ ਚੀਜ਼ ਦਾ ਪ੍ਰਤੀਕ ਹੈ ।

ਇਉਂ ਅਸੀਂ ਵੇਖਦੇ ਹਾਂ ਕਿ ਜੀਵਨ ਦੇ ਹਰ ਖੇਤਰ ਵਿਚ ਤੇ ਮਨੁੱਖੀ ਗਿਆਨ ਦੇ ਲਗਭਗ ਹਰ ਪਹਿਲੂ ਵਿਚ ਪ੍ਰਤੀਕ ਆਪਣੀ ਇਕ ਖ਼ਾਸ ਥਾਂ ਰਖਦੇ ਹਨ । ਕਾਰਲਾਈਲ (Carlyle) ਆਪਣੀ ਪ੍ਰਸਿਧ ਪੁਸਤਕ ਸਾਰਟਰ ਰੀਸਾਰਟਸ (Sartor Resartus) ਵਿਚ 'ਪ੍ਰਤੀਕ ਸ਼ਬਦ ਨੂੰ ਬੜੀ ਮਹਾਨਤਾ ਦੇ ਕੇ ਵਰਤਦਾ ਹੈ । ਉਹ ਕਹਿੰਦਾ ਹੈ ਕਿ ਪ੍ਰਤੀਕ ਹੀ ਮਨੁੱਖ ਦੀ

1. ਵਾਰਾਂ ਭਾਈ ਗੁਰਦਾਸ, ਵਾਰ 10, ਪਉੜੀ 2.
2. ਉਹੀ ,, ਵਾਰ 10, ਪਉੜੀ 2.
3. ਉਹੀ ,, ਵਾਰ 10, ਪਉੜੀ 2.

ਅਗਾਵਾਈ ਕਰਦੇ ਤੇ ਇਸ ਨੂੰ ਹੁਕਮ ਦੇਂਦੇ ਹਨ; ਇਨ੍ਹਾਂ ਰਾਹੀਂ ਹੀ ਮਨੁੱਖ ਪ੍ਰਸੰਨ ਜਾਂ ਦੁਖੀ ਹੁੰਦਾ ਹੈ। ਇਹ ਬ੍ਰਹਿਮੰਡ ਵੀ ਪ੍ਰਭੂ ਦਾ ਇਕ ਵਿਸ਼ਾਲ ਪ੍ਰਤੀਕ ਹੀ ਹੈ, ਨਹੀਂ ਨਹੀਂ, ਜੇ ਤੁਸੀਂ ਯਕੀਨ ਕਰੋ ਤਾਂ ਮਨੁੱਖ ਆਪ ਵੀ ਉਸ ਅਕਾਲਪੁਰਖ ਦਾ ਹੀ ਇਕ ਪ੍ਰਤੀਕ ਹੈ।[1] ਸਾਡੀਆਂ ਲਿਪੀਆਂ ਦੇ ਅੱਖਰ, ਬੀਜ-ਗਣਿਤ ਦੇ ਸੰਕੇਤ, ਰਸਾਇਨਕ ਤੱਤਾਂ ਲਈ ਨਿਯਤ ਅੱਖਰ, ਆਦਿ ਸਭ ਪ੍ਰਤੀਕ ਹੀ ਤਾਂ ਹਨ ਤੇ ਨਿੱਤ ਦੇ ਜੀਵਨ ਵਿਚ ਇਹਨਾਂ ਦੀ ਭਰਪੂਰ ਵਰਤੋਂ ਹੁੰਦੀ ਹੈ ਸੋ ਮਨੁੱਖ ਦੀ ਭਾਸ਼ਾ ਅਤੇ ਪਰਗਟਾਉ-ਸ਼ੈਲੀ ਨਾਲ ਪ੍ਰਤੀਕਾਂ ਦਾ ਘਨਿਸ਼ਟ ਸੰਬੰਧ ਹੈ। ਇਹਨਾਂ ਵੱਖ ਵੱਖ ਖੇਤਰਾਂ ਦੇ ਪ੍ਰਤੀਕਾਂ ਵਿਚ ਇਕ ਗੱਲ ਸਾਂਝੀ ਹੈ ਕਿ ਪ੍ਰਤੀਕ ਅਤੇ ਜਿਸ ਚੀਜ਼ ਲਈ ਇਹ ਪ੍ਰਤੀਕ ਵਰਤਿਆ ਗਿਆ ਹੈ, ਦੋਹਾਂ ਵਿਚਕਾਰ ਮੂਲ ਰੂਪ ਵਿਚ ਕੋਈ ਸਮਾਨਤਾ ਸਥਿਤ ਹੁੰਦੀ ਹੈ ਜਿਹੜੀ ਅਣ-ਦਿਸਦੀ ਨੂੰ ਦਿਸਦੀ ਨਾਲ ਜੋੜਨ ਵਿਚ ਸਹਾਈ ਹੁੰਦੀ ਹੈ।

ਜਿਵੇਂ ਆਮ ਜੀਵਨ ਵਿਚ ਵਿਚਰਦਿਆਂ ਮਨੁੱਖ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ, ਇਵੇਂ ਕਲਾਕਾਰ ਆਪਣੇ ਅਨੁਭਵਾਂ ਦੇ ਪਰਗਟਾਉਣ ਲਈ ਪ੍ਰਤੀਕ ਵਰਤਦਾ ਹੈ। ਜਿਥੇ ਬੀਜ-ਗਣਿਤ ਜਾਂ ਰਸਾਇਨਕ ਤੱਤਾਂ ਦੇ ਪ੍ਰਤੀਕ ਰੂੜ੍ਹ, ਗਤੀਹੀਨ ਹੁੰਦੇ ਹਨ ਤੇ ਪਰੰਪਰਾਗਤ ਚਿੰਨ੍ਹਾਂ ਦੇ ਤੌਰ ਤੇ ਵਰਤੇ ਜਾਂਦੇ ਹਨ ਉਥੇ ਕਵਿਤਾ ਦੇ ਪ੍ਰਤੀਕਾਂ ਵਿਚ ਭਾਵਨਾਵਾਂ ਜਗਾਉਣ ਦੀ ਸ਼ਕਤੀ ਹੁੰਦੀ ਹੈ। ਵਾਈਟ-ਹੈਡ ਲਿਖਦਾ ਹੈ "ਸ਼ਬਦ ਚਿੰਨ੍ਹ ਹਨ ਤੇ ਇਹਨਾਂ ਦੇ ਅਰਥ ਸਰੋਤਿਆਂ ਦੀ ਚੇਤਨਾ ਵਿਚ ਵਿਚਾਰਾਂ, ਚਿੱਤਰਾਂ ਤੇ ਜਜ਼ਬਿਆਂ ਨੂੰ ਸਾਕਾਰ ਕਰਦੇ ਹਨ"।[2] ਕਾਵਿ-ਪ੍ਰਤੀਕਾਂ ਦੇ ਅਰਥਾਂ ਵਿਚ ਰੂੜ੍ਹੀਆਂ ਦੀ ਹੱਦਬੰਦੀ ਵੀ ਨਹੀਂ ਹੁੰਦੀ। ਫ਼ਿਸਟਰ (**PFISTER**) ਲਿਖਦਾ ਹੈ, "ਇਹ ਪ੍ਰਤੀਕ ਕਈ ਭਾਂਤ ਦੇ ਮਨੋਭਾਵਾਂ ਨੂੰ ਪਰਗਟ ਕਰਦੇ ਹਨ"।[3] ਪ੍ਰਤੀਕ ਤਾਂ ਮਨੁੱਖ ਦੀ ਸੂਝ, ਸਿਆਣਪ ਤੇ ਸੋਚ-ਉਡਾਰੀ ਤੇ ਕਲਪਣਾ ਸ਼ਕਤੀ ਦਾ ਪਤਾ ਦੇਂਦੇ ਹਨ। ਡਾ: ਕੁਮਾਰ ਵਰਮਾ ਲਿਖਦਾ ਹੈ, "ਜਿਵੇਂ ਮਾਖਿਉਂ ਦਾ ਇਕ ਚੋਆ ਅਣਗਿਣਤ ਫੁੱਲਾਂ ਦੇ ਰਸਾਂ ਤੇ ਮਹਿਕਾਂ ਦਾ ਸੰਗ੍ਰਹਿ ਹੈ, ਇਸੇ ਤਰ੍ਹਾਂ ਪ੍ਰਤੀਕ ਮਨੁੱਖ ਤੇ ਜਗਤ ਦੀਆਂ ਅਨੇਕਾਂ ਸੋਚਣੀਆਂ ਦਾ ਸੰਕਲਨ ਹੈ।"[4]

ਉਪਰੋਕਤ ਵਿਚਾਰ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਤੀਕ ਕਿਸੇ ਵਿਚਾਰ,

---

1. By symbol is man guided and commanded, made happy, and wretched. The Universe is but one vast symbol, of God, nay, if thou will have it, what is man himself but a symbol of God(Sartor-Resartus)
2. ਸਿੰਬੋਲਿਜ਼ਮ-ਇਟਸ ਮੀਨਿੰਗ ਐਂਡ ਇਫ਼ੈਕਟ
3. ਦੀ ਸਾਈਕੋ ਐਨੇਲਿਟਿਕ ਮੈਥਡ
4. ਸਾਹਿਤਯ ਸ਼ਾਸਤ੍ਰ

ਭਾਵ ਜਾਂ ਅਨੁਭਵ ਦਾ ਵੇਖੇ ਜਾਂ ਸੁਣੇ ਜਾ ਸਕਣ ਵਾਲਾ ਚਿੰਨ੍ਹ ਹੈ ਜਿਸ ਦਾ ਮਤਵ ਅਨੁਭਵ-ਮੰਡਲਾਂ ਦੀਆਂ ਉਹਨਾਂ ਗੱਲਾਂ ਦੀ ਵਿਆਖਿਆ ਕਰਨਾ ਹੈ ਜਿਹੜੀਆਂ ਕਿ ਕੇਵਲ ਅੰਤਹਕਰਣ ਦੀਆਂ ਬ੍ਰਿਤੀਆਂ ਜਾਂ ਕਲਪਨਾ ਨਾਲ ਮਹਿਸੂਸੀਆਂ ਜਾਂਦੀਆਂ ਹਨ। ਅੰਗਰੇਜ਼ੀ ਦੀ ਆਕਸਫੋਰਡ ਡਿਕਸ਼ਨਰੀ ਵਿਚ ਪ੍ਰਤੀਕ ਦੇ ਅਰਥ ਇਉਂ ਲਿਖੇ ਹੋਏ ਹਨ, "ਪ੍ਰਤੀਕ ਉਹ ਚੀਜ਼ ਹੈ ਜਿਹੜੀ ਸਾਮਾਨਯ ਸੰਮਤੀ ਨਾਲ ਕੁਦਰਤੀ ਤੌਰ ਤੇ ਬਰਾਬਰ ਦੀਆਂ ਖ਼ੂਬੀਆਂ ਜਾਂ ਤੱਥਾਂ ਜਾਂ ਵਿਚਾਰਾਂ ਦੀ ਸਮਾਨਤਾ ਦੇ ਕਾਰਨ ਕਿਸੇ ਹੋਰ ਚੀਜ਼ ਦੀ ਪ੍ਰਤਿਨਿਧਤਾ ਕਰੇ, ਜਿਵੇਂ ਚਿੱਟਾ ਰੰਗ, ਪਵਿੱਤਰਤਾ ਦੀ; ਸ਼ੇਰ, ਦਲੇਰੀ ਦੀ ਤੇ ਕਰਾਸ, ਈਸਾਈਅਤ ਦੀ ਪ੍ਰਤਿਨਿਧਤਾ ਕਰਦਾ ਹੈ।[1] ਡਾ: ਨਿਤਯਾਨੰਦ ਸ਼ਰਮਾ ਨੇ ਪ੍ਰਤੀਕ ਦੀ ਪਰਿਭਾਸ਼ਾ ਇਹਨਾਂ ਸ਼ਬਦਾਂ ਵਿਚ ਕੀਤੀ ਹੈ, "ਅਣ-ਦਿਸਦੀ, ਗ਼ੈਰ-ਹਾਜ਼ਰ ਤੇ ਅਣ-ਮਹਿਸੂਸੇ ਦੀ ਪ੍ਰਤਿਨਿਧਤਾ ਕਰਨ ਵਾਲੀ ਉਸ ਦਿਸਦੀ, ਹਾਜ਼ਰ ਤੇ ਮਹਿਸੂਸੀ ਵਸਤੂ ਨੂੰ ਪ੍ਰਤੀਕ ਕਿਹਾ ਜਾਂਦਾ ਹੈ ਜਿਹੜੀ ਸਮੇਂ, ਸਥਾਨ ਤੇ ਸਭਿਆਚਾਰਕ ਰਹੁਰੀਤਾਂ ਦੇ ਸਦਕੇ ਚਿਰ ਕਾਲ ਤੋਂ ਜਾਣੀ ਪਛਾਣੀ ਹੋਣ ਕਾਰਨ ਸਾਡੇ ਮਨਾਂ ਵਿਚ ਤਿੱਖੀ ਭਾਵਨਾ ਪੈਦਾ ਕਰਦੀ ਹੈ।[2]

ਸੋ, ਪ੍ਰਤੀਕ ਅਣ-ਦਿਸਦੇ ਦੀ ਪ੍ਰਤਿਨਿਧਤਾ ਕਰਦਾ ਹੈ, ਪ੍ਰਤੀਕ ਸਾਡੇ ਮਨ ਵਿਚ ਅਚਣਚੇਤ ਤੇ ਤੁਰਤ ਫੁਰਤ ਕੋਈ ਭਾਵਨਾ ਜਗਾ ਦੇਂਦਾ ਹੈ, ਪ੍ਰਤੀਕ ਉਤੇ ਆਪਣੇ ਸਮੇਂ, ਸਥਾਨ ਤੇ ਸਭਿਆਚਾਰਕ ਆਲੇ-ਦੁਆਲੇ ਦੀ ਮੋਹਰ-ਛਾਪ ਲਗੀ ਹੁੰਦੀ ਹੈ, ਪ੍ਰਤੀਕ ਹੌਲੀ ਹੌਲੀ ਖ਼ਾਸ ਅਰਥ ਅਪਨਾ ਲੈਂਦਾ ਹੈ, ਤੇ ਕਾਵਿ-ਕਲਾ ਵਿਚ ਪ੍ਰਤੀਕਾਂ ਦੀ ਵਿਸ਼ੇਸ਼ ਥਾਂ ਹੈ।

ਕਵੀ ਅਨੁਭਵੀ ਹੁੰਦਾ ਹੈ। ਸਮਾਜ ਵਿਚ ਰਹਿੰਦਿਆਂ ਉਹ ਸੁਚੇਤ ਜੀਵਨ ਜਿਉਂਦਾ ਹੈ। ਸੰਸਾਰ, ਪ੍ਰਕਿਰਤੀ ਤੇ ਆਪਣੇ ਸਾਥੀ ਮਨੁੱਖਾਂ ਨਾਲ ਉਸ ਦਾ ਨਿਰੰਤਰ ਸੰਬੰਧ ਰਹਿੰਦਾ ਹੈ। ਇਸ ਲਈ ਉਹ ਇਹਨਾਂ ਸਾਰੇ ਸੋਮਿਆਂ ਤੋਂ ਜਚਦੇ ਫਬਦੇ ਪ੍ਰਤੀਕ ਚੁਣ ਕੇ ਆਪਣੇ ਮਨੋਭਾਵ ਨੂੰ ਕੋਈ ਖ਼ਾਸ ਰੂਪ ਦੇਣ ਦਾ ਜਤਨ ਕਰਦਾ ਹੈ। ਉਸ ਦੇ ਪ੍ਰਤੀਕ ਅਧਿਆਤਮਕ, ਮਿਥਿਹਾਸਕ, ਭਾਵਾਤਮਕ, ਵਿਸ਼ਵ-ਵਿਆਪੀ ਤੇ ਵਿਅਕਤੀਗਤ ਆਦਿ ਕਈ ਤਰ੍ਹਾਂ ਦੇ ਹੋ ਸਕਦੇ ਹਨ।

ਪੰਜਾਬੀ ਕਵਿਤਾ ਵਿਚ ਕਈ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਮਿਲਦੀ ਹੈ। ਪੰਜਾਬੀ ਕਵਿਤਾ ਦੇ ਪਿਤਾਮਾ ਸ਼ੇਖ ਫ਼ਰੀਦ ਨੇ ਆਪਣੀ ਕਵਿਤਾ ਵਿਚ ਇਹਨਾਂ ਪ੍ਰਤੀਕਾਂ ਦੀ ਭਰਪੂਰ ਵਰਤੋਂ ਕੀਤੀ ਹੈ। ਉਸ ਦੇ ਪ੍ਰਤੀਕ ਇਸਲਾਮ ਨਾਲ ਵੀ ਸੰਬੰਧਤ ਹਨ ਤੇ ਆਪਣੇ ਸਮੇਂ ਦੇ ਸਮਾਜਕ ਘੇਰੇ ਵਿਚੋਂ ਵੀ ਲਏ ਗਏ ਹਨ। ਇਵੇਂ ਹੀ ਗੁਰਬਾਣੀ ਵਿਚ ਅਧਿਆਤਮਕ ਭਾਵਾਂ ਦੇ

1 ਦੀ ਕਨਸਾਈਜ਼ ਆਕਸਫੋਰਡ ਡਿਕਸ਼ਨਰੀ ਆਫ਼ ਕੱਰੰਟ ਇੰਗਲਿਸ਼

2 ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕ-ਵਿਧਾਨ।

ਪਰਗਟਾ ਲਈ ਪ੍ਰਤੀਕਾਂ ਦੀ ਅਨੇਕ-ਭਾਂਤੀ ਵਰਤੋਂ ਵਿਦਮਾਨ ਹੈ। ਡਾ: ਪ੍ਰੇਮ ਪਰਕਾਸ਼ ਸਿੰਘ ਲਿਖਦੇ ਹਨ :

" ਨਿਰਗੁਣ ਕਵੀਆਂ ਨੇ ਪ੍ਰਤੀਕਾਂ ਦੇ ਮਾਧਿਅਮ ਨਾਲ ਆਪਣੇ ਅਧਿਆਤਮਕ, ਰਹੱਸਵਾਦੀ, ਭਗਤੀ ਵਾਦੀ, ਸਿਖਿਆਤਮਕ ਤੇ ਸੁਹਜ ਵਾਦੀ ਖ਼ਿਆਲ ਪਰਗਟਾਏ ਹਨ। ਇਨ੍ਹਾ ਨੇ ਹਰ ਪ੍ਰਕਾਰ ਦੇ ਸੋਮੇਂ ਤੋਂ ਪ੍ਰਤੀਕ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। ਖ਼ਾਸ ਕਰਕੇ ਅਜਿਹੇ ਪ੍ਰਤੀਕ ਜਿਹੜੇ ਲੋਕ-ਚੇਤਨਾ ਨਾਲ ਚਿਰਾਂ ਤੋਂ ਜੁੜੇ ਆ ਰਹੇ ਹਨ ਅਤੇ ਜਿਨ੍ਹਾਂ ਤੋਂ ਜਨ-ਸਾਧਾਰਣ ਭਲੀ ਭਾਂਤ ਜਾਣੂ ਹੈ। ਕੁਦਰਤੀ ਆਲਾ ਦੁਆਲਾ, ਘਰੇਲੂ ਵਿਹਾਰ ਕਾਰ, ਵਣਜ ਵਪਾਰ, ਧਨ-ਦੌਲਤ, ਨਾਤੇ-ਰਿਸ਼ਤੇ, ਜੀਵ-ਜੰਤੂ, ਹਾਰ-ਸ਼ਿੰਗਾਰ, ਮਰਨਾ-ਪਰਨਾ ਆਦਿ ਹਰ ਪਰਕਾਰ ਦੇ ਸੋਮੇ ਤੋਂ ਪ੍ਰਤੀਕ ਸਾਮਗਰੀ ਨੂੰ ਇੱਕਤਰ ਕੀਤਾ ਗਿਆ ਹੈ। [1]

ਭਾਈ ਗੁਰਦਾਸ ਦੀਆਂ ਵਾਰਾਂ ਦਾ ਆਧਾਰ ਗੁਰਬਾਣੀ ਹੈ। ਗੁਰਬਾਣੀ ਵਿਚਲੇ ਡੂੰਘੇ ਵਿਚਾਰਾਂ ਨੂੰ ਭਾਈ ਸਾਹਿਬ ਨੇ ਵਾਰਾਂ ਰਾਹੀਂ ਸੌਖੇ ਢੰਗ ਨਾਲ ਸਮਝਾਉਣ ਦਾ ਸਫਲ ਜਤਨ ਕੀਤਾ ਹੈ। ਇਸ ਲਈ ਭਾਈ ਸਾਹਿਬ ਦੀਆਂ ਵਾਰਾਂ ਵਿਚ ਵਰਤੇ ਪ੍ਰਤੀਕ ਕਾਫ਼ੀ ਹਦ ਤਕ ਗੁਰਬਾਣੀ ਵਿਚ ਵਰਤੇ ਗਏ ਪ੍ਰਤੀਕਾਂ ਨਾਲ ਮੇਲ ਖਾਂਦੇ ਹਨ। ਪਰ ਕਿਉਂਕਿ ਭਾਈ ਸਾਹਿਬ ਦਾ ਵਰਣਨ ਢੰਗ ਆਪਣਾ ਵਖਰਾ, ਨਵੇਕਲਾ ਹੈ ਇਸ ਲਈ ਉਨ੍ਹਾਂ ਦ ਵਰਤੇ ਪ੍ਰਤੀਕਾਂ ਵਿਚ ਨਵੇਕਲੇਪਨ ਦੀ ਝਲਕ ਵੀ ਜ਼ਰੂਰ ਹੈ। ਭਾਈ ਸਾਹਿਬ ਦੇ ਪ੍ਰਤੀਕਾਂ ਦੀ ਰੰਗਣ ਘਰੇਗੀ, ਛਬੀ ਕੁਦਰਤੀ ਤੇ ਸੁੰਦਰ ਤੇ ਢੁਕਵੀਂ ਹੈ। ਇਕ ਹੀ ਵਿਚਾਰ ਦੀ ਪੁਸ਼ਟੀ ਲਈ ਜੀਵਨ ਦ ਆਲੇ ਦੁਆਲੇ ਵਿਚੋਂ ਕਈ ਪ੍ਰਤੀਕਾਂ ਦੀ ਵਰਤੋਂ ਭਾਈ ਸਾਹਿਬ ਦੀਆਂ ਵਾਰਾਂ ਦਾ ਖ਼ਾਸ ਗੁਣ ਹੈ।

ਭਾਈ ਸਾਹਿਬ ਨੇ ਕੁਦਰਤੀ ਨਜ਼ਾਰਿਆਂ ਤੇ ਵਸਤੂਆਂ ਨੂੰ ਪ੍ਰਤੀਕ ਰੂਪ ਵਿਚ ਅੰਕਿਤ ਕਰ ਕੇ ਉਹਨਾਂ ਰਾਹੀਂ ਅਧਿਆਤਮਕ, ਰਹੱਸਵਾਦੀ ਤੇ ਨੈਤਿਕ ਭਾਵ ਸਪੱਸ਼ਟ ਕੀਤੇ ਹਨ। ਗੁਰਮੁਖ ਤੇ ਮਨਮੁਖ ਦਾ ਫ਼ਰਕ ਦੱਸਣ ਲਈ ਤੇ ਉਹਨਾਂ ਦਾ ਸਰੂਪ ਉਜਾਗਰ ਕਰਨ ਲਈ ਭਾਈ ਸਾਹਿਬ ਨੇ 'ਹੰਸ' ਤੇ 'ਬਗਲੇ' ਦਾ ਪ੍ਰਤੀਕ ਵਰਤਿਆ ਹੈ :-

ਹੰਸ ਨ ਛੱਡੈ ਮਾਨਸਰ ਬਗੁਲਾ ਬਹੁ ਛੱਪੜ ਫਿਰ ਆਵੈ। [2]

ਤੇ ਇਸੇ ਤਰ੍ਹਾਂ 'ਕੋਇਲ' ਤੇ 'ਕਾਂ' ਨੂੰ ਵੀ ਪ੍ਰਤੀਕ ਬਣਾਇਆ ਹੈ :-

ਕੋਇਲ ਬੋਲੇ ਅੰਬ ਵਣ, ਵਣ ਵਣ ਕਾਉਂ ਕੁਥਾਉਂ ਸੁਖਵੈ। [3]

ਹੰਸ ਤੇ ਕੋਇਲ, ਗੁਰਮੁਖ ਦੇ ਸਥਿਰ ਸੁਭਾ ਨੂੰ ਦਰਸਾ ਰਹੇ ਹਨ ਤੇ ਇਸ ਦੇ ਟਾਕਰੇ ਤੇ ਬਗਲਾ ਤੇ ਕਾਂ, ਮਨਮੁਖ ਦੇ ਦਬਿਧਾ ਦ੍ਵੈਤ ਗ੍ਰਸੇ ਸੁਭਾ ਦੇ ਸੂਚਕ ਹਨ। ਡਾ: ਪਦਮਾ

1. ਏ ਕਰਿਟੀਕਲ ਸੱਟਡੀ ਆਫ਼ ਨਿਰਗੁਣ ਸਕੂਲ ਆਫ਼ ਪੰਜਾਬੀ ਪੋਇਟਰੀ।
2. ਵਾਰਾ ਭਾਈ ਗੁਰਦਾਸ ਵਾਰ 5 ਪਉੜੀ 19.
3. ਉਹੀ ,, ਵਾਰ 5, ਪਉੜੀ 19.

ਅਗਰਵਾਲ ਦੀ ਲਿਖਤ ਹੈ "ਪ੍ਰਤੀਕ ਮਨੁੱਖੀ ਸੁਭਾ ਨੂੰ ਉਜਾਗਰ ਕਰਨ ਦੀ ਸਮਰਥਾ ਰਖਦੇ ਹਨ" ।[1]

ਇਕ ਹੋਰ ਥਾਂ ਮਨਮੁੱਖ ਨੂੰ ਸੰਖ ਦੇ ਪ੍ਰਤੀਕ ਰਾਹੀਂ ਵਿਅਕਤ ਕੀਤਾ ਹੈ :-

ਸੰਖ ਸਮੁੰਦਹੁ ਸਖਣਾ ਧਾਹਾਂ ਦੇ ਦੇ ਰੋਇਸੁਣਾਏ ।[2]

ਇਸੇ ਤਰ੍ਹਾਂ ਮਨਮੁੱਖ ਦੇ ਮੰਦੇ ਸੁਭਾਵ ਨੂੰ ਦਰਸਾਉਣ ਲਈ ਡੱਡੂ, ਉੱਲੂ, ਰੋਗੀ, ਰਿਲ ਬੂਆੜ, ਕੋਹਾਂ, ਅਕ-ਟਿੱਡਾ, ਖਰ (ਗਧਾ)[3] ਆਦਿ ਨੂੰ ਪ੍ਰਤੀਕ ਦੇ ਤੌਰ ਤੇ ਵਰਤਿਆ ਹੈ। ਇਸ ਦੇ ਟਾਕਰੇ ਤੇ ਗੁਰਮੁਖ ਨੂੰ ਚੰਦਨ ਦੇ ਪ੍ਰਤੀਕ ਰਾਹੀਂ ਉਜਾਗਰ ਕੀਤਾ ਹੈ; ਗੁਰਮੁਖ ਲਈ ਪਾਰਸ, ਮੁਹਾਣਾ, ਜਲ-ਕਮਲ ਫੁੱਲ[4] ਆਦਿ ਪ੍ਰਤੀਕ ਵੀ ਵਰਤੇ ਹਨ ।

ਨਿਮਰਤਾ ਮਨੁੱਖੀ ਸੁਭਾਵ ਦਾ ਇਕ ਚੰਗਾ ਗੁਣ ਹੈ। ਨਿਮਰਤਾ ਦਾ ਸੰਦੇਸ਼ ਦੇਣ ਲਈ ਭਾਈ ਸਾਹਿਬ ਨੇ ਧਰਤੀ, ਚਰਨ, ਜਲ, ਘਾਹ, ਤਿਲ, ਵੜੇਵਾਂ, ਅਨਾਰ ਦਾਣਾ, ਖ਼ਸਖ਼ਾਸ ਦਾ ਦਾਣਾ, ਕਮਾਦ[5] ਆਦਿ ਵਸਤੂਆਂ ਨੂੰ ਪ੍ਰਤੀਕ ਬਣਾ ਕੇ ਵਰਤਿਆ ਹੈ। ਇਸ ਦੇ ਟਾਕਰੇ ਤੇ ਹੰਕਾਰੀਆਂ ਲਈ ਅੱਗ, ਸਿੰਮਲ, ਚੀਲ੍ਹ, ਬਾਂਸ[6] ਆਦਿ ਪ੍ਰਤੀਕ ਵਰਤੇ ਹਨ :-

ਅੱਗੀ ਲਾਟ ਉਚਾਟ ਹੈ ਸਿਰ ਉੱਚਾ ਕਰ ਕਰੇ ਕੁਚਾਰਾ ।
ਸਿਰ ਨੀਵਾਂ ਨੀਵਾਣ ਵਾਸ ਪਾਣੀ ਅੰਦਰ ਪਰਉਪਕਾਰਾ ।[7]

ਪ੍ਰਭੂ ਸਰਬ ਵਿਆਪਕ ਹੈ, ਘਟ ਘਟ ਵਿਚ ਵਸਦਾ ਹੈ। ਅਲੀ ਹੈਦਰ ਸੂਫ਼ੀ ਫ਼ਕੀਰ ਨੇ ਕਿਹਾ ਹੈ :-

ਜਿਵੇਂ ਦੁਧ ਥੀਂ ਦਹੀਂ ਤੇ ਮੱਖਣ ਵੇ ਹੈਦਰ,
ਤਿਵੇਂ ਫ਼ਰਕ ਨਾ ਰੱਬ ਦੀ ਜ਼ਾਤ ਦਾ ਈ " ।

ਇਸ ਭੇਤ ਨੂੰ ਜ਼ਾਹਰ ਕਰਨ ਲਈ, ਜਨ-ਸਾਧਾਰਣ ਦੀ ਸਮਝ ਗੋਚਰੇ ਲਿਆਉਣ ਲਈ, ਭਾਈ ਸਾਹਿਬ ਨੇ ਸੂਤ, ਸੋਨਾ, ਗੰਨਾ, ਦੁਧ, ਸੂਰਜ, ਪਾਣੀ,[8] ਆਦਿ ਨੂੰ ਪ੍ਰਤੀਕ ਬਣਾ ਕੇ ਵਰਤਿਆ ਹੈ। ਇਕੋ ਚੀਜ਼ ਨੂੰ ਵਖਰੇ ਵਖਰੇ ਰੂਪ ਧਾਰਦਿਆਂ ਵਿਖਾ ਕੇ ਤੇ ਉਹਨਾਂ ਚੀਜ਼ਾਂ ਦੇ ਵਖਰੇ-ਵਖਰੇ ਨਾਂ ਦਸ ਕੇ ਫਿਰ ਵੀ ਉਹਨਾਂ ਵਿਚ ਇਕੋ ਚੀਜ਼ ਦੇ ਵਿਆਪਕ ਹੋਣ ਤੋਂ ਹਰ ਸ਼ੈ ਵਿਚ

---

1. ਸਿੰਬੋਲਿਜ਼ਮ ਇੰਨ ਆਰਟ ।
2. ਵਾਰਾਂ ਭਾਈ ਗੁਰਦਾਸ, ਵਾਰ 17 ਪਉੜੀ, ਪਹਿਲੀ
3. ਉਹੀ ,, ਵਾਰ 17, ਪਉੜੀ 2, 6, 13, 16, 17, 19, 20
4. ਉਹੀ ,, ਵਾਰ 16, ਪਉੜੀ 2, 3, 5, 6, 9
5. ਉਹੀ ,, ਵਾਰ 4, ਪਉੜੀ 2, 4, 8, 9, 10, 11, 13, 14
6. ਉਹੀ ,, ਵਾਰ 17, ਪਉੜੀ 5
7 ਉਹੀ ,, ਵਾਰ 4, ਪਉੜੀ 5.
8. ਉਹੀ ,, ਵਾਰ 2, ਪਉੜੀ 10, 11, 12, 13, 14, 15

ਪ੍ਰਭੂ ਦੀ ਹੋਂਦ ਦਾ ਗਿਆਨ ਕਰਵਾਇਆ ਹੈ। ਸੂਤ ਦੀ ਉਦਾਹਰਣ ਤੋਂ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਆਪ ਹੀ ਸਭ ਥਾਂ ਵਰਤ ਰਿਹਾ ਹੈ :–

ਹੋਵੈ ਸੂਤ ਕਪਾਹ ਦਾ ਕਰ ਤਾਣਾ ਵਾਣਾ।
ਸੂਤਹੁ ਕਪੜ ਜਾਣੀਐ ਆਖਾਣ ਵਖਾਣਾ।
ਚਉਸੀ ਤੈ ਚੌਤਾਰ ਹੋਇ ਗੰਗਾ ਜਲ ਜਾਣਾ।
ਖ਼ਾਸਾ ਮਲਮਲ ਸਿਰੀਸਾਫ਼ ਤਨਸੁਖ ਮਨ ਭਾਣਾ।
ਪਗ ਦੁਪੱਟਾ ਚੋਲਣਾ ਪਟਕਾ ਪਰਵਾਣਾ।
ਆਪੇ ਆਪ ਵਰਤਦਾ ਗੁਰਮੁਖ ਰੰਗ ਮਾਣਾ।[1]

ਭਾਈ ਗੁਰਦਾਸ ਦੀਆਂ ਵਾਰਾਂ ਦੀ ਸ਼ੈਲੀ ਅੰਲਕਾਰਕ ਹੈ ਤੇ ਹੈ ਵੀ ਇਹ ਕਈ ਪ੍ਰਕਾਰ ਦੀ। ਭਾਈ ਸਾਹਿਬ ਨੇ ਅਨੇਕ ਤਰ੍ਹਾਂ ਦੇ ਪ੍ਰਤੀਕ ਤੇ ਚਿੰਨ੍ਹ ਵਰਤ ਕੇ ਵਿਸ਼ਾਲ ਅਰਥ ਵਿਅਕਤ ਕੀਤੇ ਹਨ।

ਸਚ ਤੇ ਝੂਠ ਦੋ ਅਜਿਹੀਆਂ ਵਸਤੂਆਂ ਹਨ ਜੋ ਵੇਖੀਆਂ ਨਹੀਂ ਜਾ ਸਕਦੀਆਂ, ਵਿਖਾਈਆਂ ਨਹੀਂ ਜਾ ਸਕਦੀਆਂ। ਇਹਨਾਂ ਦੀ ਪਛਾਣ ਹੀ ਕਰਾਈ ਜਾ ਸਕਦੀ ਹੈ ਜੋ ਪ੍ਰਤੀਕਾਂ ਦੀ ਵਰਤੋਂ ਦੁਆਰਾ ਹੀ ਹੋ ਸਕਦੀ ਹੈ। ਸਚ ਤੇ ਝੂਠ ਲਈ ਵਰਤੇ ਪ੍ਰਤੀਕਾਂ ਦੀ ਸੂਚੀ ਹੇਠਲੀ ਪਉੜੀ ਵਿਚੋਂ ਮਿਲਦੀ ਹੈ :-

ਸੱਚ ਸੂਰਜ ਪਰਗਾਸ ਹੈ, ਕੂੜਹੁ ਘੁਘੂ ਕੁਝ ਨ ਸੁਝੈ।
ਸੱਚ ਵਣਾਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੁਝੈ।
ਸਚਹੁੰ ਸਫਲ ਤਰੋਵਰਾ ਸਿੰਮਲ ਅਫਲ ਵਡਾਈ ਲੁਝੈ।
ਸਾਵਣ ਵਣ ਹਰੀਆਵਲੇ ਸੁੱਕੇ ਅੱਕ ਜਵਾਹਾਂ ਰੁਝੈ।
ਮਾਨਕ ਮੋਤੀ ਮਾਨਸਰ ਸੰਖ ਨਿਸਖਣਿ ਹਸਤਿਨਿ ਦੁਝੈ।
ਸੱਚ ਗੰਗੋਦਕ ਨਿਰਮਲਾ ਕੂੜ ਰਲੇ ਮਦ ਪ੍ਰਗਟ ਗੁਝੈ।
ਸੱਚ ਸੱਚਾ ਕੂੜ ਕੂੜਹੁ ਬੁਝੈ।[2]

ਇਸ ਪਉੜੀ ਵਿਚਲੇ ਪ੍ਰਤੀਕ ਰੂਪਕ ਹੋ ਨਿਬੜੇ ਹਨ। ਇਹਨਾਂ ਪ੍ਰਤੀਕਾਂ ਤੋਂ ਇਲਾਵਾ ਭਾਈ ਸਾਹਿਬ ਸਚ ਤੇ ਝੂਠ ਲਈ ਹੋਰ ਵੀ ਕਈ ਪ੍ਰਤੀਕ ਵਰਤਦੇ ਹਨ ਜਿਵੇਂ ਸੱਚ ਲਈ ਗੁਰਮੁਖ, ਸੋਨਾ, ਹੀਰਾ, ਦਾਤਾ, ਸ਼ਾਹ, ਸਿਰ-ਪਗ, ਸ਼ੇਰ ਆਦਿ ਤੇ ਝੂਠ ਲਈ ਮਨਮੁਖ, ਕੱਚ, ਫਟਕ, ਮੰਗਤਾ, ਚੋਰ, ਕਛੋਟਾ, ਹੀਣਾ ਹਿਰਣੌਟਾ ਆਦਿ।[3]

1. ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 10
2. ਉਹੀ ,, ਵਾਰ 30, ਪਉੜੀ 11
3. ਉਹੀ ,, ਵਾਰ 30, ਪਉੜੀ 5,6, 7

ਮੂਰਖਾਂ ਦੇ ਕੰਮ ਕਾਜ ਤੇ ਸੁਭਾ ਦਰਸਾਉਣ ਲਈ ਭਾਈ ਸਾਹਿਬ ਨੇ 32ਵੀਂ ਵਾਰ ਵਿਚ ਅਨੇਕਾਂ ਪ੍ਰਤੀਕ ਵਰਤੇ ਹਨ। ਮੂਰਖ, ਸੁਭਾ ਦਾ ਅੜੀਅਲ ਹੁੰਦਾ ਹੈ, ਉਸ ਦੇ ਸੁਭਾ ਦੇ ਇਸ ਪੱਖ ਨੂੰ ਤੋਤੇ, ਬਾਂਦਰ, ਖੋਤੇ ਤੇ ਕੁੱਤੇ ਦੇ ਸੁਭਾ ਰਾਹੀਂ ਪਰਗਟ ਕੀਤਾ ਹੈ।[1] ਮੂਰਖ ਦੀਆਂ ਭੈੜੀਆਂ ਆਦਤਾਂ ਨੂੰ ਹਾਥੀ, ਊਠ ਆਦਿ ਦੀਆਂ ਆਦਤਾਂ ਰਾਹੀਂ ਸਾਕਾਰ ਕੀਤਾ ਹੈ :-

ਜਿਉਂ ਹਾਥੀ ਦਾ ਨ੍ਹਾਵਣਾ ਬਾਹਰ ਨਿਕਲ ਖੇਹ ਉਡਾਵੈ।
ਜਿਉਂ ਊਠ ਦਾ ਖਾਵਣਾ ਪਰਹਰ ਕਣਕ ਜਵਾਹਾਂ ਖਾਵੈ।
ਕਮਲੇ ਦਾ ਕਛੋਟੜਾ ਕਦੇ ਲੱਕ ਕਦੇ ਸੀਸ ਵਲਾਵੈ।
....
ਮੱਖੀ ਬਾਣ ਕੁਬਾਣ ਹੈ ਲੈ ਦੁਰਗੰਧ ਸੁਗੰਧ ਨ ਭਾਵੈ।
ਮੂਰਖ ਦਾ ਕਿਹੁ ਹੱਥ ਨ ਆਵੈ।[2]

ਇਉਂ ਹੀ ਬੇ-ਮੁਖਾਂ, ਦੁਬਾਜਰਿਆਂ, ਕਪਟ-ਸਨੇਹੀਆਂ, ਨਿੰਦਕਾਂ, ਮੀਣਿਆਂ ਆਦਿ ਲਈ ਕਈ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਕਰ ਕੇ ਇਹਨਾਂ ਦੇ ਸੁਭਾਵ ਤੋਂ ਜਾਣੂ ਕਰਾਇਆ ਗਿਆ ਹੈ।

ਇਸ ਸੰਸਾਰ ਨੂੰ ਥੋੜ-ਚਿਰਾ ਦੱਸਣ ਲਈ ਨਦੀ ਨਾਵ, ਸੁਪਨੇ ਤੇ ਰੁਖ ਦੀ ਛਾਂ ਨੂੰ ਪ੍ਰਤੀਕ ਬਣਾਂਦੇ ਹਨ :-

ਨਦੀ ਨਾਵ ਸੰਜੋਗ ਮੇਲ ਮਿਲਾਇਆ।
ਸੁਪਨੇ ਅੰਦਰ ਭੋਗ ਰਾਜ ਕਮਾਇਆ।
ਕਦੇ ਹਰਖ ਕਦੇ ਸੋਗ ਤਰਵਰ ਛਾਇਆ।[3]

ਗੁਰਮੁਖ ਨੂੰ (ਇਸ ਸੰਸਾਰ ਵਿਚ) ਪਰਾਹੁਣੇ ਦੇ ਪ੍ਰਤੀਕ ਰਾਹੀਂ ਪਰਗਟ ਕੀਤਾ ਹੈ :-

ਗੁਰਮੁਖ ਸੁਘੜ ਸੁਜਾਣ ਗੁਰ ਸਮਝਾਇਆ।
ਮਿਹਮਾਣੀ ਮਿਹਮਾਣ ਮਜਲਸ ਆਇਆ।[4]

ਇਹ ਗੁਰਮੁਖ ਆਪਣੇ ਗੁਰੂ ਨਾਲ ਅਤੁਟ ਪ੍ਰੀਤ ਕਰਦਾ ਹੈ। ਗੁਰਮੁਖ ਤੇ ਗੁਰੂ ਦੀ ਇਸ ਪ੍ਰੀਤ ਨੂੰ ਭਾਈ ਸਾਹਿਬ ਨੇ ਪੀਰ ਤੇ ਮੁਰੀਦ ਦੀ ਪਿਰਹੜੀ ਕਿਹਾ ਹੈ ਤੇ ਇਸ ਪ੍ਰੀਤ ਨੂੰ ਪਰਗਟਾਉਣ ਲਈ ਕਈ ਪ੍ਰਤੀਕਾਂ ਦਾ ਆਸਰਾ ਲਿਆ ਹੈ, ਜਿਵੇਂ ਚੰਨ ਚਕੋਰ, ਚਕਵੀ ਸੂਰਜ, ਕਵਲ ਜਲ, ਮੋਰ-ਬਬੀਹੇ-ਬਦਲ, ਨਾਰ ਭਤਾਰ, ਮਾਂ ਪੁਤ[5] ਆਦਿ।

1. ਵਾਰਾਂ ਭਾਈ ਗੁਰਦਾਸ, ਵਾਰ 32, ਪਉੜੀ 11.
2. ਉਹੀ ,, ਵਾਰ 32, ਪਉੜੀ 10.
3. ਉਹੀ ,, ਵਾਰ 19, ਪਉੜੀ 8.
4. ਉਹੀ ,, ਵਾਰ 19, ਪਉੜੀ 3
5. ਉਹੀ, ,, ਵਾਰ 27, ਪਉੜੀ 4

ਇਹ ਗੁਰਮੁਖ ਸਾਧ ਸੰਗਤ ਵਿਚ ਰਹਿੰਦੇ ਹਨ। ਜੇ ਗੁਰਮੁਖ ਲਈ 'ਹੰਸ' ਨੂੰ ਪ੍ਰਤੀਕ ਬਣਾਇਆ ਹੈ ਤਾਂ ਸਾਧ ਸੰਗਤ ਲਈ ਮਾਨ ਸਰੋਵਰ [1], ਸੁਖ ਸਾਗਰ [2], ਸਚਖੰਡ [3], ਆਦਿ ਪ੍ਰਤੀਕ ਵਰਤੇ ਹਨ।

ਇਸ ਸਾਰੀ ਵਿਚਾਰ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਨੇ ਜੀਵਨ ਦੇ ਆਮ ਖੇਤਰ ਵਿਚੋਂ ਪ੍ਰਤੀਕ ਲਏ ਹਨ ਤੇ ਅਖੀਂ ਦਿਸਦੇ ਯਥਾਰਥ ਪਦਾਰਥਾਂ ਨੂੰ ਇਸ ਮਤਲਬ ਲਈ ਵਰਤਿਆ ਹੈ। ਇਹ ਪ੍ਰਤੀਕ ਘਰੋਗੀ, ਜਾਣੇ ਪਛਾਣੇ ਹੋਣ ਕਰਕੇ ਵਧੇਰੇ ਪ੍ਰਭਾਵਸ਼ਾਲੀ ਹਨ। ਕਿਉਂਕਿ ਇਹ ਚਿੰਨ੍ਹ ਆਪ-ਪਰਖੇ ਤੇ ਮਨੁੱਖੀ-ਅਨੁਭਵ ਦੇ ਨੇੜੇ ਦੇ ਹਨ ਇਸ ਲਈ ਇਹ ਸਜਿੰਦ ਤੇ ਅਰਥ-ਭਰਪੂਰ ਹਨ। ਭਾਵੇਂ ਭਾਈ ਸਾਹਿਬ ਦੇ ਕੁਝ ਪ੍ਰਤੀਕ ਜਿਵੇਂ ਮਾਨ-ਸਰੋਵਰ, ਸੁਖ ਸਾਗਰ, ਸਚਖੰਡ ਆਦਿ ਨੂੰ ਅਸੀਂ ਗਿਆਨ-ਇੰਦਰੀਆਂ ਰਾਹੀਂ ਨਹੀਂ ਮਾਣ ਸਕਦੇ ਫਿਰ ਕਲਪਨਾ ਤੇ ਵਿਸ਼ਵਾਸ਼ ਇਸ ਪੱਖ ਵਿਚ ਸਾਡੀ ਸਹਾਇਤਾ ਕਰਦੇ ਹਨ। ਇਹਨਾਂ ਪ੍ਰਤੀਕਾਂ ਦੀ ਚੋਣ ਤੇ ਫਿਰ ਇਹਨਾਂ ਨੂੰ ਸੰਗ੍ਰਹਿ ਕਰਨਾ ਇਕ ਮਹਾਨ ਕੰਮ ਹੈ। ਇਹਨਾਂ ਪ੍ਰਤੀਕਾਂ ਦੀ ਸੂਚੀ ਏਨੀ ਭਰਪੂਰ ਤੇ ਲੰਮੀ ਹੈ ਕਿ ਵਿਸਥਾਰ ਦੇ ਡਰ ਤੋਂ ਸਾਰੀ ਦੀ ਸਾਰੀ ਦਿੱਤੀ ਨਹੀਂ ਜਾ ਸਕਦੀ।

ਇਹਨਾਂ ਪ੍ਰਤੀਕਾਂ ਦੀ ਵਰਤੋਂ ਨੇ ਗੂੜ ਤੋਂ ਗੂੜ੍ਹ ਭਾਵਾਂ ਨੂੰ ਸੌਖੇ ਢੰਗ ਵਿਚ ਪੇਸ਼ ਕੀਤਾ ਹੈ। ਇਹਨਾਂ ਦੀ ਸਹਾਇਤਾ ਬਿਨਾਂ ਸ਼ਾਇਦ ਇਹ ਮੰਤਵ ਸਿਧ ਨਾ ਹੁੰਦਾ। ਤੇ ਜੇ ਇਹ ਕਿਹਾ ਜਾਵੇ ਕਿ ਭਾਈ ਸਾਹਿਬ ਦੀਆਂ ਵਾਰਾਂ ਦਾ 'ਗੁਰੂ ਗ੍ਰੰਥ ਸਾਹਿਬ ਦੀ ਕੁੰਜੀ' ਹੋਣ ਵਿਚ ਪ੍ਰਤੀਕਾਂ ਦਾ ਬਹੁਤ ਵੱਡਾ ਹਿੱਸਾ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

(ਕ) ਭਾਈ ਗੁਰਦਾਸ ਦੀਆਂ ਵਾਰਾਂ ਦਾ ਛੰਦ-ਪ੍ਰਬੰਧ

ਕਵਿਤਾ ਨੂੰ ਵਾਰਤਕ ਨਾਲੋਂ ਜੇ ਕੋਈ ਸਪੱਸ਼ਟਭਾਂਤ ਨਿਖੇੜਨ ਵਾਲੀ ਸ਼ੈ ਹੈ ਤਾਂ ਉਹ ਇਸ ਦੀ ਲੈ-ਮਈ, ਤੋਲ-ਬੱਝੀ ਰਚਨਾ ਹੈ। ਕਾਰਲਾਈਲ ਅਨੁਸਾਰ ਕਵਿਤਾ, 'ਗਾਉਂਦਾ ਖ਼ਿਆਲ' ਹੈ; ਐਡਗਰ ਐਲਨ ਪੋ ਦੇ ਕਥਨ ਅਨੁਸਾਰ ਕਵਿਤਾ "ਸੁੰਦਰਤਾ ਦਾ ਲੈ-ਮਈ ਪਰਗਟਾ" ਹੈ ਅਤੇ ਵਾਟਸ ਡੰਟਨ ਤੇ ਪ੍ਰੋ: ਕੋਰਟ ਹੋਪ ਦੇ ਸ਼ਬਦਾਂ ਵਿਚ ਕਵਿਤਾ, "ਜਜ਼ਬੇ-ਗੁੰਧੀ, ਲੈ-ਭਰੀ ਬੋਲੀ ਰਾਹੀਂ ਮਨੁੱਖੀ ਮਨ ਦਾ ਕਲਾਤਮਕ ਚਿਤਰਨ" ਹੈ; ਮੈਥਿਊ ਆਰਨਲਡ ਕਹਿੰਦਾ ਹੈ ਕਿ "ਕਵਿਤਾ ਦਾ ਰਾਗ-ਤੋਲ ਕਿਸੇ ਵਿਸ਼ੇਸ਼ ਨਿਯਮ ਵਿਚ ਬੱਝਾ ਹੁੰਦਾ ਹੈ, ਵਾਰਤਕ ਨਾਲੋਂ ਨਿਪਟ ਵੱਖਰਾ, ਇਹ ਤੋਲ ਕਵਿਤਾ ਨੂੰ ਉਤਮ ਬਣਾਉਣ ਵਿਚ ਬਹੁਤ ਸਹਾਈ ਹੁੰਦਾ ਹੈ।"

1. ਵਾਰਾਂ ਭਾਈ ਗੁਰਦਾਸ, ਵਾਰ 16, ਪਉੜੀ 8
2. ਉਹੀ „ ਵਾਰ 12, ਪਉੜੀ 20
3. ਉਹੀ „ ਵਾਰ 16, ਪਉੜੀ 12

ਕਵਿਤਾ ਸੰਬੰਧੀ ਉਪਰੋਕਤ ਵਿਚਾਰ ਤੋਂ ਇਕ ਸਿੱਟਾ ਨਿਕਲਦਾ ਹੈ ਕਿ ਤੋਲ, ਕਵਿਤਾ ਦਾ ਇਕ ਜ਼ਰੂਰੀ ਤੱਤ ਹੈ। ਇਸ ਨਿਯਮ-ਬਧ ਤੋਲ ਨੂੰ ਹੀ ਛੰਦ ਆਖਿਆ ਜਾਂਦਾ ਹੈ ਤੇ ਇਸੇ ਲਈ ਕਵਿਤਾ ਨੂੰ, ਆਮ ਕਰ ਕੇ, ਛੰਦ-ਬਧ ਰਚਨਾ ਕਹਿੰਦੇ ਹਨ। ਭਾਵੇਂ ਅਜ ਦੇ ਯੁਗ ਵਿਚ ਛੰਦ ਰਹਿਤ ਕਵਿਤਾ ਵੀ ਰਚੀ ਜਾ ਰਹੀ ਹੈ, ਪਰ ਕਵਿਤਾ ਵਿਚ ਛੰਦ ਦੀ ਮਹਾਨਤਾ ਤੋਂ ਅੱਜ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਪੁਰਾਤਨ ਕਾਵਿ-ਸਾਹਿਤ, ਸਾਰੇ ਦਾ ਸਾਰਾ, ਛੰਦ-ਬਧ ਹੈ ਤੇ ਇਹ ਵਿਚਾਰ ਬੜਾ ਪਰਪੱਕ ਸੀ ਕਿ ਛੰਦ ਤੋਂ ਬਿਨਾਂ ਕਵਿਤਾ, ਕਵਿਤਾ ਨਹੀਂ ਹੁੰਦੀ ਹੋਰ ਭਾਵੇਂ ਕੁਝ ਹੋਵੇ। ਭਾਰਤੀ ਸਾਹਿਤ ਵਿਚ ਤਾਂ ਕਵੀਆਂ ਲਈ ਛੰਦ ਇਕ ਜ਼ਰੂਰੀ ਵਿਦਿਆ ਸੀ। ਇਸ ਨੂੰ 'ਪਿੰਗਲ' ਕਿਹਾ ਜਾਂਦਾ ਹੈ ਕਿਉਂਕਿ ਪਿੰਗਲ ਆਚਾਰੀਆ ਨੇ ਹੀ 'ਛੰਦ-ਸੂਤਰ' ਗ੍ਰੰਥ ਲਿਖਿਆ ਸੀ। ਇਹ ਗ੍ਰੰਥ, ਇਸ ਸੰਬੰਧ ਵਿਚ, ਸਭ ਤੋਂ ਪੁਰਾਣਾ ਗ੍ਰੰਥ ਹੈ। ਫ਼ਾਰਸੀ ਅਰਬੀ ਵਿਚ ਪਿੰਗਲ ਨੂੰ 'ਅਰੂਜ਼' ਕਹਿੰਦੇ ਹਨ ਤੇ ਉਰਦੂ ਫ਼ਾਰਸੀ ਕਵੀ ਅਰੂਜ਼ ਦੇ ਬੜੇ ਪਾਬੰ

ਇਹ ਗੱਲ ਕਿ ਕਵਿਤਾ ਲਈ ਛੰਦ ਇਕ ਜ਼ਰੂਰੀ ਤੱਤ ਹੈ, ਇਸ ਤੋਂ ਵੀ ਸਿਧ ਹੋ ਜਾਂਦੀ ਹੈ ਕਿ ਭਾਰਤੀ ਧਰਮ ਗ੍ਰੰਥ ਵੇਦ, ਗੁਰੂ ਗ੍ਰੰਥ ਸਾਹਿਬ, ਰਾਮਾਇਣ, ਮਹਾਭਾਰਤ, ਗੀਤਾ, ਰਾਮ ਚਰਿਤ ਮਾਨਸ ਆਦਿ ਸਭ ਛੰਦ-ਬਧ ਰੂਪ ਵਿਚ ਹਨ। ਕੇਵਲ ਭਾਰਤੀ ਗ੍ਰੰਥ ਹੀ ਨਹੀਂ, ਬਿਦੇਸ਼ੀ ਭਾਸ਼ਾਵਾਂ ਵਿਚ ਵੀ ਈਲੀਅਡ, ਉਡੀਸੀ, ਸ਼ਾਹਨਾਮਾ (ਫ਼ਿਰਦੌਸੀ) ਆਦਿ ਛੰਦ-ਬਧ ਮਹਾਂ ਕਾਵਿ ਲਿਖੇ ਗਏ ਹਨ। ਇਸ ਤੋਂ ਸਪੱਸ਼ਟ ਹੈ ਕਿ ਕਵਿਤਾ ਦੀ ਮਹੱਤਾ ਲਈ ਛੰਦ ਇਕ ਅਤਿ-ਲੋੜੀਂਦਾ ਅੰਗ ਹੈ।

ਹੁਣ ਸਵਾਲ ਇਹ ਹੈ ਕਿ 'ਛੰਦ' ਕੀ ਹੈ? ਛੰਦ ਬਾਰੇ ਲੋਕਾਂ ਦੀ ਵੱਖ ਵੱਖ ਰਾਏ ਹੈ। ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦਾਂ ਵਿਚ "ਉਹ ਕਾਵਯ, ਜਿਸ ਵਿਚ ਮਾਤਰਾ, ਅਖਰ ਗਣ ਆਦਿ ਦੇ ਨਿਯਮਾਂ ਦੀ ਪਾਬੰਦੀ ਹੋਵ" ਛੰਦ ਹੈ।[1] ਹਿੰਦੀ ਸਾਹਿਤ ਕੋਸ਼ ਵਿਚ 'ਛੰਦ' ਬਾਰੇ ਲਿਖਿਆ ਹੈ, 'ਅੱਖਰ' ਅੱਖਰਾਂ ਦੀ ਗਿਣਤੀ ਤੇ ਤਰਤੀਬ, ਮਾਤਰਾਂ, ਮਾਤਰਾਂ ਦੀ ਗਿਣਤੀ ਅਤੇ ਬਿਸਰਾਮ ਆਦਿ ਨਾਲ ਸੰਬੰਧਤ ਪਦ ਰਚਨਾ ਨੂੰ, ਜੋ ਖ਼ਾਸ ਨਿਯਮਾਂ ਅਨੁਸਾਰ ਰਚੀ ਗਈ ਹੋਵੇ, ਛੰਦ ਕਿਹਾ ਜਾਂਦਾ ਹੈ'।[2] ਵੀ. ਐਸ. ਘਾਟੇ, ਉਚੀਆਂ ਤੇ ਨੀਵੀਆਂ ਸੁਰਾਂ ਦੇ ਖ਼ਾਸ ਪ੍ਰਬੰਧ ਨੂੰ ਹੀ ਛੰਦ ਮੰਨਦਾ ਹੈ।[3]

ਸੋ, ਮਾਤਰਾਂ ਜਾਂ ਵਰਨਾਂ ਦੀ ਖ਼ਾਸ ਵਿਉਂਤ ਬੰਦੀ, ਜਿਸ ਵਿਚ ਸੁਰ, ਤਾਲ, ਤੋਲ ਤੇ ਬਿਸਰਾਮ ਦੀ ਸਹੀ ਵਰਤੋਂ ਕਰਦਿਆਂ ਤੁਕਾਂਤ ਮਿਲਾ ਕੇ ਲੈ ਪੈਦਾ ਕੀਤੀ ਗਈ ਹੋਵੇ, ਛੰਦ ਹੈ। ਇੰਜ ਕਵਿਤਾ ਦੀ ਰਚਨਾ ਵਿਚ ਛੰਦ ਦੀ ਖ਼ਾਸ ਮੱਹਤਾ ਹੈ। ਛੰਦ ਕਵੀ ਦੇ ਮਨੋਭਾਵਾਂ ਤੇ ਵਿਚਾਰਾਂ

1. ਗੁਰ ਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ 371.
2. ਹਿੰਦੀ ਸਾਹਿਤ ਕੋਸ਼
3. ——— a meter is nothing but a particular arrangement of high and low tones. Lectures on Rigveda, p. 181.

ਨੂੰ ਇਕ ਲੜੀ ਵਿਚ ਪਰੋਂਦਾ ਹੈ, ਉਸ ਵਿਚ ਸੁੰਦਰਤਾ ਭਰਦਾ ਹੈ, ਬਿਆਨ ਵਿਚ ਸਜਰਾ ਪਣ ਲਿਆ ਕੇ ਰਸਦਾਇਕ ਬਣਾਂਦਾ ਤੇ ਪ੍ਰਭਾਵ ਨੂੰ ਤੀਖਣ ਤੇ ਤੀਬਰ ਕਰਦਾ ਹੈ।

ਛੰਦ ਦੇ ਵਰਣਨ ਵਿਚ, ਉਪਰ, ਅੱਖਰਾਂ ਜਾਂ ਵਰਣਾਂ ਤੇ ਮਾਤਰਾਂ ਦਾ ਜ਼ਿਕਰ ਆਇਆ ਹੈ। ਇਸ ਆਧਾਰ ਤੇ ਛੰਦ ਦੋ ਕਿਸਮ ਦੇ ਹਨ : ਇਕ, ਜਿਨ੍ਹਾਂ ਵਿਚ ਅੱਖਰਾਂ ਜਾਂ ਵਰਣਾਂ ਦੀ ਤਰਤੀਬ ਤੇ ਗਿਣਤੀ ਕੀਤੀ ਹੁੰਦੀ ਹੈ, ਤੇ ਦੂਜੇ, ਜਿਨ੍ਹਾਂ ਵਿਚ ਮਾਤਰਾਂ ਦੀ ਗਿਣਤੀ ਤੇ ਤਰਤੀਬ। ਪਹਿਲੀ ਕਿਸਮ ਦੇ ਛੰਦ ਨੂੰ ਵਰਣਿਕ ਕਿਹਾ ਜਾਂਦਾ ਹੈ ਤੇ ਦੂਜੀ ਕਿਸਮ ਦੇ ਛੰਦ ਨੂੰ ਮਾਤਰਿਕ। ਇਸ ਤੋਂ ਅੱਗੇ ਵਰਣਾਂ ਜਾਂ ਮਾਤਰਾਵਾਂ ਦੀ ਵੱਖ-ਵੱਖ ਗਿਣਤੀ, ਬਿਸਰਾਮ, ਚਰਣਾਂ ਜਾਂ ਤੁਕਾਂ ਦੀ ਗਿਣਤੀ ਤੇ ਤੁਕਾਂਤ ਉਤੇ ਲਘੂ ਗੁਰੂ ਦੇ ਵਖਰੇਵੇਂ ਕਾਰਨ ਇਹਨਾਂ ਛੰਦਾਂ ਦੇ ਕਈ ਭੇਦ ਹੋ ਜਾਂਦੇ ਹਨ। ਇਸ ਤਰ੍ਹਾਂ ਇਹਨਾਂ ਛੰਦਾਂ ਦੀ ਗਿਣਤੀ ਵੀ ਬਹੁਤ ਹੈ ਜਿਵੇਂ ਦੋਹਰਾ, ਸੋਰਠਾ, ਦਵੱਯਾ, ਸਵੱਯਾ, ਕਬਿੱਤ, ਨਿਸ਼ਾਨੀ, ਸਿਰ ਖੰਡੀ, ਚੌਪਈ, ਅੜਿਲ, ਝੂਲਣਾ ਆਦਿ, ਆਦਿ।

ਗੁਰੂ ਸਾਹਿਬਾਨ ਨੇ ਆਪਣੀ ਰਚਨਾਂ ਕਈ ਵੱਖ-ਵੱਖ ਛੰਦਾਂ ਵਿਚ ਕੀਤੀ ਹੈ। ਭਾਈ ਗੁਰਦਾਸ ਨੇ ਭਾਵੇਂ ਗੁਰਮਤ ਵਿਚਾਰ ਧਾਰਾ ਨੂੰ ਅਪਨਾ ਕੇ ਰਚਨਾ ਕੀਤੀ, ਪਰ ਛੰਦ ਬਹੁਤੇ ਨਹੀਂ ਵਰਤੇ। ਬ੍ਰਿਜ ਭਾਸ਼ਾ ਵਿਚ ਰਚੀ ਕਵਿਤਾ ਦਾ ਛੰਦ ਕਬਿਤ ਹੈ ਜਾਂ ਸਵੱਯਾ; ਪੰਜਾਬੀ ਵਿਚ ਭਾਈ ਸਾਹਿਬ ਨੇ ਵਾਰਾਂ ਲਿਖੀਆਂ ਤੇ ਵਾਰਾਂ ਵਿਚ ਉਹੀ ਛੰਦ ਵਰਤਿਆ ਜੋ ਵਾਰ ਦੇ ਮਜ਼ਮੂਨ ਨਾਲ ਢੁਕਦਾ ਹੈ। ਵਾਰ ਆਮ ਤੌਰ ਤੇ ਨਿਸ਼ਾਨੀ ਛੰਦ ਵਿਚ ਰਚੀ ਜਾਂਦੀ ਹੈ, ਕਈ ਸਿਰਖੰਡੀ ਛੰਦ ਵੀ ਵਰਤਦੇ ਹਨ, ਕਈ ਵਾਰ ਦੇ ਛੰਦ ਨੂੰ 'ਪਉੜੀ' ਦਾ ਨਾਂ ਦੇ ਦੇਂਦੇ ਹਨ। 'ਪਉੜੀ' ਆਪਣੇ ਆਪ ਵਿਚ ਕੋਈ ਖ਼ਾਸ ਛੰਦ ਨਹੀਂ, ਕਿਉਂਕਿ ਜਿਵੇਂ ਹੋਰ ਛੰਦਾਂ ਦੀਆਂ ਤੁਕਾਂ ਦੀ ਗਿਣਤੀ ਨੀਅਤ ਹੈ, ਪਉੜੀ ਦੀਆਂ ਤੁਕਾਂ ਘਟ ਵਧ ਹੋ ਸਕਦੀਆਂ ਹਨ ਤੇ ਨਾਲੇ ਹੋਰ ਛੰਦਾਂ ਵਾਂਗ ਪਉੜੀ ਮਾਤਰਾਂ ਦੀ ਕਿਸੇ ਖ਼ਾਸ ਗਿਣਤੀ ਨੂੰ ਨਹੀਂ ਕਬੂਲਦੀ। ਮਾਤਰਾਂ ਦੀ ਗਿਣਤੀ ਦੇ ਘਟ ਵਧ ਹੋਣ ਨਾਲ ਪਉੜੀ ਦੇ ਕਈ ਰੂਪ ਬਣਦੇ ਹਨ ਤੇ ਵਾਰ ਪਉੜੀ ਦੇ ਕਿਸੇ ਇਕ ਰੂਪ ਵਿਚ ਲਿਖੀ ਜਾਂਦੀ ਹੈ।

ਭਾਈ ਸਾਹਿਬ ਦੀਆਂ ਵਾਰਾਂ ਦੇ ਛੰਦ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਵਾਰ ਸੰਬੰਧੀ ਕੁਝ ਜਾਣ ਲੈਣਾ ਜ਼ਰੂਰੀ ਹੈ।

ਵਾਰ ਪੰਜਾਬੀ-ਕਾਵਿ ਦਾ ਇਕ ਮਹੱਤਸ਼ਾਲੀ ਰੂਪ ਹੈ। 'ਵਾਰ' ਕਾਵਿ-ਰੂਪ ਵਿਚ ਕਿਸੇ ਸੂਰਮੇ ਦੀ, ਜੰਗ ਦੇ ਮੈਦਾਨ ਵਿਚ ਵਿਖਾਈ, ਸੂਰਬੀਰਤਾ ਦਾ ਵਰਣਨ ਕਰ ਕੇ ਬੀਰ-ਰਸ ਨੂੰ ਉਭਾਰਿਆ ਜਾਂਦਾ ਹੈ, ਸੂਰਬੀਰਾਂ ਦੀ ਬਹਾਦਰੀ ਦਾ ਜਸ ਗਾਇਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਇਹ ਕਾਵਿ-ਰੂਪ ਢੇਰ ਚਿਰਾਂ ਤੋਂ ਚਲਿਆ ਆ ਰਿਹਾ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ'

ਅਥਾਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪੰਜਾਬ ਸਦਾ ਹੀ ਜਰਵਾਣਿਆਂ ਦੇ ਹਮਲਿਆਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਤੇ ਪੰਜਾਬੀ ਮਾਵਾਂ ਦੇ ਯੋਧੇ ਪੁੱਤਰ ਆਪਣੀ ਅਣਖ ਤੇ ਪੰਜਾਬ ਦੇ ਸ੍ਵੈਮਾਨ ਨੂੰ ਕਾਇਮ ਰਖਣ ਲਈ ਆਏ ਹਮਲਾਵਰਾਂ ਨਾਲ ਮੱਥਾ ਡਾਹਦੇ ਰਹੇ ਹਨ, ਜੰਗਾਂ ਵਿਚ ਜੂਝਦੇ ਤੇ ਸ਼ਹੀਦੀਆਂ ਵੀ ਪ੍ਰਾਪਤ ਕਰਦੇ ਰਹੇ ਹਨ। ਅਜਿਹੇ ਸੂਰਬੀਰਾਂ ਦੀ ਬਹਾਦਰੀ ਦੇ ਕਾਰਨਾਮੇ, ਢਾਢੀ ਮਿਰਾਸੀ ਗਾ ਕੇ, ਲੋਕਾਂ ਨੂੰ ਸੁਣਾ ਕੇ ਉਤਸਾਹਿਤ ਕਰਦੇ ਸਨ।

'ਵਾਰ' ਸ਼ਬਦ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ 'ਇਸ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਸ਼ਬਦ ਵ੍ਰਿ ਹੈ ਤੇ ਇਸ ਦੇ ਅਰਥ ਮੁਹਾਸਰਾ, ਘੇਰਾ, ਹਮਲਾ, ਜੰਗ ਤੇ ਯੁਧ ਆਦਿਕ ਹਨ।...... ਇਹ, ਯੁਧ ਸੰਬੰਧੀ ਕਾਵ੍ਯ, ਉਹ ਰਚਨਾ ਹੈ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ।[1] ਡਾ. ਕਾਲਾ ਸਿੰਘ ਬੇਦੀ ਲਿਖਦੇ ਹਨ 'ਅਜ ਕਲ ਪੰਜਾਬੀ ਸਾਹਿਤ ਵਿਚ ਇਸ ਦੇ ਅਰਥ ਯੁਧ ਸੰਬੰਧੀ ਕਾਵਿ ਦੇ ਹਨ ਅਤੇ ਉਹ ਬੀਰ-ਰਸੀ ਰਚਨਾ ਹੁੰਦੀ ਹੈ, ਜਿਸ ਵਿਚ ਸੂਰਬੀਰਤਾ, ਦਲੇਰੀ, ਬਹਾਦਰੀ ਆਦਿ ਦਾ ਵਰਣਨ ਹੋਵੇ।[2] ਡਾ: ਗੰਡਾ ਸਿੰਘ ਅਨੁਸਾਰ ਸਾਹਿਤ ਵਿਚ ਇਸ (ਵਾਰ) ਦੇ ਉੱਘੇ ਅਰਥ ਜੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਿਆਨ ਕਰ ਰਹੀ ਬੀਰ ਰਸ ਭਰੀ, ਕਰਤਾਰ ਦੀ ਮਹਿਮਾ ਭਰੀ, ਜਾਂ ਮਨ ਵਿਚੋਂ ਬੁਰਿਆਈ ਨੂੰ ਕੱਟਣ ਵਾਲੀ ਕਵਿਤਾ ਹੈ।[3]

ਵਾਰ ਦੇ ਛੰਦ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ- ਵਾਰ ਸ਼ਬਦ ਦਾ ਅਰਥ ਪਉੜੀ (ਨਿਸ਼ਾਨੀ ਛੰਦ) ਭੀ ਹੋ ਗਿਆ ਹੈ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰ ਕੇ ਇਸੇ ਛੰਦ ਵਿਚ ਲਿਖਿਆ ਹੈ।[4] ਡਾ: ਕਾਲਾ ਸਿੰਘ ਬੇਦੀ ਲਿਖਦੇ ਹਨ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦਾਂ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ, ਵਾਰ ਨਾਂ ਨਾਲ ਪ੍ਰਸਿਧ ਹੈ।[5]

ਸੋ ਵਾਰ ਵਿਚ ਯੋਧਿਆਂ ਦਾ ਜਸ ਹੁੰਦਾ ਹੈ ਜਾਂ ਪਰਮਾਤਮਾ ਦੀ ਮਹਿਮਾ ਹੁੰਦੀ ਹੈ ਜਾਂ ਵਿਸ਼ੇ ਵਿਕਾਰਾਂ ਤੋਂ ਬਚਣ ਦਾ ਸੰਦੇਸ਼ ਹੁੰਦਾ ਹੈ। ਯੋਧਿਆਂ ਦਾ ਜਸ ਵਰਣਨ ਕਰਦੀਆਂ, ਉਹਨਾਂ ਦੀ ਬਹਾਦਰੀ ਦੇ ਗੀਤ ਗਾਉਂਦੀਆਂ ਵਾਰਾਂ ਬੀਰ-ਰਸੀ ਵਾਰਾਂ ਹਨ ਤੇ ਪਰਮਾਤਮਾ ਦੀ ਉਸਤਤੀ ਨਾਲ ਓਤ-ਪ੍ਰੋਤ ਜਾਂ ਮਨ ਵਿਚੋਂ ਵਿਸ਼ੇ-ਵਿਕਾਰਾਂ ਨੂੰ ਦੂਰ ਕਰਨ ਲਈ ਲਿਖੀਆਂ ਵਾਰਾਂ ਧਾਰਮਕ ਜਾਂ ਅਧਿਆਤਮਕ ਵਾਰਾਂ ਹਨ।

---

1. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 817
2. ਵਾਰ ਸ੍ਰੀ ਭਗਉਤੀ ਜੀ ਕੀ
3. ਪੰਜਾਬ ਦੀਆਂ ਵਾਰਾਂ, ਭੂਮਿਕਾ
4. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 817
5. ਵਾਰ ਸ੍ਰੀ ਭਗਉਤੀ ਜੀ ਕੀ

ਵਾਰ ਦੀ ਰਚਨਾ ਕਰਦਿਆਂ ਜਿਹੜੇ ਕਾਵਿ-ਬੰਦ ਰਚੇ ਜਾਂਦੇ ਹਨ ਉਹਨਾਂ ਨੂੰ 'ਪਉੜੀ' ਕਿਹਾ ਜਾਂਦਾ ਹੈ। ਪੌੜੀ ਦੇ ਡੰਡਿਆ ਵਾਂਗ ਹੀ ਵਾਰ ਦੀ ਉਸਾਰੀ ਕੀਤੀ ਜਾਂਦੀ ਹੈ। ਇਕ ਤੋਂ ਬਾਦ ਦੂਜੀ ਤੇ ਦੂਜੀ ਤੋਂ ਬਾਦ ਤੀਜੀ ਪਉੜੀ ਵਿਚ ਵਾਰ ਦੀ ਵਾਰਤਾ ਉਸਰਦੀ ਚਲੀ ਜਾਂਦੀ ਹੈ। ਕਿਉਂਕਿ ਵਾਰ ਪਉੜੀਆਂ ਵਿਚ ਰਚੀ ਜਾਂਦੀ ਹੈ, ਇਸ ਲਈ ਕਈਆਂ ਨੇ ਭੁਲੇਖੇ ਨਾਲ ਪਉੜੀ ਨੂੰ ਛੰਦ ਦਾ ਨਾਂ ਦੇ ਦਿੱਤਾ ਹੈ। ਪਰ, ਜਿਵੇਂ ਕਿ ਉਪਰ ਦਸਿਆ ਗਿਆ ਹੈ, ਪਉੜੀ ਕੋਈ ਛੰਦ ਨਹੀਂ ਹੈ। ਹਾਂ, ਪਉੜੀ ਦੇ ਕਈ ਰੂਪ ਹਨ ਜਿਨ੍ਹਾਂ ਵਿਚ ਵਾਰਾਂ ਲਿਖੀਆਂ ਗਈਆਂ ਹਨ।

ਭਾਈ ਗੁਰਦਾਸ ਦੇ ਸਾਹਮਣੇ ਬੀਰ-ਰਸੀ ਵਾਰਾਂ—ਟੁੰਡੇ ਅਸਰਾਜੇ ਦੀ ਵਾਰ, ਮਹਿਮੇ ਹਸਨੇ ਦੀ ਵਾਰ, ਰਾਏ ਕਮਾਲਦੀਨ ਮੌਜਦੀਨ ਦੀ ਵਾਰ, ਮੂਸੇ ਦੀ ਵਾਰ, ਲੱਲਾ ਬਹਿਲੀਮਾ ਦੀ ਵਾਰ ਆਦਿ ਅਤੇ ਅਧਿਆਤਮਕ ਵਾਰਾਂ—ਗੁਰੂ ਨਾਨਕ ਦੇਵ, ਗੁਰੂ ਅਮਰ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੇ ਸੱਤੇ ਬਲਵੰਡ ਦੀਆਂ ਵਾਰਾਂ—ਮੌਜੂਦ ਸਨ। ਭਾਈ ਸਾਹਿਬ ਨੇ ਅਪਣੀ ਰਚਨਾ ਲਈ ਪੰਜਾਬੀ ਕਾਵਿ-ਰੂਪ 'ਵਾਰ' ਚੁਣਿਆ ਤੇ ਗੁਰਮਤ ਪਰਚਾਰ ਦਾ ਵਿਸ਼ਾ ਹੋਣ ਕਰਕੇ ਇਹ ਵਾਰ ਧਿਆਤਮਕ ਰੰਗ ਦੀਆਂ ਹੋ ਗਈਆਂ। ਪਹਿਲੀਆਂ ਅਧਿਆਤਮਕ ਵਾਰਾਂ ਵਿਚ ਪਰਮਾਤਮਾ, ਸਤਿਗੁਰੂ, ਗੁਰਮੁਖ ਤੇ ਸਾਧ-ਸੰਗਤ ਦੀ ਉਸਤਤੀ ਕੀਤੀ ਗਈ ਸੀ, ਭਾਈ ਸਾਹਿਬ ਨੇ ਵੀ ਆਪਣੀਆਂ ਵਾਰਾਂ ਵਿਚ ਗੁਰਮਤ ਅਨੁਸਾਰ ਵਾਹਿਗੁਰੂ, ਸਤਿਗੁਰੂ, ਗੁਰਮੁਖ; ਸਾਧ ਸੰਗਤ ਸਤਿ-ਸੰਗਤ ਦੀ ਵਡਿਆਈ ਕੀਤੀ ਹੈ ਤੇ ਇਸ ਟਾਕਰੇ ਤੇ ਮਨਮੁਖ, ਬੇਮੁਖ, ਨਿੰਦਕ, ਅਕਿਰਤਘਣ, ਦੁਬਾਜਰੇ, ਮੂਰਖ, ਗੁਰੂ-ਘਰ ਦੇ ਵਿਰੋਧੀ, ਮੀਣੇ ਆਦਿ ਨੂੰ ਨੀਵਾਂ ਵਿਖਾਇਆ ਹੈ।

ਗੁਰੂ ਸਾਹਿਬਾਨ ਨੇ ਵੀ ਮੂਲ ਰੂਪ ਵਿਚ ਵਾਰਾਂ ਦੀ ਰਚਨਾ ਪਉੜੀਆਂ ਵਿਚ ਹੀ ਕੀਤੀ ਸੀ (ਸ਼ਲੋਕ ਤਾਂ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਨਾਲ ਟਾਂਕੇ) ਤੇ ਭਾਈ ਗੁਰਦਾਸ ਦੀਆਂ ਵਾਰਾਂ ਵੀ ਪਉੜੀਆਂ ਰਾਹੀਂ ਹੀ ਉਸਰੀਆਂ। ਭਾਈ ਸਾਹਿਬ ਨੇ ਪਉੜੀ ਦੇ ਕਈ ਰੂਪਾਂ ਦੀ ਵਰਤੋਂ ਕੀਤੀ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ, "ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਰਤੇ ਗਏ ਪਉੜੀ ਦੇ ਰੂਪਾਂ ਦੀ ਵਿਚਾਰ ਕਰਦਿਆਂ ਇਹ ਪ੍ਰਤੀਤ ਹੁੰਦਾ ਹੈ ਕਿ ਭਾਈ ਜੀ ਨੇ ਲਿਖੀਆਂ ਜਾ ਚੁਕੀਆਂ ਵਾਰਾਂ ਦਾ ਅਧਿਐਨ ਜ਼ਰੂਰ ਕੀਤਾ ਹੋਵੇਗਾ। ਵੱਖ ਵੱਖਰੇ ਪਉੜੀ-ਰੂਪ ਨੂੰ ਵੀ ਉਨ੍ਹਾਂ ਨੇ ਬੜੇ ਗਹੁ ਨਾਲ ਵੇ ਹੋਣਾ ਹੈ; ਇਹੋ ਕਾਰਨ ਹੈ ਕਿ ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ ਬਹੁਤ ਸਾਰੇ ਪਉੜੀ ਰੂਪਾਂ ਤੇ ਹੱਥ ਅਜ਼ਮਾਇਆ ਹੈ।"[1] ਭਾਈ ਗੁਰਦਾਸ ਦੀ ਪਉੜੀ ਦੇ ਰੂਪਾਂ ਬਾਰੇ ਡਾ: ਕੋਹਲੀ ਲਿਖਦੇ ਹਨ ਕਿ "ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਪਉੜੀ ਦੇ 13-16, 13-10 ਤੇ 11-9 ਮਾਤਰਾਂ ਵਾਲੇ ਰੂਪ ਵਰਤੇ ਹਨ।[2] ਭਾਈ ਗੁਰਦਾਸ ਦੀਆਂ

1 ਪੰਜਾਬੀ ਦੁਨੀਆ-ਭਾਈ ਗੁਰਦਾਸ ਅੰਕ, 1968, ਪੰਨਾ 205,

2 ਏ ਕ੍ਰਿਟੀਕਲ ਸੱਟਡੀ ਆਫ਼ ਆਦਿ ਗ੍ਰੰਥ, ਪੰਨਾ 75

ਪਉੜੀਆਂ ਵਿਚ ਤੁਕਾਂ ਦੀ ਗਿਣਤੀ ਬਾਰੇ ਡਾ: ਸਾਹਿਬ ਨੇ ਲਿਖਿਆ ਹੈ ਕਿ ਭਾਈ ਗੁਰਦਾਸ ਨੇ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਸਾਰੀਆਂ ਵਾਰਾਂ ਵਿਚ ਇਕੋ ਜਿਹੀ ਨਹੀਂ ਰੱਖੀ। ਆਪ ਨੇ 6 ਤੋਂ 10 ਤੁਕਾਂ ਦੀਆਂ ਪਉੜੀਆਂ ਲਿਖੀਆ ਹਨ। ਯਾਰਵੀਂ ਵਾਰ ਦੀਆਂ ਪਉੜੀਆਂ 8-8 ਤੁਕਾਂ ਦੀਆਂ ਹਨ।[1]

ਆਪਣੀ ਪਹਿਲੀ ਵਾਰ ਵਿਚ ਭਾਈ ਸਾਹਿਬ ਨੇ ਅੱਠ ਅੱਠ ਤੁਕਾਂ ਵਾਲੀਆਂ ਪਉੜੀਆਂ ਲਿਖੀਆਂ ਹਨ। ਪਉੜੀਆਂ ਦੀਆਂ ਪਹਿਲੀਆਂ ਸਤ ਤੁਕਾਂ ਵਿਚ 13-16 ਤੇ ਬਿਸਰਾਮ ਤੇ ਅਠਵੀਂ ਦੀਆਂ ਕੇਵਲ 16 ਮਾਤਰਾਂ ਹਨ, ਹਰ ਤੁਕ ਦੇ ਅੰਤ ਵਿਚ ਦੋ ਗੁਰੂ ਹਨ। ਉਦਾਹਰਣ :-

ਕਲਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੇ ਨ ਕਾਈ।
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠੌਰ ਨ ਪਾਈ।
ਲਹੇ ਕਮਾਣਾ ਏਤ ਜੁਗ ਪਿੱਛਲੀ ਜੁਗੀ ਕਰੀ ਕਮਾਈ।
ਪਾਯਾ ਮਾਨਸ ਦੇਹ ਕਉ ਐਥੌਂ ਚੁਕਿਆ ਠੌਰ ਨ ਠਾਈ।
ਕਲਿਜੁਗ ਕੇ ਉਪਕਾਰ ਸੁਣ ਜੈਸੇ ਵੇਦ ਅਥਰਬਣ ਗਾਈ।
ਭਾਉ ਭਗਤਿ ਪਰਵਾਨ ਹੈ ਜੱਗ ਹੋਮ ਤੇ ਪੂਰਬ ਕਮਾਈ।
ਕਰ ਕੇ ਨੀਚ ਸਦਾਵਣਾ ਤਾਂ ਪ੍ਰਭ ਲੇਖੈ ਅੰਦਰ ਪਾਈ।
ਕਲਿਜੁਗ ਨਾਵੈ ਕੀ ਵਡਿਆਈ।[2]

ਇਸ ਪਹਿਲੀ ਵਾਰ ਬਾਰੇ ਡਾ: ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ ਕਿ "ਸੱਤੇ ਬਲਵੰਡ ਦੀ ਵਾਰ ਦਾ ਪ੍ਰਭਾਵ ਭਾਈ ਗੁਰਦਾਸ ਦੀ ਪਹਿਲੀ ਵਾਰ ਤੇ ਪਰਤੱਖ ਪ੍ਰਤੀਤ ਹੁੰਦਾ ਹੈ। ਇਹਦੇ ਵਿਚ 13-16 ਮਾਤਰਾਂ ਵਾਲਾ ਰੂਪ ਵਰਤਿਆ ਗਿਆ ਹੈ।"[3]

ਭਾਈ ਸਾਹਿਬ ਨੇ ਪਉੜੀ ਦੇ ਇਸੇ ਰੂਪ ਨੂੰ ਵਾਰ ਨੰ: 4, 5, 6; 7, 8, 10, 11, 12, 15, 16, 17, 18, 23, 24, 25, 26, 28, 29, 30, 31, 32, 33, 37 ਤੇ 39 ਵਿਚ ਵੀ ਵਰਤਿਆ ਹੈ।

ਭਾਈ ਕਾਹਨ ਸਿੰਘ ਨਾਭਾ ਨੇ ਯਾਰਵੀਂ ਤੇ ਬਾਰ੍ਹਵੀਂ ਵਾਰ ਦੇ ਹਵਾਲੇ ਦੇ ਕੇ 14-16 ਤੇ 16-16 ਮਾਤਰਾਂ ਦੀ ਪਉੜੀ ਦੇ ਦੋ ਹੋਰ ਰੂਪ ਦੱਸੇ ਹਨ[4]। ਪਰ ਪਉੜੀਆਂ ਦੀਆਂ ਤੁਕਾਂ ਵਿਚਲੀਆਂ ਮਾਤਰਾਂ ਗਿਣਨ ਤੇ ਇਹ ਮਨੌਤ ਪੱਕੇ ਰੂਪ ਵਿਚ ਸਿਧ ਨਹੀਂ ਹੁੰਦੀ, ਹਾਂ ਕਿਸੇ ਕਿਸੇ

1 ਏ ਕ੍ਰਿਟੀਕਲ ਸੱਟਡੀ ਆਫ਼ ਆਦਿ ਗ੍ਰੰਥ ਪੰਨਾ 75
2 ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 16.
3. ਪੰਜਾਬੀ ਦੁਨੀਆ-ਭਾਈ ਗੁਰਦਾਸ ਅੰਕ, 1968, ਪੰਨਾ 205.
4. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪਨਾ 544.

ਪਉੜੀ ਵਿਚ ਇਹ ਰੂਪ ਮਿਲਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਨੇ ਠੀਕ ਹੀ ਆਖਿਆ ਹੈ ਕਿ "ਇਨ੍ਹਾਂ ਦੋਹਾਂ ਵਾਰਾਂ (ਨੰ: 11 ਤੇ 12) ਵਿਚ ਭਾਈ ਗੁਰਦਾਸ ਨੇ 13-16 ਮਾਤਰਾ ਵਾਲਾ ਪਉੜੀ ਰੂਪ ਹੀ ਵਰਤਿਆ ਹੈ। ਕਿਤੇ ਕਿਤੇ ਉਹ ਪ੍ਰੇਮ-ਵੇਗ ਵਿਚ ਮਾਤਰਾਂ ਦਾ ਤੋਲ ਠੀਕ ਨਹੀਂ ਰਖ ਸਕੇ। ਇਹੋ ਜਿਹਾ ਤੋਲ ਇਕ ਵਖਰਾ ਪਉੜੀ ਰੂਪ ਨਹੀਂ ਬਣ ਸਕਦਾ। ਕਈ ਵਾਰੀ ਕਵੀ ਕਵਿਤਾ ਵਿਚ ਰਸ ਭਰਨ ਲਈ ਉਹਦੀ ਲੈਅ ਨੂੰ ਲਮਕਾ ਦਿੰਦੇ ਹਨ। ਗੁਰਬਾਣੀ ਵਿਚ ਸਾਨੂੰ ਇਹੋ ਜਿਹੀਆਂ ਕਈ ਉਦਾਹਣਾਂ ਮਿਲਦੀਆਂ ਹਨ।[1]"

ਦੂਜੀ ਵਾਰ ਵਿਚ, ਭਾਈ ਸਾਹਿਬ ਨੇ ਪਉੜੀ ਦਾ ਇਕ ਹੋਰ ਰੂਪ ਵਰਤਿਆ ਹੈ। ਇਸ ਵਿਚ ਹਰ ਚਰਣ ਜਾਂ ਤੁਕ ਦੀਆਂ 23 ਮਾਤਰਾਂ ਹਨ ਤੇ 13-10 ਤੇ ਬਿਸ਼ਾਮ ਹੈ। ਅੰਤ ਵਿਚ ਦੋ ਗੁਰੂ ਹਨ। ਅਜਿਹੇ ਰੂਪ ਦੀ ਪਉੜੀ ਦੀਆਂ ਤੁਕਾਂ ਛੇ ਛੇ ਰਖੀਆਂ ਹਨ, ਜਿਵੇਂ :-

> ਅਖੀਂ ਅੰਦਰ ਦੇਖਦਾ ਸਭ ਚੋਜ ਵਿਡਾਣਾ।
> ਕੰਨੀਂ ਸੁਨਦਾ ਸੁਰਤਿ ਕਰ ਆਖਾਣ ਵਖਾਣਾ।
> ਜੀਭੇ ਅੰਦਰ ਬੋਲਦਾ ਬਹੁ ਸਾਦ ਲੁਭਾਣਾ।
> ਹਥੀਂ ਕਿਰਤ ਕਮਾਂਵਦਾ ਪਗ ਚਲੈ ਸੁਜਾਣਾ।
> ਦੇਹੀ ਅੰਦਰ ਇਕ ਮਨ ਇੰਦ੍ਰੀ ਪਰਵਾਣਾ।
> ਆਪੇ ਆਪ ਵਰੱਤਦਾ ਗੁਰਮੁਖ ਸੁਖ ਮਾਣਾ।[2]

23 ਮਾਤਰਾ ਤੇ 13-10 ਉਤੇ ਬਿਸਰਾਮ ਵਾਲਾ ਇਹ ਉਪਰਲਾ ਪਉੜੀ ਰੂਪ ਵਾਰ ਨ 9; 13, 27, 34,35, 36 ਤੇ 38 ਵਿਚ ਵੀ ਵਰਤਿਆ ਗਿਆ ਹੈ। ਹਰੇਕ ਪਉੜੀ ਵਿਚ ਆਮ ਤੌਰ ਤੇ ਤੁਕਾਂ ਦੀ ਗਿਣਤੀ ਵੀ ਛੇ ਹੀ ਰੱਖੀ ਗਈ ਹੈ। ਕਿਤੇ ਕਿਤੇ ਹੀ ਕੋਈ ਤੁਕ ਘਟ ਜਾਂ ਵਧ ਹੈ।

ਇਸ ਪਉੜੀ-ਰੂਪ ਦੇ ਅਖੀਰ ਵਿਚ ਦੋ ਗੁਰੂ ਬਦਲ ਕੇ ਗੁਰੂ-ਲਘੂ ਕਰ ਦਿੱਤੇ ਜਾਣ ਤਾਂ ਪਿਛਲੇ ਤੁਕਾਂਗ ਦੀ ਇਕ ਮਾਤਰਾ ਘਟ ਕੇ ਇਹ 13-9 ਦਾ ਰੂਪ ਬਣ ਜਾਂਦਾ ਹੈ। ਭਾਈ ਸਾਹਿਬ ਨੇ ਇਹ ਰੂਪ ਵੀ ਵਰਤਿਆ ਹੈ, ਜਿਵੇਂ :-

> ਜੇ ਖੁੱਥੀ ਬਿੰਡਾ ਬਹੇ ਕਿਉ ਹੋਇ ਬਜਾਜ।
> ਕੁੱਤੇ ਦੇ ਗਲ ਵਾਸਣੀ ਨ ਸਰਾਫ਼ੀ ਸਾਜ।
> ਰਤਨ ਮਣੀ ਗਲ ਬਾਂਦਰ ਜਉਹਰੀ ਨ ਕਾਜ।
> ਗਦਹੁ ਚੰਦਨ ਲਦੀਐ ਨਹਿ ਗਾਂਧੀ ਗਾਜ।
> ਜੇ ਮੱਖੀ ਮੁਹਿ ਮਕੜੀ ਕਿਉ ਹਵੈ ਬਾਜ।

---

1 ਪੰਜਾਬੀ ਦੁਨੀਆ-ਭਾਈ ਗੁਰਦਾਸ ਅੰਕ, 1968, ਪੰਨਾ 206.

2 ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 18.

ਸਚ ਸਚਾਵਾ ਕਾਢੀਐ ਕੂੜ ਕੂੜਾ ਪਾਜ ।[1]

ਪਉੜੀ ਦੇ 23 ਮਾਤਰਾਂ ਵਾਲੇ ਰੂਪ ਵਿਚ ਜੇ ਦੋ ਹੋਰ ਮਾਤਰਾਂ ਵਧਾ ਦੇਈਏ ਤਾਂ ਇਕ ਹੋਰ ਭੇਦ ਬਣ ਜਾਂਦਾ ਹੈ ਜਿਸ ਦੀਆਂ 25 ਮਾਤਰਾਂ, 13-12 ਤੇ ਬਿਸਰਾਮ ਤੇ ਅੰਤ ਦੋ ਗੁਰੂ ਹਨ :-

ਦਾਤਾ ਓਹੁ ਨ ਮੰਗੀਐ ਫਿਰ ਮੰਗਣ ਜਾਈਐ ।
ਹੋਛਾ ਸਾਹੁ ਨ ਕੀਚਈ ਫਿਰ ਪਛੋਤਾਈਐ
ਸਾਹਿਬੁ ਓਹੁ ਨ ਸੇਵੀਐ ਜਮ ਡੰਡ ਸਹਾਈਐ ।[2]

ਤੀਜੀ ਵਾਰ ਵਿਚ ਭਾਈ ਸਾਹਿਬ ਨੇ ਉਪਰਲੇ ਪਉੜੀ ਰੂਪਾਂ ਤੋਂ ਵਖਰਾ ਇਕ ਨਵਾਂ ਪਉੜੀ-ਰੂਪ ਵਰਤਿਆ ਹੈ । ਇਸ ਰੂਪ ਵਿਚ ਹਰੇਕ ਤੁਕ ਦੀਆਂ 20 ਮਾਤਰਾਂ, 11-9 ਉਤੇ ਬਿਸਰਾਮ, ਅੰਤ ਉਤੇ ਗੁਰੂ ਅਤੇ ਪਉੜੀ ਵਿਚ ਮਧ-ਅਨੁਪ੍ਰਾਸ ਅਤੇ ਤੁਕਾਂਤ, ਦੋਹਾਂ ਦੀ ਵਰਤੋਂ ਕੀਤੀ ਗਈ ਹੈ ।

ਸਤਿਗੁਰ ਸਰਨੀ ਜਾਇ ਸੀਸ ਨਿਵਾਇਆ ।
ਗੁਰ ਚਰਨੀ ਚਿਤ ਲਾਇ ਮੱਥਾ ਲਾਇਆ ।
ਗੁਰਮਤ ਰਿਦੇ ਵਸਾਇ ਆਪ ਗਵਾਇਆ ।
ਗੁਰਮੁਖ ਸਹਿਜ ਸੁਭਾਇ ਭਾਣਾ ਭਾਇਆ ।
ਸਬਦ ਸੁਰਤਿ ਲਿਵਲਾਇ ਹੁਕਮ ਕਮਾਇਆ ।
ਸਾਧ ਸੰਗਤ ਭੈ ਭਾਇ ਨਿਜ ਘਰ ਪਾਇਆ ।
ਚਰਨ ਕਮਲ ਪਤਿਆਇ ਭਵਰ ਲੁਭਾਇਆ ।
ਸੁਖ ਸੰਪਟ ਪਰਚਾਇ ਅਪਿਉ ਪਿਆਇਆ ।
ਧੰਨ ਜਣੇਦੀ ਮਾਇ ਸਹਿਲਾ ਆਇਆ ।[3]

ਇਸ ਛੰਦ-ਰੂਪ ਨੂੰ ਸਿਰਖੰਡੀ ਵੀ ਕਹਿੰਦੇ ਹਨ । ਭਾਈ ਕਾਹਨ ਸਿੰਘ ਨਾਭਾ ਨੇ ਇਸ ਨੂੰ 'ਹੰਸ ਗਤਿ'[4] ਦਾ ਨਾਂ ਦਿਤਾ ਹੈ । ਭਾਈ ਸਾਹਿਬ ਨੇ ਪਉੜੀ ਦਾ ਇਹ ਰੂਪ ਵਾਰ ਨੰ: 14, 19, 20, 21 ਤੇ 22 ਵਿਚ ਵੀ ਵਰਤਿਆ ਹੈ । ਇਹਨਾਂ ਵਾਰਾਂ ਵਿਚ ਪਉੜੀ ਦੀਆਂ ਤੁਕਾਂ ਦੀ ਗਿਣਤੀ ਨੌਂ ਨੌਂ ਵੀ ਹੈ ਤੇ ਛੇ ਛੇ ਵੀ ਹੈ ਅਤੇ ਵਾਰ ਨੰ: 22 ਵਿਚ ਪਉੜੀ ਦੀਆਂ ਅਠ ਤੁਕਾਂ ਹਨ ।

1 ਵਾਰਾਂ ਭਾਈ ਗੁਰਦਾਸ, ਵਾਰ 36, ਪਉੜੀ 17.
2 ਉਹੀ ,, ਵਾਰ 27, ਪਉੜੀ 15
3 ਉਹੀ ,, ਵਾਰ 3, ਪਉੜੀ 20
4 ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 544

ਕਿਤੇ ਕਿਤੇ ਇਹ ਗਿਣਤੀ ਇਕਸਾਰ ਨਾ ਰਹਿ ਕੇ, ਵਧ ਘਟ ਵੀ ਹੈ।

ਅਜਿਹਾ ਹੀ ਇਕ ਹੋਰ ਰੂਪ 21 ਮਾਤਰਾਂ, 11-10 ਉਤੇ ਬਿਸਰਾਮ ਵਾਲਾ ਹੈ। ਤੁਕਾਂ ਦੀ ਗਿਣਤੀ ਛੇ ਛੇ ਹੈ, ਤੁਕਾਂ ਦੇ ਅੰਤ ਉਤੇ ਮਗਣ (S S S) ਅਤੇ ਇਥੇ ਵੀ ਪਉੜੀ ਵਿਚ ਮਧ-ਅਨੁਪ੍ਰਾਸ ਅਤੇ ਤੁਕਾਂਤ ਦੀ ਵਰਤੋਂ ਕੀਤੀ ਗਈ ਹੈ:—

ਸਤਿਗੁਰ ਸੱਚਾ ਨਾਉ ਗੁਰਮੁਖ ਜਾਣੀਐ।
ਸਾਧ ਸੰਗਤਿ ਸਚ ਥਾਉ ਸ਼ਬਦ ਵਖਾਣੀਐ।
ਦਰਗਹ ਸੱਚ ਨਿਆਉ ਜਲ ਦੁਧ ਛਾਣੀਐ।
ਗੁਰ ਸਰਣੀ ਅਸਰਾਉ ਸੇਵ ਕਮਾਣੀਐ।
ਸਬਦ ਸੁਰਤਿ ਸੁਣ ਗਾਉ ਅੰਦਰ ਆਣੀਐ।
ਤਿਸ ਕੁਰਬਾਨੀ ਜਾਉ ਮਾਣ ਨਿਮਾਣੀਐ।1।

ਉਪਰੋਕਤ ਵਿਚਾਰ ਤੋਂ ਇਹ ਪਤਾ ਲਗਦਾ ਹੈ ਕਿ ਭਾਈ ਸਾਹਿਬ ਨੇ ਪਉੜੀ ਦੇ ਤਿਨ ਮੁਖ ਰੂਪ 13-16, 13-10 ਤੇ 11-9 ਮਾਤਰਾਂ ਦੇ ਵਰਤੇ ਹਨ ਤੇ ਇਹਨਾਂ ਰੂਪਾਂ ਦੀਆਂ ਮਾਤਰਾਂ ਦੀ ਗਿਣਤੀ ਵਿਚ ਕਿਤੇ ਕਿਤੇ ਇਕ ਦੋ ਮਾਤਰਾਂ ਵਧਾ ਘਟਾ ਕੇ ਇਹਨਾਂ ਦੇ ਹੀ ਹੋਰ ਰੂਪ-ਭੇਦਾਂ ਦੀ ਵਰਤੋਂ ਵੀ ਕੀਤੀ ਹੈ।

ਡਾ: ਸੁਰਿੰਦਰ ਸਿੰਘ ਕੋਹਲੀ ਨੇ ਗੁਰੂ-ਕਾਵਿ ਦੀ ਛੰਦਾ-ਬੰਦੀ ਸੰਬੰਧੀ ਵਿਚਾਰ ਕਰਦਿਆਂ ਕਿਹਾ ਹੈ, "ਗੁਰੂ ਕਵੀ ਲੋਕ-ਪ੍ਰਿਅ ਕਵੀ ਸਨ, ਇਸ ਲਈ ਛੰਦ ਸ਼ਾਸਤਰ ਨੂੰ ਕੋਈ ਸਖਤਾਈ ਨਾਲ ਨਹੀਂ ਅਪਨਾਇਆ। ਉਹ ਲੋਕ-ਸਮੂਹ ਦੇ ਕਵੀ ਸਨ, ਜਿਨ੍ਹਾਂ ਨੇ ਲੋਕ-ਧੁਨਾਂ (ਜਿਵੇਂ ਵਾਰਾਂ ਵਿਚ) ਦਾ ਉਚਾਰਨ ਕੀਤਾ। ਉਨ੍ਹਾਂ ਦੀ ਨਿਗਾਹ ਵਿਚ ਛੰਦ-ਨਿਯਮਾਵਲੀ ਨਹੀਂ ਸੀ, ਨਾ ਹੀ ਉਨ੍ਹਾਂ ਨੇ ਮਾਤਰਾਂ ਜਾਂ ਤੁਕਾਂ ਦੀ ਹੂ-ਬ-ਹੂ ਗਿਣਤੀ ਨੂੰ ਸਾਹਮਣੇ ਰਖਿਆ।"[2]

ਬਿਲਕੁਲ ਇਹੀ ਗੱਲ ਭਾਈ ਗੁਰਦਾਸ ਸੰਬੰਧੀ ਵੀ ਆਖੀ ਜਾ ਸਕਦੀ ਹੈ। ਇਹ ਠੀਕ ਹੈ ਕਿ ਭਾਈ ਸਾਹਿਬ ਨੇ ਪਉੜੀ ਦੇ ਤਿੰਨ ਪ੍ਰਧਾਨ ਰੂਪਾਂ ਦੀ ਵਰਤੋਂ ਵਧੇਰੀ ਕੀਤੀ ਹੈ, ਪਰ ਇਸ ਦੇ

---

1. ਵਾਰਾਂ ਭਾਈ ਗੁਰਦਾਸ, ਵਾਰ 14, ਪਉੜੀ ਪਹਿਲੀ।
2. ਏ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ, ਪੰਨਾ 85

The poets did not follow the prosody strictly. They were the poets of the people who sang popular tunes (e. g. in the case of Vars), who had no forms of versification in view while composing their hymns, who did not care for the exact quantity of matras or the number of verses in a stanza."

ਨਾਲ ਹੀ ਕਈ ਪਉੜੀਆਂ ਵਿਚ ਜਾਂ ਪਉੜੀ ਦੀਆਂ ਤੁਕਾਂ ਵਿਚ ਕਈ ਆਉਂਦੇ ਹਨ ਜਿਵੇਂ 14-16, 16-16, 13-15 ਜਾਂ 11-10 (ਬਿਸਰਾਮ ਜਗਣਾਂਤ ISI ਅਤੇ ਦੂਜਾ ਬਿਸਰਾਮ ਰਗਣਾਂਤ SIS ਉਤੇ ਹੈ)। ਵਿਚ ਇਹ ਫ਼ਰਕ ਕਿਸੇ ਪੱਕੇ ਵਖਰੇ ਪਉੜੀ-ਰੂਪ ਦਾ ਲਖਾਇਕ ਨਹੀਂ, ਕਿ ਕਿਤੇ ਹੀ ਹੋਇਆ ਹੈ ਤੇ ਉਹ ਵੀ ਵਿਸ਼ੇ ਦੀ ਸਪੂਰਨਤਾ ਦੇ ਖ਼ਿਆਲ ਨੂੰ ਗਿਆ ਜਾਪਦਾ ਹੈ।

ਇਸੇ ਤਰ੍ਹਾਂ ਪਉੜੀ ਜਾਂ ਬੰਦ ਦੀਆਂ ਤੁਕਾਂ ਦੀ ਗਿਣਤੀ ਵਿਚ ਵੀ ਇਕ ਹੀ ਵਾਰ ਦੀਆਂ ਪਉੜੀਆਂ ਵਿਚ ਤੁਕਾਂ ਦੀ ਗਿਣਤੀ ਕਿਤੇ 5, 6 ਤੇ ਗਿਣਤੀ 8, 9 ਤੇ 10 ਅਤੇ 11 ਵੀ ਹੋ ਗਈ ਹੈ। ਇਸ ਸੰਬੰਧ ਵਿਚ ਭਾ ਬੰਧੇਜ ਕਬੂਲ ਨਹੀਂ ਕੀਤਾ। ਪਹਿਲੀ ਵਾਰ ਵਿਚ ਦੂਜੀ ਪਉੜੀ ਦੀਆਂ ਬਾਕੀਆਂ ਵਿਚ ਅੱਠ ਅੱਠ.; ਛੇਵੀਂ ਵਾਰ ਵਿਚ ਪਉੜੀ 7, 8, 9 ਤੇ 10 ਵਾਰ ਵਿਚ ਇਕ ਪਉੜੀ 5 ਤੁਕਾਂ ਦੀ, ਤਿੰਨ ਪਉੜੀਆਂ 7-7 ਤੁਕਾਂ ਦੀ ਦੀਆਂ ਹਨ; ਯਾਰਵੀਂ ਵਾਰ ਵਿਚ 7, 8, 9 ਤੇ 10 ਤੁਕਾਂ ਵਾਲੀਆਂ ਇਸੇ ਤਰ੍ਹਾਂ ਹੋਰ ਵਾਰਾਂ ਵਿਚ ਵੀ ਇਹ ਫ਼ਰਕ ਵੇਖਿਆ ਜਾ ਸਕਦਾ ਹੈ। ਵਿਚ ਭਿੰਨਤਾ ਵਾਂਗ ਤੁਕਾਂ ਦੀ ਗਿਣਤੀ ਦੀ ਭਿੰਨਤਾ ਵੀ ਵਿਸ਼ੇ ਕਾਰ ਅਜਿਹੀ ਭਿੰਨਤਾ ਹਰ ਲੋਕ-ਕਵੀ ਦੀ ਕਾਵਿ-ਰਚਨਾ ਵਿਚੋਂ ਮਿਲੇਗੀ ਕਿਉਂ ਲੋਕ ਹੁੰਦੇ ਹਨ, ਉਹ ਲੋਕਾਂ ਲਈ, ਜਨ-ਸਾਧਾਰਣ ਲਈ, ਲਿਖ ਰਿਹਾ ਖ਼ਿਆਲ ਤੇ ਵਿਚਾਰ ਦੀ ਪਕਿਆਈ, ਪਿੰਗਲ ਦੇ ਕਰੜੇ ਬੰਧੇਜ ਨਾਲੋਂ, ਵਧੇਰੇ ਇਸ ਲਈ ਉਹ ਕਿਤੇ ਕਿਤੇ ਲੋੜ ਅਨੁਸਾਰ ਖੁਲ੍ਹ ਲੈ ਲੈਂਦਾ ਹੈ। ਪਰ ਇ ਵੀ ਉਸ ਦਾ ਹੁਨਰ ਕੱਚਾ ਨਹੀਂ ਹੁੰਦਾ। ਭਾਈ ਸਾਹਿਬ ਨੇ ਅਜਿਹੀਆਂ ਖੁਲ੍ਹਾਂ ਖੁਲ੍ਹਾਂ ਵੀ ਹੁਨਰੀ ਹੋ ਨਿਬੜੀਆਂ।

ਕਾਵਿ-ਰਚਨਾ ਲਈ ਛੰਦ ਇਕ ਜ਼ਰੂਰੀ ਤੱਤ ਮੰਨਿਆ ਗਿਆ ਹੈ। ਤਕੜਾ ਤੇ ਭਰਵਾਂ ਬਣਾਉਣ ਲਈ ਛੰਦ ਦੀ ਵਰਤੋਂ ਕਰਦਾ, ਤੋਲ ਤੇ ਤੁ ਲੈਂਦਾ ਹੈ, ਭਾਵਾਂ ਦਾ ਵੇਗ ਬਦਲ ਜਾਏ ਤਾਂ ਛੰਦ ਚਾਲ ਵੀ ਉਸੇ ਤਰ੍ਹਾਂ ਭਾਈ ਸਾਹਿਬ ਨੇ ਵਿਸ਼ੇ ਦੀ ਮਹੱਤਤਾ ਨੂੰ ਵਧੇਰੇ ਸਾਹਮਣੇ ਰਖਿਆ ਹੈ। ਇਕ ਕਰਨ ਲਈ, ਦ੍ਰਿੜ੍ਹ ਕਰਾਉਣ ਲਈ, ਭਾਈ ਸਾਹਿਬ ਤੁਕ ਪਿਛੋਂ ਤੁਕ ਵਿ ਕਰਦੇ ਚਲੇ ਜਾਂਦੇ ਹਨ। ਭਾਈ ਸਾਹਿਬ ਨੇ ਸੱਚ ਤੇ ਕੂੜ ਦਾ ਫ਼ਰਕ ਦਸ ਤੋਂ ਜਾਣੂ ਕਰਾਉਣਾ ਹੈ, ਕੂੜ ਦੀ ਬੁਰਾਈ ਦਸ ਕੇ ਉਸ ਤੋਂ ਹਟਾਉਣਾ ਦਲੀਲ ਤੇ ਦਲੀਲ ਦੇ ਕੇ ਸਿਧ ਕਰਦੇ ਹਨ :-

ਸੱਚ ਸੋਹੇ ਸਿਰ ਪਗ ਜਿਉਂ ਕੋੜਾ ਕੂੜ ਕੁਥਾਇ ਕਛੋਟਾ ।
ਸੱਚ ਸਤਾਣਾ ਸਾਰਦੂਲ ਕੂੜ ਜਿਵੇਂ ਹੀਣਾ ਹਰਣੋਟਾ ।
ਲਾਹਾ ਸਚ ਵਣੰਜੀਐ ਕੂੜ ਕਿ ਵਣਜਹੁ ਆਵੈ ਤੋਟਾ ।
ਸਚ ਖਰਾ ਸਾਬਾਸ ਹੈ ਕੂੜ ਨ ਚਲੈ ਦਮੜਾ ਖੋਟਾ ।
ਤਾਰੇ ਲਖ ਅਮਾਵਸੈ ਘੋਰ ਅਨ੍ਹੇਰ ਚਨਾਇਣ ਹੋਟਾ ।
ਸੂਰਜ ਇਕ ਚੜ੍ਹੰਦਿਆਂ ਹੁਇ ਅਠਖੰਡ ਪਵੈ ਫਲ ਫੋਟਾ ।
ਕੂੜ ਸਚ ਜਿਉਂ ਵੱਟ ਘੜੋਟਾ ।''[1]

ਭਾਈ ਸਾਹਿਬ ਦੀ ਹਰ ਪਉੜੀ ਵਿਸ਼ੇ ਦੀ ਇਕਾਗਰਤਾ ਤੇ ਏਕਤਾ ਨਾਲ ਓਤ-ਪ੍ਰੋਤ ਹੈ । ਖ਼ਿਆਲ ਨੂੰ ਪੂਰਦੀਆਂ ਵੱਖ ਵੱਖ ਮਿਸਾਲਾਂ, ਗਹਿਣੇ ਦੇ ਨਗਾਂ ਵਾਂਗ, ਥਾਂ ਟਿਕਾਣੇ ਜੜੀਆਂ ਛੰਦ-ਪ੍ਰਬੰਧ ਵਿਚ ਜੁੜ-ਬੈਠੀਆਂ ਹਨ । ਇਹਨਾਂ ਦਾ ਇਕ-ਮਨ ਪ੍ਰਭਾਵ ਪਾਠਕ ਦੇ ਮਨ ਵਿਚ ਵਿਚਾਰ ਬਾਰੇ ਕੋਈ ਸ਼ੰਕਾ ਨਹੀਂ ਰਹਿਣ ਦੇਂਦਾ ਤੇ ਪਾਠਕ ਭਾਈ ਸਾਹਿਬ ਦਾ ਮਨ-ਇੱਛਤ ਪ੍ਰਭਾਵ ਆਪ-ਮੁਹਾਰੇ ਕਬੂਲ ਕਰ ਲੈਂਦਾ ਹੈ ।

ਜਿੱਥੇ ਭਾਈ ਸਾਹਿਬ ਨੇ ਛੰਦ-ਚਾਲ ਨੂੰ ਇਕ ਸੁਘੜ ਕਲਾਕਾਰ ਵਾਂਗ ਨਿਭਾਇਆ ਹੈ, ਉਥੇ ਆਪ ਤੁਕਾਂਤ ਦੇ ਵੀ ਉਸਤਾਦ ਹਨ । ਤੁਕਾਂਤ ਪੂਰਤੀ ਲਈ ਨਵੇਂ ਸ਼ਬਦ ਘੜ ਲੈਂਦੇ ਹਨ ਜਾਂ ਉਹਨਾਂ ਦਾ ਰੂਪ ਬਦਲ ਕੇ ਵਰਤਦੇ ਹਨ । ਦਸਵੀਂ ਵਾਰ ਦੀ ਪਹਿਲੀ ਪਉੜੀ ਵਿਚ ਪਹਿਲੀ ਤੁਕ ਦੇ ਤੁਕਾਂਤ 'ਲੀਤਾ' ਨਾਲ ਬਾਕੀ ਤੁਕਾਂ ਦੇ ਤੁਕਾਂਤ ਮਿਲਾਣ ਲਈ ਦ੍ਰਿੜੀਤਾ, ਮੀਤਾ, ਪੁਨੀਤਾ, ਨੀਤਾ ਆਦਿ ਸ਼ਬਦ ਦ੍ਰਿੜ੍ਹ, ਮੀਤ, ਪੁਨੀਤ, ਨਿਤ ਦੀ ਥਾਂ ਤੇ ਵਰਤ ਕੇ ਘਰ ਪੂਰਾ ਕਰ ਲਿਆ ਹੈ । ਪਰ ਕੇਵਲ ਘਰ ਹੀ ਪੂਰਾ ਨਹੀਂ ਕੀਤਾ, ਇੰਜ ਤਾਂ ਨੁਕਸ ਰਹਿ ਜਾਣਾ ਸੀ, ਸ਼ਬਦ-ਘਾੜਤ ਅਜਿਹੇ ਢੰਗ ਨਾਲ ਕੀਤੀ ਹੈ ਕਿ ਛੰਦ-ਚਾਲ ਵਿਚ ਕੋਈ ਵਿਘਨ ਨਹੀਂ ਪਿਆ ਤੇ ਨਾ ਹੀ ਰਾਗ, ਤੋਲ ਤੇ ਲੈਅ ਵਿਚ, ਸਗੋਂ ਇਕ ਪ੍ਰਕਾਰ ਦੀ ਸੁੰਦਰਤਾ ਵਧ ਗਈ ਹੈ ।

ਇਵੇਂ ਹੀ ਕਈ ਵਾਰੀ ਪੁਲਿੰਗ ਕ੍ਰਿਰਿਆ ਨੂੰ ਬਦਲ ਕੇ ਇਸਤਰੀ ਲਿੰਗ ਕ੍ਰਿਰਿਆ ਬਣਾ ਲੈਂਦੇ ਹਨ ਤਾਂ ਜੁ ਛੰਦ-ਚਾਲ ਵਿਚ ਫ਼ਰਕ ਨਾ ਪਵੇ :-

ਜਿਵੇਂ, 1. ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ ।[2]

ਜਾਂ, 2. ਖਾਧੀ ਖੁਣਸ ਜੋਗੀਸਰਾਂ ਗੋਸਟ ਕਰਨ ਸਭੇ ਉਠ ਆਈ ।[3]

ਇਥੇ ਪਹਿਲੀ ਤੁਕ ਵਿਚ 'ਆਈ' ਦੀ ਥਾਂ 'ਆਇਆ' ਚਾਹੀਦਾ ਸੀ ਤੇ ਦੂਜੀ ਤੁਕ ਵਿਚ

1. ਵਾਰਾਂ ਭਾਈ ਗੁਰਦਾਸ, ਵਾਰ 30, ਪਉੜੀ 7.
2. ਉਹੀ ,, ਵਾਰ ਪਹਿਲੀ, ਪਉੜੀ 39.
3. ਉਹੀ ,, ਵਾਰ ਪਹਿਲੀ, ਪਉੜੀ 40.

'ਆਈ' ਦੀ ਥਾਂ 'ਆਏ' ਚਾਹੀਦਾ ਸੀ ਅਤੇ ਇਸੇ ਤਰ੍ਹਾਂ ਪਹਿਲੀ ਵਾਰ ਦੀ ਪਉੜੀ ਨੰ: 40 ਦੀ ਛੇਵੀਂ ਤੁਕ ਵਿਚ 'ਸਤਾਈ' ਸ਼ਬਦ ਦੀ ਵਰਤੋਂ ਕੀਤੀ ਹੈ। ਇਹਨਾਂ ਦੋਹਾਂ ਪਉੜੀਆਂ ਵਿਚ ਲੋਕਾਈ, ਸਵਾਈ, ਖਾਈ, ਛਪਾਈ, ਧਾਈ, ਚਲਾਈ, ਜਾਈ ਆਦਿ ਨਾਲ ਤੁਕਾਂਤ-ਮੇਲ ਦੀ ਖ਼ਾਤਰ ਇੰਜ ਕੀਤਾ ਗਿਆ ਜਾਪਦਾ ਹੈ। ਜੇ ਇੰਜ ਨਾ ਕਰਦੇ ਤਾਂ ਛੰਦ ਦੀ ਘੁਕਰ ਠੀਕ ਨਹੀਂ ਸੀ ਆਉਣੀ।

ਸੋ ਭਾਈ ਸਾਹਿਬ ਦੇ ਛੰਦ-ਪ੍ਰਬੰਧ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਆਪ ਨੇ ਮਾਤਰਾਂ ਜਾਂ ਤੁਕਾਂ ਦੀ ਗਿਣਤੀ ਵਿਚ, ਤੁਕਾਂਤ ਪੂਰਨ ਲਈ ਸ਼ਬਦਾਂ ਦੀ ਘਾੜਤ ਵਿਚ ਜਾਂ ਕਿਰਿਆ ਰੂਪ ਦੀ ਅਦਲਾ ਬਦਲੀ ਵਿਚ ਜੋ ਖੁਲ੍ਹਾਂ ਲਈਆਂ ਹਨ, ਉਹਨਾਂ ਕਾਰਨ ਛੰਦ-ਵਿਧਾਨ ਕਰੂਪ ਨਹੀਂ ਹੋਇਆ, ਸਗੋਂ ਉਸ ਵਿਚ ਆਪਣੀ ਹੀ ਕਿਸਮ ਦੀ ਇਕ ਸੁੰਦਰਤਾ ਆਈ ਹੈ ਜੋ ਭਾਈ ਸਾਹਿਬ ਦੀ ਵਿਦਵਤਾ ਦੀ ਲਖਾਇਕ ਹੈ।

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਸਤਵਾਂ

ਭਾਈ ਗੁਰਦਾਸ ਦੀਆਂ ਵਾਰਾਂ ਦੀ ਬੋਲੀ

(ੳ) ਆਦਿਕਾ

(ਅ) ਕੋਸ਼ [ਸ਼ਬਦ ਭੰਡਾਰ]

(ੲ) ਸੁਹਜ [ਅਖਾਣ ਮੁਹਾਵਰੇ]

(ਸ) ਧੁਨੀ ਵਿਚਾਰ

(ਹ) ਵਿਆਕਰਣ ਪੱਖ

ਸਾਰ

ਪੁਸਤਕ ਸੂਚੀ

1 ਪੰਜਾਬੀ

2 ਅੰਗ੍ਰੇਜ਼ੀ

3 ਹਿੰਦੀ

ਭਾਈ ਗੁਰਦਾਸ ਦੀਆਂ ਵਾਰਾਂ

ਦਾ

ਆਲੋਚਨਾਤਮਕ ਅਧਿਐਨ

ਭਾਸ਼ਾ ਵਿਭਾਗ ਪੰਜਾਬ

ਅਧਿਆਇ ਸਤਵਾਂ

ਭਾਈ ਗੁਰਦਾਸ ਦੀਆਂ ਵਾਰਾਂ ਦੀ ਬੋਲੀ

(ੳ) ਆਦਿਕਾ

ਭਾਈ ਗੁਰਦਾਸ ਦੀਆ ਵਾਰਾਂ ਦੀ ਬੋਲੀ ਬਾਰੇ ਡਾ: ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ
ਭਾਈ ਗੁਰਦਾਸ ਦੀਆ ਵਾਰਾਂ ਦੀ ਬੋਲੀ ਬਾਰੇ ਡਾ: ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ, "ਭਾਈ ਗੁਰਦਾਸ ਪੰਜਾਬੀ ਦਾ ਕਵੀ ਵੀ ਹੈ ਤੇ ਬ੍ਰਿਜ ਭਾਸ਼ਾ ਦਾ ਵੀ। ਭਾਸ਼ਾ ਵਿਚ ਉਸ ਨੇ
ਹੈ, "ਭਾਈ ਗੁਰਦਾਸ ਪੰਜਾਬੀ ਦਾ ਕਵੀ ਵੀ ਹੈ ਤੇ ਬ੍ਰਿਜ ਭਾਸ਼ਾ ਦਾ ਵੀ।"[1]
ਕਬਿੱਤ ਤੇ ਸਵੱਈਏ ਲਿਖੇ ਹਨ ਤੇ ਪੰਜਾਬੀ ਵਿਚ ਵਾਰਾਂ।"[1]
ਕਬਿੱਤ ਤੇ ਸਵੱਈਏ ਲਿਖੇ ਹਨ ਤੇ ਪੰਜਾਬੀ ਵਿਚ ਵਾਰਾਂ।
12ਵੀਂ 13ਵੀਂ ਸਦੀ ਵਿਚ ਲਿਖੀ ਗਈ ਬਾਣੀ (ਸ਼ੇਖ ਫ਼ਰੀਦ) ਤੋਂ ਪਿਛੋਂ ਠੇਠ ਪੰਜਾਬੀ
12ਵੀਂ 13ਵੀਂ ਸਦੀ ਵਿਚ ਲਿਖੀ ਗਈ ਬਾਣੀ (ਸ਼ੇਖ ਫ਼ਰੀਦ) ਤੋਂ ਪਿਛੋਂ ਠੇਠ ਪੰਜਾਬੀ ਦੀ ਵਰਤੋਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹੀ ਉਘੜੀ ਪ੍ਰਤੀਤ ਹੁੰਦੀ ਹੈ। ਭਾਈ ਗੁਰਦਾਸ
ਦੀ ਵਰਤੋਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹੀ ਉਘੜੀ ਪ੍ਰਤੀਤ ਹੁੰਦੀ ਹੈ। ਭਾਈ ਗੁਰਦਾਸ ਦੇ ਸਮੇਂ ਹੋਰ ਕਵੀਆਂ ਨੇ ਵੀ ਪੰਜਾਬੀ ਵਿਚ ਕਵਿਤਾ ਰਚੀ ਪਰ ਉਨ੍ਹਾਂ ਦੀ ਰਚਨਾ ਉਤੇ ਸੰਤ
ਦੇ ਸਮੇਂ ਹੋਰ ਕਵੀਆਂ ਨੇ ਵੀ ਪੰਜਾਬੀ ਵਿਚ ਕਵਿਤਾ ਰਚੀ ਪਰ ਉਨ੍ਹਾਂ ਦੀ ਰਚਨਾ ਉਤੇ ਸੰਤ ਭਾਸ਼ਾ ਦਾ ਕਾਫ਼ੀ ਪ੍ਰਭਾਵ ਹੈ ਤੇ ਉਨ੍ਹਾਂ ਦੀ ਬੋਲੀ ਲੋਕ-ਪੱਧਰ ਦੀ ਵਧੇਰੇ ਹੈ। ਇਸ ਸੰਬੰਧ ਵਿਚ
ਭਾਸ਼ਾ ਦਾ ਕਾਫ਼ੀ ਪ੍ਰਭਾਵ ਹੈ ਤੇ ਉਨ੍ਹਾਂ ਦੀ ਬੋਲੀ ਲੋਕ-ਪੱਧਰ ਦੀ ਵਧੇਰੇ ਹੈ। ਇਸ ਸੰਬੰਧ ਵਿਚ ਪ੍ਰਿੰ: ਸੰਤ ਸਿੰਘ ਸੇਖੋਂ ਲਿਖਦੇ ਹਨ, "ਸਾਡੀ ਅਜੋਕੀ ਪੰਜਾਬੀ ਦੀ ਮੂੰਹੀ ਹੋਰ ਸਾਰੀ ਪੁਰਾਤਨ
ਪ੍ਰਿੰ: ਸੰਤ ਸਿੰਘ ਸੇਖੋਂ ਲਿਖਦੇ ਹਨ, "ਸਾਡੀ ਅਜੋਕੀ ਪੰਜਾਬੀ ਦੀ ਮੂੰਹੀ ਹੋਰ ਸਾਰੀ ਪੁਰਾਤਨ ਪੰਜਾਬੀ ਰਚਨਾ ਨਾਲੋਂ ਵਧੇਰੇ ਭਾਈ ਗੁਰਦਾਸ ਦੀ ਰਚਨਾਂ ਵਿਚ ਹੈ, ਅਤੇ ਇਸ ਕਾਰਨ ਅਸਾਨੂੰ
ਪੰਜਾਬੀ ਰਚਨਾ ਨਾਲੋਂ ਵਧੇਰੇ ਭਾਈ ਗੁਰਦਾਸ ਦੀ ਰਚਨਾਂ ਵਿਚ ਹੈ, ਅਤੇ ਇਸ ਕਾਰਨ ਅਸਾਨੂੰ ਭਾਈ ਗੁਰਦਾਸ ਦੀ ਬੋਲੀ, ਉਸ ਦੀ ਵਿਦਵਤਾ ਤੇ ਹੋਰ ਸਾਹਿਤਕ ਵਿਸ਼ੇਸ਼ਤਾਈਆਂ ਦੇ ਹੁੰਦਿਆਂ
ਭਾਈ ਗੁਰਦਾਸ ਦੀ ਬੋਲੀ, ਉਸ ਦੀ ਵਿਦਵਤਾ ਤੇ ਹੋਰ ਸਾਹਿਤਕ ਵਿਸ਼ੇਸ਼ਤਾਈਆਂ ਦੇ ਹੁੰਦਿਆਂ ਹੋਇਆਂ ਵੀ ਵਧੇਰੇ ਠੇਠ ਪੰਜਾਬੀ ਪ੍ਰਤੀਤ ਹੁੰਦੀ ਹੈ।"[2]
ਹੋਇਆਂ ਵੀ ਵਧੇਰੇ ਠੇਠ ਪੰਜਾਬੀ ਪ੍ਰਤੀਤ ਹੁੰਦੀ ਹੈ।"[2]

ਇਹਨਾਂ ਵਾਰਾਂ ਵਿਚ ਵਰਤੀ ਬੋਲੀ ਦੇ ਸ਼ਬਦ-ਭੰਡਾਰ ਉਤੇ ਵਿਚਾਰ ਕਰਨ ਲਗਿਆਂ ਇਸ
ਇਹਨਾਂ ਵਾਰਾਂ ਵਿਚ ਵਰਤੀ ਬੋਲੀ ਦੇ ਸ਼ਬਦ-ਭੰਡਾਰ ਉਤੇ ਵਿਚਾਰ ਕਰਨ ਲਗਿਆਂ ਇਸ ਗੱਲ ਦਾ ਖ਼ਿਆਲ ਰਖਣਾ ਪਵੇਗਾ ਕਿ ਭਾਈ ਗੁਰਦਾਸ ਕੇਵਲ ਪੰਜਾਬੀ ਬੋਲੀ ਦੇ ਹੀ ਗਿਆਤਾ
ਗੱਲ ਦਾ ਖ਼ਿਆਲ ਰਖਣਾ ਪਵੇਗਾ ਕਿ ਭਾਈ ਗੁਰਦਾਸ ਕੇਵਲ ਪੰਜਾਬੀ ਬੋਲੀ ਦੇ ਹੀ ਗਿਆਤਾ ਨਹੀਂ ਸਨ, ਆਪ ਸੰਸਕ੍ਰਿਤ, ਬ੍ਰਿਜੀ, ਫ਼ਾਰਸੀ ਆਦਿ ਦੇ ਵੀ ਚੰਗੇ ਵਿਦਵਾਨ ਸਨ। ਆਪ ਦੀਆਂ
ਨਹੀਂ ਸਨ, ਆਪ ਸੰਸਕ੍ਰਿਤ, ਬ੍ਰਿਜੀ, ਫ਼ਾਰਸੀ ਆਦਿ ਦੇ ਵੀ ਚੰਗੇ ਵਿਦਵਾਨ ਸਨ। ਆਪ ਦੀਆਂ

1. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 201.
2. ਉਹੀ, ਪੰਨਾ 156.

ਵਾਰਾਂ ਤੋਂ ਆਪ ਦੇ ਵਿਸ਼ਾਲ ਗਿਆਨ ਤੇ ਅਨੁਭਵ ਦਾ ਪਤਾ ਲਗਦਾ ਹੈ। ਵੇਦਾਂਤ, ਤਸੱਵਫ, ਯੋਗ, ਭਗਤੀ, ਨਿਆਇ, ਸ਼ਰੀਅਤ, ਭੂਗੋਲ, ਰਾਗ ਵਿਦਿਆ, ਗੋਤਾਂ, ਜਾਤਾਂ, ਵਰਣ ਆਸ਼ਰਮ, ਬਨਸਪਤੀ, ਜੀਵ ਜੰਤੂ, ਮਨੁੱਖੀ ਕਿਤਿਆਂ ਆਦਿ ਬਾਰੇ ਆਪ ਨੂੰ ਭਰਪੂਰ ਵਾਕਫ਼ੀ ਹੈ ਤੇ ਇਸ ਸਭ ਕੁਝ ਨੂੰ ਬਿਆਨ ਕਰਨ ਲਈ ਉਚਿਤ ਸ਼ਬਦਾਵਲੀ ਵੀ। ਆਪ ਨੇ ਇਹ ਸ਼ਬਦਾਵਲੀ ਵਿਸ਼ੇ ਤੇ ਸਮੇਂ ਅਨੁਸਾਰ ਵਰਤੀ ਹੈ। ਏਨੇ ਵਿਸਤ੍ਰਿਤ ਵਿਸ਼ਿਆਂ ਦੇ ਨਿਭਾ ਵਿਚ ਆਪ ਦਾ ਬਹੁਤੀਆਂ ਭਾਸ਼ਾਵਾਂ ਦਾ ਗਿਆਨ ਅਤਿਅੰਤ ਸਹਾਈ ਹੋਇਆ ਹੈ। ਆਪ ਦੀਆਂ ਵਾਰਾਂ ਦੀ ਬੋਲੀ ਦਾ ਪਿੰਡਾ ਭਾਵੇਂ 'ਨਿਰੋਲ-ਪੰਜਾਬੀ[1]' ਹੈ ਪਰ ਉਸ ਉਤੇ ਇਹਨਾਂ ਪੂਰਵ-ਕਾਲੀਨ ਤੇ ਸਮਕਾਲੀਨ ਭਾਸ਼ਾਵਾਂ ਦੇ ਸ਼ਬਦ ਭੰਡਾਰ ਦੀ ਸੁੰਦਰ ਜੜਤ ਸ਼ੋਭਾ ਦੇਂਦੀ ਹੈ। ਅਜਿਹਾ ਹੋਣਾ ਕੁਦਰਤੀ ਵੀ ਸੀ। ਭਾਈ ਸਾਹਿਬ ਨੇ ਇਹਨਾਂ ਬੋਲੀਆਂ ਦੇ ਅਣਗਿਣਤ ਸ਼ਬਦ ਵੱਖ-ਵੱਖ ਢੰਗਾ ਨਾਲ ਵਰਤ ਕੇ ਆਪਣੇ ਵਿਚਾਰਾਂ ਦੀ ਵਿਆਖਿਆ ਕੀਤੀ ਹੈ।

ਉਪਰੋਕਤ ਵਿਚਾਰ ਦੀ ਪੁਸ਼ਟੀ ਲਈ ਕੁਝ ਸ਼ਬਦਾਂ ਦੀ ਵਰਤੋਂ ਖ਼ਾਸ ਕਰਕੇ ਵੇਖਣ ਯੋਗ ਹੈ।

ਵਿਖ, ਵਿਸ, ਵਿਹੁ, ਇਹਨਾਂ ਤਿੰਨਾਂ ਸ਼ਬਦਾਂ ਦਾ ਅਰਥ,'ਜ਼ਹਿਰ' ਹੈ, ਪਰ ਭਾਈ ਸਾਹਿਬ ਨੇ ਦਾਰਸ਼ਨਿਕ ਵਿਸ਼ਿਆਂ ਵਿਚ ਤੇ ਕਬਿੱਤਾਂ ਵਿਚ 'ਵਿਖੁ' ਵਰਤਿਆ ਹੈ, ਸਾਧਾਰਣ ਬਾਣੀ ਵਿਚ 'ਵਿਸੁ' ਤੇ ਜਿਥੇ ਸਥਾਨਕ ਮਾਝੀ ਬੋਲੀ ਦੀ ਵਰਤੋਂ ਹੋਈ ਹੈ ਉਥੇ 'ਵਿਹੁ' ਸ਼ਬਦ ਵਰਤਿਆ ਹੈ :-

ਸਮਸਰ ਅੰਮ੍ਰਿਤ **ਵਿੱਖੁ** ਨ ਆਵਣ ਜਾਣਿਆ। 22/12/6

ਹੋਰਤ ਸਾਦ ਨ ਲੱਗੀਐ ਹੋਇ **ਵਿੱਸੁ** ਲਗੰਦਾ। 27/11/2

ਆਈ ਪਾਪਣ ਪੂਤਨਾ ਦੋਹੀ ਥਣੀ **ਵਿਹੁ** ਲਾਇ ਵਹੇਲੀ 10/22/1

ਇਸੇ ਤਰ੍ਹਾਂ **ਦੀਵਾ, ਦੀਪਕ ਤੇ ਚਰਾਗ਼** ਪਰਿਆਇ ਵਾਚੀ ਸ਼ਬਦ ਹਨ ਤੇ ਇਹਨਾਂ ਦੀ ਵਰਤੋਂ ਕਰਮ-ਅਨੁਸਾਰ ਸਥਾਨਕ ਭਾਸ਼ਾ ਵਿਚ, ਕੋਮਲ ਵਿਚਾਰ ਲਈ ਤੇ ਸ਼ਾਹੀ ਠਾਠ ਬਾਠ ਜਾਂ ਇਸਲਾਮੀ ਵਿਸ਼ਿਆਂ ਦੀ ਝਲਕ ਦੇਣ ਲਈ ਕੀਤੀ ਗਈ ਹੈ :-

ਬਾਸਕ ਨਾਗੈ ਸਾਮਣਾ ਜਿਉ **ਦੀਵਾ** ਬਾਲੇ। 34/20/3

ਦੀਪਕ ਹੇਤ ਪਤੰਗ ਦਾ ਜਲ ਮੀਨ ਤਰੰਦਾ। 2/17/1

ਕਿਤੜੈ ਲਖ ਮਸ਼ਾਲਚੀ ਸ਼ਮਾਂ **ਚਰਾਗ਼** ਕਰਨ ਰੁਸ਼ਨਾਈ। 8/20/4

ਭਾਈ ਸਾਹਿਬ ਨੇ ਹਿੰਦੂ ਮਤ ਨਾਲ ਸੰਬੰਧਤ ਵਿਸ਼ਿਆਂ ਦੇ ਵਰਨਣ ਲਈ ਸੰਸਕ੍ਰਿਤ

1. ਪੰਜਾਬੀ ਸਾਹਿਤ ਦਾ ਇਤਹਾਸ- ਡਾ: ਸੁਰਿੰਦਰ ਸਿੰਘ ਕੋਹਲੀ, ਪੰਨਾ 130.

ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ ਅਤੇ ਮੁਸਲਮਾਨੀ ਵਿਸ਼ਿਆਂ ਦੇ ਨਿਰੂਪਣ ਲਈ ਫ਼ਾਰਸੀ ਸ਼ਬਦ ਭੰਡਾਰ ਨੂੰ ਵਰਤਿਆ ਹੈ। ਇਹ ਗੱਲ ਨਿਮਨ ਲਿਖਤ ਦੋ ਪਉੜੀਆਂ ਵਿਚ ਭਲੀ ਭਾਂਤ ਸਪੱਸ਼ਟ ਦਿਖਾਈ ਦੇਂਦੀ ਹੈ :-

ਬ੍ਰਹਮੇ ਬਿਸ਼ਨ ਮਹੇਸ਼ ਲਖ ਧਿਆਇੰਦੇ।
ਨਾਰਦ ਸਾਰਦ ਸ਼ੇਸ ਕੀਰਤਿ ਗਾਇੰਦੇ।
ਗਣ ਗੰਧਰਬ ਗਣੇਸ ਨਾਦ ਵਜਾਇੰਦੇ।
ਛਿਅ ਦਰਸਨ ਕਰ ਵੇਸ ਸਾਂਗ ਬਣਾਇੰਦੇ।
ਗੁਰ ਚੇਲੇ ਉਪਦੇਸ਼ ਕਰਮ ਕਮਾਇੰਦੇ।
ਆਦਿ ਪੁਰਖ ਆਦੇਸ ਪਾਰ ਨ ਪਾਇੰਦੇ। [ਵਾਰ 21, ਪਉੜੀ 2]

ਅਤੇ

ਪੀਰ ਪੈਕੰਬਰ ਹੋਇ ਕਰਦੇ ਬੰਦਗੀ।
ਸ਼ੇਖ ਮਸਾਇਕ ਹੋਇ ਕਰ ਮੁਹਫ਼ੰਦਗੀ।
ਗਉਸ ਕੁਤਬ ਕਈ ਲੋਗ ਦਰ ਬਖ਼ਸ਼ੰਦਗੀ।
ਦਰ ਦਰਵੇਸ਼ ਖਲੋਇ ਮਸਤ ਮਸੰਦਗੀ।
ਵਲੀ ਉਲੱਾਹ ਸੁਣ ਸੋਇ ਕਰਨ ਪਸੰਦਗੀ।
ਦਰਗਾਹ ਵਿਰਲਾ ਕੋਇ ਬਖ਼ਤ ਬਲੰਦਗੀ। [ਵਾਰ 21, ਪਉੜੀ 3]

ਭਾਈ ਸਾਹਿਬ ਦਾ ਜਨਮ ਮਾਝੇ ਦੇ ਨਗਰ ਗੋਇੰਦਵਾਲ ਵਿਚ ਹੋਣ ਕਰਕੇ, ਇਸ ਇਲਾਕੇ ਦੀ ਪੇਂਡੂ ਬੋਲੀ ਹੀ ਆਪ ਦੀ ਮਾਤ-ਭਾਸ਼ਾ ਬਣੀ। ਇਸ ਲਈ ਵਾਰਾਂ ਵਿਚ ਇਸ ਬੋਲੀ ਦੀ ਵਰਤੋਂ ਕੁਦਰਤੀ ਤੌਰ ਤੇ ਹੋਈ। ਆਪ ਦੇ ਸਾਹਮਣੇ ਸ਼ੇਖ ਫ਼ਰੀਦ ਤੇ ਗੁਰੂ ਸਾਹਿਬਾਨ ਦੀ ਰਚਨਾ ਮੌਜੂਦ ਸੀ ਜਿਸ ਵਿਚ ਲਹਿੰਦੀ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਹੋਈ ਹੋਈ ਸੀ, ਇਸ ਦੇ ਨਾਲ ਹੀ ਆਪ ਨੇ ਪਰਚਾਰ-ਹਿੱਤ ਉਹਨਾਂ ਇਲਾਕਿਆਂ ਦਾ ਦੌਰਾ ਵੀ ਕੀਤਾ ਸੀ, ਇਸ ਲਈ ਆਪ ਦੀ ਬੋਲੀ ਉਤੇ ਲਹਿੰਦੀ ਦਾ ਪ੍ਰਭਾਵ ਪੈਣਾ ਵੀ ਇਕ ਕੁਦਰਤੀ ਅਮਰ ਜਾਪਦਾ ਹੈ। ਇਉਂ ਹੀ ਬ੍ਰਿਜ ਭਾਸ਼ਾ ਦੇ ਇਲਾਕੇ ਵਿਚ ਪਰਚਾਰ ਕਰਦੇ ਸਮੇਂ ਆਪ ਨੇ ਬ੍ਰਿਜ ਭਾਸ਼ਾ ਦਾ ਅਸਰ ਗ੍ਰਹਿਣ ਕੀਤਾ ਪ੍ਰਤੀਤ ਹੁੰਦਾ ਹੈ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਧਿਅਨ ਕਾਰਨ, ਇਸ ਭਾਸ਼ਾ ਨਾਲ ਵੀ ਆਪ ਦੀ ਗੂੜ੍ਹੀ ਜਾਣਕਾਰੀ ਹੋ ਗਈ। ਭਾਈ ਸਾਹਿਬ ਦਾ ਸਮਾਂ ਮੁਗ਼ਲਾਂ ਦੇ ਰਾਜ ਦਾ ਸਮਾਂ ਸੀ ਤੇ ਇਸ ਸਮੇਂ ਦੀ ਸਰਕਾਰੀ ਬੋਲੀ ਫ਼ਾਰਸੀ ਸੀ, ਲੋਕ ਫ਼ਾਰਸੀ ਪੜ੍ਹਦੇ ਸਨ, ਪੰਜਾਬੀ ਤੇ ਫ਼ਾਰਸੀ ਬੋਲਣ ਵਾਲੀਆਂ ਦੇ ਕੌਮਾਂ ਇਕਠੀਆਂ ਰਹਿ ਰਹੀਆਂ ਸਨ, ਫ਼ਾਰਸੀ ਤੇ ਸਾਮੀ ਬੋਲੀਆਂ, ਅਰਬੀ ਤੁਰਕੀ ਆਦਿ ਦੇ ਸ਼ਬਦ ਪੰਜਾਬੀ ਵਿਚ ਰਲ ਮਿਲ ਚੁਕੇ ਸਨ, ਰੋਜ਼ ਵਰਤੋਂ ਵਿਚ ਆਉਂਦੇ ਸਨ। ਉਸ ਸਮੇਂ ਦੇ ਕਵੀਆਂ ਦੀ ਬੋਲੀ ਵਿਚ ਫ਼ਾਰਸੀ ਸ਼ਬਦਾਵਲੀ ਦਾ ਹਿੱਸਾ ਸਾਫ਼ ਦਿਖਾਈ ਦੇਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਸਾਮੀ ਭਾਸ਼ਾਵਾਂ ਦੀ ਸ਼ਬਦਾਵਲੀ ਪ੍ਰਯੋਗ ਹੋਈ ਪ੍ਰਾਪਤ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਇਹਨਾਂ ਵਾਰਾਂ ਦੀ ਬੋਲੀ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਬਦ-ਭੰਡਾਰ ਨਾਲ ਭਰੀ ਪਈ ਹੈ।

(ਅ) ਕੋਸ਼ (ਸ਼ਬਦ-ਭੰਡਾਰ)

ਠੇਠ ਪੰਜਾਬੀ ਰੰਗ

"ਉਹ ਠੇਠ ਪੰਜਾਬੀ ਜਿਸ ਤੋਂ ਅੱਜ ਦੀ ਸਾਹਿਤਕ ਪੰਜਾਬੀ ਦਾ ਨਿਰਮਾਣ ਹੋਇਆ, ਭਾਈ ਗੁਰਦਾਸ ਜੀ ਦੀ ਬਾਣੀ ਵਿਚ ਵਰਤੀ ਗਈ ਹੈ। ਬ੍ਰਿਜ ਭਾਸ਼ਾ ਅਤੇ ਖੜੀ ਬੋਲੀ ਦੇ ਪ੍ਰਭਾਵ ਤੋਂ ਬਚ ਬਚ ਕੇ ਅਤੇ ਅਪਭ੍ਰੰਸ਼ ਤੇ ਫ਼ਾਰਸੀ ਦੇ ਪ੍ਰਚਲਤ ਸ਼ਬਦਾਂ ਦਾ ਸਹਾਰਾ ਲੈ ਕੇ ਆਪਣੀ ਵਿਸ਼ਾਲ ਪ੍ਰਤਿਭਾ ਨਾਲ ਉਨ੍ਹਾਂ ਨੇ ਇਸ ਬੋਲੀ ਨੂੰ ਬਲਵਾਨ ਬਣਾਇਆ (ਡਾ: ਸੀਤਾ ਰਾਮ ਬਾਹਰੀ)[1]

ਭਾਈ ਸਾਹਿਬ ਦੀਆ ਬਹੁਤੀਆਂ ਵਾਰਾਂ ਇਸੇ ਠੇਠ, ਕੇਂਦਰੀ ਪੰਜਾਬੀ ਵਿਚ ਹਨ। ਪਹਿਲੀਆਂ ਦਸ ਵਾਰਾਂ, ਜਿਨ੍ਹਾਂ ਵਿਚ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਸ਼ਬਦ-ਭੰਡਾਰ ਦਾ ਜ਼ੋਰ ਹੈ, ਛਡ ਕੇ ਬਾਕੀ ਵਾਰਾਂ ਵਿਚ ਸਾਫ਼ ਤੇ ਜ਼ੋਰਦਾਰ ਪੰਜਾਬੀ ਬੋਲੀ ਦੇ ਦਰਸ਼ਨ ਹੁੰਦੇ ਹਨ. ਇਹ ਬੋਲੀ ਸਪੱਸ਼ਟ ਵੀ ਹੈ ਤੇ ਕਾਵਿ-ਮਈ ਵੀ।

ਅਜਿਹੀ ਸ਼ਕਤੀਵਰ ਠੇਠ ਪੰਜਾਬੀ ਦੀ ਵੰਨਗੀ ਲਈ ਕੁਝ ਪ੍ਰਭਾਵਸ਼ਾਲੀ ਵੰਨਗੀਆਂ ਹੇਠ ਦਿੱਤੀਆਂ ਜਾਂਦੀਆਂ ਹਨ :-

1 ਲਤਾਂ ਹੇਠ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
ਗੋਰਸ ਦੇ ਖੜ ਖਾਇਕੈ ਗਾਇ ਗਰੀਬੀ ਪਰਉਪਕਾਰਾ। (ਵਾਰ 4, ਪਉੜੀ 8)

2 ਠੰਢੇ ਖੂਹਹੁ ਨ੍ਹਾਇਕੇ ਪਗ ਵਿਸਾਰ ਆਯਾ ਸਿਰ ਨੰਗੇ।
ਘਰ ਵਿਚ ਰੰਨਾ ਕਮਲੀਆਂ ਧੁੱਸੀ ਲੀਤੀ ਦੇਖ ਕੁਢੰਗੇ।
ਰੰਨਾ ਦੇਖ ਪਿਟੰਦੀਆਂ ਧਾਹਾਂ ਮਾਰੈ ਹੋਇ ਨਿਸੰਗੇ।
ਲੋਕ ਸਿਆਪੇ ਆਇਆ ਰੰਨਾਂ ਪੁਰਸ਼ ਜੁੜੇ ਲੈ ਪੰਗੇ। (ਵਾਰ 32, ਪਉੜੀ 19)

3 ਧ੍ਰੂ ਹਸਦਾ ਘਰ ਆਇਆ ਕਰ ਪਿਆਰ ਪਿਉ ਕੁੱਛੜ ਲੀਤਾ।
ਬਾਹਹੁੰ ਪਕੜ ਉਠਾਲਿਆ ਮਨ ਵਿਚ ਰੋਸ ਮਤ੍ਰੇਈ ਕੀਤਾ। (ਵਾਰ 10, ਪਾਉੜੀ 1)

4 ਅੱਖੀ ਵੇਖ ਨਾ ਰਜੀਆਂ ਬਹੁ ਰੰਗ ਤਮਾਸੇ।
ਖਾਂਦੀ ਜੀਭ ਨ ਰਜੀਆ ਕਰ ਭੋਗ ਬਿਲਾਸੇ। (ਵਾਰ 27 ਪਉੜੀ 9)
ਨਕ ਨ ਰੱਜਾ ਵਾਸ ਲੈ ਦੁਰਗੰਧ ਸੁਵਾਸੇ।

1. ਪੰਜਾਬੀ ਦੁਨੀਆ, ਭਾਈ ਗੁਰਦਾਸ ਅੰਕ, 1968, ਪੰਨਾ 163-64

ਭਾਈ ਸਾਹਿਬ ਦਾ ਸਿਧਾਂਤ ਭਾਵੇਂ ਅਧਿਆਤਮਕ ਢੰਗ ਦਾ ਹੈ ਪਰ ਉਨ੍ਹਾਂ ਆਪਣੇ ਸਮੇਂ ਦੇ ਸਮਾਜ ਦੀ ਕਰੜੀ ਆਲੋਚਨਾ ਕੀਤੀ ਹੈ। ਇਸ ਸਮਾਜਕ ਅਲੋਚਨਾ ਨੂੰ ਹਾਸ-ਰਸ ਵਿਚ ਲਪੇਟ ਕੇ ਸੁਖਾਵੀਂ ਬਣਾ ਦਿੱਤਾ ਹੈ। ਅਜਿਹੀਆਂ ਪਉੜੀਆਂ ਵਿਚ ਮਾਝੀ ਦਾ ਸਥਾਨਕ ਰੰਗ ਚੰਗਾ ਉਘੜਿਆ ਹੈ। ਇਸ ਰੰਗ ਦੀ ਵੰਨਗੀ ਲਈ ਇਹ ਪਉੜੀਆਂ ਵੇਖੋ :-

ਹੋਇ ਵੜੇਵਾਂ ਜਗ ਵਿਚ ਬੀਜੇ ਤਨ ਖੇਹ ਨਾਲ ਰਲਾਯਾ।
ਬੂਟੀ ਹੋਇ ਕਪਾਹ ਦੀ ਟੀਡੇ ਹਸ ਹਸ ਆਪ ਖਿੜਾਯਾ।
ਦੁਹ ਮਿਲ ਵੇਲਣ ਵੇਲਿਆ ਲੂੰਅ ਲੂੰਅ ਕਰ ਤੂੰਬ ਤੁੰਬਾਯਾ।
ਪਿੰਞਣ ਪਿੰਞ ਉਡਾਇਆ ਕਰ ਕਰ ਗੋੜ੍ਹੀਂ ਸੂਤ ਕਤਾਯਾ। (ਵਾਰ 4, ਪਉੜੀ 10)

ਬਹੁਤੀ ਘਰੀਂ ਪਰਾਹੁਣਾ ਜਿਉ ਰਹਿੰਦ ਭੁੱਖਾ।
ਸਾਝਾ ਬਬੁ ਨ ਰੋਈਐ ਚਿਤ ਚਿੰਤ ਨ ਚੁਖਾ। (ਵਾਰ 34, ਪਉੜੀ 19)

ਗੁੰਗਾ ਗਾਵ ਨਾ ਜਾਣਈ ਬੋਲਾ ਸੁਣੇ ਨ ਅੰਦਰ ਆਣੇ।
ਅੰਨ੍ਹੇ ਦਿਸ ਨ ਆਵਈ ਰਾਤ ਅਨ੍ਹੇਰੀ ਘਰ ਨ ਸਿਞਾਣੇ।
ਚਲ ਨ ਸਕੇ ਪਿੰਗਲਾ ਲੂਲ੍ਹਾ ਗਲ ਮਿਲ ਹੇਤ ਨ ਜਾਣੇ।
ਸੰਢ ਸਪੁੱਤੀ ਨ ਥੀਐ ਖੁਸਰੇ ਨਾਲ ਨ ਰਲੀਆਂ ਮਾਣੇ। (ਵਾਰ 28, ਪਉੜੀ 21)

ਇਸ ਸੰਬੰਧ ਵਿਚ ਤੀਜੀ ਵਾਰ ਦੀ ਪੰਦਰਵੀ ਪਉੜੀ, ਦਸਵੀਂ ਵਾਰ ਦੀ ਬਾਰ੍ਹਵੀਂ ਪਉੜੀ, ਚੌਧਵੀਂ ਵਾਰ ਦੀ ਅਠਵੀਂ ਪਉੜੀ ਤੋਂ ਤੇਰਵੀਂ ਪਉੜੀ ਤਕ, ਸਤਾਰਵੀਂ ਵਾਰ ਦੀ ਅਠਾਰਵੀਂ ਪਉੜੀ, ਇਕੱਤੀਵੀਂ ਵਾਰ ਦੀ ਅਠਵੀਂ, ਨੌਵੀਂ ਤੇ ਤੇਰ੍ਹਵੀ ਪਉੜੀ, ਬਤੀਵੀਂ ਵਾਰ ਦੀ ਚੌਥੀ, ਬਾਰ੍ਹਵੀਂ ਤੇ ਸੋਲ੍ਹਵੀ ਪਉੜੀ, ਤੇਤੀਵੀਂ ਵਾਰ ਦੀ ਦਸਵੀਂ ਪਉੜੀ ਤੇ ਚੌਤੀਵੀਂ ਵਾਰ ਦੀ ਉਨੀਵੀਂ ਪਉੜੀ, ਵੇਖੀਆਂ ਜਾ ਸਕਦੀਆਂ ਹਨ।

ਇਹਨਾਂ ਵਾਰਾਂ ਵਿਚ ਵਰਤੇ ਗਏ ਸਥਾਨਕ ਸ਼ਬਦਾਂ ਦੀ ਇਕ ਲੰਮੀ ਚੌੜੀ ਸੂਚੀ ਬਣ ਸਕਦੀ ਹੈ। ਨਿਮਨ-ਲਿਖਤ ਕੁਝ ਸ਼ਬਦ ਉਚੇਚਾ ਧਿਆਨ ਮੰਗਦੇ ਹਨ :-

ਮਾਪੇ	39/21/1	ਲਈਦਾ	23/21/3
ਟੀਂਡੇ (ਕਪਾਹ ਦੇ)	4/10/2	ਅਚਾਣਚਕ	10/21/2
ਦੁਆਲੇ	17/18/1	ਪਛਾਵਾਂ	30/8/3
ਕਮਾਦ	14/13/3	ਤਡੁ	17/2/6
ਭਲਕੇ	10/12/1	ਬੋਲਾ	4/17/2
ਭਰਵੱਟੇ	25/12/2	ਫਿੰਡ	33/19/4
ਵਾਂਗ	4/14/7	ਵਰੋਲੇ	34/18/2
ਚੀਚ ਵਹੁਟੀ	35/18/5	ਬਲਦ	32/12/3

ਟਟਰ	26/12/3	ਟਟਾਣੇ	28/21/6
ਟਟੀਹਰੀ	34/6/4	ਪਛੋਤਾ	24/15/1
ਜੇ ਕਰ	-39/9/6	ਟੁਰਰ	15/5/3
ਟੁਬੀ	25/7/6	ਘਲਿਆ	10/19/6
ਸੰਢ	17/10/4	ਵਿਚਾਲੇ	17/16/4
ਨੀਂਗਰ	39/9/1	ਢਿੱਕ	5/8/4
ਘੁਮਿਆਰ	8/23/5	ਕੋਹਾਂ	2/6/1
ਜੰਦਾ	17/12/7	ਜਵਾਹਾਂ	30/11/4
ਸੁਕੇ	1/27/3	ਭਨੀ ਜਾਏ	1/27/3
ਜਾਮਣੂੰ	17/19/3	ਨਿਵਾਲੀਐ	33/14/6
ਲਗੂ	3/7/4	ਬਾਹਲੇ	4/!4/4
ਮਹਿ (ਮਝ)	35/16/6	ਢੁਢੇਰ	39/19/6
ਬਹੀਦਾ	26/24/1	ਧੇਹ	7/19/5
ਜੂਹ	36/16/5	ਝਾਕ	3/19/4
ਕਸੂਤ	16/1/2	ਡੇਰੇ (ਪੰਥਤ ਦੇ)	25/16/3
ਬੋਹਲ	18/8/5	ਕੁਛਾ	35/10/2
ਪੂਤ	1/47/6	ਛਾਹ	34/12/1
ਚਾਮ ਚੜਿਕ	32/15/5		

ਲਹਿੰਦੀ ਦਾ ਪ੍ਰਭਾਵ

ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫ਼ਰੀਦ ਦੀ ਬਾਣੀ ਲਹਿੰਦੀ ਵਿਚ ਹੈ, ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਲਹਿੰਦੀ ਦੀ ਮਿਠਾਸ ਆਪਣਾ ਸੁਆਦ ਦੇਂਦੀ ਹੈ, ਸੰਤ ਕਬੀਰ ਦੀ ਰਚਨਾ ਵਿਚ ਵੀ ਜਾਸੀ, ਖਾਸੀ ਜਿਹੇ ਲਹਿੰਦੀ ਸ਼ਬਦ ਮਿਲਦੇ ਹਨ। ਭਾਈ ਗੁਰਦਾਸ ਦੇ ਸਮੇਂ ਲਹਿੰਦੀ ਦੀ ਸਾਹਿਤਕ ਮਹਾਨਤਾ ਪਰਵਾਨ ਕੀਤੀ ਜਾ ਚੁਕੀ ਸੀ। ਭਾਈ ਸਾਹਿਬ ਦੀਆਂ ਵਾਰਾਂ ਵਿਚ ਕਈ ਪਉੜੀਆਂ ਇਸ ਸ਼ੈਲੀ ਵਿਚ ਲਿਖੇ ਹੋਣ ਦੀ ਗਵਾਹੀ ਦੇਂਦੀਆਂ ਹਨ ਜਿਵੇਂ ਕਿ ਦੂਜੀ ਵਾਰ ਦੀ ਵੀਹਵੀਂ ਪਉੜੀ, ਤੀਜੀ ਵਾਰ ਦੀ ਪਹਿਲੀ ਪਉੜੀ, ਪੰਜਵੀ ਵਾਰ ਦੀ ਤੀਜੀ ਤੇ ਚੌਥੀ ਪਉੜੀ, ਛੇਵੀਂ ਵਾਰ ਦੀ ਪੰਦਰਵੀ ਪਉੜੀ ਆਦਿ। ਲਹਿੰਦੀ ਬੋਲੀ ਦਾ ਰੰਗ ਦਰਸਾਂਦੀਆਂ ਕੁਝ ਤੁਕਾਂ ਨਿਮਨ-ਲਿਖਤ ਹਨ :-

1. ਬਾਬੇ ਡਿਠੀ ਪ੍ਰਿਥਮੀ ਨਵੈ ਖੰਡ ਜਿਥੈਂ ਤਕ ਆਹੀ। (ਵਾਰ 1, ਪਉੜੀ 28)
2. ਮੁੰਹਹੁ ਘੁਥਹੁ ਮੀਣਿਆ ਤੁਧ ਜਮਪੁਰ ਜਾਣਾ। (ਵਾਰ 36, ਪਉੜੀ 4)
3. ਟਿਬੇ ਨੀਰ ਨ ਠਾਹਰੈ ਘਣ ਵਰਸ ਗਇਓਸ। (ਵਾਰ 34, ਪਉੜੀ 8)

4. ਰੋਈ ਬਝ ਨ ਹੰਘਈ ਪਾਣੀ ਅੰਦਰ ਪਾਣੀ ਰਲਿਆ । (ਵਾਰ 24, ਪਉੜੀ 8)
5. ਕੂੰਜ ਕਰੇਂਦੀ ਸਿਮਰਣੋਂ ਪੂਰਨ ਬੱਚਾ ਹੋਇ ਉਡੰਦਾ । (ਵਾਰ 26 ਪਉੜੀ 28)
6. ਹੋਛਾ ਸ਼ਾਹ ਨ ਕੀਚਈ ਫਿਰ ਪਛੋਤਾਈਐ । (ਵਾਰ 27, ਪਉੜੀ 15)

ਵਾਰਾਂ ਵਿਚ ਵਰਤੇ ਗਏ ਕੁਝ ਸ਼ਬਦ :-

ਡਿਠਾ	4/14/2	ਅਲਾਯਾ	37/2/5
ਮਾਊ	5/16/1	ਡਿਠਿਓਸ	32/17/4
ਥੀਐ	28/21/4	ਖਾਧਨ ਗੋਤਾ	10/22/7
ਸਣੇ	11/20/2	ਮੁਤਾ	33/10/7
ਪੁਛਿਓਸ	10/12/4	ਵਿਤੋਨ	10/21/3
ਥਾਪਿਓਸ	1/10/3	ਭੰਨਿਜਾ	32/18/6
ਵੱਤਨ	9/18/5	ਗਣਾਇ	12/10/6
ਧਾਵਨ	6/13/3	ਹੰਘਨੀ	38/4/7
ਢੁਕ	5/12/5	ਨਿਕੜੀ	4/7/1
ਤਿਵਾਂਹੀ	6/15/5	ਧਿਙਾਣੇ	1/21/2
ਨਿਕੜਾ	4/7/4	ਵੰਞੈ	34/3/1
ਪਹਤਾ	10/9/4		

ਪੂਰਵਕਾਲੀਨ ਭਾਸ਼ਾਵਾਂ

ਦ੍ਰਾਵੜੀ

ਇਤਿਹਾਸ ਦੇ ਖੋਜੀਆਂ ਦਾ ਵਿਚਾਰ ਹੈ ਕਿ ਹਿੰਦੁਸਤਾਨ ਵਿਚ, ਆਰੀਆ ਜ਼ਾਤੀ ਦੇ ਆਗਮਨ ਤੋਂ ਪਹਿਲਾਂ, ਕੁਝ ਹੋਰ ਕੌਮਾਂ ਵਸਦੀਆਂ ਸਨ ਜਿਨ੍ਹਾਂ ਵਿਚ ਦ੍ਰਾਵੜ ਕੌਮ ਸ਼ਿਮਣੀ ਸੀ ਤੇ ਇਸ ਕੌਮ ਦੀ ਸਰੇਸ਼ਠ ਸਭਿਅਤਾ ਦੇ ਗੜ੍ਹ ਸਿੰਧ ਤੇ ਪੰਜਾਬ ਸਨ । ਸੋ, ਇਸ ਕੌਮ ਦਾ ਆਰੀਆਂ ਉਤੇ ਬੜਾ ਡੂੰਘਾ ਪ੍ਰਭਾਵ ਪਿਆ ਹੋਵੇਗਾ । ਪੰਜਾਬ ਇਸ ਦ੍ਰਾਵੜੀ ਸਭਿਅਤਾ ਤੇ ਦ੍ਰਾਵੜੀ ਬੋਲਾ ਦਾ ਘਰ ਹੋਣ ਕਰਕੇ ਸ਼ੁਰੂ ਵਿਚ ਹੀ ਸਮੁੱਚੀ ਆਰੀਆ ਬੋਲੀ ਉਤੇ ਦ੍ਰਾਵੜੀ ਬੋਲੀ ਦਾ ਪ੍ਰਭਾਵ ਪੈਣਾ ਕੁਦਰਤੀ ਗੱਲ ਸੀ ਅਤੇ ਇਸ ਤਰ੍ਹਾਂ ਪੰਜਾਬ ਦੀ ਆਰੀਆ ਬੋਲੀ ਉਤੇ ਦ੍ਰਾਵੜੀ ਦਾ ਜੋ ਅਸਰ ਪਿਆ ਉਹ ਪੰਜਾਬੀ ਨੂੰ ਵਿਰਸੇ ਵਿਚ ਮਿਲਿਆ ਜਾਪਦਾ ਹੈ । ਦ੍ਰਾਵੜੀ ਸਭਿਅਤਾ ਤੇ ਦ੍ਰਾਵੜੀ ਬੋਲੀ ਦੇ ਇਸ ਪ੍ਰਭਾਵ ਬਾਰੇ ਡਾ: ਸੁਨੀਤੀ ਕੁਮਾਰ ਚੈਟਰਜੀ ਲਿਖਦੇ ਹਨ :-

"ਦ੍ਰਾਵੜੀ ਬੋਲੀ ਸਰੇਸ਼ਠ ਸਭਿਅਤਾ ਵਾਲੀ ਨਾਗਰਿਕ ਜਾਤੀ ਦੀ ਬੋਲੀ ਸੀ, ਦ੍ਰਾਵੜਾਂ ਦਾ ਧਰਮ ਮਰਯਾਦਾ-ਪੂਰਣ ਸੀ । ਇਸ ਵਿਚ ਯੋਗ-ਦਰਸ਼ਨ ਤੇ ਯੋਗ ਦੇ ਕਰਮ-ਕਾਂਡ ਪਰਚਲਤ ਸਨ;

ਫੁੱਲ, ਪੱਤੇ, ਚੰਦਨ, ਜਲ ਆਦਿ ਨਾਲ ਪੂਜਾ ਕਰਨ ਦੀ ਰੀਤੀ ਇਨ੍ਹਾਂ ਦੀ ਧਾਰਮਕ ਰੀਤ ਸੀ; ਸ਼ਿਵ, ਪਾਰਬਤੀ, ਵਿਸ਼ਨੂ, ਲਛਮੀ ਆਦਿ ਹਿੰਦੂ ਪੌਰਾਣਿਕ ਦੇਵਤਿਆਂ ਦੀ ਕਲਪਨਾ ਖ਼ਾਸ ਕਰਕੇ ਇਨ੍ਹਾਂ ਦੀ ਹੀ ਦੇਣ ਹੈ। .... ——...ਪ੍ਰਾਚੀਨ ਦ੍ਰਾਵੜ ਬੋਲੀ ਦਾ ਆਰੀਆ ਬੋਲੀ ਉਤੇ ਡੂੰਘਾ ਪ੍ਰਭਾਵ ਪਿਆ। ਸੰਸਕ੍ਰਿਤ ਵਿਚ ਸੈਂਕੜੇ ਦ੍ਰਾਵੜ ਤੇ ਆਸਟ੍ਰਿਕ ਸ਼ਬਦਾਂ ਨੇ ਬਦਲਵੇਂ ਰੂਪ ਵਿਚ ਆਪਣਾ ਥਾਂ ਬਣਾ ਲਿਆ ਹੈ।"[1]

ਦ੍ਰਾਵੜੀ ਬੋਲੀ ਦੀਆਂ ਟ, ਠ, ਡ, ਢ, ਣ, ੜ ਆਦਿ ਧੁਨੀਆਂ ਆਰੀਆਂ ਨੇ ਦ੍ਰਾਵੜਾਂ ਤੋਂ ਹੀ ਲਈਆਂ। ਟ ਵਰਗ ਤੇ ੜ ਵਾਲੇ ਸ਼ਬਦ ਪੰਜਾਬੀ ਬੋਲੀ ਵਿਚ ਅਨੰਤ ਮਿਲਦੇ ਹਨ ਤੇ ਇਹ ਦ੍ਰਾਵੜੀ ਦੇ ਪ੍ਰਭਾਵ ਦਾ ਸਿੱਟਾ ਜਾਪਦਾ ਹੈ।

ਇਕ ਵਿਚਾਰ ਇਹ ਵੀ ਹੈ ਕਿ ਬਹੁਤ ਸਾਰੇ ਅਜਿਹੇ ਦੇਸੀ ਸ਼ਬਦ ਹਨ ਜਿਨ੍ਹਾਂ ਦੀ ਵਿਉਤਪਤੀ ਹਿੰਦ-ਆਰੀਆਈ ਬੋਲੀਆਂ ਵਿਚ ਨਹੀਂ ਲਭਦੀ। ਅਜਿਹੇ ਸ਼ਬਦ ਦ੍ਰਾਵੜੀ ਪਰਵਾਰ[2] ਦੇ ਹੀ ਸਮਝੇ ਜਾਣੇ ਚਾਹੀਦੇ ਹਨ। ਸ੍ਰੀ ਹੇਮ ਚੰਦਰ ਨੇ ਅਜਿਹੇ ਕੁਝ ਸ਼ਬਦਾਂ ਦੀ ਸੂਚੀ "ਦੇਸੀ ਨਾਮ ਮਾਲਾ" ਕੋਸ਼ ਵਿਚ ਦਿਤੀ ਹੈ। ਇਹਨਾਂ ਸ਼ਬਦਾਂ ਵਿਚੋਂ ਕਈ ਸ਼ਬਦ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦੇ ਹਨ, ਜਿਵੇਂ ਕਿ :-

ਉਖਲੀ, 29/10/6	ਅੱਕ, 1/24/2	ਹੱਥੀ, 33/13/1	ਅਥਾਹ, 11/29/4	ਵੇਲਾ, 26/17/6	ਵਾਲ. 4/18/1
ਢਲਣ, 4/11/7	ਥਣ, 6/20/5	ਖੱਲ, 12/9/4	ਮੂੰਹ, 4/7/5	ਦਪ, 1/40/2	ਖਜੂਰ, 17/19/3
ਕਥੂਰੀ, 6/20/7	ਮਾਮੇ, 27/7/14	ਕਰੇੜ, 1/4/5	ਖੜ, 4/8/2	ਖੱਪਰ, 15/5/2	ਖੁਡ, 25/8/2
ਗਜ, 5/20/21	ਭੁਖ, 2/3/1	ਮਟ, 20/10/4	ਵਣ, 5/19/2	ਵਾੜੀ, 16/6/4	ਪਉਣ, 1/2/3
ਬਾਣੀ, 6/3/4	ਗੁਫਾ 33/21/2	ਆਦਿ			

ਸੰਸਕ੍ਰਿਤ ਦਾ ਪ੍ਰਭਾਵ

1. ਰਾਜਸਥਾਨੀ ਭਾਸ਼ਾ, ਪੰਨਾ 39.
2. ਮੁਖ ਬੰਧ, ਦੀ ਓਰਿਜਿਨ ਐਂਡ ਡਿਵੈਲਪਮੈਂਟ ਆਫ਼ ਬੰਗਾਲੀ ਲੈਂਗੁਏਜ, ਸੁਨੀਤੀ ਕੁਮਾਰੀ ਚੈਟਰਜੀ।

ਰਿਗ ਵੇਦ ਦੀ ਸਾਹਿਤਕ ਭਾਸ਼ਾ ਛਾਂਦਸਿ ਨੇ ਪੰਜਾਬ ਵਿਚ (ਮਾਹਿਰਾਂ ਦੀ ਰਾਏ ਅਨੁਸਾਰ ਉੱਤਰ ਪੱਛਮੀ ਪੰਜਾਬ ਵਿਚ) ਜਨਮ ਲਿਆ। ਇਸ ਤੋਂ ਬਾਦ, ਇਸੇ ਪ੍ਰਾਂਤ ਦੀ ਲੌਕਿਕ-ਸਥਾਨਕ ਪਰਚਲਤ ਬੋਲੀ ਦੇ ਆਧਾਰ ਤੇ ਸੰਸਕ੍ਰਿਤ ਭਾਸ਼ਾ ਬਣੀ।[1]

ਸੰਸਕ੍ਰਿਤ ਭਾਸ਼ਾ, ਇਕ ਪੁਰਾਣੀ ਪਰਮਾਣੀਕ ਭਾਸ਼ਾ, ਇਕ ਲੰਮੇ ਸਮੇਂ ਤਕ ਹਿੰਦੁਸਤਾਨ ਦੀ ਧਾਰਮਕ, ਸਭਿਆਚਾਰਕ, ਵਿਦਿਅਕ ਤੇ ਸਾਹਿਤਕ ਭਾਸ਼ਾ ਰਹੀ ਹੈ। ਪੁਰਾਤਨ ਹਿੰਦੂ ਧਾਰਮਕ ਗ੍ਰੰਥ ਤੇ ਗਿਆਨ ਵਿਗਿਆਨ ਆਦਿ ਇਸੇ ਭਾਸ਼ਾ ਵਿਚ ਲਿਖੇ ਮਿਲਦੇ ਹਨ। ਭਾਵੇਂ ਅਜ ਇਹ ਭਾਸ਼ਾ ਇਕ ਜਿਉਂਦੀ ਬੋਲੀ ਨਹੀਂ ਰਹੀ ਤੇ ਇਸ ਦੀ ਪੁਨਰ ਸੁਰਜੀਤੀ ਲਈ ਬੜੇ ਜਤਨ ਕੀਤੇ ਜਾ ਰਹੇ ਹਨ, ਇਸ ਦੀ ਮਹੱਤਤਾ ਤੇ ਮਹਾਨਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਸ ਭਾਸ਼ਾ ਨੂੰ ਸੈਂਕੜੇ ਸਦੀਆਂ ਤੋਂ ਪੜ੍ਹਨ ਲਿਖਣ ਲਈ ਵਰਤਿਆ ਜਾਂਦਾ ਰਿਹਾ ਹੈ। ਉਤਰੀ ਭਾਰਤ ਦੀਆਂ ਅਜੋਕੀਆਂ ਸਭ ਬੋਲੀਆਂ ਉਤੇ ਇਸ ਦਾ ਪ੍ਰਭਾਵ ਪਿਆ ਹੈ ਤੇ ਇਹਨਾਂ ਬੋਲੀਆਂ ਵਿਚ ਸੰਸਕ੍ਰਿਤ ਦੇ ਅਨੇਕਾਂ ਸ਼ਬਦ ਤਤਸਮ ਜਾਂ ਤਦਭਵ ਰੂਪ ਵਿਚ ਪ੍ਰਵੇਸ਼ ਪਾ ਚੁਕੇ ਹਨ। ਪੰਜਾਬੀ ਬੋਲੀ ਇਸ ਪ੍ਰਭਾਵ ਤੋਂ ਨਾ ਅਭਿਜ ਰਹਿ ਸਕਦੀ ਸੀ ਤੇ ਨਾ ਹੀ ਅਭਿਜ ਰਹੀ।

ਭਾਈ ਗੁਰਦਾਸ ਨੂੰ ਸੰਸਕ੍ਰਿਤ ਦੀ ਚੰਗੀ ਜਾਣਕਾਰੀ ਸੀ। ਦਸਵੀਂ ਵਾਰ ਦੀ ਦਸਵੀਂ ਪਉੜੀ ਵਿਚ 'ਗੀਤ-ਗੋਬਿੰਦ' ਦਾ ਜ਼ਿਕਰ ਤੇ ਪਹਿਲੀ ਵਾਰ ਦੀਆਂ ਪਹਿਲੀਆਂ ਕੁਝ ਪਉੜੀਆਂ ਵਿਚ ਵੇਦਾਂ, ਪੁਰਾਣਾਂ, ਜੁਗਾਂ, ਰਿਸ਼ੀਆਂ ਆਦਿ ਦਾ ਵਰਣਨ ਇਹ ਗੱਲ ਸਪੱਸ਼ਟ ਕਰਦਾ ਹੈ ਕਿ ਭਾਈ ਸਾਹਿਬ ਨੇ ਸੰਸਕ੍ਰਿਤ ਦੇ ਵਡੇ ਵਡੇ ਗ੍ਰੰਥ ਪੜ੍ਹੇ ਹੋਏ ਸਨ। ਸੋ, ਭਾਈ ਸਾਹਿਬ ਦੀ ਬੋਲੀ ਉਤੇ ਸੰਸਕ੍ਰਿਤ ਦਾ ਪ੍ਰਭਾਵ ਕੋਈ ਅਸਚਰਜ ਵਾਲੀ ਗੱਲ ਨਹੀਂ, ਇਕ ਸਾਧਾਰਨ ਜਿਹੀ ਹਕੀਕਤ ਹੈ।

ਭਾਈ ਸਾਹਿਬ ਦੀਆਂ ਵਾਰਾਂ ਦੀ ਬੋਲੀ ਉਤੇ ਸੰਸਕ੍ਰਿਤ ਦਾ ਪ੍ਰਭਾਵ ਪਰਤੱਖ ਹੈ। ਹੇਠ ਲਿਖੀ ਪਉੜੀ ਵਿਚ ਇਹ ਪ੍ਰਭਾਵ ਵੇਖਣ ਯੋਗ ਹੈ :-

ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
ਭੂਤ ਭਵਿਖਹੁ ਵਰਤਮਾਨ ਆਦਿ ਮੱਧ ਜਿਣ ਅੰਤ ਸਿਧਾਏ।
ਮਨ ਬਚ ਕਰਮ ਇਕੱਤ੍ਰ ਕਰ ਜੰਮਨ ਮਰਣ ਜੀਵਨ ਜਿਣ ਆਏ।
ਆਧ ਬਿਆਧ ਉਪਾਧ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
ਉਤਮ ਮਧਮ ਨੀਚ ਸਾਧ ਬਾਲਕ ਜੋਬਨ ਬਿਰਧ ਜਿਣਾਏ।
ਇੜਾ ਪਿੰਗਲਾ ਸੁਖਮਨਾ ਤ੍ਰਿਕੁਟੀ ਲੰਘ ਤ੍ਰਿਬੇਣੀ ਨ੍ਹਾਏ।
ਗੁਰਮੁਖ ਇਕ ਮਨ ਇਕ ਧਿਆਏ। (ਵਾਰ 7, ਪਉੜੀ 3)

---

1. ਰਿਤੰਭਰਾ, ਡਾ: ਸੁਨੀਤੀ ਕੁਮਾਰ ਚੈਟਰਜੀ, ਪੰਨਾ 44.

ਇਸੇ ਵਾਰ ਦੀਆਂ ਪਉੜੀਆਂ 4, 5, 6, 7, 8; ਵਾਰ 12, ਪਉੜੀ 8 ਤੋਂ 14 ਤਕ; ਵਾਰ 23, ਪਉੜੀ 3; ਵਾਰ 16, ਪਉੜੀ 20; ਵਾਰ 17, ਪਉੜੀ 3; ਵਾਰ 37, ਪਉੜੀ 3, 5, ਤੇ, 6, ਸੰਸਕ੍ਰਿਤ ਦੇ ਪ੍ਰਭਾਵ ਦੀਆਂ ਸੂਚਕ ਹਨ ।

ਸੰਸਕ੍ਰਿਤ ਸ਼ਬਦਾਵਲੀ-ਜੜਤ ਨਿਮਨ-ਲਿਖਤ ਤੁਕਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ :-

ਇੜਾ ਪਿੰਗਲਾ ਸੁਖਮਨਾ ਲੰਘ ਤ੍ਰਿਬੇਣੀ ਨਿਜ ਘਰ ਆਵੈ । 6/11/2
ਇੰਦ੍ਰਾਦਿਕ ਬ੍ਰਹਮਾਦਕਾ ਮਹਿਮਾ ਮਿਤ ਮਿਰਜ਼ਾਦ ਨ ਜਾਣੈ । 23/9/4
ਆਸਾ ਮਨਸਾ ਹਰਖ ਸੋਗ ਜੋਗ ਭੋਗ ਦੁਖ ਸੁਖ ਨ ਵਿਣਮੈ । 37/15/5
ਤੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਦ ਵਧਾਵੈ । 1/18/4

ਇਹਨਾਂ ਵਾਰਾਂ ਵਿਚ ਸੰਸਕ੍ਰਿਤ ਭਾਸ਼ਾ ਦੇ ਸਾਧਾਰਨ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ । ਸੰਧੀ ਵਾਲੇ ਸੰਸਕ੍ਰਿਤ ਸ਼ਬਦ ਬਹੁਤ ਘਟ ਵਰਤੇ ਹਨ । ਇੰਜ ਜਾਪਦਾ ਹੈ ਕਿ ਭਾਈ ਸਾਹਿਬ ਨੇ ਦਰਸ਼ਨ ਤੇ ਧਰਮ ਦੇ ਵਿਸ਼ੇ-ਨਿਰੂਪਣ ਲਈ ਸੰਸਕ੍ਰਿਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ ਕਿਉਂਕਿ ਇਹਨਾਂ ਵਿਸ਼ਿਆਂ ਸੰਬੰਧੀ ਤਕਨੀਕੀ ਸ਼ਬਦ ਇਸੇ ਭਾਸ਼ਾ ਵਿਚ ਉਪਲਬਧ ਸਨ । ਅਜਿਹੇ ਸ਼ਬਦਾਂ ਦੀ ਇਕ ਲੰਮੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ ।

ਨਮੂਨੇ ਮਾਤਰ ਕੁਝ ਸ਼ਬਦ ਨਿਮਨ-ਲਿਖਤ ਹਨ :—

ਉਲਾਸ,	ਉਦੋਤ,	ਉਪਾਧਿ,	ਉਤਮ,	ਅਭਿਮਾਨ,	
2/9/4	6/7/4	15/9/3	7/3/5	25/12/1	
ਅਰਧ,	ਅਤੀਤ,	ਆਸ਼ਰਮ,	ਅਸ਼ਟ,	ਆਵੇਸ,	ਆਕਾਰ,
18/19/5	1/40/7	29/14/1	2/16/2	3/1/5	6/16/1
ਆਧਾਰ,	ਅਵਗਤਿ,	ਅੰਬਰ,	ਇਭ (ਹਾਥੀ),	ਸੰਕਲਪ,	ਸਾਧਿਕ,
22/1/7	10/18/9	7/18/1	36/4/3	29/4/2	5/6/1
ਸੁਕ੍ਰਿਤ,	ਇੜਾ,	ਇੰਦ੍ਰ,	ਸਿੰਮ੍ਰਿਤਿ,	ਸੁਆਮੀ,	ਸ਼ਕਤਿ,
28/15/4	6/11/2	32/6/2	16/20/1	10/3/3	3/2/7
ਸੁਰ,	ਸਾਧ,	ਸਿਧ,	ਸਾਂਤਿ,	ਕਾਲਕੂਟ,	ਕੁੰਭਕ,
1/17/8	3/1/4	1/26/1	8/4/5	2/5/6	22/6/4
ਕਲੇਵਰ,	ਕਦਲੀ (ਕੇਲਾ),	ਗਰਬ,	ਗੰਭੀਰ,	ਗਗਨ,	ਚਰਨਾਰਬਿੰਦ,
16/21/6	17/4/3	32/13/6	24/5/2]	17/2/5	6/11/5
ਜਲ,	ਜੋਤਿ,	ਤ੍ਰਿਭਵਨ,	ਤਰਵਰ,	ਦਾਨਵ,	ਦਿਗੰਬਰ,
8/3/1	4/1/2	8/3/1	19/8/3	17/1/4	1/19/3

ਦੀਪ, ਨਾਥ, ਨਿਧਿ, ਜੀਰ, ਦ੍ਵਿਜ, ਪਾਤਾਲ,
29/8/2 4/3/2 5/7/2 2/20/4 7/9/5 7/3/4
ਪਰਵਿਰਤਿ, ਪਾਰਜਾਤ, ਪੁਰਾਣ, ਪੰਡਿਤ, ਬੇਦ, ਬਿਆਧਿ,
8/5/3 9/15/4 4/21/5 5/5/1 16/11/6 1/9/9/3
ਬ੍ਰਾਹਮਣ, ਬ੍ਰਹਮ, ਬੁਧਿ, ਭੂਤ, ਭਵਿਖ, ਭੂਪਤਿ,
25/4/2 1/5/4 5/18/1 7/3/2 14/2/6 14/3/5
ਭਵਨ, ਮਨ, ਮਾਰਗ, ਮਸਤਕ, ਰੇਚਕ, ਰਿਧਿ,
17/4/2 1/8/4 4/11/7 6/7/2 22/6/4 5/7/2
ਰਸਾਤਲ, ਉਦਰ, ਉਦੇ, ਅੰਡਜ, ਅਗੋਚਰ, ਅਸੁਰ,
1/22/5 37/6/3 12/11/6 7/4/1 29/19/3 14/4/2
ਲੋਕ, ਲੇਖ, ਵੇਦ, ਨਖ, ਨੇਤ੍ਰਿ, ਨਿਰਲੇਪ, ਦੇਹ,
4/4/5 8/2/5 1/6/6 25/12/6 13/4/7 24/21/2 4/3/1
ਦ੍ਰਿਸ਼ਟਿ, ਪੁਨੀਤ, ਭੰਡਾਰ, ਨਵਲ, ਨਿਸਚਲ, ਨਿਰੰਤਰੀ,
7/16/2 23/3/4 35/14/6 3/9/8 25/2/5 24/18/3
ਰੁਦ੍ਰ, ਬਿੰਬ, ਪ੍ਰਤਿਬਿੰਬ, ਭੂਮਿ, ਰਘੁਪਤਿ, ਆਦਿ
7/11/2 31/2/4 31/2/4 28/14/4 10/18/6

ਸੰਸਕ੍ਰਿਤ ਦੇ ਜੋ ਸ਼ਬਦ ਤਤਸਮ ਰੂਪ ਵਿਚ ਪੰਜਾਬੀਆਂ ਦੀ ਜ਼ਬਾਨ ਤੇ ਨਹੀਂ ਚੜ੍ਹੇ ਉਹ ਤਦਭਵ ਰੂਪ ਵਿਚ ਵਟ ਕੇ ਪਰਚਲਤ ਹੋਏ। ਲੋਕ-ਜੀਭਾ ਨੇ ਆਪਣੇ ਉਚਾਰਣ ਮੁਤਾਬਕ ਉਹਨਾਂ ਸ਼ਬਦਾਂ ਨੂੰ ਆਪਣੇ ਸੱਚੇ ਵਿਚ ਢਾਲ ਲਿਆ। ਭਾਈ ਸਾਹਿਬ ਦੀਆਂ ਵਾਰਾਂ ਵਿਚ ਅਜਿਹੇ ਸ਼ਬਦ ਵੀ ਮਿਲਦੇ ਹਨ ਜੋ ਪਾਲੀ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਵਿਚੋਂ ਆਏ ਹਨ।

ਪਾਲੀ ਦੇ ਸ਼ਬਦ :-

ਪਾਲੀ, ਬੁਧ ਮਤ ਦੀ ਧਾਰਮਕ ਭਾਸ਼ਾ ਸੀ। ਮਹਾਰਾਜਾ ਅਸ਼ੋਕ ਨੇ ਬੁਧ ਧਰਮ ਨੂੰ ਰਾਜ-ਧਰਮ ਬਣਾਇਆ ਤਾਂ ਪਾਲੀ ਵੀ ਰਾਜ-ਭਾਸ਼ਾ ਬਣ ਕੇ ਭਾਰਤ ਦੇ ਵਡੇਰੇ ਭਾਗ ਵਿਚ ਵਰਤੀ ਜਾਣ ਲਗੀ। ਬੁਧ ਧਰਮ ਦਾ ਜ਼ੋਰ ਹੋਣ ਕਰਕੇ ਪਾਲੀ ਦਾ ਅਸਰ ਹੋਰ ਬੋਲੀਆਂ ਉਤੇ ਤੇ ਪੰਜਾਬੀ ਉਤੇ ਵੀ ਪਿਆ ਹੋਵੇਗਾ। ਇਹ ਪ੍ਰਭਾਵ ਅਜ ਵਖਰਾ ਹੋ ਕੇ ਜ਼ਾਹਰ ਨਹੀਂ ਹੁੰਦਾ ਕਿਉਂਕਿ ਪਾਲੀ ਤੇ ਪ੍ਰਾਕ੍ਰਿਤ ਦੀ ਸ਼ਬਦਾਵਲੀ ਆਪਸ ਵਿਚ ਮਿਲਦੀ ਜੁਲਦੀ ਸੀ ਜੋ ਅਪਭ੍ਰੰਸ਼ ਰਾਹੀਂ ਪੰਜਾਬੀ ਵਿਚ ਪ੍ਰਵੇਸ਼ ਕੀਤੀ ਹੋਵੇਗੀ। ਹੋ ਸਕਦਾ ਹੈ ਕਿ ਮੁੰਨ, ਸਮਾਧੀ, ਭਿਬੂਤ, ਅਵਧੂਤ,
1/18/3 31/3/6 15/5/2 16/14/2

ਨਿਰਬਾਣ ਆਦਿ ਸ਼ਬਦ ਜੋ ਬੁਧ ਮਤ ਦੇ ਧਾਰਮਕ ਸੰਕੇਤੀ ਪਦ ਹਨ, ਪੰਜਾਬੀ ਵਿਚ ਨਵੇਂ ਰਲੇ
22/2/1

ਹੋਣ। ਇਹ ਸ਼ਬਦ ਵਾਰਾਂ ਵਿਚ ਵੀ ਉਪਲਬਧ ਹਨ। ਕੁਝ ਹੋਰ ਸ਼ਬਦ

ਘਰ,	ਅਉਸਰ,	ਸਾਇਰ,	ਪੰਡਾ,	ਮੀਰ,	ਬਾਮਣ,
3/1/4	5/18/7	9/14/4	24/10/7	2/20/3	10/13/7
ਪਲਤ,	ਲੱਧਾ,	ਹੋਠ	ਆਦਿ ਹਨ।		
17/16/6	25/20/4	4/2/2			

ਵਾਰਾਂ ਵਿਚ ਪ੍ਰਾਕ੍ਰਿਤ ਦੇ ਸ਼ਬਦ ਵੀ ਵਰਤੇ ਹੋਏ ਮਿਲਦੇ ਹਨ, ਜਿਵੇਂ ਕਿ :-

ਆਰਜਾ,	ਅਹਿਨਿਸ,	ਅਹਿਲਾਦ,	ਸਹਸ,	ਸਮਸਰ,	ਕਰਮ,
1/5/7	3/16/6	10/2/2	3/1/8	2/5/1	7/20/3
ਦਿਸੰਤਰ,	ਦੁਬਿਧਾ,	ਦਰਪਣ,	ਚੰਦ,	ਦਸਮ,	ਨਈਵੇਦ,
4/7/5	33/6/7	31/5/7	39/20/5	23/9/1	21/15/4
ਨਉਨਿਧਿ,	ਕਥੂਰੀ, ਆਦਿ।				
1/24/4	6/20/7				

ਅਪਭ੍ਰੰਸ਼ ਦੇ ਸ਼ਬਦ :–

ਭਾਈ ਸਾਹਿਬ ਦੀਆਂ ਵਾਰਾਂ ਵਿਚ ਅਪਭ੍ਰੰਸ ਸ਼ਬਦਾਵਲੀ ਦੀ ਘਣੇਰੀ ਵਰਤੋਂ ਹੋਈ ਹੈ। ਉਦਾਹਰਣ ਦੇ ਤੌਰ ਤੇ ਕੁਝ ਸ਼ਬਦ ਵੇਖੋ :–

ਉਗਵਣ,	ਆਥਵਣ,	ਉਸਤਤ,	ਅਉਧ,	ਅਨਹਦ,	ਅਸਗਾਹ,
1/34/7	1/34/7	29/11/4	1/6/3	9/5/2	3/4/9
ਅਚਰਜ,	ਸੂਰਮਾ,	ਸੂਰਬੀਰ,	ਸੁਹਾਤੀ,	ਸੋਇਣ,	ਸਿਲਾ,
38/18/1	1/48/8	11/28/1	12/12/5	31/19/1	4/16/6
ਸੰਘਟ,	ਹਰਹਟ,	ਕੂੜ,	ਕੁਧਿਆ,	ਕਉਲਾਂ,	ਖੇਵਟ,
25/2/5	3/6/9	5/2/7	5/2/7	38/2/5	21/10/3
ਛਾਰਾ,	ਜਿਹਬਾ,	ਠਉੜ,	ਤਮੋਲ,	ਦੁਲੰਭ,	ਛੋਹੀ,
5/8/3	17/8/3	1/3/6	11/7/1	4/1/5	26/1/6
ਧੋਹ,	ਪਰਛਿੰਨਾ	ਬਿਰਖ,	ਭਉਜਲ,	ਭ੍ਰਿਸਟਿ,	ਮਸਵਾਨੀ,
7/19/5	9/15/4	2/5/3	14/19/5	1/17/2	14/10/3

ਮੇਦਨੀ,	ਮੋਖ,	ਮੁਨੀ,	ਮੰਗਲ,	ਆਦਿ।
1/7/3	3/8/3	12/11/1	34/20/2	

ਬ੍ਰਿਜ ਭਾਸ਼ਾ ਦਾ ਪ੍ਰਭਾਵ ;-

ਬ੍ਰਿਜ ਭਾਸ਼ਾ ਮਥੁਰਾ ਤੇ ਆਗਰੇ ਦੇ ਆਸ ਪਾਸ ਬੋਲੀ ਜਾਂਦੀ ਹੈ। ਇਸ ਵਿਚ ਉਚ ਕੋਟੀ ਦਾ ਸਾਹਿਤ ਹੈ। "ਸੰਨ 1250 ਈ: ਤੋਂ 1850 ਈ: ਤਕ ਇਹੋ ਉਤਰੀ ਭਾਰਤ ਦੀ ਸਾਹਿਤਕ ਭਾਸ਼ਾ ਰਹੀ।"[1]

ਸਿਖ-ਮਤ ਦੇ ਪਰਚਾਰ ਹਿੱਤ ਭਾਈ ਸਾਹਿਬ ਕਾਫ਼ੀ ਸਮਾਂ ਇਸ ਬ੍ਰਿਜ ਭਾਸ਼ਾ ਵਾਲੇ ਇਲਾਕੇ ਵਿਚ ਰਹੇ ਤੇ ਪਰਚਾਰ ਦਾ ਕੇਂਦਰ ਉਨ੍ਹਾਂ ਨੇ ਆਗਰਾ ਹੀ ਬਣਾਇਆ। ਇਸ ਇਲਾਕੇ ਵਿਚ ਪਰਚਾਰ ਕਰਨ ਲਈ ਇਸ ਬੋਲੀ ਨੂੰ ਵਰਤਿਆ ਤੇ ਕਬਿੱਤ ਸਵੱਯੇ ਰਚੇ।

ਭਾਈ ਗੁਰਦਾਸ ਦੀ ਬੋਲੀ ਬਾਰੇ ਪ੍ਰਿੰ: ਸਾਹਿਬ ਸਿੰਘ ਲਿਖਦੇ ਹਨ,"ਵਾਰੇਂ ਠੇਠ ਪੰਜਾਬੀ ਮੇ ਹੈਂ ਔਰ ਕਬਿਤ ਪੰਜਾਬੀ ਨੁਮਾ ਬ੍ਰਿਜ ਭਾਸ਼ਾ ਮੇ ਹੈਂ।"[2]

ਭਾਈ ਸਾਹਿਬ ਦੀਆਂ ਵਾਰਾਂ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਆਪ ਨੇ ਬ੍ਰਿਜ ਭਾਸ਼ਾ ਦੇ ਪ੍ਰਭਾਵ ਹੇਠ ਬ੍ਰਿਜ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਬ੍ਰਿਜ ਭਾਸ਼ਾ ਵਿਚ ਕਵਿਤਾ (ਕਬਿੱਤ-ਸਵੱਯੇ) ਦੇ ਅਭਿਆਸ ਕਾਰਨ ਪਹਿਲੀਆਂ ਦਸ ਵਾਰਾਂ ਵਿਚ ਇਹ ਪ੍ਰਭਾਵ ਆਪਣੇ ਨਿਖਰਵੇਂ ਢੰਗ ਵਿਚ ਹੈ। ਜਿਨ੍ਹਾਂ ਸ਼ਬਦਾਂ ਵਿਚ 'ਣ' ਦੀ ਥਾਂ 'ਨ', 'ੜ' ਦੀ ਥਾਂ 'ਡ' ਜਾਂ 'ਰ', ਅਤੇ 'ਵ' ਦੀ ਥਾਂ 'ਬ' ਆਇਆ ਹੈ ਉਹ ਬ੍ਰਿਜ ਭਾਸ਼ਾ ਦੇ ਪ੍ਰਭਾਵ ਸਦਕਾ ਹੀ ਹੈ। ਵੰਨਗੀ ਲਈ ਕੁਝ ਸ਼ਬਦ ਵੇਖੋ :-

1. ਣ ਦੀ ਥਾਂ ਨ-	ਸੁਨਹੁ,	ਸੋਹਿਨੇ,		
	1/43/1	17/19/2		
2. ੜ ਦੀ ਥਾਂ ਡ-	ਬਡੇ,	ਪੇਡ,		
	1/24/3	2/9/2		
3. ੜ ਦੀ ਥਾਂ ਰ-	ਧੂਰ			
	3/10/9			
4. ਵ ਦੀ ਥਾਂ ਬ-	ਬਾਟ,	ਬਿਸਥਾਰ,	ਬਿਖ,	ਬਾਸਨਾ,
	5/13/4	16/15/5	7/8/2	1/15/1

ਭਾਈ ਸਾਹਿਬ ਦੀਆਂ ਵਾਰਾਂ ਵਿਚ ਕਈ ਤੁਕਾਂ ਅਜਿਹੀਆਂ ਲਭਦੀਆਂ ਹਨ ਜਿਨਾਂ ਵਿਚੋਂ ਬ੍ਰਿਜ ਭਾਸ਼ਾ ਦਾ ਪ੍ਰਭਾਵ ਡੁਲ੍ਹ ਡੁਲ੍ਹ ਪੈਂਦਾ ਹੈ; ਜਿਵੇਂ ਕਿ :-

1. ਪੰਜਾਬੀ ਭਾਸ਼ਾ ਦਾ ਵਿਕਾਸ, ਪ੍ਰੋ. ਦੁਨੀ ਚੰਦ, ਪੰਨਾ 38.
2. ਸੰਤ ਬਾਨੀ, ਪੰਨਾ 53-54.

ਗੁਪਤਹੁ ਪਰਗਟ ਹੋਇ ਕੈ ਭਸਮੰਤ ਕਰਾਏ ।[1]

ਤੇਰੋ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ ।[2]

ਸਾਹੁਰ ਪੀਹਰ ਪਖ ਤ੍ਰੈ ਘਰਿ ਨਾਨੇਹਾਲਾ ।[3]

ਹੋਇ ਬਿਰਖ ਹਰੀਆਵਲਾ ਲਾਲ ਗੁਲਾਲਾ ਫੁੱਲਾ ਵਿਗਸੈ ।[4]

ਇਸੇ ਤਰ੍ਹਾਂ 'ਬਸਤਰ ਪਹਿਰੇ ਅਗਨਿ ਕੇ ਬਰਫ ਹਿਮਾਲੇ ਅੰਦਰ ਛਾਈ'

'ਸਤਿਨਾਮ ਬਿਨ ਬਾਦਰ ਛਾਈ', ਜਹਾਂ ਤੇ ਉਪਜਿਆ ਤਹਾਂ ਸਮਾਵੇ,

'ਰੰਕ ਰਾਉ ਰਾਉ ਰੰਕ ਹੋਈ', ਭਗਤ ਵਛਲ ਪਰਵਾਨ ਚਰਨਾਂ ਧੂੜ ਹੈ'

ਆਦਿ ਤੁਕਾਂ ਵਿਚੋਂ ਇਹ ਪ੍ਰਭਾਵ ਲਭਿਆ ਜਾ ਸਕਦਾ ਹੈ ।

ਇਹਨਾਂ ਬ੍ਰਿਜ-ਭਾਸ਼ਾਈ ਪ੍ਰਭਾਵ ਵਾਲੀਆਂ ਤੁਕਾਂ ਤੋਂ ਇਲਾਵਾ ਇਹਨਾਂ ਵਾਰਾਂ ਵਿਚ ਕੁਝ ਸ਼ਬਦ ਖ਼ਾਸ ਬ੍ਰਿਜ ਭਾਸ਼ਾ ਦੇ ਹਨ, ਜਿਵੇਂ ਕਿ :–

	ਅਘਾਈ,	ਅਜਾਨ,	ਅਪਤ,	ਆਪਨ,	ਸਉਤ
	37/24/4	8/24/6	31/3/2	1/11/2	5/10/5
ਦਿਖਾਰੀ,	ਗਹਿ,	ਗਾਜੇ,	ਸਕੁਚ,	ਆਵੈ,	ਭਈ,
1/32/7	1/1/6	37/4/6	10/9/10	1/8/4	1/7/8
ਪਰਹਰੇ,	ਏਤਾ,	ਨਾਹੀ,	ਬਾਦਰ,	ਤਿਸ,	ਜਹਾਂ ਤੇ,
25/2/6	1/4/8	10/7/6	1/43/8	3/7/2	1/49/7
ਤੁਹਿ,	ਨਿਕਾਲੀਐ,	ਲਜਾਵਹੀ,	ਕਛ,	ਕਿਛ,	ਕੇਤੇ,
1/28/4	32/13/5	21/7/5	27/13/1	39/6/8	39/5/1
ਲੋਇਨ,	ਜੁਹਾਰੀ,	ਲੋਏ,	ਵਰਸੰਤੇ	ਪੀਹਰ,	ਭਗਤ-ਵਛਲ,
31/2/5	33/16/2	8/9/1	35/7/3	27/7/1	3/1/6
ਹਮਰੇ,	ਜਨਾਵੈ,	ਆਦਿ ।			
1/31/2	25/19/1				

ਸੰਤ (ਸਾਧ) ਭਾਸ਼ਾ ਦਾ ਪ੍ਰਭਾਵ :–

ਮਧਕਾਲੀਨ ਸੰਤਾਂ ਭਗਤਾਂ ਨੇ ਜਿਸ ਭਾਸ਼ਾ ਵਿਚ ਆਪਣੇ ਧਾਰਮਿਕ ਵਿਚਾਰ ਵਿਅਕਤ ਕੀਤੇ

1. ਵਾਰਾਂ ਭਾਈ ਗੁਰਦਾਸ, ਵਾਰ 2, ਪਉੜੀ 5.
2. ਉਹੀ ਵਾਰ 10, ਪਉੜੀ 7,
3. ਉਹੀ ਵਾਰ 27, ਪਉੜੀ 7,
4. ਉਹੀ ਵਾਰ 4, ਪਉੜੀ 11

ਸਨ, ਉਸ ਨੂੰ ਸੰਤ-ਭਾਸ਼ਾ ਜਾਂ ਸਾਧ-ਭਾਸ਼ਾ ਜਾਂ 'ਸਧੁਕੜੀ ਭਾਸ਼ਾ,'[1] ਦਾ ਨਾਂ ਦਿੱਤਾ ਗਿਆ। ਆਪਣੀ ਵਿਸ਼ੇਸ਼ ਤੇ ਸਰਬ ਸਾਂਝੀ ਸ਼ਬਦਾਵਲੀ ਕਾਰਨ ਇਹ ਭਾਸ਼ਾ ਦੇਸ਼ ਦੇ ਵੱਖ-ਵੱਖ ਹਿਸਿਆਂ ਵਿਚ ਆਸਾਨੀ ਨਾਲ ਸਮਝੀ ਜਾਂਦੀ ਸੀ ਤੇ ਇਸ ਦਾ ਪ੍ਰਭਾਵ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਉਤੇ ਪਿਆ।

ਭਾਈ ਗੁਰਦਾਸ ਨਿਰਗੁਣਵਾਦੀ ਭਗਤਾਂ ਸੰਤਾਂ ਦੀ ਬਾਣੀ ਤੋਂ ਚੰਗੇ ਵਾਕਿਫ ਸਨ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ, ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ, ਬਾਣੀ ਲਿਖਣ ਦੀ ਸੇਵਾ ਵੀ ਆਪ ਨੇ ਕੀਤੀ ਸੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਇਕ ਭਰਵੇਂ ਰੂਪ ਵਿਚ ਸੰਤ ਭਾਸ਼ਾ ਤੋਂ ਪ੍ਰਭਾਵਿਤ ਹੈ, ਇਸ ਕਰ ਕੇ ਭਾਈ ਸਾਹਿਬ ਦੀ ਆਪਣੀ ਬੋਲੀ ਉਤੇ ਸੰਤ ਭਾਸ਼ਾ ਦਾ ਕਾਫ਼ੀ ਅਸਰ ਹੈ।

ਭਾਈ ਸਾਹਿਬ ਦੀਆਂ ਵਾਰਾਂ ਕਿਉਂਕਿ ਗੁਰਬਾਣੀ ਦੀ ਵਿਆਖਿਆ ਕਰਦੀਆਂ ਹਨ ਇਸ ਲਈ ਇਹਨਾਂ ਵਿਚ ਉਹ ਸੰਤ ਸ਼ਬਦਾਵਲੀ ਵਿਦਮਾਨ ਹੈ ਜਿਹੜੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਹੀ ਵਰਤੀ ਜਾ ਚੁਕੀ ਸੀ, ਜਿਵੇਂ ਕਿ

	ਕਵਾਊ,	ਉਤਾਰਾ,	ਉਠੇ,	ਉਪਜੇ,	ਧੁੰਧੂਕਾਰਾ,
	1/4/1	1/4/6	25/20/2	30/10/3	30/8/4
ਅਜਪਾ,	ਅਜੂਨੀ,	ਅਠਸਠਿ,	ਆਦਿ,	ਅਨੀਲ,	ਅਪਰੰਪਰ
13/24/5	39/1/3	15/2/1	3/1/1	7/9/6	13/24/4
ਊਨਮ,	ਓਮਾਹਾ,	ਆਦਿਕ।			
23/20/3	17/4/2				

ਇਸੇ ਤਰ੍ਹਾਂ ਸੰਤ- ਸ਼ਬਦਾਵਲੀ ਦੇ ਨਿਮਨ-ਲਿਖਤ ਸ਼ਬਦ ਵੀ ਭਾਈ ਸਾਹਿਬ ਦੀਆਂ ਵਾਰਾਂ ਵਿਚ ਥਾਉਂ-ਥਾਈਂ ਪਰੋਤੇ ਦ੍ਰਿਸ਼ਟੀਗੋਚਰ ਹੁੰਦੇ ਹਨ —

	ਆਰਜਾ,	ਅਮਿਉ,	ਏਵਡੁ,	ਸੰਪੂਰਣੋ,	ਸੋਇਨ,
	1/5/7	3/5/8	18/8/5	7/14/5	35/17/3
ਵੇਸਾਹੁ,	ਵੀਸਰੇ,	ਵਿਸਮ,	ਵਾਪਾਰੀ,	ਵਾਇਨ,	ਚੰਦੋਲ,
15/1/5	9/12/5	13/24/2	5/3/4	11/1/3	22/14/7
ਕਰਵਤ,	ਕਾਛੀਐ,	ਭਤਾਰਾ,	ਮਨੂਆ,	ਰਜਾਇ.	ਆਦੇਸ
9/21/4	36/17/6	5/8/6	10/19/4	14/6/6	3/1/1

1. ਹਿੰਦੀ ਕਾਵਯ ਮੇਂ ਨਿਰਗੁਨ ਸੰਪਰਦਾਯ, ਡਾ ਪੀਤੰਬਰ ਦੱਤ ਬੜਥਵਾਲ, ਪੰਨਾ 385

ਆਦਿਪੁਰਖ,	ਓਅੰਕਾਰ,	ਅਲੇਪ,	ਆਸਾਮਨਸਾ,	ਆਵਾਗਉਣ,	ਇੜਾ-ਪਿੰਗਲਾ,
29/17/1	8/2/4	18/21/7	7/2/5	1/2/6	6/11/2
ਸੁਖਮਨਾ,	ਸਰੱਥ,	ਸਹਿਜ,	ਠਾਕੁਰ,	ਨਾਦ ਵੇਦ,	ਪਿਰਮ ਪਿਆਲਾ
7/3/6	6/12/1	3/1/5	10/5/5	4/3/2	3/19/5
ਪੰਥ,	ਭਾਉ,ਭਗਤਿ,	ਵਿਸਮਾਦ,	ਆਦਿਕ।		
3/5/4	1/11/4	2/2/5			

ਇਸ ਸੰਬੰਧ ਵਿਚ ਕੁਝ ਤੁਕਾਂ ਵੀ ਵੇਖਣ ਯੋਗ ਹਨ :–

1. ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ। 1/16/1
2. ਕਲਿਜੁਗ ਨਾਵੈ ਕੀ ਵਡਿਆਈ। 1/16/8
3. ਰੋਜ਼ੇ ਈਦ ਨਿਮਾਜ਼ ਕਰ ਕਰਮੀ ਬੰਦ ਕੀਆ ਸੰਸਾਰਾ। 1/20/3
4. ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠੌਰ ਨ ਥਾਈ। 1/16/2

ਇਹ ਪੂਰੀ ਦੀ ਪੂਰੀ ਪਉੜੀ ਵੇਖੋ ਕਿਵੇਂ ਸੰਤ-ਭਾਸ਼ਾ ਨਾਲ ਓਤ ਪਰੋਤ ਹੈ :-

ਦਰਸ਼ਨ ਦੇਖ ਪਤੰਗ ਜਿਉਂ ਜੋਤੀ ਜੋਤਿ ਸਮਾਵੈ।
ਸ਼ਬਦ ਸੁਰਤਿ ਲਿਵ ਮਿਰਗ ਜਿਉਂ ਅਨਹਦ ਲਿਵ ਛਾਵੈ।
ਸਾਧ ਸੰਗਤ ਵਿਚ ਮੀਨ ਹੋਇ ਗੁਰਮਤਿ ਸੁਖ ਪਾਵੈ।
ਚਰਨ ਕਵਲ ਵਿਚ ਭਵਰ ਹੋਇ ਸੁਖ ਰੈਣ ਵਿਹਾਵੈ।
ਗੁਰ ਉਪਦੇਸ਼ ਨ ਵਿਸਰੇ ਬਾਬੀਹਾ ਧਿਆਵੈ।
ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ। (ਵਾਰ 27, ਪਉੜੀ 14)

ਵਿਦੇਸ਼ੀ ਭਾਸ਼ਾਵਾਂ ਦਾ ਪ੍ਰਭਾਵ

ਭਾਈ ਗੁਰਦਾਸ ਦੇ ਸਮੇਂ ਤਕ ਭਾਰਤ ਉਤੇ ਇਸਲਾਮ ਦੇ ਕਈ ਵੰਸ਼ਾਂ ਤੇ ਜਾਤੀਆਂ ਦਾ ਰਾਜ ਰਹਿ ਚੁਕਾ ਸੀ ਤੇ ਉਨ੍ਹਾਂ ਦੇ ਆਪਣੇ ਸਮੇਂ ਮੁਗਲ ਖ਼ਾਨਦਾਨ ਦਾ ਰਾਜ ਆਪਣੇ ਪੱਕੇ ਪੈਰੀਂ ਕਾਇਮ ਸੀ। ਇਹ ਮੁਸਲਮਾਨ ਅਰਬ, ਤੁਰਕਿਸਤਾਨ ਤੇ ਈਰਾਨ ਵਲੋਂ ਸਤਵੀਂ ਅਠਵੀਂ ਸਦੀ ਈਸਵੀ ਤੋਂ ਪੰਜਾਬ ਵਿਚ ਆਉਣ ਲਗ ਪਏ ਸਨ।" ਸੰਨ 93 ਹਿਜਰੀ ਵਿਚ ਮੁਹੰਮਦ ਬਿਨ ਕਾਸਮ ਨੇ ਭਾਰਤ ਉਤੇ ਹਮਲਾ ਕੀਤਾ, ਅਤੇ ਮੁਲਤਾਨ ਤੋਂ ਕਛ ਅਤੇ ਮਾਲਵੇ ਦੀ ਸੀਮਾ ਤਕ ਕਬਜ਼ਾ ਕਰ ਲਿਆ।"[1] ਇਹ ਸਾਮਰਾਜ ਮੁਲਤਾਨ ਅਤੇ ਸਿੰਧ ਦੇ ਪ੍ਰਾਂਤਾਂ ਉਤੇ ਮਹਿਮੂਦ ਗਜ਼ਨਵੀ ਦੀ ਚੜ੍ਹਾਈ ਤਕ ਰਿਹਾ।[2] ਇਹਨਾਂ ਪਹਿਲੇ ਸ਼ਾਹੀ ਖ਼ਾਨਦਾਨਾਂ ਦੀ ਮਾਤ-ਭਾਸ਼ਾ, ਮਧ–

1. ਅਰਬ ਤੇ ਹਿੰਦ ਦੇ ਸਬੰਧ ਪੰਜਾਬੀ ਅਨੁਵਾਦ, ਪੰਨਾ 15
2. ਉਹੀ ਪੰਨਾ 284

ਏਸ਼ੀਆ ਦੀ ਤੁਰਕੀ ਭਾਸ਼ਾ ਸੀ, ਪਰ ਇਸਲਾਮ ਦੀ ਧਾਰਮਕ ਭਾਸ਼ਾ ਅਰਬੀ ਸੀ ਤੇ ਫ਼ਾਰਸੀ ਇਹਨਾਂ ਦੀ ਅਦਬੀ ਭਾਸ਼ਾ ਸੀ।

ਤੁਰਕੀ, ਅਰਬੀ, ਤੇ ਫ਼ਾਰਸੀ ਭਾਸ਼ਾਵਾਂ ਵਾਲੇ ਮੁਸਲਮਾਨਾਂ ਦੇ ਇਕ ਲੰਮੇ ਸਮੇਂ ਦੇ ਮੇਲ ਜੋਲ ਕਾਰਨ ਸਾਡੀਆਂ ਭਾਸ਼ਾਵਾਂ ਵਿਚ ਇਹਨਾਂ ਬੋਲੀਆਂ ਦੇ ਸ਼ਬਦਾਂ ਦਾ ਆ ਜਾਣਾ ਇਕ ਕੁਦਰਤੀ ਗੱਲ ਸੀ ਤੇ ਨਿਤ ਦੀ ਵਰਤੋਂ ਕਾਰਨ ਇਹਨਾਂ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਦਾ ਓਪਰਾ-ਪਨ ਵੀ ਕਾਇਮ ਨਹੀਂ ਸੀ ਰਹਿ ਸਕਦਾ। ਇਹ ਸ਼ਬਦ, ਸੰਸਕ੍ਰਿਤ ਵਿਚੋਂ ਆਏ ਸ਼ਬਦਾਂ ਵਾਂਗ ਹੀ, ਤਤਸਮ, ਅਰਧਤਤਸਮ ਜਾਂ ਤਦਭਵ ਰੂਪ ਵਿਚ ਉੱਤਰੀ ਭਾਰਤ ਦੀਆਂ ਬੋਲੀਆਂ ਵਿਚ ਰਲ ਮਿਲ ਗਏ ਨਜ਼ਰ ਆਉਂਦੇ ਹਨ।

ਭਾਈ ਗੁਰਦਾਸ ਦੇ ਸਮੇਂ ਭਾਰਤ ਵਿਚ ਮੁਖ ਤੌਰ ਤੇ ਇਸਲਾਮ ਤੇ ਹਿੰਦੂ ਧਰਮ ਪਰਚਲਤ ਸਨ। ਭਾਈ ਸਾਹਿਬ ਨੂੰ ਇਹਨਾਂ ਧਰਮਾਂ ਦੀ ਭਰਪੂਰ ਜਾਣਕਾਰੀ ਪ੍ਰਾਪਤ ਕਰਨ ਦਾ ਅਵਸਰ ਮਿਲਿਆ ਕਿਉਂਕਿ ਗੁਰਬਾਣੀ ਦੀ ਵਿਆਖਿਆ ਸਮਕਾਲੀ ਧਰਮਾਂ ਦੀ ਜਾਣਕਾਰੀ ਤੋਂ ਬਿਨਾਂ ਹੋਣੀ ਅਸੰਭਵ ਸੀ। ਗੁਰਬਾਣੀ ਵਿਚ ਵੀ ਤਾਂ ਇਹਨਾਂ ਧਰਮਾਂ ਸੰਬੰਧੀ ਵਿਚਾਰ ਵਿਮਰਸ਼ ਕੀਤਾ ਗਿਆ ਹੈ। ਫੇਰ, ਜਿਵੇਂ ਸੰਸਕ੍ਰਿਤ ਹਿੰਦੂ ਧਰਮ ਦੀ ਧਾਰਮਕ ਭਾਸ਼ਾ ਹੈ, ਅਰਬੀ ਇਸਲਾਮ ਦੀ ਧਾਰਮਕ ਭਾਸ਼ਾ ਹੈ। ਮੁਸਲਮਾਨ ਰਾਜ ਨੇ ਆਪਣੀ ਰਾਜ ਭਾਸ਼ਾ ਫ਼ਾਰਸੀ ਰੱਖੀ। ਵਿਦਿਆ ਦਾ ਮਾਧਿਅਮ ਵੀ ਫ਼ਾਰਸੀ ਹੀ ਸੀ, ਫ਼ਾਰਸੀ ਦਾ ਪਠਨ-ਪਾਠਨ ਉਵੇਂ ਹੀ ਜ਼ਰੂਰੀ ਸਮਝਿਆ ਗਿਆ ਜਿਵੇਂ ਅੰਗਰੇਜ਼ ਦੇ ਰਾਜ ਸਮੇਂ ਅੰਗਰੇਜ਼ੀ ਦਾ ਸੀ, ਕੁਝ ਅਜਿਹੇ ਹੀ ਕਾਰਨਾਂ ਕਰ ਕੇ ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਪੰਜਾਬੀ ਬੋਲੀ ਵਿਚ ਰਚ ਮਿਚ ਗਈ। ਇਹ ਸ਼ਬਦਾਵਲੀ ਗੁਰਬਾਣੀ ਵਿਚ ਵੀ ਵਰਤੀ ਗਈ ਤੇ ਭਾਈ ਸਾਹਿਬ ਦੀਆਂ ਵਾਰਾਂ ਵਿਚ ਵੀ ਇਸ ਦਾ ਪ੍ਰਯੋਗ ਹੋਇਆ।

ਅਰਬੀ ਦੇ ਤਤਸਮ ਤੇ ਤਦਭਵ ਸ਼ਬਦ

ਉਮਤ	26/24/3;	ਇਤਬਾਰੀ	8/11/6;	ਸਬਰ	3/18/2;
ਅਤਾਈ	8/20/3;	ਇਸ਼ਕ	9/3/4;	ਸਬੂਣੇ	35/3/2;
ਅਦਲ	24/3/7;	ਇਨਾਮ	32/15/4;	ਸਮ੍ਹਾਂ	8/20/4;
ਅਬਦਾਲ	8/8/3;	ਇਮਾਮ	39/11/3;	ਸਯਦ	8/16/4;
ਅਮਲ	27/2/1;	ਇਲਮ	34/8/6;	ਸਰਾਫ਼	5/5/3;
ਅਮੀਰ	8/19/3;	ਈਦ	1/20/3;	ਸ਼ਰਾਬ	39/9/5;
ਆਸ਼ਕ	29/16/7	ਦੀਮਾਨ	1/33/1;	ਸਰੇਆਰਿ	8/8/5;
ਆਕਲ	21/12/2	ਸਈਸ	8/19/5	ਸਰੀਕੇ	32/11/6
ਆਕੀ	1/38/4;	ਸਹੀਦ	3/18/2	ਸਲਾਹ	2/3/3

ਰਹਿਮਾਣਾ-39/10/8	ਰਹੀਮ- 1/21/5	ਰਕੀਬੀ- 4/3/2
ਰਜ਼ਾਇ (ਰਜ਼ਾ)-14/6/6	ਰਬ- 1/35/7	ਰਬਾਬ- 6/12/3
ਰਾਜ਼ਕ- 18/10/2	ਰਾਜ਼ੀ- 18/21/5	ਰਾਫਜ਼ੀ- 8/16/2
ਰੁਕਨ- 8/8/4	ਲਉਬਾਲੀ-3/4/7	ਲਾਇਕ- 39/8/3
ਲਾਇਤਬਾਰ-17/21/3	ਲੈਲੀ- 37/31/1	ਵਖਤ (ਵਕਤ)-1/5/6
ਵਜਹੁ- 21/14/4	ਵਜ਼ੀਰ- 20/19/3	ਵਜੂਦ- 39/11/4
ਵਲੀਉਲਹ [8/8/1	ਵਲੀ- 21/3/5	ਵਿਦਾ- 10/9/9

ਤੁਰਕੀ ਦੇ ਸ਼ਬਦ :-

ਤੁਰਕੀ ਭਾਸ਼ਾ ਸਾਡੇ ਦੇਸ਼ ਵਿਚ ਘਟ ਹੀ ਪਰਚਲਤ ਹੋ ਸਕੀ । ਇਸ ਦੇ ਕੁਝ ਸ਼ਬਦ ਹੀ ਭਾਈ ਸਾਹਿਬ ਦੀਆਂ ਵਾਰਾਂ ਵਿਚ ਪ੍ਰਯੋਗ ਹੋਏ ਮਿਲਦੇ ਹਨ । ਤੁਰਕੀ ਭਾਸ਼ਾ ਦੇ ਜਿਹੜੇ ਸ਼ਬਦ ਸਾਡੀਆਂ ਬੋਲੀਆਂ ਵਿਚ ਆਏ ਹਨ, ਹੋ ਸਕਦਾ ਹੈ ਉਹ ਅਰਬੀ ਵਾਂਗ ਫ਼ਾਰਸੀ ਰਾਹੀਂ ਹੀ ਆਏ ਹੋਣ । ਕੁਝ ਸ਼ਬਦ ਵੇਖੋ :

ਸਉਦਾ- 3/6/1	ਕਿਲਮਾਕ- 8/16/5	ਕੈਂਚੀ- 4/10/6
ਕੋਰਚੀ- 8/20/5	ਤਮਾਚੇ- 33/13/1	ਮੁਗਲ- 8/19/5

ਫ਼ਾਰਸੀ ਦਾ ਪ੍ਰਭਾਵ :-

ਪੰਜਾਬੀ ਬੋਲੀ ਨੇ ਬਾਕੀ ਵਿਦੇਸ਼ੀ ਭਾਸ਼ਾਵਾਂ, ਅਰਬੀ, ਤੁਰਕੀ ਆਦਿ ਨਾਲੋਂ ਫ਼ਾਰਸੀ ਦਾ ਪ੍ਰਭਾਵ ਕਿਤੇ ਵਧੇਰੇ ਗ੍ਰਹਿਣ ਕੀਤਾ ਹੈ । ਇਸ ਦਾ ਇਕ ਮੁਖ ਕਾਰਨ ਇਹ ਹੈ ਕਿ 11ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਅਧ ਤਕ ਇਹ ਭਾਸ਼ਾ ਰਾਜ-ਭਾਸ਼ਾ ਬਣੀ ਰਹੀ ਹੈ । ਮੁਸਲਮਾਣੀ ਰਾਜ ਦੇ ਇਸ ਲੰਮੇ ਸਮੇਂ ਵਿਚ ਤੇ ਫੇਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਫ਼ਾਰਸੀ ਨੂੰ ਪੰਜਾਬ ਵਿਚ ਵਿਦਿਅਕ ਤੇ ਰਾਜ-ਦਰਬਾਰ ਦੀ ਬੋਲੀ ਹੋਣ ਦਾ ਮਾਣ ਪ੍ਰਾਪਤ ਰਿਹਾ । ਇਸ ਲੰਮੇਰੇ ਮੇਲ ਜੋਲ ਕਾਰਨ ਪੰਜਾਬੀ ਬੋਲੀ ਉਤੇ ਫ਼ਾਰਸੀ ਦਾ ਪ੍ਰਭਾਵ ਕੁਦਰਤੀ ਗੱਲ ਸੀ ।

ਫੇਰ, ਫ਼ਾਰਸੀ ਨੇ ਪੰਜਾਬੀ ਕਿੱਸਾ-ਕਾਵਿ ਤੇ ਸੂਫ਼ੀ-ਕਾਵਿ ਰਾਹੀਂ ਵੀ ਪੰਜਾਬੀ ਉਤੇ ਪ੍ਰਭਾਵ ਪਾਇਆ । ਫ਼ਾਰਸੀ ਪੜ੍ਹੇ ਮੁਸਲਮਾਣ ਸ਼ਾਇਰਾਂ ਨੇ ਪੰਜਾਬੀ ਵਿਚ ਕਿੱਸੇ ਲਿਖੇ ਸੂਫ਼ੀ ਫ਼ਕੀਰਾਂ ਨੇ ਆਪਣੇ ਵਿਚਾਰ ਪੰਜਾਬੀ ਕਵਿਤਾ ਰਾਹੀਂ ਪਰਗਟ ਕੀਤੇ ਤਾਂ ਸੁਭਾਵਿਕ ਤੌਰ ਤੇ ਪੰਜਾਬੀ ਉਤੇ ਫ਼ਾਰਸੀ ਦੀ ਰੰਗਤ ਆ ਗਈ । ਫ਼ਾਰਸੀ ਸ਼ਬਦਾਵਲੀ, ਫ਼ਾਰਸੀ ਮੁਹਾਵਰਾ, ਫ਼ਾਰਸੀ ਵਾਕਅੰਸ਼, ਫ਼ਾਰਸੀ ਅਲੰਕਾਰ ਆਦਿ ਬਹੁਤ ਕੁਝ ਪੰਜਾਬੀ ਜ਼ਬਾਨ ਵਿਚ ਪ੍ਰਵੇਸ਼ ਕਰ ਗਿਆ । ਫ਼ਾਰਸੀ ਦੀਆਂ ਕੁਝ ਵਿਸ਼ੇਸ਼ ਧੁਨੀਆਂ ਸ਼, ਖ਼, ਗ਼, ਜ਼, ਫ਼ ਆਦਿ ਦੇ ਪਰਚਲਤ

ਹੋ ਜਾਣ ਕਾਰਨ ਪੰਜਾਬੀ ਦੀ ਵਰਣ-ਮਾਲਾ ਵਿਚ ਵੀ ਇਹਨਾਂ ਧੁਨੀਆਂ ਵਾਲੇ ਵਰਣਾਂ ਦਾ ਵਾਧਾ ਕੀਤਾ ਗਿਆ ਤੇ ਇਹ ਅੱਖਰ ਪੈਂਤੀ ਤੋਂ ਚਾਲ੍ਹੀ ਹੋ ਗਏ।

ਇੱਥੇ ਹੀ ਬਸ ਨਹੀਂ, ਸਿਖ ਸਾਹਿਤ ਵਿਚ ਵੀ ਫ਼ਾਰਸੀ ਸ਼ਬਦਾਂ ਦੇ ਪ੍ਰਯੋਗ ਦੀ ਪਰਪਾਟੀ ਚਲਦੀ ਆਈ ਹੈ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਫ਼ਾਰਸੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਸਿਖ ਸਾਹਿਤ ਦੇ ਧਾਰਮਕ ਤੇ ਅਧਿਆਤਮਕ ਵਿਸ਼ਿਆਂ ਤੋਂ ਇਲਾਵਾ, ਸਮਾਜਕ ਤੇ ਰਾਜਨੀਤਕ ਵਿਸ਼ਿਆਂ ਕਾਰਨ ਵੀ ਫ਼ਾਰਸੀ ਦਾ ਪ੍ਰਭਾਵ ਵਧਿਆ। ਇਉਂ ਪੰਜਾਬੀ ਬੋਲੀ ਵਿਚ ਫ਼ਾਰਸੀ ਭਾਸ਼ਾ ਦੀ ਧਾਰਮਕ, ਸਮਾਜਕ, ਰਾਜਨੀਤਕ ਸ਼ਬਦਾਵਲੀ ਦੀ ਆਮ ਵਰਤੋਂ ਵੇਖਣ ਵਿਚ ਆਉਂਦੀ ਹੈ।

ਭਾਈ ਗੁਰਦਾਸ ਨੇ ਗੁਰਮਤ-ਵਿਚਾਰਧਾਰਾ ਦੀ ਵਿਆਖਿਆ ਕਰਨੀ ਸੀ, ਹੋਰ ਧਰਮਾਂ ਦੀ ਵਿਚਾਰਧਾਰਾ ਨਾਲ ਇਸ ਦਾ ਟਾਕਰਾ ਕਰਨਾ ਸੀ ਤੇ ਉਸ ਸਮੇਂ ਇਸਲਾਮ ਆਪਣੇ ਪੂਰੇ ਜ਼ੋਰਾਂ ਉਤੇ ਸੀ, ਸੋ ਆਪ ਦੀਆਂ ਵਾਰਾਂ ਵਿਚ ਫ਼ਾਰਸੀ ਸ਼ਬਦਾਵਲੀ ਦਾ ਆ ਜਾਣਾ ਕੋਈ ਅਲੋਕਾਰ ਗੱਲ ਨਹੀਂ ਜਾਪਦੀ। "ਭਾਈ ਸਾਹਿਬ ਨੇ ਕੋਈ ਛੇ ਸਤ ਸੌ ਫ਼ਾਰਸੀ ਸ਼ਬਦ ਵਰਤੇ ਹਨ, ਜਿਨ੍ਹਾਂ ਵਿਚੋਂ ਚਾਰ ਕੁ ਸੌ ਪਰਚਲਤ ਫ਼ਾਰਸੀ ਬੋਲੀ ਵਿਚੋਂ ਆਏ ਹਨ ਤੇ ਦੋ ਤਿੰਨ ਸੌ ਸਾਹਿਤਕ ਫ਼ਾਰਸੀ ਵਿਚੋਂ ਆਏ ਹਨ।"[1]

ਭਾਈ ਸਾਹਿਬ ਨੇ ਕੇਵਲ ਫ਼ਾਰਸੀ ਸ਼ਬਦਾਵਲੀ—ਧਾਰਮਕ, ਸਮਾਜਕ, ਰਾਜਨੀਤਕ ਆਦਿ ਨੂੰ ਹੀ ਅਪਨਾਇਆ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਤਾਂ ਕੁਝ ਛੰਦ ਨਿਰੋਲ ਫ਼ਾਰਸੀ ਵਿਚ ਰਚੇ ਮਿਲਦੇ ਹਨ, ਪਰ ਭਾਈ ਸਾਹਿਬ ਨੇ ਨਾ ਤਾਂ ਕੋਈ ਨਿਰੋਲ ਫ਼ਾਰਸੀ ਛੰਦ ਰਚਿਆ ਤੇ ਨਾ ਹੀ ਫ਼ਾਰਸੀ ਕਾਵਿ-ਸ਼ੈਲੀ ਨੂੰ ਅਪਨਾਇਆ। ਫ਼ਾਰਸੀ ਉਪਮਾ, ਫ਼ਾਰਸੀ ਵਿਚਾਰ-ਧਾਰਾ ਆਦਿ ਦਾ ਵੀ ਆਪ ਉਤੇ ਕੋਈ ਪ੍ਰਭਾਵ ਨਜ਼ਰ ਨਹੀਂ ਆਉਂਦਾ। ਲੈਲਾ ਮਜਨੂੰ ਦੇ ਇਸ਼ਕ ਦੀ ਲੋਕ-ਪਰਚਲਤ ਕਹਾਣੀ ਵੱਲ ਕੇਵਲ ਦੋ ਥਾਂ[2] ਸੰਕੇਤ ਕੀਤਾ ਹੈ ਅਤੇ 'ਸ਼ੁਤਰ ਮੁਰਗ'[3] ਦਾ ਕੇਵਲ ਇਕ ਦ੍ਰਿਸ਼ਟਾਂਤ ਹੀ ਫ਼ਾਰਸੀ ਸਾਹਿਤ ਵਿਚੋਂ ਵਰਤਿਆ ਹੈ। ਇਸ ਦੇ ਨਾਲ ਹੀ

ਮਿਹਰ ਮੁਹਬਤ ਆਸ਼ਕੀ ਇਸ਼ਕ ਮੁਸ਼ਕ ਕਿਉਂ ਲੁਕੇ ਲੁਕਾਇਆ। 18/23/1

ਇਕ ਤੁਕ ਹੀ ਫ਼ਾਰਸੀ ਅਖਾਣ ਉਤੇ ਆਧਾਰਿਤ ਰਚੀ ਹੋਈ ਮਿਲਦੀ ਹੈ।

ਸਿਖ ਵਿਚਾਰਧਾਰਾ ਦੇ ਪਰਚਾਰਕ ਭਾਈ ਗੁਰਦਾਸ ਇਸਲਾਮ ਦੇ ਸਿਧਾਂਤਾਂ ਤੋਂ ਚੰਗੇ ਵਾਕਿਫ਼ ਸਨ, ਇਸ ਲਈ ਇਸਲਾਮੀ ਸ਼ਬਦਾਂ ਦਾ ਆਪ ਨੂੰ ਚੰਗਾ ਗਿਆਨ ਸੀ। ਕਈ ਪਉੜੀਆਂ

---

1. ਪੰਜਾਬੀ ਦੁਨੀਆ-ਭਾਈ ਗੁਰਦਾਸ ਅੰਕ, 1968; ਪੰਨਾ 172.
2. ਵਾਰਾਂ ਭਾਈ ਗੁਰਦਾਸ, ਵਾਰ 27, ਪਉੜੀ ਪਹਿਲੀ, ਵਾਰ 30, ਪਉੜੀ 31.
3. ਉਹੀ ਵਾਰ 33, ਪਉੜੀ 12.

ਵਿਚੋਂ ਆਪ ਦੇ ਇਸ ਗਿਆਨ ਦੀ ਝਲਕ ਪੈਂਦੀ ਹੈ, ਜਿਵੇਂ ਕਿ :-

ਪੀਰ ਪੈਕੰਬਰ ਹੋਇ ਕਰਦੇ ਬੰਦਗੀ ।
ਸ਼ੇਖ ਮਸਾਇਕ ਹੋਇ ਕਰ ਮੁਹਛੰਦਗੀ ।
ਗਊਸ ਕੁਤਬ ਕਈ ਲੋਇ ਦਰ ਬਖਸ਼ੰਦਗੀ ।
ਦੂਤ ਦਰਵੇਸ ਖਲੋਇ ਮਸਤ ਮਸੰਦਗੀ ।
ਵਲੀ-ਉਲਹ ਸੁਣ ਸੋਇ ਕਰਨ ਪਸੰਦਗੀ ।
ਦਰਗਹ ਵਿਰਲਾ ਕੋਇ ਬਖਤ ਬਲੰਦਗੀ 1

ਇਸਲਾਮੀ ਸਿਧਾਂਤ ਨਾਲ ਸੰਬੰਧਤ ਇਹੋ ਜਿਹੀ ਸ਼ਬਦਾਵਲੀ ਅਠਵੀਂ ਵਾਰ ਦੀ ਅਠਵੀਂ ਤੇ ਸੋਲ੍ਹਵੀਂ ਪਉੜੀ ਵਿਚ ਵੀ ਵੇਖੀ ਜਾ ਸਕਦੀ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਫ਼ਾਰਸੀ ਸ਼ਬਦ ਵੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪ੍ਰਯੋਗ ਹੋਏ ਮਿਲਦੇ ਹਨ । ਕਾਰਨ ਇਹ ਹੋ ਸਕਦਾ ਹੈ ਕਿ ਇਹ ਬਾਣੀ ਆਪਣੇ ਹੱਥਾਂ ਨਾਲ ਲਿਖਦੇ ਲਿਖਦੇ ਇਹ ਸ਼ਬਦ ਯਾਦ ਹੋ ਗਏ ਹੋਣਗੇ । ਅਜਿਹੇ ਕੁਝ ਸ਼ਬਦਾਂ ਦਾ ਵੇਰਵਾ ਇਉਂ ਹੈ :-

ਸੁਲਤਾਨਾ, 22/15/6	ਪੀਰ ਫਕੀਰ, 1/36/1	ਸਬੂਰੀ, 9/3/5	ਦਰਵੇਸ, 3/1/9	ਹੱਕ, 8/8/6	
ਰਿਜ਼ਕ, 14/6/5	ਦੀਨ-ਦੁਨੀ, 12/3/7	ਹੁਕਮ, 3/4/6	ਕਦਰ, 6/9/5	ਦੀਬਾਣ, 24/19/6	ਆਦਿ ।

ਭਾਈ ਸਾਹਿਬ ਦੀਆਂ ਵਾਰਾਂ ਵਿਚ ਸਾਹਿਤਕ ਫ਼ਾਰਸੀ ਦੇ ਸ਼ਬਦਾਂ ਦਾ ਦੀਦਾਰ ਵੀ ਪ੍ਰਾਪਤ ਹੈ, ਜਿਵੇਂ ਕਿ :-

	ਸ਼ੇਖ ਮਸਾਇਕ, 8/8/2	ਵਲੀ ਉਲਹ, 8/8/1	ਪੁਰਸਸ਼ਿ 33/12/2	ਦਰੋਗੀ, 8/17/6	ਹਿਮਾਇਤ, 30/10/2
ਖੁਦੀ ਬਖੀਲੀ, 1/21/2	ਦਾਵਾ, 29/13/6	ਮੁਦਈ, 38/5/5	ਉਲਸ, 11/1/5	ਤੁਰਸ਼ੀ, 4/6/6	ਤਰਕਸਬੰਦ, 8/19/3
ਦਰਬਖਸੰਦਗੀ, 21/3/3	ਬਾਗਾਤ, 19/6/3	ਮਹਿਰਾਬ, 1/32/4	ਮੁਹਾਬਾ, 24/3/2	ਤਖਤ, 3/5/3	ਬਖਤੁ, 21/3/6
ਸਫਰ, 3/18/2	ਸੁਪੇਦੀ, 26/31/4	ਸਿਆਹੀ, 26/31/4	ਅਹਿਮਕ, 34/14/4	ਆਦਿ ।	

1. ਵਾਰਾਂ ਭਾਈ ਗੁਰਦਾਸ ਵਾਰ 21, ਪਉੜੀ 3

ਭਾਈ ਗੁਰਦਾਸ ਨੇ ਸੰਤ ਭਾਸ਼ਾ ਦੀ ਸ਼ਬਦਾਵਲੀ ਦੇ ਪ੍ਰਭਾਵ ਕਾਰਨ ਕਈ ਫ਼ਾਰਸੀ ਸ਼ਬਦਾਂ ਨੂੰ ਉਸੇ ਰੂਪ ਵਿਚ ਬਦਲ ਕੇ ਵਰਤਿਆ ਹੈ, ਜਿਵੇਂ :-

ਫ਼ਾਰਸੀ ਸ਼ਬਦ	ਵਾਰਾਂ ਵਿਚ ਵਰਤੇ	ਫ਼ਾਰਸੀ ਸ਼ਬਦ	ਵਾਰਾਂ ਵਿਚ ਵਰਤੇ
ਅੰਬਾਰ	ਅੰਬਾਰਾ 26/22/6	ਸ਼ੁਮਾਰ	ਸ਼ੁਮਾਰਾ 1/4/5
ਸੰਜੀਦਾ	ਸੰਜੀਦ 3/18/7	ਉਸਰਾਂ	ਉਮਰਾਉ 5/11/2
ਕੁਸ਼ਾਦਾਕਾਰ	ਕਾਰ ਕੁਸ਼ਾਦੇ 5/11/5	ਰਬਾਬ	ਰਬਾਬਾ 24/4/2
ਨਿਸ਼ਾਨ	ਨੀਸਾਨ 4/8/3	ਖ਼ੁਦਾ	ਖ਼ੁਦਾਇ 1/32/6
ਮਸਜਿਦ	ਮਾਸੀਤ 1/20/5	ਤਕੱਬਰ	ਤਕੱਬਰੀ 1/21/2

ਫ਼ਾਰਸੀ ਸ਼ਬਦ, ਜਿਹੜੇ ਇਹਨਾਂ ਵਾਰਾਂ ਵਿਚ ਪ੍ਰਯੋਗ ਹੋਏ ਮਿਲਦੇ ਹਨ, ਉਹਨਾਂ ਦੀਆਂ ਕੁਝ ਹੋਰ ਵੰਨਗੀਆਂ ਨਿਮਨ ਲਿਖਤ ਹਨ :-

(ੳ) ਤਤਸਮ ਫ਼ਾਰਸੀ ਸ਼ਬਦ

1. ਧਾਰਮਕ ਵਿਸ਼ਿਆਂ ਨਾਲ ਸੰਬੰਧਤ

ਬਦੀ, 8/16/7	ਅਜ਼ਾਬ, 39/8/6	ਬਦੀ, 5/15/7	ਦਰਬਾਨ, 23/6/5	ਦਲਾਲੀ, 5/5/4	ਦਰਗਾਹ, 3/4/7
ਦਰਵੇਸ਼, 3/1/9	ਕੁਰਬਾਨੀ, 14/1/6	ਰੋਜ਼ੇ, 1/20/3	ਨਮਾਜ਼, 1/20/3	ਈਦ, 1/20/3	ਪੀਰ, 8/8/1
ਮਾਹ, 5/9/4	ਸੁੰਨਤ, 39/10/3	ਦਸਤਗੀਰ, 39/3/1	ਰਬ, 1/35/7	ਇਮਾਮ, 39/11/3	ਮਲੰਗ, 8/8/3
ਨੇਕੀ, 3/6/7	ਫ਼ਕੀਰ, 25/16/2	ਨਸੀਬੀ, 4/3/4	ਸਿਦਕ, 9/3/5	ਸੂਫ਼ੀ, 8/16/1	ਨਾਪਾਕ, 35/13/4
ਬੇਈਮਾਨ, 8/16/6	ਦੁਨੀਆਂ ਦਾਰ, 21/14/2	ਪਾਇ, 1/32/4	ਸ਼ੇਖ਼, 7/8/2	ਅਲਾਹੁ, 24/3/3	ਹਜ, 1/32/3
ਹਾਜੀ, 1/32/3	ਸ਼ੈਤਾਨ, 17/21/6	ਕੁਦਰਤ, 3/3/3	ਗੁਨਾਹਗਾਰ, 17/21/4	ਸ਼ਰੀਅਤ, 8/8/5	ਪਾਕ, 3/19/5
ਜ਼ੀਆ, 38/11/1	ਆਦਿ ।				

2. ਰਾਜਨੀਤਕ ਵਿਸ਼ਿਆ ਨਾਲ ਸੰਬੰਧਤ

ਪਨਾਹ, 21/8/4	ਸਿਪਾਹੀ, 18/12/4	ਫ਼ੌਜਦਾਰ, 30/13/4	ਸ਼ਾਹ, 9/12/1	ਖ਼ਬਰ, 1/2/1	ਖ਼ਰਚ, 5/16/3
ਦਰਬਾਨ, 23/6/5	ਨਜ਼ਾ, 33/17/2	ਕਮਾਨ, 33/16/5	ਸੌਦਾਗਰ, 34/11/2	ਲਸ਼ਕਰ, 5/11/1	ਚਾਕਰ, 5/3/3
ਰਿਸ਼ਵਤੀ, 1/30/6	ਸ਼ਹਿਨਾਈ, 8/20/1	ਬਾਵਰਚੀ, 8/20/6	ਬੇ-ਸ਼ੁਮਾਰ, 18/3/6	ਹਰਾਮਖ਼ੋਰ, 26/32/2	ਖ਼ੂਨ, 33/17/4
ਤਰਕਸ਼, 8/19/3	ਦੁਸ਼ਮਨ, 1/20/7	ਆਦਿ।			

(ਅ) ਤਦਭਵ ਫ਼ਾਰਸੀ ਸ਼ਬਦ ;-

ਫ਼ਾਰਸੀ ਸ਼ਬਦ	ਤਦਭਵ ਰੂਪ	ਫ਼ਾਰਸੀ ਸ਼ਬਦ	ਤਦਭਵ ਰੂਪ
ਜ਼ਿਆਰਤ	ਜ਼ਾਰਤ 21/13/2	ਮਜ਼ਦੂਰੀ	ਮਜੂਰੀ 15/13/6
ਤਾਕੀਦ	ਤਾਗੀਦ-3/18/6	ਕਫ਼ਨ	ਖਫਣ-26/32/2
ਮੁਨਗ਼ਾਬੀ	ਮੁਹਗਾਬੀ-26/27/3	ਗਵਾਹੀ	ਉਗਾਹੀ-26/31/3
ਮੁਲਕ	ਮੁਲਖ–18/12/3	ਪਰਦਾ	ਪੜਦਾ-1/9/6
ਨਜ਼ਰ	ਨਦਰ-3/14/2	ਜਰਬ	ਜਰਾਬਾ-24/3/7

(ੲ) ਪੰਜਾਬੀ ਉਚਾਰਨ ਅਨੁਸਾਰ ਢਾਲੇ ਹੋਏ ਫ਼ਾਰਸੀ ਸ਼ਬਦ

ਫ਼ਾਰਸੀ ਸ਼ਬਦ	ਪੰਜਾਬੀ ਰੂਪ	ਫ਼ਾਰਸੀ ਸ਼ਬਦ	ਪੰਜਾਬੀ ਰੂਪ
ਵਕਤ	ਵਖਤ-1/5/6	ਸ਼ੈਤਾਨ	ਸੈਤਾਣੇ–1/21/6
ਮੌਲਾਨਾ	ਮਉਲਾਣੇ-1/21/7	ਕੁਰਬਾਨੀ	ਕੁਰਬਾਣੀ-10/6/9
ਸਿਕਲਗਰ	ਸਿਕਲੀਗਰਾਂ–8/22/4	ਰੋਸ਼ਨਾਈ	ਰੁਸ਼ਨਾਈ–8,20/4
ਦਰਬਾਨ	ਦਰਵਾਣ 3/3/6	ਬਾਜ਼ਾਰੀ	ਬਜਾਰੀ 8/22/3
ਜਵਾਨੀ	ਜੁਆਣੀ 10/6/5	ਦੋਜ਼ਖ਼	ਦੋਜਕ 35/13/6
ਪਰਵਰਦਿਗਾਰ	ਪਰਵਦਗਾਰ 18/8/4	ਮਸ਼ਾਅਲਚੀ	ਮਸਾਲਚੀ 8/20/4

ਉਪਰੋਕਤ ਫ਼ਾਰਸੀ ਸ਼ਬਦ-ਸੂਚੀਆ ਵਿਚ ਵੰਨਗੀ ਮਾਤਰ ਹੀ ਸ਼ਬਦ ਦਿਤੇ ਗਏ ਹਨ, ਜਿਹਨਾਂ ਦੀ ਸਾਰੀ ਗਿਣਤੀ ਤਾਂ ਬਹੁਤ ਜ਼ਿਆਦਾ ਹੈ।

(ਸ) ਭਾਈ ਸਾਹਿਬ ਨੇ ਇਕ ਹੀ ਅਰਥ ਵਾਲੇ ਦੋ ਸ਼ਬਦਾਂ, ਜਿਨ੍ਹਾਂ ਵਿਚੋਂ ਇਕ ਫ਼ਾਰਸੀ ਦਾ ਤੇ ਦੂਜਾਂ ਜ਼ਰੂਰੀ ਨਹੀਂ ਕਿ ਫ਼ਾਰਸੀ ਦਾ ਹੋਵੇ, ਨੂੰ ਇਕੱਠਾ ਕਰ ਕੇ ਸੁੰਦਰ ਸਮਾਸ ਬਣਾਏ ਹਨ, ਜਿਵੇਂ ਕਿ :-

ਸਿਫ਼ਤ-ਸਲਾਹ,	ਗਰਬ-ਗੁਮਾਨ,	ਬੱਹਲ-ਅੰਬਾਰ,	ਮੁਗਲ-ਪਠਾਣ
3/4/8	21/7/5	26/22/6	8/16/5

(ਹ) ਭਾਈ ਸਾਹਿਬ ਦੀਆਂ ਵਾਰਾਂ ਵਿਚ ਕਿਧਰੇ ਕਿਧਰੇ ਫ਼ਾਰਸੀ ਸ਼ਬਦਾਂ, ਵਕੱਸ਼ਾਂ, ਅਖਾਣਾਂ, ਆਦਿ ਦਾ ਪੰਜਾਬੀ ਅਨੁਵਾਦ ਵੀ ਪ੍ਰਾਪਤ ਹੈ :-

ਫ਼ਾਰਸੀ	ਪੰਜਾਬੀ ਅਨੁਵਾਦ	ਫ਼ਾਰਸੀ	ਪੰਜਾਬੀ ਅਨੁਵਾਦ
ਨਮਕ ਹਰਾਮ	ਲੂਣ ਹਰਾਮੀ 35/10/6	ਰਾਹ ਜ਼ਨ	ਵਟਵਾੜੇ ਠਗ-8/13/2
ਜਾਮੇ ਮੁਹੱਬਤ	ਪਿਰਮ ਪਿਆਲਾ-6/14/1	ਗਰਦਨ ਜ਼ਦਨ	ਗਰਦਨ ਮਾਰੇ-31/7/6
ਚੋਬਦਾਰ	ਛੜੀਦਾਰ-8/19/7	ਰਾਹਗੀਰ	ਵਾਟ ਵਟਾਊ-19/5/1
ਦਰ ਚਸ਼ਮ ਜ਼ਦਨ	ਅਖ-ਫਰਕ-1/36/6	ਦਰ ਹਰ ਦੋ ਸਰਾ	ਦੁਹੀਂ ਸਰਾਈਂ-5/17/5
ਚਿਰਾਗੇ ਹਿਦਾਇਤ	ਗਯਾਨ-ਚਰਾਗ-3/13/6	ਸਿੱਕਾ ਜ਼ਦਨ	ਮਾਰਿਆ ਸਿੱਕਾ-1/45/4

ਭਾਈ ਸਾਹਿਬ ਦੀ ਪੰਜਾਬੀ ਰਚਨਾ—ਵਾਰਾਂ—ਉਤੇ ਫ਼ਾਰਸੀ ਪ੍ਰਭਾਵ ਨੂੰ ਜਾਂਚਣ ਲਈ ਨਿਮਨ ਲਿਖਤ ਤੁਕਾਂ ਖ਼ਾਸ ਧਿਆਨ ਦੀਆਂ ਹਕਦਾਰ ਹਨ :-

1. ਆਸਾ ਹਥ ਕਿਤਾਬ ਕਛ, ਕੂਜਾ ਬਾਂਗ ਮੁਸੱਲਾ ਧਾਰੀ। 1/32/2
2. ਕਾਇਮ ਦਾਇਮ ਸਾਹਿਬੀ ਹਾਜ਼ਰ ਨਾਜ਼ਰ ਵੇਦ ਕਿਤਾਬਾ। 24/3/4
3. ਦੀਨ ਦੁਨੀ ਦੀ ਸਾਹਿਬੀ ਗੁਰਮੁਖ ਗੌਸ ਨਸ਼ੀਨੀ ਬਹਿਣਾ। 24/7/3
4. ਹੂਰਾਂ ਪਰੀਆਂ ਲਖ ਲਖ ਲਖ ਬਹਿਸ਼ਤ ਸਵਾਰੀ। 38/2/4
5. ਦਰ ਦਰਵੇਸ਼ ਰਸੀਦ ਨ ਆਪ ਜਣਾਵਹੀ। 21/13/6
6. ਕਾਦਰ ਨੋ ਕੁਰਬਾਨ ਕਦਰਤਿ ਮਾਣਿਆ। 21/4/6
7. ਹਜਰੋ ਕੁਲਫ (ਕੁਫਲ) ਕਲੀਦ ਚੌਹਦ ਕਮਾਵਹੀ। 21/13/5
8. ਸਿਦਕ ਸਬੂਰੀ ਸਾਬਤਾ ਸ਼ਾਕਰ ਸ਼ੁਕਰ ਨਾ ਦੇਣਾ ਲਹਿਣਾ। 18/22/6

ਨਵੇਂ ਸ਼ਬਦ

ਭਾਈ ਸਾਹਿਬ ਦੀਆਂ ਵਾਰਾਂ ਵਿਚ ਵਰਤੀ ਗਈ ਭਾਸ਼ਾ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਭਾਈ ਸਾਹਿਬ ਭਾਰਤੀ ਤੇ ਸਾਮੀ ਭਾਸ਼ਾਵਾਂ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਪੰਜਾਬੀ, ਅਰਬੀ, ਫ਼ਾਰਸੀ ਆਦਿ ਦੇ ਚੰਗੇ ਵਿਦਵਾਨ ਸਨ। ਆਪ ਨੇ ਆਪਣੇ ਵਿਚਾਰਾਂ ਦੇ ਪਰਗਟਾ ਲਈ ਲੋੜ

ਅਨੁਸਾਰ ਇਹਨਾਂ ਸਭ ਭਾਸ਼ਾਵਾਂ ਦੀ ਸ਼ਬਦਾਵਲੀ ਤੋਂ ਸਹਾਇਤਾ ਲਈ ਹੈ। ਵਾਰ-ਕਾਵਿ ਰਚਨਾ ਦੀ ਛੰਦਾ-ਬੰਦੀ ਦੇ ਬੰਧੇਜ ਕਾਰਨ ਜੇ ਸ਼ਬਦਾਂ ਦੇ ਤਤਸਮ ਰੂਪ ਨੂੰ ਬਦਲਣਾ ਪਿਆ ਹੈ ਜਾਂ ਪੰਜਾਬੀ ਉਚਾਰਨ ਦੇ ਸੱਚੇ ਵਿਚ ਢਾਲਣਾ ਪਿਆ ਹੈ ਤਾਂ ਆਪ ਨੇ ਸੰਕੋਚ ਨਹੀਂ ਕੀਤਾ, ਸਗੋਂ ਇਸ ਸੰਬੰਧ ਵਿਚ ਚੰਗੀ ਖੁਲ੍ਹ ਵਰਤੀ ਹੈ। ਆਪਣੇ ਵਿਚਾਰ ਤੇ ਭਾਵ ਨੂੰ ਸਪੱਸ਼ਟ ਕਰਨ ਲਈ ਤੇ ਛੰਦ ਨੂੰ ਨਿਭਾਉਣ ਲਈ ਆਪ ਨੇ ਪੂਰਵ-ਕਾਲੀਨ ਤੇ ਸਮਕਾਲੀਨ ਭਾਸ਼ਾਵਾਂ ਦੀ ਉਪਲਬਧ ਸ਼ਬਦਾਵਲੀ ਨੂੰ ਮਨ ਮਰਜ਼ੀ ਅਨੁਸਾਰ ਵਰਤਿਆ ਹੈ। ਪਰ ਜਿੱਥੇ ਕਿਤੇ ਇਹ ਸ਼ਬਦਾਵਲੀ ਅਸਫਲ ਹੁੰਦੀ ਪ੍ਰਤੀਤ ਹੋਈ ਹੈ ਉਥੇ ਭਾਈ ਸਾਹਿਬ ਨੇ ਨਿਰਸੰਕੋਚ ਨਵੇਂ ਸ਼ਬਦਾਂ ਦੀ ਘਾੜਤ ਘੜੀ ਹੈ ਕੁਝ ਨਵੇਂ ਸ਼ਬਦ ਢਾਲੇ ਹਨ, ਕਈਆਂ ਦਾ ਰੂਪ ਇੰਜ ਬਦਲਿਆ ਹੈ ਕਿ ਉਹ ਨਵੇਂ ਜਾਪਣ ਲਗ ਪਏ ਹਨ, ਪਰ ਵਾਰਾਂ ਵਿਚ ਵਰਤੇ ਹੋਏ ਅਜਿਹੇ ਸ਼ਬਦ ਖਟਕਦੇ ਨਹੀਂ, ਪਚੇ ਹੋਏ ਜਾਪਦੇ ਹਨ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਸ਼ਬਦ-ਸਿਰਜਨ, ਰੂਪ-ਵਟਾਉਣ ਤੇ ਭੰਨ-ਘੜ ਦੀ ਕਿਰਿਆ ਸਹਿਜ-ਸੁਭਾ, ਬਿਨਾਂ ਕਿਸੇ ਉਚੇਚ ਦੇ, ਹੋ ਰਹੀ ਹੈ।

(ੳ) ਰੂਪ ਬਦਲ ਕੇ ਵਰਤੇ ਸ਼ਬਦਾਂ ਦੀ ਵੰਨਗੀ ;–

ਅਕਾਰਾ,	ਅਉਤਾਰਾ,	ਅਚਾਰਾ,	ਅਪਾਰਾ,	ਅਦਾਗ,
6/4/3	1/6/1	1/6/3	1/4/4	3/13/7
ਸੰਜੀਦ,	ਸਨੇਤੇ,	ਸੁਲਾਸ,	ਸਾਬਾਸੀ,	ਸੁੰਨ,
3/18/7	39/5/8	11/30/8	11/13/8	1/18/3
ਸੁਕਰਾਨਿਆ,	ਹਾਵਾਈ,	ਹੈਰਾਨਿਆਂ,	ਹੁਸਨਾਕ,	ਕੁਦਾਉ,
22/16/3	1/36/5	22/12/8	3/19/9	5/19/7
ਖਿੰਜੋਤਾੜਾ,	ਖਾਤੂਰੀ,	ਖੰਨੇ,	ਚਾਇ,	ਚਾਈ,
10/19/2	31/10/1	39/7/8	23/8/2	11/20/1
ਚਈਲੇ,	ਪਤੂਰੀ,	ਪਤਾਰੇ,	ਪਾਖਾਕ,	ਬਰਿਖੀ,
11/20/1	25/17/1	35/20/1	9/1/5	28/1/5
ਬੂਟ,	ਬਿਅੰਤ,	ਬੁਲੰਦਗੀ,	ਬਖੇਆ,	ਭਿ,
17/16/2	8/2/7	21/3/6	31/12/4	1/36/4
ਬਲੋਈ,	ਰਤੜਾ,	ਜ਼ਿਨਾੜੀਆਂ	ਦ੍ਰਿੜੀਤਾ,	ਪਾਜੇ.
2/6/3	37/4/1	34/21/6	10/1/4	1/5/4
ਵੈਦਗੀ,	ਵਾਦਾਨੀ,	ਮਾਧਾਨ੍ਹ,	ਕਰੇਲੇ.	ਵਾਧਾਈਆਂ,
26/23/6	34/13/6	34/11/1	1/26/7	37/7/3

ਸੰਸਾਰਾ,	ਨੀਰਾ,	ਆਦਿ।
5/8/5	26/26/6	

(ਅ) ਤੁਕਾਂਤ ਮਿਲਾਣ ਲਈ ਵੀ ਸ਼ਬਦਾਂ ਦਾ ਰੂਪ ਬਦਲਿਆ ਹੈ :–

ਗਿੱਦੜ ਹਥ ਨ ਆਵੈ ਦਾਖਾ — ਵਾਰ 32, ਪਉੜੀ 12.
ਚਾਖ ਚਤ੍ਰਿਕ ਜਿਵੈ ਟਾਟਾਣੇ — ਵਾਰ 32, ਪਉੜੀ 15.
ਸੂਰਜ ਚੰਦ ਚਰਾਗ ਦੀਪਾਈ — ਵਾਰ 31, ਪਉੜੀ 19.
ਭਲੇ ਭਲਾਈ ਅੰਦਰ ਆਣੀ — ਵਾਰ 31, ਪਉੜੀ 17.
ਗੁਰਮਖ ਬੋਲ ਅਮੋਲ ਰਤੰਨਾ — ਵਾਰ 26, ਪਉੜੀ 12.

ਇਸੇ ਤਰ੍ਹਾਂ ਛਾਵ ਨ ਧੂਪਾ, ਅਨ੍ਹੇਰਾ ਘੁਪਾ, ਅਧਉੜੀ ਤੁਪਾ, ਚੰਗੇਰੀ ਚੁੱਪਾ, ਵਾਰ 32, ਪਉੜੀ 20 ਦਾ ਤੁਕਾਂਤ ਮੇਲ ਵੇਖਣ ਯੋਗ ਹੈ।

(2) ਨਵੇਂ ਸ਼ਬਦਾਂ ਦੀ ਵੰਨਗੀ

ਉਦਮਾਦੀ,	ਉਨਮਾਨ	ਉਪਰੇਰੇ,	ਅਟੀਅੜ,	ਅਗਲਿਤੇ,
35/14/4	21/7/2	7/7/5	36/13/5	36/5/4
ਅਚੰਗ,	ਅਟੰਗੀ,	ਅਲੰਗੀ,	ਅਵਿਸਾਹਾ,	ਸੁਗਾਲਾ,
14/13/5	38/14/3	24/16/7	31/3/3	25/12/2
ਅਗਵਾੜੀਆਂ,	ਅਛੂਤੇ,	ਆਦਿ।		
37/15/3	32/17/5			

(3) ਛੰਦ-ਚਾਲ ਨੂੰ ਇਕ-ਸੁਰ ਰਖਣ ਲਈ ਨਵੇਂ ਬਣਾਏ ਸ਼ਬਦ –

ਅਣਖੇਆ,	ਨਿਰੋਲਾ,	ਮਰਦਾਨੀ,	ਨੀਤਾ,	ਧੀਰਕ,
37/9/5	4/17/6	39/7/3	10/1/9	29/16/4
ਬਾਨਾਰਸ,	ਪਾਣਿਠਾ,	ਸੁਧਿਠਾ,	ਤਾਰਾਜੂ,	ਇਠਾ,
10/17/5	4/14/6	4/14/7	29/9/6	4/14/4
ਅਗਣੀਤੇ,	ਸਾਂਗੀਤ,	ਕਾਪਾਹਿ,	ਤਰੋਵਰ,	ਆਦਿ।
26/23/7	13/4/5	14/12/1	26/11/1	

ਪਰ ਇਹ ਸ਼ਬਦ ਆਮ ਵਰਤੋਂ ਵਿਚ ਨਹੀਂ ਆ ਰਹੇ, ਨਾ ਹੀ ਚਲ ਸਕੇ ਹਨ ।

(4) ਕੁਝ ਨਵੇਂ ਘੜ ਸੁੰਦਰ ਤੇ ਸਸ਼ਕਤ ਸ਼ਬਦ

ਨਿਸਆਰਾ,	ਲਰਜੇ,	ਨਉਘਰ,	ਮਿਲਾਵੜਾ,	ਪਲਕਾਰਾ,
1/38/4	30/10/4	29/10/4	17/7/4	18/1/4
ਮਦਰਾਜੁ,	ਧੀਵੜੀ,	ਭੰਨੜੀ,	ਮਾਵੜੀ,	ਮੁਹਛੰਦਗੀ,
35/12/3	38/5/1	5/16/2	37/11/4	21/3/2
ਕਜਲਾਖੇ,	ਪਹਣੀ,	ਆਦਿ ।		
35/6/4	36/8/6			

(5) ਭਾਈ ਸਾਹਿਬ ਨੇ ਦੋ ਸ਼ਬਦਾਂ ਨੂੰ ਜੋੜ ਕੇ ਸੁੰਦਰ ਸਮਾਸ ਸਿਰਜੇ ਹਨ । ਭਾਸ਼ਾ ਵਿਚ ਸਮਾਸ ਸ਼ਬਦਾਂ ਦਾ ਆਪਣਾ ਮੁੱਲ ਹੁੰਦਾ ਹੈ, ਕਦਰ ਕੁਤ ਹੁੰਦੀ ਹੈ ।

ਭਾਈ ਸਾਹਿਬ ਦੇ ਸਿਰਜੇ ਸਮਾਸ :—

ਵੀਰਾਰਾਧਣ,	ਸਿਧਾਸਣ,	ਵਿਰਤੀਹਾਣ,	ਵਰਨਾਵਰਨ,	ਡਾਂਗ-ਡੰਗੂਸੇ,
5/7/3	5/7/5	31/16/6	39/6/1	15/13/7
ਗੁਣਗਾਹੀ,	ਤਪਤਾੜੀ,	ਕਾਗਦ-ਕਟ,	ਜੁਗ-ਗਰਦੀ,	ਕਤਲਾਮ,
1/12/2	16/6/2	8/22/5	1/17/1	26/32/2
ਚਰਣੋਦਕ,	ਗਜਗਾਹ,	ਚਿਤ ਮਿਤਾਲੇ,	ਚੀਚੂੰਗਲੀ,	ਪਰਾਹੁਣਚਾਰੀ,
4/17/5	35/19/4	35/18/2	4/4/1	23/7/1
ਵਿਰਤੀਸਰ,	ਮਿਰਗਾਵਲੀ,	ਆਦਿ ।		
30/3/4	1/27/3			

(6) ਵਾਰਾਂ ਭਾਈ ਗੁਰਦਾਸ ਵਿਚੋਂ ਕੁਝ ਅਜਿਹੀ ਸ਼ਬਦਾਵਲੀ ਵੀ ਪ੍ਰਾਪਤ ਹੈ ਜੋ ਉਨ੍ਹਾਂ ਦੇ ਸਮੇਂ ਪਰਚਲਤ ਹੋਵੇਗੀ ਪਰ ਅਜ ਦੇ ਸਮੇਂ ਇਹਨਾਂ ਸ਼ਬਦਾਂ ਦੀ ਵਰਤੋਂ ਨਹੀਂ ਹੋ ਰਹੀ । ਵਰਤੋਂ ਵਿਚ ਨਾ ਆਉਣ ਕਰ ਕੇ ਇਹ ਸ਼ਬਦ ਬਹੁਤ ਦੂਰ ਦੇ ਜਾਪਦੇ ਹਨ, ਲੋਕਾਂ ਦੀ ਯਾਦ-ਸ਼ਕਤੀ ਵਿਚੋਂ ਨਿਕਲ ਚੁਕੇ ਹਨ, ਜਿਵੇਂ ਕਿ :-

ਅਢ,	ਮਸਵਾਣੀ,	ਟੰਕ,	ਅਰੋਗੀ,	ਹੋੜਾ,
32/1/4	2/8/4	1/43/6	24/17/3	4/13/5
ਹੋੜੀ,	ਹੋਟਾ,	ਰਪਾਹੀਆ,	ਕਲਾਵਤਣੀ,	ਕਾਗਲ,
4/13/4	27/8/6	11/21/2	10/20/1	30/8/6

ਕੁਲਖੇਤ,	ਖਲਹਲ,	ਗਰਠੇ,	ਚਹਮਚੇ,	ਚਵੰਦਾ,
34/17/1	30/16/5	27/2/3	15/12/6	38/18/6
ਚਖਕੁ,	ਚੋਆ,	ਛਉੜੀ,	ਜਿਵੇਹਾ,	ਧ੍ਰਾਪ,
30/17/6	15/14/4	34/6/6	10/7/7	3/7/9
ਨਤਾ.	ਪਛੋਆ,	ਬਿੰਜਨ,	ਭਵਿੰਗਾ,	ਭੁਣਹਣਾ
24/19/1	39/4/2	17/8/4	32/13/3	4/19/1
ਮੁਤਰ,	ਅਰੂੜੀ,	ਆਦਿ ।		
35/13/5	9/19/3			

ਇਸ ਉਪਰੋਕਤ ਵਿਚਾਰ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਸ਼ਾ ਦੇ ਪੱਖ ਤੋਂ ਭਾਈ ਸਾਹਿਬ ਇਕ ਉਚਕੋਟੀ ਦੇ ਵਿਦਵਾਨ ਸਨ ਤੇ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਉਣ ਲਈ ਇਕ ਸਫਲ ਯਤਨ ਕੀਤਾ । ਵਾਰਾਂ ਰਚਦਿਆਂ ਉਨ੍ਹਾਂ ਨੂੰ ਸ਼ਬਦਾਂ ਦੀ ਢੂੰਡ-ਭਾਲ ਕਰਨੀ ਪਈ ਹੋਵੇ ਜਾਂ ਕਦੀ ਥੋੜ ਜਾਪੀ ਹੋਵੇ, ਅਜਿਹਾ ਪ੍ਰਤੀਤ ਨਹੀਂ ਹੁੰਦਾ ਹੈ । ਡਾ: ਸੀਤਾ ਰਾਮ ਬਾਹਰੀ ਦੇ ਆਖਣ ਅਨੁਸਾਰ ਆਪ ਸਚਮੁਚ ਹੀ ਸ਼ਬਦਾਵਲੀ ਦੇ ਪਾਤਸ਼ਾਹ[1] ਸਨ । ਭਾਈ ਸਾਹਿਬ ਦੀਆਂ ਵਾਰਾਂ ਵਿਚੋਂ ਪ੍ਰਾਪਤ ਸ਼ਬਦ ਭੰਡਾਰ ਬਾਰੇ ਇਹ ਵਿਚਾਰ ਕਿਤਨਾ ਸਾਰਥਕ ਹੈ, "ਉਨ੍ਹਾਂ ਦੇ ਸ਼ਬਦ-ਸਾਗਰ ਦੀਆਂ ਉਛਲਦੀਆਂ ਤਰੰਗਾਂ ਵਿਚ ਇਕ ਪਾਸੇ ਜੇ ਵੇਦਾਂਤ, ਤਸੱਵੁਫ, ਯੋਗ, ਭਗਤੀ, ਵਰਣ ਆਸ਼ਰਮ, ਤੇ ਇਸਲਾਮੀ ਸ਼ਰ੍ਹਾ-ਤਰੀਅਤ ਦੇ ਸ਼ਬਦ-ਬਿੰਦੂ ਲਿਸ਼ਕਾਂ ਮਾਰਦੇ ਨਜ਼ਰ ਆਉਂਦੇ ਹਨ ਤਾਂ ਦੂਜੇ ਪਾਸੇ ਇਤਿਹਾਸ, ਸਾਹਿਤ, ਰਾਜਨੀਤੀ, ਭੂ ਗਰਭ ਸ਼ਾਸਤਰ, ਭੂਗੋਲ, ਰਾਗ ਵਿਦਿਆ, ਗਿਆਨ ਵਿਗਿਆਨ ਅਤੇ ਪੇਸ਼ਾਵਰਾਂ ਦੀ ਸ਼ਬਦਾਵਲੀ ਸਮਾਂ ਬੰਨ੍ਹਦੀ ਹੈ ਅਤੇ ਕਿਤੇ ਬਨਸਪਤੀ, ਜੀਵ-ਜੰਤੂ ਆਪਣੇ ਸ਼ਬਦ ਪ੍ਰਤੀਕਾਂ ਦੁਆਰਾ ਮਨੋਹਰ ਦ੍ਰਿਸ਼ ਪੇਸ਼ ਕਰਦੇ ਹਨ ।"[2]

(ੲ) ਸੂਹਜ (ਅਖਾਣ ਮੁਹਾਵਰੇ)

ਅਖਾਣ ਤੇ ਮੁਹਾਵਰੇ ਬੋਲੀ ਦੀ ਅਮੀਰੀ ਦਾ ਚਿੰਨ੍ਹ ਹਨ । ਅਖਾਣਾਂ ਤੇ ਮੁਹਾਵਰਿਆਂ ਦੀ ਵਰਤੋਂ ਨਾਲ ਬੋਲੀ ਵਿਚ ਸੁੰਦਰਤਾ, ਨਜ਼ਾਕਤ, ਚਮਤਕਾਰ ਤੇ ਪਕਿਆਈ ਆਉਂਦੀ ਹੈ । ਡਾ: ਬਹਾਦੁਰ ਚੰਦ ਸ਼ਾਸਤ੍ਰੀ ਕਹਿੰਦਾ ਹੈ, "ਮੁਹਾਵਰੇ ਭਾਸ਼ਾ ਦੀ ਜਾਨ ਹਨ ।"[3] ਇਸੇ ਤਰ੍ਹਾਂ ਅਖਾਣ ਵੀ ਬੋਲੀ ਦਾ ਇਕ ਅਲੰਕਾਰ ਹੈ ਤੇ ਇਸੇ ਕਰ ਕੇ ਸਾਹਿਤ ਦਾ ਇਕ ਮਹੱਤਵਪੂਰਣ ਅੰਗ ਹੈ ।

---

1. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, 1968, ਪੰਨਾ 158,
2. ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਿਣਕਾ ਅਤੇ ਕੋਸ਼, ਪੰਨਾ ਖ,
3. ਲੋਕੋਕਤੀਆਂ ਔਰ ਮੁਹਾਵਰੇ, ਡਾ: ਬਹਾਦੁਰ ਚੰਦ, ਭੂਮਿਕਾ

ਅਖਾਣਾਂ ਵਿਚ ਲੋਕ-ਵਿਸ਼ੇਸ਼ ਦਾ ਗਿਆਨ, ਅਨੁਮਾਨ ਤੇ ਅਨੁਭਵ, 'ਗਾਗਰ ਵਿਚ ਸਾਗਰ' ਦੇ ਸਮਾਨ ਵਿਅਕਤ ਹੁੰਦਾ ਹੈ। ਅਖਾਣ ਕਈ ਪ੍ਰਕਾਰ ਦੇ ਹੁੰਦੇ ਹਨ-ਕੁਝ ਅਖਾਣ ਵਿਸ਼ੇਸ਼ ਘਟਨਾਵਾਂ ਤੋਂ ਉਪਜਦੇ ਹਨ, ਕੁਝ ਇਤਿਹਾਸ-ਵਿਸ਼ੇਸ਼ ਦੇ ਸੰਸਕਾਰਾਂ ਤੋਂ ਨਿਕਲਦੇ ਹਨ ਤੇ ਕੁਝ ਹੋਰ ਨਿਤ ਦੀ ਵਰਤੋਂ ਵਿਹਾਰ ਵਿਚੋਂ। ਇਹਨਾਂ ਵਿਚ ਸਾਰੇ ਸਮਾਜ ਦਾ ਗਿਆਨ ਭਰਿਆ ਹੁੰਦਾ ਹੈ।

ਅਖਾਣਾਂ ਦੀ ਵਰਤੋਂ ਪੜ੍ਹੇ ਅਨਪੜ੍ਹੇ, ਮੂਰਖ, ਸੁਘੜ, ਸਭ ਕਰਦੇ ਹਨ। ਪੇਂਡੂ ਲੋਕਾਂ ਦੀ ਬੋਲ-ਚਾਲ, ਵਾਰਤਾਲਾਪ ਵਿਚ ਇਹਨਾਂ ਦੀ ਬਹੁ-ਵਰਤੋਂ ਹੁੰਦੀ ਹੈ ਕਈ ਵਾਰ ਅਖਾਣਾਂ ਤੋਂ ਕਿਸੇ ਜਾਤੀ ਦੇ ਧਰਮ ਕਰਮ, ਰਸਮ ਰਿਵਾਜ ਆਦਿ ਦਾ ਗਿਆਨ ਵੀ ਹੁੰਦਾ ਹੈ ਤੇ ਕਈ ਵਾਰ ਇਹ ਕਿਸੇ ਇਤਿਹਾਸਕ ਘਟਨਾ ਨਾਲ ਸੰਬੰਧਤ ਹੋਏ ਹੁੰਦੇ ਹਨ, ਜਿਵੇਂ ਕਿ

"ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ"

ਅਖਾਣ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਲੁਟ ਮਾਰ ਵੱਲ ਇਸ਼ਾਰਾ ਹੈ।

ਬੋਲੀ ਦੇ ਬਾਦਸ਼ਾਹ, ਭਾਈ ਗੁਰਦਾਸ ਦੀਆ ਵਾਰਾ ਵਿਚ ਕਈ ਤੁਕਾਂ ਅਖਾਣਾਂ ਮੁਹਾਵਰਿਆਂ ਨੂੰ ਆਪਣੀ ਕੁਖ ਵਿਚ ਲਈ ਬੈਠੀਆਂ ਹਨ ਤੇ ਕਈ ਤੁਕਾਂ ਅਜਿਹੀਆਂ ਘੜੀਆਂ ਪ੍ਰਤੀਤ ਹੁੰਦੀਆਂ ਹਨ ਕਿ ਉਹ ਅਖਾਣਾਂ ਦਾ ਰੂਪ ਧਾਰਣ ਕਰ ਗਈਆਂ ਹਨ। ਇਹਨਾਂ ਵਾਰਾਂ ਵਿਚ ਅਖਾਣਾਂ ਮੁਹਾਵਰਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਵੰਨਗੀ ਮਾਤਰ ਕੁਝ ਕੁ ਅਖਾਣ ਮੁਹ ਵਰੇ ਹਠਾਂ ਦਿੱਤੇ ਜਾਂਦੇ ਹਨ :-

ਅਖਾਣ

1	ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚਟੈ।	35/1
2	ਨਚਣਿ ਨਚ ਨ ਜਾਣਈ ਆਖੈ ਭੁਇੰ ਸਉੜੀ।	34/6
3	ਨੇਕੀ ਬਦੀ ਨ ਲੁਕੇ ਲੁਕਾਈ।	8/16
4	ਅਉਸਰ ਚੁਕਾ ਹਥ ਨ ਆਵੈ।	5/18
5	ਬੁਰੇ ਕਰਨ ਬੁਰਿਆਈਆਂ ਭਲਿਆਈ ਭਲਿਆ।	9/21
6	ਚੜ੍ਹੇ ਸੂਰ ਮਿਟ ਜਾਇ ਅੰਧਾਰਾ।	1/17
7	ਨੀਵਾਂ ਜਿਣੈ ਉਚੇਰਾ ਹਾਰੈ।	4/6
8	ਅਮਲੀ ਹੋਇ ਸੁ ਮਜਲਸ ਆਵੈ।	4/13
9	ਹੰਸ ਨ ਛੱਡੈ ਮਾਨਸਰ ਬਗੁਲਾ ਬਹੁ ਛਪੜ ਫਿਰ ਆਵੈ।	5/19
10	ਝੂਠੇ ਕੇਰੀ ਦੋਸਤੀ ਨਿਤ ਸਹਸਾ ਜੀਐ।	34/7

11 ਕੋਰੜ ਮੋਠ ਨ ਰਿਝਈ ਕਰ ਅਗਨੀ ਜੋਸ। 34/8
12 ਖੀਰ ਲਈ ਰਸ ਗੰਨਿਅਹੁ ਛਿਲ ਛੂਹੇ ਨ ਕੋਈ। 34/12
13 ਜੇਹਾ ਬੀਉ ਤੇਹਾ ਫਲ ਪਾਯਾ। 1/1
14 ਉਲਟੀ ਵਾੜ ਖੇਤ ਕਉ ਖਾਈ। 1/30
15 ਥੋਮ ਨ ਵਾਸ ਕਥੂਰੀ ਆਵੈ। 6/20
16 ਅਨ੍ਹ ਅੰਨ੍ਹਾ ਖੂਹੇ ਠੇਲੇ। 15/5
17 ਮੂਰਖ ਨਾਲ ਚੰਗੇਰੀ ਚੁਪਾ। 32/20
18 ਕੰਤ ਨ ਪੁਛੇ ਵਾਤੜੀ ਸੋਹਾਗ ਗਣਾਵੈ। 34/3
19 ਗਿਦੜ ਦਾਖ ਨ ਅਪੜੈ ਆਖੇ ਥੂ ਕਉੜੀ। 34/6
20 ਅੰਫਣ ਪੁੱਤ ਗੁਆਂਢਣੀ ਕੁੜਾਵਾ ਮਾਣ। 36/18
21 ਬੀਜੇ ਵਿਸ ਨ ਖਾਵੈ ਚੂਰੀ। 30/19
22 ਅੰਨ੍ਹਾ ਆਗੂ ਜੇ ਥੀਐ ਸਭ ਸਾਥ ਮੁਹਾਵੈ। 35/2
23 ਜੇ ਘਰ ਭੰਨੈ ਪਾਹਰੂ ਕਉਣ ਰਖਣ ਹਾਰਾ। 35/22
24 ਬੋਲਣਿ ਪਾਜ ਉਘਾੜਿਆ ਜਿਉਂ ਮੂਲੀ ਪਤਾ। 36/2
25 ਥਿਨ ਥਿਤੇ ਕਿਛੁ ਹਥ ਨ ਆਈ। 1/40
26 ਚੜ੍ਹਿਆ ਚੰਦ ਨ ਲੁਕਦੀ ਢਕ ਜੋਤਿ ਕੁਨਾਲੀ। 13/6
27 ਜੋ ਬੀਜੈ ਸੋਈ ਫਲ ਖਾਏ। 31/15
28 ਬਾਝ ਗੁਰੂ ਡਬਾ ਜਗ ਸਾਰਾ। 1/29
29 ਗੋਬਿੰਦ ਭਾਉ ਭਗਤਿ ਦਾ ਭੁੱਖਾ। 10/7
30 ਦੂਜਾ ਭਾਉ ਮੰਦੀ ਹੂੰ ਮੰਦਾ। 17/7
31 ਨਾਥ ਅਨਾਥਾਂ ਬਾਣਿ ਧੁਰਾਂ ਦੀ। 10/8
32 ਟਿਬੇ ਨੀਰ ਨ ਠਾਹਰੈ ਘਣਿ ਵਰਸ ਗਇਓਸ। 34/8
33 ਵਿਣ ਸੰਜਮ ਰੋਗੀ ਮਰੈ ਚਿਤਿ ਵੈਦ ਨ ਰੋਸ। 34/8
34 ਅੰਨ੍ਹੇ ਚੰਦ ਨ ਦਿਸਈ ਜਗ ਜੋਤਿ ਸਬਾਈ। 34/9
35 ਜਗ ਆਇਆ ਸਭ ਕੋਈ ਮਰਸੀ। 25/17
36 ਇਸ਼ਕ ਮੁਸ਼ਕ ਕਿਉਂ ਲੁਕੇ ਲੁਕਾਯਾ। 18/23
37 ਕੂੜ ਇਕ ਗੰਢੀ ਸਉ ਫੇਰ। 5/7
38 ਰਜ ਨ ਕੋਈ ਜੀਵਿਆ ਕੂੜੇ ਭਰਵਾਸੇ। 27/9
39 ਕੂੜ ਸਚ ਜਿਉ ਵਟ ਘੜੋਟਾ। 30/7

40 ਪੈਰੀ ਪੈ ਜਗ ਪੈਰੀ ਪਾਏ । 6/6
41 ਆਪ ਨ ਵੰਞੈ ਸਾਹੁਰੈ ਸਿਖ ਲੋਕ ਸੁਣਾਵੈ । 34/3
42 ਚੂਹਾ ਖੁਡ ਨ ਮਾਵਈ ਲੱਕ ਛਜ ਵਲਾਵੈ । 34/3
43 ਹੰਸਾ ਨਾਲ ਟਟੀਹਰੀ ਕਿਉਂ ਪਹੁੰਚੈ ਦਉੜੀ । 34/6
44 ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ । 34/7
45 ਸੁਇਨਾ ਹਟਿ ਸਰਾਫ਼ ਦੇ ਸੁਨਿਆਰ ਸਦਾਏ । 34/11
46 ਤੇਲ ਤਿਲਹੁ ਕਿਉਂ ਨਿਕਲੈ ਵਿਣ ਪੀੜੇ ਘਾਣੀ । 34/13
47 ਵੜੀਐ ਕੱਜਲ ਕੋਠੜੀ ਮੁਹ ਕਾਲਖ ਭਰੀਐ । 34/15
48 ਵਿਸਵਾਸ ਧ੍ਰੋਹੀ ਅਕਿਰਤਘਣ ਪਾਪੀ ਹਤਿਆਰੇ । 34/16
49 ਸਾਂਝਾ ਬਬੁ ਨ ਰੋਈਐ ਚਿਤ ਚਿੰਤ ਨ ਚੁਖਾ । 34/19
50 ਸਾਹਿਬ ਸਉਹੇ ਆਪਣੇ ਹਥਿਆਰ ਨ ਫੜੀਐ । 34/21
51 ਕੂੜ ਨ ਪਹੁਚੈ ਸਚ ਨੋ ਸਉ ਘਾੜਤ ਘੜੀਐ । 34/21
52 ਕਾਉ ਕਪੂਰ ਨ ਚਖਈ ਦੁਰਗੰਧ ਸੁਖਾਵੈ । 35/2
53 ਤੁੰਮੇ ਅੰਮ੍ਰਿਤ ਸਿੰਜੀਐ ਕਉੜੱਤ ਨ ਜਾਵੈ । 35/2
54 ਸੱਪੈ ਦੁਧ ਪੀਆਲੀਐ ਵਿਹੁ ਮੁਖਹੁ ਸੱਟੈ । 35/1
55 ਕਾਲਾ ਕੰਬਲ ਉਜਲਾ ਕਿਉਂ ਹੋਇ ਸਬੂਣੈ । 35/3
56 ਕਲਰਿ ਖੇਤ ਨ ਜੰਮਈ ਘਨਹਰ ਵਰਸੰਤੇ । 35/7
57 ਸਹੁਰਾ ਘਰ ਜਵਾਈਐ ਪਾਣੀ ਮਦਰਾਜ । 35/12
58 ਅੱਕੈ ਕੇਰੀ ਖਖੜੀ ਕੋਈ ਅੰਬ ਨ ਆਖੈ । 35/17
59 ਆਪੋ ਆਪਣੈ ਮਤਿ ਸਭ ਗਾਵੈ । 1/8
60 ਚੜਿਆ ਚੰਦ ਨ ਲੁਕਈ.................। 1/34
61 ਬਲਗਾ ਹੰਸ ਨ ਹੋਵਈ ਮਾਨਸਰੋਵਰ ਜਾਇ ਖਲੋਈ । 11/10
62 ਗਲੀਂ ਤ੍ਰਿਪਤ ਨ ਹੋਵਈ ਖੰਡ ਖੰਡ ਕਰ ਸਾਉ ਨ ਭੋਵੈ । 17/17

ਮੁਹਾਵਰੇ

ਜੰਦਰੇ ਵਜ ਜਾਣੇ : ਜੰਦਰੇ ਵਜੇ ਤ੍ਰਿਹ ਜੁਗੀ ਕਥ ਪੜ੍ਹ ਰਹੇ ਭਰਮ ਨਹਿੰ ਜਾਵੈ । 1/8/6

ਹੱਥ ਨ ਆਉਣਾ : ਜੇਹਾ ਬੀਜੇ ਸੋ ਲੁਣੇ ਸਮੇਂ ਬਿਨਾ ਫਲ ਹਥ ਨ ਆਵੈ । 1/13/2

ਹਥੋ ਹੱਥੀ ਪਾਉਣਾ : ਹੱਥੋ ਹੱਥੀ ਪਾਇਓਂ ਭਗਤਿ ਜੰਗ ਕੀ ਪੂਰ ਕਮਾਈ । 1/14/7

ਜੁਗ ਗਰਦੀ ਹੋਣਾ : ਜੁਗ ਗਰਦੀ ਜਬ ਹੋਵਹਿ ਉਲਟੇ ਜੁਗ ਕਿਆ ਹੋਇ ਵਰਤਾਰਾ। 1/17/1
ਸੁੰਨ ਮੁੰਨ ਹੋਣਾ : ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ। 1/35/4
ਉਲਟੀ ਗੰਗਾ ਵਹਾਉਣਾ : ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ। 1/383
ਕੌਲ ਨ ਪਾਲਣਾ : ਪੁਤ੍ਰੀ ਕੌਲ ਨ ਪਾਲਿਆ.................... 1/38/4
ਰਿਸ਼ਕ ਖਾਣਾ : ਜੋਗੀ ਦੇਖ ਚਲਿਤ੍ਰ ਨੋ ਮਨ ਵਿਚ ਰਿਸ਼ਕ ਘਨੇਰੀ ਖਾਈ। 1/39/4
ਸਾਹ ਨ ਕਢਣਾ : ਲਤਾਂ ਹੇਠ ਲਤਾੜੀਐ ਘਾਹੁ ਨ ਕਢੈ ਸਾਹ ਵਿਚਾਰਾ। 4/8/1
ਅਲੂਣੀ ਸਿਲ ਚਟਣੀ : ਸਿਲਾ ਅਲੂਣੀ ਚਟਣੀ ਲਖ ਅੰਮ੍ਰਿਤ ਰਸ ਤਰਸਨ ਸਾਰੇ 4/16/6
ਸਿਰ ਧੁਣਨਾ : ਹੱਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ। 10/8/6
ਲਾਗੂ ਹੋਣਾ : ਲਾਗੂ ਹੋਈ ਬਾਮਣੀ ਮਿਲ ਜਗਦੀਸ ਦਲਿਦ੍ਰ ਗਵਾਏ। 10/9/2
ਗੀਟੀਆ ਗਿਣਨਾ : ਚਲਿਆ ਗਣਦਾਂ ਗਟੀਆਂ ਕਜੋਂ ਕਰ ਜਾਈਏ ਕੌਣ ਮਿਲਾਏ। 10/9/3
ਪੜਦੇ ਕਜਣਾ : ਪੇਟ ਅੰਦਰ ਅੱਗ ਰੱਖ ਤਿਸ ਪੜਦਾ ਕੱਜ। 13/15/4
ਭੰਭਲ ਭੂਸੇ ਖਾਣਾ : ਮਨਮੁਖ ਭਰਮ ਨ ਉਤਰੇ ਭੰਭਲ ਭੂਸੇ ਖਾਇ ਭਵਾਹੀ। 15/10/6
ਅਸਮਾਨੀ ਚੜ੍ਹਨਾ : ਉਚਾ ਸਿੰਮਲ ਝਾਟਲਾ ਨਿਹਫਲ ਚੀਲ੍ਹ ਚੜ੍ਹ ਅਸਮਾਣੀ। 17/5/3
ਮੂੰਹ ਕਾਲਾ ਹੋਣਾ : } ਨਿਹਫਲ ਜਨਮ ਅਕਾਰਥਾ ਹਲਤ ਪਲਤ ਹੋਵਨ ਮੁਹ ਕਾਲ 17/16/6
ਮੁਕਾਲਾ ਹੋਣਾ :
ਨਦੀ ਨਾਵ ਸੰਜੋਗੀ ਮੇਲਾ : ਨਦੀ ਨਾਵ ਸੰਜੋਗ ਮਲ ਮਿਲਾਇਆ। 19/8/1
ਪਿੜ ਮੱਲਣਾ : ਸੱਚੀ ਦਰਗਹ ਜਾਇ ਸਚਾ ਪਿੜ ਮੱਲਿਆ। 19/14/2

(ਦ) ਧੁਨੀ ਵਿਚਾਰ

ਭਾਈ ਗੁਰਦਾਸ ਦੀ ਬੋਲੀ ਦਾ ਵਿਗਿਆਨਕ ਅਧਿਐਨ, ਧੁਨੀ ਸਮੂਹ ਅਤੇ ਵੱਖ ਵੱਖ ਬੋਲੀਆਂ ਦੀ ਸ਼ਬਦਾਵਲੀ ਦੇ ਆਧਾਰ ਉਤੇ ਕੀਤਾ ਜਾ ਸਕਦਾ ਹੈ।

ਪੰਜਾਬੀ ਬੋਲੀ ਦਾ ਨਿਕਾਸ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਪੜਾਵਾਂ ਰਾਹੀਂ, ਵੈਦਕ ਭਾਸ਼ਾ ਤੋਂ ਹੋਇਆ ਹੈ। ਵੈਦਕ ਭਾਸ਼ਾ, ਪ੍ਰਾਚੀਨ ਸਮੇਂ ਦੇ ਪੰਜਾਬ ਦੀ ਭਾਸ਼ਾ ਸੀ ਤੇ ਇਸ ਵਿਚ ਹੀ ਰਿਗ ਵੇਦ ਦੀ ਰਚਨਾ ਹੋਈ ਮੰਨੀ ਜਾਂਦੀ ਹੈ। ਸੋ ਪੰਜਾਬੀ ਬੋਲੀ ਵਿਚ ਵੈਦਕ ਭਾਸ਼ਾ ਦੀਆਂ ਧੁਨੀਆ ਮੌਜੂਦ ਹਨ। ਮੁਸਲਮਾਣਾਂ ਦੀ ਆਵੰਦ ਨਾਲ ਉਹਨਾਂ ਦੀ ਬੋਲੀ, ਫ਼ਾਰਸੀ ਦਾ ਪ੍ਰਭਾਵ ਵੀ ਪੰਜਾਬੀ ਉਤੇ ਪਿਆ ਤੇ ਫ਼ਾਰਸੀ ਦੀਆਂ ਕੁਝ ਵਿਸ਼ੇਸ਼ ਧੁਨੀਆਂ ਵੀ ਆ ਸ਼ਾਮਲ ਹੋਈਆਂ। ਭਾਈ ਗੁਰਦਾਸ ਦੇ ਸਮੇਂ, ਵੈਦਕ ਭਾਸ਼ਾ ਵਿਚੋਂ ਨਿਕਲੀ ਇਸ ਬੋਲੀ ਨੇ ਲਗਭਗ ਪੰਜਾਬੀ ਰੂਪ ਧਾਰਣ ਕਰ ਲਿਆ। ਵੈਦਕ ਭਾਸ਼ਾ ਦੀਆਂ ਕੁਝ ਧੁਨੀਆਂ ਪਹਿਲਾਂ ਪਾਲੀ ਪ੍ਰਾਕ੍ਰਿਤ ਤੇ ਫਿਰ ਹੋਰ ਪ੍ਰਾਕ੍ਰਿਤਾਂ ਵਿਚੋਂ ਲੋਪ

ਹੁੰਦੀਆਂ ਰਹੀਆਂ । ਭਾਈ ਗੁਰਦਾਸ ਦੀਆਂ ਵਾਰਾਂ ਵਿਚ, ਉਸ ਸਮੇਂ ਦੀਆਂ ਨਿਮਨ-ਲਿਖਤ ਧੁਨੀਆਂ ਦੀ ਵਰਤੋਂ ਘਣੀ ਮਾਤਰਾ ਵਿਚ ਵੇਖੀ ਜਾ ਸਕਦੀ ਹੈ :-

(ੳ) ਮੂਲ ਸ੍ਵਰ :- ਅ, ਆ, ਇ, ਈ, ਉ, ਊ, ਏ, ਐ, ਓ, ਔ ।

(ਅ) ਅਨੁਨਾਸਕ ਸ੍ਵਰ :- ਅੰ, ਆਂ, ਇੰ, ਈਂ, ਉਂ, ਊਂ, ਏਂ, ਐਂ, ਓਂ, ਔਂ ।

(ੲ) ਵਿਅੰਜਨ :-

1	ਕੰਠੀ	(Guttarals)	: ਕ, ਖ, ਗ, ਘ	ਹ
2	ਤਾਲੂਈ	(Palatals)	: ਚ, ਛ, ਜ, ਝ,	
3	ਮੂਰਧਨੀ	(Cerebrals)	: ਟ, ਠ, ਡ, ਢ	
4	ਦੰਤੀ	(Dentals)	: ਤ, ਥ, ਦ, ਧ	ਸ
5	ਹੋਠੀ	(Labials)	: ਪ, ਫ, ਬ, ਭ	
6	ਅਨੁਨਾਸਕ	(Nasals)	: ਙ, ਞ, ਣ, ਨ, ਮ	
7	ਅਰਧ ਸ੍ਵਰ	(Semi Vowels)	: ਯ, ਰ, ਲ, ਵ	
8	ਦਰਾਵੜੀ ਧੁਨੀ		: ੜ	
9	ਫ਼ਾਰਸੀ ਧੁਨੀਆਂ		: ਸ਼, ਖ਼, ਗ਼, ਜ਼, ਫ਼	

ਭਾਈ ਗੁਰਦਾਸ ਨੇ ਕੁਝ ਵੈਦਕ ਧੁਨੀਆਂ ਨੂੰ ਪੰਜਾਬੀ ਰੂਪ ਵਿਚ ਬਦਲ ਕੇ ਵਰਤਿਆ ਹੈ ਜਿਵੇਂ "ਰਿਸ਼ਿ" ਸ਼ਬਦ ਵਿਚਲੀ 'ਰਿ' ਧੁਨੀ ਨੂੰ 'ਰਿ' ਵਿਚ ਬਦਲ ਕੇ 'ਰਿਖਿ' ਸ਼ਬਦ ਵਿਚ ਵਰਤਿਆ ; ਇਸੇ ਤਰ੍ਹਾਂ 'ਰਿਤੁ' ਸ਼ਬਦ ਵਿਚਲੀ 'ਰਿ' ਧੁਨੀ ਨੂੰ 'ਰੁ' ਬਣਾ ਕੇ 'ਰੁਤ' ਸ਼ਬਦ ਵਿਚ ਵਰਤਿਆ ਹੈ :-

ਰਿਖਿ :- ਫਿਰ ਜੈਮਨ **ਰਿਖਿ** ਬੋਲਿਆ ਜੁਜਰ ਵੇਦ ਮਥ ਕਥਾ ਸੁਣਾਵੈ । 1/10/1

ਰੁਤ :- ਧੰਨ ਧੰਨ ਦਿਹੁ ਰਾਤ ਹੈ ਪੱਖ ਮਾਹ 'ਰੁਤ' ਸੰਮਤ ਜਾਗੇ । 6/17/2

ਹੇਠ ਲਿਖੀਆਂ ਤੁਕਾਂ ਵਿਚ, ਮੂਲ-ਸ੍ਵਰਾਂ ਦੀ ਵਰਤੋਂ ਮੋਟੇ ਛਪੇ ਸ਼ਬਦਾਂ ਰਾਹੀਂ ਦ੍ਰਿਸ਼ਟੀ-ਗੋਚਰ ਹੁੰਦੀ ਹੈ । ਵਾਰਾਂ ਵਿਚ ਅਜਿਹੀਆਂ ਉਦਾਹਰਣਾ ਦੀ ਬਹੁਗਿਣਤੀ ਹੈ :-

ਅ :- **ਤਰ** ਡੁਬੈ ਡੁਬਾ ਤਰੈ ਪੀ ਪਿਰਮ ਪਿਆਲਾ । 13/17/1

ਆ :-	ਗੁਰਮੁਖ ਪਾਰ ਲੰਘਾਇੰਦਾ ਮਨਮੁਖ ਭਵਜਲ ਵਿਚ ਡੁਬੰਦੇ ।	5/15/2
ਇ :-	ਐਰਾਪਤਿ ਗਜ ਸੰਖ ਬਿਖ ਦੇਵ ਦਾਨਵ ਮਿਲ ਵੰਡ ਦਿਵਾਏ ।	17/1/4
ਈ :-	ਪਾਪੀ ਪਾਪ ਕਮਾਂਵਦੇ ਓਇ ਫਿਰਦੇ ਨੱਠੇ ।	27/2/5
ਉ :-	ਫੜਣ ਆਇ ਮਨੁਖ ਆਪ ਤੜਾਇਆ ।	14/8/5
ਊ :-	ਸਚ ਸੱਚਾ ਕੂੜ ਕੂੜ ਵਿਖੋਆ ।	30/10/7
ਏ :-	ਮਿਹਰ ਕਰੇ ਜੇ ਮਿਹਰਵਾਨ ਗੁਰਮੁਖ ਸਾਧ ਸੰਗਤ ਰੰਗ ਮਾਣੈ ।	4/19/5
ਐ :-	ਪੈਰੀਂ ਪੈ ਪਾਖਾਕ ਹੋਇ ਸਾਹਿਬ ਦੇ ਚਲੈ ਉਹ ਭਾਣੈ ।	4/19/6
ਓ :-	ਕਾਮ ਕਰੋਧ ਵਿਰਧ ਲੰਘ ਲੋਭ ਮੋਹ ਅੰਹਕਾਰ ਵਿਹਾਣਾ ।	7/5/2
ਔ :-	ਧਰਮ ਧੌਲ ਪੁਕਾਰੇ ਤਲੈ ਖੜਿਆ ।	1/22/8

ਇਹਨਾਂ ਮੂਲ ਸੁਰਾਂ ਦੇ ਅਨੁਨਾਸਕ ਰੂਪ ਵੀ ਵਾਰਾਂ ਵਿਚ ਮਿਲਦੇ ਹਨ :

ਅੰ :-	ਥੰਮੈ ਕੋਇ ਨ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ ।	1/22/7
ਆਂ :-	ਹੇਠ ਲਤਾੜੀਐ ਗਤਿ ਸਾਧਾਂ ਧੂੜੀ ।	9/19/6
ਇੰ :-	ਚਿੰਤਾਮਣਿ ਚਿੰਤਾ ਹਰੈ ਕਾਮਧੇਨ ਕਾਮਨਾ ਪੁਜਾਏ ।	16/10/1
ਈਂ :-	ਪੈਰੀਂ ਪੈ ਜਗ ਪੈਰੀਂ ਪਾਏ ।	6/6/10
ਉਂ :-	ਜਿਉਂ ਜੰਤ੍ਰੀ ਹੱਥ ਜੰਤ ਲੈ ਸਭ ਰਾਗ ਵਜਾਏ ।	2/2/1
ਊਂ :-	ਸਮਸਰ ਵਸੈ ਸ੍ਵਾਂਤ ਬੂੰਦ ਜਿਉ ਸਭਨੀਂ ਥਾਈਂ ।	2/5/1
ਏਂ :-	ਘੇਂਘੂ ਦਿੱਸਨ ਰੰਗੁਲੇ ਮਰੀਐ ਅੱਗਲਿੱਤੇ ।	36/5/4
ਐਂ :-	ਲੈਂਦੋ ਹੀ ਮੁਹਿੰ ਬੂੰਦ ਸਿਪ ਚੁਭੀ ਮਾਰ ਪਤਾਲ ਲੁਕਾਵੈ ।	4/15/3
ਓਂ :-	ਸੈਣ ਰੂਪ ਹਰਿ ਹੋਇਕੈ ਆਇਆ ਰਾਣੇ ਨੋਂ ਰੀਝਾਈ ।	10/16/5
ਔਂ :-	ਬਾਬੇ ਤਾਰੇ ਚਾਰ ਚਕ ਨੌਂ ਖੰਡ ਪ੍ਰਿਥਮੀ ਸੱਚਾ ਢੋਆ ।	1/27/7

ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਮੂਲ-ਸੁਰਾਂ ਦੇ ਸੰਜੁਗਤ ਰੂਪਾਂ ਨੂੰ ਵੀ ਵਰਤਿਆ ਹੈ :–

ਏ ਆ :- ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ । 10/7/7

ਇ ਆ :- ਵੇਦ ਕਤੇਬਹੁੰ ਬਾਹਰਾ ਲੇਖ ਅਲੇਖ ਨ ਲਖਿਆ ਜਾਈ । 7/16/1

ਅ ਏ :- ਭਏ ਬੇਅਦਲੀ ਪਾਤਸ਼ਾਹ ਕਲਿਕਾਤੀ ਉਮਰਾਵ ਕਸਾਈ । 1/7/7

ਅ ਈ :- ਭਈ ਗਿਲਾਨ ਜਗਤ ਵਿਚ ਚਾਰ ਵਰਨ ਆਸ਼੍ਰਮ ਉਪਾਏ । 1/19/1

ਅ ਓ :- ਵਿਣ ਗੁਣ ਗੁਰੂ ਸਦਾਇੰਦੇ ਓਇ ਧੋਂਦੇ ਮੱਠੇ , 36/9/6

ਆ ਉ :- ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ । 10/7/7

ਆ ਈ :- ਆਸਾ ਵਿਚ ਨਿਰਾਸ ਵਲਾਈ । 5/14/7

ਆ ਏ :- ਘਰ ਬਾਰੀ ਹੋਇ ਨਿਜ ਘਰ ਜਾਏ । 16/9/7

ਆਇ ਆ :- ਗੁਰਮੁਖ ਆਪ ਗਵਾਇ ਆਪ ਦਿਖਾਇਆ । 14/14/6

ਈਅ :- ਕੇਤੜਿਆਂ ਹੀ ਵੰਡ ਧਾਰ ਕਿਤੜੇ ਜੋਨੀ ਜੀਅ ਦੇਆਸੀ । 8/13/5

ਈ ਆਂ :- ਜੋ ਕਸਾਈ ਉਧਰਿਆ ਜੀਆਂ ਘਾਇ ਨ ਖਾਧੇ ਭੰਗਾ । 31/9/5

ਈਐ :- ਕਦੇ ਨ ਹੋਵੈ ਘਟ ਸਚੀ ਪਤਿਸ਼ਾਹੀਐ । 3/6/3

ਈਏ :- ਚਲਿਆ ਗਣਦਾ ਗਟੀਆਂ ਕਧੋਂ ਕਰ ਜਾਈਏ ਕੌਣ ਮਿਲਾਏ । 10/9/3

ਈਓ :- ਗਾਇ ਮੁਈ ਜੀਵਾਲੀਓਨ ਨਾਮ ਦੇਉ ਦਾ ਛੱਪਰ ਛਾਯਾ । 10/11/8

ਇਓ :- ਧਰਮਰਾਇ ਨੋ ਆਖਿਓਨ ਸਭਨਾਂ ਦੀ ਕਰ ਬੰਦ ਖਲਾਸੀ । 10/5/4

ਓਈ :- ਹੋਵੈ ਸਰਵਣ ਵਿਰਲਾ ਕੋਈ । 37/11/7

ਊ ਆ :- ਦੂਜਾ ਭਾਉ ਕੁਦਾਉ ਹਰਾਏ । 37/22/7

ਊਆ :- ਚੂਹਾ ਖੁਡ ਨ ਮਾਵਈ ਲੱਕ ਛਜ ਵਲਾਵੈ । 34/3/3

ਊਏ :- ਜਿਉ ਜੂਏ ਜੁਆਰੀਆ ਲਗ ਦਾਵ ਉਪੱਠੇ । 27/2/2

ਓਇ :- ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪੀਲਾਯਾ । 1/23/2

ਓ ਅ :- ਧਰਮ ਰਾਇ ਨੋ ਆਖਿਓਨ ਸਭਨਾਂ ਦੀ ਕਰ ਬੰਦ ਖਲਾਸੀ । 10/5/4

ਓ ਆ :- ਧਰਮ ਧੌਲ ਪੁਕਾਰੇ ਤਲੇ ਖੜੋਆ । 1/22/7

ਓ ਏ :- ਗੁਰਮੁਖ ਹੀਰੇ ਹਾਰ ਖਰੋਏ । 5/10/7

ਵਿਅੰਜਨ

ਵਿਅੰਜਨਾਂ ਦੇ ਪ੍ਰਯੋਗ ਸੰਬੰਧੀ ਦੋ ਪੱਖਾਂ ਤੋਂ ਵਿਚਾਰ ਕੀਤੀ ਜਾ ਸਕਦੀ ਹੈ –

1 ਉਚਾਰਨ ਦੇ ਪੱਖ ਤੋ ,

2 ਧੁਨੀ-ਪਰਿਵਰਤਨ ਦੇ ਪੱਖ ਤੋਂ ,

ਭਾਈ ਗੁਰਦਾਸ ਨੇ ਪੰਜਾਬੀ ਦੇ ਵਿਅੰਜਨਾਂ ਸ, ਹ, ਕ, ਖ, ਗ, ਘ, ਚ, ਛ, ਜ, ਝ, ਟ, ਠ, ਡ, ਢ, ਤ, ਥ, ਦ, ਧ, ਪ, ਫ, ਬ, ਭ, ਨੂੰ ਸ਼ਬਦਾਂ ਦੇ ਆਦਿ, ਮਧ ਤੇ ਅੰਤ ਵਿਚ ਰਖ ਕੇ ਵਿਅੰਜਨ ਦੇ ਠੀਕ ਉਚਾਰਨ ਅਨੁਸਾਰ ਵਰਤਿਆ ਹੈ। ਇਹਨਾਂ ਵਿਅੰਜਨਾਂ ਦੀ ਵਰਤੋਂ ਪੰਜਾਬੀ ਬੋਲੀ ਦੇ ਸ਼ਬਦਾਂ ਵਿਚ ਆਮ ਕਰ ਕੇ ਸਿਧੀ ਸਾਦੀ ਜਿਹੀ ਹੀ ਹੁੰਦੀ ਹੈ, ਇਸ ਲਈ ਇਸ ਵਰਤੋਂ ਬਾਰੇ ਕੋਈ ਖ਼ਾਸ ਵਿਚਾਰ ਵਾਲੀ ਗੱਲ ਨਹੀਂ। ਹਾਂ, ਙ, ਞ, ਣ, ਨ ਤੇ ਮ, ਅਨੁਨਾਸਕ ਵਿਅੰਜਨਾਂ ਸੰਬੰਧੀ ਵਿਚਾਰ ਕਰਨੀ ਜ਼ਰੂਰੀ ਹੈ।

ਙ :- ਇਹ ਅਨੁਨਾਸਕ ਵਿਅੰਜਨ ਪੰਜਾਬੀ ਸ਼ਬਦਾਂ ਵਿਚ ਪਹਿਲੀ ਥਾਂ ਵਰਤਿਆ ਘਟ ਹੀ ਮਿਲਦਾ ਹੈ। ਆਮ ਲਿਖਤ ਵਿਚ ਵੀ ਇਸ ਦੀ ਵਰਤੋਂ ਕਦੇ ਕਦਾਈਂ ਹੀ ਵੇਖਣ ਵਿਚ ਆਉਂਦੀ ਹੈ। ਭਾਈ ਸਾਹਿਬ ਨੇ ਵੀ ਇਸ ਵਿਅੰਜਨ ਨੂੰ ਸ਼ਬਦ ਦੇ ਮ ਵਿਚ ਰਖ ਕੇ ਵਰਤਿਆ ਹੈ।

ਉਦਾਹਰਣ ਵਜੋਂ :-	ਅੰਙਣ	36/18/1
	ਸੰਙਿਆ	11/22/3
	ਕੰਙਨ	37/22/4
	ਪਿਙਾਣਾ	12/14/5 ਆਦਿ।

ਞ :- ਇਹ ਵਿਅੰਜਨ ਵੀ ਕਿਸੇ ਸ਼ਬਦ ਦੇ ਆਦਿ ਵਿਚ ਵਰਤਿਆ ਨਹੀਂ ਮਿਲਦਾ। ਇਸ ਦਾ ਪ੍ਰਯੋਗ ਸ਼ਬਦ ਦੇ ਵਿਚਕਾਰ ਜ਼ਰੂਰ ਹੋਇਆ ਹੈ ਜਿਵੇਂ :-

ਸਿਞਾਣੇ	4/19/7, 12/5/8
ਸਿਞਾਣੈ	8/8/5
ਸਿਞਾਤਾ	18/13/5

ਸ਼ਬਦ ਦੇ ਅੰਤ ਉਤੇ ਵੀ ਵਰਤਿਆ ਹੈ :–

ਜੰਞੂ 1/21/4

ਣ :- ਇਹ ਵਿਅੰਜਨ ਆਮ ਤੌਰ ਤੇ ਕਿਰਿਆ ਦੇ ਅੰਤ ਉਤੇ ਆਉਂਦਾ ਹੈ ਤੇ ਪੰਜਾਬੀ ਵਿਚ ਇਸਦੀ ਵਰਤੋਂ ਬਹੁਤ ਹੁੰਦੀ ਹੈ। ਭਾਈ ਸਾਹਿਬ ਨੇ ਇਸ ਨੂੰ ਸ਼ਬਦ ਦੇ ਮੱਧ ਵਿਚ ਵੀ ਵਰਤਿਆ ਹੈ ਤੇ ਅੰਤ ਉਤੇ ਵੀ, ਜਿਵੇਂ :–

ਜਣਦੀ	31/13/4	ਜਣਾਇਆ	1/11/2	ਪੁਰਾਣੇ	13/4/3
ਫਣੰਦੇ	17/9/4	ਛਾਣੀਐ	14/1/3	ਵਿਡਾਣਾ	13/5/2
ਛਾਣੇ	25/16/5	ਛਾਨਣੀ	34/20/1	ਅਕਿਰਤਘਣ	35/9/6
ਜਣਿ	28/21/5,	ਜਣੇ	10/12/2	ਆਦਿ।	

ਨ :- ਇਸ ਵਿਅੰਜਨ ਦੀ ਵਰਤੋਂ ਸ਼ਬਦਾਂ ਦੇ ਆਦਿ, ਮਧ ਤੇ ਅੰਤ ਉਤੇ ਹੋਈ ਹੋਈ ਮਿਲਦੀ ਹੈ। ਉਦਾਹਰਣ ਵਜੋਂ :–

ਨਦੀ ਕਿਨਾਰੇ ਆਖੀਅਨ ਪੁਛੇ ਪਾਰਾਵਾਰ ਨ ਪਾਯਾ।[1]

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਯਾ।[2]

ਨਾਮ ਦਾਨ ਇਸ਼ਨਾਨ ਸਚ ਦ੍ਰਿੜਾਇਆ।[3]

ਮ :- ਇਸ ਦੀ ਵਰਤੋਂ ਵੀ 'ਨ' ਵਾਂਗ ਸ਼ਬਦਾਂ ਦੇ ਆਦਿ, ਮਧ ਤੇ ਅੰਤ ਉਤੇ ਮਿਲਦੀ ਹੈ, ਜਿਵੇਂ :-

ਮਸਤਕ ਸੀਸ ਅਮੋਲ ਹੈ ਚਰਣ ਸਰਣ ਗੁਰ ਧੂੜ ਸੁਹਾਏ।[4]

ਮਹਿਮਾ ਮਹਿ ਮਹਿਕਾਰ ਵਿਚ ਮਹਿਮਾਂ ਲੱਖ ਨ ਮਹਿਮਾ ਜਾਣੇ।[5]

ਯ :- ਇਹ ਧੁਨੀ ਕਿਰਿਆ-ਅੰਤ ਵੀ ਵਰਤੀ ਗਈ ਹੈ ਤੇ ਸ਼ਬਦ ਦੇ ਆਦਿ, ਮਧ ਉਤੇ ਵੀ, ਜਿਵੇਂ :-

ਆਯਾ : 1/25/1 ਯਾਦਵ 35/5/7

1. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 24, ਤੁਕ 5ਵੀਂ
2. ਉਹੀ, 1 1 1
3. ਉਹੀ, 19 2 5
4. ਉਹੀ, 15 17 3
5. ਉਹੀ, 16 16 1

ਕਰਾਯਾ :	39/16/7	ਯਾਰਾ	1/4/7
ਸਮਾਯਾ :	16/15/4	ਸੱਜਦ	8/16/4
ਪੈਨਾਯਾ	6/2/5	ਸਜਾਮ	1/7/2
ਗਣਾਯਾ	26/4/6	ਹੁਸਯਾਰ	39/7/3

ਰ :- ਇਸ ਲੁੰਠਿਤ[1] ਧੁਨੀ ਦਾ ਪ੍ਰਯੋਗ ਸ਼ਬਦਾਂ ਦੇ ਆਦਿ, ਮੱਧ ਤੇ ਅੰਤ ਵਿਚ ਹੋਇਆ ਹੈ, ਜਿਵੇਂ :–

ਰਸ ਭਰਿਆ ਰਸ ਰਖਦਾ ਬੋਲਣ ਅਣਬੋਲਣ **ਅਭਰਿੱਠਾ ।** 4/14/1

ਵਿਰਲਾ ਸਿਖ ਸੁਣੈ **ਗੁਰ ਪੀਰੈ ।** 4/16/7

ਰਾਤ ਅਨ੍ਹੇਰੀ ਅੰਧਕਾਰ ਲਖ ਕਰੋੜੀ ਚਮਕਨ ਤਾਰੇ । 16/7/1

ਲ਼ : ਇਹ ਪਾਰਸ਼ਿਕ ਧੁਨੀ ਵੀ ਸ਼ਬਦਾਂ ਦੇ ਆਦਿ, ਮਧ ਤੇ ਅੰਤ ਵਿਚ ਵਰਤੀ ਹੋਈ ਮਿਲਦੀ ਹੈ, ਜਿਵੇਂ –

ਲ਼ਹਿਆ	10/17/8	ਦੁਹੇਲ਼ਾ	34/2/3
ਤੁਲ਼ਾਣੀਐ	22/15/4	ਅਮੋਲ਼	15/17/6
ਨਿਰਮੋਲ਼ਕਾ	15/17/2	ਲ਼ਾਹਾ	30/7/3
ਲ਼ੋਕਾਚਾਰ	37/12/7	ਲ਼ਿਬ	16/1/3

ਵ :- ਇਹ ਧੁਨੀ ਵੀ ਸ਼ਬਦਾਂ ਦੇ ਆਦਿ, ਮਧ ਤੇ ਅੰਤ ਉਤੇ ਵਰਤੀ ਗਈ ਹੈ, ਜਿਵੇਂ :-

ਵਸਤੁ	1/42/3	ਵਸਾਵੈ	1/13/4
ਵਿਸਮਾਦ	10/10/5	ਵਣਵਾਸ	31/20/2
ਵਿਸਵਾਸ	5/8/6	ਵਿਵਾਹਿ	19/5/4

ੜ :- ਇਸ ਉਤਕਿਸ਼ਪਤ[2] ਧੁਨੀ ਨਾਲ ਕੋਈ ਸ਼ਬਦ ਅਰੰਭ ਨਹੀਂ ਹੁੰਦਾ । ਇਹ ਧੁਨੀ ਸ਼ਬਦ ਦੇ ਮਧ ਤੇ ਅੰਤ ਵਿਚ ਵਰਤੀ ਹੋਈ ਮਿਲਦੀ ਹੈ, ਜਿਵੇਂ :-

ਵੜਦੇ	5/12/3	ਕਰੋੜ	1/4/5	ਓੜਕ	22/3/1
ਖੜ	4/8/2	ਘੜੇ	17/11/5		
ਘੜੋਲਾ	32/20/3	ਪੜਾਇ	15/5/2		

1. ਪੰਜਾਬੀ ਭਾਸ਼ਾ ਦਾ ਇਤਿਹਾਸ, ਪ੍ਰੋ: ਵਿਦਿਆ ਭਾਸਕਰ ਅਰੁਣ, ਪੰਨਾ 103–4
.2 ਪੰਜਾਬੀ ਭਾਸ਼ਾ ਦਾ ਇਤਿਹਾਸ, ਪ੍ਰੋ: ਵਿਦਿਆ ਭਾਸਕਰ ਅਰੁਣ, ਪੰਨਾ 104

ਫ਼ਾਰਸੀ ਧੁਨੀਆਂ ਦੀ ਵਰਤੋਂ :- ਸ਼, ਖ਼, ਗ਼, ਜ਼, ਫ਼, ਧੁਨੀਆਂ ਦੀ ਵਰਤੋਂ ਫ਼ਾਰਸੀ ਬੋਲੀ ਦੀ ਸ਼ਬਦਾਵਲੀ ਕਾਰਨ ਪੰਜਾਬੀ ਵਿਚ ਹੋਣੀ ਸ਼ੁਰੂ ਹੋਈ। ਭਾਈ ਸਾਹਿਬ ਦੀ ਰਚਨਾ ਵਿਚ ਫ਼ਾਰਸੀ ਸ਼ਬਦਾਵਲੀ ਦੀ ਮਾਤਰਾ ਕਾਫ਼ੀ ਹੈ ਤੇ ਇਸੇ ਲਈ ਇਹਨਾਂ ਧੁਨੀਆਂ ਦੀ ਵਰਤੋਂ ਵੀ ਮਿਲਦੀ ਹੈ।

ਹਾਂ, ਸ਼ ਧੁਨੀ ਦੀ ਵਰਤੋਂ ਦਾ ਕਾਰਨ ਸੰਸਕ੍ਰਿਤ ਸ਼ਬਦਾਵਲੀ ਵੀ ਹੈ, ਜਿਵੇਂ ਕਿ :-

ਆਸ਼ਰਮ	39/14/1	ਆਕਾਸ਼	1/36/3	ਸ਼ਬਦ	1/44/1
ਆਦੇਸ਼	7/20/6	ਆਸ਼ੀਰ	23/20/4	ਆਦਿ।	

ਫ਼ਾਰਸੀ ਧੁਨੀ 'ਸ਼' - ਮਿਹਰ ਮੁਹੱਬਤ **ਆਸ਼ਕੀ ਇਸ਼ਕ ਮੁਸ਼ਕ** ਕਿਉਂ ਲੁਕੇ ਲੁਕਾਇਆ।18/23/1

	ਉਲਸ਼	39/9/6	ਮੁਸ਼ਤਾਕ	3/19/2
	ਹੁਸ਼ਨਾਕ	3/19/9	ਹੁਸ਼ਿਆਰ	39/8/4
	ਪਾਤਿਸ਼ਾਹ	4/7/6	ਖ਼ੁਸ਼-ਫ਼ਹਮੀ	39/8/4
ਖ਼ -	ਖ਼ਵਾਸ	8/21/3	ਖ਼ੈਰ	3/9/9
	ਖ਼ਾਕ	4/13/1	ਖ਼ੁਦੀ	1/21/2
	ਖ਼ਾਸ	11/30/5	ਖ਼ਲਕ	27/16/2
	ਖ਼ਲਾਸੀ	6/13/5	ਖ਼ਬਰ	7/18/3
	ਖ਼ੁਦਾਇ	1/32/6 ਆਦਿ।		
ਗ਼ -	ਗ਼ਨੀਮ	21/12/3	ਗ਼ਉਸ	1/20/4
	ਗ਼ਾਫ਼ਲ	21/12/3	ਗ਼ੁਬਾਰ	1/24/6
	ਗ਼ੈਰ ਹਾਜ਼ਰ	39/8/2	ਦਗ਼ਾਬਾਜ਼	17/21/6
	ਚਰਾਗ਼	3/13/6	ਗ਼ਰੀਬੀ	29/13/1 ਆਦਿ।
ਜ਼ -	ਜ਼ਾਹਰ	1/36/8	ਜ਼ਰਪੋਸ਼	35/17/3
	ਜ਼ਰਦਰੂ	30/16/6	ਹਾਜ਼ਰ	39/8/2
	ਹਜ਼ੂਰ	15/4/3	ਬਾਜ਼ੀ	20/19/1
	ਬਾਜ਼ਾਰੀ	28/2/5	ਰਾਫ਼ਜ਼ੀ	8/16/2
	ਰਿਜ਼ਕ	26/5/3	ਰੋਜ਼ਗਾਰ	10/19/5 ਆਦਿ।
ਫ਼ -	ਦਫ਼ਤਰ	2/8/4	ਫ਼ਹਮੀ	39/8/4
	ਫ਼ਹੀਮ	21/12/2	ਫ਼ਕੀਰ	1/35/5
	ਫ਼ਤੇਪੁਰ	11/26/8	ਫ਼ਰਾਸ਼	8/19/5

ਫੌਜਦਾਰ	30/13/4	ਕੁਫ਼ਰ	21/13/4	
ਬਰਫ਼	1/43/3	ਤਾਇਫ਼ੇ	8/20/2	ਆਦਿ।

ਧੁਨੀ ਪਰਿਵਰਤਨ

ਪਰਿਵਰਤਨ ਕੁਦਰਤ ਦਾ ਇਕ ਅਟੱਲ ਨਿਯਮ ਹੈ। ਜੀਵਨ ਦੇ ਹਰ ਪੱਖ ਵਿਚ ਇਹ ਨਿਯਮ ਲਾਗੂ ਹੁੰਦਾ ਹੈ ਅਤੇ ਬੋਲੀ ਜਾਂ ਭਾਸ਼ਾ ਦੇ ਸੰਬੰਧ ਵਿਚ ਵੀ ਇਸ ਦੀ ਵਿਸ਼ੇਸ਼ ਥਾਂ ਹੈ। ਸਮੇਂ ਦੀ ਮੰਗ ਅਨੁਸਾਰ ਭਾਸ਼ਾ ਬਦਲਦੀ ਤੇ ਨਵੀਂ ਬਣਦੀ ਰਹਿੰਦੀ ਹੈ, ਹੋਰ ਭਾਸ਼ਾਵਾਂ ਦਾ ਪ੍ਰਭਾਵ ਗ੍ਰਹਿਣ ਕਰ ਕੇ ਵਿਕਾਸ ਪਾਂਦੀ ਹੈ। ਜੇ ਇਹ ਪਰਿਵਰਤਨ ਨਾ ਹੋਵੇ ਤਾਂ ਬੋਲੀ ਦਾ ਵਿਕਾਸ ਰੁਕ ਜਾਵੇ ਤੇ ਵਿਕਾਸ ਦਾ ਰੁਕ ਜਾਣਾ ਮੌਤ ਦੇ ਬਰਾਬਰ ਹੈ।

ਸੋ ਜਿਊਂਦੀ ਭਾਸ਼ਾ ਵਿਚ ਪਰਿਵਰਤਨ ਹੁੰਦਾ ਹੀ ਰਹਿੰਦਾ ਹੈ। ਇਹ ਪਰਿਵਰਤਨ ਹੋਰ ਹੋਰ ਕੌਮਾਂ, ਜਾਤੀਆਂ ਨਾਲ ਸਾਡੇ ਮੇਲ, ਭੂਗੋਲਿਕ ਸਮਤਾ ਅਤੇ ਬਦੇਸ਼ੀ ਬੋਲੀਆ ਦੇ ਪ੍ਰਭਾਵ ਦੀ ਮਾਤਰਾ ਅਨੁਸਾਰ ਹੀ ਹੋਂਦ ਵਿਚ ਆਉਂਦਾ ਹੈ। ਇਹ ਪਰਿਵਰਤਨ ਬੋਲੀ ਦੀ ਸ਼ਬਦਾਵਲੀ ਵਿਚ, ਰੂਪ ਵਿਚ, ਧੁਨੀਆਂ ਦੇ ਪੱਖੋਂ, ਅਰਥਾਂ ਵਿਚ ਅਤੇ ਕਈ ਵਾਰ ਵਾਕ-ਬਣਤਰ ਵਿਚ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਪੰਜਾਬੀ ਬੋਲੀ, ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਵੈਦਕ ਭਾਸ਼ਾ ਵਿਚੋਂ ਵਿਕਸਿਤ ਹੁੰਦੀ ਹੋਈ, ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਵਿਚੋਂ ਲੰਘ ਕੇ ਅਜੋਕੇ ਰੂਪ ਵਿਚ ਆਈ ਹੈ। ਜਿਸ ਪੰਜਾਬ ਦੀ ਇਹ ਬੋਲੀ ਹੈ, ਉਸ ਪੰਜਾਬ ਦੀ ਭੂਗੋਲਿਕ ਸਥਿਤੀ ਕੁਝ ਆਪਣੀ ਹੀ ਕਿਸਮ ਦੀ ਹੈ। ਇਸ ਧਰਤੀ ਉਤੇ ਕਈ ਕੌਮਾਂ ਨੇ ਹਮਲੇ ਕੀਤੇ, ਇਸ ਨੂੰ ਆਪਣਾ ਘਰ ਬਣਾਇਆ ਤੇ ਆਪਣਾ ਸਭਿਆਚਾਰ ਫੈਲਾਇਆ। ਵੱਖ ਵੱਖ ਕੌਮਾਂ ਨਾਲ ਮੇਲ-ਜੋਲ ਦੇ ਕਾਰਨ ਸਮਾਜਕ ਪ੍ਰਸਥਿਤੀਆਂ ਵਿਚ ਵੀ ਅਦਲਾ-ਬਦਲੀ ਹੋਈ, ਬਾਹਰੋਂ ਆਈਆਂ ਕੌਮਾਂ ਦੀਆਂ ਬੋਲੀਆਂ ਨੇ ਵੀ ਪ੍ਰਭਾਵ ਪਾਇਆ। ਇਹਨਾਂ ਸਭ ਕਾਰਨਾਂ ਕਰ ਕੇ ਪੰਜਾਬੀ ਬੋਲੀ ਵਿਚ ਪਰਿਵਰਤਨ ਆਉਂਦਾ ਗਿਆ।

ਵੈਦਕ ਭਾਸ਼ਾ ਵਿਚੋਂ ਵਿਗਸਣ ਕਾਰਨ ਪੰਜਾਬੀ ਦਾ ਸੰਸਕ੍ਰਿਤ ਨਾਲ ਸੰਬੰਧ ਹੋਣਾ ਅਵੱਸ਼ਕ ਹੈ। ਪੰਜਾਬੀ ਬੋਲੀ ਉਤੇ ਜਿਹੜਾ ਪ੍ਰਭਾਵ ਸੰਸਕ੍ਰਿਤ ਦਾ ਹੈ ਉਹ ਸਾਡੀ ਮੂਲ ਬੋਲੀ ਦਾ ਹੈ। ਅਰਬੀ, ਫ਼ਾਰਸੀ ਦਾ ਪ੍ਰਭਾਵ ਬਾਹਰਲਾ ਪ੍ਰਭਾਵ ਹੈ। ਪੰਜਾਬੀ ਵਿਚ ਸੰਸਕ੍ਰਿਤ ਸ਼ਬਦਾਂ ਦੀ ਵਰਤੋਂ ਤਤਸਮ ਤੇ ਤਦਭਵ ਦੋਹਾ ਰੂਪਾਂ ਵਿਚ ਮਿਲਦੀ ਹੈ ਤੇ ਇਹਨਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਅਰਬੀ ਫ਼ਾਰਸੀ ਸ਼ਬਦਾਵਲੀ ਵੀ ਪੰਜਾਬੀ ਵਿਚ ਉਪਲਬਧ ਹੈ।

ਪੰਜਾਬੀ ਬੋਲੀ ਨੂੰ ਆਧੁਨਿਕ ਰੂਪ ਦੇਣ ਵਿਚ ਭਾਈ ਗੁਰਦਾਸ ਨੇ ਆਪਣਾ ਹਿੱਸਾ ਪਾਇਆ ਹੈ। ਭਾਈ ਸਾਹਿਬ ਨੇ ਆਪਣੀ ਕਾਵਿ-ਭਾਸ਼ਾ ਵਿਚ ਹੋਰਨਾਂ ਬੋਲੀਆਂ ਦੀ ਸ਼ਬਦਾਵਲੀ ਨੂੰ ਪੰਜਾਬੀ ਉਚਾਰਨ ਮੁਤਾਬਕ ਤੇ ਪੰਜਾਬੀ ਰੂਪ ਦੇ ਕੇ ਵਰਤਿਆ ਹੈ। ਇਸ ਪ੍ਰਸੰਗ ਵਿਚ ਧੁਨੀਆਂ ਦਾ ਪਰਿਵਰਤਿਤ ਹੋਣਾ ਇਕ ਕੁਦਰਤੀ ਗੱਲ ਸੀ।

ਸੰਸਕ੍ਰਿਤ ਭਾਸ਼ਾ ਵਿਚ ਸੰਯੁਕਤ ਧੁਨੀਆਂ ਦੀ ਵਿਸ਼ੇਸ਼ ਵਰਤੋਂ ਮਿਲਦੀ ਹੈ ਜਿਵੇਂ ਕਸ਼, ਸ਼ਚ, ਸ਼ਸ਼ ਆਦਿ। ਭਾਈ ਸਾਹਿਬ ਨੇ ਇਸ 'ਕਸ਼' ਧੁਨੀ ਨੂੰ ਪੰਜਾਬੀ ਵਿਚ ਖ ਤੇ ਛ ਧੁਨੀ, ਵਿਚ ਬਦਲ ਕੇ ਵਰਤਿਆ ਹੈ:-

ਲਕਸ਼ ਤੋਂ ਲਖ	1/2/7
ਪਕਸ਼ ਤੋਂ ਪੰਖ	22/8/7
ਅਕਸ਼ਿ ਤੋਂ ਅਖ	27/3/2
ਲਕਸ਼ਮੀ ਤੋਂ ਲਖਮੀ	13/9/2
ਲਛਮੀ	1/39/3
ਕਸ਼ਤ੍ਰਿਯ ਤੋਂ ਛਤ੍ਰੀ	1/5/3

ਇਸੇ ਤਰ੍ਹਾਂ 'ਸ਼ਚ' ਨੂੰ ਛ ਧੁਨੀ ਵਿਚ ਬਦਲਿਆ ਹੈ :-

ਪਸ਼ਚਾਤਾਪ ਤੋਂ ਪਛਤਾਈ	30/18/6
ਪਸ਼ਚਿਮ ਤੋਂ ਪਛਮ	1/6/6

ਅਤੇ 'ਸ਼ਸ਼' ਨੂੰ ਵੀ ਛ ਧੁਨੀ ਬਣਾਇਆ ਹੈ :—

ਸ਼ਸ਼ਠ ਤੋਂ ਛਟਮ	1/48/1

ਧੁਨੀ-ਪਰਿਵਰਤਨ ਆਮ ਤੌਰ ਤੇ ਉਦੋਂ ਹੁੰਦਾ ਹੈ ਜਦੋਂ ਇਕ ਬੋਲੀ ਦੇ ਸ਼ਬਦ ਨੂੰ ਦੂਜੀ ਬੋਲੀ ਵਿਚ ਉਸ ਦੇ ਤਦਭਵ ਰੂਪ ਵਿਚ ਵਰਤਿਆ ਜਾਵੇ। ਧੁਨੀਆਂ ਦੀ ਇਹ ਅਦਲਾ-ਬਦਲੀ ਕਿਸੇ ਅਸੂਲ ਮੁਤਾਬਕ ਹੀ ਹੁੰਦੀ ਹੈ। ਧੁਨੀ-ਵਿਗਿਆਨੀਆਂ ਨੇ ਇਸ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ :—

1. ਸੰਧੀ (Combination)
2. ਆਗਮ (Prothesis)
3. ਲੋਪ (Elision)
4. ਵਿਪਰੀਤੀ (Metathesis)
5. ਆਦੇਸ਼ (Change of sound)

ਸੰਧੀ :-

ਜਦੋਂ ਦੋ ਨਿਕਟ ਵਰਤੀ ਧੁਨੀਆਂ ਮਿਲ ਕੇ ਇਕ ਦਾ ਰੂਪ ਧਾਰਣ ਕਰ ਲੈਣ ਤਾਂ ਉਸ ਨੂੰ ਸੰਧੀ ਕਿਹਾ ਜਾਂਦਾ ਹੈ।

(ੳ) ਜੇ ਇਕੋ ਤਰ੍ਹਾਂ ਦੇ ਦੋ ਸੁਰ ਇਕੱਠੇ ਹੋ ਕੇ ਆਉਣ ਤਾਂ ਇਕੋ ਦੀਰਘ ਸੁਰ ਹੋ ਜਾਂਦਾ ਹੈ।

1. ਦੋ 'ਅ' ਦਾ ਮੇਲ-

ਪਰਮ+ਆਤਮ	ਪਰਮਾਤਮ	9/5/3
ਮ੍ਰਿਗ+ਆਵਲਿ	ਮਿਰਗਾਵਲੀ	1/27/3

2. ਦੋ ੲ' ਦਾ ਮੇਲ

ਰਿਸ਼ੀ—ਈਸ਼ਵਰ	ਰਿਖੀਸਰ .	1/12/3	ਸ਼ ਵੀ ਖ ਵਿਚ ਬਦਲ ਗਿਆ ਹੈ।
ਯੋਗੀ-ਈਸ਼ਵਰ	ਜੋਗੀਸਰ	8/17/7	ਯ-ਜ ਵਿਚ ਬਦਲ ਗਿਆ ਹੈ।

(ਅ) ਜੇ ਅ ਤੋਂ ਅੱਗੇ ਉ ਆ ਜਾਵੇ ਤਾਂ ਦੋਵੇਂ ਮਿਲ ਕੇ ਓ-ਹੋੜਾ ਜਾਂ ਔ- ਕਨੌੜਾ ਵਿਚ ਬਦਲ ਜਾਂਦੇ ਹਨ-

ਪੁਰਸ਼ ਉਤਮ ਪੁਰਖੋਤਮ 9/9/5 ਸ- ਖ ਵਿਚ ਬਦਲ ਗਿਆ ਹੈ।

(ੲ) ਜੇ ਅ ਤੋਂ ਅੱਗੇ ੲ ਆ ਜਾਵੇ ਤਾਂ ਏ- ਲਾਂਵ ' ਜਾਂ ਐ- ਦੁਲਾਂਵ ' ਹੋ ਜਾਂਦੀ ਹੈ-

ਗਣ+ਈਸ਼ ਗਣੇਸ 21/2/3

(ਸ) ਵਿਅੰਜਨਾਂ ਦੀ ਸੰਧੀ ਆਮ ਤੌਰ ਤੇ ਨਹੀਂ ਹੁੰਦੀ ਹੈ ; ਜੇ ਕਿਤੇ ਇਕੋ ਤਰ੍ਹਾਂ ਦੇ ਦੋ ਵਿਅੰਜਨ ਇਕੱਠੇ ਹੋ ਜਾਣ ਤਾਂ ਦੋ ਦੀ ਥਾਂ ਇਕ ਹੀ ਰਹਿ ਜਾਂਦਾ ਹੈ :-

ਨਕ—ਕਟਾ	ਨਕਟਾ	32/3/4

2. ਆਗਮ :

ਜਦੋਂ ਉਚਾਰਨ ਨੂੰ ਸੌਖਾ ਬਣਾਉਣ ਲਈ ਜਾਂ ਕਿਸੇ ਹੋਰ ਕਾਰਨ ਕੋਈ ਨਵਾਂ ਅੱਖਰ ਕਿਸੇ ਸ਼ਬਦ ਦੇ ਅੱਗੇ ਆ ਲੱਗੇ ਤਾਂ ਇਸ ਨੂੰ ਆਗਮ ਕਿਹਾ ਜਾਂਦਾ ਹੈ। ਭਾਈ ਗੁਰਦਾਸ ਦੀ ਭਾਸ਼ਾ ਵਿਚ ਅਜਿਹਾ ਧੁਨੀ-ਪਰਿਵਰਤਨ ਵੀ ਮਿਲਦਾ ਹੈ :-

ਸਥਾਨ	ਅਸਥਾਨ	3/10/6
ਸਨਾਨ	ਇਸਨਾਨ	5/13/5
ਸਤੁਤਿ	ਉਸਤਤ	13/22/4

ਲੋਪ :-

ਸ਼ਬਦਾਂ ਦਾ ਉਚਾਰਨ ਸੌਖਾ ਜਾਂ ਛੇਤੀ ਕਰਦੇ ਸਮੇਂ ਕਿਸੇ ਸ਼ਬਦ ਦਾ ਪਹਿਲਾ, ਵਿਚਲਾ ਜਾਂ ਅਖੀਰਲਾ ਅੱਖਰ ਬੋਲਣ ਵਿਚ ਨਹੀਂ ਆਉਂਦਾ, ਇਸ ਨੂੰ 'ਲੋਪ' ਕਹਿੰਦੇ ਹਨ। ਅੱਖਰਾਂ ਦੇ ਲੋਪ ਹੋਣ ਦਾ ਕਾਰਜ ਭਾਸ਼ਾ ਦੇ ਭੰਨਣ ਘੜਨ ਵਿਚ ਬਹੁਤ ਸਹਾਈ ਹੁੰਦਾ ਹੈ। ਸਵਰ ਅੱਖਰਾਂ ਦਾ ਲੋਪ ਇਨਾ ਨਹੀਂ ਹੁੰਦਾ ਜਿਤਨਾ ਵਿਅੰਜਨ ਅੱਖਰਾਂ ਦਾ। "ਤਕੜਾ ਹੀ ਕਾਇਮ ਰਹਿੰਦਾ ਹੈ" ਅਖਾਣ ਅਨੁਸਾਰ ਨਿਰਬਲ ਅੱਖਰ ਵਧੇਰੇ ਮਰਦੇ ਹਨ, ਬਲਵਾਨ ਅਖਰ (Stressed) ਨਹੀਂ ਉਡਦੇ।

(ੳ) ਸੁਰ-ਲੋਪ :- ਅੰਤ ਦੀ ਸਿਆਰੀ, ਬਿਆਰੀ ਜਾਂ ਔਂਕੜ, ਦੁਲੈਂਕੜ ਲੋਪ ਹੋ ਜਾਂਦਾ ਹੈ ਤੇ ਕਈ ਵਾਰ ਦੀਰਘ ਵੀ। ਜਿਵੇਂ:-

ਜਾਤਿ	ਜਾਤ	11/14/6
ਮਤਿ	ਮਤੀ	5/19/4
ਬਾਹੁ	ਬਾਂਹ	26/19/7
ਸਾਧੂ	ਸਾਧ	1/22/7
ਧਾਤੁ	ਧਾਤ	7/8/6
	ਧਾਤੂ	26/29/1

(ਅ) ਵਿਅੰਜਨ-ਲੋਪ:-

ਸ਼ਬਦਾਂ ਦੇ ਉਚਾਰਨ ਸਮੇਂ ਹਰੇਕ ਵਿਅੰਜਨ ਦਾ ਲੋਪ ਹੋ ਸਕਦਾ ਹੈ ਪਰ ਰ ਤੇ ਹ ਦਾ ਲੋਪ ਬਹੁਤ ਜ਼ਿਆਦਾ ਤੇ ਆਮ ਹੁੰਦਾ ਰਹਿੰਦਾ ਹੈ। ਵਿਅੰਜਨ-ਲੋਪ ਦੀਆਂ ਉਦਾਹਰਣਾਂ:-

ਅਗਨਿ-	ਅਗ	(4/5/1)	ਸਨੇਹ-	ਨੇਹ	(3/14/2)
ਬਾਲਕ-	ਬਾਲ	(5/18/1)	ਜਗਤ-	ਜਗ	(1/7/1)
ਮਾਤਾ-	ਮਾਂ	(10/1/3)	ਪੌਤਰਾ-	ਪੋਤਾ	(24/10/7)
ਸਰਬ-	ਸਭ	(1/7/3)	ਗੋਤਰ-	ਗੋਤ	(7/15/1)
ਜੰਦਰਾ-	ਜੰਦਾ	(17/12/7)			

ਵਿਪਰੀਤੀ :-

ਕਈ ਵਾਰ ਸ਼ਬਦ ਵਿਚਲੇ ਨੇੜੇ ਦੇ ਅੱਖਰ ਆਪੋ ਵਿਚ ਥਾਂ ਵਟਾ ਲੈਂਦੇ ਹਨ। ਇਸ ਤਬਦੀਲੀ ਨੂੰ ਵਿਪਰੀਤੀ ਕਿਹਾ ਜਾਂਦਾ ਹੈ। ਪਰ ਅਜਿਹੀ ਅਵੱਸਥਾ ਬਹੁਤ ਘਟ ਵੇਖਣ ਵਿਚ ਆਈਹੈ। ਉਦਾਹਰਣ :-

ਤਿਥਿ ਥਿਤ (2/14/1)*

5. ਆਦੇਸ

ਸ਼ਬਦ ਵਿਚ ਕਿਸੇ ਅੱਖਰ ਦੀ ਥਾਂ ਦੂਜੇ ਅੱਖਰ ਦੇ ਆ ਜਾਣ ਨੂੰ ਆਦੇਸ ਜਾਂ ਅੱਖਰ-ਪਰਿਵਰਤਨ ਕਿਹਾ ਜਾਂਦਾ ਹੈ। ਅੱਖਰਾਂ ਦੀ ਅਦਲਾ ਬਦਲੀ ਧੁਨੀ ਪਰਿਵਰਤਨ ਦੇ ਨਿਯਮਾਂ ਅਨੁਸਾਰ ਹੁੰਦੀ ਹੈ। ਲੋਕ-ਉਚਾਰਨ ਦੀ ਵਗਦੀ ਧਾਰਾ ਵਿਚ ਇਹ ਪਰਿਵਰਤਨ ਸਹਿਜ-ਸੁਭਾ ਹੁੰਦਾ ਰਹਿੰਦਾ ਹੈ। ਨਾ ਇਹ ਜਾਣ-ਬੁਝ ਕੇ ਕੋਈ ਕਰਦਾ ਹੈ ਤੇ ਨਾ ਹੀ ਕੋਈ ਇਸ ਨੂੰ ਰੋਕ ਸਕਦਾ ਹੈ। ਇਹ ਪਰਿਵਰਤਨ ਵਿਅੰਜਨਾਂ ਵਿਚ ਅਧਿਕ ਮਾਤਰਾ ਵਿਚ ਹੁੰਦਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦੀ ਸ਼ਬਦਾਵਲੀ ਵਿਚ ਇਕ ਵਿਅੰਜਨ ਦੀ ਥਾਂ ਦੂਜੇ ਵਿਅੰਜਨ ਦੇ ਪ੍ਰਯੋਗ ਦੀਆਂ ਉਦਾਹਰਣਾਂ ਬੇਅੰਤ ਹਨ। ਉਦਾਹਰਣ ਦੇ ਤੌਰ ਤੇ ਕੁਝ ਸ਼ਬਦਾਂ ਦੀ ਸੂਚੀ ਦਿੱਤੀ ਜਾਂਦੀ ਹੈ:-

ਨੰ;	ਧੁਨੀ	ਹੋਰ ਬੋਲੀਆਂ ਦੇ ਸ਼ਬਦ	ਪੰਜਾਬੀ ਰੂਪ	ਵਿਅੰਜਨ ਬਦਲੀ	ਵਾਰ/ਪਉੜੀ/ਤੁਕ
1.	ਕ	ਕਫਨ	ਖਫਣ	ਕ ਦੀ ਥਾਂ ਖ	26/32/2
		ਤਾਕੀਦ	ਤਾਗੀਦ	ਕ ਦੀ ਥਾਂ ਗ	3/18/6
2.	ਖ	ਮੁਖ	ਮੁਹ	ਖ ਦੀ ਥਾਂ ਹ	13/6/2
3.	ਚ	ਮੰਚ	ਮੰਜੀ	ਚ ਦੀ ਥਾਂ ਜ	1/38/2
4.	ਤ	ਤੁੰਡਕ	ਟੁੰਡੇ	ਤ ਦੀ ਥਾਂ ਟ	8/18/5
		ਦੰਤ	ਦੰਦ	ਤ ਦੀ ਥਾਂ ਦ	4/15/5
5.	ਥ	ਕਥਨ	ਕਹਿਣਾ	ਥ ਦੀ ਥਾਂ ਹ	3/13/8
6.	ਦ	ਖ਼ਿਦਮਤਗਾਰ	ਖ਼ਿਜਮਤਗਾਰ	ਦ ਦੀ ਥਾਂ ਜ	8/21/3
		ਕਾਲਬੁਦ	ਕਾਲਬੁਤ	ਦ ਦੀ ਥਾਂ ਤ	36/6/5
		ਪਾਦਸ਼ਾਹ	ਪਾਤਸ਼ਾਹ	ਦ ਦੀ ਥਾਂ ਤ	1/7/6
7.	ਨ	ਕੁਰਾਨ	ਕੁਰਾਣ	ਨ ਦੀ ਥਾਂ ਣ	21/4/4
		ਕੁਰਬਾਨ	ਕੁਰਬਾਣ	"	3/3/3

		ਦੀਵਾਨ	ਦੀਬਾਣ	ਨ ਦੀ ਥਾਂ ਣ	24/19/6
8.	ਪ	ਦੀਪਾਵਲੀ	ਦੀਵਾਲੀ	ਪ ਦੀ ਥਾਂ ਵ	19/6/1
		ਦੀਪ	ਦੀਵਾ	,,	2/8/1
9.	ਬ	ਨਾਨਬਾਈ	ਨਾਨਵਾਈ	ਬ ਦੀ ਥਾਂ ਵ	8/20/6
		ਦਰਬਾਨ	ਦਰਵਾਨ	,,	10/3/9
		ਬੇਗਾਰੀ	ਵੇਗਾਰੀਐ	ਬ ਦੀ ਥਾਂ ਵ	36/18/3
10.	ਭ	ਸੌਭਾਗਯ	ਸੁਹਾਗ	ਭ ਦੀ ਥਾਂ ਹ	3/13/8
11.	ਮ	ਕਿਮ	ਕਿਵ	ਮ ਦੀ ਥਾਂ ਵ	18/2/6
		ਨਾਮ	ਨਾਂਵ	,,	7/10/1
		ਨਿਮਾਜ਼	ਨਿਵਾਜ	,,	38/9/6
12.	ਯ	ਯਗਯ	ਜਗ	ਯ ਦੀ ਥਾਂ ਜ	5/7/1
		ਯਮ	ਜਮ	,,	10/5/8
		ਯੁਗ	ਜੁਗ	,,	1/12/1
13	ਵ	ਦੀਵਾਨ	ਦੀਬਾਣ	ਵ ਦੀ ਥਾਂ ਬ	30/6/1
		ਵਸੰਤ	ਬਸੰਤ	,,	19/9/2
		ਜਿਹਵਾ	ਜਿਹਬਾ	,,	16/12/1
14.	ਸ਼	ਆਸ਼ਾ	ਆਸਾ	ਸ਼ ਦੀ ਥਾਂ ਸ	5/5/6
		ਸ਼ੂਨਯ	ਸੁੰਨ	,,	7/18/2
		ਜਯੋਤਿਸ਼	ਜੋਤਕ	ਸ਼ ਦੀ ਥਾਂ ਕ	16/20/2
		ਧਨੁਸ਼	ਧਨੁਖ	ਸ਼ ਦੀ ਥਾਂ ਖ	26/23/2
15.	ਖ਼	ਦੋਜ਼ਖ਼	ਦੋਜਕ	ਖ਼ ਦੀ ਥਾਂ ਕ	35/13/6
16.	ਗ਼	ਪੈਗ਼ੰਬਰ	ਪਿਕੰਬਰ	ਗ਼ ਦੀ ਥਾਂ ਕ	8/8/1
17.	ਜ਼	ਕਾਗ਼ਜ਼	ਕਾਗਦ	ਜ਼ ਦੀ ਥਾਂ ਦ	8/22/5
		ਕਾਗ਼ਜ਼	ਕਾਗਲ	ਜ਼ ਦੀ ਥਾਂ ਲ	30/8/6

ਧੁਨੀ-ਪਰਿਵਰਤਨ ਦੀਆਂ ਉਪਰੋਕਤ ਉਦਾਹਰਣਾਂ ਵਿਚ ਕੋਈ ਨਾ ਕੋਈ ਨਿਯਮ ਆਪਣਾ ਕੰਮ ਕਰ ਰਿਹਾ ਹੈ, ਜਿਵੇਂ ਕਿ

1. ਸੰਸਕ੍ਰਿਤ ਦਾ ਸ਼, ਪੰਜਾਬੀ ਵਿਚ **ਸ ਹੋ ਜਾਂਦਾ ਹੈ।**

2. ਵਰਗ ਦਾ ਪਹਿਲਾ ਅੱਖਰ ਕ, ਚ, ਟ, ਤ, ਪ, ਪੰਜਾਬੀ ਵਿਚ ਗ, ਜ, ਡ, ਦ, ਬ ਹੋ ਜਾਂਦਾ ਹੈ ।

3. ਸੰਸਕ੍ਰਿਤ ਦਾ ਖ, ਛ, ਠ, ਥ, ਫ, ਘ, ਝ, ਢ, ਧ, ਭ, ਪੰਜਾਬੀ ਵਿਚ ਆਮ ਤੌਰ ਤੇ 'ਹ' ਹੋ ਜਾਂਦਾ ਹੈ ।

4. 'ਪ' 'ਵ' ਵਿਚ ਬਦਲ ਜਾਂਦਾ ਹੈ ।

5. ਬ, ਵ, ਇਕ ਦੂਜੇ ਦੀ ਥਾਂ ਆ ਜਾਂਦੇ ਹਨ ।

6. ਕਈ ਵਾਰ ਇਕੋ ਸ਼ਬਦ ਉਤੇ ਦੋ ਨਿਯਮ ਲਾਗੂ ਹੋ ਜਾਂਦੇ ਹਨ ਜਿਵੇਂ ਸੰਸਕ੍ਰਿਤ 'ਸ਼ੋਕ' ਪੰਜਾਬੀ ਵਿਚ 'ਸੋਗ' (2/4/5) ਹੋ ਗਿਆ ਹੈ ।

ਧੁਨੀ-ਪਰਿਵਰਤਨ ਬਾਰੇ ਵਿਗਿਆਨਕ ਖੋਜ ਭਾਵੇਂ ਆਧੁਨਿਕ ਸਮੇਂ ਵਿਚ ਹੋਣੀ ਸ਼ੁਰੂ ਹੋਈ ਹੈ, ਪਰ ਅਸੀਂ ਵੇਖਦੇ ਹਾਂ ਕਿ ਭਾਈ ਗੁਰਦਾਸ ਨੇ ਆਪਣੇ ਸਮੇਂ ਬੜੀ ਸੂਝ ਬੂਝ ਨਾਲ ਪੰਜਾਬੀ ਬੋਲੀ ਦੀ ਸ਼ਬਦਾਵਲੀ ਨੂੰ ਅਮੀਰ ਬਣਾਇਆ । ਆਪ ਨੂੰ ਧੁਨੀ-ਪਰਿਵਰਤਨ ਦੀ ਪੂਰੀ ਜਾਣਕਾਰੀ ਪ੍ਰਤੀਤ ਹੁੰਦੀ ਹੈ ।

(ਹ) ਵਿਆਕਰਣ ਪੱਖ

ਭਾਸ਼ਾ ਨੂੰ ਠੀਕ ਤਰ੍ਹਾਂ ਸਮਝਣ ਵਾਸਤੇ ਭਾਸ਼ਾ ਦੇ ਵਿਆਕਰਣ ਦਾ ਗਿਆਨ ਹੋਣਾ ਜ਼ਰੂਰੀ ਹੈ । ਸਮੇਂ ਸਮੇਂ ਜੋ ਜੋ ਭਾਸ਼ਾ ਬੋਲੀ ਜਾਂਦੀ ਰਹੀ ਹੈ ਉਹ ਨਿਯਮਾਂ ਵਿਚ ਹੀ ਰਹੀ ਹੈ । ਇਹਨਾਂ ਨਿਯਮਾਂ ਦੇ ਸੰਗ੍ਰਹਿ ਨੂੰ 'ਵਿਆਕਰਣ' ਦਾ ਨਾਂ ਦਿੱਤਾ ਗਿਆ । ਆਪੋ ਆਪਣੇ ਸਮੇਂ, ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਬੋਲੀਆਂ ਵਿਚ ਰਚੀਆਂ ਪੁਸਤਕਾਂ ਨੂੰ ਸਮਝਣ ਲਈ ਵਿਆਕਰਣ ਤਿਆਰ ਕੀਤੇ ਗਏ ਤੇ ਰਚਨਾ ਦੇ ਨਿਯਮ ਬਝਦੇ ਗਏ ।

ਇਹ ਨਿਯਮ ਵਾਰਤਕ-ਰਚਨਾ ਉਤੇ ਵੀ ਲਾਗੂ ਹੁੰਦੇ ਹਨ ਤੇ ਕਾਵਿ-ਰਚਨਾ ਉਤੇ ਵੀ, ਪਰ ਫਰਕ ਇਹ ਹੈ, ਕਿ ਜਿਥੇ ਵਾਰਤਕ ਲੇਖਕ ਨੂੰ ਇਹਨਾਂ ਨਿਯਮਾਂ ਉਤੇ ਪੂਰਨ ਭਾਂਤ ਪਾਬੰਦ ਰਹਿਣਾ ਪੈਂਦਾ ਹੈ, ਉਥੇ ਕਵੀ ਆਪਣੀ ਕਾਵਿ-ਰਚਨਾ ਦੀਆਂ ਲੋੜਾਂ ਕਾਰਨ ਕੁਝ ਖੁਲ੍ਹ ਵੀ ਵਰਤ ਲੈਂਦਾ ਹੈ ।

ਭਾਈ ਗੁਰਦਾਸ ਦੇ ਸਮੇਂ, ਜੋ ਗੁਰੂ ਸਾਹਿਬਾਨ ਦਾ ਹੀ ਸਮਾਂ ਹੈ, ਪੰਜਾਬੀ ਬੋਲੀ ਅਪਭ੍ਰੰਸ਼ਾਂ ਨਾਲੋਂ ਨਿਖੜ ਕੇ ਆਪਣਾ ਸੁਤੰਤਰ ਰੂਪ ਧਾਰਣ ਕਰ ਰਹੀ ਸੀ । ਭਾਈ ਗੁਰਦਾਸ ਦੇ ਸਾਹਮਣੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਕਾਵਿ-ਰਚਨਾ ਮੌਜੂਦ ਸੀ, ਇਸ ਲਈ ਆਪ ਦੀ ਰਚਨਾ ਉਤੇ ਗੁਰਬਾਣੀ ਦਾ ਪ੍ਰਭਾਵ ਪੈਣਾ ਜ਼ਰੂਰੀ ਸੀ । ਇਹ ਪ੍ਰਭਾਵ ਵਸਤੂ ਪੱਖ ਤੋਂ ਵੀ ਪਿਆ ਤੇ ਵਿਆਕਰਣ ਪੱਖ ਤੋਂ ਵੀ । ਗੁਰਬਾਣੀ ਦੇ ਸ਼ਬਦ-ਰੂਪਾਂ ਵਿਚ ਵਰਤੀਆਂ ਗਈਆਂ ਲਗਾਂ ਮਾਤਰਾਂ ਦਾ ਸੰਬੰਧ

ਵਿਆਕਰਣ ਨਾਲ ਹੈ।[1] ਇਸੇ ਪ੍ਰਕਾਰ ਦੇ ਸ਼ਬਦ-ਜੋੜ ਭਾਈ ਗੁਰਦਾਸ ਦੀ ਰਚਨਾ ਵਿਚ ਪ੍ਰਾਪਤ ਹਨ। ਭਾਈ ਗੁਰਦਾਸ ਨੇ ਆਪਣੇ ਸਮੇਂ ਦੇ ਵਿਆਕਰਣਕ-ਨਿਯਮਾਂ ਦੀ ਪਾਲਣਾ ਕਰਦਿਆਂ ਆਪਣੀ ਰਚਨਾ ਰਾਹੀਂ ਪੰਜਾਬੀ ਬੋਲੀ ਨੂੰ ਹੋਰ ਬਲਵਾਨ ਬਣਾਉਣ ਦਾ ਸਫਲ ਜਤਨ ਕੀਤਾ ਹੈ।

ਆਧੁਨਿਕ ਬੋਲੀਆਂ ਵਿਚ ਵਿਆਕਰਣ ਦੇ ਜਿਹੜੇ ਅੰਗਾਂ ਨੂੰ ਵੇਖਿਆ ਜਾਂਦਾ ਹੈ, ਉਹ ਹਨ:-ਨਾਂਵ, ਪੜਨਾਂਵ ਕਿਰਿਆ, ਵਿਸ਼ੇਸ਼ਣ ਆਦਿ। ਭਾਈ ਗੁਰਦਾਸ ਦੀਆਂ ਵਾਰਾਂ ਪੰਜਾਬੀ ਵਿਚ ਹਨ, ਪਰ ਇਸ ਦੇ ਨਾਲ ਹੀ ਇਸ ਰਚਨਾ ਵਿਚ ਹੋਰ ਬੋਲੀਆਂ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ, ਫ਼ਾਰਸੀ, ਤੁਰਕੀ ਅਤੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਸ਼ਬਦ ਵੀ ਵਰਤੇ ਗਏ ਹਨ। ਇਥੇ ਬੋਲੀਆਂ ਦਾ ਰੰਗਾ-ਰੰਗ ਪਨ ਹੈ ਤੇ ਇਸ ਵਿਚੋਂ ਵਿਆਕਰਣ ਦੇ ਅੰਗ ਵੇਖੇ ਜਾ ਸਕਦੇ ਹਨ।

ਨਾਂਵ:- ਵਿਆਕਰਣ ਅਨੁਸਾਰ ਨਾਂਵ ਦੇ ਤਿੰਨ ਮੁਖ ਭੇਦ ਹਨ-ਖ਼ਾਸ ਨਾਂਵ ਜਾਂ ਵਿਅਕਤੀ ਵਾਚਕ ਨਾਂਵ, ਜਾਤੀ ਵਾਚਕ ਨਾਂਵ ਤੇ ਭਾਵ ਵਾਚਕ ਨਾਂਵ। ਭਾਈ ਗੁਰਦਾਸ ਦੀ ਭਾਸ਼ਾ ਵਿਚ ਵਰਤੇ ਨਾਂਵ ਦੀ ਪੜਤਾਲ, ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ:-

ਖ਼ਾਸ ਨਾਂਵ:-ਖ਼ਾਸ ਨਾਂਵ ਦੀ ਵਰਤੋਂ ਵਿਚ ਨਿਮਨ-ਲਿਖਤ ਵਿਸ਼ੇਸ਼ਤਾਈਆਂ ਪ੍ਰਾਪਤ ਹਨ:-

(ੳ) ਖ਼ਾਸ ਨਾਂਵ ਦੇ ਇਕ ਵਚਨ ਦੀ ਬਹੁ-ਵਚਨ ਵਿਚ ਵਰਤੋਂ:-

ਉਂਜ ਤਾਂ ਖ਼ਾਸ ਨਾਂਵ ਕਿਸੇ ਇਕ ਵਿਅਕਤੀ ਲਈ ਹੀ ਵਰਤਿਆ ਜਾਂਦਾ ਹੈ, ਪਰ ਭਾਈ ਸਾਹਿਬ ਨੇ ਬਹੁ-ਵਚਨ ਬਣਾ ਕੇ ਵਰਤਿਆ ਹੈ ਤੇ ਇਹ ਦੋ ਤਰ੍ਹਾਂ ਦਾ ਹੈ-

1. ਇਕੋ ਹੀ ਨਾਂਵ ਵਾਲੇ ਕਈ ਵਿਅਕਤੀਆਂ ਦਾ ਪਤਾ ਦੇਣ ਲਈ,
2. ਕਿਸੇ ਇਕ ਵਿਅਕਤੀ ਨਾਲ ਸੰਬੰਧਤ ਕਿਸੇ ਉਚ-ਕੋਟੀ ਪ੍ਰਸਥਿਤੀ ਨੂੰ ਪਰਗਟ ਕਰਨ ਲਈ,

ਉਦਾਹਰਣ:-

ਗੋਇਲ ਵਾਸਾ ਚਾਰ ਦਿਨ ਨਾਉ ਧਰਾਇਣ ਈਸੇ ਮੂਸੇ। 15/13/4

ਲਖ ਲਖ ਬ੍ਰਹਮੇ ਵੇਦ ਪੜ੍ਹ ਇਕਸ ਅਖਰ ਭੇਦ ਨ ਜਾਤਾ। 18/13/1

ਬ੍ਰਹਮੇ, ਬਿਸ਼ਨ, ਮਹੇਸ਼, ਲਖ ਧਿਆਇੰਦੇ। 21/2/1

1. ਗੁਰਬਾਣੀ ਵਿਆਕਰਣ, ਪ੍ਰਿੰ: ਸਾਹਿਬ ਸਿੰਘ, ਪੰਨਾ 9

ਨਾਰਦ ਸਾਰਦ ਸ਼ੇਸ਼ ਕੀਰਤਿ ਗਾਵਿੰਦੇ। 21/2/2

ਜਾਤੀ ਵਾਚਕ ਨਾਂਵ:- ਇਸ ਦੇ ਇਕ-ਵਚਨ ਰੂਪ ਨੂੰ ਬਹੁ-ਵਚਨ ਰੂਪ ਵਿਚ ਕਈ ਥਾਂਵਾਂ ਤੇ ਵਰਤਿਆ ਹੈ:-

ਰਾਗ ਨਾਦ ਅਨਹਦ ਧੁਨੀ ਓਅੰਕਾਰ ਨ ਗਾਵਣਹਾਰਾ। 26/35/5

ਖਾਣੀ ਬਾਣੀ ਜੀਅ ਜੰਤ ਨਾਂਵ ਥਾਂਵ ਅਗਣਤ ਅਪਾਰਾ। 26/35/6

ਰਾਗ, ਖਾਣੀ, ਬਾਣੀ, ਜੀਅ, ਜੰਤ ਇਕ ਵਚਨ ਜਾਤੀਵਾਚਕ ਨਾਂਵ ਹਨ, ਪਰ ਇਥੇ ਇਹਨਾਂ ਦੀ ਵਰਤੋਂ ਬਹੁ-ਵਚਨ ਰੂਪ ਵਿਚ ਕੀਤੀ ਗਈ ਹੈ।

ਅਰਬੀ ਬੋਲੀ ਦਾ ਸ਼ਬਦ 'ਕਤੇਬ', ਇਕ ਵਚਨ, ਜਾਤੀ ਵਾਚਕ ਨਾਂਵ ਹੈ ਤੇ ਅਰਬੀ ਵਿਚ ਇਸ ਦਾ ਬਹੁ ਵਚਨ 'ਕੁਤਬ' ਹੈ। ਪਰ ਭਾਈ ਸਾਹਿਬ ਨੇ ਪੰਜਾਬੀ ਰੂਪ ਵਿਚ ਢਾਲ ਕੇ ਇਸ ਦਾ ਬਹੁ ਵਚਨ 'ਕਤੇਬਾਂ' ਬਣਾ ਕੇ ਵਰਤਿਆ ਹੈ:-

ਚਾਰ ਕਤੇਬਾਂ ਆਖੀਅਨਿ ਦੀਨ ਮੁਸਲਮਾਣੇ। 13/4/4

ਇਸੇ ਤਰਾਂ 'ਆਲਿਮ' (ਵਿਦਵਾਨ) ਜਾਤੀ ਵਾਚਕ ਨਾਂਵ, ਇਕ ਵਚਨ ਦਾ ਬਹੁ-ਵਚਨ 'ਉਲਮਾ' ਹੈ, ਪਰ ਭਾਈ ਸਾਹਿਬ ਨੇ 'ਉਲਮਾਉ' ਬਣਾਇਆ ਹੈ ਅਤੇ 'ਅਮੀਰ' ਦੇ ਬਹੁ-ਵਚਨ 'ਉਮਰਾ' ਨੂੰ ਭਾਈ ਸਾਹਿਬ ਨੇ 'ਉਮਰਾਉ' ਜਾਂ 'ਉਮਰਾਵ' ਲਿਖਿਆ ਹੈ:-

ਸਿੰਧੀ ਰੁਕਨ ਕਲੰਦਰਾਂ ਲਖ ਉਲਮਾਉ ਮੁੱਲਾਂ ਮਉਲਾਣੇ। 8/8/4

ਪਾਤਿਸ਼ਾਹ ਅਗੇ ਚੜ੍ਹਨ ਪਿਛੇ ਸਭ ਉਮਰਾਉ ਪਿਆਦੇ। 5/11/2

ਭਏ ਬੇਅਦਲੀ ਪਾਤਸ਼ਾਹ ਕਲਿਕਾਤੀ ਉਮਰਾਵ ਕਸਾਈ 1/7/6

ਭਾਵ ਵਾਚਕ ਨਾਂਵ:- ਇਸ ਪ੍ਰਕਾਰ ਦੇ ਨਾਂਵਾਂ ਨੂੰ ਵੀ ਜਾਤੀ-ਵਾਚਕ ਨਾਂਵਾਂ ਵਾਂਗ ਹੀ ਵਰਤਿਆ ਗਿਆ ਹੈ।

ਲਖ ਮਤਿ ਲਖ ਬੁਧ ਸੁਧ ਲਖ ਲਖ ਚਤੁਰਾਈ। 13/23/1

ਲਖ ਗਿਆਨ ਧਿਆਨ ਲਖ ਲਖ ਸਿਮਰਣ ਰਾਈ। 13/23/3

ਪੜਨਾਂਵ:- ਪੰਜਾਬੀ ਪੜਨਾਂਵਾਂ ਦੀ ਪ੍ਰਕਾਰ-ਵੰਡ ਹੇਠ ਲਿਖੇ ਅਨੁਸਾਰ ਹੈ:-

1. ਪੁਰਖ ਵਾਚਕ ਪੜਨਾਂਵ :- ਮੈਂ, ਤੂੰ,
2. ਨਿਸ਼ਚਯ ਵਾਚਕ ,, ਇਹ, ਉਹ,
3. ਅਨਿਸ਼ਚਯ ਵਾਚਕ ,, ਕੋਈ, ਕੁਝ,
4. ਸੰਬੰਧ ਵਾਚਕ ,, ਜੋ, ਜਿਹੜਾ,

5. ਪ੍ਰਸ਼ਨ ਵਾਚਕ ਪੜਨਾਂਵ — ਕੌਣ, ਕਿਹੜਾ, ਕੀ,
6. ਨਿਜ ਵਾਚਕ „ — ਆਪਣਾ,
7. ਆਦਰਵਾਚਕ „ — ਆਪ,

ਵਾਰਾਂ ਵਿਚ ਵਰਤੇ ਪੜਨਾਂਵਾ ਦੀਆਂ ਉਦਾਹਰਣਾਂ:—

1. ਪ੍ਰਥਮ ਪੁਰਖ ਪੁਰਸ਼ ਵਾਚਕ ਪੜਨਾਂਵ:-

ਮੈਂ–ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਜੇ ਇਕ ਤੁਧ ਭਾਵੇ । 10/13/4

ਤੁਧ

ਅਸਾਂ--ਬਾਬਾ ਆਖੇ ਨਾਥ ਜੀ, ਅਸਾਂ ਵੇਖੇ ਜੋਗੀ ਵਸਤ ਨ ਕਾਈ । 1/42/3

ਅਸਾਡੇ–ਘਰ ਅਸਾਡੇ ਛਡ ਕੇ ਗੋਲੇ ਦੇ ਘਰ ਜਾਹਿ ਕਿ ਸੁੱਖਾ । 2/10/7

ਮੇਰੀ--ਮੇਰੀ ਖਲਹੁ ਮੌਜੜੇ ਗੁਰ ਸਿਖ ਹਢਾਵੇ । 9/18/6

ਦੁਤੀਆ ਪੁਰਖ

ਤੂੰ- ਹਉਂ ਭੀ ਮੂੰਹ ਨ ਜੁਠਾਲਸਾ ਤੂੰਰੁੱਠਾ ਮੈਂ ਕਿਹੁ ਨ ਸੁਖਾਵੇ । 10/13/8

ਤੇਰਾ- ਕਢ ਖੜਗ ਸਦ ਪੁਛਿਆ ਕਉਣ ਸੁ ਤੇਰਾ ਹੈ ਉਸਤਾਦ । 10/2/7

ਤੇਰੀ- ਅੱਖੀਂ ਮੂਲ ਨ ਪੁਜੀਅਨਿ ਕਰ ਕਰ ਵੇਖਣ ਮੇਰੀ ਤੇਰੀ 23/12/3

ਨਾਨਕ ਆਖੇ ਭੰਗਰ ਨਾਥ ਤੇਰੀ ਮਾਉਂ ਕੁਚਜੀ ਆਹੀ । 1/40/5

ਤੇਰੇ- ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ । 10/7/6

2. ਨਿਸ਼ਚਯ ਵਾਚਕ ਪੜਨਾਂਵ:—

ਇਹ- ਸੰਸਾ ਇਹ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਇਆ । 1/1/4

ਉਹ- ਪੈਰੀ ਪੈ ਪਾਖਾਕ ਹੋਇ ਸਾਹਿਬ ਦੇ ਚਲੇ ਉਹ ਭਾਣੇ । 4/19/6

ਓਸ- ਬੇਮੁਖ ਪੜੇ ਨ ਇਲਮ ਜਿਉ ਅਵਗੁਣ ਸਭ ਓਸ । 34/8/6

ਉਨ- ਪਰਉਪਕਾਰ ਕਮਾਂਵਦਾ ਉਨ ਆਪ ਗਵਾਯਾ । 9/20/3

3. ਅਨਿਸ਼ਚਯ ਵਾਚਕ ਪੜਨਾਂਵ:-

ਕੁਝ- ਕੁਝ ਦਿਖਾਇ ਅਸਾਂ ਨੂੰ ਭੀ ... ... — —। 1/42/2

ਕਿਸੇ- ਚਰਣ ਸਰਣ ਫੜ ਉਬਰੇ ਦੂਜੇ ਕਿਸੇ ਨ ਖੜਗ ਉਠਾਯਾ । 23/7/5

ਕੋਈ- ਕੋਈ ਨ ਕਿਸੇ ਪੂਜਦਾ........................। 1/7/5

4. ਸੰਬੰਧ ਵਾਚਕ ਪੜਨਾਂਵ:-

ਜਿਸ-ਬੇਦ ਗ੍ਰੰਥ ਗੁਰ ਹਟ ਹੈ ਜਿਸ ਲਗ ਭਵਜਲ ਪਾਰ ਉਤਾਰਾ। 1/17/5

ਜਿਨ- ਜਿਨ ਸੁਕ ਜਣਿਆ ਮਾਇ ਦੁਖ ਸਹਾਇਆ। 14/5/5

ਜਿਨ੍ਹਾਂ-ਮਸਤਕ ਲਗੇ ਸਾਧ ਰੇਣ ਵਡਭਾਗ ਜਿਨ੍ਹਾਂ ਦੇ 9/18/7

5. ਪ੍ਰਸ਼ਨ ਵਾਚਕ ਪੜਨਾਂਵ:-

ਕਿਹੜਾ- ਜੀਵਨ ਮਾਰੀ ਲਤ ਦੀ ਕਿਹੜਾ ਸੁਤਾ ਕੁਫਰ ਕੁਫਾਰੀ। 1/32/5

ਕਿਨ- ਪ੍ਰਿਥਮ ਪਿਆਲੇ ਬੂੰਦ ਇਕ ਕਿਨ ਕੀਮਤ ਪਾਈ। 13/12/5

ਕਿਸ- ਕੇਵਡ ਵਡਾ ਆਖੀਐ ਕਵਨ ਥਾਉਂ ਕਿਸ ਪੁਛਾਂ ਜਾਈ। 26/5/5

ਕੌਣ- ਸਿਧ ਪੁਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ। 1/28/4

6. ਨਿਜ ਵਾਚਕ ਪੜਨਾਂਵ:-

ਆਪ- ਆਪ ਤਰੇ ਗੁਰਸਿਖ ਤਰੇਹੀ। 1/3/8

ਆਪਣ- ਆਪਣ ਹਥੀ ਆਪਣੀ ਜੜ੍ਹ ਆਪ ਉਪੱਟੇ। 35/1/6

ਆਪਣਾ- ਦਿਤਾ ਲਈਐ ਆਪਣਾ ਅਣਦਿਤਾ ਕਛ ਹਥ ਨ ਆਵੈ। 1/47/5

ਆਪਣੀ- ਦੋਹੀ ਫੇਰੇ ਆਪਣੀ ਹੁਕਮੀ ਬੰਦੇ ਸਭ ਸਿਪਾਹੀ। 26/31/2

ਆਪਣੇ- ਸਾਹਿਬ ਸਉਹੇਂ ਆਪਣੇ ਹਥਿਆਰ ਨ ਫੜੀਐ। 34/21/4

7. ਆਦਰ ਵਾਚਕ ਪੜਨਾਂਵ:-

ਆਪ- ਤੂਹੀ ਸਿਰੀ ਕਰਤਾਰ ਹੈ ਆਪ ਨਿਆਰਾ ਕਰ ਦਿਖਲਾਈ। 1/9/4

ਲਹਿੰਦੀ ਪੰਜਾਬੀ ਦੀਆਂ ਕਿਰਿਆਵਾਂ ਵਿਚ ਬਹੁਤ ਵਾਰੀ ਪੜਨਾਂਵ ਸੰਜੁਗਤ ਹੋ ਜਾਂਦੇ ਹਨ। ਇਹ ਸੰਜੁਗਤ ਕਿਰਿਆਵਾਂ ਲਿਖਣ ਲਗਿਆਂ ਪੜਨਾਂਵ ਵਖਰੇ ਨਹੀਂ ਕੀਤੇ ਜਾਂਦੇ। ਭਾਈ ਸਾਹਿਬ ਨੇ ਵੀ ਕਈ ਥਾਂਈ ਪੜਨਾਂਵਾਂ ਨੂੰ ਕਿਰਿਆ ਨਾਲ ਜੋੜ ਕੇ ਹੀ ਵਰਤਿਆ ਹੈ। ਇਹ ਪ੍ਰਭਾਵ ਲਹਿੰਦੀ ਪੰਜਾਬੀ ਦਾ ਜਾਪਦਾ ਹੈ। ਉਦਾਹਰਣਾਂ:-

ਉਸਾਰਿਓਨ, 10/8/5   ਆਖਿਓਨ, 10/5/4   ਦਿਤੋਸ, 10/21/3   ਡਿਠੋਸ, 10/23/4   ਵਲਾਇਓਨ, 10/7/4   ਪੁਛਿਓਸ 10/12/4

ਰਖਿਓਨ, 1/4/5   ਦਿਤਿਓਨ, 26/22/27   ਪਛਾੜਿਅਨ, 10/2/9   ਫਲਾਇਓਨ, 25/7/5   ਰਖਿਓਨ, 10/9/9

ਮੰਗੀਅਲ, ਜਿਵਾਲੀਓਨ, ਆਦਿ ।
10/14/4 10/11/8

ਕਿਰਿਆ

ਪੰਜਾਬੀ ਵਾਰਤਕ ਲਿਖਤ ਵਿਚ ਵਿਆਕਰਣ ਅਨੁਸਾਰ ਕਿਰਿਆ ਵਾਕ ਦੇ ਅੰਤ ਵਿਚ ਆਉਂਦੀ ਹੈ । ਕਾਵਿ-ਰਚਨਾ ਵਿਚ ਇਸ ਨਿਯਮ ਦੀ ਪਾਲਣਾ ਬਹੁਤ ਵੇਰੀ ਨਹੀਂ ਹੁੰਦੀ । ਤੋਲ ਤੁਕਾਂਤ ਦੀਆਂ ਮਜਬੂਰੀਆਂ ਕਾਰਨ ਕਿਰਿਆ ਵੱਖ-ਵੱਖ ਥਾਵਾਂ ਤੇ ਆ ਜਾਂਦੀ ਹੈ । ਪਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕਿਰਿਆ ਦਾ ਅਸਥਾਨ ਆਮ ਕਰ ਕੇ ਤੁਕ ਦੇ ਅੰਤ ਵਿਚ ਹੀ ਰਖਿਆ ਗਿਆ ਹੈ । ਇਹ ਗੁਣ ਕਾਵਿ ਦੀ ਉੱਤਮਤਾ ਦਾ ਸੂਚਕ ਮੰਨਿਆ ਜਾਂਦਾ ਹੈ । ਭਾਈ ਸਾਹਿਬ ਦੀਆਂ ਪਉੜੀਆ ਦੀਆਂ ਪਉੜੀਆਂ ਇਸ ਗੁਣ ਨਾਲ ਭਰਪੂਰ ਹਨ । ਉਦਾਹਰਣ ਵਜੋਂ ਇਹਨਾਂ ਕਿਰਿਆਵਾਂ ਦੀ ਵਰਤੋਂ ਵੇਖੋ:-

ਬਲਿ ਰਾਜਾ ਘਰ ਆਪਣੇ ਅੰਦਰ ਬੈਠਾ ਜਗ ਕਰਾਵੈ ।
ਬਾਵਨ ਰੂਪੀ ਆਇਆ ਚਾਰ ਬੇਦ ਮੁਖ ਪਾਠ ਸੁਣਾਵੈ ।
ਰਾਜੇ ਅੰਦਰ ਸਦਿਆ, ਮੰਗ ਸੁਆਮੀ ਜੋ ਤੁਧ ਭਾਵੈ ।
ਅਛਲ ਛਲਣ ਤੁਧ ਆਇਆ ਸੁਕ੍ਰ ਪ੍ਰੋਹਤ ਕਹਿ ਸਮਝਾਵੈ । 10/3
....
ਗੁਰ ਸਿਖ ਸੁਣ ਗੁਰਸਿਖ ਸਿਖ ਸਦਾਇਆ ।
ਗੁਰ ਸਿਖੀ ਗੁਰ ਸਿਖ ਸਿਖ ਸੁਣਾਇਆ ।
ਗੁਰ ਸਿਖ ਸੁਣ ਕਰ ਭਾਉ ਮੰਨ ਵਸਾਇਆ ।
ਗੁਰਸਿਖਾਂ ਗੁਰ ਸਿਖ ਭਾਣਾ ਭਾਇਆ ।
ਗੁਰਸਿਖ ਗੁਰਸਿਖ ਸੰਗ ਮੇਲ ਮਿਲਾਇਆ ।
ਚਉਪੜ ਸੋਲਹ ਸਾਰ ਜੁਗ ਜਿਣ ਆਇਆ । 20/18

ਮਾਝੇ ਦੇ ਇਲਾਕੇ ਵਿਚੋਂ ਹੋਣ ਕਰ ਕੇ ਭਾਈ ਸਾਹਿਬ ਦੀ ਰਚਨਾ ਵਿਚ ਮਾਝੀ ਪੰਜਾਬੀ ਦਾ ਰੰਗ ਬਹੁਤ ਹੈ । ਇਹ ਰੰਗ ਕਿਰਿਆਵਾਂ ਦੀ ਵਰਤੋਂ ਵਿਚੋਂ ਵੀ ਝਲਕਦਾ ਹੈ:- ਕਰਾਏ, ਸੁਣਾਏ, ਵਸਾਏ, ਵਜਾਏ, ਚੱਲਣਾ, ਚੱਟਣੀ (ਸਿਲ ਅਲੂਣੀ ਚਟਣੀ) ਬਣਾਇਆ, ਪਰਚਾਇਆ, ਕਤਾਇਆ, ਕਮਾਵਣੀ ਆਦਿ ਅਨੇਕਾਂ ਕਿਰਿਆਵਾਂ ਦੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ ।

ਭਾਈ ਸਾਹਿਬ ਨੇ ਕਈ ਕਿਰਿਆਵਾਂ ਵਿਚ 'ਵ' ਲਗਾ ਕੇ ਵਰਤਿਆ ਹੈ । ਜਾਪਦਾ ਹੈ ਕਿ ਇਹ ਕਾਰਜ ਤੋਲ ਠੀਕ ਕਰਨ ਲਈ ਕੀਤਾ ਗਿਆ ਹੈ; ਜਿਵੇਂ:-

ਥੀਵਣਾ, ਜੀਵਣਾ, ਰੰਗੀਵਣਾ, ਸੀਵਣਾ, ਪੀਵਣਾ, ਹੋਵਣਾ, ਖੋਵਣਾ, ਜੋਵਣਾ, ਸੋਵਣਾ, ਚੋਵਣਾ, ਧੋਵਣਾ, ਰੋਵਣਾ, ਖਲੋਵਣਾ, ਆਦਿ ।

ਕਈ ਵਾਰੀ ਦੋ ਕਿਰਿਆਵਾਂ ਨੂੰ ਨਾਲ ਨਾਲ ਰਖ ਕੇ ਵਰਤਿਆ ਹੈ, ਜਿਵੇਂ:-

ਆਖ ਸਿਧਾਯਾ, ਲੈ ਆਯਾ, ਕਰ ਆਵੈ, ਖਲੋਤਾ ਜਾਇ, ਆਖ ਸੁਣਾਵੈ, ਚਰਾਵਣ ਆਵੈ, ਕਰੇ ਵਿਲਲਾਂਦੀ, ਬੋਲੇ ਸ਼ਰਮਾਂਦੀ, ਆਖ ਵਖਾਣੈ, ਲਿਖ ਜਾਣੈ, ਭੰਨ ਜਾਣੈ, ਜਾਇ ਭਰੇਂਦਾ, ਆਇ ਬਹੇਂਦਾ, ਆਦਿ ।

ਕਿਰਿਆ ਦੀ ਵਰਤੋਂ ਨੂੰ ਤਿੰਨ ਕਾਲਾਂ [ਸਮਿਆਂ] ਨਾਲ ਸੰਬੰਧਤ ਕੀਤਾ ਜਾਂਦਾ ਹੈ । ਇਹ ਤਿੰਨ ਕਾਲ ਹਨ ਵਰਤਮਾਨ, ਭੂਤ ਤੇ ਭਵਿਖਤ । ਭਾਈ ਸਾਹਿਬ ਦੀਆਂ ਵਾਰਾਂ ਵਿਚ ਵਰਤੀਆਂ ਕਿਰਿਆਵਾਂ ਆਪੋ ਆਪਣੇ ਕਾਲ ਦਾ ਪਤਾ ਦੇਂਦੀਆਂ ਹਨ ।

ਵਰਤਮਾਨ ਕਾਲ :- ਇਸ ਵੰਡ ਵਿਚ ਕਾਰਜ ਦਾ ਉਸੇ ਸਮੇਂ ਹੋਣਾ ਜ਼ਾਹਰ ਹੁੰਦਾ ਹੈ । ਭਾਈ ਸਾਹਿਬ ਨੇ ਕਿਰਿਆ ਦੇ ਅੰਤ ਉਤੇ 'ਵੈ' 'ਲਗਾ' ਕੇ ਵਰਤਮਾਨ ਕਾਲ ਰੂਪ ਵਿਚ ਵਰਤਿਆ ਹੈ, ਜਿਵੇਂ :-

ਆਵੈ, ਸੁਖਾਵੈ, ਵਧਾਵੈ, ਧਾਵੈ, ਦਿਖਲਾਵੈ, ਗਣਾਵੈ, ਹਰਾਵੈ,- 5/19

ਵਿਹਾਵੈ, ਲੁਭਾਵੈ, ਫਹਾਵੈ 5/18

ਕਈ ਵਾਰੀ ਲਗਾ ਕੇ ਇਹ ਰੂਪ ਬਣਾ ਲਿਆ ਹੈ, ਜਿਵੇਂ :-

ਫਿਰੰਦੇ, ਡੁਬੰਦੇ, ਮਰੰਦੇ, ਜਲੰਦੇ, 5/15

ਕਿਰਿਆ ਦੇ ਅੰਤ ਉਤੇ 'ਐ' ਲਗਾ ਕੇ ਵਰਤਮਾਨ ਕਾਲ ਬਣਾਇਆ ਹੈ :- ਲੰਘੀਐ, ਜਾਣੀਐ, ਆਣੀਐ,- 22/14: ਵਖਾਣੀਐ, ਤੁਲਾਣੀਐ, ਸਮਾਣੀਐ, 22/15 ਸਹੀਐ,- 34/7, ਭਰੀਐ, ਮਰੀਐ 34/15, ਆਦਿ ।

ਇਸੇ ਤਰ੍ਹਾਂ ਕਿਰਿਆ ਅੰਤ 'ਏ' ਲਾ ਕੇ ਵੀ ਵਰਤਮਾਨ ਕਾਲ ਬਣਾਇਆ ਹੈ :-

ਸਦਾਏ, ਅਖਾਏ, ਜੜਾਏ, ਕਮਾਏ, ਗਣਾਏ, ਵਲਾਏ, ਲਖਾਏ 5/5

ਭੂਤ–ਕਾਲ । –ਇਸ ਕਾਲ ਵਿਚ ਵਰਤਮਾਨ ਸਮੇਂ ਤੋਂ ਪਹਿਲਾਂ ਕੰਮ ਹੋ ਗਿਆ ਹੁੰਦਾ ਹੈ । ਭਾਈ ਸਾਹਿਬ ਨੇ ਭੂਤ ਕਾਲ ਕਿਰਿਆ ਬਣਾਉਣ ਲਈ ਕਿਰਿਆ ਦੇ ਅੰਤ ਉਤੇ 'ਆ' ਦੀ ਵਰਤੋਂ ਕੀਤੀ ਹੈ, ਜਿਵੇਂ :-

ਕਹਿਆ 1/29/3, ਗਇਆ 10/14/3, ਦਹਿਆ 10/20/2,

ਚਲਿਆ 10/9/3, ਸੋਧਿਆ 10/17/6, ਆਦਿ ।

ਕਿਰਿਆ ਦੇ ਅੰਤ ਉਤੇ 'ਇਆ' ਲਗਾ ਕੇ ਵੀ ਭੂਤ ਕਾਲ ਬਣਾਇਆ ਹੈ ।
ਨਿਵਾਇਆ 1/23/6: ਲਇਆ 10/17/8, ਪਇਆ 10/4/8

ਲਹਿੰਦੀ ਦੀਆਂ ਪੜਨਾਂਵ ਸੰਜੁਗਤ ਕਿਰਿਆਵਾਂ ਵੀ ਭੂਤ-ਕਾਲ ਹੀ ਦਰਸਾਂਦੀਆਂ ਹਨ, ਜਿਵੇਂ :-

ਆਖਿਓਨ, 10/5/4, ਵਲਾਇਓਨ 10/7/4 ਚਥਿਓਨ 10/9/9

ਭਵਿਖਤ ਕਾਲ :- ਇਸ ਵਿਚ ਵਰਤਮਾਨ ਤੋਂ ਬਾਦ ਵਿਚ ਹੋਣ ਦਾ ਕਾਰਜ ਹੁੰਦਾ ਹੈ :-

ਮਾਸ ਖਾਣ ਗਲ ਵਢ ਕੈ ਹਾਲ ਤਿਨਾੜਾ ਕਉਣ ਹੋਵੱਸੀ । 25/17/5

ਗਰਬ ਗਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰੱਸੀ । 25/17/6

ਜਗ ਆਇਆ ਸਭ ਕੋਈ ਮਰੱਸੀ । 25/17/7

ਹਉਂ ਭੀ ਮੂੰਹ ਨ ਜੁਠਾਲਸਾ ਤੂੰ ਰੁੱਠਾ ਮੈਂ ਕਿਹੁ ਨ ਸੁਖਾਵੇ । 10/13/8

ਵਿਸ਼ੇਸ਼ਣ:-

ਜਿਹੜੇ ਸ਼ਬਦ ਪੜਨਾਂਵ ਦੇ ਕਿਸੇ ਗੁਣ ਨੂੰ ਦਸ ਕੇ ਉਸ ਨੂੰ ਆਮ ਤੋਂ ਖ਼ਾਸ ਬਣਾ ਦੇਣ, ਵਿਸ਼ੇਸ਼ਣ ਕਹੇ ਜਾਂਦੇ ਹਨ । ਭਾਈ ਸਾਹਿਬ ਨੇ ਇਹਨਾਂ ਵਿਸ਼ੇਸ਼ਣਾਂ ਦੀ ਵਰਤੋਂ ਵੀ ਆਪਣੀਆਂ ਵਾਰਾਂ ਵਿਚ ਕੀਤੀ ਹੈ । ਇਹ ਵਿਸ਼ੇਸ਼ਣ ਗੁਣ ਵਾਚਕ, ਸਧਿਅਕ ਪਰਿਮਾਣ ਵਾਚਕ,ਨਿਸ਼ਚੇ ਵਾਚਕ, ਆਦਿ ਹਨ ।

ਉੱਚਾ, ਉੱਜਲ, ਉਦਾਸ, ਉਪਕਾਰੀ, ਸਾਊ, ਹੋਰ, ਸਭ, ਸਗਲੀ, ਇਕ, ਦੂਜਾ, ਪੰਜ ਪਿਆਲੇ, ਗੁਰ ਭਾਰੀ, ਹੋਰੀ, ਕਰੋੜ, ਚਹੁੰ, ਤੱਤੀ, ਸੀਅਲਾ, ਇਕਨਾ, ਜਬਰ, ਜੇਹਾ, ਜੋਰਾਵਰ, ਝੰਟਲਾ, ਤੇਹਾ, ਤੈਸਾ, ਥੋਥੀ, ਦਇਆਲ, ਦਸਮ, ਦਾਤਾ, ਦੁਖਾਲਾ, ਧਉਲ, ਧਰਮੀ, ਨਾਪਾਕ, ਨਿਮਾਣਾ, ਬਲਵੰਤ, ਬੇ ਸੁਮਾਰ, ਲਖ, ਚੌਰਾਸੀ, ਮਜਲਸੀ, ਮਾਇਆਧਾਰੀ, ਆਦਿਕ ਅਨੇਕਾਂ ਵਿਸ਼ੇਸ਼ਣ ਇਹਨਾਂ ਵਾਰਾਂ ਵਿਚੋਂ ਪ੍ਰਾਪਤ ਹਨ ਤੇ ਥਾਂ-ਪਰ-ਥਾਂ ਇਹਨਾਂ ਦੀ ਸੁਚੱਜੀ ਵਰਤੋਂ ਕੀਤੀ ਗਈ ਹੈ ।

ਸਾਰ

ਭਾਈ ਗੁਰਦਾਸ ਦੀ ਰਚਨਾ 'ਵਾਰਾਂ' ਗੁਰਬਾਣੀ ਤੇ ਗੁਰਮਤ ਦੀ ਵਿਆਖਿਆ ਕਰਦੀ ਹੈ। ਇਸ ਰਚਨਾ ਦਾ ਆਧਾਰ, ਮੁਖ ਰੂਪ ਵਿਚ, ਆਦਿ ਗ੍ਰੰਥ ਦੀ ਬਾਣੀ ਹੋਣ ਕਰਕੇ, ਇਹ ਉਸ ਸਰਬ ਸਾਂਝੇ ਤੇ ਕਿਰਿਆਤਮਕ ਮੱਤ ਦਾ ਉਲੇਖ ਕਰਦੀ ਹੈ ਜੋ ਸਿਖ ਗੁਰੂ ਸਾਹਿਬਾਨ ਤੇ ਭਗਤੀ ਲਹਿਰ ਨਾਲ ਸੰਬੰਧਤ ਭਾਰਤੀ ਸੰਤਾਂ ਭਗਤਾਂ ਨੇ ਪਰਚਾਰਿਆ। ਗੁਰਮਤ ਅਨੁਸਾਰ ਜਾਤ, ਰੰਗ, ਨਸਲ,ਅਮੀਰੀ ਤੇ ਗਰੀਬੀ ਦੇ ਵਿਤਕਰੇ ਨਿਰਮੂਲ ਹਨ। ਭਾਈ ਗੁਰਦਾਸ ਨੇ ਵੀ ਹਰ ਜਾਤੀ,(ਬ੍ਰਾਹਮਣ ਖੱਤਰੀ, ਵੈਸ ਤੇ ਸੂਦਰ), ਦੇ ਸੰਤਾਂ ਦੀ ਭਗਤੀ-ਭਾਵਨਾ ਨੂੰ ਇਹਨਾਂ ਵਾਰਾਂ ਵਿਚ ਰੂਪਮਾਣ ਕਰ ਕੇ ਕਰਨੀ-ਪ੍ਰਧਾਨ ਜੀਵਨ ਦਾ ਸੁਨੇਹਾ ਦਿੱਤਾ ਹੈ। ਗੁਰੂ ਨਾਨਕ ਦੇਵ ਵਾਂਗ ਹੀ ਆਪ ਨੇ ਸਮੇਂ ਦੇ ਜ਼ਾਲਮ ਹਾਕਮਾਂ ਦੀ ਕਰੜੀ ਆਲੋਚਨਾ ਕੀਤੀ ਹੈ ਤੇ ਨੇਕੀ, ਨਿਮਰਤਾ, ਪਰਉਪਕਾਰ ਉਤੇ ਜ਼ੋਰ ਦਿੱਤਾ ਹੈ। ਭਾਈ ਸਾਹਿਬ ਨੇ ਪੰਜਾਬੀ ਕਵਿਤਾ ਦੇ ਵਾਰ ਰੂਪ ਨੂੰ ਅਪਨਾ ਕੇ, ਆਮ ਜੀਵਨ ਤੇ ਕੁਦਰਤ ਦੇ ਵਿਸ਼ਾਲ ਘੇਰੇ ਵਿਚੋਂ ਬਿੰਬਾਂ, ਪ੍ਰਤੀਕਾਂ ਆਦਿ ਦੀ ਵਰਤੋਂ ਕਰ ਕੇ, ਗੁਰਬਾਣੀ ਵਿਚਲੇ ਗੂੜ੍ਹ ਵਿਚਾਰਾਂ ਨੂੰ ਸੌਖੀ ਤੇ ਸਰਲ ਲੋਕ-ਬੋਲੀ ਤੇ ਆਪਣੀ ਨਵੇਕਲੀ ਕਾਵਿ-ਸ਼ੈਲੀ ਰਾਹੀਂ, ਜਨ-ਸਮੂਹ ਦੀ ਸਮਝ ਗੋਚਰੇ ਕੀਤਾ ਹੈ।

ਭਾਈ-ਗੁਰਦਾਸ ਨੇ ਕਿਸੇ ਦਾਰਸ਼ਨਿਕ ਸਿਧਾਂਤ ਦੀ ਅਭਿਵਿਅਕਤੀ ਲਈ ਇਹ ਵਾਰਾਂ ਨਹੀਂ ਰਚੀਆਂ, ਸਗੋਂ ਪ੍ਰੇਮ-ਰਸ ਤੇ ਭਗਤੀ-ਰਸ ਭਿੰਨੀ ਇਸ ਰਚਨਾ ਰਾਹੀਂ ਦਰਸ਼ਨ ਆਪਣੇ ਆਪ ਪ੍ਰਸਤੁਤ ਹੋ ਗਿਆ ਹੈ। ਇਸ ਰਚਨਾ ਵਿਚੋਂ ਪ੍ਰੇਮ, ਸਤਿ, ਸੰਤੋਖ, ਨਿਮਰਤਾ, ਸਰਵਵਿਆਪਕ. ਤੇ ਸਰਬ-ਪਾਲਕ ਪ੍ਰਭੂ, ਮਨੁੱਖੀ ਬਿਰਾਦਰੀ, ਵਿਸ਼ੇ-ਵਾਸ਼ਨਾਂ, ਕਾਮਨਾਵਾਂ ਆਦਿ ਤੋਂ ਸੰਕੋਚ, ਜੀਵ-ਜੰਤੂ ਉਤੇ ਦਇਆ, ਤਨ ਮਨ ਦੀ ਸੁਚ, ਆਪਣੇ ਆਪੇ ਤੇ ਪਰਮਆਤਮਾ ਦੀ ਪਛਾਣ, ਮਰਦ ਤੇ ਇਸਤਰੀ ਦੀ ਬਰਾਬਰੀ, ਸੇਵਾ, ਸਿਮਰਣ ਆਦਿ ਦਾ ਉਭਰਵਾਂ ਸੁਨੇਹਾ, ਆਦਿ ਗ੍ਰੰਥ ਵਿਚ ਵਿਅਕਤ ਸਰਬ-ਸਾਂਝੇ ਧਰਮ ਦਾ ਸੁਨੇਹਾ ਹੈ। ਅਨਿਆਂ ਸਹਿਣ ਤੋਂ ਅਤੇ ਸੰਸਾਰ ਦੇ ਤਿਆਗ ਤੋਂ ਇਨਕਾਰੀ ਹੋ ਕੇ ਘਰ-ਬਾਰੀ ਗ੍ਰਹਸਤੀ ਜੀਵਨ ਨੂੰ ਅਪਨਾਉਣ ਦਾ ਉਪਦੇਸ਼ ਇਸ ਧਰਮ ਨੂੰ ਅਮਲੀ ਧਰਮ ਦੇ ਰੂਪ ਵਿਚ ਉਜਾਗਰ ਕਰਦਾ ਹੈ। ਇਸ ਧਰਮ ਵਿਚ ਵੇਦਾਂ, ਸ਼ਾਸਤਰਾਂ ਤੇ ਪੁਰਾਣਾਂ ਆਦਿ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਤੇ ਨਾ ਹੀ ਪੁਰਾਣਾਂ ਵਿਚਲੀ ਮੂਰਤੀ-ਪੂਜਾ ਲਈ ਕੋਈ ਥਾਂ ਹੈ। ਇਹ ਧਰਮ ਭਗਤੀ-ਭਾਵਨਾ ਦਾ ਧਰਮ ਹੈ, ਰੱਬੀ-ਹੁਕਮ ਅੱਗੇ ਸਿਰ ਝੁਕਾਣ ਦਾ ਧਰਮ ਹੈ। ਇਸ ਧਰਮ ਵਿਚ ਗੁਰੂ-ਭਗਤੀ ਨੂੰ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਦੀ ਕਿਰਪਾ ਨਾਲ ਹਉਮੇ ਨੂੰ ਮਾਰ ਕੇ ਤੇ ਨਾਮ ਨੂੰ ਹਿਰਦੇ ਵਿਚ ਵਸਾ ਕੇ ਪ੍ਰਭੂ ਨਾਲ ਜੁੜਿਆ ਜਾ ਸਕਦਾ ਹੈ। 'ਨਾਮ' ਦੀ ਮਹਿਮਾ ਬਿਅੰਤ ਹੈ। ਨਾਮ-ਜੋਗ ਹੀ ਪ੍ਰਭੂ ਮਿਲਾਪ ਲਈ, ਮੁਕਤੀ ਲਈ, ਸਭ ਤੋਂ ਸੌਖਾ ਸਾਧਨ ਹੈ ਤੇ ਇਹ 'ਨਾਮ' ਸਤਿਗੁਰੂ ਦੀ ਕਿਰਪਾ ਨਾਲ ਸਤਿ-ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ।

ਭਾਈ ਗੁਰਦਾਸ ਅਨੁਸਾਰ ਕਰਮ-ਕਾਂਡ ਆਦਿ 'ਨਾਮ' ਦੇ ਟਾਕਰੇ ਤੇ ਨਹੀਂ ਠਹਿਰ ਸਕਦੇ। ਸਤੋ-ਗੁਣੀ ਜੀਵਨ ਹੀ ਅਸਲ ਜੀਵਨ ਹੈ ਤੇ ਅਜਿਹੇ ਜੀਵਨ ਵਾਲਾ ਮਨੁੱਖ 'ਗੁਰਮੁਖ' ਹੈ।

ਗੁਰਮੁਖ, ਸੱਚੇ ਮਾਰਗ ਦਾ ਪਾਂਧੀ ਹੈ ਤੇ ਅਮਲੀ ਜੀਵਨ ਜਿਊਂਦਾ ਹੈ। ਉਹ, ਮਨਮੁਖਾਂ, ਦੰਭੀਆਂ, ਅਕ੍ਰਿਤਘਣਾਂ ਵਾਂਗ ਦੋਹਰੇ ਵਿਅਕਤਿਤਵ ਵਾਲਾ, ਅੰਦਰੋਂ ਹੋਰ ਤੇ ਬਾਹਰੋਂ ਹੋਰ, ਨਹੀਂ।

ਪਰ ਜਿਸ ਜੀਵਨ ਦਾ, ਜਿਸ ਧਰਮ ਦਾ, ਜਿਸ ਮਤ ਦਾ ਪਰਚਾਰ ਭਾਈ ਗੁਰਦਾਸ ਨੇ ਕੀਤਾ ਸੀ, ਉਹ ਅਜ ਕੇਵਲ ਸਿੱਖਾਂ ਤਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਭਾਈ ਗੁਰਦਾਸ ਦੀ ਦੱਸੀ ਜੀਵਨ-ਜਾਚ ਭਾਵੇਂ ਸਮੂਹ ਮਨੁੱਖ ਜਾਤੀ ਲਈ ਇਕੋ ਜਿਹੀ ਲਾਭਕਾਰੀ ਹੈ ਪਰ ਇਹ ਸੰਸਾਰ ਦੇ ਲੋਕਾਂ ਤਕ ਪਹੁੰਚ ਨਹੀਂ ਸਕੀ। ਜਿਵੇਂ ਆਦਿ ਗ੍ਰੰਥ ਵਿਚ ਵਿਅਕਤ ਕੀਤਾ ਗਿਆ ਮੱਤ ਪੰਜਾਬ ਦੀਆਂ ਹੱਦਾਂ ਤੋਂ ਕੋਈ ਬਹੁਤਾ ਬਾਹਰ ਨਹੀਂ ਪਸਰਿਆ, ਇਵੇਂ ਹੀ ਭਾਈ ਗੁਰਦਾਸ ਦੇ ਸੌਖੇ, ਸਰਲ, ਸਪੱਸ਼ਟ ਬੋਲੀ ਵਿਚ ਦਿੱਤੇ ਗਏ ਵਿਚਾਰ ਦੂਰ ਦੂਰ ਨਹੀਂ ਫੈਲ ਸਕੇ। ਭਾਈ ਸਾਹਿਬ ਨੇ ਆਪ ਤਾਂ ਦੂਰ ਦੂਰ ਇਲਾਕਿਆਂ ਵਿਚ ਤੇ ਵੱਖ-ਵੱਖ ਪ੍ਰਦੇਸ਼ਾਂ ਵਿਚ ਇਸ ਮੱਤ ਦਾ, ਇਸ ਜੀਵਨ-ਜਾਚ ਦਾ, ਪਰਚਾਰ ਕੀਤਾ। ਪਰ ਅਜ ਉਹ ਗੱਲ ਨਹੀਂ।

ਗੁਰਦਾਸ-ਬਾਣੀ ਸਾਡਾ ਇਕ ਬਹੁ-ਮੁੱਲਾ ਵਿਰਸਾ ਹੈ। ਇਸ ਵਿਰਸੇ ਤੋਂ ਅਣਜਾਣ ਰਹਿਣਾ ਸਾਡੀ ਬਦਕਿਸਮਤੀ ਹੈ। ਭਾਈ ਸਾਹਿਬ ਦੇ ਸੁਨੇਹੇ ਨੂੰ ਬਾਹਰਲੇ ਦੇਸਾਂ ਵਿਚ ਪੁਚਾਣਾ ਤਾਂ ਇਕ ਪਾਸੇ ਰਿਹਾ, ਆਪਣੇ ਹੀ ਦੇਸ, ਭਾਰਤ ਦੇ ਕਈ ਇਲਾਕਿਆਂ ਦੇ ਲੋਕ ਇਸ ਸੁਨੇਹੇ ਤੋਂ ਬੇ-ਖ਼ਬਰ ਹਨ। ਭਾਈ ਗੁਰਦਾਸ ਨੇ ਜਿਨ੍ਹਾਂ ਸੰਤਾਂ ਭਗਤਾਂ ਦਾ ਜ਼ਿਕਰ ਖ਼ਾਸ ਕਰ ਕੇ ਆਪਣੀ ਦਸਵੀਂ ਵਾਰ ਵਿਚ ਬੜੇ ਅਦਬ ਸਤਿਕਾਰ ਨਾਲ ਕੀਤਾ ਹੈ, ਉਹਨਾਂ ਦੀ ਪੂਜਾ ਮਾਨਤਾ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਅਜ ਵੀ ਹੋ ਰਹੀ ਹੈ। ਉਹਨਾਂ ਸੰਤਾਂ ਭਗਤਾਂ ਦੇ ਸ਼ਰਧਾਲੂਆਂ ਨੂੰ ਇਸ ਸਾਂਝੀ ਕੜੀ ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਭਾਰਤ ਵਿਚ ਨੀਵੀਆਂ ਜਾਤੀਆਂ, ਪਛੜੀਆਂ ਸ਼੍ਰੇਣੀਆਂ ਤੇ ਅਛੂਤ ਲੋਕਾਂ ਦੀ ਬੜੀ ਵੱਸੋਂ ਹੈ। ਉਹਨਾਂ ਲੋਕਾਂ ਨੂੰ ਆਦਿ ਗ੍ਰੰਥ ਦੇ ਕਵੀਆਂ ਵਿਚ ਸ਼ਾਮਲ ਕੀਤੇ ਤੇ ਭਾਈ ਗੁਰਦਾਸ ਰਾਹੀਂ ਸਤਿਕਾਰੇ ਉਹਨਾਂ ਦੇ ਸੰਤਾਂ ਭਗਤਾਂ ਨਾਲ ਜਾਣਕਾਰੀ ਕਰਾਈ ਜਾਵੇ। ਇਹ ਕੰਮ ਬਿਨਾਂ ਸਾਹਸ ਤੇ ਧੀਰਜ ਦੇ ਨਹੀਂ ਹੋ ਸਕਦਾ। ਇਸ ਕੰਮ ਲਈ ਇਕ ਲੰਮੇ ਪਰਿਸ਼ਰਮ ਦੀ ਲੋੜ ਹੈ ਤੇ ਨਾਲੇ ਉਹਨਾਂ ਲੋਕਾਂ ਦੀ ਜਿਨ੍ਹਾਂ ਦੇ ਹਿਰਦੇ ਵਿਚ ਆਦਿ ਗ੍ਰੰਥ ਦੀ ਰੂਹ ਪ੍ਰਜਵਲਤ ਹੋਈ ਹੋਈ ਹੈ, ਜਿਹੜੇ ਠੀਕ ਅਰਥਾਂ ਵਿਚ ਸਿਖੀ ਜੀਵਨ ਜੀ ਰਹੇ ਹਨ। ਗੁਰਮਤ ਦੇ ਸੱਚੇ ਸੁੱਚੇ ਪੈਰੋਕਾਰ ਹੀ ਇਸ ਮਹਾਨ ਕਾਰਜ ਨੂੰ ਸਿਰੇ ਚੜ੍ਹਾ ਸਕਦੇ ਹਨ। ਆਦਿ ਗ੍ਰੰਥ ਵਿਚਲਾ ਗੁਰੂ ਸਾਹਿਬਾਨ ਦਾ ਜੋ ਸੰਦੇਸ਼ ਭਾਈ ਗੁਰਦਾਸ ਨੇ ਦਿੱਤਾ ਹੈ, ਉਸ ਨੂੰ ਸੰਸਾਰ ਭਰ ਦੀਆਂ ਸਾਰੀਆਂ ਮੁਖੀ ਭਾਸ਼ਾਵਾਂ ਰਾਹੀਂ ਪ੍ਰਸਾਰਿਤ ਕਰਨਾ ਚਾਹੀਦਾ ਹੈ। ਵੱਖ ਵੱਖ ਭਾਸ਼ਾਵਾਂ ਵਿਚ ਇਹਨਾਂ ਵਾਰਾਂ ਦੇ ਉਲਥੇ ਛਾਪੇ ਜਾਣੇ ਚਾਹੀਦੇ ਹਨ ਤਾਂ ਜੁ ਦੁੱਖਾਂ ਕਲੇਸ਼ਾਂ ਦੇ ਮੂੰਹ ਆਈ ਤੇ ਰੂਹਾਨੀ ਗਿਰਾਵਟ ਦੇ ਚਿੱਕੜ ਵਿਚ ਖੁਭੀ ਦੁਨੀਆਂ, ਇਹਨਾਂ ਵਿਚਲੇ ਅਮਨ, ਸ਼ਾਂਤੀ ਤੇ ਪਿਆਰ ਭਰੇ ਸੰਦੇਸ਼ ਦੇ ਅੰਮ੍ਰਿਤ-ਛਿੱਟਿਆਂ ਤੋਂ ਸੁਖ ਪ੍ਰਾਪਤ ਕਰ ਸਕੇ।

ਪੁਸਤਕ ਸੂਚੀ

ਪੰਜਾਬੀ

	ਪੁਸਤਕ	ਲੇਖਕ	ਪ੍ਰਕਾਸ਼ਕ
1	ਆਦਿ ਸ੍ਰੀ ਗੁਰੂ ਗਰੰਥ ਸਾਹਿਬ		ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨੇ 1430
2	ਅਰਬ ਤੇ ਹਿੰਦ ਦੇ ਸੰਬੰਧ	ਮੌਲਾਨਾ ਸੱਯਦ ਸੁਲੇਮਾਨ ਨਦਵੀ	ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1954
	(ਪੰਜਾਬੀ ਅਨੁਵਾਦ)	ਜੋਗਿੰਦਰ ਸਿੰਘ	
3	ਅਫ਼ਗਾਨਿਸਤਾਨ ਵਿਚ ਇਕ ਮਹੀਨਾ	ਡਾ: ਗੰਡਾ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1962
4	ਸ੍ਰੀ ਗੁਰੂ ਗਰੰਥ ਸਾਹਿਬ ਦਾ ਸਾਹਿਤ ਇਤਿਹਾਸ	ਡਾ: ਤਾਰਨ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1963
5	ਸ੍ਰੀ ਗੁਰਮਤ ਨਿਰਣਯ ਸਾਗਰ	ਪੰਡਿਤ ਤਾਰਾ ਸਿੰਘ ਨਰੋਤਮ	ਗੁਰਮਤ ਪ੍ਰੈਸ, ਲਾਹੌਰ 1961 ਬਿ:
6	ਸਾਹਿਤ ਦਰਸ਼ਨ	ਪ੍ਰਿੰ: ਤੇਜਾ ਸਿੰਘ	ਪ੍ਰਕਾਸ਼ ਪੁਸਤਕਾਲਯ, ਪਟਿਆਲਾ 1951
7	ਸਾਹਿਤ ਦੀ ਪਰਖ	ਡਾ: ਗੋਪਾਲ ਸਿੰਘ ਦਰਦੀ	ਪੰਜਾਬੀ ਅੈਕੈਡਮੀ, ਨਵੀਂ ਦਿੱਲੀ 1950
8	ਸਾਡੇ ਪੁਰਾਣੇ ਕਵੀ	ਪ੍ਰਿੰ: ਸ. ਸ. ਅਮੋਲ	ਪੰਜਾਬੀ ਬੁਕ ਡਿਪੋ, ਅੰਮ੍ਰਿਤਸਰ 1941
9	ਸਿਖ ਇਤਿਹਾਸ	ਪ੍ਰੋ: ਕਰਤਾਰ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ 1961
10	ਸਿਖ ਇਤਿਹਾਸ	ਜੇ. ਡੀ. ਕਨਿੰਘਮ	ਲਾਹੌਰ ਬੁਕ ਸ਼ਾਪ, ਲੁਧਿਆਣਾ 1951
	(ਪੰਜਾਬੀ ਅਨੁਵਾਦ)	ਗੁਰਮੁਖ ਸਿੰਘ ਗੁਰਮੁਖ	
11	ਸਿਖ ਧਰਮ	ਪ੍ਰਿੰ: ਤੇਜਾ ਸਿੰਘ	ਪ੍ਰਕਾਸ਼ ਪੁਸਤਕਾਲਯ ਪਟਿਆਲਾ 1952
12	ਸਿਖ ਧਰਮ ਬਾਰੇ	ਪ੍ਰੋ: ਕਰਤਾਰ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1946
13	ਸਿਖਾਂ ਦੀ ਭਗਤ ਮਾਲਾ	ਭਾਈ ਵੀਰ ਸਿੰਘ (ਸੰਪਾਦਕ)	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1966
14	ਜੋਤੀ ਚਮਤਕਾਰ	ਗਿ: ਤ੍ਰਿਲੋਕ ਸਿੰਘ	ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 1953
15	ਹੰਸ ਚੋਗ	ਬਾਵਾ ਬੁਧ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1950
16	ਕਬਿੱਤ ਭਾਈ ਗੁਰਦਾਸ ਦੂਸਰਾ ਸਕੰਧ	ਭਾਈ ਵੀਰ ਸਿੰਘ (ਸੰਪਾਦਕ)	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1966

17	ਸ੍ਰੀ ਗੁਰੂ ਗਿਰਾਰਥ ਕੋਸ਼	ਪੰਡਿਤ ਤਾਰਾ ਸਿੰਘ ਨਰੋਤਮ	ਰਾਜਿੰਦਰ ਪ੍ਰੈਸ, ਪਟਿਆਲਾ 1895
18	ਗੁਰ ਛੰਦ ਦਿਵਾਕਰ	ਭਾਈ ਕਾਹਨ ਸਿੰਘ	ਦਰਬਾਰ ਨਾਭਾ 1924
19	ਗੁਰਦਾਸ ਦਰਸ਼ਨ	ਗਿ: ਲਾਲ ਸਿੰਘ ਸੰਗਰੂਰ	ਜਨਕ ਪੁਸਤਕ ਭੰਡਾਰ, ਸੰਗਰੂਰ 1950
20	ਗੁਰ ਨਾਨਕ ਚਿੰਤਨ ਤੇ ਕਲਾ	ਡਾ: ਤਾਰਨ ਸਿੰਘ	ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ 1969
21	ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ	ਡਾ: ਸੁਰਿੰਦਰ ਸਿੰਘ ਕੋਹਲੀ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1969
22	ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ	ਦੀਵਾਨ ਸਿੰਘ	ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ 1968
23	ਗੁਰ ਨਾਨਕ ਜੀਵਨ ਤੇ ਵਿਅਕਤਿਤਵ	ਡਾ: ਰਤਨ ਸਿੰਘ ਜੱਗੀ	ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ 1974
24	ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਨਿਰਗੁਣ ਕਾਵਿ ਧਾਰਾ ਦਾ ਆਲੋਚਨਾਤਮਕ ਅਧਿਐਨ	ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ ਦਾ ਪੰਜਾਬੀ ਥੀਸਿਸ	
25	ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ	ਭਾਈ ਵੀਰ ਸਿੰਘ ਸੰਪਾਦਕ	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1954
26	ਗੁਰਬਾਣੀ ਤੇ ਇਤਿਹਾਸ ਬਾਰੇ	ਪ੍ਰਿੰ: ਸਾਹਿਬ ਸਿੰਘ	ਸਿਖ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 1960
27	ਗੁਰਬਾਣੀ ਵਿਆਕਰਣ	ਪ੍ਰਿੰ: ਸਾਹਿਬ ਸਿੰਘ	ਪੰਜਾਬ ਲਿਟਰੇਰੀ ਪ੍ਰੈਸ, ਅੰਮ੍ਰਿਤਸਰ 1939
28	ਗੁਰ ਬਿਲਾਸ ਪਾਤਸ਼ਾਹੀ ਛੇਵੀਂ	ਕਵੀ ਸੋਹਨ ਸਿੰਘ	ਗੁਰੂ ਖ਼ਾਲਸਾ ਪ੍ਰੈਸ, ਅੰਮ੍ਰਿਤਸਰ 1968
29	ਗੁਰਮਤ ਸੁਧਾਕਰ	ਭਾ: ਕਾਹਨ ਸਿੰਘ	ਗੁਰਮਤ ਪ੍ਰੈਸ, ਅੰਮ੍ਰਿਤਸਰ 1922
30	ਗੁਰਮਤ ਦਰਸ਼ਨ	ਡਾ: ਸ਼ੇਰ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951
31	ਗੁਰਮਤ ਨਿਰਣਯ	ਡਾ: ਜੋਧ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1932
32	ਗੁਰਮਤ ਪ੍ਰਭਾਕਰ	ਭਾ: ਕਾਹਨ ਸਿੰਘ	ਗੁਰਮਤ ਪ੍ਰੈਸ, ਅੰਮ੍ਰਿਤਸਰ 1922
33	ਗੁਰਮਤ ਫਿਲਾਸਫੀ	ਗਿ: ਪ੍ਰਤਾਪ ਸਿੰਘ	ਭਾਈ ਹਰਨਾਮ ਸਿੰਘ ਜੋਗਿੰਦਰ ਸਿੰਘ, ਅੰਮ੍ਰਿਤਸਰ 1946
34	ਗੁਰਮਤ ਮਾਰਤੰਡ	ਭਾ: ਕਾਹਨ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1962.

35 ਗੁਰਮਤ ਮਾਰਤੰਡ	ਗਿ: ਲਾਲ ਸਿੰਘ	ਜਨਕ ਪੁਸਤਕ ਭੰਡਾਰ, ਸੰਗਰੂਰ 1942
36 ਗੁਰਮਤ ਵਿਚਾਰਧਾਰਾ	ਭਗਤ ਸਿੰਘ ਹੀਰ	ਨੈਸ਼ਨਲ ਬੁਕ ਸ਼ਾਪ, ਦਿੱਲੀ 1969
37 ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ	ਜੀ. ਬੀ. ਸਿੰਘ	ਪੰਜਾਬ ਯੂਨੀਵਰਸਿਟੀ, ਸੋਲਨ 1951
38 ਗੁਰਸ਼ਬਦ ਅਲੰਕਾਰ	ਭਾ: ਕਾਹਨ ਸਿੰਘ	ਦਰਬਾਰ ਨਾਭਾ 1924
39 ਗੁਰਸ਼ਬਦ ਰਤਨਾਕਰ ਮਹਾਨ ਕੋਸ਼	ਭਾ: ਕਾਹਨ ਸਿੰਘ	ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960
40 ਗੁਰੂ ਖਾਲਸਾ ਤਵਾਰੀਖ	ਗਿ: ਲਾਲ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1955
41 ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ	ਸੰਪਾਦਕ ਡਾ: ਕਿਰਪਾਲ ਸਿੰਘ	ਖਾਲਸਾ ਕਾਲਜ, ਅੰਮ੍ਰਿਤਸਰ 1962
42 ਜੀਵਨ ਬਾਬਾ ਬੁੱਢਾ ਜੀ	ਗਿ: ਤ੍ਰਿਲੋਕ ਸਿੰਘ	ਭਾਈ ਜਵਾਹਰ ਸਿੰਘ ਕਿਰਪਾਲ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
43 ਜੀਵਨ ਭਾਈ ਗੁਰਦਾਸ	ਸੰਤ ਸਪੂਰਨ ਸਿਘ	ਖਾਲਸਾ ਟਰੈਕਟ ਸੋਸਾਇਟੀ, ਅੰਮ੍ਰਿਤਸਰ 1930
44 ਜੀਵਨ ਭਾਈ ਗੁਰਦਾਸ	ਜਗਤ ਸਿੰਘ	ਖਾਲਸਾ ਹਿਤਕਾਰੀ ਸਭਾ, ਅੰਮ੍ਰਿਤਸਰ 1912
45 ਜੀਵਨ ਭਾਈ ਗੁਰਦਾਸ	ਗਿ: ਤਿਲੋਕ ਸਿਘ	ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 1962
46 ਜੀਵਨ ਭਾਈ ਗੁਰਦਾਸ ਜੀ	ਗਿ: ਖਜ਼ਾਨ ਸਿਘ	ਬੰਬੇ ਮਸ਼ੀਨ ਪਰੇਸ, ਲਾਹੌਰ 1943
47 ਤਰਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ	ਅਕਾਲੀ ਕੌਰ ਸਿਘ	ਕਾਰੋਨੇਸ਼ਨ ਪਰੇਸ, ਪਿਸ਼ਾਵਰ 1923
48 ਤਵਾਰੀਖ ਗੁਰੂ ਖਾਲਸਾ	ਗਿ: ਗਿਆਨ ਸਿੰਘ	ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1970
49 ਨਵੀਨ ਪੰਜਾਬੀ ਪਿੰਗਲ	ਪ੍ਰੋ: ਕਰਤਾਰ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ

50 ਨਾਨਕ ਪ੍ਰਕਾਸ਼	ਭਾ: ਸੰਤੋਖ ਸਿੰਘ	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1961
51 ਪੰਜਾਬ ਦਾ ਇਤਿਹਾਸ ਪੰਜਾਬੀ ਅਨੁਵਾਦ	ਸਯੱਦ ਮੁਹੰਮਦ ਲਤੀਫ਼ ਗੁਰਮੁਖ ਸਿੰਘ ਗੁਰਮੁਖ	ਲਾਹੌਰ ਬੁਕ ਸ਼ਾਪ, ਲੁਧਿਆਣਾ ।
52 ਪੰਜਾਬ ਦਾ ਇਤਿਹਾਸ	ਸ: ਕਿਰਪਾਲ ਸਿੰਘ ਨਾਰੰਗ	ਯੂ. ਸੀ. ਕਪੂਰ ਐਂਡ ਸਨਜ਼, ਦਿੱਲੀ 1968
53 ਪੰਜਾਬ ਦੇ ਹੀਰੇ	ਮੌਲਾ ਬਖ਼ਸ਼ ਕੁਸ਼ਤਾ	ਲਾਹੌਰ ਬੁਕ ਸ਼ਾਪ, ਲੁਧਿਆਣਾ 1950
54 ਪੰਜਾਬ ਦੀਆਂ ਵਾਰਾਂ	ਡਾ: ਗੰਡਾ ਸਿੰਘ	ਗਰੇਵਰ ਪ੍ਰਿੰਟਿੰਗ ਪਰੈਸ, ਅੰਮ੍ਰਿਤਸਰ 1946
55 ਪੰਜਾਬ ਯੂਨੀਵਰਸਿਟੀ ਪੰਜਾਬ ਸਾਹਿਤ ਦਾ ਇਤਿਹਾਸ	ਡਾ: ਸੁਰਿੰਦਰ ਸਿੰਘ ਕੋਹਲੀ ਸੰਪਾਦਕ	ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1973
56 ਪੰਜਾਬੀ ਅਖਾਣ ਕੋਸ਼	ਸ: ਮਹਿਤਾਬ ਸਿੰਘ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
57 ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼	ਡਾ: ਮੋਹਨ ਸਿੰਘ ਦੀਵਾਨਾ	ਕਰਤਾ, ਸ਼ਿਮਲਾ 1948
58 ਪੰਜਾਬੀ ਸਹਿਤ ਦਾ ਇਤਿਹਾਸ	ਡਾ: ਸੁਰਿੰਦਰ ਸਿੰਘ ਕੋਹਲੀ	ਲਾਹੌਰ ਬੁਕ ਸ਼ਾਪ, ਲੁਧਿਆਣਾ 1955
59 ਪੰਜਾਬੀ ਸਹਿਤ ਦਾ ਇਤਿਹਾਸ	ਪ੍ਰੋ: ਸੁਰਿੰਦਰ ਸਿੰਘ ਨਰੂਲਾ	ਨਿਊ ਬੁਕ ਕੰਪਨੀ, ਜਲੰਧਰ 1969
60 ਪੰਜਾਬੀ ਸਾਹਿਤ ਦਾ ਇਤਿਹਾਸ	ਡਾ: ਗੋਪਾਲ ਸਿੰਘ ਦਰਦੀ	ਈਸਟਰਨ ਪੰਜਾਬ ਪਬਲਿਸ਼ਰਜ਼ ਕਰੋਲ ਬਾਗ਼, ਦਿੱਲੀ 1950
61 ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ)		ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1963
62 ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ	ਡਾ: ਮੋਹਨ ਸਿੰਘ ਦੀਵਾਨਾ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1958
63 ਪੰਜਾਬੀ ਸਾਹਿਤ ਵਸਤੂ ਤੇ ਵਿਚਾਰ	ਡਾ: ਸੁਰਿੰਦਰ ਸਿੰਘ ਕੋਹਲੀ	ਲਾਹੌਰ ਬੁਕ ਸ਼ਾਪ, ਲੁਧਿਆਣਾ 1949
64 ਪੰਜਾਬੀ ਬੋਲੀ ਦਾ ਇਤਿਹਾਸ	ਪ੍ਰੋ: ਪਿਆਰਾ ਸਿੰਘ ਪਦਮ,	ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਰਜ਼ ਕੰਪਨੀ, ਪਟਿਆਲਾ 1954
65 ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ	ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1955

66	ਪੰਜਾਬੀ ਭਾਸ਼ਾ ਦਾ ਵਿਤਿਹਾਸ	ਪ੍ਰੋ: ਵਿ. ਭਾ. ਅਰੁਨ	ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ 1956
67	ਪੰਜਾਬੀ ਭਾਸ਼ਾ ਦਾ ਵਿਕਾਸ	ਪ੍ਰੋ: ਦੁਨੀ ਚੰਦ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1959
68	ਪੰਜਾਬੀ ਮੁਹਾਵਰਾ ਕੋਸ਼	ਪ੍ਰਿ: ਸਾਹਿਬ ਸਿੰਘ ਤੇ ਡਾ: ਤਾਰਨ ਸਿੰਘ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1964
69	ਪੰਥ ਪ੍ਰਕਾਸ਼	ਗਿ: ਗਿਆਨ ਸਿੰਘ	ਵਜ਼ੀਰ ਹਿੰਦ ਪਰੈਸ, ਅੰਮ੍ਰਿਤਸਰ 1923
70	ਪੁਰਾਤਨ ਜਨਮ ਸਾਖੀ	ਭਾਈ ਵੀਰ ਸਿੰਘ (ਸੰਪਾਦਕ)	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1948
71	ਪ੍ਰਤਿਨਿਧ ਅਧਿਆਤਮਕ ਵਾਰਾਂ	ਡਾ: ਦਰਸ਼ਨ ਸਿੰਘ	ਨਿਊ ਬੁਕ ਕੰਪਨੀ, ਜਲੰਧਰ 1970
72	ਬਚਿੱਤਰ ਨਾਟਕ	ਗੁਰੂ ਗੋਬਿੰਦ ਸਿੰਘ	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
73	ਗੁਰਬਾਣੀ ਬਿਓਰਾ	ਡਾ: ਚਰਨ ਸਿੰਘ	ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ 1945
74	ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਦਾ	ਡਾ: ਰਤਨ ਸਿੰਘ ਜੱਗੀ (ਸੰਪਾਦਕ)	ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1972
75	ਭਾਈ ਗੁਰਦਾਸ	ਪ੍ਰੋ: ਸਰਦੂਲ ਸਿੰਘ	ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1961
76	ਭਾਈ ਗੁਰਦਾਸ	ਗਿ: ਹਰਿੰਦਰ ਸਿੰਘ ਰੂਪ	ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ 1952
77	ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਲੋਚਨਾਤਮਕ ਅਧਿਐਨ	ਡਾ: ਜਗਜੀਤ ਸਿੰਘ	ਪੈਪਸੂ ਬੁਕ ਡਿਪੂ, ਪਟਿਆਲਾ 1974
78	ਭਾਈ ਗੁਰਦਾਸ ਦੀਆਂ ਵਾਰਾਂ ਇਕ ਸਾਹਿਤਕ ਅਧਿਐਨ	ਬੀਬੀ ਰਾਜਿੰਦਰ ਕੌਰ	ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ 1971
79	ਭਾਈ ਗੁਰਦਾਸ ਜੀਵਨੀ ਤੇ ਰਚਨਾ	ਡਾ: ਰਤਨ ਸਿੰਘ ਜੱਗੀ	ਪੰਜਾਬੀ ਯੂਨੀਵਰਸਿਟੀ, ਪਟਿਆਲਾ 1974
80	ਭਾਸ਼ਾ ਵਿਗਿਆਨ ਤੇ ਪੰਜਾਬੀ	ਡਾ: ਹਰਕੀਰਤ ਸਿੰਘ ਤੇ	ਬਾਹਰੀ ਪਬਲੀਕੇਸ਼ਨਜ਼, ਚੰਡੀਗੜ੍ਹ

81 ਮਹਿਮਾ ਪ੍ਰਕਾਸ਼	ਬਾਵਾ ਸਰੂਪਦਾਸ ਭੱਲਾ	MS 1830 BK(AD1773)
82 ਮਹਿਮਾ ਪ੍ਰਕਾਸ਼ (ਵਾਰਤਕ)	ਬਾਵਾ ਸਰੂਪਦਾਸ ਭੱਲਾ	MS 1830 BK(AD1773)
83 ਰਸ ਚਮਤਕਾਰ ਚੰਦ੍ਰਿਕਾ	ਗਿ: ਕਰਤਾਰ ਸਿੰਘ ਪੀਯੂਖ	ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ
84 ਵਾਰ ਸ੍ਰੀ ਭਗਉਤੀ ਜੀ ਕੀ	ਡਾ: ਕਾਲਾ ਸਿੰਘ ਬੇਦੀ	ਪੰਜਾਬੀ ਬੁਕ ਸਟੋਰ, ਪਹਾੜਗੰਜ ਦਿੱਲੀ 1965
85 ਵਾਰਾਂ ਭਾਈ ਗੁਰਦਾਸ ਜੀ	ਗਿਆਨੀ ਅਮਰ ਸਿੰਘ ਚਾਕਰ (ਸੰਪਾਦਕ)	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1951
86 ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਅਰਥਾਤ ਵਾਰਾਂ ਭਾਈ ਗੁਰਦਾਸ	ਗਿ ਹਜ਼ਾਰਾ ਸਿੰਘ	ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ 1952
87 ਵਾਰਾਂ ਭਾਈ ਗੁਰਦਾਸ	ਡਾ: ਦਲੀਪ ਸਿੰਘ ਦੀਪ	ਲਾਹੌਰ ਬੁਕ ਸ਼ਾਪ, ਲੁਧਿਆਣਾ 1971
88 ਵਾਰਾਂ ਭਾਈ ਗੁਰਦਾਸ ਸਟੀਕ	ਗਿ: ਨਰੈਣ ਸਿੰਘ	ਭਾਈ ਸੁਖਾ ਸਿੰਘ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 1949
89 ਵਾਰਾਂ ਭਾਈ ਗੁਰਦਾਸ ਸਟੀਕ	ਗਿ: ਬਿਸ਼ਨ ਸਿੰਘ	" " " "
90 ਵਾਰਾਂ ਭਾਈ ਗੁਰਦਾਸ ਜੀ ਤੁਕ ਤਤਕਰਾ	ਕਰਤਾਰ ਸਿੰਘ	ਕਰਤਾਰ ਸਿੰਘ ਗਵਰਨਮੈਂਟ ਪੈਨਸ਼ਨਰ, ਈ. ਜੀ. 1085 ਸ੍ਰੀ ਗੋਬਿੰਦ ਗੜ੍ਹ ਜਲੰਧਰ 1963
91 ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਤੇ ਕੋਸ਼	ਡਾ: ਰਤਨ ਸਿੰਘ ਜੱਗੀ	ਪੰਜਾਬੀ ਯੂਨੀਵਰਸਿਟੀ,ਪਟਿਆਲਾ 1966
92 ਵਿਚਾਰ ਧਾਰਾ	ਡਾ: ਸ਼ੇਰ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1951
93 ਵਿਚਾਰ ਧਾਰਾ	ਡਾ: ਰਤਨ ਸਿੰਘ ਜੱਗੀ	ਮਦਾਨ ਪਬਲਿਸ਼ਰਜ਼, ਪਟਿਆਲਾ 1966
94 ਸ਼ਬਦ ਚਮਤਕਾਰ	ਪ੍ਰੋ: ਰਾਮ ਸਿੰਘ	ਲਾਹੌਰ ਬੁਕ ਸ਼ਾਪ, ਲੁਧਿਆਣਾ 1950
95 ਖ਼ਾਲਸਾ ਜੀ ਦੇ ਪੰਜ ਹੀਰੇ	ਉਜਾਗਰ ਸਿੰਘ	ਲਾਭ ਸਿੰਘ ਐਂਡ ਸਨਜ਼, ਅੰਮ੍ਰਿਤਸਰ 1926

ਹਿੰਦੀ/ਸੰਸਕ੍ਰਿਤ

	ਪੁਸਤਕ	ਲੇਖਕ	ਪ੍ਰਕਾਸ਼ਕ
1	ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕ ਵਿਧਾਨ	ਡਾ: ਨਿਤਯਾ ਨੰਦ ਸ਼ਰਮਾ	ਸਾਹਿਤਯ ਸਦਨ, ਡੇਹਰਾਦੂਨ ਸੰ 2023 ਪਹਿਲਾ ਐਡੀਸ਼ਨ
2	ਸਾਹਿਤਯ ਦਰਪਣ	ਕਵਿਰਾਜ ਵਿਸ਼ਵ ਨਾਥ	ਨਿਰਣਯ ਸਾਗਰ ਪ੍ਰੈਸ, 23 ਕੋਲਭਾਟ ਲੇਨ, ਬੰਬਈ 1915 ਤੀਜਾ ਐਡੀਸ਼ਨ
3	ਸੰਸਕ੍ਰਿਤ ਆਲੋਚਨਾ	ਪੰ: ਬਲਦੇਵ ਉਪਾਧਿਆਇ	ਪ੍ਰਕਾਸ਼ਕ ਹਿੰਦੀ ਸੂਚਨਾ ਵਿਭਾਗ, ਉਤਰਪ੍ਰਦੇਸ਼ 1957
4	ਹਿੰਦੀ ਅਲੰਕਾਰ ਸਾਹਿਤਯ	ਡਾ: ਓਮ ਪ੍ਰਕਾਸ਼	ਭਾਰਤੀ ਸਾਹਿਤਯ ਮੰਦਿਰ, ਦਿੱਲੀ 1956, ਪਹਿਲਾ ਐਡੀਸ਼ਨ
5	ਹਿੰਦੀ ਸਾਹਿਤਯ ਕੋਸ਼	ਡਾ: ਧੀਰੇਂਦ੍ਰ ਵਰਮਾ (ਸੰਪਾਦਕ)	ਗਿਆਨ ਮੰਡਲ, ਕਬੀਰ ਚੌਰਾ, ਬਨਾਰਸ, ਸੰ: 2015 ਪਹਿਲਾ ਐਡੀਸ਼ਨ
6	ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ	ਡਾ: ਪੀਤਾਂਬਰ ਦੱਤ ਬੜਥਵਾਲ	ਅਵਧ ਪਬਲਿਸ਼ਿੰਗ ਹਾਊਸ, ਲਖਨਊ ਸੰ 2007, ਪਹਿਲਾ ਐਡੀਸ਼ਨ
7	ਹਿੰਦੀ ਕਾਵਯ ਮੇਂ ਪ੍ਰਤੀਕ-ਵਾਦ ਕਾ ਵਿਕਾਸ	ਡਾ: ਵੀਰੇਂਦ੍ਰ ਸਿੰਹ	ਪ੍ਰਯਾਗ ਵਿਸ਼ਵ ਵਿਦਯਾਲਯ ਪ੍ਰਯਾਗ 1964 ਪਹਿਲਾ ਐਡੀਸ਼ਨ
8	ਹਿੰਦੀ ਕਾਵਯ ਮੇਂ ਰਸ ਸਿਧਾਂਤ	ਡਾ: ਸੱਚਿਦਾਨੰਦ ਚੌਧਰੀ	ਅਨੁਸੰਧਾਨ ਪ੍ਰਕਾਸ਼ਨ, ਕਾਨਪੁਰ 1965 ਪਹਿਲਾ ਐਡੀਸ਼ਨ
9	ਕਾਵਯਾਦਰਸ਼	ਆਚਾਰਯ ਦੰਡੀ	
10	ਕਾਵਯ ਦਰਪਣ	ਪੰ: ਰਾਮ ਦਹਿਨ ਮਿਸ਼੍ਰ	ਗ੍ਰੰਥਮਾਲਾ ਕਾਰਯਾਲਯ, ਪਟਨਾ 1955 ਤੀਜਾ ਐਡੀਸ਼ਨ
11	ਕਾਵਯ ਪ੍ਰਕਾਸ਼	ਆਚਾਰਯ ਮੰਮਟ	ਭੰਡਾਰਕਰ ਓਰੀਐਂਟਲ ਰੀਸਰਚ ਇਨਸਟੀਚਿਊਟ, ਪੂਨਾ 1933 ਪੰਜਵਾਂ ਐਡੀਸ਼ਨ 1965
12	ਕਾਵਯ ਪ੍ਰਕਾਸ਼(ਹਿੰਦੀ ਟੀਕਾ)	ਡਾ: ਸਤਯਵ੍ਰਤ ਸਿੰਘ	
13	ਚੰਦ੍ਰ ਲੋਕ	ਜੈ ਦੇਵ	ਚੌਖੰਬਾ ਸੰਸਕ੍ਰਿਤ ਸੀਰੀਜ਼, ਕਾਸ਼ੀ
14	ਦਸਮ ਗ੍ਰੰਥ ਕੀ ਪੌਰਾਣਿਕ ਪ੍ਰਿਸ਼ਠਭੂਮੀ	ਡਾ: ਰਤਨ ਸਿੰਘ ਜੱਗੀ	ਭਾਰਤੀ ਸਾਹਿਤ ਮੰਦਿਰ, ਦਿੱਲੀ- 1965

15 ਧੁਨੀ ਸੰਪ੍ਰਦਾਇ ਔਰ ਉਸ ਕੇ ਸਿਧਾਂਤ (ਭਾਗ ਪਹਿਲਾ)	ਡਾ: ਭੋਲਾ ਸ਼ੰਕਰ ਵਯਾਸ	ਨਾਗਰੀ ਪ੍ਰਚਾਰਿਣੀ ਸਭਾ, ਕਾਂਸ਼ੀ ਸੰ 2013 ਪਹਿਲਾ ਐਡੀਸ਼ਨ
16 ਨਾਟਯ ਸ਼ਾਸਤਰ	ਆਚਾਰਯ ਭਰਤ ਮੁਨੀ	
17 ਰਾਜਸਥਾਨੀ ਭਾਸ਼ਾ	ਡਾ: ਸੁਨੀਤੀ ਕੁਮਾਰ ਚੈਟਰਜੀ	ਮਾਡਰਨ ਪ੍ਰਿੰਟਰਜ਼, ਇੰਦੌਰ
18 ਰੀਤਿ ਕਾਵਯ ਕੀ ਭੂਮਿਕਾ	ਡਾ: ਨਗੇਂਦ੍ਰ	ਗੌਤਮ ਬੁਕ ਡਿਪੋ, ਦਿੱਲੀ 1953 ਦੂਜਾ ਐਡੀਸ਼ਨ
19 ਲੋਕੋਕਤੀਆਂ ਔਰ ਮੁਹਾਵਰੇ	ਡਾ: ਬਹਾਦੁਰ ਚੰਦ ਸ਼ਾਸਤ੍ਰੀ	ਹਿੰਦੀ ਭਵਨ, ਜਲੰਧਰ 1955
20. ਲੋਕੋਕਤੀ ਕੋਸ਼	ਵਿਸ਼ੰਭਰ ਨਾਥ ਖਤਰੀ	ਹਨੂਮਾਨ ਪ੍ਰੈਸ, ਨੰ 3 ਮਾਧਵ ਸੇਠ ਲੇਨ, ਕਲਕੱਤਾ ਸੰਮਤ 1980

ਫੁਟਕਲ

1	ਖੁਲਾਸਾ ਤੁਤ ਤਵਾਰੀਖ	ਲਾਲਾ ਸੁਜਾਨ ਰਾਏ
2	ਪੰਜਾਬੀ ਦੁਨੀਆ ਵਾਰ ਅੰਕ	ਭਾਸ਼ਾ ਵਿਭਾਗ ਪੰਜਾਬ, ਪਟਿਆਲਾ
3	ਪੰਜਾਬੀ ਦੁਨੀਆ ਭਾਈ ਗੁਰਦਾਸ ਅੰਕ 1968	ਭਾਸ਼ਾ ਵਿਭਾਗ ਪੰਜਾਬ, ਪਟਿਆਲਾ
4	ਸਾਹਿਤ ਸਮਾਚਾਰ ਕਵਿਤਾ ਅੰਕ	ਲਾਹੌਰ ਬੁਕ ਸ਼ਾਪ ਲੁਧਿਆਣਾ
5	ਆਲੋਚਨਾ ਅਕਤੂਬਰ 1958	ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ
6	ਆਲੋਚਨਾ ਜੁਲਾਈ ਅਗਸਤ 1959	ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ

ENGLISH

1	Advance study of the History of the Panjab	G.S. Chhabra New Academic Publishing Co., Jullundur, 1960
2	The Concise Oxford Dictionary of Current English	
3	Comparative Aesthetics vol. I	Dr. K.C. Pandey Chowkhamba Sanskrit Series Office, Varanasi, 1959
4	A Critical Study of Adi Granth	Dr. S.S. Kohli The Punjabi Writers Cooperative Industrial Society, New Delhi, 1961, Ist Ed.
5	Cultural Heritage of India (vol. III)	Edited by Hari Dass Bhattacharya, Rama Krishna Institute o Culture, Calcutta,1953
6	Encyclopaedia of Poetry and Poetics	Alex Preminger (Editor) Princeton University Press, Princeton, New Jersey, USA, 1965, Ist Ed
7	Essays in Sikhism	Teja Singh Sikh University Press, Lahore, 1944
8	Evolution of the Khalsa	Dr. I. B. Chatterjee A. Mukerjee & Co. 2-Bankem Chatterjee Street Calcutta, 1952
9	Ethics of the	Dr. Avtar Singh Panjabi University Patiala 1970, Ist Ed
10	Ghate's Lectures on Rigveda	V.S.Ghate The Oriental Book Agency Poona, 1962, 2nd Ed
11	Hindu Mysticism	S.N. Das Gupta Fredrick Ungar Publishing Co. New York 1939

12	Hints for self Culture	Har Dyal, Raj Kamal Publication Ltd. Delhi, 1948
13	History of the Panjab	Sayed Mohd. Latif Eurasia Publishing House, New Delhi, 1964
14	History of Jahangir	Beni Parsad Indian Press, Allahabad.
15	A History of Panjabi Literature	Dr. Mohan Singh Diwana Kasturi Lal & Sons, Amritsar, 1956
16	History and Philosophy of Sikh Religion, Vol. I, II,	Khazan Singh Deptt. of Languages, Panjab, Patiala
17	A History of the Sikh	J.D. Cunningham S. Chand and Co. New Delhi, 1955
18	The Indian Concept of the Beautiful	K.S. Rama Swamy Sastri University of Travancore, 1947
19	Indian Philosophy	Dr. Radha Krishanan George Allen & Unwin Ltd., London 1966
20	Indo Aryan & Hindi	Dr. Suniti Kumar Chatterjee, Gujrat Vernacular Society Ahmedabad, 2nd Ed. 1960
21	Influence of Islam on Indian Culture	Dr. Tara Chand Indian Press Allahabad, 1936
22	Introduction to Prakrit	A. C. Woolner Panjab University, Lahore
23	Prakrit Parvesika	Translated by Banarsi Dass Jain
24	An Introduction to Panjabi Literature	Dr. Mohan Singh Diwana Nanak Singh Pustakmala, Amritsar, 1951
25	Life of Bhai Gurdas (The Khalsa)	Dr. Ganda Singh

26	Medieval India under Mohammedan Rule	Stenley Lonepoole Uuiversal Publication, Delhi, 1963
27	Mughal Rule in India	Edwardes & Garrett S. Chand & Co., Delhi, 1962
28	Short History of Muslim Rule in India	Dr. Ishwari Parsad, Indian Press, Allahabad, 1965
29	The Nature of Mysticism	C. Jinarajadasa, Theosophical Publishing House, Adyar, Madras, 1934
30	Outlines of Sikh thought	Dr. S.S. Kohli Panjabi Parkashik, Karol Bagh,New Delhi, 1966, Ist Ed.
31	Philosophy of Guru Nanak	Dr. S. S. Kohli, Panjab University, Chandigarh, 1969, Ist Ed.
32	Philosophy of Sikhism	Dr. Sher Singh Sterling Publishers Ltd., Jullundur, 1966, 2nd Ed.
33	The Poetic Image	C. D. Lewis, Jonathan Cape Thirty Bedford Square, London, 1961 X Ed
34	The Poetic Pattern	Robin Skelton Routledge and Kegan Paul, London, 1957, 2nd Ed.
35	A Short History of the Sikhs (vol. 1)	Pr. Teja Singh & Dr Ganda Singh, Orient Longman, Bombay, 1950
36	The Sikh Religion (6 vols)	M. A Macaulliffe S. Chand & Co. New Delhi, Indian Reprint, 1963
37	Symbolism in Art	Dr. Padma Aggarwal
38	Symbolism-Its Meaning and Effect	A. N. White Head Cambrige University Press, London
39	Studies in the Tantras and the Veda	M.P. Pandit, Ganesh & Co., Madras, 1964

40	Style	F.L. Lucas Pan Book Ltd. London, 1964
41	Theory of Litera ture	Rene Welleck and Austin Warren Penguin Books, London, 1953, 3rd Ed.
42	Transformation of Sikhism	Dr. Gokal Chand Narang New Book Society, New Delhi, 1960.
43	Tuzuk-i-Jahangiri	Nawal Kishore Press
44	Understanding Poetry	James Reeves Heinemann, London, 1995, Ist Ed.